# ਕੂਕਾ ਅੰਦੋਲਨ

# KUKA MOVEMENT



**Prof. (Dr.) Fauja Singh Bajwa**
M.A., Ph.D.

ਅਨੁਵਾਦਕ
**ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ**
ਐਮ.ਏ., ਐਮ.ਫਿਲ., ਪੀਐਚ.ਡੀ.

19ਵੀਂ ਸਦੀ ਦੇ ਅੰਤਲੇ ਅੱਧ ਦੌਰਾਨ ਭਾਰਤ 'ਚ ਵਿਚਾਰਧਾਰਕ ਅੰਦੋਲਨਾਂ ਦਾ ਪੂਰਾ ਜ਼ੋਰ ਸੀ, ਜਿਸ ਦੇ ਨਤੀਜੇ ਵਜੋਂ ਇੱਕ ਨਵਾਂ ਭਾਰਤ ਪੈਦਾ ਹੋਇਆ। ਇਨ੍ਹਾਂ ਅੰਦੋਲਨਾਂ ਵਿੱਚੋਂ ਵਿਦੇਸ਼ੀ ਗ਼ੁਲਾਮੀ ਤੋਂ ਆਜ਼ਾਦੀ ਲਈ ਸਭ ਤੋਂ ਪਹਿਲਾਂ ਵੰਗਾਰਨ ਅਤੇ ਕੰਮ ਕਰਨ ਵਾਲੀਆਂ ਲਹਿਰਾਂ ਵਿੱਚੋਂ ਇੱਕ ਸੀ ਸਿੱਖਾਂ ਦੀ ਕੂਕਾ ਲਹਿਰ। ਹਥਲੀ ਕ੍ਰਿਤ ਇਸੇ ਲਹਿਰ ਦੇ ਸੁਭਾਅ, ਇਸ ਦੀ ਵਿਚਾਰਧਾਰਾ, 1857 ਤੋਂ ਬਾਅਦ ਦੇ ਸਮੇਂ ਵਿੱਚ ਇਸ ਦੀ ਭੂਮਿਕਾ ਤੇ ਭਵਿੱਖ ਦੀਆਂ ਘਟਨਾਵਾਂ ਦੇ ਰਾਹ ਉੱਤੇ ਇਸ ਦੇ ਪ੍ਰਭਾਵ ਦਾ ਆਲੋਚਨਾਤਮਕ ਅਧਿਐਨ ਕਰਨ ਦੀ ਕੋਸ਼ਿਸ਼ ਹੈ।

ਡਾ. ਫ਼ੌਜਾ ਸਿੰਘ ਬਾਜਵਾ ਵੱਲੋਂ ਕੀਤਾ ਗਿਆ ਕੂਕਾ ਅੰਦੋਲਨ ਦਾ ਅਧਿਐਨ ਅਤੇ ਇਸ ਦੇ ਸਹੀ ਇਤਿਹਾਸਕ ਪਰਿਪੇਖ ਵਿਚ ਇਸ ਤਰ੍ਹਾਂ ਦਾ ਮੁਲਾਂਕਣ ਕਰਨ ਦਾ ਇਹ ਪਹਿਲਾ ਯਤਨ ਹੈ, ਜਿਸ ਨੂੰ ਪ੍ਰੋਫ਼ੈਸਰ ਹੁਮਾਯੂੰ ਕਬੀਰ ਨੇ ਬਿਲਕੁਲ ਦਰੁਸਤ ਤੇ ਉਦੇਸ਼ਮੁਖੀ ਕਰਾਰ ਦਿੱਤਾ ਹੈ। ਇਹ ਕੰਮ ਇੱਕ ਮਹੱਤਵਪੂਰਨ ਅੰਦੋਲਨ ਦੇ ਕਈ ਪੱਖਾਂ 'ਤੇ ਨਵਾਂ ਚਾਨਣ ਪਾਉਂਦਾ ਹੈ, ਜੋ ਹੁਣ ਤੱਕ ਇਸ ਦੇ ਤਤਕਾਲੀ ਪੈਰੋਕਾਰਾਂ ਦੇ ਘੇਰੇ ਤੋਂ ਬਾਹਰ ਪੂਰੀ ਤਰ੍ਹਾਂ ਜਾਣਿਆ ਨਹੀਂ ਗਿਆ ਸੀ; ਇਸ ਦੇ ਨਾਲ ਹੀ ਇਹ ਪੁੱਛਗਿੱਛ ਲਈ ਕੁਝ ਨਵੇਂ ਸੁਝਾਅ ਦਿੰਦਾ ਹੈ, ਜਿਨ੍ਹਾਂ ਨੂੰ, ਜੇ ਲਗਨ ਤੇ ਸਮਝਦਾਰੀ ਨਾਲ ਅਪਣਾਇਆ ਜਾਵੇ, ਤਾਂ ਫਲਦਾਇਕ ਨਤੀਜੇ ਮਿਲ ਸਕਦੇ ਹਨ।

ਲੇਖਕ, ਜੋ ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿੱਚ ਰੀਡਰ ਸਨ, ਨੇ 'ਆਧੁਨਿਕ ਭਾਰਤੀ ਇਤਿਹਾਸ' ਦਾ ਵਿਸ਼ੇਸ਼ ਅਧਿਐਨ ਕੀਤਾ ਹੈ ਅਤੇ ਉਸ ਦਾ ਸਿਹਰਾ ਪ੍ਰਸਿੱਧ ਕਿਤਾਬ 'ਮਿਲਟਰੀ ਸਿਸਟਮ ਆਫ਼ ਸਿੱਖਸ, 1799-1849' (ਸਿੱਖਾਂ ਦੀ ਫ਼ੌਜੀ ਪ੍ਰਣਾਲੀ, 1799-1849) ਨੂੰ ਜਾਂਦਾ ਹੈ।

# ਕੂਕਾ ਅੰਦੋਲਨ

## ਅਨੁਵਾਦਕ ਦੀਆਂ ਹੋਰ ਰਚਨਾਵਾਂ

- Understanding the Namdhari Movement : 1857-1959
- Namdhari Guru Ram Singh and His Movement
- Resurgence of the Namdhari Sikhs
- Sudiksha: A Tribute to Sri Guru Nanak Dev Ji
- ਸੁਤੰਤਰ ਭਾਰਤ ਵਿਚ ਨਾਮਧਾਰੀ ਸਿੱਖਾਂ ਦਾ ਸਾਰਥਕ ਯੋਗਦਾਨ
- ਵਰਿਆਮ (ਨਾਮਧਾਰੀ ਮਾਸਿਕ ਸਾਹਿਤਕ ਪੱਤ੍ਰਿਕਾ) ਵਿਸ਼ਾ-ਸੂਚੀ : 1975-2020
- ਸਤਿਯੁਗ (ਨਾਮਧਾਰੀ ਮਾਸਿਕ/ਸਪਤਾਹਿਕ ਸਾਹਿਤਕ ਪੱਤ੍ਰਿਕਾ) ਵਿਸ਼ਾ-ਸੂਚੀ
- ਵਰਤਮਾਨ ਹਿੰਦੁਸਤਾਨ (ਨਾਮਧਾਰੀ ਸੰਪ੍ਰਦਾਇ ਦੀ ਸਪਤਾਹਿਕ/ਮਾਸਿਕ ਪੱਤ੍ਰਿਕਾ) ਵਿਸ਼ਾ-ਸੂਚੀ (ਅਪ੍ਰੈਲ 1988 ਤੋਂ ਦਸੰਬਰ 2020)
- ਕਾਇਨਾਤ ਦੇ ਬੋਲ (ਕਾਵਿ ਸੰਗ੍ਰਹਿ)
- ਨਾਮਧਾਰੀ ਲਹਿਰ ਦੇ ਪ੍ਰਮੁੱਖ ਸਰੋਕਾਰ
- ਕੂਕਾ ਅੰਦੋਲਨ ਅਤੇ ਮੈਕਨਬ ਰਿਪੋਰਟ (ਅਨੁਵਾਦ)
- ਸਤਿਗੁਰੂ ਜਗਜੀਤ ਸਿੰਘ ਉਸਤਤਿ-ਕਾਵਿ (ਕਵਿਤਾਵਾਂ)
- ਜੀਵਨ-ਗਾਥਾ: ਸਤਿਗੁਰੂ ਜਗਜੀਤ ਸਿੰਘ ਜੀ (ਅਨੁਵਾਦ)
- नामधारी अंदोलनः उद्‌भव और विकास

# ਕੂਕਾ ਅੰਦੋਲਨ

## ਭਾਰਤ ਦੀ ਅਜ਼ਾਦੀ ਸੰਘਰਸ਼ 'ਚ ਪੰਜਾਬ ਦੀ ਭੂਮਿਕਾ ਦਾ ਇੱਕ ਮਹੱਤਵਪੂਰਨ ਪੜਾਅ

**ਡਾ. ਫ਼ੌਜਾ ਸਿੰਘ ਬਾਜਵਾ**
ਐੱਮ.ਏ., ਪੀਐੱਚ.ਡੀ.

ਅਨੁਵਾਦਕ
**ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ**
ਐੱਮ.ਏ., ਐੱਮ.ਫਿਲ., ਪੀਐੱਚ.ਡੀ.

CENTRAL UNIVERSITY OF PUNJAB

**ਬਾਬਾ ਸਤਿਗੁਰੂ ਰਾਮ ਸਿੰਘ ਚੇਅਰ**
**ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ**
**ਬਠਿੰਡਾ**

**KUKA ANDOLAN**

An important phase in Punjab's role in India's struggle for freedom by
Dr. Fauja Singh Bajwa

*Translated by*

Prof. (Dr.) Kuldip Singh M.A., M.Phil., Ph.D.
Chairman, Baba Satguru Ram Singh Chair,
Professor & Head Deptt. of History
Central University of Punjab, Bathinda (India)
E-mail: profkuldip@gmail.com, M. 94632-55697



First Published : 2023

ISBN: 978-81-960344-1-2

Price : 625/-



*Publisher :*
Central University of Punjab
Bathinda (Punjab)

*Printer :*
Printwell, 146, Industrial Focal Point, Amritsar

# ਵਿਸ਼ਾ ਸੂਚੀ

## ਵਿਆਖਿਆਵਾਂ

- ਸਤਿਗੁਰੂ ਬਾਬਾ ਰਾਮ ਸਿੰਘ ਜੀ - ਚਿੱਤ੍ਰਾਤਮਕ ਵਿਆਖਿਆ
- ਕੂਕਾ ਅੰਦੋਲਨ ਦੇ ਬਾਨੀ ਆਪਣੀ ਮਨਪਸੰਦ ਚੀਨੀ ਘੋੜੀ 'ਤੇ
- ਸੂਬਾ ਲੱਖਾ ਸਿੰਘ
- ਸੂਬਾ ਸਾਹਿਬ ਸਿੰਘ
- ਕਰਨਲ ਹੀਰਾ ਸਿੰਘ ਸਢਾਉਰਾ
- ਸੂਬਾ ਗੁਰਚਰਨ ਸਿੰਘ
- ਬਾਬਾ ਰਾਮ ਸਿੰਘ ਜੀ ਵੱਲੋਂ ਰੂਸ ਨੂੰ ਲਿਖੀ ਚਿੱਠੀ ਦੀ ਕਾਪੀ
- ਬਾਬਾ ਬੁੱਧ ਸਿੰਘ ਜੀ ਵੱਲੋਂ ਰੂਸ ਨੂੰ ਲਿਖੀ ਚਿੱਠੀ ਦੀ ਕਾਪੀ
- ਰਾਜਾ (ਬਾਬਾ) ਬੁੱਧ ਸਿੰਘ ਜੀ ਨੂੰ ਰੂਸ ਦੀ ਫ਼ਾਰਸੀ ਭਾਸ਼ਾ 'ਚ ਲਿਖੀ ਚਿੱਠੀ ਦੀ ਕਾਪੀ
- ਮਹਾਰਾਜਾ ਦਲੀਪ ਸਿੰਘ



ਸਤਿਗੁਰੂ ਬਾਬਾ ਰਾਮ ਸਿੰਘ ਜੀ
ਕੂਕਾ ਗੁਰੂ





'ਕੂਕਾ ਮੂਵਮੈਂਟ' ਭਾਵ 'ਕੂਕਾ ਅੰਦੋਲਨ'
ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਉਤਸਵ
ਦੇ ਸ਼ੁਭ ਮੌਕੇ 'ਤੇ ਪ੍ਰਕਾਸ਼ਿਤ ਕੀਤੀ ਗਈ।

ਸਮਰਪਣ

ਕੂਕਾ ਅੰਦੋਲਨ ਦੇ ਮੋਹਰੀਆਂ

ਅਤੇ

ਸ਼ਹੀਦਾਂ ਨੂੰ



ਡਾ. ਫੌਜਾ ਸਿੰਘ ਬਾਜਵਾ (ਲੇਖਕ)

# ਪ੍ਰਸਤਾਵਨਾ

ਭਾਰਤ 'ਚ ਬ੍ਰਿਟਿਸ਼ ਸੱਤਾ ਦੀ ਸਥਾਪਨਾ ਇੱਕ ਲੰਮੇਰੀ ਪ੍ਰਕਿਰਿਆ ਮੁੱਖ ਤੌਰ 'ਤੇ ਦੋ ਕਾਰਨਾਂ ਕਰਕੇ ਸੰਭਵ ਹੋਈ। ਪੱਛਮ ਦੀ ਵਿਗਿਆਨਕ ਤਰੱਕੀ ਦੇ ਮੱਦੇਨਜ਼ਰ ਹੋਈ ਉਦਯੋਗਿਕ ਕ੍ਰਾਂਤੀ ਨੇ ਅੰਗਰੇਜ਼ਾਂ ਨੂੰ ਉੱਤਮ ਤਕਨੀਕ ਪ੍ਰਦਾਨ ਕੀਤੀ ਸੀ। ਇਹ ਗੱਲ ਨਾ ਸਿਰਫ਼ ਹਥਿਆਰਾਂ ਦੇ ਬਿਹਤਰ ਮਿਆਰ 'ਚੋਂ ਵੇਖੀ ਜਾ ਸਕਦੀ ਹੈ, ਸਗੋਂ ਇਹ ਬਿਹਤਰ ਸੰਗਠਨ ਤੇ ਮਨੁੱਖੀ ਸ਼ਕਤੀ ਦੀ ਵਧੀਆ ਵਰਤੋਂ ਵਿੱਚੋਂ ਵੀ ਪ੍ਰਤੀਬਿੰਬਤ ਹੁੰਦੀ ਹੈ। ਫਿਰ ਇੰਗਲੈਂਡ ਦੀ ਵਧਦੀ ਖੁਸ਼ਹਾਲੀ ਨੇ ਭਾਰਤ ਦੇ ਮੁਕਾਬਲੇ ਪਹਿਲਕਦਮੀ, ਸਵੈ-ਵਿਸ਼ਵਾਸ ਅਤੇ ਉੱਦਮ ਦਾ ਇੱਕ ਵੱਡਾ ਦਰਜਾ ਵਿਖਾਇਆ।

ਅੰਗਰੇਜ਼ਾਂ ਦੀ ਸਫਲਤਾ ਲਈ ਜ਼ਿੰਮੇਵਾਰ ਦੂਜਾ ਕਾਰਣ ਭਾਰਤ ਕੋਈ ਇੱਕਜੁਟ ਮੋਰਚਾ ਪੇਸ਼ ਕਰਨ ਵਿੱਚ ਨਾਕਾਮ ਰਿਹਾ ਸੀ। ਇੱਥੇ ਬਹੁਤ ਜ਼ਿਆਦਾ ਖੇਤਰੀ, ਧਾਰਮਿਕ ਮਤਭੇਦ ਅਤੇ ਦੁਸ਼ਮਣੀਆਂ ਸਨ। ਇੱਕੋ ਖਿੱਤੇ ਵਿੱਚ ਤੇ ਇੱਕੋ ਭਾਈਚਾਰੇ ਅੰਦਰ, ਲੋਕ ਇੱਕ ਦੂਜੇ ਦੇ ਵਿਰੁੱਧ ਵੰਡੇ ਹੋਏ ਸਨ ਅਤੇ ਅਕਸਰ ਇੱਕ ਧਿਰ ਆਪਣੇ ਹੀ ਦੇਸ਼ ਦੀ ਕਿਸੇ ਦੂਜੀ ਧਿਰ ਨੂੰ ਹਰਾਉਣ ਲਈ ਅੰਗਰੇਜ਼ਾਂ ਦੀ ਮਦਦ ਕਰ ਦਿੰਦੀ ਸੀ। ਇਹ ਸੱਚ ਹੈ ਕਿ ਅੰਗਰੇਜ਼ਾਂ ਕੋਲ ਉੱਤਮ ਤਕਨਾਲੋਜੀ ਅਤੇ ਬਿਹਤਰ ਸੰਗਠਨ ਸੀ, ਪਰ ਫਿਰ ਵੀ, ਵਿਆਪਕ ਭਾਰਤੀ ਸਮਰਥਨ ਤੋਂ ਬਿਨਾਂ, ਉਨ੍ਹਾਂ ਲਈ ਇੰਨੇ ਵਿਸ਼ਾਲ ਦੇਸ਼ 'ਤੇ ਆਪਣਾ ਦਬਦਬਾ ਕਾਇਮ ਕਰਨਾ ਲਗਭਗ ਅਸੰਭਵ ਸੀ।

ਅੰਗਰੇਜ਼ਾਂ ਨੂੰ ਭਾਰਤ ਵਿੱਚ ਆਪਣੀ ਤਾਕਤ ਨੂੰ ਮਜ਼ਬੂਤ ਕਰਨ ਵਿੱਚ ਸੌ ਸਾਲ ਤੋਂ ਵੱਧ ਸਮਾਂ ਲੱਗਾ। ਇਸ ਸਮੇਂ ਦੌਰਾਨ ਵਿਅਕਤੀਆਂ ਅਤੇ ਸਮੂਹਾਂ ਦੁਆਰਾ ਉਨ੍ਹਾਂ ਦੇ ਦਬਦਬੇ ਨੂੰ ਚੁਣੌਤੀ ਦੇਣ ਲਈ ਬਹੁਤ ਸਾਰੀਆਂ ਅਤੇ ਵਾਰ-ਵਾਰ ਕੋਸ਼ਿਸ਼ਾਂ ਹੋਈਆਂ। ਉੱਪਰ ਦੱਸੇ ਗਏ ਦੋ ਕਾਰਣਾਂ ਕਰਕੇ ਇਹ ਚੁਣੌਤੀਆਂ ਅਸਫਲ ਰਹੀਆਂ, ਪਰ ਫਿਰ ਵੀ ਫੈਲ ਰਹੇ ਬ੍ਰਿਟਿਸ਼ ਪ੍ਰਭਾਵ ਦਾ ਵਿਰੋਧ ਕਰਨ ਦੀ ਹਰ ਕੋਸ਼ਿਸ਼ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕੁਝ ਨਾ ਕੁਝ ਵਿਰੋਧ ਤਾਂ ਬਾਕੀ ਰਹਿ ਜਾਂਦਾ ਸੀ। ਹਰ ਵਾਰ ਜਦੋਂ ਕਿਸੇ ਬਗ਼ਾਵਤ ਜਾਂ ਵਿਦਰੋਹ ਨੂੰ ਦਬਾਇਆ ਜਾਂਦਾ ਸੀ, ਤਾਂ ਬ੍ਰਿਟਿਸ਼ ਹਕੂਮਤ ਅਤਿਅੰਤ ਜਾਬਰ ਰੁਖ਼ ਅਖ਼ਤਿਆਰ ਕਰ ਲੈਂਦੀ ਸੀ। ਇਸ ਨੇ ਅਕਸਰ ਜਨਤਾ ਨੂੰ ਨਿਰਾਸ਼ ਕੀਤਾ, ਪਰ ਜ਼ਿਆਦਾਤਰ ਖਾੜਕੂ ਵਰਗਾਂ 'ਤੇ ਇਹ ਜ਼ੁਲਮ ਉਨ੍ਹਾਂ ਨੂੰ ਵਿਦੇਸ਼ੀ ਸ਼ਾਸਨ ਦੇ ਵਿਰੋਧ ਵਿੱਚ ਹੋਰ ਵੀ ਦ੍ਰਿੜ ਬਣਾ ਦਿੰਦਾ ਸੀ।

1857 ਦੀ ਮਹਾਨ ਬਗ਼ਾਵਤ ਬ੍ਰਿਟਿਸ਼ ਸੱਤਾ ਨੂੰ ਉਖਾੜ ਸੁੱਟਣ ਦੀ ਆਖਰੀ

ਵੱਡੀ ਸੰਗਠਤ ਕੋਸ਼ਿਸ਼ ਸੀ, ਪਰ ਇਹ ਆਪਸੀ ਮਤਭੇਦਾਂ ਅਤੇ ਕਮਜ਼ੋਰ ਲੀਡਰਸ਼ਿਪ ਕਾਰਨ ਅਸਫਲ ਹੋ ਗਈ ਸੀ। ਮੁੱਦੇ ਸਹੀ ਢੰਗ ਨਾਲ ਨਹੀਂ ਚੁਣੇ ਗਏ ਸਨ। ਅਵਧ ਦੇ ਕੁਝ ਹਿੱਸਿਆਂ ਨੂੰ ਛੱਡ ਕੇ, ਇਹ ਜ਼ਿਆਦਾਤਰ ਜਗੀਰੂ ਤੱਤਾਂ ਦੀ ਬਗ਼ਾਵਤ ਸੀ ਜੋ ਆਪਣੀ ਪੁਰਾਣੀ ਸਮਾਜਿਕ, ਸਿਆਸੀ ਅਤੇ ਫੌਜੀ ਸ਼ਕਤੀ ਨੂੰ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਅਵਧ ਨੂੰ ਛੱਡ ਕੇ, ਆਮ ਲੋਕਾਂ ਦੇ ਸਮੂਹਾਂ ਨੇ ਕੋਈ ਹੁੰਗਾਰਾ ਨਹੀਂ ਭਰਿਆ ਕਿਉਂਕਿ ਉਹਨਾਂ ਨੂੰ ਜਗੀਰੂ ਤੱਤਾਂ ਲਈ ਬਹੁਤ ਘੱਟ ਪਿਆਰ ਸੀ ਜੋ ਉਹਨਾਂ 'ਤੇ ਪੀੜ੍ਹੀਆਂ ਤੋਂ ਜ਼ੁਲਮ ਢਾਹੁੰਦੇ ਰਹੇ ਸਨ। ਨਵਾਂ ਉੱਭਰ ਰਿਹਾ ਮੱਧ ਵਰਗ ਪੱਛਮ ਦੀ ਵਿਗਿਆਨਕ ਤਰੱਕੀ ਅਤੇ ਇਸ ਦੀ ਉਦਯੋਗਿਕ ਖ਼ੁਸ਼ਹਾਲੀ ਵੱਲ ਖਿੱਚਿਆ ਜਾ ਰਿਹਾ ਸੀ ਤੇ ਇਸੇ ਲਈ ਉਹ ਉਨ੍ਹਾਂ ਤੋਂ ਦੂਰ ਹੀ ਰਹੇ। ਜਨਤਾ ਤੇ ਬੁੱਧੀਜੀਵੀ ਵਰਗ ਦੀ ਹਮਾਇਤ ਤੋਂ ਬਿਨਾਂ, ਬਗ਼ਾਵਤ ਦੀ ਉਹ ਲਹਿਰ ਸ਼ਾਇਦ ਭਖਣ ਤੋਂ ਪਹਿਲਾਂ ਹੀ ਦਮ ਤੋੜ ਗਈ। ਧਾਰਮਿਕ ਤੱਤਾਂ ਦੀ ਘੁਸਪੈਠ ਵੀ ਇਸ ਹਾਰ ਦਾ ਕਾਰਨ ਸੀ। ਬਾਦਸ਼ਾਹ ਬਹਾਦੁਰ ਸ਼ਾਹ ਨੂੰ ਬਗ਼ਾਵਤ ਦੇ ਪ੍ਰਤੀਕ ਵਜੋਂ ਚੁਣਿਆ ਗਿਆ ਸੀ ਪਰ ਉਹ ਇੱਕ ਬਜ਼ੁਰਗ ਵਿਅਕਤੀ ਸੀ ਤੇ ਉਹ ਕਾਫ਼ੀ ਸਮਾਂ ਪਹਿਲਾਂ ਆਪਣੀ ਚੁਸਤੀ-ਫੁਰਤੀ ਗੁਆ ਚੁੱਕਾ ਸੀ ਅਤੇ ਇਸੇ ਲਈ ਅੰਦੋਲਨ ਨੂੰ ਊਰਜਾਵਾਨ ਅਤੇ ਅਗਾਂਹਵਧੂ ਲੀਡਰਸ਼ਿਪ ਨਹੀਂ ਦੇ ਸਕਿਆ ਕਿ ਜੋ ਇਕੱਲਾ ਹੀ ਸਫ਼ਲਤਾ ਵੱਲ ਲਿਜਾ ਸਕਦਾ।

1857 ਦੀ ਬਗ਼ਾਵਤ ਤੋਂ ਬਾਅਦ ਵੀ, ਅੰਗ੍ਰੇਜ਼ ਹਾਕਮਾਂ ਦਾ ਕਿਸੇ ਨਾ ਕਿਸੇ ਸ਼ਕਲ ਵਿੱਚ ਵਿਰੋਧ ਸਮੁੱਚੇ ਦੇਸ਼ ਵਿੱਚ ਕਾਇਮ ਰਿਹਾ ਅਤੇ ਸਥਾਨਕ ਅੰਦੋਲਨਾਂ ਵਜੋਂ ਵਿਖਾਈ ਦਿੰਦਾ ਰਿਹਾ। ਅੰਗਰੇਜ਼ਾਂ ਨੂੰ ਭਾਰਤ ਦੀ ਧਰਤੀ 'ਚੋਂ ਬਾਹਰ ਕੱਢਣ ਦੇ ਅਜਿਹੇ ਯਤਨਾਂ ਵਿਚੋਂ ਸਭ ਤੋਂ ਮੁੱਢਲੀ ਅਤੇ ਦਿਲਚਸਪ ਕੂਕਾ ਲਹਿਰ ਸੀ ਜੋ ਭਾਈ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੀ ਗਈ ਸੀ। ਉਹ ਇੱਕ ਸਧਾਰਨ ਕਿਸਾਨ ਸਨ, ਪਰ ਉਨ੍ਹਾਂ ਵਿੱਚ ਮਹਾਨ ਨਿੱਜੀ ਗੁਣ ਸਨ ਤੇ ਉਨ੍ਹਾਂ ਹੀ ਗੁਣਾਂ ਸਦਕਾ ਪੰਜਾਬ ਦੇ ਲੋਕਾਂ ਦਾ ਵੱਡਾ ਵਰਗ ਉਨ੍ਹਾਂ ਪ੍ਰਤੀ ਵਫ਼ਾਦਾਰੀ ਤੇ ਨੇੜਤਾ ਰੱਖਦਾ ਸੀ। ਇਹ ਕਿਹਾ ਜਾਂਦਾ ਸੀ ਕਿ ਸਿੱਖ ਭਵਿੱਖਬਾਣੀਆਂ ਵਿੱਚ ਉਨ੍ਹਾਂ ਦੇ ਆਉਣ ਦੀ ਭਵਿੱਖਬਾਣੀ ਪਹਿਲਾਂ ਹੀ ਕਰ ਦਿੱਤੀ ਗਈ ਸੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਦਾਅਵਾ ਕੀਤਾ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਸਨ। ਆਮ ਲੋਕਾਂ ਦੇ ਨੇਤਾ ਭਾਈ ਰਾਮ ਸਿੰਘ ਨੂੰ ਇੱਕ ਸਾਧਾਰਨ ਕਿਸਾਨ ਦੀਆਂ ਔਕੜਾਂ ਤੇ ਦੁੱਖਾਂ ਬਾਰੇ ਪੂਰੀ ਜਾਣਕਾਰੀ ਸੀ ਤੇ ਉਹਨਾਂ ਦੀਆਂ ਸ਼ਿਕਾਇਤਾਂ ਦੇ ਨਿਬੇੜੇ ਉੱਤੇ ਹੀ ਉਨ੍ਹਾਂ ਦਾ ਅੰਦੋਲਨ ਆਧਾਰਤ ਸੀ। ਉਨ੍ਹਾਂ ਸਿੱਖ ਫ਼ੌਜ ਵਿਚ ਇੱਕ ਸਿਪਾਹੀ ਵਜੋਂ ਸੇਵਾ ਨਿਭਾਈ ਸੀ ਅਤੇ ਉਹ ਪੰਜਾਬ ਉੱਤੇ ਸਿੱਖ ਰਾਜ ਦੇ ਵਿਚਾਰ ਤੋਂ ਪ੍ਰਭਾਵਿਤ ਸਨ। ਮਨੁੱਖੀ ਚਰਿੱਤਰ ਬਾਰੇ ਆਪਣੀ ਡੂੰਘੀ ਸੂਝ ਨਾਲ, ਉਨ੍ਹਾਂ ਮਹਿਸੂਸ ਕੀਤਾ ਕਿ ਵਿਅਕਤੀ ਦੇ ਮਿਆਰ 'ਚ ਸੁਧਾਰ ਕੀਤੇ ਬਿਨਾਂ ਨਾ ਤਾਂ ਸਿਆਸੀ ਅਜ਼ਾਦੀ ਅਤੇ ਨਾ ਹੀ ਸਮਾਜਿਕ ਅਤੇ ਆਰਥਿਕ ਤਰੱਕੀ ਸੰਭਵ ਹੈ। ਇਸ ਲਈ ਉਨ੍ਹਾਂ ਨੈਤਿਕ ਗੁਣਾਂ 'ਤੇ ਬਹੁਤ ਜ਼ੋਰ ਦਿੱਤਾ ਅਤੇ ਆਪਣੇ

ਪੈਰੋਕਾਰਾਂ ਵਿੱਚ ਧਾਰਮਿਕ ਸ਼ਰਧਾ ਅਤੇ ਸੇਵਾ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ।

ਕੁਝ ਸਾਲਾਂ ਦੇ ਅੰਦਰ ਹੀ ਭਾਈ ਰਾਮ ਸਿੰਘ ਦੇ ਲੁਧਿਆਣਾ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵੱਡੀ ਗਿਣਤੀ 'ਚ ਪੈਰੋਕਾਰ ਬਣ ਗਏ ਤੇ ਫਿਰ ਉਹ ਸਤਿਗੁਰੂ ਰਾਮ ਸਿੰਘ ਬਣ ਗਏ। ਉਨ੍ਹਾਂ ਦਾ ਅੰਤਮ ਉਦੇਸ਼ ਬੇਹੱਦ ਵਿਸ਼ਾਲ ਸੀ ਅਤੇ ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਅਨੁਸਾਰ ਉੱਤਰ-ਪੱਛਮੀ ਭਾਰਤ ਵਿੱਚ ਸਿੱਖ ਤਾਕਤ ਦੇ ਸਮੇਂ ਦੇ ਦਿਨਾਂ ਦੀ ਵਾਪਸੀ ਹੋ ਸਕਦੀ ਸੀ। ਇੱਕ ਮਹਾਨ ਸਮਾਜਿਕ-ਆਰਥਿਕ ਅਤੇ ਸਿਆਸੀ ਲਹਿਰ, ਭਾਵੇਂ ਛੋਟੀਆਂ ਧਾਰਮਿਕ ਰੀਤਾਂ ਨਾਲ ਜੁੜੇ ਰਹਿਣ ਕਾਰਨ ਆਪਣੇ ਮੁੱਖ ਉਦੇਸ਼ ਤੋਂ ਭਟਕ ਗਈ ਸੀ। ਇਹ ਮੰਦਭਾਗੀ ਗੱਲ ਹੈ ਕਿ ਇਸ ਲਹਿਰ ਬਾਰੇ ਪੂਰੀ ਦੁਨੀਆ ਨੂੰ ਪਹਿਲੀ ਵਾਰ ਅੰਮ੍ਰਿਤਸਰ ਦੇ ਬੁੱਚੜਾਂ 'ਤੇ ਹਮਲੇ ਦੇ ਰੂਪ ਵਿੱਚ ਤੇ ਉਸ ਤੋਂ ਬਾਅਦ ਰਾਏਕੋਟ 'ਚ ਵੀ ਅਜਿਹੇ ਹੀ ਹਮਲੇ ਕਰਕੇ ਪਤਾ ਲੱਗਾ ਸੀ। ਸਰਕਾਰ ਨੇ ਉਨ੍ਹਾਂ ਹਮਲਿਆਂ ਦੇ ਪ੍ਰਤੀਕਰਮ ਵਜੋਂ ਕੁਝ ਕੂਕਿਆਂ ਨੂੰ ਫਾਂਸੀ ਦੇ ਦਿੱਤੀ ਅਤੇ ਗੁਰੂ ਰਾਮ ਸਿੰਘ ਜੀ ਦੇ ਕਿਤੇ ਵੀ ਜਾਣ 'ਤੇ ਪਾਬੰਦੀਆਂ ਲਾ ਦਿੱਤੀਆਂ। ਇੱਕ ਹੋਰ ਗੰਭੀਰ ਘਟਨਾ ਮਲੇਰ ਕੋਟਲਾ ਨਗਰ ਉੱਤੇ ਕੂਕਿਆਂ ਦਾ ਹਮਲਾ ਸੀ, ਜਿਸ ਦਾ ਬਦਲਾ ਸਰਕਾਰ ਨੇ ਬਹੁਤ ਜ਼ਿਆਦਾ ਵਹਿਸ਼ੀਆਨਾ ਢੰਗ ਨਾਲ ਲਿਆ। ਦਰਅਸਲ, ਸਥਾਨਕ ਅਧਿਕਾਰੀਆਂ ਦੀ ਕਾਰਵਾਈ ਇੰਨੀ ਸਖ਼ਤ ਸੀ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਵਿੱਚੋਂ ਕੁਝ ਨੂੰ ਸਜ਼ਾ ਦੇਣਾ ਜ਼ਰੂਰੀ ਸਮਝਿਆ। ਸਰਕਾਰ ਨੇ, ਹਾਲਾਂਕਿ, ਕੋਈ ਮੌਕਾ ਨਹੀਂ ਲੈਣਾ ਚਾਹਿਆ ਅਤੇ ਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ (ਦੇਸ਼-ਨਿਕਾਲ਼ਾ ਦੇ) ਕੇ ਬਰਮਾ ਭੇਜ ਦਿੱਤਾ ਗਿਆ।

ਤਦ ਕੂਕਾ ਅੰਦੋਲਨ ਨੂੰ ਬਹੁਤ ਵੱਡਾ ਝਟਕਾ ਲੱਗਾ, ਪਰ ਇਹ ਸਿਹਰਾ ਕੂਕਿਆਂ ਦੇ ਸਿਰ ਹੀ ਬੱਝਣਾ ਚਾਹੀਦਾ ਹੈ ਕਿ ਉਹ ਆਪਣੇ ਸਿਆਸੀ ਉਦੇਸ਼ਾਂ ਤੋਂ ਆਸਾਨੀ ਨਾਲ ਪਿੱਛੇ ਨਹੀਂ ਹਟੇ। ਉਨ੍ਹਾਂ ਨੇ ਭਾਰਤੀ ਸ਼ਾਸਕਾਂ ਨਾਲ ਸੰਪਰਕ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਕਸ਼ਮੀਰ ਅਤੇ ਨੇਪਾਲ ਦੀਆਂ ਹਥਿਆਰਬੰਦ ਫ਼ੌਜਾਂ ਵਿੱਚ ਦਾਖਲ ਹੋਣ ਦੀਆਂ ਗੁਪਤ ਕੋਸ਼ਿਸ਼ਾਂ ਕੀਤੀਆਂ। ਇੱਥੋਂ ਤੱਕ ਕਿ ਰੂਸ ਨਾਲ ਸੰਪਰਕ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਅਤੇ ਕੁਝ ਕੂਕਾ ਨੇਤਾਵਾਂ ਨੇ ਰੂਸੀ ਸਹਾਇਤਾ ਪ੍ਰਾਪਤ ਕਰਨ ਲਈ ਖਤਰਨਾਕ ਯਾਤਰਾਵਾਂ ਕਰਨ ਵਿੱਚ ਬਹੁਤ ਦਲੇਰੀ ਅਤੇ ਬਹਾਦਰੀ ਵਿਖਾਈ। ਇਸ ਸਮੇਂ ਦੌਰਾਨ, ਕੂਕਾ ਅੰਦੋਲਨ ਦਾ ਸਿਆਸੀ ਚਰਿੱਤਰ ਵਧੇਰੇ ਭਾਰੂ ਹੋ ਗਿਆ, ਪਰ ਸਮਾਜਿਕ ਅਤੇ ਨੈਤਿਕ ਸੁਧਾਰ ਲਈ ਇੱਕ ਅੰਦੋਲਨ ਵਜੋਂ ਇਸ ਦਾ ਚਰਿੱਤਰ ਜਾਂ ਅਕਸ ਕਦੇ ਨਹੀਂ ਗੁਆਚਿਆ।

ਇਹ ਠੀਕ ਹੈ ਕਿ ਕੂਕਾ ਅੰਦੋਲਨ ਸਫਲ ਨਹੀਂ ਹੋਇਆ ਪਰ ਫਿਰ ਵੀ ਇਸ ਨੇ ਸਿੱਖਾਂ ਦੇ ਇੱਕ ਵੱਡੇ ਹਿੱਸੇ ਉੱਤੇ ਸਥਾਈ ਛਾਪ ਛੱਡੀ। ਗੁਰੂ ਰਾਮ ਸਿੰਘ ਜੀ ਦੇ ਸਵੈ-ਸਹਾਇਤਾ 'ਤੇ ਜ਼ੋਰ ਨੇ ਉਨ੍ਹਾਂ ਵਿਚ ਨਿਆਂ ਅਤੇ ਸੰਚਾਰ ਦੀ ਪ੍ਰਣਾਲੀ ਨੂੰ ਵਿਕਸਤ ਕਰਨ ਵਿਚ ਸਹਾਇਤਾ ਕੀਤੀ। ਮੌਜੂਦਾ ਹਾਲਾਤ ਦੇ ਮੱਦੇਨਜ਼ਰ ਇਹ ਇੱਕ

ਅਹਿਮ ਪ੍ਰਾਪਤੀ ਸੀ। ਹੋਰ ਵੀ ਕਮਾਲ ਦੀ ਗੱਲ ਇਹ ਸੀ ਕਿ ਕੂਕਾ ਸੰਪਰਦਾਇ ਦਾ ਦੇਸੀ ਖੇਤੀ ਅਤੇ ਵਪਾਰ ਦੇ ਵਾਧੇ 'ਤੇ ਜ਼ੋਰ ਸੀ। ਕੁਝ ਮਾਮਲਿਆਂ ਵਿੱਚ ਗੁਰੂ ਰਾਮ ਸਿੰਘ ਜੀ ਨੇ ਦੇਸ਼ ਵਿਚ ਬ੍ਰਿਟਿਸ਼ ਸੰਸਥਾਵਾਂ ਦੇ ਬਾਈਕਾਟ ਦੇ ਆਪਣੇ ਵਿਚਾਰ ਨਾਲ ਇੱਕ ਤਰ੍ਹਾਂ ਬਾਅਦ 'ਚ 1921 ਈ ਦੌਰਾਨ ਹੋਣ ਵਾਲੇ ਨਾਮਿਲਵਰਤਣ ਅੰਦੋਲਨ ਦੀ ਨੀਂਹ ਵੀ ਰੱਖ ਦਿੱਤੀ ਸੀ। ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਕੂਕਾ ਲਹਿਰ ਨੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ 'ਚ ਗ਼ਦਰ ਤੇ ਹੋਰ ਰਾਜਨੀਤਿਕ ਲਹਿਰਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਸੀ।

ਮੈਂ ਡਾ. ਫੌਜਾ ਸਿੰਘ ਹੁਰਾਂ ਵੱਲੋਂ ਕੀਤਾ ਗਿਆ ਕੂਕਾ ਲਹਿਰ ਦਾ ਅਧਿਐਨ ਬੜੀ ਦਿਲਚਸਪੀ ਨਾਲ ਪੜ੍ਹਿਆ ਹੈ। ਉਨ੍ਹਾਂ ਨੇ ਬਹੁਤ ਸਾਰੀ ਸਮੱਗਰੀ ਇਕੱਠੀ ਕੀਤੀ ਹੈ ਅਤੇ ਆਪਣੇ ਵਿਚਾਰਾਂ ਨੂੰ ਘੜਨ ਲਈ ਮੂਲ ਸਰੋਤਾਂ ਤੱਕ ਪਹੁੰਚ ਕੀਤੀ ਹੈ। ਕੁੱਲ ਮਿਲਾ ਕੇ, ਉਨ੍ਹਾਂ ਦਾ ਮੁਲਾਂਕਣ ਨਿਰਪੱਖ ਅਤੇ ਉਦੇਸ਼ਪੂਰਨ ਹੈ ਅਤੇ ਉਨ੍ਹਾਂ ਦੀ ਕਿਤਾਬ 19ਵੀਂ ਸਦੀ ਦੌਰਾਨ ਭਾਰਤ 'ਚ ਰਾਸ਼ਟਰੀ ਅੰਦੋਲਨਾਂ ਦੇ ਸਾਹਿਤ ਵਿੱਚ ਇੱਕ ਵੱਡਮੁੱਲਾ ਯੋਗਦਾਨ ਹੋਵੇਗੀ। ਮੈਂ ਇੱਕ ਮਹੱਤਵਪੂਰਨ ਅੰਦੋਲਨ ਦੇ ਕਈ ਪਹਿਲੂਆਂ 'ਤੇ ਨਵੀਂ ਰੌਸ਼ਨੀ ਪਾਉਣ ਲਈ ਉਨ੍ਹਾਂ ਨੂੰ ਵਧਾਈ ਦੇਣੀ ਚਾਹਾਂਗਾ, ਜੋ ਹੁਣ ਤੱਕ ਇਸ ਦੇ ਨਜ਼ਦੀਕੀ ਪੈਰੋਕਾਰਾਂ ਦੇ ਘੇਰੇ ਤੋਂ ਬਾਹਰ ਪੂਰੀ ਤਰ੍ਹਾਂ ਜਾਣਿਆ ਨਹੀਂ ਗਿਆ ਸੀ।

ਨਵੀਂ ਦਿੱਲੀ, **ਹੁਮਾਯੂੰ ਕਬੀਰ**
8 ਅਕਤੂਬਰ 1965

# ਭੂਮਿਕਾ

ਕੂਕਾ ਅੰਦੋਲਨ ਦੇ ਕੁਝ ਸੰਜਮ ਨਾਲ ਬਾਹਰਮੁਖੀ ਅਧਿਐਨ ਦੀ ਫੌਰੀ ਲੋੜ ਹੈ। ਇਸ ਸਮੇਂ ਸਾਡੇ ਅਜ਼ਾਦੀ ਸੰਗ੍ਰਾਮ ਦੇ ਸਾਰੇ ਪੱਖਾਂ ’ਤੇ ਵਿਆਪਕ ਖੋਜ ਕਾਰਜ ਚਲਾਇਆ ਜਾ ਰਿਹਾ ਹੈ। ਕੂਕਿਆਂ ਵਰਗੇ ਸੁਤੰਤਰਤਾ ਸੰਗਰਾਮ ਦੇ ਮੋਢੀਆਂ ਵੱਲ ਉਚੇਚਾ ਧਿਆਨ ਦੇਣਾ ਸਹੀ ਤੇ ਉਚਿਤ ਹੈ। ਉਨ੍ਹਾਂ ਉੱਤੇ ਕਈ ਕਿਤਾਬਾਂ, ਜ਼ਿਆਦਾਤਰ ਪੰਜਾਬੀ ਵਿੱਚ ਲਿਖੀਆਂ ਗਈਆਂ ਹਨ। ਉਨ੍ਹਾਂ ਵਿੱਚੋਂ ਕੁਝ ਵਧੀਆ ਹਨ ਪਰ ਇੱਕ ਵਿਆਪਕ ਅਰਥਾਂ ਵਿੱਚ, ਕੂਕਾ ਅੰਦੋਲਨ ਬਾਰੇ ਓਨਾ ਅਧਿਐਨ ਨਹੀਂ ਕੀਤਾ ਗਿਆ, ਜਿੰਨਾ ਕਿ ਹੋਣਾ ਚਾਹੀਦਾ ਸੀ ਤੇ ਉਂਝ ਇਸ ਬਾਰੇ ਕੁਝ ਵੱਧ ਅਨੁਮਾਨ ਵੀ ਲਾਏ ਗਏ ਹਨ। ਇੱਕ ਪਾਸੇ ਇਸ ਨੂੰ ਸਿਰਫ਼ ਇੱਕ ਸਮਾਜਕ ਅਤੇ ਧਾਰਮਿਕ ਲਹਿਰ ਵਜੋਂ ਦਰਸਾਇਆ ਗਿਆ ਹੈ, ਜਦੋਂ ਕਿ ਦੂਜੇ ਪਾਸੇ ਬਾਅਦ ਦੇ ਗਾਂਧੀਵਾਦੀ ਦੌਰ ਦੇ ਸੱਤਿਆਗ੍ਰਹਿ ਬਾਰੇ ਵਿਚਾਰ ਕੀਤੇ ਜਾਣ ਸਮੇਂ ਕੂਕਾ ਅੰਦੋਲਨ ਨੂੰ ਮੁੜ ਯਾਦ ਕੀਤਾ ਜਾਂਦਾ ਹੈ। ਮੇਰੇ ਲਈ ਇਹ ਦੋਵੇਂ ਵਿਚਾਰ ਸਿਰੇ ਦੇ ਹਨ, ਅਤੇ ਜਿਵੇਂ ਕਿ ਅਕਸਰ ਹੁੰਦਾ ਹੈ, ਸੱਚਾਈ ਕਿਤੇ ਕਿਸੇ ਵਿਚਕਾਰਲੇ ਖੇਤਰ ਵਿੱਚ ਲੱਭੀ ਜਾ ਸਕਦੀ ਹੈ।

ਹਥਲੀ ਕੋਸ਼ਿਸ਼ ਵਿਵਾਦਪੂਰਨ ਹਾਲਾਤ ਤੋਂ ਦੂਰ ਰਹਿ ਕੇ ਉਦੋਂ ਦੇ ਸਾਰੇ ਹਾਲਾਤ ਨੂੰ ਹਰ ਸੰਭਵ ਹੱਦ ਤੱਕ ਬਾਹਰਮੁਖੀ ਤੌਰ ’ਤੇ ਬਿਆਨਣ ਦੀ ਇੱਕ ਸਨਿਮਰ ਕੋਸ਼ਿਸ਼ ਹੈ, ਕਿ ਤਾਂ ਜੋ ਇਸ ਵਿਸ਼ੇ ’ਤੇ ਕੋਈ ਨੁਕਤਾ ਵਿਚਾਰਨੋਂ ਨਾ ਰਹਿ ਜਾਵੇ। ਅਜਿਹਾ ਵੀ ਨਹੀਂ ਹੈ ਕਿ ਕਿਸੇ ਕੰਮ ਦੀਆਂ ਕੋਈ ਸੀਮਾਵਾਂ ਹੀ ਨਹੀਂ ਹੁੰਦੀਆਂ। ਸ਼ਾਇਦ ਅਜਿਹੇ ਬਹੁਤ ਸਾਰੇ ਹਨ ਅਤੇ ਇਸ ਬਾਰੇ ਹੋਰ ਕੋਈ ਲੇਖਕ ਤੋਂ ਵੱਧ ਚੇਤੰਨ ਨਹੀਂ ਹੈ। ਪਰ ਅਸੀਂ ਇਹ ਵੀ ਨਹੀਂ ਆਖ ਰਹੇ ਕਿ ਇਹ ਹਰ ਪੱਖੋਂ ਸੰਪੂਰਨ ਹੈ ਪਰ ਇਸ ਅਧਿਐਨ ਤੋਂ ਇਸ ਵਿਸ਼ੇ ’ਤੇ ਹੋਰ ਅਗਲੇਰੇ ਖੋਜ-ਕਾਰਜ ਕਰਨ ਲਈ ਕੁਝ ਮਾਰਗਦਰਸ਼ਕ ਪ੍ਰਸ਼ਨ ਮਿਲ ਸਕਦੇ ਹਨ। ਕਈ ਸਵਾਲ ਖੜ੍ਹੇ ਕੀਤੇ ਗਏ ਹਨ, ਉਦਾਹਰਣ ਵਜੋਂ: ਕੀ ਕੂਕਾ ਅੰਦੋਲਨ ਨਿਰੋਲ ਧਾਰਮਿਕ ਅਤੇ ਸਮਾਜਿਕ ਮਾਮਲਾ ਸੀ ਜਾਂ ਇਹ ਸਿਆਸੀ ਵੀ ਸੀ ? ਕੀ ਇਹ ਇੱਕ ਸਿਆਸੀ ਉਦੇਸ਼ ਨਾਲ ਸ਼ੁਰੂ ਹੋਇਆ ਸੀ ਜਾਂ ਕੀ ਸਰਕਾਰੀ ਜਬਰ ਤੇ ਜ਼ੁਲਮ ਕਾਰਣ ਰਾਜਨੀਤਿਕ ਉਦੇਸ਼ ਬਾਅਦ ਵਿੱਚ ਆ ਜੁੜਿਆ ? ਇਹ ਕਿੱਥੋਂ ਤੱਕ ਸਹੀ ਹੈ ਕਿ ਸਿੱਖਾਂ ਨੇ 1857 ਵਿਚ ਅੰਗ੍ਰੇਜ਼ਾਂ ਦੀ ਮਦਦ ਕੀਤੀ ਸੀ ? ਕੀ ਤਦ ਉਨ੍ਹਾਂ ਵਿਚ ਅੰਗਰੇਜ਼ ਵਿਰੋਧੀ ਭਾਵਨਾ ਨਹੀਂ ਸੀ ? ਜੇ ਅਜਿਹੀ ਭਾਵਨਾ ਸੀ, ਤਾਂ ਉਹ ਉਸ ਵੇਲੇ ਬਗ਼ਾਵਤ ਲਈ ਕਿਉਂ ਨਹੀਂ ਉੱਠੇ ? ਜੇ ਇਹ ਵੀ

ਆਖ ਲਿਆ ਜਾਵੇ ਕਿ ਕੂਕਾ ਲਹਿਰ ਦਾ ਮੰਤਵ ਅਰੰਭ ਤੋਂ ਹੀ ਸਿਆਸੀ ਸੀ, ਤਾਂ ਬਾਬਾ ਰਾਮ ਸਿੰਘ ਜੀ ਨੇ 1857 ਦੀ ਬਗ਼ਾਵਤ ਵਿਚ ਹਿੱਸਾ ਕਿਉਂ ਨਹੀਂ ਲਿਆ ਸੀ? ਕੀ ਗਊ-ਹੱਤਿਆ ਵਿਰੁੱਧ ਕੂਕਾ ਮੁਹਿੰਮ ਸਿਰਫ਼ ਉਨ੍ਹਾਂ ਦੇ ਧਾਰਮਿਕ ਪ੍ਰੋਗਰਾਮ ਦਾ ਹਿੱਸਾ ਸੀ ਜਾਂ ਇਹ ਗਊ-ਹੱਤਿਆ ਕਰਨ ਤੇ ਗਊ ਮਾਸ ਖਾਣ ਵਾਲੇ "ਮਲੇਛ" ਹਾਕਮਾਂ ਵਿਰੁੱਧ ਲੋਕਾਂ ਨੂੰ ਬਗ਼ਾਵਤ ਲਈ ਜਗਾਉਣ ਦਾ ਇੱਕ ਸਾਧਨ ਸੀ ? ਕੀ ਮਲੌਦ ਤੇ ਮਾਲੇਰ ਕੋਟਲਾ 'ਤੇ ਕੂਕਿਆਂ ਦੇ ਹਮਲੇ ਐਂਵੇਂ ਹੀ ਕੁਝ ਕੱਟੜਪੰਥੀਆਂ ਦੀ ਪਾਗਲਪਣ ਵਾਲੀ ਕਾਰਵਾਈ ਸੀ ਜਾਂ ਕਿ ਇਹ ਇੱਕ ਆਮ ਕੂਕਿਆਂ ਦੀ ਸਰਕਾਰ ਵਿਰੁੱਧ ਉੱਠਣ ਦੀ ਸ਼ੁਰੂਆਤ ਸੀ ? ਕੂਕਿਆਂ ਦੇ ਹਮਲਿਆਂ ਨੂੰ ਇੱਕ ਸ਼ੁਰੂਆਤੀ ਬਗ਼ਾਵਤ ਵਜੋਂ ਦਰਸਾਉਣ ਵਾਲੇ ਪੰਜਾਬ ਸਰਕਾਰ ਤੇ ਇਸ ਦੇ ਅਧਿਕਾਰੀ ਕਿੱਥੋਂ ਤੱਕ ਸਹੀ ਸਨ ? ਕਾਵਨ ਅਤੇ ਫ਼ੋਰਸਾਈਥ ਨੂੰ ਸਜ਼ਾ ਕਿਉਂ ਦਿੱਤੀ ਗਈ ਸੀ? ਕੀ ਇਹ ਕੂਕਾ ਪੀੜਤਾਂ ਪ੍ਰਤੀ ਹਮਦਰਦੀ ਦੀ ਭਾਵਨਾ ਕਰਕੇ ਸੀ ਕਿ ਜਾਂ ਕਿਸੇ ਸੌੜੇ ਪ੍ਰਸ਼ਾਸਕੀ ਕਾਰਨਾਂ ਕਰਕੇ ਸੀ? ਕੂਕਾ ਅੰਦੋਲਨ ਦੌਰਾਨ 1872 ਦੀਆਂ ਫਾਂਸੀਆਂ ਤੇ ਨਜ਼ਰਬੰਦੀਆਂ ਦਾ ਕੀ ਪ੍ਰਭਾਵ ਪਿਆ ਸੀ? ਕੂਕਿਆਂ ਨੇ ਕੁਝ ਰਾਜਾਂ, ਭਾਰਤੀ ਤੇ ਵਿਦੇਸ਼ੀ ਲੋਕਾਂ ਨਾਲ ਕਿਸ ਕਿਸਮ ਦੇ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਸੀ? ਅਤੇ ਅੰਤ 'ਚ, ਉਨ੍ਹਾਂ ਦੀ ਅਜ਼ਾਦੀ ਦੀ ਧਾਰਨਾ ਕੀ ਸੀ ਅਤੇ ਸਮੁੱਚੇ ਦੇਸ਼ ਦੇ ਰਾਸ਼ਟਰੀ ਅੰਦੋਲਨ ਵਿੱਚ ਉਨ੍ਹਾਂ ਦੀ ਭੂਮਿਕਾ ਕੀ ਸੀ? ਇਨ੍ਹਾਂ ਸਾਰੇ ਅਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਜਵਾਬ ਲੱਭਣ ਦਾ ਯਤਨ ਕੀਤਾ ਗਿਆ ਹੈ, ਭਾਵੇਂ ਇਹ ਦਾਅਵਾ ਬਿਲਕੁਲ ਵੀ ਨਹੀਂ ਕੀਤਾ ਗਿਆ ਹੈ ਕਿ ਇਸ ਵਿਸ਼ੇ 'ਤੇ ਆਖਰੀ ਸ਼ਬਦ ਲਿਖ ਦਿੱਤੇ ਹਨ।

ਕਈ ਹੋਰ ਪੱਖ ਹਨ ਜਿਨ੍ਹਾਂ ਨੂੰ ਲਾਭਦਾਇਕ ਢੰਗ ਨਾਲ ਅਪਣਾਇਆ ਜਾ ਸਕਦਾ ਸੀ ਪਰ ਕੁਝ ਨਿੱਜੀ ਰੁਝੇਵਿਆਂ ਕਾਰਣ ਫਿਲਹਾਲ ਉਨ੍ਹਾਂ ਨੂੰ ਛੱਡਣਾ ਪਿਆ। ਇਹਨਾਂ ਵਿੱਚੋਂ ਦੋ ਸਭ ਤੋਂ ਅਹਿਮ ਹਨ: (1) ਉਸ ਸਮੇਂ ਵਾਪਰ ਰਹੀਆਂ ਤੇਜ਼ ਆਰਥਿਕ ਤਬਦੀਲੀਆਂ ਦੀ ਮਾਰ; (2) ਉਹ ਹਾਲਾਤ, ਜਿਨ੍ਹਾਂ ਦੇ ਚੱਲਦਿਆਂ ਹਜ਼ਰੋ ਤੇ ਨੌਰੰਗਾਬਾਦ ਦੀਆਂ ਪ੍ਰਸਿੱਧ ਲੋਕ-ਲਹਿਰਾਂ ਸਾਹਮਣੇ ਆਈਆਂ ਅਤੇ ਪੰਜਾਬ 'ਚ ਬ੍ਰਿਟਿਸ਼ ਹਕੂਮਤ ਕਾਇਮ ਤੋਂ ਪਹਿਲਾਂ ਤੇ ਬਾਅਦ 'ਚ ਜਿਸ ਤਰ੍ਹਾਂ ਦਾ ਉਨ੍ਹਾਂ ਲਹਿਰਾਂ ਦਾ ਰੁਝਾਨ ਰਿਹਾ। ਜਦੋਂ ਤੱਕ ਇਹ ਭੇਤ ਤਸੱਲੀਬਖਸ਼ ਢੰਗ ਨਾਲ ਉਜਾਗਰ ਨਹੀਂ ਕੀਤੇ ਜਾਂਦੇ, ਤਦ ਤੱਕ ਬਾਬਾ ਰਾਮ ਸਿੰਘ ਜੀ ਦੇ ਅੰਦੋਲਨ ਦੀ ਉਤਪੱਤੀ ਬਾਰੇ ਵਾਜਬ ਤੌਰ 'ਤੇ ਸਹੀ ਵਿਚਾਰ ਕਰਨਾ ਸੰਭਵ ਨਹੀਂ ਹੋਵੇਗਾ। ਇੰਝ ਹੀ ਇਸ ਪੁਸਤਕ ਦਾ ਉਦੇਸ਼ ਤਦ ਹੀ ਪੂਰਾ ਹੋਵੇਗਾ, ਜੇ ਇਹ ਕਿਸੇ ਵੀ ਰੂਪ ਵਿੱਚ, ਜਾਂ ਕਿਸੇ ਵੀ ਹੱਦ ਤੱਕ ਕੂਕਾ ਅੰਦੋਲਨ ਦੀ ਸਮਝ ਨੂੰ ਅੱਗੇ ਵਧਾਉਣ ਜਾਂ ਇਸ ਵਿਸ਼ੇ 'ਤੇ ਹੋਰ ਖੋਜ ਨੂੰ ਉਤਸ਼ਾਹਤ ਕਰਨ ਵਿੱਚ ਮਦਦਗਾਰ ਪਾਈ ਜਾਵੇਗੀ।

ਇਹ ਕੰਮ ਭਾਰਤ ਦੇ ਨੈਸ਼ਨਲ ਆਰਕਾਈਵਜ਼ ਵਿੱਚ ਸੁਰੱਖਿਅਤ ਮੂਲ ਸਰੋਤ ਸਮੱਗਰੀ 'ਤੇ ਅਧਾਰਤ ਹੈ। ਅਧਿਐਨ ਅਧੀਨ ਸਮੇਂ ਦੇ ਕੂਕਿਆਂ ਨੇ ਸਭ ਕੁਝ ਸਖ਼ਤੀ ਨਾਲ ਗੁਪਤ ਰੱਖਣ ਅਤੇ ਸੁਰੱਖਿਆ ਕਾਰਨਾਂ ਕਰਕੇ, ਲਿਖਤ 'ਚ ਕੁਝ ਵੀ

ਨਹੀਂ ਲਿਆਂਦਾ ਸੀ। ਇਸੇ ਲਈ ਕੂਕਿਆਂ ਦਾ ਆਪਣਾ ਕੋਈ ਵੀ ਬਾਕਾਇਦਾ ਰਿਕਾਰਡ ਨਹੀਂ ਮਿਲਦਾ ਤੇ ਸਿਰਫ਼ ਸਰਕਾਰੀ ਰਿਕਾਰਡਾਂ 'ਚੋਂ ਹੀ ਲੱਭਣਾ ਪੈਂਦਾ ਹੈ। ਖੁਸ਼ਕਿਸਮਤੀ ਨਾਲ, ਇਸ ਵਿਸ਼ੇ ਬਾਰੇ ਬਾਅਦ 'ਚ ਵਿਚਾਰਿਆ ਗਿਆ ਅਤੇ ਹੁਣ ਕੁਝ ਚੰਗੀਆਂ ਰਚਨਾਵਾਂ ਉਪਲਬਧ ਹਨ ਜਿਵੇਂ ਕਿ ਭਾਈ ਸੰਤੋਖ ਸਿੰਘ ਦਾ 'ਸਤਿਗੁਰ ਬਿਲਾਸ' ਅਤੇ ਗਿਆਨੀ ਕਾਲਾ ਸਿੰਘ ਨਾਮਧਾਰੀ ਦਾ 'ਸ਼ਹੀਦ ਬਿਲਾਸ'। ਇਨ੍ਹਾਂ ਕ੍ਰਿਤਾਂ ਦੀ ਵਰਤੋਂ ਕੂਕਾ ਦ੍ਰਿਸ਼ਟੀਕੋਣ ਦੀ ਵਿਆਖਿਆ ਕਰਨ ਅਤੇ ਸਰਕਾਰੀ ਰਿਕਾਰਡਾਂ ਦੇ ਪਾੜੇ ਨੂੰ ਭਰਨ ਲਈ ਕੀਤੀ ਗਈ ਹੈ।

ਮੌਜੂਦਾ ਅਧਿਐਨ ਕਰਨ ਹਿਤ ਮੈਨੂੰ ਪ੍ਰੇਰਿਤ ਕਰਨ ਤੇ ਇਸ ਲਈ ਸਮੱਗਰੀ ਇਕੱਠੀ ਕਰਨ ਵਿੱਚ ਮੇਰੀ ਮਦਦ ਕਰਨ ਲਈ ਮੈਂ ਨਾਮਵਰ ਭੈਣੀ ਸਾਹਿਬ ਪਰਿਵਾਰ ਦੇ ਸਾਬਕਾ ਸੰਸਦ ਮੈਂਬਰ ਮਹਾਰਾਜ ਨਿਹਾਲ ਸਿੰਘ ਦਾ ਤਹਿ ਦਿਲੋਂ ਰਿਣੀ ਹਾਂ। ਉਨ੍ਹਾਂ ਦੀ ਮਦਦ ਤੋਂ ਬਗ਼ੈਰ ਇਹ ਕਿਤਾਬ ਇੰਨੀ ਛੇਤੀ ਪ੍ਰਕਾਸ਼ਿਤ ਨਹੀਂ ਹੋ ਸਕਦੀ ਸੀ। ਮੈਂ ਸ. ਹਰਨਾਮ ਸਿੰਘ ਨਾਗੀ, ਸ. ਹਜ਼ਾਰਾ ਸਿੰਘ ਗੁਰਦਾਸਪੁਰੀ ਅਤੇ ਸ. ਹਰਬੰਸ ਸਿੰਘ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਮਾਮਲੇ 'ਚ ਡੂੰਘੀ ਦਿਲਚਸਪੀ ਵਿਖਾਈ ਤੇ ਕੰਮ ਨੂੰ ਹੋਰ ਬਿਹਤਰ ਬਣਾਉਣ ਲਈ ਕਈ ਉਪਯੋਗੀ ਸੁਝਾਅ ਦਿੱਤੇ। ਮੈਂ ਆਪਣੇ ਅਧਿਆਪਕ ਡਾ. ਗੰਡਾ ਸਿੰਘ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਅਜਿਹੀ ਕੁਝ ਸਰੋਤ ਸਮੱਗਰੀ ਮੁਹੱਈਆ ਕਰਵਾਉਣ ਵਿੱਚ ਮਦਦ ਕੀਤੀ, ਜੋ ਨੈਸ਼ਨਲ ਆਰਕਾਈਵਜ਼ 'ਚ ਵੀ ਉਪਲਬਧ ਨਹੀਂ ਹੈ। ਮੈਂ ਆਪਣੇ ਦੋਸਤਾਂ ਡਾ. ਐਮ.ਐਮ. ਆਹਲੂਵਾਲੀਆ, ਸ੍ਰੀ ਐਮ.ਐਲ. ਆਹਲੂਵਾਲੀਆ ਤੇ ਸ: ਗੁਰਦਿਆਲ ਸਿੰਘ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਟਾਈਪ-ਸਕ੍ਰਿਪਟ ਦੀ ਪੜਚੋਲ ਕਰਨ ਅਤੇ ਕੁਝ ਕੀਮਤੀ ਸੁਝਾਅ ਦੇਣ 'ਚ ਭੂਮਿਕਾ ਨਿਭਾਈ। ਜੇ ਮੈਂ ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ ਦੇ ਰਿਸਰਚ ਰੂਮ ਅਤੇ ਲਾਇਬ੍ਰੇਰੀ ਦੇ ਅਧਿਕਾਰੀਆਂ ਦਾ ਦਿਲੋਂ ਧੰਨਵਾਦ ਨਹੀਂ ਕਰਦਾ, ਤਾਂ ਮੈਂ ਆਪਣਾ ਫ਼ਰਜ਼ ਨਿਭਾਉਣ 'ਚ ਨਾਕਾਮ ਹੀ ਰਹਾਂਗਾ। ਨਯਾ ਹਿੰਦੁਸਤਾਨ ਪ੍ਰੈੱਸ, ਚਾਂਦਨੀ ਚੌਕ, ਦਿੱਲੀ ਦੇ ਮਾਲਕ ਤੇ ਸਟਾਫ਼ ਨੂੰ ਵੀ ਉਨ੍ਹਾਂ ਦੇ ਸ਼ਾਨਦਾਰ ਕੰਮ ਅਤੇ ਮਿੱਠੜੇ ਸਹਿਯੋਗ ਲਈ ਵੀ ਮੈਂ ਧੰਨਵਾਦੀ ਹਾਂ। ਅੰਤ 'ਚ ਮੈਂ ਆਪਣੀ ਪਤਨੀ ਸੁਰਜੀਤ ਅਤੇ ਆਪਣੇ ਬੇਟੇ ਜਸਪਿੰਦਰ ਸਿੰਘ ਤੋਂ ਮਿਲੀ ਸਹਾਇਤਾ ਦੀ ਵੀ ਸੁਹਿਰਦਤਾ ਨਾਲ ਸ਼ਲਾਘਾ ਕਰਨੀ ਚਾਹਾਂਗਾ।

**ਫ਼ੌਜਾ ਸਿੰਘ ਬਾਜਵਾ**

ਨਵੰਬਰ 1965
ਦਿੱਲੀ

# ਸ਼ੁਕਰਗੁਜ਼ਾਰੀ

'ਕੂਕਾ ਲਹਿਰ' ਭਾਰਤੀ ਅਜ਼ਾਦੀ ਅੰਦੋਲਨ ਦੇ ਨਾਲ-ਨਾਲ 19ਵੀਂ ਸਦੀ ਦੇ ਸਿੱਖ ਪੁਨਰ-ਜਾਗਰਣ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਵਿਲੱਖਣ ਪੜਾਅ ਨੂੰ ਦਰਸਾਉਂਦੀ ਹੈ। ਇਸ ਲਹਿਰ ਦੇ ਨਿਰਮਾਤਾ ਸਤਿਗੁਰੂ ਰਾਮ ਸਿੰਘ ਜੀ ਇੱਕ ਕ੍ਰਿਸ਼ਮਈ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਨਾ ਸਿਰਫ਼ ਸਿੱਖ ਗੁਰੂ ਸਾਹਿਬਾਨ ਦੀਆਂ ਗੁਆਚੀਆਂ ਪ੍ਰੰਪਰਾਵਾਂ ਨੂੰ ਬਹਾਲ ਕੀਤਾ, ਸਗੋਂ ਸਮੂਹਕ ਸਮਾਜਕ ਅਤੇ ਸਿਆਸੀ ਚੇਤਨਾ ਨੂੰ ਵੀ 'ਕੂਕਾ ਲਹਿਰ' ਵਿੱਚ ਮਿਲਾ ਦਿੱਤਾ। ਭਾਵੇਂ ਇਤਿਹਾਸ ਰਚਣ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਵਾਂਗ ਉਨ੍ਹਾਂ ਨੇ ਨਿਜੀ ਪ੍ਰਾਪਤੀਆਂ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਮਨ੍ਹਾ ਕੀਤਾ। 'ਕੂਕਾ ਅੰਦੋਲਨ' ਨੂੰ 'ਨਾਮਧਾਰੀ ਲਹਿਰ' ਵੀ ਕਿਹਾ ਜਾਂਦਾ ਹੈ, ਜੋ ਲੋਕ ਚੇਤਨਾ ਵਿੱਚ ਸਿਰਫ਼ ਸਮਾਜਿਕ-ਧਾਰਮਿਕ ਸੁਧਾਰਵਾਦੀ ਲਹਿਰ ਵਜੋਂ ਪਹਿਲੀ ਵਾਰ ਸਾਹਮਣੇ ਆਈ ਸੀ।

1965 ਵਿੱਚ, ਭਾਰਤ ਦੇ ਪ੍ਰਮੁੱਖ ਇਤਿਹਾਸਕਾਰਾਂ ਵਿੱਚੋਂ ਇੱਕ ਡਾ: ਫੌਜਾ ਸਿੰਘ ਬਾਜਵਾ ਨੇ ਪਹਿਲੀ ਵਾਰ ਆਪਣੀ ਅੰਗਰੇਜ਼ੀ ਪੁਸਤਕ 'ਕੂਕਾ ਮੂਵਮੈਂਟ' (ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਭੂਮਿਕਾ ਦਾ ਇੱਕ ਮਹੱਤਵਪੂਰਨ ਪੜਾਅ) ਵਿੱਚ ਕੂਕਾ ਲਹਿਰ ਨੂੰ ਬਾਖ਼ੂਬੀ ਪੇਸ਼ ਕੀਤਾ। ਮੌਜੂਦਾ ਨਾਮਧਾਰੀ ਸਾਹਿਤ ਦੇ ਨਾਲ-ਨਾਲ ਨੈਸ਼ਨਲ ਆਰਕਾਈਵਜ਼ ਵਿੱਚ ਉਪਲਬਧ ਕੂਕਾ ਪੇਪਰਾਂ ਬਾਰੇ ਉਨ੍ਹਾਂ ਦੀ ਖੋਜ ਮਿਸਾਲੀ ਹੈ। ਉਨ੍ਹਾਂ ਦੀ ਪੁਸਤਕ 'ਕੂਕਾ ਮੂਵਮੈਂਟ' ਇਸ ਗੱਲ ਦੀ ਗਵਾਹੀ ਭਰਦੀ ਹੈ। ਪ੍ਰਸਿੱਧ ਇਤਿਹਾਸਕਾਰ ਪ੍ਰੋ. ਹਮਾਯੂੰ ਕਬੀਰ ਇਸ ਨੂੰ 19ਵੀਂ ਸਦੀ ਦੀਆਂ ਸਵਦੇਸ਼ੀ ਭਾਈਚਾਰਕ ਲਹਿਰਾਂ ਨਾਲ ਸਬੰਧਤ ਸਭ ਤੋਂ ਮਹੱਤਵਪੂਰਨ ਰਚਨਾਵਾਂ ਵਿੱਚੋਂ ਇੱਕ ਕਰਾਰ ਦਿੰਦੇ ਹਨ। ਲੇਖਕ ਨੇ ਨਾ ਸਿਰਫ਼ ਪੁਰਾਲੇਖ ਤੱਥਾਂ ਨੂੰ ਅੱਗੇ ਰੱਖਿਆ ਹੈ ਸਗੋਂ ਨਾਮਧਾਰੀ ਦ੍ਰਿਸ਼ਟੀਕੋਣ ਨੂੰ ਵੀ ਪੇਸ਼ ਕੀਤਾ ਹੈ।

ਇਤਿਹਾਸ ਦੀ ਅਜਿਹੀ ਰਚਨਾ ਕੁਝ ਸਮੇਂ ਤੋਂ ਉਪਲਬਧ ਨਹੀਂ ਸੀ। ਨਾਮਧਾਰੀ ਸਿੱਖਾਂ ਦੇ ਮੌਜੂਦਾ ਅਧਿਆਤਮਿਕ ਗੁਰੂ, ਸਤਿਗੁਰੂ ਉਦੇ ਸਿੰਘ ਜੀ ਨੇ ਪੁਸਤਕ ਨੂੰ ਮੁੜ ਛਾਪਣ ਦੇ ਯਤਨ ਅਰੰਭੇ। ਅਸੀਂ ਲੇਖਕ ਡਾ: ਫੌਜਾ ਸਿੰਘ ਬਾਜਵਾ ਦੇ ਪੁੱਤਰ ਸ੍ਰੀ ਬਲਵਿੰਦਰ ਸਿੰਘ ਬਾਜਵਾ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਨੇ ਸਾਨੂੰ ਮੁੜ ਛਾਪਣ ਲਈ ਆਪਣੀ ਸਪੱਸ਼ਟ ਇਜਾਜ਼ਤ ਦਿੱਤੀ। ਉਨ੍ਹਾਂ ਨੇ ਨਾ ਸਿਰਫ਼ ਪੁਸਤਕ ਦੀ ਛਪਣ ਪ੍ਰਕਿਰਿਆ 'ਚ ਸਹਿਯੋਗ ਦਿੱਤਾ, ਸਗੋਂ ਸਾਨੂੰ ਪ੍ਰਕਾਸ਼ਨ ਲਈ ਲੇਖਕ ਦੀ ਤਸਵੀਰ ਵੀ ਦਿੱਤੀ।

ਪੁਸਤਕ ਦੇ ਇਸ ਐਡੀਸ਼ਨ ਦਾ ਮੁਖਬੰਧ ਡਾ. ਪਰਮ ਬਖ਼ਸ਼ੀਸ਼ ਸਿੰਘ-ਸਾਬਕਾ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ-ਜੋ ਕਿ ਪ੍ਰਸਿੱਧ ਇਤਿਹਾਸਕਾਰ ਹੋਣ ਦੇ ਨਾਲ-ਨਾਲ ਡਾ: ਫੌਜਾ ਸਿੰਘ ਬਾਜਵਾ ਦੇ ਵਿਦਿਆਰਥੀ ਵੀ ਰਹੇ ਹਨ, ਨੇ ਲਿਖਿਆ ਹੈ।

ਅਸੀਂ ਸ੍ਰੀ ਬਲਵਿੰਦਰ ਸਿੰਘ ਬਾਜਵਾ ਦੇ ਨਾਲ-ਨਾਲ ਡਾ. ਪਰਮ ਬਖਸ਼ੀਸ਼ ਸਿੰਘ ਪਟਿਆਲਾ ਦੋਵਾਂ ਦਾ ਧੰਨਵਾਦ ਕਰਦੇ ਹਾਂ ਅਤੇ 'ਕੂਕਾ ਲਹਿਰ' ਦੇ ਇਸ ਸੰਸਕਰਣ ਨੂੰ ਇਤਿਹਾਸ ਦੇ ਖੋਜੀਆਂ ਸਾਹਵੇਂ ਪੇਸ਼ ਕਰਕੇ ਡਾਢੇ ਖੁਸ਼ ਹਾਂ।

**ਸੁਵਰਨ ਸਿੰਘ ਵਿਰਕ**
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ

# ਜਾਣ-ਪਛਾਣ

ਡਾ. ਫੌਜਾ ਸਿੰਘ ਪੰਜਾਬ ਅਤੇ ਸਿੱਖਾਂ ਦੇ ਸਭ ਤੋਂ ਉੱਘੇ ਆਧੁਨਿਕ ਇਤਿਹਾਸਕਾਰ ਸਨ, ਜਿਨ੍ਹਾਂ ਨੇ ਇਤਿਹਾਸ ਨੂੰ ਆਪਣੇ ਖੇਤਰ ਤੇ ਲੋਕਾਂ ਦਾ ਵਿਗਿਆਨਕ ਲੀਹਾਂ 'ਤੇ ਪੁਨਰ-ਨਿਰਮਾਣ ਕੀਤਾ। ਭਾਰਤੀ ਉਪ-ਮਹਾਂਦੀਪ ਦੇ ਸਭ ਤੋਂ ਵੱਧ ਜੀਵੰਤ ਅਤੇ ਬਹੁਤ ਜ਼ਿਆਦਾ ਘਟਨਾਵਾਂ ਵਾਪਰਨ ਵਾਲੇ ਹਿੱਸੇ 'ਚੋਂ ਇੱਕ ਦੀ ਇਤਿਹਾਸਕ ਖੋਜ ਕਰਨ ਲਈ ਉਨ੍ਹਾਂ ਦੀ ਮਾਣਮੱਤੀ ਸੇਵਾ, ਭਵਿੱਖ ਦੀਆਂ ਪੀੜ੍ਹੀਆਂ ਦੇ ਇਤਿਹਾਸਕਾਰਾਂ ਲਈ ਹਮੇਸ਼ਾਂ ਪ੍ਰੇਰਨਾ ਸਰੋਤ ਬਣੀ ਰਹੇਗੀ।

18 ਸਤੰਬਰ, 1918 ਨੂੰ ਪਿੰਡ ਬੱਲੀਆਂ ਕਲਾਂ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) 'ਚ ਜਨਮੇ ਡਾ. ਫੌਜਾ ਸਿੰਘ ਨੇ ਆਪਣੀ ਮੁੱਢਲੀ ਵਿੱਦਿਆ ਆਪਣੇ ਜੱਦੀ ਪਿੰਡ 'ਚ ਹੀ ਹਾਸਲ ਕੀਤੀ। 1943 'ਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਇਤਿਹਾਸ ਵਿੱਚ ਮਾਸਟਰ ਡਿਗਰੀ ਕਰਨ ਤੋਂ ਬਾਅਦ, ਉਨ੍ਹਾਂ ਨੌਕਰੀ ਕੀਤੀ। ਉਹ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ 'ਚ ਲੈਕਚਰਾਰ ਰਹੇ। 1961 ਵਿੱਚ ਉਨ੍ਹਾਂ ਡਾ. ਬਿਸ਼ੇਸ਼ਵਰ ਪ੍ਰਸਾਦ ਦੀ ਨਿਗਰਾਨੀ ਹੇਠ ਦਿੱਲੀ ਯੂਨੀਵਰਸਿਟੀ ਤੋਂ 'ਮਿਲਟਰੀ ਸਿਸਟਮ ਆਫ਼ ਦਿ ਸਿੱਖਸ 1799-1849' (ਸਿੱਖਾਂ ਦੀ ਫ਼ੌਜੀ ਪ੍ਰਣਾਲੀ 1799-1849) ਵਿਸ਼ੇ ਉੱਤੇ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਜਲਦੀ ਹੀ ਉਹ ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਇਤਿਹਾਸ ਵਿਭਾਗ ਵਿੱਚ ਰੀਡਰ ਨਿਯੁਕਤ ਹੋ ਗਏ।

ਉਹ ਸਿੰਘ ਸਭਾ ਤੋਂ ਬਾਅਦ ਦੀ ਸਿੱਖ ਅਕਾਦਮਿਕ ਪੀੜ੍ਹੀ ਨਾਲ ਸਬੰਧਤ ਸਨ। ਉਨ੍ਹਾਂ ਦਾ ਪਾਲਣ-ਪੋਸ਼ਣ ਇਤਿਹਾਸ ਦੇ ਖੇਤਰ ਦੇ ਕੁਝ ਉੱਘੇ ਬੁੱਧੀਜੀਵੀਆਂ ਵਾਲੇ ਦਿੱਲੀ ਦੇ ਬ੍ਰਹਿਮੰਡੀ ਮਾਹੌਲ ਵਿੱਚ ਕੀਤਾ ਗਿਆ ਸੀ। ਇਸ ਬੌਧਿਕ ਜੋਸ਼ ਨੇ ਹੀ ਉਨ੍ਹਾਂ ਦੇ ਵਿਚਾਰਾਂ, ਵਿਦਵਤਾ ਤੇ ਦੂਰ-ਦ੍ਰਿਸ਼ਟੀ ਨੂੰ ਰੂਪ ਦਿੱਤਾ, ਜੋ ਉਨ੍ਹਾਂ ਦੀਆਂ ਲਿਖਤਾਂ ਵਿਚ ਝਲਕਦਾ ਹੈ। ਸਿੱਖ ਇਤਿਹਾਸਕਾਰਾਂ ਦੀ ਸਮਕਾਲੀ ਪੀੜ੍ਹੀ ਵਿੱਚ, ਉਹ ਇੱਕ ਵੱਖਰੀ ਬੌਧਿਕ ਵਿਧਾ ਨਾਲ ਸਬੰਧਤ ਸਨ। ਉਨ੍ਹਾਂ ਨੇ ਬਿਰਤਾਂਤ ਦੀ ਉਸਾਰੀ ਲਈ ਆਪਣੇ ਤੱਥਾਂ ਨੂੰ ਸਾਵਧਾਨੀ ਨਾਲ ਚੁਣਿਆ ਅਤੇ ਵਿਗਿਆਨਕ ਢੰਗ ਨਾਲ ਸਮੁੱਚੀ ਸਮੱਗਰੀ ਦੀ ਵਿਆਖਿਆ ਕੀਤੀ। ਉਹ ਇਸ ਤੱਥ ਤੋਂ ਸੁਚੇਤ ਸਨ ਕਿ ਤੱਥਾਂ ਨੂੰ ਕਲਪਨਾ ਤੋਂ ਛੁਡਾਉਣਾ ਆਧੁਨਿਕ ਇਤਿਹਾਸਕ ਵਿਧੀ ਵਿਚ ਸਭ ਤੋਂ ਵਧੇਰੇ ਅਹਿਮ ਹੈ।

ਵਿਦਿਅਕ ਖੇਤਰ ਵਿੱਚ, ਉਨ੍ਹਾਂ ਦੀ ਮੁੱਖ ਦਿਲਚਸਪੀ ਪੰਜਾਬ ਤੇ ਸਿੱਖਾਂ ਦੇ ਇਤਿਹਾਸ ਵਿੱਚ ਸੀ ਅਤੇ ਇਹੋ ਉਨ੍ਹਾਂ ਦੀ ਅਕਾਦਮਿਕ ਖੋਜ ਅਤੇ ਜੀਵਨ ਭਰ ਦੀ ਖੋਜ ਦਾ ਕੇਂਦਰ ਰਹੇ। ਆਪਣੇ ਲੋਕਾਂ ਨੂੰ ਉਨ੍ਹਾਂ ਦੇ ਸੰਘਰਸ਼ਾਂ ਅਤੇ ਕੁਰਬਾਨੀਆਂ ਲਈ ਯੋਗ ਇਤਿਹਾਸਕ ਪਰਿਪੇਖ ਵਿੱਚ ਦੇਣ ਲਈ, ਉਨ੍ਹਾਂ ਨੇ ਉਹ ਕੁਝ ਲਿਖਿਆ, ਜਿਸ ਵੱਲ ਤਦ ਤੱਕ ਕੋਈ ਧਿਆਨ ਹੀ ਨਹੀਂ ਸੀ ਦਿੱਤਾ ਗਿਆ ਤੇ ਅੱਖੋਂ ਪ੍ਰੋਖੇ ਕੀਤਾ ਗਿਆ ਸੀ ਅਤੇ ਜਿਨ੍ਹਾਂ ਤੱਕ ਪਿਛਲੀ ਪੀੜ੍ਹੀ ਦੀ ਪਹੁੰਚ ਨਹੀਂ ਸੀ।

ਉਹ ਇਸ ਤੱਥ ਤੋਂ ਪੂਰੀ ਤਰ੍ਹਾਂ ਜਾਣੂ ਸਨ ਕਿ ਖੇਤਰੀ ਇਤਿਹਾਸ ਲਿਖਣ ਲਈ ਇਸ ਖੇਤਰ ਦੇ ਸੰਯੁਕਤ ਸੱਭਿਆਚਾਰ ਨੂੰ ਮੁੜ ਜਿਊਂਦਾ ਕਰਨ ਲਈ ਉਸਾਰੂ ਯਤਨ ਕਰਨੇ ਪੈਂਦੇ ਹਨ। ਉਨ੍ਹਾਂ ਦਾ ਮੰਨਣਾ ਸੀ ਕਿ ਸਮੇਂ ਅਤੇ ਸਥਾਨ ਦਾ ਇੱਕ ਵਿਸ਼ਾਲ ਕੈਂਨਵਸ ਇਤਿਹਾਸ ਦੇ ਵਿਦਿਆਰਥੀਆਂ ਨੂੰ ਅਤੀਤ ਦੀ ਬਿਹਤਰ ਸਮਝ ਵਿੱਚ ਮਦਦ ਕਰ ਸਕਦਾ ਹੈ। ਉਹ ਟੁਕੜਿਆਂ ਤੇ ਟੁੱਟੇ ਹੋਏ ਹਿੱਸਿਆਂ ਨੂੰ ਦਰਸਾਉਣ ਦੀ ਬਜਾਏ ਘਟਨਾਵਾਂ ਦੇ ਅਣਗਿਣਤ ਅਤੇ ਸੰਪੂਰਨ ਬਿਰਤਾਂਤ ਨੂੰ ਪੇਸ਼ ਕਰਨ ਲਈ ਸੀ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਖੇਤਰੀ ਇਤਿਹਾਸ ਰਾਸ਼ਟਰੀ ਇਤਿਹਾਸ ਦੇ ਅਨੁਕੂਲ ਹੈ ਅਤੇ ਪੁਰਾਣੇ ਦੀ ਸਹੀ ਸਮਝ ਤੋਂ ਬਿਨਾਂ, ਕੋਈ ਵੀ ਬਾਅਦ ਵਾਲੇ ਨਾਲ ਇਨਸਾਫ਼ ਨਹੀਂ ਕਰ ਸਕਦਾ। ਇਨ੍ਹਾਂ ਅਣਥੱਕ ਯਤਨਾਂ ਤੇ ਜੋਸ਼ ਸਦਕਾ ਬਹੁਤ ਸਾਰੇ ਖੇਤਰੀ ਇਤਿਹਾਸ ਦੇ ਪੱਖਾਂ ਨੂੰ ਅਕਾਦਮਿਕ ਖੇਤਰ ਵਿੱਚ ਲਿਆਂਦਾ ਗਿਆ।

ਉਨ੍ਹਾਂ ਜਲਦਬਾਜ਼ੀ 'ਚ ਕਿਸੇ ਤਰ੍ਹਾਂ ਦੇ ਸਾਧਾਰਨੀਕਰਣ ਤੋਂ ਪਰਹੇਜ਼ ਕੀਤਾ ਤੇ ਮਹਿਸੂਸ ਕੀਤਾ ਕਿ ਪਹਿਲਾਂ ਵਾਪਰੀਆਂ ਘਟਨਾਵਾਂ ਕਈ ਕਾਰਣਾਂ ਦੇ ਆਪਸੀ ਪ੍ਰਭਾਵ ਸਦਕਾ ਹਨ। ਭਾਵੇਂ ਉਹ ਖ਼ੁਦ ਇੱਕ ਵਿਦਵਾਨ ਅਤੇ ਉੱਘੇ ਲੇਖਕ ਹੋਣ ਦੇ ਨਾਤੇ ਹਮੇਸ਼ਾ ਆਪਣੇ ਸਾਥੀਆਂ ਅਤੇ ਦੋਸਤਾਂ ਦੀਆਂ ਰਾਇ ਤੇ ਸੁਝਾਵਾਂ ਉਤੇ ਢੁਕਵਾਂ ਵਿਚਾਰ ਕਰਦੇ ਸਨ। ਕਈ ਵਾਰ ਉਨ੍ਹਾਂ ਨੇ ਅਜਿਹੇ ਸੁਝਾਅ ਆਪਣੇ ਪ੍ਰੋਜੈਕਟਾਂ ਅਤੇ ਲਿਖਤਾਂ 'ਚ ਸ਼ਾਮਲ ਕੀਤੇ। ਇਸ ਤੱਥ ਕਾਰਨ ਕਿ ਉਹ ਪੱਖਪਾਤੀ ਕਿਸਮ ਦੀਆਂ ਪੂਰਵ-ਧਾਰਨਾਵਾਂ ਅਤੇ ਅਜਿਹੇ ਵਿਚਾਰਾਂ ਤੋਂ ਮੁਕਾਬਲਤਨ ਮੁਕਤ ਸਨ, ਉਸ ਦੀਆਂ ਲਿਖਤਾਂ ਰਵਾਇਤੀ ਵਿਚਾਰਧਾਰਾਵਾਂ ਨਾਲੋਂ ਵਧੇਰੇ ਪਾਰਦਰਸ਼ੀ ਹਨ। ਉਨ੍ਹਾਂ ਦੇ ਗ਼ੈਰ-ਪੱਖਪਾਤੀ ਦ੍ਰਿਸ਼ਟੀਕੋਣ ਨੇ ਉਨ੍ਹਾਂ ਨੂੰ ਅਜਿਹੇ ਇਤਿਹਾਸਕ ਖੇਤਰਾਂ ਵਿੱਚ ਉੱਦਮ ਕਰਨ 'ਚ ਮਦਦ ਕੀਤੀ, ਜੋ ਅਣਛੋਹੇ ਸਨ।

ਡਾ. ਫੌਜਾ ਸਿੰਘ ਵੱਲੋਂ ਭਾਰਤ ਦੇ ਅਜ਼ਾਦੀ ਸੰਗ੍ਰਾਮ ਵਿੱਚ ਪੰਜਾਬੀਆਂ ਤੇ ਸਿੱਖਾਂ ਦੇ ਯੋਗਦਾਨ ਨੂੰ ਦਰਜ ਕਰਨ ਲਈ ਕਲਮ ਫੜਨ ਤੋਂ ਪਹਿਲਾਂ, ਇਤਿਹਾਸ ਦੇ ਇਸ ਖੇਤਰ ਨੂੰ ਅਣਗੌਲਿਆ ਤੇ ਅਣਡਿੱਠ ਕੀਤਾ ਗਿਆ ਸੀ। ਭਾਵੇਂ ਆਪਣੀ ਮਾਤ-ਭੂਮੀ ਨੂੰ ਵਿਦੇਸ਼ੀ ਜੂਲੇ ਤੋਂ ਆਜ਼ਾਦ ਕਰਵਾਉਣ ਵਿਚ ਇਸ ਖੇਤਰ ਦੇ ਲੋਕਾਂ ਦੀ ਸ਼ਮੂਲੀਅਤ ਤੇ ਕੁਰਬਾਨੀਆਂ ਬੇਮਿਸਾਲ ਅਤੇ ਯਾਦਗਾਰੀ ਸਨ, ਪਰ ਉਨ੍ਹਾਂ ਨੂੰ ਉਜਾਗਰ ਕਰਨ ਦੇ ਮਾਮਲੇ 'ਚ ਇਨਸਾਫ਼ ਨਹੀਂ ਕੀਤਾ ਗਿਆ ਸੀ। ਇਸ ਖੇਤਰ ਵਿੱਚ ਡਾ. ਫ਼ੌਜਾ ਸਿੰਘ

ਬਾਜਵਾ ਦਾ ਹੀ ਪਹਿਲਾ ਯਤਨ ਸੀ, 'ਕੂਕਾ ਅੰਦੋਲਨ, ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਭੂਮਿਕਾ ਦਾ ਇੱਕ ਅਹਿਮ ਪੜਾਅ'। ਇਹ ਕਿਤਾਬ 1965 ਵਿੱਚ ਉਨ੍ਹਾਂ ਦੇ ਸ਼ੁਰੂਆਤੀ ਕੈਰੀਅਰ ਵਿੱਚ ਪ੍ਰਕਾਸ਼ਿਤ ਹੋਈ ਸੀ।

ਜਿਵੇਂ ਕਿ ਸਿਰਲੇਖ ਤੋਂ ਪਤਾ ਲੱਗਦਾ ਹੈ ਕਿ ਡਾ. ਫੌਜਾ ਸਿੰਘ ਨੇ ਅਜ਼ਾਦੀ ਸੰਗਰਾਮ ਦੇ ਸ਼ੁਰੂਆਤੀ ਪੜਾਵਾਂ 'ਚ ਨਾਮਧਾਰੀ ਲਹਿਰ ਦੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਆਪਣੀ ਬੌਧਿਕ ਪਰਪੱਕਤਾ ਤੇ ਸਪੱਸ਼ਟਤਾ ਰਾਹੀਂ ਉਨ੍ਹਾਂ ਨਾਮਧਾਰੀ ਅਧਿਐਨ ਨੂੰ ਰਾਸ਼ਟਰੀ ਅਤੇ ਖੇਤਰੀ ਵਿਚਾਰ-ਵਟਾਂਦਰੇ ਦੇ ਕੇਂਦਰ 'ਚ ਲਿਆਂਦਾ। ਇਸ ਪੁਸਤਕ ਤੋਂ ਪਹਿਲਾਂ ਕੂਕਾ ਜਾਂ ਨਾਮਧਾਰੀ ਅੰਦੋਲਨ ਦੀਆਂ ਘਟਨਾਵਾਂ ਅਤੇ ਭੂਮਿਕਾ ਨੂੰ ਰਾਸ਼ਟਰੀ ਪੱਧਰ 'ਤੇ ਨਜ਼ਰਅੰਦਾਜ਼ ਹੀ ਕੀਤਾ ਜਾਂਦਾ ਰਿਹਾ ਸੀ ਅਤੇ ਖੇਤਰੀ ਪੱਧਰ 'ਤੇ ਵਿਵਾਦਪੂਰਨ ਰਿਹਾ ਸੀ। ਅੰਗਰੇਜ਼ ਰਾਜ ਨੂੰ ਪੰਜਾਬ ਵਿਚ ਇਸ ਦੇ ਪਹਿਲੇ ਪੜਾਅ ਵਿਚ ਹੀ ਨਾਮਧਾਰੀਆਂ ਦੀ ਚੁਣੌਤੀ ਬਹੁਤ ਮਹੱਤਵ ਅਤੇ ਅਨੁਪਾਤ ਵਾਲੀ ਸੀ। ਸਿੱਖਾਂ ਅਤੇ ਪੰਜਾਬੀ ਭਾਵਨਾ ਨੂੰ ਬੇਇਨਸਾਫ਼ੀ ਨਾਲ ਆਪਸ 'ਚ ਮਿਲਾਉਣਾ ਅਤੇ ਇਸ ਭਾਵਨਾ ਨੂੰ ਕੁਚਲਣਾ ਉਹ ਮੁੱਖ ਨੁਕਤਾ ਸੀ ਜਿਸ ਦੇ ਆਧਾਰ 'ਤੇ ਨਾਮਧਾਰੀ ਲਹਿਰ ਨੇ ਆਪਣੀ ਬਗ਼ਾਵਤ ਦਾ ਮਿਆਰ ਉੱਚਾ ਕੀਤਾ ਸੀ। ਇਸ ਖਿੱਤੇ ਦੇ ਲੋਕਾਂ ਨੂੰ ਨੀਂਦਰ ਤੋਂ ਉਠਾਉਣ ਲਈ ਇਸ ਅੰਦੋਲਨ ਦਾ ਡਾਢਾ ਪ੍ਰਭਾਵ ਸੀ। ਭਾਵੇਂ ਡਾ: ਫੌਜਾ ਸਿੰਘ ਨੇ ਆਪਣੇ ਜੀਵਨ ਕਾਲ 'ਚ ਪੰਜਾਬ ਦੇ ਇਤਿਹਾਸ ਦੇ ਖੇਤਰ 'ਚ ਅਨੇਕ ਬੇਮਿਸਾਲ ਰਚਨਾਵਾਂ ਪੇਸ਼ ਕੀਤੀਆਂ, ਪਰ ਇਹ ਰਚਨਾ ਹਮੇਸ਼ਾ ਉਨ੍ਹਾਂ ਦੇ ਪ੍ਰਮੁੱਖ ਯੋਗਦਾਨ 'ਚੋਂ ਇਕ ਰਹੀ।

ਡਾ: ਫੌਜਾ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ 1967 ਵਿੱਚ ਪਟਿਆਲਾ ਆ ਗਏ। 1967 ਤੋਂ 1981 ਤੱਕ ਉਨ੍ਹਾਂ ਦੇ ਜੀਵਨ ਦਾ ਇਹ ਪੜਾਅ ਸਭ ਤੋਂ ਸਿਰਜਣਾਤਮਕ ਦੌਰ ਸੀ। ਉਨ੍ਹਾਂ ਇਸ ਸਮੇਂ ਦੌਰਾਨ ਆਪਣੀਆਂ ਕਈ ਪ੍ਰਸਿੱਧ ਰਚਨਾਵਾਂ ਦਾ ਸੰਕਲਨ ਕੀਤਾ, ਜਿਸ ਨੇ ਇਸ ਖੇਤਰ ਦੇ ਇਤਿਹਾਸਕ ਸਾਹਿਤ ਨੂੰ ਅਮੀਰ ਕੀਤਾ। ਉਨ੍ਹਾਂ 'ਪੰਜਾਬ ਹਿਸਟਰੀ ਕਾਨਫ਼ਰੰਸ' (ਪੰਜਾਬ ਇਤਿਹਾਸ ਕਾਨਫ਼ਰੰਸ) ਅਤੇ ਪਰਚਾ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' (ਪੰਜਾਬ - ਅਤੀਤ ਤੇ ਵਰਤਮਾਨ) ਜਿਹੀਆਂ ਅਕਾਦਮਿਕ ਗਤੀਵਿਧੀਆਂ ਨੂੰ ਸੰਸਥਾਗਤ ਰੂਪ ਦਿੱਤਾ। ਆਪਣੇ ਨਿੱਜੀ ਰੁਝੇਵਿਆਂ ਦੇ ਨਾਲ, ਉਨ੍ਹਾਂ ਆਪਣੀ ਵਿਦਵਤਾ, ਬੁੱਧੀ ਅਤੇ ਦੂਰਅੰਦੇਸ਼ੀ ਨਾਲ ਇਤਿਹਾਸਕਾਰਾਂ ਦੀ ਅਗਲੀ ਪੀੜ੍ਹੀ ਨੂੰ ਪ੍ਰਭਾਵਿਤ ਕੀਤਾ ਅਤੇ ਪੈਦਾ ਕੀਤਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਇੱਕ ਬਹੁਤ ਹੀ ਸ਼ਾਨਦਾਰ ਕਰੀਅਰ ਦੀ ਅਗਵਾਈ ਕਰਨ ਤੋਂ ਬਾਅਦ, ਡਾ. ਫੌਜਾ ਸਿੰਘ ਦਸੰਬਰ 1981 'ਚ ਯੂਨੀਵਰਸਿਟੀ ਦੀ ਨੌਕਰੀ ਤੋਂ ਸੇਵਾ-ਮੁਕਤ ਹੋ ਗਏ। ਇਸ ਫਲਦਾਇਕ ਅਕਾਦਮਿਕ ਜੀਵਨ ਦੌਰਾਨ ਉਨ੍ਹਾਂ ਕਈ ਕਿਤਾਬਾਂ ਅਤੇ ਬਹੁਤ ਸਾਰੇ ਖੋਜ-ਪੱਤਰ ਲਿਖੇ। ਪਟਿਆਲਾ ਵਿਖੇ

ਆਪਣੀ ਸਫਲ ਪਾਰੀ ਤੋਂ ਬਾਅਦ ਉਹ ਦਿੱਲੀ ਵਿਖੇ ਸ਼ਿਫ਼ਟ ਹੋ ਗਏ। ਪਰ ਬਦਕਿਸਮਤੀ ਨਾਲ ਇਸ ਗਿਆਨਵਾਨ ਵਿਦਵਾਨ ਦੀ 18 ਅਪ੍ਰੈਲ 1983 ਨੂੰ ਅਚਾਨਕ ਮੌਤ ਹੋ ਗਈ।

ਪਟਿਆਲਾ **ਪਰਮ ਬਖਸ਼ੀਸ਼ ਸਿੰਘ**

ਮਾਰਚ 19, 2017

# ਅਨੁਵਾਦਕੀ

19ਵੀਂ ਸਦੀ ਦੇ ਅਰੰਭ ਦੌਰਾਨ ਸਮੂਹ ਭਾਰਤ ਵਾਸੀਆਂ 'ਚ ਜਾਬਰ ਅੰਗਰੇਜ਼ ਹਕੂਮਤ ਵਿਰੁੱਧ ਰੋਹ ਭੜਕਣ ਲੱਗ ਪਿਆ ਸੀ, ਜੋ 1857 'ਚ ਜਾ ਕੇ ਆਪਣੇ ਸਿਖ਼ਰ 'ਤੇ ਪੁੱਜਾ। ਉਸ ਨੂੰ ਅੱਜ ਅਸੀਂ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਜਾਂ ਬਗ਼ਾਵਤ ਦੇ ਨਾਂਅ ਨਾਲ ਯਾਦ ਕਰਦੇ ਹਾਂ। ਉਸੇ ਦੌਰਾਨ ਕੂਕਾ ਲਹਿਰ ਦੀ ਨੀਂਹ ਵੀ ਰੱਖੀ ਜਾ ਰਹੀ ਸੀ। ਉਨ੍ਹਾਂ ਹੀ ਸਮਿਆਂ ਦੌਰਾਨ ਗੁਰੂ ਰਾਮ ਸਿੰਘ ਜੀ ਦਾ ਉਭਾਰ ਹੁੰਦਾ ਹੈ ਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਛੇਤੀ ਹੀ ਲੱਖਾਂ ਤੱਕ ਪੁੱਜ ਜਾਂਦੀ ਹੈ।

ਕੂਕਾ ਲਹਿਰ ਬਾਰੇ ਹੁਣ ਤੱਕ ਓਨਾ ਨਹੀਂ ਲਿਖਿਆ ਗਿਆ, ਜਿੰਨਾ ਲਿਖਿਆ ਜਾਣਾ ਚਾਹੀਦਾ ਸੀ। ਬਹੁਤ ਸਾਰੇ ਇਤਿਹਾਸਕਾਰਾਂ ਨੇ ਭਾਰਤ ਦੇ ਸੁਤੰਤਰਤਾ ਅੰਦੋਲਨ ਦੇ ਇਤਿਹਾਸ ਵਿੱਚ ਕੂਕਾ ਲਹਿਰ ਦਾ ਜ਼ਿਕਰ ਬਹੁਤ ਸਤਿਕਾਰ ਨਾਲ ਕੀਤਾ ਹੈ ਪਰ ਪੰਜਾਬ 'ਚ ਉੱਭਰੇ ਇਸ ਅੰਦੋਲਨ ਦੇ ਪੂਰੇ ਵੇਰਵੇ ਸਾਨੂੰ ਖੁੱਲ੍ਹ ਕੇ ਕਿਤੋਂ ਵੀ ਕਦੇ ਨਹੀਂ ਮਿਲ ਸਕੇ। ਨਵੀਂ ਪੀੜ੍ਹੀ ਤੇ ਇਤਿਹਾਸ ਦੇ ਤਾਂਘਵਾਨ ਵਿਦਿਆਰਥੀ, ਖੋਜੀ ਤੇ ਆਲੋਚਕਾਂ ਨੂੰ ਸਦਾ ਅਜਿਹੀ ਭਰੋਸੇਯੋਗ ਸਮੱਗਰੀ ਦੀ ਭਾਲ਼ ਰਹਿੰਦੀ ਰਹੀ ਹੈ, ਜਿੱਥੋਂ ਖ਼ਾਸ ਤੌਰ 'ਤੇ ਕੂਕਾ ਅੰਦੋਲਨ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਮਿਲ ਸਕੇ।

ਡਾ. ਫ਼ੌਜਾ ਸਿੰਘ ਬਾਜਵਾ ਦੀ ਪੁਸਤਕ 'ਕੂਕਾ ਮੂਵਮੈਂਟ' ਪੜ੍ਹ ਕੇ ਬੁੱਧੀਜੀਵੀ ਪਾਠਕਾਂ ਨੂੰ ਸੱਚਮੁਚ ਤ੍ਰਿਪਤੀ ਮਿਲਦੀ ਹੈ। 250 ਤੋਂ ਵੱਧ ਪੰਨਿਆਂ ਦੀ ਇਹ ਪੁਸਤਕ 58 ਵਰ੍ਹੇ ਪਹਿਲਾਂ ਪਹਿਲੀ ਵਾਰ 1965 ਦੌਰਾਨ ਅੰਗ੍ਰੇਜ਼ੀ 'ਚ ਪ੍ਰਕਾਸ਼ਿਤ ਹੋਈ ਸੀ। ਉਸ ਤੋਂ ਬਾਅਦ ਅੱਧੀ ਸਦੀ ਤੋਂ ਵੀ ਵੱਧ ਸਮਾਂ ਬੀਤ ਜਾਣ ਤੋਂ ਬਾਅਦ ਇਸ ਨੂੰ ਪੰਜਾਬੀ ਭਾਸ਼ਾ 'ਚ ਅਨੁਵਾਦ ਕਰਨ ਦਾ ਉੱਦਮ ਨਹੀਂ ਕੀਤਾ ਗਿਆ ਸੀ। ਪਾਠਕਾਂ ਦੀ ਚਿਰੋਕਣੀ ਮੰਗ ਸੀ ਕਿ ਇਸ ਵਡਮੁੱਲੇ ਇਤਿਹਾਸਕ ਦਸਤਾਵੇਜ਼ ਭਾਵ ਇਸ ਕੀਮਤੀ ਪੁਸਤਕ ਨੂੰ ਗੁਰਮੁਖੀ ਲਿਪੀ 'ਚ ਪਾਠਕਾਂ ਦੇ ਰੂ-ਬ-ਰੂ ਕੀਤਾ ਜਾਵੇ।

ਇਸ ਪੁਸਤਕ ਨੂੰ ਅਸੀਂ ਇੱਥੇ ਦਸਤਾਵੇਜ਼ ਇਸ ਲਈ ਆਖਿਆ ਹੈ ਕਿਉਂਕਿ ਇਹ ਆਪਣੇ ਸਮੇਂ ਦੇ ਸਰਕਾਰੀ ਦਸਤਾਵੇਜ਼ੀ ਰਿਕਾਰਡਾਂ 'ਤੇ ਹੀ ਆਧਾਰਤ ਹੈ। ਡਾ. ਫ਼ੌਜਾ ਸਿੰਘ ਬਾਜਵਾ ਨੇ ਪਹਿਲਾਂ ਉਹ ਸਾਰੇ ਰਿਕਾਰਡ ਇੱਕ ਥਾਂ 'ਤੇ ਇਕੱਠੇ ਕੀਤੇ ਅਤੇ ਫਿਰ ਉਨ੍ਹਾਂ ਦਾ ਵਿਗਿਆਨਕ ਲੀਹਾਂ 'ਤੇ ਆਲੋਚਨਾਤਮਕ ਅਧਿਐਨ ਕੀਤਾ। ਉਨ੍ਹਾਂ ਦੀ ਸ਼ੁੱਧਤਾ, ਮਿਤੀਆਂ ਤੇ ਈਸਵੀ ਸਾਲਾਂ ਦੀ ਦਰੁਸਤਗੀ ਨੂੰ ਪਰਖਿਆ

ਗਿਆ। ਡਾ. ਬਾਜਵਾ ਵੱਲੋਂ ਇਸ ਪੁਸਤਕ 'ਚ ਆਪਣੇ ਵੱਲੋਂ ਅਨੇਕ ਸਮੀਖਿਆਤਮਕ ਟਿੱਪਣੀਆਂ ਕੀਤੀਆਂ ਹਨ, ਜੋ ਬੇਹੱਦ ਬੇਬਾਕ ਤੇ ਈਮਾਨਦਾਰਾਨਾ ਹਨ। ਇੱਕ ਪਾਰਖੂ ਨਜ਼ਰ ਜਿੰਨਾ ਵੀ ਨਿਰੀਖਣ ਤੇ ਪਰੀਖਣ ਕਰ ਸਕਦੀ ਹੈ, ਡਾ. ਬਾਜਵਾ ਨੇ ਉਹ ਸਭ ਇਸ ਪੁਸਤਕ 'ਚ ਕੀਤਾ ਹੈ।

ਡਾ. ਫ਼ੌਜਾ ਸਿੰਘ ਬਾਜਵਾ ਦੀ ਇਹ ਪੁਸਤਕ ਪੂਰੇ ਦਸਤਾਵੇਜ਼ੀ ਪ੍ਰਮਾਣਾਂ ਨਾਲ ਸਿੱਧ ਕਰਦੀ ਹੈ ਕਿ ਪੰਜਾਬ 'ਚ ਅਜ਼ਾਦੀ ਲਈ ਵਿੱਢਿਆ ਗਿਆ ਪਹਿਲਾ ਸਿੱਖ ਜੱਥੇਬੰਦਕ ਅੰਦੋਲਨ 'ਕੂਕਾ ਲਹਿਰ' ਹੀ ਸੀ। ਸਿੰਘ ਸਭਾ ਲਹਿਰ ਨੂੰ ਵੀ ਕੂਕਾ ਅੰਦੋਲਨ ਤੋਂ ਹੀ ਪ੍ਰੇਰਣਾ ਤੇ ਤਾਕਤ ਮਿਲੀ ਸੀ। ਇਸ ਪੁਸਤਕ ਵਿੱਚ ਕਿਸੇ ਵੀ ਹੋਰ ਲਹਿਰ ਜਾਂ ਅੰਦੋਲਨ ਨੂੰ ਛੁਟਿਆਇਆ ਨਹੀਂ ਗਿਆ, ਸਿਰਫ਼ ਕੂਕਾ ਅੰਦੋਲਨ ਦੀਆਂ ਹਕੀਕਤਾਂ ਬਿਆਨ ਕੀਤੀਆਂ ਗਈਆਂ ਹਨ। ਉਨ੍ਹਾਂ ਤੋਂ ਸਹਿਜ ਸੁਭਾਵਕ ਤੌਰ 'ਤੇ ਹੀ ਪਾਠਕਾਂ ਦੇ ਮਨ 'ਚ ਇਸ ਅੰਦੋਲਨ ਦੀ ਇੱਕ ਵਿਸ਼ਾਲ ਜ਼ਿਹਨੀ ਇਮਾਰਤ ਉੱਸਰਦੀ ਹੈ। ਸਾਰੇ ਸ਼ੰਕੇ ਤੇ ਖ਼ਦਸ਼ੇ ਦੂਰ ਹੋਣ ਲੱਗਦੇ ਹਨ ਅਤੇ ਕੂਕਾ ਸੰਪਰਦਾਇ ਦਾ ਇੱਕ ਬੇਹੱਦ ਪਵਿੱਤਰ ਤੇ ਸਾਫ਼-ਸ਼ਫ਼ਾਫ਼ ਕਿਸਮ ਦਾ ਅਕਸ ਉੱਭਰਨ ਲੱਗਦਾ ਹੈ।

ਇਹ ਪੁਸਤਕ ਇਹ ਵੀ ਦੱਸਦੀ ਹੈ ਕਿ ਕੂਕਿਆਂ ਨੇ ਕਿਵੇਂ ਨਿਸ਼ਕਾਮ ਸੇਵਾ ਭਾਵਨਾ ਨਾਲ ਬਹੁਤ ਹੀ ਗੁਪਤ ਢੰਗ ਨਾਲ ਅਜ਼ਾਦੀ ਦੇ ਅੰਦੋਲਨ 'ਚ ਮੋਹਰੀ ਹੋ ਕੇ ਭਾਗ ਲਿਆ। ਉਨ੍ਹਾਂ ਆਪਣੀ ਡਾਕ ਪ੍ਰਣਾਲੀ ਅਰੰਭ ਕੀਤੀ, ਜਿਸ ਦਾ ਲੋਹਾ ਅੱਜ ਵੀ ਸਭ ਮੰਨਦੇ ਹਨ। ਉਨ੍ਹਾਂ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਅਣਗਿਣਤ ਕੂਕਿਆਂ ਨੇ ਆਪਣੇ ਗੁਰੂ ਰਾਮ ਸਿੰਘ ਹੁਰਾਂ ਦਾ ਹੁਕਮ ਮੰਨਦਿਆਂ ਆਪਣੀਆਂ ਜ਼ਮੀਨਾਂ-ਜਾਇਦਾਦਾਂ ਤੱਕ ਵੇਚ ਛੱਡੀਆਂ ਸਨ, ਤਾਂ ਜੋ ਜਦੋਂ ਵੀ ਕਦੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਜੰਗ ਲੱਗੇ, ਤਾਂ ਉਨ੍ਹਾਂ ਨੂੰ ਆਪਣੀ ਕਿਸੇ ਚੀਜ਼ ਦਾ ਮੋਹ ਨਾ ਹੋਵੇ।

ਡਾ. ਬਾਜਵਾ ਦੀ ਪੁਸਤਕ ਇਹ ਦੱਸਦੀ ਹੈ ਕਿ ਕੂਕਾ ਸੰਪਰਦਾਇ, ਇਸ ਦੇ ਆਗੂਆਂ, ਪੈਰੋਕਾਰਾਂ ਤੇ ਅਜ਼ਾਦੀ-ਪ੍ਰਾਪਤੀ ਦੇ ਸਮੁੱਚੇ ਅੰਦੋਲਨ 'ਤੇ ਕਦੇ ਵੀ ਪੱਛਮੀ ਸਭਿਆਚਾਰ ਦਾ ਕੋਈ ਪ੍ਰਭਾਵ ਨਹੀਂ ਪਿਆ। ਇਸ ਲਹਿਰ ਨੇ ਸਦਾ ਸਵਦੇਸ਼ੀ ਸਰੋਤਾਂ ਤੋਂ ਹੀ ਤਾਕਤ ਲਈ ਹੈ। ਗ਼ੈਰ-ਪੰਜਾਬੀ ਪਾਠਕਾਂ ਲਈ ਇਸ ਪੁਸਤਕ ਨੇ ਕੂਕਾ ਸੰਪਰਦਾਇ ਤੇ ਇਸ ਦੇ ਅੰਦੋਲਨ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਜਾਣਕਾਰੀ ਮੁਹੱਈਆ ਕਰਵਾਈ ਹੈ।

ਲੇਖਕ ਨੇ ਇਸ ਸੰਪਰਦਾਇ ਦੇ ਬਾਨੀ ਗੁਰੂ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਰੂਹਾਨੀ ਗੁਰੂ ਬਾਬਾ ਬਾਲਕ ਸਿੰਘ ਤੋਂ ਲੈ ਕੇ ਇਸ ਦੇ ਅਸੂਲਾਂ ਤੇ ਸੁਤੰਤਰਤਾ ਅੰਦੋਲਨ ਵਿੱਚ ਇਸ ਦੇ ਯੋਗਦਾਨ ਬਾਰੇ ਨਿੱਠ ਕੇ ਜਾਣਕਾਰੀ ਦਿੱਤੀ ਹੈ। ਕੇਵਲ ਇਸ ਪੁਸਤਕ ਨੂੰ ਪੜ੍ਹ ਕੇ ਪਾਠਕ ਨੂੰ ਇਸ ਦੇ ਹਰ ਪੱਖ ਬਾਰੇ ਹਰ ਤਰ੍ਹਾਂ ਦਾ ਚਾਨਣ ਹੋ ਜਾਂਦਾ ਹੈ।

ਗੁਰੂ ਰਾਮ ਸਿੰਘ ਜੀ ਬਾਰੇ ਲਿਖਦੇ ਹੋਏ ਡਾ. ਬਾਜਵਾ ਨੇ ਕਿਹਾ ਹੈ ਕਿ 'ਉਨ੍ਹਾਂ

ਦਾ ਜੀਵਨ ਇੱਕ ਆਦਰਸ਼ ਕਿਸਾਨ ਅਤੇ ਇੱਕ ਆਦਰਸ਼ ਮਨੁੱਖ ਵਾਲਾ ਸੀ। ਉਨ੍ਹਾਂ ਨੇ ਆਪਣੇ ਰੋਜ਼ਾਨਾ ਦੇ ਆਚਰਣ ਵਿੱਚ ਪਰਮਾਤਮਾ ਪ੍ਰਤੀ ਪੂਰੇ ਦਿਲ ਦੀ ਸ਼ਰਧਾ, ਹਰ ਕੰਮ 'ਚ ਨੈਤਿਕਤਾ ਦੀ ਸਖ਼ਤੀ ਨਾਲ ਪਾਲਣਾ ਤੇ ਆਪਣੇ ਚੁਣੇ ਹੋਏ ਕਿੱਤੇ ਵਿੱਚ ਨਿਰੰਤਰ ਸਖ਼ਤ ਮਿਹਨਤ ਨੂੰ ਜੋੜਿਆ।' ਗੁਰੂ ਰਾਮ ਸਿੰਘ ਜੀ ਦੀ ਸੱਚਾਈ ਤੇ ਈਮਾਨਦਾਰੀ ਦੇ ਕੁਝ ਬਿਰਤਾਂਤ ਵੀ ਬਿਆਨ ਕੀਤੇ ਗਏ ਹਨ।

ਡਾ. ਬਾਜਵਾ ਅੱਗੇ ਲਿਖਦੇ ਹਨ, "...ਗੁਰੂ ਰਾਮ ਸਿੰਘ ਜੀ ਇੱਕ ਮਜ਼ਬੂਤ ਚਰਿੱਤਰ ਵਾਲੇ, ਵਿਸ਼ਵਾਸ ਵਿੱਚ ਡੂੰਘੇ ਤੇ ਸਥਿਰ, ਦ੍ਰਿੜ੍ਹ ਵਿਸ਼ਵਾਸੀ ਤੇ ਕਾਰਜ ਵਿੱਚ ਨਿਡਰ, ਇੱਕ ਆਦਰਸ਼ ਮਨੁੱਖ, ਪਿਆਰ, ਸੱਚਾਈ, ਬਹਾਦਰੀ ਤੇ ਸਵੈ-ਬਲੀਦਾਨ ਦੀ ਮੂਰਤ, ਵਹਿਮਾਂ-ਭਰਮਾਂ ਤੋਂ ਮੁਕਤ, ਸੁਸਤੀ ਤੇ ਕਾਇਰਤਾ ਤੋਂ ਕੋਹਾਂ ਦੂਰ ਵਾਲੀ ਸ਼ਖ਼ਸੀਅਤ ਸਨ।" ਇਹ ਪੁਸਤਕ ਦੱਸਦੀ ਹੈ ਕਿ ਗੁਰੂ ਜੀ ਨੇ ਕਿਵੇਂ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਨੂੰ ਅਪਣਾਇਆ ਤੇ ਉਸ ਨੂੰ ਆਪਣੀ ਜ਼ਿੰਦਗੀ ਵਿੱਚ ਇੰਨ੍ਹ-ਬਿਨ੍ਹ ਲਾਗੂ ਵੀ ਕੀਤਾ। ਪੈਰੋਕਾਰਾਂ ਨੇ ਵੀ ਇਹ ਸਭ ਉਵੇਂ ਹੀ ਨਿਭਾਇਆ ਤੇ ਅੱਜ ਤੱਕ ਸਿਰੜ ਨਾਲ ਨਿਭਾਉਂਦੇ ਆ ਰਹੇ ਹਨ।

ਇਹ ਪੁਸਤਕ ਦੱਸਦੀ ਹੈ ਕਿ ਅੰਗਰੇਜ਼ ਹਾਕਮਾਂ ਵਿਰੁੱਧ ਕੂਕਾ ਸੂਬਿਆਂ ਤੇ ਹੋਰ ਸੰਦੇਸ਼ਵਾਹਕਾਂ ਨੇ ਕਸ਼ਮੀਰ, ਰੂਸ ਤੇ ਨੇਪਾਲ ਜਿਹੇ ਦੇਸ਼ਾਂ ਤੱਕ ਤੋਂ ਸਹਾਇਤਾ ਲੈਣ ਲਈ ਕਿਵੇਂ ਪਹੁੰਚ ਕੀਤੀ ਸੀ। ਪਾਠਕਾਂ ਲਈ ਇਹ ਸਭ ਜਾਣਨਾ ਬੇਹੱਦ ਰੋਮਾਂਚਕ ਹੋਵੇਗਾ ਕਿ 19ਵੀਂ ਸਦੀ ਦੌਰਾਨ ਸੀਮਤ ਵਸੀਲਿਆਂ ਦੇ ਬਾਵਜੂਦ ਅਜਿਹੇ ਸੰਪਰਕ ਕਿਸ ਤਰ੍ਹਾਂ ਸੰਭਵ ਬਣਾਏ ਜਾਂਦੇ ਸਨ। ਗੁਰੂ ਰਾਮ ਸਿੰਘ ਜੀ ਤੱਕ ਬਰਮਾ ਦੀ ਜੇਲ੍ਹ 'ਚ ਕਿਵੇਂ ਲਗਾਤਾਰ ਸੁਨੇਹੇ ਪਹੁੰਚਾਏ ਜਾਂਦੇ ਸਨ ਤੇ ਉੱਥੋਂ ਡਾਕ ਕਿੰਝ ਪੰਜਾਬ ਆਉਂਦੀ-ਜਾਂਦੀ ਸੀ। ਕਿਸ ਤਰ੍ਹਾਂ ਜੰਮੂ-ਕਸ਼ਮੀਰ ਦੇ ਰਾਜੇ ਦੀ ਫ਼ੌਜ ਵਿੱਚ ਕੂਕਿਆਂ ਦੀ ਇੱਕ ਖ਼ਾਸ ਬਟਾਲੀਅਨ ਕਾਇਮ ਹੋਈ ਸੀ, ਇਸ ਬਾਰੇ ਹਰ ਤਰ੍ਹਾਂ ਤੇ ਹਰ ਪੱਖ ਤੋਂ ਆਲੋਚਨਾਤਮਕ ਜ਼ਾਵੀਏ ਤੋਂ ਪਾਠਕ ਨੂੰ ਸਰਬਪੱਖੀ ਸੰਤੁਸ਼ਟੀ ਦਾ ਅਹਿਸਾਸ ਇਹ ਪੁਸਤਕ ਕਰਵਾਉਂਦੀ ਹੈ।

ਉਸ ਵੇਲੇ ਦੀ ਗੋਰਿਆਂ ਦੀ ਸਰਕਾਰ ਦੀਆਂ ਕੋਝੀਆਂ ਚਾਲਾਂ ਤੋਂ ਇਹ ਪੁਸਤਕ ਪਾਠਕਾਂ ਨੂੰ ਭਲੀਭਾਂਤ ਜਾਣੂ ਕਰਵਾਉਂਦੀ ਹੈ। ਤਦ ਦੇ ਹਾਲਾਤ ਦਾ ਸਾਰਾ ਵਰਨਣ ਕਰਨ ਤੇ ਸਮਝਾਉਣ ਤੋਂ ਬਾਅਦ ਲੇਖਕ ਨੇ ਦੱਸਿਆ ਕਿ ਉਨ੍ਹਾਂ ਨੇ ਕਿੱਥੇ, ਕਦੋਂ, ਅਤੇ ਕਿਹੜੀ ਚਾਲ ਕਿਉਂ ਚੱਲੀ। ਇੰਝ ਇਹ ਪੁਸਤਕ ਅਰੰਭ ਤੋਂ ਹੀ ਬਿਲਕੁਲ ਉਸੇ ਤਰ੍ਹਾਂ ਪਾਠਕ ਨੂੰ ਆਪਣੇ ਨਾਲ ਲੈ ਕੇ ਤੁਰ ਪੈਂਦੀ ਹੈ, ਜਿਵੇਂ ਕੋਈ ਪਿਤਾ ਆਪਣੇ ਬੱਚੇ ਨੂੰ ਉਂਗਲ਼ ਲਾ ਕੇ ਚੱਲਦਾ ਹੈ।

ਇਸ ਪੁਸਤਕ ਵਿੱਚ 1839 'ਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਵਾਲੇ ਪੰਜਾਬ ਦੇ ਹਾਲਾਤ ਦਾ ਵਰਨਣ ਬਹੁਤ ਬਾਰੀਕਬੀਨੀ ਨਾਲ ਕੀਤਾ ਗਿਆ ਹੈ। ਕੂਕਾ ਲਹਿਰ ਦਾ ਆਦਰਸ਼ ਵਾਕ ਹੀ ਇਹੋ

ਸੀ ਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਦੇ ਖ਼ਾਲਸਾ ਰਾਜ ਨੂੰ ਕਿਸੇ ਵੀ ਤਰ੍ਹਾਂ ਵਾਪਸ ਲੈ ਕੇ ਆਉਣਾ ਹੈ। ਉਸ ਲਈ ਭਾਵੇਂ ਕੁਝ ਵੀ ਕਿਉਂ ਨਾ ਕਰਨਾ ਪਵੇ। ਫ਼ਿਰੰਗੀ ਹਾਕਮਾਂ ਦੀਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਕੂਕਾ ਸੰਪਰਦਾਇ ਪੂਰੀ ਬਹਾਦਰੀ ਨਾਲ ਵਿਚਰਦੀ ਰਹੀ; ਇਸ ਸਭ ਦੇ ਵਿਸਥਾਰ ਸਹਿਤ ਝਲਕਾਰੇ ਤੁਹਾਨੂੰ ਇਸ ਪੁਸਤਕ 'ਚੋਂ ਮਿਲਣਗੇ।

ਸਵਰਗੀ ਮਹਾਰਾਜਾ ਰਣਜੀਤ ਸਿੰਘ ਦੇ ਫ਼ਰਜ਼ੰਦ ਮਹਾਰਾਜਾ ਦਲੀਪ ਸਿੰਘ ਦੇ ਇੰਗਲੈਂਡ, ਫ਼ਰਾਂਸ, ਰੂਸ ਆਦਿ 'ਚ ਬਿਤਾਏ ਕੁਝ ਵਰ੍ਹਿਆਂ ਦਾ ਕਾਫ਼ੀ ਹੱਦ ਤੱਕ ਵਰਨਣ ਕੀਤਾ ਗਿਆ ਹੈ। ਲੇਖਕ ਨੇ ਅਜਿਹੇ ਬਹੁਤ ਸਾਰੇ ਤੱਥਾਂ ਤੋਂ ਜਾਣੂ ਕਰਵਾਇਆ ਹੈ, ਜੋ ਆਮ ਤੌਰ 'ਤੇ ਬਹੁਤ ਘੱਟ ਪੜ੍ਹਨ ਤੇ ਸੁਣਨ ਨੂੰ ਮਿਲਦੇ ਹਨ। ਮਹਾਰਾਜਾ ਦਲੀਪ ਸਿੰਘ ਦੇ ਦੁਖਦਾਈ ਅੰਤ ਵੇਲੇ ਦਾ ਜ਼ਿਕਰ ਬਹੁਤ ਹੀ ਜਜ਼ਬਾਤੀ ਰੌਂਅ 'ਚ ਪਰ ਵਿਗਿਆਨਕ ਨਿਰਖ-ਪਰਖ ਨਾਲ ਕੀਤਾ ਗਿਆ ਹੈ। ਲੇਖਕ ਨੇ ਇਸ ਵਡੇਰੀ ਬਹਿਸ ਬਾਰੇ ਵੀ ਕਿਸੇ ਨਤੀਜੇ ਤੱਕ ਪੁੱਜਣ ਦੀ ਕੋਸ਼ਿਸ਼ ਕੀਤੀ ਹੈ ਕਿ ਆਪਣੇ ਦੇਹਾਂਤ ਸਮੇਂ ਮਹਾਰਾਜਾ ਦਲੀਪ ਸਿੰਘ ਸਿੱਖ ਸਨ ਜਾਂ ਈਸਾਈ। ਹਰੇਕ ਹਾਲਾਤ ਦਾ ਹਰ ਕੋਣ ਤੋਂ ਜਾਇਜ਼ਾ ਲੈਣ ਤੋਂ ਬਾਅਦ ਹੀ ਕਿਸੇ ਸਿੱਟੇ ਤੱਕ ਪੁੱਜਣ ਦਾ ਜਤਨ ਕੀਤਾ ਗਿਆ ਹੈ।

ਡਾ. ਫ਼ੌਜਾ ਸਿੰਘ ਬਾਜਵਾ ਨੇ ਇਸ ਪੁਸਤਕ 'ਚ ਸਪੱਸ਼ਟ ਕੀਤਾ ਹੈ ਕਿ ਲੋਕ ਕਿਵੇਂ ਅੰਤਾਂ ਦੇ ਦੇਵੀ-ਦੇਵਤਿਆਂ, ਕਬਰਾਂ, ਮਕਬਰਿਆਂ, ਰੁੱਖਾਂ, ਸੱਪਾਂ ਦੀ ਪੂਜਾ ਕਰਨ ਵਿੱਚ ਵਿਸ਼ਵਾਸ ਰੱਖਣ ਲੱਗ ਪਏ ਸਨ। ਮਹਿੰਗੇ ਤੇ ਅਰਥਹੀਣ ਕਰਮ-ਕਾਂਡਾਂ ਦੀ ਪਾਲਣਾ ਉੱਤੇ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਸੀ। ਗੁਰਦੁਆਰਾ ਸਾਹਿਬਾਨ ਨੂੰ ਉਨ੍ਹਾਂ ਦੇ ਨਿਗਰਾਨ ਮਹੰਤਾਂ ਨੇ ਆਪਣੀਆਂ ਪਰਿਵਾਰਕ ਜਾਇਦਾਦਾਂ ਹੀ ਬਣਾ ਲਿਆ ਸੀ। ਉਸ ਵੇਲੇ ਦੇ ਨੇਤਾ ਵੀ ਕਈ ਕਿਸਮ ਦੇ ਸੁਆਰਥਾਂ 'ਚ ਫਸ ਗਏ ਸਨ ਤੇ ਕਈ ਤਰ੍ਹਾਂ ਦੀਆਂ ਸਾਜ਼ਿਸ਼ਾਂ 'ਚ ਆਪਣੇ-ਆਪ ਨੂੰ ਉਲਝਾਈ ਬੈਠੇ ਸਨ। ਔਰਤਾਂ ਦੀ ਕੋਈ ਬਹੁਤੀ ਕਦਰ ਨਹੀਂ ਕੀਤੀ ਜਾਂਦੀ ਸੀ। 19ਵੀਂ ਸਦੀ ਦੇ ਸਮਾਜ ਦੇ ਹਾਲਾਤ ਦਾ ਵਰਣਨ ਬਾਖ਼ੂਬੀ ਇਸ ਪੁਸਤਕ ਵਿੱਚ ਕੀਤਾ ਗਿਆ ਹੈ। ਉਸ ਵਕਤ ਦੀਆਂ ਕਮੀਆਂ ਨੂੰ ਸੁਧਾਰਨ ਲਈ ਹੀ ਗੁਰੂ ਰਾਮ ਸਿੰਘ ਜੀ ਨੂੰ ਕੁਝ ਅਹਿਮ ਪਹਿਲਕਦਮੀਆਂ ਕਰਨੀਆਂ ਪਈਆਂ ਸਨ। ਉੱਪਰੋਂ ਅੰਗਰੇਜ਼ ਹਾਕਮਾਂ ਦੀਆਂ ਅੰਤਾਂ ਦੀਆਂ ਸਖ਼ਤੀਆਂ ਨਾਲ ਵੀ ਜੂਝਣਾ ਪੈਂਦਾ ਸੀ।

ਅੰਗਰੇਜ਼ਾਂ ਦੇ ਪੰਜਾਬ 'ਚ ਆਉਣ ਤੋਂ ਬਾਅਦ ਗਊ-ਹੱਤਿਆਵਾਂ ਵਿੱਚ ਚੋਖਾ ਵਾਧਾ ਹੋ ਗਿਆ ਸੀ। ਇਸ ਤੋਂ ਕੂਕਾ ਸੰਪਰਦਾਇ ਡਾਢਾ ਖ਼ਫ਼ਾ ਸੀ। ਪੰਜਾਬ ਦੀ ਖੇਤੀਬਾੜੀ 'ਤੇ ਆਧਾਰਤ ਅਰਥ-ਵਿਵਸਥਾ ਵਿੱਚ ਗਊਆਂ-ਮੱਝਾਂ ਤੇ ਬਲਦਾਂ ਦਾ ਯੋਗਦਾਨ ਸਦਾ ਵਰਨਣਯੋਗ ਰਿਹਾ ਹੈ। ਇਨ੍ਹਾਂ ਹੱਤਿਆਵਾਂ ਨੂੰ ਠੱਲ੍ਹ ਪੁਆਉਣ ਵਿੱਚ ਕੂਕਾ ਅੰਦੋਲਨ ਬੇਹੱਦ ਸਫ਼ਲ ਰਿਹਾ ਸੀ ਭਾਵੇਂ ਇਸ ਲਈ ਉਨ੍ਹਾਂ ਨੂੰ ਅਥਾਹ ਕੁਰਬਾਨੀਆਂ

ਦੇਣੀਆਂ ਪਈਆਂ ਸਨ ਪਰ ਕਿਸੇ ਵੀ ਕੂਕੇ ਨੇ ਇਸ ਗੱਲ ਦੀ ਕੋਈ ਪਰਵਾਹ ਨਹੀਂ ਕੀਤੀ - ਆਪਣੇ ਮੁੱਖ ਉਦੇਸ਼ ਨੂੰ ਕਦੇ ਵੀ ਲਾਂਭੇ ਨਹੀਂ ਹੋਣ ਦਿੱਤਾ।

ਕੂਕਾ ਅੰਦੋਲਨ ਮਲੇਰਕੋਟਲਾ ਦੇ ਸਾਕੇ ਤੱਕ ਆਪਣੇ ਸਿਖ਼ਰ 'ਤੇ ਪੁੱਜਦਾ ਹੈ। ਉਸ ਸਾਕੇ ਦਾ ਵਰਨਣ ਜਿੰਨਾ ਖੁੱਲ੍ਹ ਕੇ ਇਸ ਕਿਤਾਬ 'ਚ ਮਿਲਦਾ ਹੈ, ਓਨਾ ਸ਼ਾਇਦ ਹੋਰ ਕਿਤੇ ਵੀ ਨਹੀਂ ਕੀਤਾ ਗਿਆ। ਇਨ੍ਹਾਂ ਸਾਰੇ ਵੇਰਵਿਆਂ ਦੇ ਨਾਲ ਡਾ. ਬਾਜਵਾ ਦੀਆਂ ਸਟੀਕ ਟਿੱਪਣੀਆਂ ਬਹੁਤ ਮਹੱਤਵਪੂਰਨ ਹੋ ਨਿੱਬੜੀਆਂ ਹਨ।

ਕੂਕਾ ਲਹਿਰ ਦਾ ਬਿਆਨ ਕਰਨ ਲਈ ਭਾਵੇਂ ਪੂਰੀ ਤਰ੍ਹਾਂ ਸਰਕਾਰੀ ਰਿਕਾਰਡਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ ਪਰ ਉਨ੍ਹਾਂ ਦਾ ਵਰਣਨ ਇੰਨੇ ਕਮਾਲ ਨਾਲ ਕੀਤਾ ਗਿਆ ਹੈ ਕਿ ਉਹ ਸਰਕਾਰੀ ਦਸਤਾਵੇਜ਼ ਵੀ ਇਤਿਹਾਸਕ ਬਣ ਗਏ ਹਨ।

ਇਹ ਪੁਸਤਕ ਸਾਨੂੰ 19ਵੀਂ ਸਦੀ ਦੇ ਪੰਜਾਬ ਦੀ ਸਮਾਜਿਕ ਹੀ ਨਹੀਂ, ਸਗੋਂ ਆਰਥਿਕ, ਸਿਆਸੀ ਤੇ ਪ੍ਰਸ਼ਾਸਕੀ ਹਾਲਾਤ ਦੀ ਚੋਖੀ ਸਮਝ ਦਿੰਦੀ ਹੈ। ਇਹ ਪੁਸਤਕ ਉਸ ਵੇਲੇ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਬਾਰੇ ਜਾਣਕਾਰੀ ਦਾ ਇੱਕ ਭਰਪੂਰ ਖ਼ਜ਼ਾਨਾ ਹੈ। ਇੱਕ ਪੁਲਿਸ ਅਧਿਕਾਰੀ ਤੋਂ ਲੈ ਕੇ ਡਿਪਟੀ ਕਮਿਸ਼ਨਰ, ਕਮਿਸ਼ਨਰ ਤੇ ਪੰਜਾਬ ਦੇ ਗਵਰਨਰ ਤੱਕ ਦੀਆਂ ਰਿਪੋਰਟਾਂ ਕਿਸ ਤਰ੍ਹਾਂ ਇੱਕ ਪੂਰੀ ਪ੍ਰਣਾਲੀ ਅਧੀਨ ਭਾਰਤ ਸਰਕਾਰ ਤੇ ਫਿਰ ਅੱਗੇ ਇੰਗਲੈਂਡ ਦੀ ਮਹਾਰਾਣੀ ਤੱਕ ਪੁੱਜਦੀਆਂ ਸਨ - ਇਹ ਸਾਰਾ ਨਿਜ਼ਾਮ ਡਾ. ਫ਼ੌਜਾ ਸਿੰਘ ਬਾਜਵਾ ਸਹਿਜ ਰੂਪ ਵਿੱਚ ਪਾਠਕਾਂ ਨੂੰ ਸਮਝਾਉਂਦੇ ਜਾਪਦੇ ਹਨ। ਕਿੰਝ ਅੰਗਰੇਜ਼ ਅਧਿਕਾਰੀਆਂ ਨੇ ਹਰ ਪਾਸੇ ਆਪਣੇ ਮੁਖ਼ਬਰ ਛੱਡੇ ਹੋਏ ਸਨ, ਜੋ ਉਨ੍ਹਾਂ ਦਾ ਪ੍ਰਸ਼ਾਸਨ ਸਹੀ ਤਰੀਕੇ ਨਾਲ ਚਲਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਰਹੇ। ਕੂਕਾ ਅੰਦੋਲਨ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਇਨ੍ਹਾਂ ਮੁਖ਼ਬਰਾਂ ਤੋਂ ਹੀ ਸਰਕਾਰ ਨੂੰ ਮਿਲਦੀ ਸੀ। ਉਹ ਖ਼ਬਰਚੀ ਗੁਰੂ ਰਾਮ ਸਿੰਘ ਜੀ ਦੀ ਸੰਗਤ ਵਿੱਚ ਆ ਕੇ ਆਮ ਸ਼ਰਧਾਲੂ ਵਾਂਗ ਵਿਚਰਦੇ ਸਨ ਤੇ ਬਾਅਦ 'ਚ ਆਪਣੀਆਂ ਲਿਖਤੀ ਖ਼ੁਫ਼ੀਆ ਰਿਪੋਰਟਾਂ ਤੱਕ ਸਰਕਾਰੀ ਅਧਿਕਾਰੀਆਂ ਸਾਹਵੇਂ ਪੇਸ਼ ਕਰਦੇ ਸਨ। ਇਸ ਤੋਂ ਹੀ ਇਹ ਵੀ ਪਤਾ ਲੱਗਦਾ ਹੈ ਕਿ ਇੱਕ ਪੂਰੀ ਤਰ੍ਹਾਂ ਵਿਵਸਸਿਥਤ ਪ੍ਰਣਾਲੀ ਕਾਇਮ ਕਰਨ ਕਰਕੇ ਹੀ ਅੰਗਰੇਜ਼ ਸੈਂਕੜੇ ਵਰ੍ਹੇ ਭਾਰਤ 'ਤੇ ਰਾਜ ਕਰ ਗਏ।

ਅਜਿਹੇ ਤੱਥਾਂ ਤੱਕ ਕੂਕਾ ਸੰਪਰਦਾਇ ਦੇ ਪੈਰੋਕਾਰ ਹੀ ਨਹੀਂ, ਹਰੇਕ ਪੰਜਾਬੀ ਪਾਠਕ ਤੇ ਇਤਿਹਾਸ ਦਾ ਵਿਦਿਆਰਥੀ ਉਸ ਵੇਲੇ ਦੇ ਹਾਲਾਤ ਨੂੰ ਜਾਣਨਾ ਤੇ ਸਮਝਣਾ ਚਾਹੇਗਾ। ਇਸ ਪੁਸਤਕ ਦੀ ਪੰਜਾਬੀ ਭਾਸ਼ਾ ਨੂੰ ਆਮ ਪਾਠਕ ਦੇ ਨੇੜੇ ਅਤੇ ਸਰਲ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਤਾਂ ਜੋ ਕਿਸੇ ਵੀ ਪੱਖ ਬਾਰੇ ਕੋਈ ਓਹਲਾ ਨਾ ਰਹਿ ਜਾਵੇ।

ਇਹ ਪੁਸਤਕ ਯਕੀਨੀ ਤੌਰ 'ਤੇ ਸਾਂਭਣਯੋਗ ਹੈ ਕਿਉਂਕਿ ਅਧਿਐਨ ਅਧੀਨ ਕੂਕਿਆਂ ਦੇ ਅਰੰਭਲੇ ਕਾਰਜਕਾਲ ਦੇ ਇਤਿਹਾਸ ਨੂੰ ਬਿਆਨ ਕਰਦੇ ਸਮੇਂ ਲੇਖਕ ਨੇ

ਇਸ ਵਿੱਚ ਹੋਰਨਾਂ ਇਤਿਹਾਸਕਾਰਾਂ ਵਾਂਗ ਸਿਰਫ਼ ਹਾਕਮਾਂ ਤੇ ਪ੍ਰਸ਼ਾਸਕਾਂ ਦੀਆਂ ਰਾਜ ਵਿਵਸਥਾਵਾਂ ਦੇ ਵਰਣਨ ਤੱਕ ਹੀ ਖ਼ੁਦ ਨੂੰ ਮਹਿਦੂਦ ਨਹੀਂ ਕੀਤਾ, ਸਗੋਂ ਉਸ ਤੋਂ ਕਿਤੇ ਅਗਾਂਹ ਜਾ ਕੇ ਸਮੁੱਚੀਆਂ ਸਥਿਤੀਆਂ ਦੀ ਸਮੀਖਿਆ ਕਰਦੇ ਹੋਏ ਆਪਣੇ ਵੱਲੋਂ ਠੋਸ ਨਤੀਜੇ ਵੀ ਪਾਠਕਾਂ ਨਾਲ ਸਾਂਝੇ ਕੀਤੇ ਹਨ, ਜਿਨ੍ਹਾਂ ਦਾ ਵੱਡਾ ਇਤਿਹਾਸਕ ਮਹੱਤਵ ਹੈ। ਇਸੇ ਲਈ ਬੇਸ਼ੱਕ ਇਸ ਪੁਸਤਕ ਨੂੰ ਸਦਾ ਇੱਕ ਕੋਹਿਨੂਰ ਹੀਰੇ ਵਾਂਗ ਬੇਸ਼ਕੀਮਤੀ ਸਮਝ ਕੇ ਸਦਾ ਚੇਤੇ ਰੱਖਿਆ ਜਾਵੇਗਾ। ਮੈਂ ਸ. ਸੁਰਿੰਦਰ ਸਿੰਘ ਜੀ ਨਾਮਧਾਰੀ ਪ੍ਰਧਾਨ, ਵਿਸ਼ਵ ਨਾਮਧਾਰੀ ਸੰਗਤ ਦਾ ਤਹਿਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਪੁਸਤਕ ਦਾ ਅਨੁਵਾਦ ਕਰਨ ਦੀ ਇਜ਼ਾਜਤ ਅਤੇ ਬਣਦੀ ਹੌਂਸਲਾ ਅਫਜ਼ਾਈ ਦਿੱਤੀ। ਮੈਂ ਇਸ ਕਿਤਾਬ ਦੇ ਪਰੂਫ਼-ਰੀਡਿੰਗ ਕਰਨ ਤੇ ਕਈ ਸਾਕਾਰਾਤਮਕ ਸੁਝਾਅ ਦੇਣ ਲਈ ਸਵਰਨ ਸਿੰਘ ਵਿਰਕ ਜੀ ਦਾ ਵੀ ਤਹਿਦਿਲੋਂ ਧੰਨਵਾਦੀ ਹਾਂ।

**ਪ੍ਰੋ. (ਡਾ.) ਕੁਲਦੀਪ ਸਿੰਘ**

## ਅਧਿਆਇ 1

# ਕੂਕਾ ਅੰਦੋਲਨ ਤੇ ਇਸ ਦੇ ਬਾਨੀ

ਸਾਡੇ ਦੇਸ਼ ਦੇ ਇਤਿਹਾਸ ਵਿੱਚ 19ਵੀਂ ਸਦੀ ਦੇ ਦੂਸਰੇ ਅੱਧ ਨੂੰ ਪੁਨਰ-ਜਾਗਰਣ ਜਾਂ ਸੁਧਾਰ ਜਾਂ ਦੋਵਾਂ ਦੇ ਦੌਰ ਵਜੋਂ ਉਭਾਰਨ ਦਾ ਸਾਡੇ ਲੇਖਕਾਂ 'ਚ ਲਗਭਗ ਰਿਵਾਜ ਹੈ। ਅਜਿਹਾ ਮੁੱਖ ਤੌਰ 'ਤੇ ਇਸ ਕਰਕੇ ਹੈ ਕਿ ਇਸ ਸਮੇਂ ਦੌਰਾਨ ਬਹੁਤ ਸਾਰੀਆਂ ਲਹਿਰਾਂ ਉਭਰੀਆਂ, ਜਿਨ੍ਹਾਂ ਨੇ ਸਾਡੇ ਗੁੰਝਲਦਾਰ ਸਮਾਜਿਕ ਤਾਣੇ-ਬਾਣੇ ਦੇ ਆਧੁਨਿਕੀਕਰਨ 'ਤੇ ਲੰਮੇ ਸਮੇਂ ਤੱਕ ਪ੍ਰਭਾਵ ਪਾਇਆ। ਅਜਿਹੀਆਂ ਲਹਿਰਾਂ ਕਿਸੇ ਇੱਕ ਭਾਈਚਾਰੇ ਤੱਕ ਹੀ ਸੀਮਤ ਨਹੀਂ ਸਨ, ਸਗੋਂ ਭਾਰਤੀ ਆਬਾਦੀ ਦੇ ਲਗਭਗ ਸਾਰੇ ਅਹਿਮ ਵਰਗ ਹੀ ਉਨ੍ਹਾਂ ਦੇ ਪ੍ਰਭਾਵ ਦੇ ਘੇਰੇ 'ਚ ਸਨ। ਹਿੰਦੂਆਂ ਵਿੱਚ 'ਬ੍ਰਹਮੋ ਸਮਾਜ' (ਜੋ ਪਹਿਲਾਂ ਪੈਦਾ ਹੋਇਆ ਸੀ, ਪਰ 1860 ਤੋਂ ਬਾਅਦ ਹੀ ਆਪਣੇ ਸਿਖਰ 'ਤੇ ਪੁੱਜਾ), ਪ੍ਰਾਰਥਨਾ ਸਮਾਜ, ਆਰੀਆ ਸਮਾਜ, ਰਾਮਕ੍ਰਿਸ਼ਨ ਮਿਸ਼ਨ ਅਤੇ ਥੀਓਸੋਫੀਕਲ ਅੰਦੋਲਨ, ਜਿਨ੍ਹਾਂ ਵਿੱਚੋਂ ਕੁਝ ਤਾਂ ਅੱਜ ਵੀ ਮੌਜੂਦ ਹਨ। ਮੁਸਲਮਾਨਾਂ ਵਿੱਚ ਵਹਾਬੀ ਅਤੇ ਅਲੀਗੜ੍ਹ ਲਹਿਰਾਂ ਸਨ। ਜਿੱਥੋਂ ਤੱਕ ਸਿੱਖਾਂ ਦਾ ਸਬੰਧ ਹੈ, ਦੋ ਪ੍ਰਸਿੱਧ ਲਹਿਰਾਂ ਸਨ, ਕੂਕਾ ਅਤੇ ਸਿੰਘ ਸਭਾ।

ਕੂਕਾ ਲਹਿਰ, ਜਿਸ ਦਾ ਹੁਣ ਅਸੀਂ ਇੱਥੇ ਅਧਿਐਨ ਕਰ ਰਹੇ ਹਾਂ, ਨਾ ਸਿਰਫ਼ ਹੋਰ ਸਿੱਖ ਲਹਿਰਾਂ ਤੋਂ ਪਹਿਲਾਂ ਸਨ, ਸਗੋਂ ਅਸਲ ਵਿੱਚ, ਬ੍ਰਹਮੋ ਸਮਾਜ ਅਤੇ ਵਹਾਬੀਆਂ ਦੇ ਸੰਭਾਵੀ ਅਪਵਾਦਾਂ ਨਾਲ, ਉਪਰੋਕਤ ਜ਼ਿਕਰ ਕੀਤੀਆਂ ਲਗਭਗ ਸਾਰੀਆਂ ਹੋਰ ਲਹਿਰਾਂ ਤੋਂ ਪਹਿਲਾਂ ਸਨ। ਪਰ ਕੂਕਾ ਸਭ ਤੋਂ ਪਹਿਲਾਂ ਅਰੰਭ ਹੋਣ ਵਾਲੀਆਂ ਲਹਿਰਾਂ ਵਿੱਚੋਂ ਵੀ ਨਹੀਂ ਸੀ; ਇਸ ਦਾ ਆਪਣਾ ਇੱਕ ਹੋਰ ਮਹੱਤਵਪੂਰਨ ਚਰਿੱਤਰ ਸੀ, ਜਿਸ ਨੇ ਇਸ ਨੂੰ ਸਮੇਂ ਦੀਆਂ ਹੋਰ ਲਹਿਰਾਂ ਤੋਂ ਵੱਖ ਕਰ ਦਿੱਤਾ ਸੀ। ਜਦੋਂ ਕਿ ਦੂਜੀਆਂ ਲਹਿਰਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਾਜਿਕ ਤੇ ਸੁਧਾਰ ਗਤੀਵਿਧੀਆਂ 'ਚ ਹੀ ਸਮਰਪਿਤ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਮੁੱਖ ਜ਼ੋਰ ਪੱਛਮੀ ਪ੍ਰਭਾਵ ਅਤੇ ਦੇਸ਼ ਦੇ ਸਮਾਜਿਕ ਤੇ ਧਾਰਮਿਕ ਜੀਵਨ ਦੀ ਪੁਨਰ-ਸੁਰਜੀਤੀ ਦੀ ਰੌਸ਼ਨੀ ਵਿੱਚ ਪ੍ਰਚਲਿਤ ਵਿਚਾਰਾਂ ਤੇ ਅਭਿਆਸ ਦੇ ਮੁੜ-ਨਿਰੀਖਣ 'ਤੇ ਮੁੱਖ ਧਿਆਨ ਦੇਣ ਅਤੇ ਪ੍ਰਾਚੀਨ ਭਾਰਤੀ ਸ਼ਾਨ ਤੇ ਸੂਝਬੂਝ ਦੀ ਮੁੜ-ਖੋਜ ਕਰਨਾ ਸੀ; ਜਦ ਕਿ ਕੂਕਾ ਅੰਦੋਲਨ ਨੇ ਮੁੱਖ ਤੌਰ 'ਤੇ ਸਿਆਸੀ ਟੀਚੇ ਦੀ ਪ੍ਰਾਪਤੀ ਲਈ ਜ਼ਮੀਨ ਤਿਆਰ ਕਰਨ ਦੇ ਉਦੇਸ਼ ਨਾਲ ਇਹਨਾਂ ਸੁਧਾਰਾਂ 'ਤੇ ਧਿਆਨ ਕੇਂਦ੍ਰਿਤ ਕੀਤਾ।

ਦੂਜੀਆਂ ਲਹਿਰਾਂ ਦੇ ਕੰਮ ਨੂੰ ਘਟਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਅਜਿਹਾ ਹੋਣਾ ਚਾਹੀਦਾ ਹੈ। ਇਸ ਦਾ ਇੱਕ ਬੁਨਿਆਦੀ ਚਰਿੱਤਰ ਸੀ। ਉਨ੍ਹਾਂ ਨੇ ਇਸ ਧਰਤੀ 'ਤੇ ਇੱਕ ਵਾਰ ਫਿਰ ਜਾਗ੍ਰਿਤੀ ਪੈਦਾ ਕੀਤੀ। ਉਹ ਮਹਾਨ ਗਿਆਨ ਦੇ ਆਗੂ ਸਨ ਜਿਨ੍ਹਾਂ ਨੇ ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਤੋਰਿਆ। ਕੂਕਿਆਂ, ਜਿਨ੍ਹਾਂ ਨੂੰ ਹੁਣ ਨਾਮਧਾਰੀਆਂ ਵਜੋਂ ਜਾਣਿਆ ਜਾਂਦਾ ਹੈ, ਨੇ ਇਸ ਮਹਾਨ ਤੇ ਬਹੁਮੁੱਲੇ ਕਾਰਜ ਵਿਚ ਹਿੱਸਾ ਲਿਆ ਅਤੇ ਇਸ ਸਬੰਧ ਵਿਚ ਉਨ੍ਹਾਂ ਦਾ ਯੋਗਦਾਨ ਹਰ ਸਨਮਾਨ ਦੇ ਯੋਗ ਹੈ। ਫਿਰ ਵੀ, ਇਹ ਯਾਦ ਕੀਤਾ ਜਾ ਸਕਦਾ ਹੈ ਕਿ ਬਾਕੀਆਂ ਦੇ ਉਲਟ ਕੂਕਿਆਂ ਨੇ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਦਾ ਇੱਕ ਸੰਗਠਤ ਦ੍ਰਿਸ਼ਟੀਕੋਣ ਲਿਆ ਤੇ ਵੱਖ-ਵੱਖ ਪ੍ਰਸ਼ਨਾਂ, ਸਮਾਜਿਕ, ਧਾਰਮਿਕ ਅਤੇ ਸਿਆਸੀ ਮਸਲਿਆਂ ਦੀ ਸਹੀ ਅਤੇ ਵਾਜਬ ਪਰਿਪੇਖ ਵਿੱਚ ਕਲਪਨਾ ਕੀਤੀ। ਉਨ੍ਹਾਂ ਲਈ ਸਮਾਜਿਕ ਅਤੇ ਧਾਰਮਿਕ ਉੱਨਤੀ ਦਾ ਪ੍ਰੋਗਰਾਮ ਬੁਨਿਆਦੀ ਮਹੱਤਵ ਵਾਲਾ ਸੀ ਪਰ ਅਜ਼ਾਦੀ ਦਾ ਸਵਾਲ ਵੀ ਇਸ ਤੋਂ ਘੱਟ ਨਹੀਂ ਸੀ। ਅਸਲ ਵਿੱਚ, ਰਾਜਨੀਤਿਕ ਅਜ਼ਾਦੀ ਦੇ ਉਦੇਸ਼ ਵਿੱਚ ਸਮਾਜਕ ਤਰੱਕੀ ਨੂੰ ਇੱਕ ਜ਼ਰੂਰੀ ਤਿਆਰੀ ਵਾਲਾ ਕੰਮ ਮੰਨਿਆ ਜਾਂਦਾ ਸੀ, ਕਿਉਂਕਿ ਕੂਕਿਆਂ ਨੇ ਅੰਗਰੇਜ਼ਾਂ ਦੇ ਜੂਲੇ ਤੋਂ ਅਜ਼ਾਦੀ ਦਾ ਸੁਪਨਾ ਦੇਖਿਆ, ਇਸ ਲਈ ਯੋਜਨਾ ਉਲੀਕੀ, ਸੰਘਰਸ਼ ਦੀ ਇੱਕ ਤਕਨੀਕ ਤਿਆਰ ਕੀਤੀ, ਆਪਣੇ ਆਪ ਨੂੰ ਜੋਸ਼ ਨਾਲ ਉਸ ਵਿੱਚ ਸੁੱਟ ਦਿੱਤਾ ਅਤੇ ਕੁਰਬਾਨੀਆਂ ਦੇਣ 'ਚ ਕੋਈ ਢਿੱਲ ਨਾ ਵਿਖਾਈ; ਭਾਵੇਂ ਉਹ ਕੁਰਬਾਨੀ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ।

ਇੱਕ ਹੋਰ ਪੱਖ, ਜੋ ਕੂਕਿਆਂ ਦੀਆਂ ਗਤੀਵਿਧੀਆਂ ਨੂੰ ਵਿਲੱਖਣ ਪਛਾਣ ਦਿੰਦਾ ਹੈ, ਉਹ ਹੈ ਪ੍ਰੇਰਨਾ ਦੇ ਸਵਦੇਸ਼ੀ ਸਰੋਤ 'ਤੇ ਇਸ ਦਾ ਵਿਸ਼ੇਸ਼ ਭਰੋਸਾ। ਪੱਛਮ ਦੇ ਵਿਚਾਰਾਂ ਦਾ ਉਨ੍ਹਾਂ 'ਤੇ ਕਦੇ ਕੋਈ ਅਸਰ ਨਹੀਂ ਪਿਆ, ਜਦ ਕਿ ਉਹ ਪਿਛਲੇ ਕਈ ਦਹਾਕਿਆਂ ਤੋਂ ਇਸ ਧਰਤੀ 'ਤੇ ਆਪਣੀ ਪਕੜ ਬਣਾਉਂਦੇ ਜਾ ਰਹੇ ਸਨ। ਉਨ੍ਹਾਂ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰਾਂ ਵਿਚ ਉਹ ਸਭ ਕੁਝ ਸੀ ਜੋ ਸਮੇਂ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਲੋੜੀਂਦਾ ਸੀ। ਉਦਾਹਰਣ ਵਜੋਂ, ਉਨ੍ਹਾਂ ਕੋਲ ਪਰਮਾਤਮਾ ਦੀ ਏਕਤਾ, ਸਾਰੇ ਮਨੁੱਖਾਂ ਦੀ ਬਰਾਬਰੀ, ਸਾਰੇ ਮਨੁੱਖੀ ਰਿਸ਼ਤਿਆਂ ਦੇ ਅਧਾਰ ਵਜੋਂ ਭਾਈਚਾਰਾ ਅਤੇ ਔਰਤਾਂ ਦੀ ਮੁਕਤੀ ਦੇ ਸੰਕਲਪਾਂ ਤੋਂ ਇਲਾਵਾ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸਿਆਸੀ ਜ਼ੁਲਮ ਦੇ ਸਾਰੇ ਰੂਪਾਂ ਵਿਰੁੱਧ ਲੜਾਈ ਦੇ ਸੰਕਲਪ ਸਨ। ਸਿੱਖ ਇਤਿਹਾਸ ਦੇ ਵੱਡੇ ਹਿੱਸੇ ਵਿੱਚ ਚੱਲ ਰਹੀ ਅਜਿਹੀ ਲੜਾਈ ਦੀ ਇੱਕ ਲੰਮੀ ਅਤੇ ਡੂੰਘੀ ਪ੍ਰੰਪਰਾ ਦੁਆਰਾ ਮਜ਼ਬੂਤ ਕੀਤਾ ਗਿਆ ਹੈ। ਵਿਚਾਰਾਂ ਅਤੇ ਕਾਰਜਾਂ ਦੇ ਸਿਹਤਮੰਦ ਸਿਧਾਂਤਾਂ ਦੇ ਇਸ ਭਰਪੂਰ ਭੰਡਾਰ ਦੀ ਮੌਜੂਦਗੀ 'ਚ, ਕੂਕਾ ਲਹਿਰ ਦੇ ਨੇਤਾਵਾਂ ਨੂੰ ਸਮੁੰਦਰੋਂ ਪਾਰ ਦੇ ਵਿਚਾਰਾਂ ਪ੍ਰਤੀ ਬਹੁਤ ਘੱਟ ਮੋਹ ਮਹਿਸੂਸ ਹੋਇਆ।

ਕੂਕਿਆਂ ਦੀ ਅਜਿਹੀ ਅਹਿਮ ਤੇ ਦਿਲਚਸਪ ਲਹਿਰ ਨੂੰ ਚੰਗੀ ਤਰ੍ਹਾਂ ਜਾਣਿਆ ਜਾਣਾ ਚਾਹੀਦਾ ਸੀ ਅਤੇ ਇਸ ਦੀ ਬਿਹਤਰ ਢੰਗ ਨਾਲ ਸ਼ਲਾਘਾ ਕੀਤੀ ਜਾਣੀ

ਚਾਹੀਦੀ ਸੀ। ਪਰ ਇੰਝ ਜਾਪਦਾ ਹੈ ਕਿ ਇਸ ਦੀ ਪੂਰੀ ਮਹੱਤਤਾ ਨੂੰ ਸਮਝਣਾ ਹਾਲੇ ਬਾਕੀ ਹੈ। ਇਹ ਤਦ ਹੀ ਸੰਭਵ ਹੋਵੇਗਾ ਜਦੋਂ ਅਧਿਕਾਰਤ ਰਿਪੋਰਟਾਂ ਦੇ ਸਮਕਾਲੀ ਅੰਕੜਿਆਂ ਦੇ ਆਧਾਰ 'ਤੇ ਵਿਸ਼ੇ ਦਾ ਡੂੰਘਾ ਅਤੇ ਬਾਹਰਮੁਖੀ ਅਧਿਐਨ, ਸੀ.ਆਈ.ਡੀ. ਰਿਪੋਰਟਾਂ, ਨਿੱਜੀ ਯਾਦਾਂ, ਨਿਆਂਇਕ ਕਾਰਵਾਈਆਂ, ਅਤੇ ਗੈਰ-ਅੰਗਰੇਜ਼ੀ ਸਰੋਤਾਂ ਨੂੰ ਖੰਗਾਲਣ ਦੀ ਕੋਸ਼ਿਸ਼ ਕੀਤੀ ਜਾਵੇ। ਅਜਿਹੇ ਅਧਿਐਨ ਨੂੰ ਸਾਰਥਕ ਤੇ ਇਤਿਹਾਸਕ ਤੌਰ 'ਤੇ ਕੀਮਤੀ ਬਣਾਉਣ ਲਈ, ਉਨ੍ਹਾਂ ਪੱਖਪਾਤਾਂ ਤੋਂ ਉੱਪਰ ਉੱਠਣਾ ਹੋਵੇਗਾ, ਜੋ ਇਸ ਲਹਿਰ ਦੇ ਉਭਾਰ ਤੋਂ ਤੁਰੰਤ ਬਾਅਦ ਲਾਗੂ ਹੋ ਗਏ ਸਨ। ਉਸ ਸਮੇਂ ਇਸ 'ਤੇ ਸਵਾਲ ਪੁੱਛਣ ਦਾ ਆਮ ਰੁਝਾਨ ਸੀ ਜਦੋਂ ਭਾਰਤੀ ਬੁੱਧੀਜੀਵੀਆਂ ਨੂੰ ਬ੍ਰਿਟਿਸ਼ ਹਕੂਮਤ ਪ੍ਰਤੀ ਵਫ਼ਾਦਾਰੀ ਵਿਖਾਉਣ ਦਾ ਇੱਕ ਜਨੂੰਨ ਸੀ। ਪਰ ਉਹ ਸਮਾਂ ਬੀਤੇ ਨੂੰ ਬਹੁਤ ਸਮਾਂ ਹੋ ਗਿਆ ਹੈ, ਇਸ ਲਈ ਅਸੀਂ ਹੁਣ ਸਭ ਕੁਝ ਸਾਹਮਣੇ ਸਪੱਸ਼ਟ ਵੇਖ ਸਕਦੇ ਹਾਂ।

ਹਾਲਾਂਕਿ, ਅੰਦੋਲਨ ਦੀ ਤੁਲਨਾਤਮਕ ਅਸਪਸ਼ਟਤਾ ਲਈ, 19ਵੀਂ ਸਦੀ ਦੇ ਅਖ਼ੀਰ ਦੇ ਜਨਤਕ ਪੱਖਪਾਤ ਹੀ ਸਿਰਫ ਵਿਆਖਿਆਤਮਕ ਕਾਰਣ ਨਹੀਂ ਹਨ। ਇਸ ਵਿਸ਼ੇ 'ਤੇ ਕਿਤਾਬਾਂ ਦੀ ਅਣਉਪਲਬਧਤਾ ਹੋਰ ਵੀ ਵੱਡਾ ਕਾਰਨ ਹੈ। ਬਿਨਾਂ ਸ਼ੱਕ, ਪੰਜਾਬੀ ਵਿੱਚ ਬਹੁਤ ਸਾਰੀਆਂ ਕਿਤਾਬਾਂ ਉਪਲਬਧ ਹਨ, ਭਾਵੇਂ ਸਾਰੀਆਂ ਲੋੜੀਂਦੇ ਮਿਆਰ ਦੀਆਂ ਨਹੀਂ ਹਨ, ਪਰ ਅੰਗਰੇਜ਼ੀ[1] ਵਿੱਚ ਕੋਈ ਕਿਤਾਬ ਹੀ ਨਹੀਂ ਸੀ, ਜੋ ਭਾਰਤ ਦੇ ਗੈਰ-ਪੰਜਾਬੀ ਬੋਲਣ ਵਾਲਿਆਂ ਅਤੇ ਗੈਰ-ਗੁਰਮੁਖੀ-ਪੜ੍ਹਨ ਵਾਲੇ ਲੋਕਾਂ ਨੂੰ ਕੂਕਿਆਂ ਬਾਰੇ ਜਾਣਕਾਰੀ ਦੇ ਸਕੇ। ਭਾਰਤ ਦੀ ਜਨਤਾ ਦੇ ਰਾਸ਼ਟਰੀ ਵਿਕਾਸ ਵਿੱਚ ਕੂਕਾ ਲਹਿਰ ਬਾਰੇ ਸਾਰੇ ਵਾਜਬ ਤੱਥ ਇਕੱਠੇ ਕਰਨ, ਉਨ੍ਹਾਂ ਦੀ ਤੁਲਨਾ ਕਰਨ, ਕੂਕਿਆਂ ਦੀ ਭੂਮਿਕਾ ਦੇ ਮੁੜ-ਮੁਲਾਂਕਣ ਦੀ ਯਕੀਨੀ ਤੌਰ 'ਤੇ ਲੋੜ ਹੈ। ਸਾਡੇ ਇਤਿਹਾਸ ਦੇ ਵਿਦਵਾਨ ਜਿੰਨੀ ਛੇਤੀ ਇਸ ਹਕੀਕਤ ਨੂੰ ਸਮਝ ਲੈਣ, ਓਨਾ ਹੀ ਚੰਗਾ ਹੋਵੇਗਾ।

ਇਸ ਕਮਾਲ ਦੀ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਜੀ ਸਨ, ਜੋ ਇੱਕ ਮਹਾਨ ਨਿੱਜੀ ਸੂਹਜ ਅਤੇ ਚੁੰਬਕੀ ਸ਼ਖ਼ਸੀਅਤ ਵਾਲੇ ਵਿਅਕਤੀ ਸਨ, ਇੱਕ ਪੈਗੰਬਰ ਸਨ, ਜੋ ਮਨੋ ਤੇ ਦਿਲੋਂ ਬਹੁਤ ਸਾਰੇ ਵਧੀਆ ਗੁਣਾਂ ਨਾਲ ਭਰਪੂਰ ਸਨ ਅਤੇ ਅਜਿਹੇ ਸਾਰੇ ਗੁਣ ਆਮ ਤੌਰ 'ਤੇ ਮਨੁੱਖਾਂ ਦੇ ਨੇਤਾਵਾਂ ਵਿੱਚ ਪਾਏ ਜਾਂਦੇ ਹਨ। ਉਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੈਣੀ ਅਰਾਈਆਂ (ਜੋ ਹੁਣ ਭੈਣੀ ਸਾਹਿਬ ਕਹਾਉਂਦਾ ਹੈ) ਦੇ ਇੱਕ ਗਰੀਬ ਤਰਖਾਣ ਪਰਿਵਾਰ ਨਾਲ ਸਬੰਧਤ ਸਨ। ਇਹ ਸਿੱਖ ਜੱਟ ਜ਼ਿਮੀਂਦਾਰ-ਕਾਸ਼ਤਕਾਰਾਂ ਦਾ ਇੱਕ ਛੋਟਾ ਜਿਹਾ ਭਾਈਚਾਰਾ ਸੀ, ਜਿਸ ਵਿੱਚ ਉਨ੍ਹਾਂ ਦੇ ਪਿਤਾ ਜੱਸਾ ਸਿੰਘ ਆਪਣੀ ਪਤਨੀ ਅਤੇ ਤਿੰਨ ਬੱਚਿਆਂ ਨਾਲ ਰਹਿੰਦੇ ਸਨ, ਚੁੱਪ-ਚਾਪ ਇਸ ਸਥਾਨ

---

1. ਸਿਰਫ਼ ਡਾ. ਐੱਮ.ਐੱਮ. ਆਹਲੂਵਾਲੀਆ ਦੀ ਪੁਸਤਕ 'ਕੂਕਾਜ਼ - ਫ਼੍ਰੀਡਮ ਫ਼ਾਈਟਰਜ਼ ਆੱਫ਼ ਦਿ ਪੰਜਾਬ' (ਕੂਕੇ - ਪੰਜਾਬ ਦੇ ਅਜ਼ਾਦੀ ਘੁਲਾਟੀਏ) ਹੀ ਪ੍ਰਕਾਸ਼ਿਤ ਹੋਈ ਹੈ ਪਰ ਉਹ ਸਮੁੱਚੀ ਤਸਵੀਰ 'ਤੇ ਆਪਣਾ ਕੋਈ ਪ੍ਰਭਾਵ ਨਹੀਂ ਛੱਡਦੀ

ਦੀਆਂ ਨਿਰਧਾਰਤ ਜ਼ਰੂਰਤਾਂ ਨੂੰ ਪੂਰਾ ਕਰਦੇ ਸਨ। ਤਿੰਨ ਬੱਚਿਆਂ ਵਿੱਚੋਂ ਸਭ ਤੋਂ ਵੱਡੇ ਰਾਮ ਸਿੰਘ ਜੀ ਦਾ ਜਨਮ ਫਰਵਰੀ 1816 ਵਿੱਚ ਬਸੰਤ ਪੰਚਮੀ ਦੀ ਰਾਤ ਨੂੰ ਹੋਇਆ ਸੀ ਅਤੇ ਉਹ 19ਵੀਂ ਸਦੀ ਦੇ ਪਹਿਲੇ ਹਿੱਸੇ ਦੌਰਾਨ ਬਚਪਨ ਤੋਂ ਲੈ ਕੇ ਲੜਕਪਣ ਅਤੇ ਫਿਰ ਬਾਲਗ ਹੋਣ ਤੱਕ ਆਪਣੇ ਪਵਿੱਤਰ ਅਤੇ ਸਾਦਗੀ-ਪਸੰਦ ਮਾਪਿਆਂ ਦੀ ਦੇਖਭਾਲ ਅਧੀਨ ਪੂਰੇ ਦਿਹਾਤੀ ਮਾਹੌਲ 'ਚ ਵੱਡੇ ਹੋਏ ਸਨ।

ਰਾਮ ਸਿੰਘ, ਪਹਿਲਾਂ ਸ਼ਿਵਾ ਜੀ ਵਾਂਗ, ਆਪਣੀ ਮਾਤਾ ਸਦਾ ਕੌਰ ਦੇ ਬਹੁਤ ਰਿਣੀ ਸਨ, ਜਿਨ੍ਹਾਂ ਨੇ ਸਿੱਖ ਧਰਮ ਅਤੇ ਇਤਿਹਾਸ ਦੀਆਂ ਬਿਹਤਰੀਨ ਭਾਵਨਾਵਾਂ ਤੇ ਪਰੰਪਰਾਵਾਂ 'ਚ ਉਨ੍ਹਾਂ ਦਾ ਪਾਲਣ-ਪੋਸ਼ਣ ਕੀਤਾ ਸੀ। ਉਨ੍ਹਾਂ ਗੁਰਮੁਖੀ ਲਿਪੀ ਵਿੱਚ ਪੰਜਾਬੀ ਪੜ੍ਹਨਾ ਤੇ ਲਿਖਣਾ ਆਪਣੀ ਮਾਂ ਤੋਂ ਹੀ ਸਿੱਖਿਆ ਅਤੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਾਹਿਤ, ਗੁਰਬਾਣੀ ਦੇ ਪਿਆਰ ਅਤੇ ਪ੍ਰਸ਼ੰਸਾ ਵਿੱਚ ਆਪਣੇ ਪਹਿਲੇ ਸਬਕ ਹਾਸਲ ਕੀਤੇ। ਗੁਰੂਆਂ ਅਤੇ ਭਗਤਾਂ ਦੇ ਜੀਵਨ ਦੀਆਂ ਕਹਾਣੀਆਂ ਉਨ੍ਹਾਂ ਦੇ ਮਾਤਾ ਜੀ ਅਕਸਰ ਬੱਚਿਆਂ ਨਾਲ ਜੋੜ ਕੇ ਸੁਣਾਉਂਦੇ ਸਨ, ਇਸ ਸਭ ਨੇ ਉਨ੍ਹਾਂ ਦੇ ਜਵਾਨ ਤੇ ਪ੍ਰਭਾਵਸ਼ਾਲੀ ਮਨ 'ਤੇ ਅਮਿੱਟ ਛਾਪ ਛੱਡੀ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹ ਛੇਤੀ ਹੀ ਰੋਜ਼ਾਨਾ ਧਾਰਮਿਕ ਨਿੱਤਨੇਮ ਵਿੱਚ ਆਪਣੀ ਮਾਂ ਵਾਂਗ ਨਿਯਮਤ ਹੋ ਗਏ ਸਨ।

ਬਾਬਾ ਰਾਮ ਸਿੰਘ ਜੀ ਦੇ ਜੀਵਨ ਦੇ ਪਹਿਲੇ 20 ਸਾਲ ਉਨ੍ਹਾਂ ਦੇ ਜੱਦੀ ਪਿੰਡ ਭੈਣੀ ਵਿਖੇ ਪਰਿਵਾਰਿਕ ਕਾਰੋਬਾਰ ਵਿਚ ਹੀ ਬੀਤੇ। ਉਨ੍ਹਾਂ ਦਾ ਵਿਆਹ 7 ਸਾਲ ਦੀ ਛੋਟੀ ਉਮਰ 'ਚ ਉਸੇ ਜ਼ਿਲ੍ਹੇ ਦੇ ਪਿੰਡ ਧਰੌੜ ਦੇ ਇੱਕ ਪਰਿਵਾਰ 'ਚ (ਜਿਵੇਂ ਕਿ ਉਸ ਸਮੇਂ ਰਿਵਾਜ ਸੀ) ਹੋਇਆ ਸੀ। ਉਨ੍ਹਾਂ ਦੀ ਪਤਨੀ ਜੱਸਾਂ ਸੀ, ਜੋ ਨਾਮਧਾਰੀਆਂ ਵਿੱਚ 'ਮਾਤਾ' (ਮਾਂ) ਜੱਸਾਂ ਵਜੋਂ ਜਾਣੇ ਜਾਂਦੇ ਸਨ। ਬਾਬਾ ਜੀ ਦੀਆਂ ਦੋ ਧੀਆਂ ਸਨ, ਜਿਨ੍ਹਾਂ ਦਾ ਨਾਂ ਨੰਦ ਕੌਰ ਅਤੇ ਦਇਆ ਕੌਰ ਸੀ। ਇੱਥੋਂ ਤੱਕ ਕਿ ਇਸ ਸ਼ੁਰੂਆਤੀ ਪੜਾਅ 'ਤੇ ਵੀ ਉਹ ਪਿੰਡ ਦੇ ਹੋਰਨਾਂ ਆਮ ਲੜਕਿਆਂ ਨਾਲੋਂ ਬਿਲਕੁਲ ਵੱਖਰੇ ਸਮਝਦੇ ਜਾਂਦੇ ਸਨ। 'ਨਾਮਧਾਰੀ ਇਤਿਹਾਸ' ਦੇ ਲੇਖਕ ਉਸ ਵੇਲੇ[1] ਦੇ ਉਨ੍ਹਾਂ ਦੇ ਜੀਵਨ ਦਾ ਬਿਰਤਾਂਤ ਦਿੰਦੇ ਹਨ:

"8 ਸਾਲ ਦੀ ਉਮਰ ਤੱਕ ਉਨ੍ਹਾਂ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸਲੋਕ ਯਾਦ ਕਰ ਲਏ ਸਨ ਅਤੇ ਹਰ ਸਵੇਰ ਤੇ ਸ਼ਾਮ ਨੂੰ ਇਕਾਂਤ ਵਿੱਚ ਉਨ੍ਹਾਂ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਸੀ। 9 ਸਾਲ ਦੀ ਉਮਰ ਤੱਕ ਉਨ੍ਹਾਂ ਨੇ ਪਰਿਵਾਰਕ ਕੰਮ ਵਿੱਚ ਮਾਪਿਆਂ ਦਾ ਸਰਗਰਮੀ ਨਾਲ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਪਿੰਡ ਦੇ ਹੋਰ ਮੁੰਡਿਆਂ ਦੇ ਨਾਲ ਖੇਤਾਂ ਵਿੱਚ ਡੰਗਰ ਚਰਾਉਣ ਜਾਂਦੇ ਸਨ। ਉੱਥੇ ਉਹ ਹੋਰਨਾਂ ਦੇ ਨਾਲ ਬਰਾਬਰ ਪ੍ਰਸਿੱਧ ਪੇਂਡੂ ਖੇਡਾਂ ਜਿਵੇਂ ਕਬੱਡੀ, ਕੁਸ਼ਤੀ ਆਦਿ ਵਿੱਚ ਭਾਗ ਲੈਂਦੇ ਸਨ। ਬਾਕੀ ਮੁੰਡੇ ਬੜੇ ਚਾਅ ਨਾਲ ਲੋਕ ਗੀਤ ਸੁਣਾਉਂਦੇ। ਉਥੇ ਮੌਜੂਦ ਬਜ਼ੁਰਗ ਹੀਰ

---

1. ਨਾਹਰ ਸਿੰਘ, 'ਨਾਮਧਾਰੀ ਇਤਿਹਾਸ', ਭਾਗ 1, ਦਿੱਲੀ, 1955, ਪੰਨਾ 85

ਰਾਂਝੇ ਤੇ ਮਿਰਜ਼ਾ ਸਾਹਿਬਾਂ ਦੀਆਂ ਪ੍ਰੇਮ-ਕਥਾਵਾਂ ਸੁਣਾਉਂਦੇ ਸਨ। ਪਰ ਉਹ (ਰਾਮ ਸਿੰਘ ਜੀ), ਦੂਜਿਆਂ ਦੇ ਉਲਟ, ਸਿਰਫ ਕੁਝ ਆਪਣੇ ਸੰਗੀਤਕ ਸਾਜ਼ਾਂ ਨਾਲ ਪਵਿੱਤਰ ਸਲੋਕ ਦਾ ਗਾਇਨ ਹੀ ਕਰਦੇ ਸਨ। ਨਾਲ ਦੇ ਹਾਣੀ ਖੇਡਣ ਵਾਲੇ ਉਨ੍ਹਾਂ 'ਤੇ ਹੱਸਦੇ, ਜਦੋਂ ਕਿ ਬਜ਼ੁਰਗ ਹੈਰਾਨੀ ਵਿਚ ਗੁਆਚ ਜਾਂਦੇ ਸਨ। ਪਰ ਹੌਲੀ-ਹੌਲੀ ਉਨ੍ਹਾਂ ਵਿਚੋਂ ਕੁਝ ਰਾਮ ਸਿੰਘ ਜੀ ਨਾਲ ਗੁਰਬਾਣੀ ਕੀਰਤਨ ਵਿਚ ਰੁੱਝ ਜਾਂਦੇ ਸਨ"

ਜਦੋਂ ਉਹ 20 ਸਾਲਾਂ ਦੇ ਸਨ, ਤਾਂ ਉਹਨਾਂ ਦੇ ਭਣਵਈਏ[1] ਕਾਬੁਲ ਸਿੰਘ, ਜੋ ਕਿ ਖੁਦ ਇੱਕ ਸਿਪਾਹੀ ਸਨ, ਨੇ ਖ਼ਾਲਸਾ ਫੌਜ ਵਿੱਚ ਭਰਤੀ ਹੋਣ ਲਈ ਪ੍ਰੇਰਿਆ। 1836 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜੀ ਸੇਵਾ ਵਿੱਚ ਸ਼ਾਮਲ ਹੋਣ ਤੋਂ ਬਾਅਦ, ਉਹ 1845 ਤੱਕ ਫੌਜੀ ਸੇਵਾ ਨਿਭਾਉਂਦੇ ਰਹੇ। ਉਹ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੁੰਵਰ ਨੌਨਿਹਾਲ ਸਿੰਘ ਦੇ ਨਾਮ ਨਾਲ ਜਾਣੀ ਜਾਂਦੀ ਰੈਜੀਮੈਂਟ ਨਾਲ ਜੁੜੇ ਹੋਏ ਸਨ। ਇਹ ਸਮਾਂ ਉਨ੍ਹਾਂ ਦੇ ਸ਼ੁਰੂਆਤੀ ਸਾਲਾਂ ਦਾ ਸਭ ਤੋਂ ਅਹਿਮ ਹਿੱਸਾ ਸੀ। ਉਨ੍ਹਾਂ ਦੀ ਰੈਜੀਮੈਂਟ ਦੀਆਂ ਗਤੀਵਿਧੀਆਂ ਕਾਰਣ ਉਨ੍ਹਾਂ ਨੂੰ ਰਾਜ ਭਰ ਵਿੱਚ ਦੂਰ-ਦੁਰਾਡੇ ਤੇ ਨੇੜੇ ਦੇ ਸਥਾਨਾਂ 'ਤੇ ਜਾਣਾ ਪੈਂਦਾ ਸੀ ਅਤੇ ਇਸ ਦੌਰਾਨ ਉਹ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਰਹੇ, ਇੰਝ ਮਨੁੱਖਾਂ ਅਤੇ ਉਨ੍ਹਾਂ ਦੇ ਮਾਮਲਿਆਂ ਬਾਰੇ ਉਨ੍ਹਾਂ ਦਾ ਤਜਰਬਾ ਅਮੀਰ ਹੁੰਦਾ ਚਲਾ ਗਿਆ। ਤਦ ਉਨ੍ਹਾਂ ਨੂੰ ਸਿੱਖ ਧਰਮ ਤੇ ਇਸ ਦੇ ਸਾਹਿਤ ਬਾਰੇ ਬਹੁਤ ਵਧੇਰੇ ਗੂੜ੍ਹ-ਗਿਆਨ ਹਾਸਲ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੇ ਬੇਮਿਸਾਲ ਧਾਰਮਿਕ ਜੋਸ਼ ਅਤੇ ਬੇਦਾਗ਼ ਚਰਿੱਤਰ ਸਦਕਾ ਉਨ੍ਹਾਂ ਦੇ ਨਾਂਅ ਨਾਲ ਛੇਤੀ ਹੀ ਸ਼ਬਦ 'ਭਾਈ' (ਸ਼ਾਬਦਿਕ ਤੌਰ 'ਤੇ ਜਿਸ ਦਾ ਅਰਥ 'ਭਰਾ' ਹੁੰਦਾ, ਪਰ ਅਲੰਕਾਰਕ ਤੌਰ 'ਤੇ ਇਹ ਸ਼ਬਦ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ, ਜੋ ਪੂਰੀ ਤਰ੍ਹਾਂ ਧਾਰਮਿਕਤਾ ਦੀ ਰੰਗਤ ਵਿੱਚ ਰੰਗਿਆ ਹੋਵੇ) ਜੁੜ ਗਿਆ ਅਤੇ ਆਪਣੀ ਰੈਜੀਮੈਂਟ ਵਿੱਚ ਉਹ 'ਭਗਤ' (ਸੰਤਾਂ ਦਾ) ਦੇ ਨਾਂਅ ਨਾਲ ਚਰਚਿਤ ਹੋ ਗਏ। ਬਾਬਾ ਕਾਨ੍ਹ ਸਿੰਘ ਵਰਗੇ ਹਮ-ਖ਼ਿਆਲ ਲੋਕਾਂ ਦਾ ਇੱਕ ਸਮੂਹ ਉਨ੍ਹਾਂ ਦੁਆਲੇ ਇਕੱਠਾ ਹੋ ਗਿਆ, ਜੋ ਬਾਅਦ ਵਿੱਚ ਕੂਕਾ ਲਹਿਰ ਦੇ ਮਹਾਨ ਥੰਮ੍ਹ ਸਾਬਤ ਹੋਏ।

1841 ਵਿਚ, ਪੇਸ਼ਾਵਰ ਨੂੰ ਜਾਂਦੇ ਸਮੇਂ, ਰਾਮ ਸਿੰਘ ਕੈਂਪਬੈਲਪੁਰ ਜ਼ਿਲ੍ਹੇ ਦੇ ਹਜ਼ਰੋ ਵਿਖੇ ਬਾਬਾ ਬਾਲਕ ਸਿੰਘ ਨੂੰ ਮਿਲੇ ਤੇ ਤੁਰੰਤ ਉਨ੍ਹਾਂ ਵੱਲ ਖਿੱਚੇ ਚਲੇ ਗਏ। ਅਟਕ ਜ਼ਿਲ੍ਹੇ ਦੇ ਪਿੰਡ ਸਰਵਾਲਾ ਦੇ ਇੱਕ ਦਿਆਲ ਸਿੰਘ ਦੇ ਪੁੱਤਰ ਬਾਲਕ ਸਿੰਘ, ਇੱਕ ਪ੍ਰਸਿੱਧ ਸੰਤ ਸਨ, ਜਿਨ੍ਹਾਂ ਨੇ ਉਸ ਸਮੇਂ ਸਿੱਖ ਸਮਾਜ ਨੂੰ ਅੰਦਰੋਂ ਨਿੱਘਰ ਰਹੀ ਅਵਸਥਾ ਵਿਰੁੱਧ ਨਿਰੰਤਰ ਮੁਹਿੰਮ ਦੀ ਅਗਵਾਈ ਕਰਨ ਦਾ ਬੀੜਾ ਚੁੱਕ ਲਿਆ ਸੀ। ਰਾਮ ਸਿੰਘ ਉਨ੍ਹਾਂ ਦੀ ਮਿਸ਼ਨ ਦੀ ਭਾਵਨਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਆਪਣੇ ਰੂਹਾਨੀ ਗੁਰੂ ਵਜੋਂ ਅਪਨਾਉਣ ਵਿੱਚ ਕੋਈ ਸਮਾਂ ਨਹੀਂ ਗੁਆਇਆ। ਗੰਡਾ ਸਿੰਘ ਦੇ ਸ਼ਬਦਾਂ ਵਿੱਚ, "ਬਾਬਾ ਬਾਲਕ ਸਿੰਘ ਨੇ ਆਪਣੇ ਚੇਲੇ ਦੇ ਹਿਰਦੇ ਵਿੱਚ

1.ਕਾਬਲ ਸਿੰਘ, ਗੁਰੂ ਰਾਮ ਸਿੰਘ ਜੀ ਤੋਂ ਵੱਡੀ ਭੈਣ ਸਾਹਿਬ ਕੌਰ ਦਾ ਪਤੀ ਸੀ—ਅਨੁਵਾਦਕ


ਮਿਸ਼ਨਰੀ ਭਾਵਨਾ ਦੀ ਰੌਸ਼ਨੀ ਜਗਾਈ ਜੋ ਬਾਅਦ ਵਿੱਚ ਇੱਕ ਰੌਸ਼ਨ ਮਸ਼ਾਲ ਵਿੱਚ ਬਦਲ ਗਈ।"[1] ਫ਼ੌਜੀ ਸੇਵਾ ਦੇ ਸਮੇਂ ਦੌਰਾਨ ਹੀ ਬਾਬਾ ਰਾਮ ਸਿੰਘ ਨੂੰ ਸਮੁੱਚੇ ਰਾਜ ਦੇ ਹਾਲਾਤ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ।

1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ, ਲਾਹੌਰ ਦੇ ਰਾਜ ਦੇ ਮਾਮਲੇ ਘੱਟ ਸਮਰੱਥ ਅਤੇ ਕਮਜ਼ੋਰ ਹੱਥਾਂ ਵਿਚ ਪੈ ਗਏ। ਮਹਾਰਾਜਾ ਦੇ ਦਰਬਾਰੀ ਧੜੇ ਚੰਮ ਦੀਆਂ ਚਲਾਉਣ ਲੱਗੇ ਅਤੇ ਹਰ ਪਾਸੇ ਸਾਜ਼ਿਸ਼ਾਂ ਦਾ ਮਾਹੌਲ ਬਣ ਗਿਆ। ਇਸ ਨਾਲ ਸਿਆਸੀ ਸਥਿਰਤਾ ਨੂੰ ਸਭ ਤੋਂ ਵੱਡਾ ਧੱਕਾ ਲੱਗਾ ਤੇ ਮਹਾਨ ਮਹਾਰਾਜੇ ਦੀ ਮੌਤ ਅਤੇ 1845 ਵਿੱਚ ਪਹਿਲੀ ਐਂਗਲੋ-ਸਿੱਖ ਜੰਗ ਦੇ ਸ਼ੁਰੂ ਹੋਣ ਦੇ ਵਿਚਕਾਰ 7 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ, "ਸਰਕਾਰ ਦੇ ਸੱਤ ਬਦਲਾਅ ਹੋਏ, ਜਿਨ੍ਹਾਂ ਵਿੱਚੋਂ ਛੇ ਹਿੰਸਕ ਤੇ ਖ਼ੂਨ-ਖ਼ਰਾਬੇ ਨਾਲ ਹੋਏ ਸਨ।"[2] ਰਾਜ ਦੇ ਤੇਜ਼ੀ ਨਾਲ ਇਸ ਵਿਗਾੜ ਦੇ ਨਤੀਜੇ ਵਜੋਂ ਦੇਸ਼ ਵਿੱਚ ਬਹੁਤ ਵਧੇਰੇ ਪ੍ਰਸ਼ਾਸਕੀ ਅਤੇ ਵਿੱਤੀ ਅਰਾਜਕਤਾ ਪੈਦਾ ਹੋ ਗਈ ਅਤੇ ਜੋ ਹਾਲੇ ਵੀ ਬਦਤਰ ਹੈ, ਇਸ ਦੇ ਸਿੱਟੇ ਵਜੋਂ ਫੌਜ ਵਿੱਚ ਵੀ ਅਨੁਸ਼ਾਸਨਹੀਣਤਾ ਹੋਣ ਲੱਗੀ।

ਬਾਬਾ ਰਾਮ ਸਿੰਘ ਇਸ ਲਗਾਤਾਰ ਵਿਗੜਦੀ ਸਥਿਤੀ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਹਰ ਪਾਸੇ ਜਨਤਕ ਵਿਹਾਰ ਦੇ ਮਿਆਰਾਂ ਵਿੱਚ ਆ ਰਹੇ ਨਿਘਾਰ ਦੇ ਸਖ਼ਤ ਆਲੋਚਕ ਬਣ ਗਏ। ਕਦੇ-ਕਦੇ ਤਾਂ ਉਹ ਕੁਝ ਛਿਣਾਂ 'ਚ ਹੀ ਇੰਨੇ ਜ਼ਿਆਦਾ ਗੁੱਸੇ 'ਚ ਆ ਜਾਂਦੇ ਸਨ ਕਿ ਉਨ੍ਹਾਂ ਦੇ ਸੀਨੀਅਰਾਂ ਨੂੰ ਅਜਿਹੇ ਗੁੱਸੇ ਤੋਂ ਗੁਰੇਜ਼ ਕਰਨ ਤੱਕ ਦੀ ਚੇਤਾਵਨੀ ਦੇਣੀ ਪੈਂਦੀ ਸੀ; ਭਾਵੇਂ ਬਾਬਾ ਜੀ ਦਾ ਉਹ ਗੁੱਸਾ ਸਦਾਚਾਰਕ ਤੇ ਨਿਆਂਸੰਗਤ ਹੀ ਹੁੰਦਾ ਸੀ। ਕੁਦਰਤ ਦੇ ਨਿਯਮਾਂ ਦੀ ਡੂੰਘੀ ਸਮਝ ਦੀ ਆਪਣੀ ਦੂਰਦਰਸ਼ਤਾ ਨਾਲ, ਉਹ ਅਕਸਰ ਕਿਸੇ ਵੀ ਨੇੜਲੇ ਭਵਿੱਖ ਵਿੱਚ ਸਿੱਖ ਸ਼ਕਤੀ ਦੇ ਪਤਨ ਦੀ ਭਵਿੱਖਬਾਣੀ ਕਰਦੇ ਸਨ। ਪਰੰਪਰਾ ਇਹ ਹੈ ਕਿ ਜਦੋਂ 1845 ਵਿੱਚ ਪਹਿਲੀ ਐਂਗਲੋ-ਸਿੱਖ ਜੰਗ ਸ਼ੁਰੂ ਹੋਈ ਤਾਂ ਉਨ੍ਹਾਂ ਨੇ ਆਪਣੀ ਖ਼ਾਸ ਫ਼ੌਜੀ ਬੰਦੂਕ ਸਤਲੁਜ ਦਰਿਆ ਵਿੱਚ ਸੁੱਟ ਦਿੱਤੀ ਅਤੇ ਘਰ ਚਲੇ ਗਏ। ਉਨ੍ਹਾਂ ਅਜਿਹਾ ਇਸ ਲਈ ਨਹੀਂ ਕੀਤਾ ਸੀ ਕਿ ਉਹ ਦੇਸ਼ ਭਗਤੀ ਤੋਂ ਸੱਖਣੇ ਸਨ ਜਾਂ ਦੁਸ਼ਮਣ ਉੱਤੇ ਜਿੱਤ ਦੀ ਕੋਈ ਇੱਛਾ ਨਹੀਂ ਸੀ, ਸਗੋਂ ਇਸ ਲਈ ਕਿ ਉਨ੍ਹਾਂ ਨੂੰ ਯਕੀਨ ਸੀ ਕਿ ਸਫਲਤਾ ਜਾਂ ਜਿੱਤ ਦੀਆਂ ਲੋੜੀਂਦੀਆਂ ਸ਼ਰਤਾਂ ਪੂਰੀਆਂ ਹੀ ਨਹੀਂ ਹਨ। ਇਨ੍ਹਾਂ ਹਾਲਾਤਾਂ ਦੀ ਸਿਰਜਣਾ ਸਦਕਾ ਹੀ ਉਨ੍ਹਾਂ ਦਾ ਉਸ ਤੋਂ ਬਾਅਦ ਦਾ ਜੀਵਨ ਸਮਰਪਿਤ ਹੋਣਾ ਸੀ।

ਸੇਵਾ ਛੱਡ ਕੇ ਘਰ ਪਰਤਣ 'ਤੇ ਬਾਬਾ ਰਾਮ ਸਿੰਘ ਨੇ ਆਪਣੇ ਕੁਝ ਸਾਥੀਆਂ, ਭੈਣੀ ਦੇ ਸੁੱਖੂ ਅਤੇ ਖੇਮਾ ਅਤੇ ਰਾਈਆਂ ਦੇ ਜੀਵਨ ਸਿੰਘ ਨਾਲ ਭਾਈਵਾਲੀ ਵਿੱਚ ਖੇਤੀ ਕੀਤੀ। ਇਸ ਸਮੇਂ ਉਨ੍ਹਾਂ ਦਾ ਜੀਵਨ ਇੱਕ ਆਦਰਸ਼ ਕਿਸਾਨ ਅਤੇ ਇੱਕ ਆਦਰਸ਼ ਮਨੁੱਖ ਵਾਲਾ ਸੀ। ਉਨ੍ਹਾਂ ਨੇ ਆਪਣੇ ਰੋਜ਼ਾਨਾ ਦੇ ਆਚਰਣ ਵਿੱਚ ਪਰਮਾਤਮਾ

1. ਕੂਕਿਆਂ ਦੀ ਵਿੱਥਿਆ, ਅੰਮ੍ਰਿਤਸਰ, 1946, ਪੰਨਾ 26
2. ਡਾ. ਫ਼ੌਜਾ ਸਿੰਘ ਬਾਜਵਾ, ਮਿਲਟਰੀ ਸਿਸਟਮਜ਼ ਆੱਫ਼ ਦਿ ਸਿੱਖਸ, ਦਿੱਲੀ, 1964, ਪੰਨਾ 91



ਕੂਕਾ ਅੰਦੋਲਨ ਦੇ ਬਾਨੀ ਆਪਣੀ ਮਨਪਸੰਦ ਚਿੱਟੀ ਚੀਨੀ ਘੋੜੀ 'ਤੇ

ਪ੍ਰਤੀ ਪੂਰੇ ਦਿਲ ਦੀ ਸ਼ਰਧਾ, ਹਰ ਕੰਮ ਵਿੱਚ ਨੈਤਿਕਤਾ ਦੀ ਸਖਤੀ ਨਾਲ ਪਾਲਣਾ ਅਤੇ ਆਪਣੇ ਚੁਣੇ ਹੋਏ ਕਿੱਤੇ ਵਿੱਚ ਨਿਰੰਤਰ ਸਖ਼ਤ ਮਿਹਨਤ ਨੂੰ ਜੋੜਿਆ। ਉਨ੍ਹਾਂ ਦੀ ਸੱਚਾਈ ਅਤੇ ਈਮਾਨਦਾਰੀ ਦੇ ਕੁਝ ਬਿਰਤਾਂਤ ਵੀ ਪ੍ਰਸਿੱਧ ਹਨ। ਇੱਕ ਵਾਰ ਉਨ੍ਹਾਂ ਦੀ ਧੀ ਨੇ ਗੁਆਂਢੀ ਦੇ ਖੇਤ ਵਿੱਚੋਂ ਸਾਗ ਤੋੜ ਲਿਆ। ਪਰ ਬਾਬਾ ਜੀ ਨੇ ਉਸ ਨੂੰ ਤੁਰੰਤ ਉਹ ਸਾਗ ਗੁਆਂਢੀ ਨੂੰ ਵਾਪਸ ਕਰਨ ਲਈ ਕਿਹਾ। ਇਕ ਹੋਰ ਮੌਕੇ 'ਤੇ ਉਸ ਦੇ ਇਕ ਚਚੇਰੇ ਭਰਾ ਨੇ ਵੀ ਅਜਿਹਾ ਹੀ ਕੰਮ ਕੀਤਾ ਸੀ। ਉਨ੍ਹਾਂ ਤਦ ਵੀ ਤੁਰੰਤ ਉਸ ਨੂੰ ਆਪਣੀ ਗ਼ਲਤੀ 'ਚ ਸੁਧਾਰ ਕਰਨ ਲਈ ਪ੍ਰੇਰਿਤ ਕੀਤਾ ਸੀ।

ਲਗਭਗ 5 ਸਾਲਾਂ ਬਾਅਦ ਰਾਮ ਸਿੰਘ ਨੇ ਇਲਾਕੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਜੱਦੀ ਘਰ ਵਿੱਚ ਇੱਕ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਖੋਲ੍ਹੀ। ਪਰ ਇਹ ਕੰਮ ਬਹੁਤਾ ਚਿਰ ਚੱਲਿਆ ਨਹੀਂ ਕਿਉਂਕਿ ਉਨ੍ਹਾਂ ਨੂੰ ਛੇਤੀ ਹੀ ਕਿਲ੍ਹੇ ਦੀ ਮੁਰੰਮਤ ਅਤੇ ਉਥੇ ਕੁਝ ਹੋਰ ਇਮਾਰਤਾਂ ਦੀ ਮੁਰੰਮਤ ਵਿਚ ਆਪਣੇ ਮਾਮੇ ਹਰੀ ਸਿੰਘ ਦੇ ਪੁੱਤਰ ਅਤੇ ਮਮੇਰੇ ਭਰਾ ਖ਼ਜ਼ਾਨ ਸਿੰਘ ਦੀ ਮਦਦ ਲਈ ਫਿਰੋਜ਼ਪੁਰ ਜਾਣਾ ਪਿਆ। ਫਿਰੋਜ਼ਪੁਰ 'ਚ ਰਹਿੰਦਿਆਂ ਉਨ੍ਹਾਂ ਆਪਣੇ ਸੰਪਰਕ ਵਿਚ ਆਉਣ ਵਾਲੇ ਸਾਰੇ ਲੋਕਾਂ 'ਤੇ ਡੂੰਘਾ ਪ੍ਰਭਾਵ ਪਾਇਆ। 'ਸਤਿਗੁਰੂ ਬਿਲਾਸ' (ਬਾਬਾ ਰਾਮ ਸਿੰਘ ਜੀ ਦੀ ਜੀਵਨੀ) ਇਸ ਦਾ ਗ੍ਰਾਫਿਕ ਬਿਰਤਾਂਤ ਮੌਜੂਦ ਹੈ। ਉਸ 'ਚ ਲਿਖਿਆ ਹੈ[1]: "ਸਾਰਿਆਂ ਦਾ ਸਾਝਾਂ ਲੰਗਰ ਸੀ। ਪਵਿੱਤਰ ਗ੍ਰੰਥ ਸਾਹਿਬ ਨੂੰ ਹਮੇਸ਼ਾ ਖੁੱਲ੍ਹਾ ਰੱਖਿਆ ਜਾਂਦਾ ਸੀ ਅਤੇ ਇਸ ਦੇ ਪਾਠ ਨਿਰੰਤਰ ਹੁੰਦੇ ਰਹਿੰਦੇ ਸਨ। ਸਵੇਰ ਅਤੇ ਸ਼ਾਮ ਦੀਆਂ ਦੋਵੇਂ ਸੇਵਾਵਾਂ ਸਨ, 'ਆਸਾ ਦੀ ਵਾਰ' ਦਾ ਪਾਠ ਨਿਯਮਤ ਰੂਪ ਵਿੱਚ ਹਰ ਸਵੇਰ ਕੀਤਾ ਜਾਂਦਾ ਸੀ, ਜਿਸ ਵਿੱਚ ਸਾਰੇ ਹਾਜ਼ਰ ਹੁੰਦੇ ਸਨ। ਸ਼ਾਮ ਨੂੰ ਸੰਗੀਤਕ ਸਾਜ਼ਾਂ ਦੀ ਧੁਨ ਨਾਲ ਸਾਰੇ ਮਿਲ ਕੇ ਸ਼ਬਦ ਗਾਇਨ ਕਰਦੇ ਸਨ। ਗੁਰੂ ਰਾਮ ਸਿੰਘ ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਸਨ... ਆਪ 'ਆਸਾ ਦੀ ਵਾਰ' ਦਾ ਪਾਠ ਕਰਦੇ ਸਨ.... ਸ਼ਾਮ ਨੂੰ 'ਰਹਿਰਾਸ' ਦਾ ਪਾਠ ਕਰਦੇ ਸਨ ਤੇ ਫਿਰ ਆਰਤੀ ਸੋਹਿਲਾ ਅਤੇ ਫਿਰ ਸਿੱਖ ਅਰਦਾਸ ਕਰਦੇ ਸਨ ਅਤੇ ਫਿਰ ਸੌਂ ਜਾਂਦੇ ਸਨ। ਅਰਦਾਸ ਤੇ ਸਿਮਰਨ ਦੇ ਇਸ ਜੀਵਨ ਨੇ ਕੁਝ ਖ਼ਾਸ ਗਾਥਾਵਾਂ ਨੂੰ ਜਨਮ ਦਿੱਤਾ ਜੋ ਹਾਲੇ ਵੀ ਉਸ ਇਲਾਕੇ ਵਿੱਚ ਪ੍ਰਚਲਿਤ ਹਨ। ਉਨ੍ਹਾਂ ਵਿੱਚੋਂ ਇੱਕ ਗਾਥਾ ਇਹ ਹੈ ਕਿ ਜਦੋਂ ਉਹ ਸਵੇਰੇ ਤੜਕੇ ਬ੍ਰਹਮ ਸਿਮਰਨ ਵਿੱਚ ਲੀਨ ਹੁੰਦੇ ਸਨ, ਤਾਂ ਇੱਕ ਚਮਕਦਾਰ ਰੌਸ਼ਨੀ ਉਨ੍ਹਾਂ ਦੇ ਪਵਿੱਤਰ ਸਿਰ ਦੁਆਲੇ ਘੁੰਮਦੀ ਹੋਈ ਵੇਖੀ ਜਾ ਸਕਦੀ ਸੀ।

ਫ਼ਿਰੋਜ਼ਪੁਰ ਵਿਖੇ ਕੰਮ ਮੁਕੰਮਲ ਹੋ ਗਿਆ ਸੀ। ਬਾਬਾ ਰਾਮ ਸਿੰਘ ਜੀ ਨੂੰ ਡਗਰੂ ਦੇ ਬੰਗਲੇ ਅਤੇ ਮੁਕਤਸਰ ਦੀ ਸਰਾਂ ਦੀ ਉਸਾਰੀ ਦਾ ਕੰਮ ਸੌਂਪਿਆ ਗਿਆ ਸੀ, ਜੋ ਬਹੁਤ ਹੁਨਰਮੰਦੀ ਨਾਲ ਪੂਰਾ ਕੀਤਾ ਗਿਆ ਸੀ। ਮੁਕਤਸਰ ਵਿਖੇ ਆਪਣੇ ਕਿਆਮ ਦੌਰਾਨ ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਦੀ ਮੁਰੰਮਤ ਕਰਵਾਉਣ ਦਾ ਸਿਹਰਾ ਵੀ ਉਨ੍ਹਾਂ ਨੂੰ ਜਾਂਦਾ ਹੈ।

1. ਨਾਹਰ ਸਿੰਘ, *ਨਾਮਧਾਰੀ ਇਤਿਹਾਸ*, ਭਾਗ 1, ਪੰਨਾ 109 'ਚੋਂ ਉਧ੍ਰਿਤ ਕੀਤਾ ਗਿਆ।

1855 'ਚ ਉਹ ਭੈਣੀ ਪਰਤ ਆਏ ਤੇ ਉਥੇ ਆਪਣੀ ਕਰਿਆਨੇ ਦੀ ਦੁਕਾਨ ਦੁਬਾਰਾ ਖੋਲ੍ਹ ਲਈ। ਹੋਰ ਚੀਜ਼ਾਂ ਦੇ ਨਾਲ, ਉਨ੍ਹਾਂ ਨੇ ਆਪਣੇ ਸਾਥੀ ਪਿੰਡ ਵਾਸੀਆਂ ਨੂੰ ਅਨਾਜ, ਕੱਪੜੇ ਅਤੇ ਲੋਹੇ ਦੇ ਸਮਾਨ ਦੀ ਸਪਲਾਈ ਕੀਤੀ। ਉਹ 1872 ਤੱਕ ਇਸੇ ਕਿੱਤੇ ਨਾਲ ਤਦ ਤੱਕ ਜੁੜੇ ਰਹੇ, ਜਦੋਂ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਨੇ ਗ੍ਰਿਫਤਾਰ ਕਰਕੇ ਬਰਮਾ 'ਚ ਜਲਾਵਤਨ ਕਰ ਦਿੱਤਾ। ਪਰ ਇਹ ਦੁਕਾਨ ਬੇਲੋੜਾ ਮੁਨਾਫ਼ਾ ਕਮਾ ਕੇ ਅਮੀਰ ਹੋਣ ਨਾਲੋਂ ਗੁਜ਼ਾਰਾ ਕਰਨ ਦਾ ਸਾਧਨ ਵਧੇਰੇ ਸੀ, ਕਿਉਂਕਿ ਇਹ ਸੰਕੇਤ ਮਿਲਦੇ ਹਨ ਕਿ ਉਹ ਨਾਲ ਹੀ ਆਉਣ-ਜਾਣ ਵਾਲੇ ਲੋਕਾਂ ਲਈ ਮੁਫ਼ਤ ਲੰਗਰ ਵੀ ਚਲਾਉਂਦੇ ਸਨ, ਜੋ ਉਨ੍ਹਾਂ ਦੇ ਦਰਸ਼ਨ ਕਰਨ ਤੇ ਉਨ੍ਹਾਂ ਨੂੰ ਸੁਣਨ ਲਈ ਵਧੇਰੇ ਉਤਸੁਕਤਾ ਨਾਲ ਉਨ੍ਹਾਂ ਕੋਲ ਆਉਣ ਲੱਗੇ ਸਨ ਕਿਉਂਕਿ ਲੋਕ ਬਾਬਾ ਰਾਮ ਸਿੰਘ ਜੀ ਦੀ ਸ਼ੁੱਧਤਾ, ਰੱਬ ਪ੍ਰਤੀ ਸ਼ਰਧਾ ਤੇ ਕੁਦਰਤ ਦੀ ਕੁਲੀਨਤਾ ਬਾਰੇ ਸੁਣ ਕੇ ਹੀ ਆਉਂਦੇ ਸਨ। ਬਾਅਦ ਵਿੱਚ, ਜਦੋਂ ਉਨ੍ਹਾਂ ਦੇ ਪੈਰੋਕਾਰ ਤੇ ਸ਼ਰਧਾਲੂ ਭੇਟਾ ਲਿਆਉਣ ਲੱਗੇ, ਤਾਂ ਉਨ੍ਹਾਂ ਨੇ ਉਹ ਰਕਮਾਂ ਲੰਗਰ-ਪਾਣੀ 'ਤੇ ਹੀ ਖ਼ਰਚ ਕੀਤੀਆਂ, ਅਤੇ ਆਪਣੇ ਪਰਿਵਾਰ ਦੇ ਖ਼ਰਚੇ ਉਹ ਆਪਣੀ ਦੁਕਾਨ ਦੀ ਵਿਕਰੀ ਤੋਂ ਹੋਣ ਵਾਲੀ ਕਮਾਈ ਵਿੱਚੋਂ ਕਰਦੇ ਰਹੇ।

ਪਰ ਬਾਬਾ ਰਾਮ ਸਿੰਘ ਲਈ ਇਹ ਦੁਕਾਨ ਸਿਰਫ਼ ਘੱਟ ਮਹੱਤਵ ਵਾਲੀ ਗੱਲ ਸੀ। ਉਨ੍ਹਾਂ ਦਾ ਦਿਲ ਸੱਚਮੁੱਚ ਕਿਤੇ ਹੋਰ ਸੀ। ਉਹ ਧਰਮ ਨੂੰ ਸਮਰਪਿਤ ਸਨ ਅਤੇ ਪਵਿੱਤਰ ਅਤੇ ਈਮਾਨਦਾਰਾਨਾ ਜੀਵਨ ਬਤੀਤ ਕਰਦੇ ਸਨ। ਪਰ ਇਸ ਤੋਂ ਵੀ ਵੱਧ ਉਹ ਮਿਸ਼ਨਰੀ ਕੰਮਾਂ ਰਾਹੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਅਗਿਆਨਤਾ, ਅੰਧ-ਵਿਸ਼ਵਾਸ ਅਤੇ ਨਿੱਕੇ-ਨਿੱਕੇ ਸੁਆਰਥਾਂ ਦੀ ਨੀਰਸ ਅਤੇ ਬੰਜਰ ਜ਼ਿੰਦਗੀ ਤੋਂ ਛੁਟਕਾਰਾ ਦਿਵਾਉਣ ਵਿਚ ਦਿਲਚਸਪੀ ਰੱਖਦੇ ਸਨ। ਉਨ੍ਹਾਂ ਨੂੰ ਅਜਿਹਾ ਕਰਨ ਦੀ ਪ੍ਰੇਰਣਾ ਆਪਣੇ ਰੂਹਾਨੀ ਗੁਰੂ ਬਾਲਕ ਸਿੰਘ ਜੀ ਕੋਲ ਹਜ਼ਰੋ ਵਿਖੇ ਜਾਣ 'ਤੇ ਮਿਲਦੀ ਰਹਿੰਦੀ ਸੀ। ਮੰਨਿਆ ਜਾਂਦਾ ਹੈ ਕਿ ਉਹ ਆਖ਼ਰੀ ਵਾਰ 1857 ਦੇ ਅਰੰਭ 'ਚ ਹਜ਼ਰੋਂ ਗਏ ਸਨ ਅਤੇ ਤਦ ਹੀ ਉਨ੍ਹਾਂ ਨੂੰ ਆਪਣਾ ਕੰਮ ਸਹੀ ਤਰੀਕੇ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਫਿਰ 1857 ਵਿੱਚ ਉਨ੍ਹਾਂ ਨੂੰ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਸੰਘਰਸ਼ ਲਈ ਤਿਆਰ ਕਰਨ ਦੇ ਮੰਤਵ ਨਾਲ ਬਹੁਤ ਸੋਚ-ਸਮਝ ਕੇ ਇਸ ਦਿਸ਼ਾ 'ਚ ਪਹਿਲ ਕਦਮ ਚੁੱਕਣ ਦਾ ਮਨ ਬਣਾਇਆ ਸੀ। ਇਹ ਨੇਕ ਸੰਕਲਪ ਲੈਣ ਵਿੱਚ, ਉਹਨਾਂ ਨੂੰ ਖ਼ਾਲਸਾ ਫੌਜ ਦੇ ਉਹਨਾਂ ਦੇ ਕੁਝ ਪੁਰਾਣੇ ਸਾਥੀਆਂ ਨੇ ਵਡਮੁੱਲੀ ਸਹਾਇਤਾ ਦਿੱਤੀ, ਜੋ ਤਦ ਭੈਣੀ ਵਿਖੇ ਉਹਨਾਂ ਦੇ ਨਾਲ ਰਹਿਣ ਲਈ ਆਏ ਸਨ। ਉਹਨਾਂ ਵਿੱਚੋਂ ਸਭ ਤੋਂ ਵੱਧ ਭਰੋਸੇਯੋਗ ਬਾਬਾ ਕਾਹਨ ਸਿੰਘ ਸਨ, ਜੋ ਉਸੇ ਬਟਾਲੀਅਨ ਵਿਚ ਹੌਲਦਾਰ ਰਹੇ ਸਨ, ਜਿਸ ਵਿਚ ਬਾਬਾ ਰਾਮ ਸਿੰਘ ਜੀ ਨੇ ਭਰਤੀ ਹੋ ਕੇ ਸੇਵਾ ਕੀਤੀ ਸੀ।

## ਅਧਿਆਇ 2

# ਸਮੱਸਿਆ ਤੇ ਹੱਲ

ਪਿਛਲੇ ਅਧਿਆਇ ਦੇ ਅੰਤ ਵਿੱਚ ਜ਼ਿਕਰ ਕੀਤੇ ਪ੍ਰਸਤਾਵਿਤ ਕਦਮ ਦੀ ਜਾਂਚ ਕਰਨ ਤੋਂ ਪਹਿਲਾਂ, ਬਾਬਾ ਰਾਮ ਸਿੰਘ ਜੀ ਨੂੰ ਦਰਪੇਸ਼ ਸਮੱਸਿਆ ਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਹੱਲ ਦਾ ਸੰਖੇਪ ਨੋਟਿਸ ਲੈਣਾ ਪ੍ਰਸੰਗਿਕ ਅਤੇ ਲਾਭਦਾਇਕ ਹੋਵੇਗਾ। ਇਹ ਇੱਕ ਬਹੁ-ਪਾਸਾਰੀ ਸਮੱਸਿਆ ਸੀ, ਇੱਕ ਕਿਸਮ ਦਾ ਬਹੁ-ਸਿਰਾ ਅਜਗਰ, ਜੋ ਸਾਰੇ ਹੱਲਾਂ ਨੂੰ ਨਾਕਾਮ ਕਰਦਾ ਜਾਪਦਾ ਸੀ; ਇੱਕ ਸਮੱਸਿਆ ਜੋ ਸਮਾਜ ਦੀਆਂ ਜੜ੍ਹਾਂ ਤੱਕ ਜਾਂਦੀ ਹੈ ਅਤੇ ਇਸ ਵਿੱਚ ਵੱਖ-ਵੱਖ ਪੱਧਰਾਂ ਦੀਆਂ ਗੁੰਝਲਾਂ ਦੇ ਸਵਾਲ ਸਨ। ਇਹ ਇੱਕੋ ਸਮੇਂ ਧਾਰਮਿਕ, ਸਮਾਜਿਕ ਤੇ ਸਿਆਸੀ ਸਮੱਸਿਆ ਸੀ; ਵਿਚਾਰਧਾਰਾ ਦੀ ਸਮੱਸਿਆ, ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਦੀ, ਚਰਿੱਤਰ ਦੀ, ਵਿਅਕਤੀਗਤ ਅਤੇ ਸਮਾਜਿਕ ਊਰਜਾਵਾਂ ਦੇ ਸਿਹਤਮੰਦ ਅਤੇ ਠੋਸ ਚੈਨਲੀਕਰਨ ਦੀ ਅਤੇ ਸਭ ਤੋਂ ਵੱਧ, ਨਵੇਂ ਹਾਕਮਾਂ ਅਤੇ ਉਨ੍ਹਾਂ ਦੇ ਸੱਭਿਆਚਾਰ ਪ੍ਰਤੀ ਰਵੱਈਏ ਦੀ ਸਮੱਸਿਆ ਸੀ।

ਧਰਮ ਇੱਕ ਮਾਨਤਾ-ਪ੍ਰਾਪਤ ਬੁਨਿਆਦੀ ਸਮਾਜਕ ਸ਼ਕਤੀ ਹੈ। ਇਹ ਅੱਜ ਵੀ ਸਵੈ-ਸਿੱਧ ਹੈ। ਪਿਛਲੀ ਸਦੀ ਵਿੱਚ ਇਹ ਬਹੁਤ ਜ਼ਿਆਦਾ ਸੀ ਜਦੋਂ ਇਸ ਦੀ ਭਾਰਤੀਆਂ ਦੇ ਮਨਾਂ ਉੱਤੇ ਬਹੁਤ ਮਜ਼ਬੂਤ ਪਕੜ ਸੀ। ਪਰ ਜਿਸ ਦੌਰ ਦੀ ਅਸੀਂ ਗੱਲ ਕਰ ਰਹੇ ਹਾਂ, ਉਸ ਸਮੇਂ ਵਿੱਚ ਧਰਮ ਪਤਨ ਦੀ ਸਥਿਤੀ ਵਿੱਚ ਹੋਣ ਕਰਕੇ ਚੰਗੀ, ਜਨਤਕ ਜਾਂ ਨਿੱਜੀ ਏਜੰਸੀ ਨਹੀਂ ਰਿਹਾ ਸੀ। ਸਿੱਖ ਗੁਰੂ ਸਾਹਿਬਾਨ ਦੀਆਂ ਮਹਾਨ ਸਿੱਖਿਆਵਾਂ ਨੂੰ ਜਾਂ ਤਾਂ ਵਿਸਾਰ ਦਿੱਤਾ ਗਿਆ ਸੀ ਜਾਂ ਅਣਡਿੱਠ ਕੀਤਾ ਜਾ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਧਾਰਤ ਰਹਿਤ ਮਰਯਾਦਾ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਸੀ। ਇੱਥੇ ਤੇ ਉੱਥੇ ਕੁਝ ਅਪਵਾਦ ਹੋ ਸਕਦੇ ਹਨ, ਪਰ ਵੱਡੇ ਪੱਧਰ 'ਤੇ ਲੋਕਾਂ ਨੂੰ ਸੋਢੀਆਂ ਅਤੇ ਬੇਦੀਆਂ (ਗੁਰੂਆਂ ਦੇ ਵੰਸ਼ ਦੇ ਵਾਰਸ) ਦੁਆਰਾ ਗੁੰਮਰਾਹ ਕੀਤਾ ਜਾ ਰਿਹਾ ਸੀ, ਜੋ ਆਪਣੇ ਗੁਰੂਡੰਮ ਸਥਾਪਤ ਕਰਨ ਲਈ ਗੰਭੀਰਤਾ ਨਾਲ ਰੁੱਝੇ ਹੋਏ ਸਨ। ਇਸ ਬਾਰੇ ਲਿਖਦੇ ਹੋਏ ਡਾ: ਗੰਡਾ ਸਿੰਘ[1] ਕਹਿੰਦੇ ਹਨ: "ਕਈ ਸੋਢੀਆਂ ਅਤੇ ਬੇਦੀਆਂ ਨੇ ਆਪੋ-ਆਪਣੇ ਸਥਾਨਾਂ 'ਤੇ ਆਪਣੇ ਆਪ ਨੂੰ ਗੁਰੂ ਬਣਾ ਲਿਆ ਸੀ। ਕਈ ਹੋਰ ਦਿਨ-ਪ੍ਰਤੀ-ਦਿਨ ਉਹੀ ਕੁਝ

---

1. ਗੰਡਾ ਸਿੰਘ, *ਕੂਕਿਆਂ ਦੀ ਵਿੱਥਿਆ*, ਪੰਨਾ 36

ਕਰ ਰਹੇ ਸਨ, ਜਿਨ੍ਹਾਂ ਦਾ ਇੱਕੋ-ਇੱਕ ਉਦੇਸ਼ ਵੱਧ ਤੋਂ ਵੱਧ ਪੈਰੋਕਾਰਾਂ ਦੁਆਰਾ ਆਪਣੀ ਪੂਜਾ ਕਰਵਾਉਣਾ ਹੁੰਦਾ ਸੀ। ਇਹ ਸਭ ਕੁਝ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਦੇ ਉਲਟ ਸੀ ਅਤੇ ਹੌਲੀ-ਹੌਲੀ ਇਸ ਨੂੰ ਕਮਜ਼ੋਰ ਕਰ ਰਿਹਾ ਸੀ।''

ਇਸ ਤੋਂ ਇਲਾਵਾ ਲੋਕ ਬਹੁਤ ਸਾਰੇ ਦੇਵਤਿਆਂ, ਦੇਵੀਆਂ, ਕਬਰਾਂ, ਮਕਬਰਿਆਂ, ਰੁੱਖਾਂ, ਸੱਪਾਂ ਦੀ ਪੂਜਾ ਕਰਨ ਦੇ ਚੱਕਰਾਂ 'ਚ ਪੈ ਰਹੇ ਸਨ। ਸਖੀ ਸਰਵਰ, ਨਿਗਾਹਾ, ਸ਼ੇਖ ਹੈਦਰ, ਪੀਰ ਬਹਿਨੋਈ, ਭੈਰੋਂ ਤੇ ਗੁੱਗਾ ਦੀ ਵਿਸ਼ੇਸ਼ ਪੂਜਾ ਬਹੁਤ ਮਸ਼ਹੂਰ ਸੀ। ਇਸੇ ਤਰ੍ਹਾਂ ਸਮਾਧਾਂ, ਮਜ਼ਾਰਾਂ[1] ਤੇ ਕਬਰਾਂ ਦੇ ਦਰਸ਼ਨਾਂ ਅਤੇ ਚੜ੍ਹਾਵੇ ਵੀ ਆਮ ਚੜ੍ਹਦੇ ਸਨ। ਹਿੰਦੂਆਂ ਦੇ ਪੁਜਾਰੀ ਵਰਗ ਤਦ ਬਹੁਤ ਸਰਗਰਮ ਸਨ, ਕਿਉਂਕਿ ਇਹ ਉਹਨਾਂ ਲਈ ਲੋਕਾਂ ਦੇ ਸਧਾਰਨ ਮਨਾਂ ਦਾ ਸ਼ੋਸ਼ਣ ਕਰਨ ਦਾ ਸੁਨਹਿਰੀ ਮੌਕਾ ਸੀ। ਮਹਿੰਗੇ ਅਤੇ ਅਰਥਹੀਣ ਕਰਮ-ਕਾਂਡਾਂ ਦੀ ਪਾਲਣਾ ਉੱਤੇ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਸੀ। ਸਿੱਖਾਂ ਦੇ ਗੁਰਦੁਆਰਾ ਸਾਹਿਬਾਨ ਨੂੰ ਉਨ੍ਹਾਂ ਦੇ ਨਿਗਰਾਨਾਂ ਭਾਵ ਮਹੰਤਾਂ ਨੇ ਆਪਣੀਆਂ ਪਰਿਵਾਰਕ ਜਾਇਦਾਦਾਂ ਵਿੱਚ ਤਬਦੀਲ ਕਰ ਕੇ ਰੱਖ ਦਿੱਤਾ ਸੀ। ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਆਦਰਸ਼ ਮਨੁੱਖੀ ਚਾਲ-ਚਲਣ ਅਤੇ ਰਹਿਣ-ਸਹਿਣ ਦੀ ਸਮਾਨਤਾ ਦੇ ਨਮੂਨੇ ਰੱਖਣਗੇ ਪਰ ਅਸਲ ਵਿੱਚ ਉਹ ਮਹੰਤ ਉਨ੍ਹਾਂ ਲੋਕਾਂ ਨਾਲੋਂ ਕਿਤੇ ਜ਼ਿਆਦਾ ਭੈੜੇ ਸਨ, ਜੋ ਉਨ੍ਹਾਂ ਕੋਲੋਂ ਰੂਹਾਨੀ ਰੌਸ਼ਨੀ ਅਤੇ ਦਿਲਾਸਾ ਲੈਣ ਲਈ ਆਉਂਦੇ ਸਨ। ਗੁਰਦੁਆਰਾ ਸਾਹਿਬਾਨ ਦੀ ਵਿਸ਼ਾਲ ਜਾਇਦਾਦ ਤੇ ਆਮਦਨੀ 'ਤੇ ਕਿਉਂਕਿ ਉਨ੍ਹਾਂ ਦਾ ਹੀ ਹੱਕ ਹੁੰਦਾ ਸੀ, ਇਸੇ ਲਈ ਬਹੁਤ ਆਸਾਨੀ ਨਾਲ ਉਨ੍ਹਾਂ ਬੁਰਾਈਆਂ ਦੇ ਸ਼ਿਕਾਰ ਹੋ ਜਾਂਦੇ ਸਨ, ਜੋ ਆਮ ਤੌਰ 'ਤੇ ਦੌਲਤ ਦੀ ਬਹੁਤਾਤ ਤੋਂ ਆਉਂਦੀਆਂ ਹਨ। ਇਸ ਸਭ ਦਾ ਇੱਕ ਕੁਦਰਤੀ ਨਤੀਜਾ ਇਹ ਨਿਕਲਿਆ ਕਿ ਲੋਕ ਅਗਿਆਨਤਾ ਅਤੇ ਅੰਧ-ਵਿਸ਼ਵਾਸ ਵਿੱਚ ਫਸ ਗਏ। ਤਦ ਧਰਮ ਪ੍ਰੇਰਿਤ ਕਰਨ, ਉੱਚਾ ਚੁੱਕਣ ਜਾਂ ਸ਼ੁੱਧ ਕਰਨ ਦੀ ਕੋਈ ਤਾਕਤ ਨਹੀਂ ਰਹਿ ਗਿਆ ਸੀ, ਜੋ ਕਿ ਇਸ ਦੇ ਅਸਲ ਕਾਰਜ ਹਨ ਅਤੇ ਹੋਣੇ ਚਾਹੀਦੇ ਹਨ, ਸਗੋਂ ਉਸ ਨੂੰ ਆਤਮਾ ਦੀ ਬਜਾਏ ਰੂਪ ਉਤੇ ਜ਼ੋਰ ਦੇ ਕੇ ਵੱਖੋ-ਵੱਖਰੀਆਂ ਰੀਤਾਂ ਦਾ ਗੁਲਾਮ ਬਣਾ ਦਿੱਤਾ ਸੀ। ਗ਼ੁਲਾਮ ਮਨੁੱਖੀ ਆਤਮਾ ਸਮਾਜਕ ਅਤੇ ਸਿਆਸੀ ਆਚਰਣ ਨੂੰ ਸੇਧ ਦੇਣ ਲਈ ਕੋਈ ਆਦਰਸ਼ ਪ੍ਰਦਾਨ ਨਹੀਂ ਕਰ ਸਕਦੀ ਸੀ। ਅਜਿਹੀ ਸਥਿਤੀ ਵਿੱਚ, ਸਹੀ ਕਿਸਮ ਦੇ ਨੇਤਾਵਾਂ ਦਾ ਹੋਣਾ ਇੱਕ ਅਸਲ ਸਮੱਸਿਆ ਸੀ। ਅਖੌਤੀ ਨੇਤਾ ਖੁਦ ਨੀਵੇਂ ਸਨ, ਨਿੱਕੇ-ਨਿੱਕੇ ਸਵਾਰਥਾਂ ਵਿੱਚ ਫਸੇ ਹੋਏ ਸਨ ਤੇ ਆਪਣੇ-ਆਪ ਨੂੰ ਵਧਾਉਣ ਲਈ ਗੁਪਤ ਸਾਜ਼ਿਸ਼ਾਂ ਵਿੱਚ ਰੁੱਝੇ ਹੋਏ ਸਨ।

ਧਰਮ ਦੇ ਪਤਨ ਦਾ ਸਮਾਜ ਉੱਤੇ ਮਾੜਾ ਅਸਰ ਪਿਆ। ਉਹ ਸਾਰੀਆਂ ਗੰਭੀਰ ਬੁਰਾਈਆਂ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਬਚਾਉਣ ਲਈ ਸਖ਼ਤ

---

1. *ਸਮਾਧਾਂ* – ਹਿੰਦੂ ਮਕਬਰੇ; *ਮਜ਼ਾਰਾਂ* – ਮੁਸਲਿਮ ਮਕਬਰੇ

ਸੰਘਰਸ਼ ਕੀਤਾ ਸੀ, ਸੱਚੀਆਂ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਅਣਹੋਂਦ ਕਾਰਣ ਮੁੜ ਸਿਰ ਚੁੱਕਣ ਲੱਗ ਪਈਆਂ ਸਨ। ਔਰਤਾਂ ਇੱਕ ਵਾਰ ਫਿਰ ਸਮਾਜਿਕ ਜ਼ੁਲਮ ਦੀਆਂ ਸ਼ਿਕਾਰ ਹੋਣ ਲੱਗੀਆਂ ਸਨ। ਇੱਕ ਬੱਚੀ ਦੇ ਜਨਮ ਨੂੰ ਮਾੜਾ ਸ਼ਗਨ ਮੰਨਿਆ ਜਾਂਦਾ ਸੀ ਅਤੇ ਦੇਸ਼ ਵਿੱਚ ਮਾਦਾ ਬੱਚੀ ਦੀ ਹੱਤਿਆ ਵਿਆਪਕ ਪੱਧਰ ’ਤੇ ਪ੍ਰਚਲਿਤ ਸੀ। ਉਨ੍ਹਾਂ ਵਿੱਚੋਂ, ਜੋ ਖ਼ੁਸ਼ਕਿਸਮਤੀ ਨਾਲ ਬਚ ਜਾਂਦੀਆਂ ਸਨ, ਉਹ ਬਾਲ ਵਿਆਹ ਦੇ ਅਣਮਨੁੱਖੀ ਅਤੇ ਗੈਰ-ਕੁਦਰਤੀ ਵਰਤਾਰੇ ਦੀ ਭੇਟ ਚੜ੍ਹ ਜਾਂਦੀਆਂ ਸਨ। ਜੇ ਬਦਕਿਸਮਤੀ ਨਾਲ ਇਨ੍ਹਾਂ ਬਾਲ-ਵਹੁਟੀਆਂ ਦੇ ਪਤੀ ਕਿਸੇ ਕਾਰਣ ਅਕਾਲ ਚਲਾਣਾ ਕਰ ਜਾਂਦੇ ਸਨ, ਤਾਂ ਉਨ੍ਹਾਂ ਨੂੰ ਮ੍ਰਿਤਕ ਪਤੀਆਂ ਦੀਆਂ ਚਿਖਾਵਾਂ ’ਤੇ ਆਤਮਦਾਹ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ[1]। ਜੇ ਉਹ ਅਜਿਹਾ ਨਹੀਂ ਕਰਨਾ ਚਾਹੁੰਦੀਆਂ ਸਨ, ਤਾਂ ਉਨ੍ਹਾਂ ਨੂੰ ਸਾਰੀ ਉਮਰ ਵਿਧਵਾਪਣ ਆਪਣੇ ਪਿੰਡੇ ’ਤੇ ਹੰਢਾਉਣਾ ਪੈਂਦਾ ਸੀ। ਇੱਕ ਵਿਧਵਾ ਹਰ ਪਾਸੇ ਨਫ਼ਰਤ ਦੀ ਪਾਤਰ ਸਮਝੀ ਜਾਂਦੀ ਸੀ ਤੇ ਉਹ ਕਿਸੇ ਹਮਦਰਦੀ ਦੀ ਹੱਕਦਾਰ ਨਹੀਂ ਹੁੰਦੀ ਸੀ ਅਤੇ ਨਾ ਹੀ ਉਸ ਨਾਲ ਕੋਈ ਹਮਦਰਦੀ ਪ੍ਰਗਟਾਉਂਦਾ ਸੀ। ਔਰਤਾਂ ਨੂੰ ਪਸ਼ੂ ਵਾਂਗ ਹੀ ਸਮਝਿਆ ਜਾਂਦਾ ਸੀ, ਜਿਨ੍ਹਾਂ ਨੂੰ ਪਸ਼ੂਆਂ ਵਾਂਗ ਵੇਚਿਆ ਜਾਂ ਬਦਲਿਆ ਜਾ ਸਕਦਾ ਸੀ, ਵੱਟੇ ਦੇ ਜਾਂ ਵਟਾਂਦਰੇ ਭਾਵ ਆਦਾਨ-ਪ੍ਰਦਾਨ ਦੇ ਵਿਆਹ ਅਤੇ ਲਾੜੀਆਂ ਦੀ ਵਿਕਰੀ ਦਾ ਰਿਵਾਜ ਲੋਕਾਂ ’ਚ ਆਮ ਸੀ। ਉੱਚ ਵਰਗਾਂ ਵਿੱਚ, ਜਿੱਥੇ ਪਤਨੀਆਂ ਦੀ ਘਾਟ ਕੋਈ ਮੁਸ਼ਕਲ ਨਹੀਂ ਸੀ, ਉੱਥੇ ਵੀ ਵਿਧਵਾ ਅਤੇ ਸਤੀ ਦੀਆਂ ਭੈੜੀਆਂ ਰੀਤਾਂ ਨੇ ਆਪਣੀਆਂ ਜੜ੍ਹਾਂ ਡੂੰਘੀਆਂ ਫੈਲਾਈਆਂ ਹੋਈਆਂ ਸਨ। ਔਰਤਾਂ ਜਿਵੇਂ ਖ਼ਤਰਨਾਕ ਚੀਜ਼ਾਂ ਹੋਣ, ਜਿਨ੍ਹਾਂ ਨੂੰ ਘਰ ਦੀ ਚਾਰ-ਦੀਵਾਰੀ ਦੇ ਅੰਦਰ ਪਰਦੇ ਹੇਠ ਲੁਕਾ ਕੇ ਰੱਖਣਾ ਚਾਹੀਦਾ ਸੀ। ਪਰ ਜੇ ਔਰਤਾਂ ਦੀ ਹਾਲਤ ਬਹੁਤ ਭਿਆਨਕ ਸੀ ਤਾਂ ਹੇਠਲੇ ਵਰਗਾਂ ਦੇ ਲੋਕਾਂ ਦੀ ਹਾਲਤ ਵੀ ਕੋਈ ਬਿਹਤਰ ਨਹੀਂ ਸੀ, ਜਿਨ੍ਹਾਂ ਨੂੰ ਅਛੂਤ ਵਜੋਂ ਨਿੰਦਿਆ ਅਤੇ ਨਫ਼ਰਤ ਕੀਤੀ ਜਾਂਦੀ ਸੀ। ਇਸ ਸਭ ਲਈ ਜ਼ਿੰਮੇਵਾਰ ਸਖ਼ਤ ਤੇ ਖ਼ਾਨਦਾਨੀ ਜਾਤ ਪ੍ਰਣਾਲੀ ਸੀ, ਜਿਸ ਨੇ ਸਮਾਜਿਕ ਸਵੈਮਾਣ ਦੀ ਝੂਠੀ ਭਾਵਨਾ ਨੂੰ ਜਨਮ ਦੇਣ ਦੇ ਨਾਲ-ਨਾਲ ਸਮਾਜਿਕ ਰਿਸ਼ਤਿਆਂ ਵਿੱਚ ਵੀ ਵਿਲੱਖਣਤਾ ਪੈਦਾ ਕਰ ਦਿੱਤੀ ਸੀ, ਸਮਾਜਕ ਢਾਂਚੇ ਨੂੰ ਵਿਗਾੜ ਦਿੱਤਾ ਸੀ ਅਤੇ ਸਭ ਤੋਂ ਮਾੜੀ ਗੱਲ ਇਹ ਸੀ ਕਿ ਆਬਾਦੀ ਦੇ ਵੱਡੇ ਹਿੱਸੇ ਨੂੰ ਜੀਵਨ ਭਰ ਲਈ ਸਦੀਵੀ ਅਧੀਨਗੀ ਅਤੇ ਗੁਲਾਮੀ ’ਚ ਝੋਕ ਦਿੱਤਾ ਸੀ। ਜੇ ਹੇਠਲੇ ਵਰਗਾਂ ਨੂੰ ਨਫ਼ਰਤ ਕੀਤੀ ਜਾਂਦੀ ਸੀ, ਤਾਂ ਉੱਚ ਵਰਗ ਘਿਨਾਉਣੇ ਸਨ। ਉਨ੍ਹਾਂ ਨੂੰ ਕੋਈ ਸਮਾਜਿਕ ਜ਼ੁਲਮ ਜਾਂ ਅੰਗਹੀਣਤਾ ਦਾ ਸਾਹਮਣਾ ਨਹੀਂ ਕਰਨਾ ਪਿਆ, ਉਨ੍ਹਾਂ ਕੋਲ ਸਮਾਜਿਕ ਦਰਜੇਬੰਦੀ ਵਿੱਚ ਕੋਈ ਉੱਚ ਅਧਿਕਾਰੀ ਨਹੀਂ ਸੀ ਅਤੇ ਉਹ ਆਪਣੀਆਂ ਬੁਰੀਆਂ ਆਦਤਾਂ ਦੇ ਗੁਲਾਮ ਸਨ। ਉਨ੍ਹਾਂ ਕੋਲ ਬੇਸ਼ੁਮਾਰ ਦੌਲਤ ਸੀ ਅਤੇ ਉਹ ਐਸ਼ੋ-ਆਰਾਮ ਨਾਲ ਰਹਿੰਦੇ ਸਨ। ਸ਼ਰਾਬ ਦੀ ਵਿਆਪਕ ਵਰਤੋਂ,

1. ਭਾਵੇਂ ਬ੍ਰਿਟਿਸ਼ ਹਾਕਮਾਂ ਨੇ ਪੰਜਾਬ ’ਚ ਸਤੀ ਪ੍ਰਥਾ ਦਾ ਕਾਨੂੰਨੀ ਖ਼ਾਤਮਾ ਕਰ ਦਿੱਤਾ ਸੀ।

ਪਤਨੀਆਂ ਦੀ ਬਹੁਲਤਾ, ਵੇਸਵਾਵਾਂ ਰੱਖਦੇ ਸਨ ਅਤੇ ਅਸ਼ੁੱਧ ਘਰੇਲੂ ਜੀਵਨ ਹੀ ਕੁਝ ਸਮਾਜਕ ਬੁਰਾਈਆਂ ਸਨ ਜਿਨ੍ਹਾਂ ਕਰਕੇ ਉਹ ਪੀੜਤ ਸਨ।

ਧਾਰਮਿਕ ਅਤੇ ਸਮਾਜਕ ਨਿਘਾਰ ਨੇ ਰਾਜਨੀਤਿਕ ਜੀਵਨ ਦੀ ਜੀਵਨ-ਸ਼ਕਤੀ ਅਤੇ ਸੁਚੱਜੇ ਪ੍ਰਵਾਹ ਨੂੰ ਪ੍ਰਭਾਵਿਤ ਕੀਤਾ। ਹਾਕਮ ਜਮਾਤ ਦਾ ਗਠਨ ਕਰਨ ਵਾਲੇ ਮੁਖੀਆਂ ਨੇ ਇਤਿਹਾਸ, ਵਿਰਾਸਤ ਅਤੇ ਮਿਸ਼ਨ ਦੀ ਸਾਰੀ ਸਮਝ ਗੁਆ ਦਿੱਤੀ ਸੀ। ਸੁਆਰਥਾਂ ਵਿਚ ਅੰਨ੍ਹੇ ਹੋ ਕੇ, ਉਹ ਆਪਸੀ ਰੰਜਿਸ਼ਾਂ ਅਤੇ ਸਾਜ਼ਿਸ਼ਾਂ ਦੇ ਉਲਝੇ ਜਾਲ ਵਿਚ ਫਸ ਗਏ ਸਨ, ਜਿੱਥੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਸੀ। ਨਤੀਜਾ ਇਹ ਨਿਕਲਿਆ ਕਿ ਸਿੱਖ ਦਰਬਾਰ ਧੜੇਬੰਦੀ ਦੀ ਰਾਜਨੀਤੀ 'ਚ ਘਿਰ ਗਿਆ। ਜਦੋਂ ਤੱਕ ਮਹਾਰਾਜਾ ਰਣਜੀਤ ਸਿੰਘ ਜਿਊਂਦੇ ਰਹੇ, ਧੜੇਬੰਦੀਆਂ ਹੋਣ ਨਹੀਂ ਸੀ ਦਿੱਤੀਆਂ ਗਈਆਂ। ਪਰ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਵਾਰਸਾਂ ਦੀ ਕਮਜ਼ੋਰੀ ਨੇ ਆਪਸੀ ਸਾਜ਼ਿਸ਼ਾਂ ਤੇ ਬਦਲਾਖੋਰੀਆਂ ਨੂੰ ਹਵਾ ਦੇ ਦਿੱਤੀ ਅਤੇ ਉਨ੍ਹਾਂ ਨੇ ਰਾਜ ਤਬਾਹੀ ਮਚਾ ਦਿੱਤੀ। ਰਾਜ ਤੇ ਸਮਾਜ ਦੇ ਹਿਤ ਸਬੰਧਿਤ ਧੜੇ ਦੇ ਸਮੂਹਾਂ ਅਧੀਨ ਕੀਤੇ ਗਏ ਸਨ।

ਪਰ ਅਸੀਂ ਪਹਾੜੀ ਢਲਾਣ ਤੋਂ ਤੇਜ਼ੀ ਨਾਲ ਹੇਠਾਂ ਜਾਣ ਵਾਲੀਆਂ ਚੀਜ਼ਾਂ ਵਾਂਗ ਅਜਿਹੇ ਹਾਲਾਤ ਦਾ ਮੁਲਾਂਕਣ ਕਿਵੇਂ ਕਰੀਏ? ਇਹ ਇੱਕ ਬਹੁਤ ਹੀ ਗੁੰਝਲਦਾਰ ਸਵਾਲ ਹੈ ਜਿਸ ਦਾ ਜਵਾਬ ਕਿਸੇ ਇੱਕ ਨੁਕਤੇ ਨਾਲ ਨਹੀਂ ਦਿੱਤਾ ਜਾ ਸਕਦਾ। ਭਾਵੇਂ, ਜਿੱਥੋਂ ਤੱਕ ਸਿੱਖਾਂ ਦਾ ਸਬੰਧ ਹੈ, ਉਨ੍ਹਾਂ ਦੀ ਚੋਖੀ ਵਿਆਖਿਆ 18ਵੀਂ ਸਦੀ ਦੇ ਦੂਜੇ ਅੱਧ ਦੌਰਾਨ ਇੱਕ ਸਿਆਸੀ ਸ਼ਕਤੀ ਦੇ ਰੂਪ ਵਿੱਚ ਉਨ੍ਹਾਂ ਦੇ ਉਭਰਨ ਤੋਂ ਬਾਅਦ ਨਿਕਲਣ ਵਾਲੇ ਨਤੀਜਿਆਂ 'ਚ ਪਾਈ ਜਾ ਸਕਦੀ ਹੈ। ਬਿਨਾਂ ਸ਼ੱਕ, ਸਿਆਸੀ ਸ਼ਕਤੀ ਦੀ ਪ੍ਰਾਪਤੀ ਨੇ ਉਨ੍ਹਾਂ ਨੂੰ ਪੂਰਤੀ ਅਤੇ ਪ੍ਰਾਪਤੀ ਦੀ ਭਾਵਨਾ ਪ੍ਰਦਾਨ ਕੀਤੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਯੋਗ ਅਤੇ ਪ੍ਰੇਰਿਤ ਅਗਵਾਈ ਹੇਠ ਬਾਅਦ ਵਿੱਚ ਇੱਕ ਸ਼ਕਤੀਸ਼ਾਲੀ ਰਾਜ ਦੀ ਉਸਾਰੀ ਲਈ ਲੋੜੀਂਦਾ ਮਾਹੌਲ ਪੈਦਾ ਕੀਤਾ। ਪਰ ਇਸ ਦੇ ਨਾਲ ਹੀ ਇਸ ਨੇ ਉਨ੍ਹਾਂ ਲਈ ਨਿੱਜੀ ਲਾਲਸਾਵਾਂ ਦੇ ਵੱਡੇ ਦ੍ਰਿਸ਼ ਖੋਲ੍ਹ ਦਿੱਤੇ। ਇਹ ਪ੍ਰਕਿਰਿਆ ਮਿਸਲਦਾਰਾਂ ਦੇ ਅਧੀਨ ਸ਼ੁਰੂ ਹੋਈ ਅਤੇ ਖਾਲਸਾ ਰਾਜ ਦੇ ਵਿਸਤਾਰ ਦੇ ਨਾਲ ਜ਼ੋਰ ਫੜ ਗਈ। ਮਹਾਰਾਜਾ ਰਣਜੀਤ ਸਿੰਘ ਦੁਆਰਾ ਉਨ੍ਹਾਂ ਨੂੰ ਜਗੀਰਾਂ, ਵਿਸ਼ੇਸ਼ ਅਧਿਕਾਰਾਂ ਅਤੇ ਉੱਚੇ ਅਹੁਦਿਆਂ ਦੀ ਬਖ਼ਸ਼ਿਸ਼ ਨੇ ਉਨ੍ਹਾਂ ਦੀ ਮਿਸ਼ਨ ਦੀ ਭਾਵਨਾ ਨੂੰ ਖੋਖਲਾ ਕਰ ਦਿੱਤਾ ਅਤੇ ਉਹਨਾਂ ਦੇ ਦਿਲਾਂ ਵਿੱਚ ਸ਼ਰਾਬ, ਔਰਤਾਂ ਅਤੇ ਦੌਲਤ ਦਾ ਅਥਾਹ ਪਿਆਰ ਪੈਦਾ ਕਰ ਦਿੱਤਾ। ਨਾਮਧਾਰੀ ਇਤਿਹਾਸ ਦੇ ਲਿਖਾਰੀ ਨਾਹਰ ਸਿੰਘ ਨੇ ਇਸ ਸਥਿਤੀ ਨੂੰ ਬੇਹੱਦ ਖ਼ੂਬਸੂਰਤੀ ਨਾਲ ਕੁਝ ਇੰਝ ਬਿਆਨ ਕੀਤਾ ਹੈ[1]:

"ਰਾਤੋ-ਰਾਤ ਗ਼ਰੀਬ ਸਿੱਖ ਸਿਪਾਹੀ ਜਾਗੀਰਦਾਰ ਬਣ ਗਏ ਸਨ। ਉਹਨਾਂ ਵਿਚੋਂ ਕੁਝ ਦਲੇਰ ਵਿਅਕਤੀ ਕਈ ਪਿੰਡਾਂ ਦੇ ਮਾਲਕ ਬਣ ਕੇ ਸਰਦਾਰ ਬਣ ਗਏ

1. ਭਾਗ 1, ਪੰਨਾ 93

ਸਨ; ਕੁਝ ਹੋਰਾਂ ਨੇ ਤਾਲੁਕਾਂ (ਜ਼ਿਲ੍ਹਿਆਂ) ਉੱਤੇ ਕਬਜ਼ਾ ਕਰ ਲਿਆ ਸੀ ਅਤੇ ਰਾਜੇ ਬਣ ਗਏ ਸਨ। ਇਸ ਖੇਤਰੀ ਤਰੱਕੀ ਦਾ ਪ੍ਰਭਾਵ ਇਹ ਹੋਇਆ ਕਿ ਪੁਰਾਣੇ ਸਿੱਖ ਧਰਮ ਦੇ ਮਿਸ਼ਨਰੀਆਂ ਅਤੇ ਉੱਚ-ਪੁਜਾਰੀਆਂ ਨੇ ਆਪਣੇ ਨੇਕ ਕੰਮ ਨੂੰ ਤਿਆਗ ਦਿੱਤਾ ਅਤੇ ਖ਼ੁਦ ਨੂੰ ਪੂਰੀ ਤਰ੍ਹਾਂ ਆਪਣੀਆਂ ਨਵੀਆਂ ਗ੍ਰਹਿਣ ਕੀਤੀਆਂ ਚੀਜ਼ਾਂ ਦੇ ਪ੍ਰਬੰਧ ਲਈ ਸਮਰਪਿਤ ਕਰ ਦਿੱਤਾ।

"ਆਪਣੀ ਵਿਸ਼ਾਲ ਦੌਲਤ ਦੇ ਸਾਧਨਾਂ ਰਾਹੀਂ ਉਨ੍ਹਾਂ ਨੂੰ ਵੱਧ ਤੋਂ ਵੱਧ ਅਨੰਦ ਉਪਲਬਧ ਕਰਾਉਣ ਦੇ ਉਦੇਸ਼ ਨਾਲ, ਲਗਭਗ ਸਾਰੇ ਨਵੇਂ ਜਗੀਰਦਾਰਾਂ, ਸਰਦਾਰਾਂ ਅਤੇ ਰਾਜਿਆਂ ਨੇ ਸ਼ਰਾਬ ਪੀਣ, ਪਤਨੀਆਂ ਦੀ ਬਹੁਲਤਾ, ਸਰਪ੍ਰਸਤੀ, ਮੁਸਲਮਾਨ ਨਵਾਬਾਂ ਦੇ ਤਰੀਕੇ ਨਾਲ, ਵੇਸਵਾਵਾਂ, ਨੱਚਣ ਵਾਲੀਆਂ ਕੁੜੀਆਂ, ਮਰਾਸੀਆਂ, ਡੂੰਮਾਂ, ਡਫਲਾਂ, ਭੰਡਾਂ ਨੂੰ ਅਤੇ ਭੜੂਏ ਆਪਣੀ ਸੇਵਾ 'ਚ ਰੱਖਣ ਦੀਆਂ ਆਦਤਾਂ ਪਾਲ਼ ਲਈਆਂ ਸਨ।

ਸਿੱਖਾਂ ਦੀ ਹਾਲਤ ਬਹੁਤ ਬਿਹਤਰ ਸੀ। ਉਨ੍ਹਾਂ ਦੇ ਦਿਲਾਂ ਵਿੱਚ ਹਾਲੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਂਝੇ ਆਦਰਸ਼ ਦੀ ਅੱਗ ਬਲ਼ਦੀ ਸੀ। ਇਹਨਾਂ ਦੋ ਜਮਾਤਾਂ, ਜ਼ਿਮੀਂਦਾਰਾਂ ਅਤੇ ਆਮ ਲੋਕਾਂ ਦੇ ਦ੍ਰਿਸ਼ਟੀਕੋਣ ਤੇ ਵਿਵਹਾਰ ਵਿਚਲਾ ਫ਼ਰਕ ਬਾਅਦ ਵਿੱਚ ਅੰਗ੍ਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਈਆਂ ਦੋ ਜੰਗਾਂ ਦੌਰਾਨ ਸਾਹਮਣੇ ਆਇਆ ਸੀ, ਤਦ ਜ਼ਿਮੀਂਦਾਰਾਂ ਨੇ ਸਾਜ਼ਿਸ਼ਾਂ ਰਚੀਆਂ ਅਤੇ ਵਿਸ਼ਵਾਸਘਾਤ ਕੀਤੇ ਸਨ ਅਤੇ ਆਮ ਲੋਕਾਂ ਨੇ ਮਾਤਭੂਮੀ ਨੂੰ ਬਚਾਉਣ ਦੀ ਕੋਸ਼ਿਸ਼ 'ਚ ਆਪਣੀਆਂ ਜਾਨਾਂ ਵਾਰੀਆਂ ਸਨ। ਖ਼ਾਸ ਤੌਰ 'ਤੇ ਇਨ੍ਹਾਂ ਜੰਗਾਂ ਨਾਲ ਜੁੜੇ ਹੋਏ ਸਾਰੇ ਸਮਕਾਲੀ ਨਿਰੀਖਕ ਜਾਂ ਨਿਗਰਾਨ ਉਨ੍ਹਾਂ ਦੀ ਬਹਾਦਰੀ ਅਤੇ ਉਹਨਾਂ ਦੇ ਸੁਤੰਤਰ ਸ਼ਾਸਨ ਪ੍ਰਤੀ ਸ਼ਰਧਾ ਦੀ ਭਾਵਨਾ ਤੋਂ ਡੂੰਘੇ ਪ੍ਰਭਾਵਿਤ ਹੋਏ ਸਨ। ਅਤੇ ਫਿਰ ਵੀ ਇਹ ਆਮ ਲੋਕ ਵੀ, (ਬੇਸ਼ੱਕ ਉਹ ਸਾਰੇ ਨਹੀਂ) ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਹੌਲੀ-ਹੌਲੀ ਦੂਰ ਹੁੰਦੇ ਜਾ ਰਹੇ ਸਨ। ਇਹ ਕਈ ਵਾਰ ਉਨ੍ਹਾਂ ਦੇ ਅਜੀਬ ਵਿਵਹਾਰ ਨੂੰ ਦਰਸਾਉਂਦਾ ਹੈ, ਜਿਸ ਨੂੰ ਕੁਝ ਲੋਕ ਮਜ਼ਾਕ 'ਚ ਬੁਰਛਾ-ਗਰਦੀ ਕਹਿੰਦੇ ਹਨ।

ਇਸ ਸਥਿਤੀ ਵਿੱਚ ਖ਼ਤਰਾ ਮਹਿਸੂਸ ਕਰਦਿਆਂ, ਕੁਝ ਸੰਵੇਦਨਸ਼ੀਲ ਤੇ ਨਿਰਲੇਪ ਮਨਾਂ ਨੇ ਚਿੰਤਾ ਮਹਿਸੂਸ ਕੀਤੀ ਅਤੇ ਗਲਤ ਰੁਝਾਨਾਂ ਨੂੰ ਠੀਕ ਕਰਨ ਦੇ ਯਤਨ ਕੀਤੇ ਜਾਣ ਲੱਗੇ। ਇਸ ਸਬੰਧ ਵਿਚ ਕੁਝ ਲਾਭਦਾਇਕ ਕੰਮ ਨਿਰੰਕਾਰੀ ਲਹਿਰ ਦੇ ਬਾਨੀ ਬਾਬਾ ਦਿਆਲ, ਭਗਤ ਜਵਾਹਰ ਮੱਲ ਅਤੇ ਬਾਬਾ ਰਾਮ ਸਿੰਘ ਜੀ ਦੇ ਰੂਹਾਨੀ-ਗੁਰੂ ਬਾਬਾ ਬਾਲਕ ਸਿੰਘ ਵੱਲੋਂ ਕੀਤੇ ਗਏ ਸਨ। ਉਂਝ, ਸਮਾਜ ਉੱਤੇ ਇਨ੍ਹਾਂ ਸਾਰੇ ਯਤਨਾਂ ਦਾ ਬੱਝਵਾਂ ਪ੍ਰਭਾਵ ਬਹੁਤਾ ਨਹੀਂ ਪਿਆ ਅਤੇ ਨਿਘਾਰ ਪਹਿਲਾਂ ਵਾਂਗ ਹੀ ਜਾਰੀ ਰਿਹਾ; ਸਗੋਂ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਅਰਾਜਕਤਾ ਦੇ ਦਿਨਾਂ ਵਿੱਚ ਇਸ ਨੇ ਤੇਜ਼ੀ ਫੜੀ। ਖ਼ਾਲਸਾ ਰਾਜ ਦੇ ਅੰਦਰੂਨੀ ਮਤਭੇਦਾਂ ਨੇ ਖ਼ੁਦ ਮੌਕੇ ਪ੍ਰਦਾਨ ਕੀਤੇ ਅਤੇ ਬ੍ਰਿਟਿਸ਼ ਸਾਜ਼ਿਸ਼ਾਂ ਆਸਾਨੀ ਨਾਲ ਸਫ਼ਲ

ਹੋ ਸਕੀਆਂ ਸਨ। ਨਤੀਜੇ ਵਜੋਂ ਪੰਜਾਬ ਉਤੇ ਕਬਜ਼ਾ ਹੋ ਗਿਆ ਅਤੇ ਅਜ਼ਾਦੀ ਦਾ ਖ਼ਾਤਮਾ ਹੋ ਗਿਆ।

ਇਸ ਕਬਜ਼ੇ ਤੋਂ ਬਾਅਦ ਕੁਝ ਮਾਮਲਿਆਂ 'ਚ ਹੋਰ ਢਾਹ ਲੱਗੀ, ਜਦੋਂ ਕਿ ਕੁਝ ਹੋਰ ਮਾਮਲਿਆਂ ਵਿੱਚ ਇਸ ਨੂੰ ਵੀ ਉਤਸ਼ਾਹ ਮਿਲਿਆ। ਨਵੇਂ ਸ਼ਾਸਕਾਂ ਨੇ ਖ਼ਾਲਸਾ ਫੌਜ ਨੂੰ ਭੰਗ ਕਰ ਦਿੱਤਾ ਅਤੇ ਸਿੱਖ ਸਿਪਾਹੀਆਂ ਦੀ ਥਾਂ ਗੋਰਖੇ, ਪੂਰਬੀਏ ਅਤੇ ਮੁਸਲਿਮ ਸਿਪਾਹੀਆਂ ਨੇ ਲੈ ਲਈ। ਅੰਦਰਲੇ ਕਿਲ੍ਹੇ ਢਾਹ ਦਿੱਤੇ ਗਏ ਅਤੇ ਲੋਕਾਂ ਤੋਂ ਹਥਿਆਰ ਜ਼ਬਤ ਕਰ ਲਏ ਗਏ। ਜ਼ਮੀਨੀ ਮਾਲੀਏ ਦਾ ਨਵਾਂ ਮੁਲਾਂਕਣ ਕਰਨ ਦਾ ਹੁਕਮ ਦਿੱਤਾ ਗਿਆ ਅਤੇ ਜਨਤਕ ਕੰਮਾਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ। ਇਸੇ ਤਰ੍ਹਾਂ ਅਦਾਲਤਾਂ ਅਤੇ ਸਕੂਲਾਂ ਦੀ ਨਵੀਂ ਪ੍ਰਣਾਲੀ ਦੀ ਸ਼ੁਰੂਆਤ ਲਈ ਪ੍ਰਬੰਧ ਕੀਤੇ ਗਏ ਸਨ।

ਸਪੱਸ਼ਟ ਤੌਰ 'ਤੇ, ਦੇਸ਼ ਤਾਂ ਵੱਸ ਗਿਆ ਸੀ ਪਰ ਨਵੀਂ ਸਿਆਸੀ ਵਿਵਸਥਾ ਦੀ ਆਮਦ ਨੇ ਸਿੱਖ ਕੌਮ ਵਿਚ ਵਿਚਾਰਾਂ ਦੀਆਂ ਦੋ ਆਪਸੀ ਵਿਰੋਧੀ ਧਾਰਾਵਾਂ ਨੂੰ ਸਾਹਮਣੇ ਲੈ ਆਂਦਾ। ਇੱਕ ਪਾਸੇ ਅਜਿਹੇ ਲੋਕ ਸਨ, ਜਿਨ੍ਹਾਂ ਦੇ ਆਪਣੇ ਸੌੜੇ ਹਿੱਤ ਸਨ ਅਤੇ ਉਨ੍ਹਾਂ ਬ੍ਰਿਟਿਸ਼ ਸਰਕਾਰ ਦੀ ਵਡਿਆਈ ਕਰਨੀ ਸ਼ੁਰੂ ਕਰ ਦਿੱਤੀ ਸੀ ਜਾਂ ਜਿਨ੍ਹਾਂ ਨੇ ਨਿਰਾਸ਼ਾ ਜਾਂ ਲਾਚਾਰੀ ਦੀ ਭਾਵਨਾ 'ਤੇ ਕਾਬੂ ਪਾ ਕੇ, ਆਪਣੇ 'ਤੇ ਰਾਜ ਕਰਨ ਲਈ ਆਏ ਨਵੇਂ ਜੇਤੂਆਂ ਪ੍ਰਤੀ ਓਲੰਪੀਅਨ ਉਦਾਸੀਨਤਾ ਦਾ ਰਵੱਈਆ ਅਖ਼ਤਿਆਰ ਕਰ ਲਿਆ ਸੀ। ਇਨ੍ਹਾਂ ਦੂਜਿਆਂ ਵਿੱਚੋਂ ਬਹੁਤ ਸਾਰੇ, ਸ਼ਾਇਦ, ਸਿਰਫ ਆਪਣੇ ਸਮੇਂ ਦੀ ਬੋਲੀ ਲਗਾ ਰਹੇ ਸਨ ਅਤੇ ਅਜਿਹੇ ਕਿਸੇ ਮੌਕੇ ਦਾ ਸਵਾਗਤ ਕਰਨ ਦੀ ਭਾਲ਼ 'ਚ ਸਨ, ਜਦੋਂ ਉਹ ਆਪਣੇ ਆਪ ਨੂੰ ਦੁਬਾਰਾ ਨਵੇਂ ਸਿਰੇ ਤੋਂ ਦੂਜਿਆਂ ਸਾਹਮਣੇ ਸਹੀ ਜਚਾ ਸਕਦੇ ਸਨ। ਪਰ ਇਸ ਦੇ ਨਾਲ ਹੀ ਅਜਿਹੇ ਲੋਕ ਵੀ ਸਨ, ਜਿਨ੍ਹਾਂ ਨੂੰ ਅਧੀਨਗੀ ਦੀ ਇਸ ਬੇਅੰਤ ਜਾਪਦੀ ਜ਼ਿੰਦਗੀ ਨਾਲ ਸਮਝੌਤਾ ਕਰਨਾ ਮੁਸ਼ਕਿਲ ਸੀ। ਉਨ੍ਹਾਂ ਵਿੱਚ ਕੁਝ ਜੋਸ਼ੀਲੀਆਂ ਅਤੇ ਕਦੇ ਕਿਸੇ ਹੇਠਾਂ ਦਬ ਕੇ ਨਾ ਰਹਿਣ ਵਾਲੀਆਂ ਰੂਹਾਂ ਵੀ ਸਨ, ਜੋ ਲਗਾਤਾਰ ਬ੍ਰਿਟਿਸ਼ ਸਰਕਾਰ ਵਿਰੁੱਧ ਬਗ਼ਾਵਤ ਦੇ ਵਿਚਾਰਾਂ ਨੂੰ ਤਰਜੀਹ ਦਿੰਦੀਆਂ ਸਨ। ਉਹੀ ਅਜ਼ਾਦੀ ਦੇ ਮਸ਼ਾਲਚੀ ਸਨ। 1849 'ਚ ਆਪਣੀ ਅਜ਼ਾਦੀ ਖੁੱਸਣ ਦੇ ਨਾਲ-ਨਾਲ ਉਹ ਨਵੇਂ ਪ੍ਰਸ਼ਾਸਨ ਦੀਆਂ ਕੁਝ ਗਤੀਵਿਧੀਆਂ ਤੋਂ ਘਬਰਾ ਵੀ ਗਏ ਸਨ। ਉਦਾਹਰਨ ਵਜੋਂ, ਈਸਾਈ ਮਿਸ਼ਨਰੀਆਂ ਨੇ ਬ੍ਰਿਟਿਸ਼ ਰਾਜਨੀਤਿਕ ਸ਼ਕਤੀ ਨੂੰ ਵਰਤਦਿਆਂ ਪੂਰੇ ਪੰਜਾਬ 'ਤੇ ਕਬਜ਼ਾ ਕਰ ਲਿਆ ਸੀ। ਉਹ ਲੋਕਾਂ ਨੂੰ ਈਸਾਈ ਧਰਮ ਵਿਚ ਤਬਦੀਲ ਕਰਨ ਦੇ ਕੰਮ ਵਿਚ ਪੂਰੀ ਲਗਨ ਨਾਲ ਲੱਗੇ ਹੋਏ ਸਨ ਅਤੇ ਆਪਣੇ ਇਸ ਮੰਤਵ ਨੂੰ ਪ੍ਰਾਪਤ ਕਰਨ ਦੇ ਯਤਨਾਂ ਵਿਚ ਸਾਡੇ ਲੋਕਾਂ ਦੇ ਧਰਮ ਅਤੇ ਸੱਭਿਆਚਾਰ 'ਤੇ ਲਗਾਤਾਰ ਅੰਨ੍ਹੇਵਾਹ ਹਮਲੇ ਕਰ ਰਹੇ ਸਨ। ਇਸ ਗਿਣੀ-ਮਿਥੀ ਧਰਮ ਪਰਿਵਰਤਨ-ਮੁਹਿੰਮ ਨਾਲੋਂ ਕਿਤੇ ਜ਼ਿਆਦਾ ਇਤਰਾਜ਼ਯੋਗ ਗਊਆਂ ਦੀ ਹੱਤਿਆ ਅਤੇ ਗਊ-ਮਾਸ ਦੀ ਵਿਕਰੀ 'ਤੇ ਲੰਬੇ ਸਮੇਂ ਤੋਂ ਲੱਗੀ ਪਾਬੰਦੀ ਨੂੰ ਹਟਾਉਣਾ ਸੀ। ਇਸ ਮੰਤਵ ਲਈ, ਖ਼ਾਸ ਤੌਰ 'ਤੇ ਅੰਮ੍ਰਿਤਸਰ ਵਰਗੇ ਪਵਿੱਤਰ ਸਥਾਨਾਂ 'ਤੇ ਬੁੱਚੜਖਾਨਿਆਂ ਦੀ ਸਥਾਪਨਾ ਨੇ ਬਹੁਤ ਸਾਰੇ ਲੋਕਾਂ ਨੂੰ

ਮਾਸ-ਪੇਸ਼ੀਏ ਬਣਾ ਦਿੱਤਾ ਅਤੇ ਅਜ਼ਾਦੀ ਦੇ ਪਰਵਾਨੇ ਇਨ੍ਹਾਂ ਗੱਲਾਂ ਦੇ ਬਦਲੇ ਲੈਣ ਲਈ ਬੇਸਬਰੇ ਹੋ ਗਏ ਸਨ। ਪਰ ਅਜਿਹੇ ਪਰਵਾਨਿਆਂ ਦੀ ਗਿਣਤੀ ਬਹੁਤ ਹੀ ਸੀਮਤ ਸੀ ਅਤੇ ਬ੍ਰਿਟਿਸ਼ ਸਰਕਾਰ ਦੀ ਨੀਵੀਂ ਨੈਤਿਕਤਾ, ਸੁਸਤੀ, ਉਦਾਸੀਨਤਾ ਅਤੇ ਡਰ ਦੀ ਸਾਧਾਰਨ ਤਸਵੀਰ ਨੂੰ ਕੋਈ ਭੌਤਿਕ ਫ਼ਰਕ ਨਹੀਂ ਪੈਂਦਾ ਸੀ। ਇਸ ਤਸਵੀਰ ਨੂੰ ਉੱਚ ਸਿੱਖ ਵਰਗਾਂ ਵੱਲੋਂ ਹੋਰ ਵੀ ਭਿਆਨਕ ਤੇ ਨਿਰਾਸ਼ਾਜਨਕ ਰੂਪ ਦਿੱਤਾ ਗਿਆ ਸੀ ਕਿਉਂਕਿ ਨਵੇਂ ਸਿਆਸੀ ਆਕਾਵਾਂ ਦੇ ਚਾਪਲੂਸ ਤੇ ਕਠਪੁਤਲੇ ਸਾਹਮਣੇ ਆਉਣ ਲੱਗ ਪਏ ਸਨ। 'ਤਵਾਰੀਖ ਗੁਰੂ ਖ਼ਾਲਸਾ' ਦੇ ਲੇਖਕ ਗਿਆਨ ਸਿੰਘ ਦੇ ਸ਼ਬਦਾਂ ਵਿੱਚ,"ਉਹ ਸਿੱਖ ਜੀਵਨ ਢੰਗ, ਸੱਚ, ਪਿਆਰ ਅਤੇ ਸ਼ੁੱਧਤਾ ਦੇ ਮਾਰਗ ਤੋਂ ਬਹੁਤ ਦੂਰ ਚਲੇ ਗਏ ਸਨ।"[1]

ਬਾਬਾ ਰਾਮ ਸਿੰਘ ਜੀ ਨੇ ਇਸ ਸਥਿਤੀ 'ਤੇ ਕਿਵੇਂ ਪ੍ਰਤੀਕਿਰਿਆ ਪ੍ਰਗਟਾਈ? ਉਨ੍ਹਾਂ ਦਾ ਦ੍ਰਿੜ ਵਿਚਾਰ ਸੀ ਕਿ ਭਾਰਤ ਦੇ ਹੋਰਨਾਂ ਹਿੱਸਿਆਂ ਵਾਂਗ ਪੰਜਾਬ ਵਿਚ ਵੀ ਸਮਾਜ ਦੇ ਨਿਘਾਰ ਅਤੇ ਅਜ਼ਾਦੀ ਦੇ ਖੋਰੇ ਦਾ ਅਸਲ ਕਾਰਨ ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਦਾ ਪਤਨ ਹੈ। ਅੰਗਰੇਜ਼ਾਂ ਦੀਆਂ ਸਾਜ਼ਿਸ਼ਾਂ ਅਤੇ ਦੁਸ਼ਮਣ ਦੇ ਸਾਧਨਾਂ ਦੀ ਉੱਤਮਤਾ ਬਿਨਾਂ ਸ਼ੱਕ ਮਹੱਤਵਪੂਰਨ ਕਾਰਕ ਸਨ, ਪਰ ਫਿਰ ਵੀ ਹੋਰ ਕਾਰਣਾਂ ਦੇ ਮੁਕਾਬਲੇ ਆਜ਼ਾਦ ਖ਼ਾਲਸਾ ਰਾਜ ਦੇ ਪਤਨ ਦੀ ਪ੍ਰਕਿਰਿਆ 'ਚ ਵਧੇਰੇ ਨੁਕਸਾਨ ਅੰਦਰੂਨੀ ਨਿਘਾਰ ਨੇ ਕੀਤਾ। ਫ਼ੌਜੀ ਸੇਵਾ ਦੌਰਾਨ ਉਹ ਅਕਸਰ ਦੂਜਿਆਂ ਦਾ ਧਿਆਨ ਇਸ ਬੇਹੱਦ ਅਹਿਮ ਤੱਥ ਵੱਲ ਖਿੱਚਦੇ ਸਨ। ਉਹ ਆਪਣੇ ਦੇਸ਼-ਵਾਸੀਆਂ ਦੇ ਵਿਵਹਾਰ ਦੇ ਡਿੱਗਦੇ ਮਿਆਰਾਂ ਦੇ ਵੱਡੇ ਆਲੋਚਕ ਸਨ ਤੇ ਉਨ੍ਹਾਂ ਦਾ ਈਮਾਨਦਾਰਾਨਾ ਵਿਸ਼ਵਾਸ ਸੀ ਕਿ ਜਿੰਨਾ ਚਿਰ ਇਨ੍ਹਾਂ ਮਾਪਦੰਡਾਂ ਤੇ ਮਿਆਰਾਂ ਦੇ ਸੁਧਾਰ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ, ਉਨ੍ਹਾਂ ਦੇ ਸ਼ਾਸਨ ਦੇ ਲੰਮਾ ਸਮਾਂ ਜਾਰੀ ਰਹਿਣ ਦੀ ਉਮੀਦ ਦਾ ਕੋਈ ਠੋਸ ਆਧਾਰ ਨਹੀਂ ਰਹਿ ਜਾਂਦਾ। ਜਦੋਂ ਉਨ੍ਹਾਂ ਨੂੰ ਆਪਣੀਆਂ ਅਪੀਲਾਂ, ਆਲੋਚਨਾਵਾਂ ਤੇ ਹਨੇਰੀਆਂ ਭਵਿੱਖਬਾਣੀਆਂ ਦਾ ਕੋਈ ਜਵਾਬ ਨਾ ਮਿਲਿਆ, ਤਾਂ ਉਨ੍ਹਾਂ ਨੂੰ ਇੰਨਾ ਘਿਨਾਉਣਾ ਮਹਿਸੂਸ ਹੋਇਆ ਕਿ ਉਨ੍ਹਾਂ ਨੇ ਫ਼ੌਜੀ ਸੇਵਾ ਨੂੰ ਵੀ ਛੱਡ ਦਿੱਤਾ ਤੇ ਇਸ ਕਾਰਣ ਸਾਹਮਣੇ ਆਉਣ ਵਾਲੇ ਨਤੀਜਿਆਂ ਬਾਰੇ ਵੀ ਨਹੀਂ ਸੋਚਿਆ ਕਿਉਂਕਿ ਉਹ ਤਾਂ ਆਪਣੇ ਰਾਜ ਦੀ ਸੇਵਾ ਲਈ ਫ਼ੌਜ 'ਚ ਭਰਤੀ ਹੋਏ ਸਨ ਤੇ ਉਨ੍ਹਾਂ ਨੂੰ ਇਸ ਸੇਵਾ ਨਾਲ ਪਿਆਰ ਸੀ। ਉਹ ਨੈਤਿਕ ਅਤੇ ਅਧਿਆਤਮਿਕ ਕਦਰਾਂ-ਕੀਮਤਾਂ ਦੇ ਪਤਨ ਦਾ ਕਾਰਣ ਕੁਝ ਉੱਚ ਵਰਗ ਦੇ ਲੋਕਾਂ ਦੇ ਹੱਥਾਂ ਵਿੱਚ ਦੌਲਤ ਅਤੇ ਤਾਕਤ ਦਾ ਆਉਣਾ ਸੀ। ਇਹ ਵਿਗਾੜ ਕੋਈ ਅਜਿਹਾ ਵਰਤਾਰਾ ਨਹੀਂ ਸੀ, ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅਚਾਨਕ ਆਪਣਾ ਰੂਪ ਧਾਰਨ ਕਰ ਗਿਆ ਸੀ। ਅਸਲ ਵਿੱਚ, ਇਹ ਉਦੋਂ ਤੋਂ ਹੀ ਚੱਲ ਰਿਹਾ ਸੀ ਜਦੋਂ ਤੋਂ ਮਿਸਲਾਂ ਦੇ ਪ੍ਰਸਿੱਧ ਨੇਤਾਵਾਂ ਨੇ, ਸਿੱਖ ਪਰਜਾ-ਤੰਤਰ ਲਈ ਆਪਣਾ ਪੁਰਾਣਾ ਸਮਰਪਣ ਜਾਰੀ ਰੱਖਣ ਦੀ ਥਾਂ ਆਪਣੇ ਖ਼ੁਦ ਦੇ ਸੌੜੇ ਹਿੱਤਾਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਸੀ। ਮਹਾਰਾਜਾ ਰਣਜੀਤ ਸਿੰਘ

1. ਸੰਤ ਨਿਧਾਨ ਸਿੰਘ ਆਲਮ ਦੀ *'ਜੁੱਗ ਪਲਟਾਊ ਸਤਿਗੁਰੂ'* ਦੇ ਪੰਨਾ 23 'ਤੇ ਉਧ੍ਰਿਤ

ਨੇ ਖ਼ੁਦ ਹੀ ਜਗੀਰਦਾਰਾਂ ਜਾਂ ਸ਼ਾਹੀ ਕਿਸਮ ਦੇ ਜ਼ਿਮੀਂਦਾਰਾਂ ਦੀ ਇੱਕ ਤਾਕਤਵਰ ਤੇ ਵੱਡੀ ਗਿਣਤੀ ਵਾਲੀ ਇੱਕ ਜਮਾਤ ਪੈਦਾ ਕਰ ਦਿੱਤੀ ਸੀ।

ਇਸ ਬਿਮਾਰੀ ਦਾ ਕੀ ਇਲਾਜ ਸੀ? ਆਖ਼ਰ ਇਸ ਨਿਘਾਰ ਦੀ ਪ੍ਰਕਿਰਿਆ ਨੂੰ ਕਿਵੇਂ ਰੋਕਿਆ ਜਾ ਸਕਦਾ ਸੀ ਅਤੇ ਇੱਕ ਜੀਵਨ ਦੇਣ ਵਾਲੀ, ਪੁਨਰ-ਸੁਰਜੀਤੀ ਅਤੇ ਪ੍ਰੇਰਨਾਦਾਇਕ ਸਮਾਜਿਕ ਸ਼ਕਤੀ ਵਿੱਚ ਕਿਵੇਂ ਬਦਲਿਆ ਜਾ ਸਕਦਾ ਸੀ? ਇਸ ਲਈ ਬਾਬਾ ਰਾਮ ਸਿੰਘ ਜੀ ਗੁਰੂ ਸਾਹਿਬਾਨ, ਖ਼ਾਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਲੀਕੇ ਗਏ ਮਹਾਨ ਮਾਰਗ ਤੋਂ ਬਿਹਤਰ ਹੋਰ ਕੁਝ ਨਹੀਂ ਸੋਚ ਸਕਦੇ ਸਨ। ਇਹ ਇਸ ਕਰਕੇ ਨਹੀਂ ਸੀ ਕਿ ਮੁਗ਼ਲ ਸਾਮਰਾਜ ਦੀ ਸ਼ਕਤੀਸ਼ਾਲੀ ਇਮਾਰਤ ਬੰਦਾ ਸਿੰਘ ਵੱਲੋਂ ਹਿਲਾ ਕੇ ਰੱਖ ਦਿੱਤੀ ਗਈ ਸੀ ਜਾਂ ਲਾਹੌਰ ਦੇ ਮੁਗ਼ਲ ਸੂਬੇਦਾਰਾਂ ਵੱਲੋਂ ਸਿੱਖਾਂ ਨੂੰ ਇੱਕ ਭਾਈਚਾਰੇ ਵਜੋਂ ਕੁਚਲਣ ਲਈ ਵਰਤੇ ਗਏ ਸਾਰੇ ਸਾਧਨ - ਜਿਵੇਂ ਕਿ ਅਣਗਿਣਤ ਜ਼ਾਲਮ ਫਾਂਸੀਆਂ, ਬੇਰਹਿਮ ਜ਼ੁਲਮ, ਲੁਭਾਉਣੇ ਇਨਾਮ, ਵਹਿਸ਼ੀ ਗੈਰ-ਕਾਨੂੰਨੀ ਉਪਾਅ ਨਵਾਬਸ਼ਾਹੀਆਂ ਅਤੇ ਜਗੀਰਾਂ ਦੇ ਲਾਲਚ ਨਾਲ ਬਦਲਦੇ ਹੋਏ, ਅਤੇ ਖ਼ੂਨ ਨਾਲ ਲੱਥਪੱਥ ਘੱਲੂਘਾਰੇ (ਕਤਲੇਆਮ) - ਨਾ ਸਿਰਫ ਉਨ੍ਹਾਂ ਦੇ ਦਿਲਾਂ ਵਿੱਚ ਅਜ਼ਾਦੀ ਦੀ ਲਾਟ ਨੂੰ ਬੁਝਾਉਣ ਵਿੱਚ ਅਸਫਲ ਰਹੇ, ਸਗੋਂ ਦੁਸ਼ਮਣ ਦੀ ਸ਼ਕਤੀ ਨੂੰ ਖ਼ਤਮ ਕਰਨ ਦਾ ਉਨ੍ਹਾਂ ਦਾ ਸੰਕਲਪ ਹੋਰ ਮਜ਼ਬੂਤ ਹੁੰਦਾ ਚਲਾ ਗਿਆ ਅਤੇ ਉਹ ਆਪਣੇ ਨਿਯਮਾਂ ਨੂੰ ਬਦਲਣ ਲਈ ਵੀ ਸੇਧਤ ਹੋਏ। ਫਿਰ, ਕੀ ਇਹ ਇਸ ਕਾਰਨ ਨਹੀਂ ਸੀ ਕਿ ਸਿੱਖਾਂ ਨੇ ਅਫਗਾਨਾਂ, ਮੁਗਲਾਂ ਅਤੇ ਮਰਾਠਿਆਂ ਦੇ ਜੇਤੂਆਂ ਨੂੰ ਵੀ ਪਛਾੜ ਦਿੱਤਾ ਸੀ, ਜਦ ਕਿ ਉਨ੍ਹਾਂ ਦੀ ਭਾਰੀ ਗਿਣਤੀ ਹੁੰਦੀ ਸੀ ਤੇ ਉਨ੍ਹਾਂ ਕੋਲ ਅਥਾਹ ਵਸੀਲੇ ਮੌਜੂਦ ਸਨ? ਬਾਬਾ ਰਾਮ ਸਿੰਘ ਜੀ ਦਾ ਪੱਕਾ ਵਿਸ਼ਵਾਸ ਸੀ ਕਿ ਜੇ 18ਵੀਂ ਸਦੀ ਦੇ ਸ਼ੁਰੂ ਦੇ ਸਿੱਖ ਆਪਣੇ ਵਿਰੁੱਧ ਖੜ੍ਹੀਆਂ ਭਾਰੀ ਔਕੜਾਂ ’ਤੇ ਜਿੱਤ ਪ੍ਰਾਪਤ ਕਰਨ ਦੇ ਯੋਗ ਹੋ ਗਏ ਸਨ, ਤਾਂ ਇਹ ਇਸ ਤੱਥ ਦਾ ਕਾਰਨ ਇਹੋ ਸੀ ਕਿ ਉਨ੍ਹਾਂ ਨੇ ਆਪਣੇ ਮਹਾਨ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਰਸਾਏ ਮਾਰਗ ’ਤੇ ਨਿਡਰਤਾ ਨਾਲ ਚੱਲਣ ਨੂੰ ਤਰਜੀਹ ਦਿੱਤੀ ਸੀ। ਇਸੇ ਲਈ ਬਾਬਾ ਰਾਮ ਸਿੰਘ ਜੀ ਨੇ ਵੀ ਆਪਣੇ ਸਾਹਮਣੇ ਮੌਜੂਦ ਚੁਣੌਤੀ ਦਾ ਸਾਹਮਣਾ ਕਰਨ ਲਈ ਉਹੀ ਤਕਨੀਕ, ਉਹੀ ਢੰਗ ਅਤੇ ਉਹੀ ਸਿਧਾਂਤ ਵਰਤਣ ਦਾ ਫੈਸਲਾ ਕੀਤਾ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਡੇਢ ਸਦੀ ਪਹਿਲਾਂ ਦਰਸਾ ਦਿੱਤਾ ਸੀ। ਇਸ ਮੰਤਵ ਲਈ ਇੱਕ ਢੁਕਵੀਂ ਸੰਸਥਾ ਦੀ ਸਭ ਤੋਂ ਵੱਧ ਜ਼ਰੂਰਤ ਮਹਿਸੂਸ ਕੀਤੀ ਗਈ ਸੀ, ਕਿਉਂਕਿ ਇਸ ਤੋਂ ਬਿਨਾਂ ਉਹ ਆਪਣੇ ਮਿਸ਼ਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰ ਸਕਦੇ ਸਨ। ਇਸ ਅਤਿ ਅਹਿਮ ਵਿਸ਼ੇ ’ਤੇ ਉਨ੍ਹਾਂ ਦੇ ਆਪਣੇ ਵਿਚਾਰ ਹੌਲੀ-ਹੌਲੀ ਵਿਕਸਤ ਹੋ ਰਹੇ ਸਨ। ਉਹ ਯਕੀਨੀ ਤੌਰ ’ਤੇ ਇੱਕ ਚਿੰਤਕ ਅਤੇ ਇੱਕ ਮੋਹਰੀ ਆਗੂ ਸਨ। ਉਹ ਆਪਣੇ ਵਿਚਾਰਾਂ ਦੇ ਵਿਕਾਸ ਦੇ ਇੱਕ ਨਾਜ਼ੁਕ ਪੜਾਅ ’ਤੇ ਸਨ ਕਿ ਉਹ ਹਜ਼ਰੋ ਵਿਖੇ ਬਾਬਾ ਬਾਲਕ ਸਿੰਘ ਦੀ ਅਗਵਾਈ ਵਾਲੀ ਸ਼ਖ਼ਸੀਅਤ ਨੂੰ ਮਿਲੇ। ਉਸ ਨੇਕ ਸ਼ਖ਼ਸੀਅਤ ਦੇ ਨਿਪੁੰਨ ਪ੍ਰਭਾਵ ਨੇ ਉਸ ਮਿਸ਼ਨ ਨੂੰ ਇੱਕ ਨਵਾਂ ਕਿਨਾਰਾ, ਇੱਕ ਨਵੀਂ ਤਾਕੀਦ ਦਿੱਤੀ ਜਾਪਦੀ ਹੈ ਜੋ ਬਾਬਾ ਰਾਮ ਸਿੰਘ ਜੀ ਆਪਣੇ-ਆਪ ਦੇ ਸਾਹਮਣੇ ਸਥਾਪਤ ਕਰਨਾ ਚਾਹੁੰਦੇ ਸਨ।

## ਅਧਿਆਇ 3

# ਅੰਦੋਲਨ ਦੀ ਸ਼ੁਰੂਆਤ: ਧਾਰਮਿਕ ਤੇ ਸਮਾਜਕ ਪੱਖ

ਪਹਿਲੇ ਅਧਿਆਇ ਦੇ ਅੰਤ 'ਚ ਜੋ ਹਵਾਲਾ ਦਿੱਤਾ ਗਿਆ ਹੈ, ਉਹ ਪਹਿਲਾ ਕਦਮ 1857 ਵਿਚ ਵਿਸਾਖੀ ਵਾਲੇ ਦਿਨ ਚੁੱਕਿਆ ਗਿਆ ਸੀ। ਜਿਵੇਂ ਕਿ ਪਹਿਲਾਂ ਵੇਖਿਆ ਜਾ ਚੁੱਕਾ ਹੈ, ਬਾਬਾ ਰਾਮ ਸਿੰਘ ਜੀ ਦੀ ਪ੍ਰਸਿੱਧੀ ਲਾਗਲੇ ਪਿੰਡਾਂ ਵਿੱਚ ਪਹਿਲਾਂ ਹੀ ਫੈਲ ਚੁੱਕੀ ਸੀ ਅਤੇ ਪਿਛਲੇ ਕਾਫੀ ਸਮੇਂ ਤੋਂ ਇੱਕ ਕਿਸਮ ਦਾ 'ਨਿਊਕਲੀਅਸ ਵਰਕਿੰਗ ਸੈਂਟਰ' (ਪ੍ਰਮੁੱਖ ਕਾਰਜਕਾਰੀ ਕੇਂਦਰ) ਹੋਂਦ ਵਿੱਚ ਸੀ, ਇਸ ਕੇਂਦਰ ਦੇ ਪ੍ਰਮੁੱਖ ਕਰਤਾ-ਧਰਤਾ ਖ਼ਾਲਸਾ ਫੌਜ ਦੇ ਬਾਬਾ ਜੀ ਦੇ ਲਾਹੌਰ ਵਾਲੇ ਪੁਰਾਣੇ ਸਾਥੀ ਸਨ। ਇਸ ਲਈ ਪਿੰਡ ਭੈਣੀ ਵਿਖੇ ਨਿਰਧਾਰਤ ਮੌਕੇ 'ਤੇ ਇੱਕ ਮੁਨਾਸਬ ਵਿਸ਼ਾਲ ਇਕੱਠ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਸੀ। ਇੱਥੇ, ਇਸ ਇਕੱਠ ਤੋਂ ਪਹਿਲਾਂ ਇੱਕ ਧਾਰਮਿਕ ਸਮਾਗਮ ਤੋਂ ਬਾਅਦ, ਜਿਸ ਵਿੱਚ ਗੁਰਬਾਣੀ ਦਾ ਪਾਠ (ਪਵਿੱਤਰ ਗ੍ਰੰਥ ਵਿੱਚ ਸ਼ਾਮਲ ਗੁਰੂ ਸਾਹਿਬਾਨ ਦੇ ਸ਼ਬਦ ਅਤੇ ਸਿੱਖ ਅਰਦਾਸ) ਪ੍ਰਮੁੱਖ ਸਨ, ਇੱਕ ਝੰਡਾ ਲਹਿਰਾਇਆ ਗਿਆ ਜਿਸ ਤੋਂ ਬਾਅਦ ਪੰਜ ਸਿੰਘਾਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ। ਝੰਡੇ ਦਾ ਆਕਾਰ ਤਿਕੋਨਾ ਸੀ ਅਤੇ ਰੰਗ ਚਿੱਟਾ ਸੀ ਅਤੇ ਇਹ ਅਗਾਮੀ ਸੁਤੰਤਰਤਾ ਸੰਗ੍ਰਾਮ ਦਾ ਪ੍ਰਤੀਕ ਸੀ, ਭਾਵੇਂ ਇਸ ਦਾ ਖੁੱਲ੍ਹੇ ਆਮ ਐਲਾਨ ਨਹੀਂ ਕੀਤਾ ਗਿਆ ਸੀ। ਇਸ ਮੌਕੇ ਖੰਡੇ ਦਾ ਅੰਮ੍ਰਿਤ ਛਕਣ ਦੀ ਉਹੀ ਰਸਮ ਕੀਤੀ ਗਈ ਸੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਧਾਰਤ ਕੀਤੀ ਗਈ ਸੀ। ਇਹ ਕਦਮ ਬਾਬਾ ਰਾਮ ਸਿੰਘ ਜੀ ਦੇ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਨੂੰ ਮੁੜ ਸਿਰਜਣ ਤੇ ਸਿੱਖ ਸਮਾਜ ਨੂੰ ਉਨ੍ਹਾਂ ਵੱਡੀਆਂ ਬੁਰਾਈਆਂ ਤੋਂ ਮੁਕਤ ਕਰਵਾਉਣ ਦੇ ਸੰਕਲਪ ਨੂੰ ਦਰਸਾਉਂਦਾ ਸੀ, ਜੋ ਇਸ ਸਮਾਜ ਵਿੱਚ ਆਪੂੰ-ਥਾਪੇ ਸੋਢੀ ਤੇ ਬੇਦੀ ਗੁਰੂਆਂ ਕਾਰਨ ਜਾਣ-ਬੁੱਝ ਕੇ ਲਾਪਰਵਾਹੀਆਂ ਜਾਂ ਸੁਆਰਥੀ ਸ਼ੋਸ਼ਣ ਦੇ ਮਨੋਰਥ ਨਾਲ ਦਾਖ਼ਲ ਹੋ ਚੁੱਕੀਆਂ ਸਨ। ਉਸ ਵੇਲੇ ਅੰਮ੍ਰਿਤ ਛਕਣ ਵਾਲੇ ਪਹਿਲੇ ਸਿੰਘਾਂ ਦੇ ਨਾਮ ਨਿਮਨਲਿਖਤ ਅਨੁਸਾਰ ਹਨ:

1. ਭਾਈ ਕਾਨ੍ਹ ਸਿੰਘ ਨਿਹੰਗ, ਪਿੰਡ ਚੱਕ, ਮਲੇਰਕੋਟਲਾ ਰਿਆਸਤ।
2. ਭਾਈ ਲਾਭ ਸਿੰਘ, ਅੰਮ੍ਰਿਤਸਰ।
3. ਭਾਈ ਨੈਣਾ ਸਿੰਘ ਵਰਿਆਂਹ, ਜ਼ਿਲ੍ਹਾ ਅੰਮ੍ਰਿਤਸਰ।

4. ਭਾਈ ਆਤਮਾ ਸਿੰਘ, ਪਿੰਡ ਆਲੋ ਮੁਹਾਰ, ਜ਼ਿਲ੍ਹਾ ਸਿਆਲਕੋਟ।
5. ਭਾਈ ਸੁੱਧ ਸਿੰਘ, ਪਿੰਡ ਦੁਰਗਾਪੁਰ, ਜ਼ਿਲ੍ਹਾ ਜਲੰਧਰ।

ਫਿਰ ਉਸ ਤੋਂ ਬਾਅਦ ਬਹੁਤ ਸਾਰੇ ਹੋਰ ਲੋਕਾਂ ਨੇ ਵੀ ਅੰਮ੍ਰਿਤ ਛਕਿਆ। ਨਾਮ ਲੈਣ ਵਾਲਿਆਂ ਨੂੰ ਬਾਅਦ ਵਿੱਚ ਮਹਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਧਾਰਤ ਰਹਿਤ ਮਰਯਾਦਾ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਨੈਤਿਕ ਜੋਸ਼ ਅਤੇ ਸਰੀਰਕ ਹਿੰਮਤ ਦੇ ਨਾਲ ਇਕਸੁਰਤਾ ਨਾਲ ਭਰਪੂਰ ਭਾਵਨਾਤਮਕ ਜੀਵਨ ਦੇ ਨਿਰਦੇਸ਼ ਦਿੱਤੇ ਗਏ ਸਨ। ਉਨ੍ਹਾਂ ਨੂੰ ਪੰਜ 'ਕਕਾਰਾਂ' - ਕੇਸ (ਜ਼ਿੰਦਗੀ 'ਚ ਕਦੇ ਕੇਸ ਨਾ ਕਟਵਾਉਣ), ਕੰਘਾ (ਵਾਲਾਂ ਲਈ ਕੰਘੀ), ਕਛਹਿਰਾ, ਕੜਾ, ਅਤੇ ਕ੍ਰਿਪਾਨ (ਤਲਵਾਰ) ਦੇ ਅਨੁਸ਼ਾਸਨ ਦੀ ਪਾਲਣਾ ਕਰਨ ਦੇ ਹੁਕਮ ਵੀ ਦਿੱਤੇ ਗਏ ਸਨ। ਕਿਉਂਕਿ ਸਰਕਾਰ ਵੱਲੋਂ ਕ੍ਰਿਪਾਨ ਦੀ ਮਨਾਹੀ ਕਰ ਦਿੱਤੀ ਗਈ ਸੀ, ਇਸ ਲਈ ਉਸ ਦੀ ਥਾਂ 'ਤੇ ਮੋਟੀ ਡਾਂਗ ਰੱਖਣ ਦਾ ਹੁਕਮ ਦਿੱਤਾ ਗਿਆ ਸੀ। ਕੁਝ ਵਿਲੱਖਣਤਾ ਰੱਖ ਦੇ ਵਿਸ਼ੇਸ਼ ਚਿੰਨ੍ਹਾਂ ਵਜੋਂ, ਉਨ੍ਹਾਂ ਵਿੱਚੋਂ ਹਰੇਕ ਨੂੰ ਇੱਕ ਊਨੀ ਮਾਲਾ ਰੱਖਣ, ਚਿੱਟੇ ਪਹਿਰਾਵੇ ਵਿੱਚ ਰਹਿਣ ਅਤੇ ਇੱਕ ਚਿੱਟੀ ਪੱਗ ਸਿੱਧੀ ਬੰਨ੍ਹਣ ਲਈ ਆਖਿਆ ਗਿਆ। ਇਸੇ ਲਈ ਕੂਕਾ ਵਿਵਸਥਾ ਦੇ ਸਾਰੇ ਪੈਰੋਕਾਰਾਂ ਨੇ ਇਕਸਾਰ ਬਾਹਰੀ ਦਿੱਖ ਹਾਸਲ ਕੀਤੀ, ਜੋ ਕਿਸੇ ਸੰਗਠਨ ਦੇ ਅਨੁਸ਼ਾਸਨ ਅਤੇ ਤਾਕਤ ਲਈ ਬਹੁਤ ਜ਼ਰੂਰੀ ਹੈ।

1863 ਵਿੱਚ ਛਪੇ ਸਰਕਾਰੀ ਚਿੱਠੀ-ਪੱਤਰੀ ਦੇ ਸ਼ਬਦਾਂ ਵਿੱਚ, ਕੂਕਾ ਭਾਈਚਾਰਾ ਬਾਕੀ ਲੋਕਾਂ ਨਾਲੋਂ ਇਨ੍ਹਾਂ ਗੱਲਾਂ ਕਰਕੇ ਵੱਖਰਾ ਹੈ ਕਿਉਂਕਿ "ਉਨ੍ਹਾਂ ਦੇ 'ਸ਼ੀਧਾ ਪੱਗ' (ਸਿੱਧੀ ਪੱਗ) ਬੰਨ੍ਹੀ ਹੁੰਦੀ ਹੈ, ਇੱਕ ਚਿੱਟੀ ਊਨੀ ਡੋਰੀ ਨਾਲ ਬਣਾਈ ਮਣਕਿਆਂ ਦੀ ਮਾਲਾ, ਜੋ ਸਾਰੇ ਭਾਈਚਾਰੇ[1] ਦੁਆਰਾ ਪਹਿਨੀ ਜਾਂਦੀ ਹੈ ਤੇ ਉਸੇ ਨੂੰ ਵਾਰ-ਵਾਰ ਫੇਰਨਾ ਹੁੰਦਾ ਹੈ। 'ਸਤਿ ਸ੍ਰੀ ਅਕਾਲ[2]' ਦੇ ਜਵਾਬ ਵਿੱਚ 'ਸਤਿ ਸ੍ਰੀ ਅਕਾਲ ਪੁਰਖ' ਆਖਿਆ ਜਾਂਦਾ ਹੈ। 'ਗੁਰਮੰਤਰ' ਦੇ ਉਚਾਰਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਸੀ ਭਾਵ ਗੁਪਤ ਸ਼ਬਦ 'ਵਾਹਿਗੁਰੂ' ਗੁਰੂ ਦੁਆਰਾ ਨਵੇਂ ਕੂਕੇ ਦੇ ਕੰਨ 'ਚ ਫੁਸਫੁਸਾਇਆ ਜਾਂਦਾ ਹੈ। ਗੁਰੂ ਵੱਲੋਂ ਨਵੇਂ ਕੂਕੇ ਦੇ ਕੰਨ 'ਚ ਫੁਸਫੁਸਾਉਣ ਦੀ ਇਸ ਪ੍ਰਕਿਰਿਆ ਨੂੰ ਇਸ ਲਈ ਅਹਿਮ ਮੰਨਿਆ ਜਾਂਦਾ ਸੀ ਕਿ ਇੰਝ ਗੁਰੂ ਤੇ ਚੇਲੇ ਵਿਚਾਲੇ ਨਿੱਜੀ ਸੰਪਰਕ ਸਥਾਪਤ ਹੁੰਦਾ ਹੈ ਤੇ ਇਹ ਗੁਰਮੰਤਰ ਲੈਣ ਵਾਲੇ ਦੇ ਦਿਲ ਵਿੱਚ ਇੱਕ ਮਨੋਵਿਗਿਆਨਕ ਤਬਦੀਲੀ ਆਉਂਦੀ ਹੈ ਤੇ ਇੰਝ ਵੱਡੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ।

ਅੰਮ੍ਰਿਤ ਦੀ ਸ਼ੁੱਧੀ ਅਤੇ ਮਨੋਬਲ ਵਧਾਉਣ ਵਾਲੀ ਰਸਮ ਦੁਆਰਾ ਭਰਪੂਰ ਹੋਏ ਵਿਅਕਤੀਆਂ ਅਤੇ ਉੱਪਰ ਦੱਸੇ ਅਨੁਸਾਰ ਅੰਮ੍ਰਿਤ ਛਕ ਚੁੱਕੇ ਵਿਅਕਤੀਆਂ ਨੂੰ -

---

1. ਅਗਸਤ 1872 ਦੀਆਂ ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼ 273-284
2. ਫ਼ੌਰੇਨ ਪੁਲਿਟੀਕਲ (ਏ) ਮਾਰਚ 1847, ਕੌਂਸ: 111/112, ਕੈਪਟਨ ਮਾਲ, ਜ਼ਿਲ੍ਹਾ ਸੁਪਰਇੰਟੈਂਡੈਂਟ, ਗੁਜਰਾਂਵਾਲਾ ਦਾ ਬਿਆਨ

ਸੰਤ ਖ਼ਾਲਸਾ, ਨਾਮਧਾਰੀ ਅਤੇ ਕੂਕੇ ਤਿੰਨ ਵੱਖ-ਵੱਖ ਨਾਵਾਂ ਨਾਲ ਬੁਲਾਇਆ ਗਿਆ ਹੈ। ਪਹਿਲੇ ਦੋ ਨਾਂਵਾਂ ਵਿੱਚ ਉਸ ਸ਼ਖ਼ਸੀਅਤ ਦੀ ਅਧਿਆਤਮਕ ਖ਼ੁਸ਼ਬੋਈ ਜਾਂ ਚਿੱਤਰ ਝਲਕਦਾ ਹੈ, ਜਿਸ ਵਿੱਚ ਉਹਨਾਂ ਨੂੰ ਆਪਣੇ-ਆਪ ਨੂੰ ਢਾਲਣ ਦੀ ਲੋੜ ਹੁੰਦੀ ਹੈ, ਕਿਉਂਕਿ ਸੰਤ ਖ਼ਾਲਸਾ ਦਾ ਅਰਥ ਹੈ ਸਿੱਖ ਸੰਤ ਜਾਂ ਅਜਿਹੇ ਲੋਕਾਂ ਦਾ ਸਮੂਹ ਅਤੇ ਨਾਮਧਾਰੀ ਦਾ ਅਰਥ ਹੈ ਇੱਕ ਅਨੁਯਾਈ ਜਾਂ ਪੈਰੋਕਾਰ ਜਾਂ ਨਾਮ (ਪਰਮੇਸ਼ਵਰ ਦੀ ਭਗਤੀ) ਦੇ ਰਸਤੇ ਚੱਲਣ ਵਾਲੇ ਅਨੁਯਾਈਆਂ / ਪੈਰੋਕਾਰਾਂ ਦੀ ਇੱਕ ਇਕਾਈ। ਤੀਜਾ ਨਾਮ – ਕੂਕਾ, ਜਿਸ ਨੇ ਉਸ ਸਮੇਂ ਦੂਜੇ ਦੋ ਨਾਵਾਂ ਨਾਲੋਂ ਇੱਕ ਖ਼ਾਸ ਤਰਜੀਹ ਪ੍ਰਾਪਤ ਕੀਤੀ ਸੀ, ਲੋਕਾਂ ਦੁਆਰਾ ਆਪਣੇ ਧਾਰਮਿਕ ਸਮਾਗਮਾਂ ਵਿੱਚ ਕੂਕਣ ਦੇ ਨਾਲ-ਨਾਲ ਕੂਕਣ ਵਾਲੇ ਉਤਸ਼ਾਹੀ ਵਿਵਹਾਰ ਕਾਰਨ ਲੋਕਾਂ ਦੁਆਰਾ ਦਿੱਤਾ ਗਿਆ ਵਿਸ਼ੇਸ਼ ਨਾਮ ਸੀ, ਜੋ ਕਿ ਚੰਗੀ ਤਰ੍ਹਾਂ ਸਾਹਮਣੇ ਆਇਆ ਸੀ, ਜਿਵੇਂ ਕਿ ਡਾ. ਨੱਥਾ ਸਿੰਘ ਨੇ ਆਪਣੀ ਪੁਸਤਕ 'ਹਿਸਟਰੀ ਆਫ਼ ਦਿ ਗਰੇਵਾਲਜ਼'[1] ਵਿੱਚ ਲਿਖਿਆ ਹੈ। ਸੰਤ ਨਿਧਾਨ ਸਿੰਘ ਆਲਮ ਦਾ ਇੱਕ ਵੱਖਰਾ ਵਿਚਾਰ ਹੈ ਕਿ 'ਕੂਕਾ' ਸ਼ਬਦ ਦਾ ਮੂਲ ਸਿਆਸੀ ਹੈ ਤੇ ਇਸ ਤੋਂ ਭਾਵ 'ਅਜ਼ਾਦੀ ਲਈ ਕੂਕ' ਹੈ।

1857 ਵਿਚ ਰਸਮੀ ਤੌਰ 'ਤੇ ਸਥਾਪਤ ਬਾਬਾ ਰਾਮ ਸਿੰਘ ਦੀ ਲਹਿਰ ਸ਼ੁਰੂ ਤੋਂ ਹੀ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜਿਹੇ ਸਾਰੇ ਪੱਖਾਂ ਦੀ ਪ੍ਰਾਪਤੀ ਲਈ ਇਕ ਵਿਆਪਕ ਉਦੇਸ਼ ਵੱਲ ਸੇਧਤ ਸੀ। ਇਸ ਕੰਮ ਦਾ ਧਾਰਮਿਕ ਅਤੇ ਸਮਾਜਿਕ ਹਿੱਸਾ ਕਿਉਂਕਿ ਸਰਕਾਰ ਦੀਆਂ ਨਜ਼ਰਾਂ ਵਿਚ ਇਤਰਾਜ਼ਯੋਗ ਨਹੀਂ ਸੀ, ਇਸ ਲਈ ਇਹ ਸਭ ਸ਼ਰੇਆਮ ਕੀਤਾ ਗਿਆ ਸੀ। ਸਿਆਸੀ ਕੰਮ ਦੇ ਮਾਮਲੇ ਵਿਚ ਅਜਿਹਾ ਨਹੀਂ ਹੋ ਸਕਦਾ ਸੀ, ਤਦ ਸਭ ਕੁਝ ਲੁਕ-ਛਿਪ ਕੇ ਕਰਨਾ ਪੈਣਾ ਸੀ। ਪਰ ਇਸ ਪ੍ਰਕਿਰਿਆ ਵਿਚ ਅੰਦੋਲਨ ਨੇ ਜੋ ਧਾਰਮਿਕ ਅਤੇ ਸਮਾਜਿਕ ਰੁਤਬਾ ਹਾਸਲ ਕੀਤਾ, ਉਨ੍ਹਾਂ ਦੇ ਆਧਾਰ 'ਤੇ ਇਹ ਕਹਿਣਾ ਸਰਾਸਰ ਗ਼ਲਤੀ ਹੋਵੇਗੀ ਕਿ ਇਸ ਲਹਿਰ ਦਾ ਕੋਈ ਸਿਆਸੀ ਕਿਰਦਾਰ ਨਹੀਂ ਸੀ। ਵਾਜਬ ਅਧਿਐਨ ਦੀ ਸਹੂਲਤ ਲਈ, ਇਸ ਅਧਿਆਇ ਵਿਚ ਧਾਰਮਿਕ ਅਤੇ ਸਮਾਜਿਕ ਪੱਖਾਂ ਅਤੇ ਅਗਲੇ ਅਧਿਆਇ ਵਿਚ ਰਾਜਨੀਤਿਕ ਪੱਖਾਂ ਨੂੰ ਲਿਆ ਜਾਵੇਗਾ।

ਬਾਬਾ ਰਾਮ ਸਿੰਘ ਜੀ ਦਾ ਧਾਰਮਿਕ ਅਤੇ ਸਮਾਜਿਕ ਖੇਤਰ 'ਚ ਕੰਮ ਇੱਕ ਬੁਨਿਆਦੀ ਕਿਰਦਾਰ ਵਾਲਾ ਸੀ। ਉਹ ਇੱਕ ਮਜ਼ਬੂਤ ਚਰਿੱਤਰ ਵਾਲੇ, ਵਿਸ਼ਵਾਸ ਵਿੱਚ ਡੂੰਘੇ ਅਤੇ ਸਥਿਰ, ਦ੍ਰਿੜ੍ਹ ਵਿਸ਼ਵਾਸੀ ਅਤੇ ਕਾਰਜ ਵਿੱਚ ਨਿਡਰ, ਇੱਕ ਆਦਰਸ਼ ਮਨੁੱਖ, ਪਿਆਰ, ਸੱਚਾਈ, ਬਹਾਦਰੀ ਅਤੇ ਸਵੈ-ਬਲੀਦਾਨ ਦੀ ਮੂਰਤ, ਵਹਿਮਾਂ-ਭਰਮਾਂ ਤੋਂ ਮੁਕਤ, ਸੁਸਤੀ ਅਤੇ ਕਾਇਰਤਾ ਤੋਂ ਕੋਹਾਂ ਦੂਰ ਵਾਲੀ ਸ਼ਖ਼ਸੀਅਤ ਸਨ। ਇਹ ਸਭ ਤੋਂ ਜ਼ਰੂਰੀ ਸੀ, ਕਿਉਂਕਿ ਆਖ਼ਿਰਕਾਰ ਸਭ ਕੁਝ ਲੋਕਾਂ ਦੇ ਵਿਅਕਤੀਗਤ ਚਰਿੱਤਰ 'ਤੇ ਹੀ ਆਧਾਰਤ ਹੁੰਦਾ ਹੈ; ਇਸ ਤੋਂ ਵੀ ਵੱਧ, ਕਿਉਂਕਿ

1. ਗੰਡਾ ਸਿੰਘ ਦੀ ਉਸੇ ਪੁਸਤਕ ਦੇ ਪੰਨਾ 44 'ਚ ਉਧ੍ਰਿਤ
2. ਸੰਤ ਨਿਧਾਨ ਸਿੰਘ ਆਲਮ, 'ਜੁੱਗ ਪਲਟਾਊ ਸਤਿਗੁਰੂ', ਪੰਨਾ 32

ਇੱਕ ਔਸਤ ਸਿੱਖ ਦਾ ਕਿਰਦਾਰ ਬਹੁਤ ਹੇਠਾਂ ਇਤਿਹਾਸਕ ਹੱਦ ਤੱਕ ਡਿੱਗ ਚੁੱਕਾ ਸੀ, ਇਸ ਤੱਥ ਨੂੰ ਰਾਮ ਸਿੰਘ ਜੀ ਨੇ ਪੰਜਾਬ ਵਿੱਚ ਸਿੱਖ ਸ਼ਕਤੀ ਦੇ ਪਤਨ ਅਤੇ ਨਿਘਾਰ ਦੀ ਅਸਲ ਵਿਆਖਿਆ ਰਾਹੀਂ ਬਿਆਨ ਕੀਤਾ ਹੈ। ਇਸੇ ਤਰ੍ਹਾਂ, ਉਹ ਇੱਕ ਨਵੇਂ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਸੀ ਜਿਸ ਵਿੱਚ ਸਮਾਜਿਕ ਜ਼ੁਲਮ, ਅਸਮਾਨਤਾ ਤੇ ਸ਼ੋਸ਼ਣ ਵਰਗੀਆਂ ਬੁਰਾਈਆਂ ਮੌਜੂਦ ਨਾ ਹੋਣ।

ਵਿਅਕਤੀ ਦੇ ਸਰਬਪੱਖੀ ਵਿਕਾਸ ਦੇ ਪ੍ਰੋਗਰਾਮ ਦਾ ਕੇਂਦਰ-ਬਿੰਦੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਤਰੀਕੇ ਨਾਲ 'ਅੰਮ੍ਰਿਤ' ਜਾਂ ਅੰਮ੍ਰਿਤ ਛਕਣ ਲਈ ਇੱਕ ਨਿਯਮਤ ਤੇ ਸਰਬਪੱਖੀ ਮੁਹਿੰਮ ਸੀ। ਇਸ ਮੰਤਵ ਲਈ ਨਿਰਧਾਰਤ ਮੁੱਖ ਕੇਂਦਰ ਬੇਸ਼ੱਕ ਬਾਬਾ ਰਾਮ ਸਿੰਘ ਜੀ ਦਾ ਜੱਦੀ ਪਿੰਡ ਭੈਣੀ ਸੀ, ਪਰ ਇਹ ਰਸਮ ਕਿਸੇ ਵਿਸ਼ੇਸ਼ ਸਥਾਨ ਤੱਕ ਸੀਮਤ ਨਹੀਂ ਸੀ ਅਤੇ ਕਿਤੇ ਵੀ ਕੀਤੀ ਜਾ ਸਕਦੀ ਸੀ, ਬਸ਼ਰਤੇ ਯੋਗ ਸਿੱਖਾਂ ਦੀ ਲੋੜੀਂਦੀ ਘੱਟੋ-ਘੱਟ ਗਿਣਤੀ ਮੌਜੂਦ ਹੋਵੇ। ਇਤਫ਼ਾਕ ਨਾਲ, ਇੰਝ ਸਿੱਖ ਧਰਮ ਦੇ ਪ੍ਰਮੁੱਖ ਕੇਂਦਰਾਂ 'ਤੇ ਰਹਿਣ ਵਾਲੇ ਸੋਢੀਆਂ, ਬੇਦੀਆਂ ਅਤੇ ਉਦਾਸੀਆਂ ਦੇ ਕੁਝ ਪਰਿਵਾਰਾਂ ਦਾ ਇਸ 'ਤੇ ਏਕਾਧਿਕਾਰ ਟੁੱਟ ਗਿਆ। 'ਅੰਮ੍ਰਿਤ ਪ੍ਰਚਾਰ' ਦੀ ਯੋਜਨਾ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਕਰਨ ਲਈ ਇੱਕ ਸੰਸਥਾ ਬਣਾਈ ਗਈ ਸੀ, ਜਿਸ ਦਾ ਵਰਨਣ ਇਸ ਅਧਿਆਇ ਵਿੱਚ ਬਾਅਦ 'ਚ ਕੀਤਾ ਗਿਆ ਹੈ। ਜਿਵੇਂ ਕਿ ਅੰਮ੍ਰਿਤ ਛਕਾਉਣ ਵੇਲੇ ਉਸੇ ਤਰ੍ਹਾਂ ਰਹਿਤ ਮਰਯਾਦਾ ਦੇ ਮਾਮਲੇ ਵਿੱਚ ਵੀ, ਬਾਬਾ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਤੋਂ ਸੇਧ ਲਈ, ਅਤੇ ਉਹ ਅਕਸਰ ਆਪਣੇ-ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਪੁਨਰ-ਜਨਮ ਦੱਸਦੇ ਸਨ ਅਤੇ ਇਸ ਲਈ ਉਹ 'ਸੌ ਸਾਖੀ' (ਸੌ ਕਹਾਣੀਆਂ ਵਾਲੀ ਪੁਸਤਕ) 'ਤੇ ਆਪਣਾ ਆਧਾਰ ਕਾਇਮ ਕਰਦੇ ਸਨ। ਤਦ ਪ੍ਰਚਲਿਤ ਚਿੱਠੀਆਂ (ਜਿਵੇਂ ਕਿ ਜਾਸੂਸ ਗੈਂਦਾ ਸਿੰਘ ਦੁਆਰਾ ਰਿਪੋਰਟ ਕੀਤੀਆਂ ਗਈਆਂ ਦੋ ਚਿੱਠੀਆਂ) ਅਤੇ ਕੂਕਿਆਂ 'ਚ ਸੁਣੀਆਂ ਜਾਂਦੀਆਂ ਭਵਿੱਖਬਾਣੀਆਂ ਅਨੁਸਾਰ "ਗੁਰੂ ਰਾਮ ਸਿੰਘ ਜੀ ਦੀ ਸਮੁੱਚੀ ਸ਼ਕਤੀ ਦਾ ਆਧਾਰ ਇੱਕ ਪੁਸਤਕ[1] ਹੀ ਸੀ", ਜਿਸ ਦਾ ਜ਼ਿਕਰ ਉਤੇ ਕੀਤਾ ਗਿਆ ਹੈ। ਨਵੇਂ ਕੂਕਿਆਂ ਦਾ ਮਾਰਗ-ਦਰਸ਼ਨ ਇਸ ਪੁਸਤਕ ਨੇ ਨਹੀਂ, ਸਗੋਂ ਪਵਿੱਤਰ ਸ੍ਰੀ ਗ੍ਰੰਥ ਸਾਹਿਬ ਨੇ ਕਰਨਾ ਸੀ। ਸ੍ਰੀ ਕਿੰਚੈਂਟ[2] ਦੇ ਸ਼ਬਦਾਂ 'ਚ:

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗ੍ਰੰਥ ਹੀ ਪ੍ਰੇਰਨਾ ਦੁਆਰਾ ਲਿਖਿਆ ਗਿਆ ਸੱਚ ਹੈ ਅਤੇ ਇੱਕੋ-ਇੱਕ ਪਵਿੱਤਰ ਲਿਖਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਸਲ ਗੁਰੂ ਹਨ। ਕਿਸੇ ਵੀ ਵਿਅਕਤੀ ਨੂੰ ਉਸ ਦੀ ਜਾਤ ਜਾਂ ਧਰਮ ਦੀ ਪਰਵਾਹ ਕੀਤੇ ਬਿਨਾਂ ਕੂਕਾ ਬਣਾਇਆ ਜਾ ਸਕਦਾ ਹੈ। ਸੋਢੀ, ਬੇਦੀ, ਮਹੰਤ, ਬ੍ਰਾਹਮਣ ਅਤੇ ਅਜਿਹੇ ਹੋਰ ਸਭ ਪਾਖੰਡੀ ਹਨ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਹੋਰ ਕੋਈ ਵੀ ਗੁਰੂ ਨਹੀਂ ਹੈ। ਕਿੰਚੈਂਟ ਅੱਗੇ ਦੱਸਦੇ ਹਨ ਕਿ ਨਾਮਧਾਰੀਆਂ ਵਿੱਚੋਂ

---

1. ਗੰਡਾ ਸਿੰਘ, ਉਹੀ, ਪੰਨਾ 71
2. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦੀਆਂ 273-274

ਧਰਮ-ਪਰਿਵਰਤਨ ਕਰਨ ਵਾਲਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗ੍ਰੰਥ[1] ਪੜ੍ਹਨ ਦੀ ਇਜਾਜ਼ਤ ਹੈ ਅਤੇ ਕੋਈ ਹੋਰ ਧਾਰਮਿਕ ਗ੍ਰੰਥ ਨਹੀਂ।"

ਕੂਕਾ ਭਾਈਚਾਰੇ ਦੇ ਮੈਂਬਰਾਂ ਨੂੰ ਇੱਕ ਅਤੇ ਕੇਵਲ ਇੱਕ ਪਰਮਾਤਮਾ ਦੀ ਪੂਜਾ ਕਰਨ ਦਾ ਸਖ਼ਤ ਹੁਕਮ ਦਿੱਤਾ ਗਿਆ ਸੀ। ਕਿਸੇ ਵੀ ਸਥਿਤੀ ਵਿੱਚ ਉਹ ਕਿਸੇ ਵੀ ਦੇਵਤਾ ਜਾਂ ਦੇਵੀ ਜਾਂ ਉਸ ਦੀਆਂ ਮੂਰਤੀਆਂ ਦੀ ਪੂਜਾ ਨਹੀਂ ਕਰਦੇ ਸਨ ਜਾਂ ਮੱਥਾ ਨਹੀਂ ਟੇਕਦੇ ਸਨ। ਇਸੇ ਤਰ੍ਹਾਂ ਆਮ ਪੂਜੇ ਜਾਣ ਵਾਲੇ ਅਜਿਹੇ ਸਥਾਨਾਂ ਜਿਵੇਂ ਕਿ ਮੜ੍ਹੀਆਂ (ਅਸਥੀਆਂ ਰੱਖਣ ਵਾਲਾ ਸਥਾਨ), ਖਾਨਗਾਹਾਂ (ਮੁਸਲਿਮ ਮੱਠ), ਕਬਰਾਂ, ਮਜ਼ਾਰਾਂ (ਮੁਸਲਿਮ ਮਕਬਰੇ) ਅਤੇ ਸਮਾਧਾਂ (ਹਿੰਦੂ ਮਕਬਰੇ) ਉਤੇ ਜਾਣ 'ਤੇ ਮੁਕੰਮਲ ਪਾਬੰਦੀ ਲਾਈ ਗਈ ਸੀ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਇਹਨਾਂ ਸਥਾਨਾਂ ਉਤੇ ਆਮ ਤੌਰ 'ਤੇ ਹਕੀਕਤ ਤੋਂ ਕੋਹਾਂ ਦੂਰ ਅਤੇ ਅੰਧਵਿਸ਼ਵਾਸੀ ਲੋਕ ਹੀ ਜਾਂਦੇ ਸਨ, ਜੋ ਆਪਣੇ ਮਨ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਪ੍ਰਾਰਥਨਾਵਾਂ ਕਰਦੇ ਸਨ ਅਤੇ ਅਕਸਰ ਮਾਣ ਅਤੇ ਸ਼ੁਕਰਗੁਜ਼ਾਰੀ ਦੇ ਚਿੰਨ੍ਹ ਵਜੋਂ ਉੱਥੇ ਚੜ੍ਹਾਵਾ ਦਿੰਦੇ ਸਨ। ਕਿੱਚੈਟ[1] ਅਨੁਸਾਰ, "ਦੇਵੀ-ਦੁਆਰਿਆਂ, ਸ਼ਿਵ-ਦੁਆਰਿਆਂ ਅਤੇ ਮੰਦਰਾਂ" ਨੂੰ ਲੁੱਟਣ ਦਾ ਇੱਕ ਸਾਧਨ ਮੰਨਿਆ ਜਾਂਦਾ ਸੀ, ਉਨ੍ਹਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਿਆ ਜਾਦਾ ਸੀ ਤੇ ਉਥੇ ਕਦੇ ਨਹੀਂ ਜਾਇਆ ਜਾਂਦਾ ਸੀ ਕਿਉਂਕਿ "ਮੂਰਤੀਆਂ ਤੇ ਮੂਰਤੀ ਪੂਜਾ ਪਰਮਾਤਮਾ ਦਾ ਅਪਮਾਨ ਕਰਦੇ ਹਨ ਅਤੇ ਅਜਿਹਾ ਕੁਝ ਮਾਫ਼ ਨਹੀਂ ਕੀਤਾ ਜਾਵੇਗਾ।" ਇਹਨਾਂ ਉਪਦੇਸ਼ਾਂ ਦਾ ਕੂਕਿਆਂ ਦੇ ਮਨਾਂ ਉੱਤੇ ਅਜਿਹਾ ਪ੍ਰਭਾਵ ਪਿਆ ਕਿ ਉਹਨਾਂ ਨੇ ਇਨ੍ਹਾਂ ਪਾਬੰਦੀਸ਼ੁਦਾ ਗਤੀਵਿਧੀਆਂ ਤੋਂ ਨਾ ਕੇਵਲ ਆਪ ਪਰਹੇਜ਼ ਕੀਤਾ, ਸਗੋਂ ਉਹਨਾਂ ਨਫ਼ਰਤ ਵਾਲੀਆਂ ਵਸਤੂਆਂ ਨੂੰ ਮਿਟਾਉਣ ਲਈ ਹਰ ਪਾਸੇ ਮੁਹਿੰਮ ਚਲਾ ਕੇ ਦੂਜਿਆਂ ਨੂੰ ਇਹਨਾਂ ਤੋਂ ਰੋਕਣ ਦਾ ਵੀ ਜਤਨ ਕੀਤਾ। ਉਹਨਾਂ ਦਾ ਉਸ ਸਮੇਂ ਦਾ ਰੌਂਅ ਉਹਨਾਂ ਵਿੱਚ ਮੌਜੂਦਾ ਪ੍ਰਸਿੱਧ ਗਾਣੇ ਦੇ ਇਸ ਪੈਰੇ[2] 'ਚੋਂ ਝਲਕਦਾ ਸੀ:

> *"ਮੜ੍ਹੀ ਮਸਾਣੀ ਢਾਹ ਕੇ ਕਰ ਦਿਓ ਮੈਦਾਨਾ।*
> *ਪਹਿਲੋਂ ਮਾਰੋ ਪੀਰ ਬਹਿਨੋਈ ਫਿਰ ਮਾਰੋ ਸੁਲਤਾਨਾ।"*
> (ਸਸਕਾਰ ਅਤੇ ਦਫ਼ਨਾਉਣ ਦੇ ਸਾਰੇ ਸੰਭਾਲ ਕੇ ਰੱਖੇ ਨਿਸ਼ਾਨਾਂ ਨੂੰ ਨਸ਼ਟ ਕਰੋ ਅਤੇ ਢਾਹ ਦਿਓ। ਪਹਿਲਾਂ ਪੀਰ ਬਹਿਨੋਈ ਦੀ ਪੂਜਾ ਅਤੇ ਫਿਰ ਸਖੀ ਸਰਵਰ ਸੁਲਤਾਨ ਦੀ ਪੂਜਾ ਨੂੰ ਨਸ਼ਟ ਕਰ ਦਿਓ)।

ਹਾਲਾਂਕਿ, ਸਮੱਸਿਆ ਨਾਲ ਨਜਿੱਠਣ ਦਾ ਇਹ ਕੱਟੜਪੰਥੀ ਤਰੀਕਾ ਓਨੀ ਹੀ ਛੇਤੀ ਤਿਆਗ ਦਿੱਤਾ ਗਿਆ ਸੀ, ਜਿੰਨੀ ਛੇਤੀ ਇਸ ਨੂੰ ਅਪਣਾਇਆ ਗਿਆ ਸੀ। ਇਸ ਦਾ ਮੁੱਖ ਕਾਰਨ ਬਾਬਾ ਰਾਮ ਸਿੰਘ ਵੱਲੋਂ ਇਸ ਬਾਰੇ ਪ੍ਰਗਟਾਈ ਗਈ ਸਖ਼ਤ

---

1. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦੇ 273-284
2. ਫ਼ੌਰੇਨ ਪੁਲਿਟੀਕਲ (ਏ) ਮਾਰਚ 1847, ਕੌਂਸ: 111/112, ਪੰਨਾ 3

ਨਾਰਾਜ਼ਗੀ ਸੀ, ਜਿਵੇਂ ਕਿ ਕਰਨਲ ਮੈਕ. ਐਂਡਰਿਊ[1] ਨੇ ਵਰਣਨ ਕੀਤਾ ਹੈ।

ਪ੍ਰਾਰਥਨਾ ਅਤੇ ਧਿਆਨ ਦੇ ਜੀਵਨ 'ਤੇ ਵੱਧ ਤੋਂ ਵੱਧ ਜ਼ੋਰ ਦਿੱਤਾ ਗਿਆ ਸੀ। ਬਾਬਾ ਰਾਮ ਸਿੰਘ ਜੀ ਕਦੇ ਵੀ ਉਹ ਦੁਹਰਾਉਂਦੇ ਨਹੀਂ ਥੱਕਦੇ ਸਨ, ਜੋ ਉਨ੍ਹਾਂ ਦਰਅਸਲ ਇੱਕ ਵਾਰ ਆਪਣੇ ਭਰਾ ਬੁੱਧ ਸਿੰਘ ਨੂੰ ਲਿਖਿਆ ਸੀ ਕਿ "ਮੈਂ ਕੇਵਲ ਉਹਨਾਂ ਨਾਲ ਦੋਸਤੀ ਰੱਖਦਾ ਹਾਂ ਜੋ ਆਪਣੇ ਆਪ ਨੂੰ ਪੂਜਾ ਅਤੇ ਅਰਦਾਸ ਕਰਨ ਲਈ ਸਮਰਪਿਤ ਕਰਦੇ ਹਨ, ਭਾਵੇਂ ਉਹ ਕੋਈ ਵੀ ਹੋਣ[2]।" ਅਜਿਹੀਆਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਹਰ ਵਿਅਕਤੀ ਨਿਯਮਤ ਤੌਰ 'ਤੇ ਪ੍ਰਮਾਤਮਾ ਦਾ ਸਿਮਰਨ ਕਰੇ, ਰੋਜ਼ਾਨਾ ਦੇ ਧਾਰਮਿਕ ਸਮਾਗਮਾਂ ਵਿਚ ਬਿਨਾਂ ਕਿਸੇ ਰੁਕਾਵਟ ਦੇ ਸ਼ਮੂਲੀਅਤ ਕਰੇ ਅਤੇ ਨਿਤਨੇਮ ਦੀ ਗੁਰਬਾਣੀ ਦਾ ਪਾਠ ਜਿਵੇਂ ਕਿ ਜਪੁਜੀ ਸਾਹਿਬ, ਜਾਪੁ ਸਾਹਿਬ, ਰਹਿਰਾਸ ਅਤੇ ਕੀਰਤਨ ਸੋਹਿਲਾ ਕੀਤਾ ਜਾਵੇ। ਬਾਬਾ ਰਾਮ ਸਿੰਘ ਵੱਲੋਂ ਤਿਆਰ ਕੀਤੇ ਅਤੇ ਲਾਗੂ ਕੀਤੇ ਰਹਿਤਨਾਮੇ ਵਿਚ ਇਸ ਵਿਸ਼ੇ 'ਤੇ ਸਪੱਸ਼ਟ ਨਿਯਮ ਸੀ: "ਹਰ ਵੇਲੇ ਪਰਮਾਤਮਾ ਦੀ ਭਗਤੀ ਵਿਚ ਲੀਨ ਰਹੋ[3]।"

ਪਰ ਪ੍ਰਾਰਥਨਾ ਅਤੇ ਸਿਮਰਨ ਦਾ ਜੀਵਨ ਅਰਥਹੀਣ ਹੈ, ਜੇ ਇਹ ਰੋਜ਼ਮੱਰਾ ਦੇ ਜੀਵਨ ਵਿੱਚ ਨਾ ਦਿਸੇ। ਇਸ ਲਈ ਸ਼ਰਧਾਲੂਆਂ ਦੇ ਮਨਾਂ ਵਿਚ ਸ਼ੁੱਧ ਅਤੇ ਸਾਦਾ ਜੀਵਨ ਦਾ ਪਿਆਰ ਬਿਠਾਉਣ ਦਾ ਹਰ ਸੰਭਵ ਯਤਨ ਕੀਤਾ ਗਿਆ। ਉਨ੍ਹਾਂ ਨੂੰ ਸੱਚ ਤੇ ਪਿਆਰ 'ਚ ਵਿਸ਼ਵਾਸ ਕਰਨ ਦਾ ਅਭਿਆਸ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸ਼ਰਾਬ ਪੀਣ, ਚੋਰੀ, ਵਿਭਚਾਰ, ਝੂਠ, ਨਿੰਦਾ, ਚੁਗਲੀ ਕਰਨ ਅਤੇ ਧੋਖਾ ਦੇਣ ਆਦਿ ਦੀਆਂ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। 1863 ਵਿਚ ਸਰਕਾਰ ਦੁਆਰਾ ਰੋਕੇ ਗਏ ਬਾਬਾ ਰਾਮ ਸਿੰਘ ਜੀ ਦੇ ਸਰਕੂਲਰ ਪੱਤਰ ਵਿਚ ਅਜਿਹਾ ਹੁਕਮ ਦਿੱਤਾ ਗਿਆ ਸੀ, ਜਿਸ 'ਚ ਲਿਖਿਆ ਹੈ: "ਜੇ ਕੋਈ ਚੋਰੀ, ਵਿਭਚਾਰ ਅਤੇ ਉਨ੍ਹਾਂ ਵਰਗੀਆਂ ਹੋਰ ਬੁਰਾਈਆਂ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਨੂੰ ਆਪਣੀ ਸੰਗਤ ਵਿਚ ਨਾ ਬੈਠਣ ਦਿਓ। ਜੇ ਉਹ ਜ਼ਬਰਦਸਤੀ ਅਜਿਹਾ ਕਰਦਾ ਹੈ, ਤਾਂ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰੋ ਕਿ ਉਹ ਉਸਨੂੰ ਅਜਿਹਾ ਕਰਨ ਤੋਂ ਅਸਮਰੱਥ ਰਹੇ।" ਉਸੇ ਦਸਤਾਵੇਜ਼ ਵਿੱਚ ਇਹ ਵੀ ਸਬੂਤ ਹੈ ਕਿ ਅਜਿਹੀਆਂ ਗ਼ਲਤੀਆਂ ਕਰਨ ਵਾਲਿਆਂ ਦੀਆਂ ਸੂਚੀਆਂ ਅਕਸਰ ਤਿਆਰ ਕੀਤੀਆਂ ਜਾਂਦੀਆਂ ਸਨ ਤੇ ਵਿਆਪਕ ਪ੍ਰਚਾਰ ਅਤੇ ਆਮ ਸਮਾਜਕ ਬਾਈਕਾਟ ਲਈ ਪ੍ਰਸਾਰਿਤ ਕੀਤੀਆਂ ਜਾਂਦੀਆਂ ਸਨ। ਮੇਜਰ ਪਰਕਿਨਜ਼ ਨੇ ਕੂਕਿਆਂ ਬਾਰੇ ਆਪਣੀ ਇੱਕ ਰਿਪੋਰਟ ਵਿੱਚ, ਪੰਚਾਇਤੀ

1. ਫ਼ੌਰੇਨ ਪੁਲਿਟੀਕਲ (ਏ), ਫ਼ਰਵਰੀ 1868, ਕੌਂਸ: 202-203, ਪੰਨਾ 7
2. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, 1879 ਦਾ 257-259
3. ਰਹਿਤਨਾਮਾ - ਵੇਖੋ ਸੰਤ ਨਿਧਾਨ ਸਿੰਘ ਆਲਮ, ਉਹੀ, ਪੰਨਾ 71
4. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦੇ 273-284; ਫ਼ੌਰੇਨ ਪੁਲਿਟੀਕਲ (ਏ) ਮਾਰਚ 1867 ਕੌਂਸ 111/112, ਪੰਨਾ 3

(ਲੋਕ ਅਦਾਲਤ) ਦੇ ਪ੍ਰਬੰਧ ਦਾ ਹਵਾਲਾ ਦਿੱਤਾ ਹੈ, ਜਿੱਥੇ ਅਪਰਾਧੀਆਂ ਨੂੰ ਸਜ਼ਾ ਦਿੱਤੀ ਜਾ ਸਕਦੀ ਸੀ ਜਾਂ ਧਾਰਮਿਕ ਸ਼ੁੱਧਤਾ ਦੇ ਮਾਰਗ 'ਤੇ ਵਾਪਸ ਲਿਆਇਆ ਜਾ ਸਕਦਾ ਸੀ[1]। ਨਵੇਂ ਚੇਲੇ ਨੂੰ ਦਿੱਤਾ ਜਾਣ ਵਾਲਾ ਸਬਕ ਆਤਮ-ਬਲੀਦਾਨ ਹੁੰਦਾ ਸੀ। ਇਹ ਸ਼ੁਰੂਆਤੀ ਹਦਾਇਤ ਤੋਂ ਹੀ ਸਪੱਸ਼ਟ ਹੁੰਦਾ ਹੈ, ਜੋ ਕਿ ਕਿੰਚੈਂਟ ਦੀ ਰਿਪੋਰਟ ਵਿੱਚ ਹੇਠ ਲਿਖੇ ਅਨੁਸਾਰ ਦਰਜ ਹੈ:

> "ਪਹਿਲਾਂ ਮੌਤ ਲਈ ਤਿਆਰ ਰਹੋ; ਜਿਊਣ ਦੀ ਇੱਛਾ ਤਿਆਗ ਦੇਵੋ; ਧਰਤੀ ਦੀ ਧੂੜ ਬਣੋ; ਅਤੇ ਫਿਰ ਮੇਰੇ ਕੋਲ ਆਓ।"

ਪੰਜਾਬੀ ਦਾ ਇਹ ਅਸਲ ਸਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ[3] ਰਚਿਤ ਹੈ, ਜੋ ਇਸ ਪ੍ਰਕਾਰ ਹੈ:

> *ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
> *ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

ਅਰੰਭਲੀ ਕਿਰਿਆ ਖ਼ਤਮ ਹੋ ਗਈ ਹੈ, ਚੇਲੇ ਨੂੰ ਉਨ੍ਹਾਂ ਸਾਰੇ ਵਿਕਾਰਾਂ ਨੂੰ ਤਿਆਗਣ ਲਈ ਕਿਹਾ ਗਿਆ ਜੋ ਚਰਿੱਤਰ ਨੂੰ ਵਿਗਾੜਦੇ ਹਨ। ਕੂਕਾ ਆਚਾਰ ਜ਼ਾਬਤਾ ਨੇ ਤਮਾਕੂਨੋਸ਼ੀ ਅਤੇ ਮਾਸਾਹਾਰ ਤੋਂ ਪਰਹੇਜ਼ ਕਰਨ ਅਤੇ ਸ਼ਰਾਬ, ਭੰਗ ਅਤੇ ਅਫੀਮ ਆਦਿ ਵਰਗੇ ਸਾਰੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਤੋਂ ਦੂਰ ਰਹਿਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਸੀ। ਹੁੱਕਾਨੋਸ਼ੀ ਵੇਖ ਕੇ ਉਨ੍ਹਾਂ ਦਾ ਖ਼ੂਨ ਖੌਲ ਜਾਂਦਾ ਸੀ ਅਤੇ ਉਨ੍ਹਾਂ ਵਿੱਚ ਹੋਰ ਵੀ ਉਤਸ਼ਾਹ ਪੈਦਾ ਹੋ ਜਾਂਦਾ ਸੀ ਅਤੇ ਉਹ ਆਪਣੇ-ਆਪ ਨੂੰ ਅਜਿਹੀ ਨਫ਼ਰਤਯੋਗ ਵਸਤੂ ਨੂੰ ਵੇਖ ਕੇ ਹਮਲਾ ਕਰ ਕੇ ਉਸ ਨੂੰ ਨਸ਼ਟ ਕਰਨ ਤੋਂ ਰੋਕ ਨਹੀਂ ਸਕਦੇ ਸਨ। ਗਊ-ਰੱਖਿਆ ਨੂੰ ਵੀ ਉਨ੍ਹਾਂ ਦੀ ਸਮਾਜਿਕ ਨੈਤਿਕਤਾ ਦਾ ਮੁੱਖ ਸਿਧਾਂਤ ਬਣਾਇਆ ਗਿਆ ਸੀ। ਭੀਖ ਮੰਗਣ ਤੋਂ ਹਰ ਕੀਮਤ 'ਤੇ ਦੂਰ ਰਹਿਣਾ ਸੀ। ਦਾਨ ਕਰਨ ਭਾਵ ਖ਼ੈਰਾਤ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ, ਪਰ ਇਸ ਨੂੰ ਪੇਸ਼ੇਵਰ ਤਰੀਕੇ ਨਾਲ ਵਰਤਣ ਦੀ ਨਿੰਦਾ ਕੀਤੀ ਗਈ ਸੀ। ਦਾਨ ਦਾ ਸਭ ਤੋਂ ਉੱਤਮ ਰੂਪ ਗ਼ਰੀਬਾਂ, ਬੇਸਹਾਰਾ, ਬੀਮਾਰਾਂ ਤੇ ਅਪਾਹਜਾਂ ਦੀ ਸਹਾਇਤਾ ਕਰਨਾ ਦੱਸਿਆ ਜਾਦਾ ਸੀ। ਇਹ ਤੱਥ ਬਾਬਾ ਰਾਮ ਸਿੰਘ ਜੀ ਵੱਲੋਂ ਆਪਣੇ ਭਰਾ ਬੁੱਧ ਸਿੰਘ ਨੂੰ ਲਿਖੇ ਪੱਤਰਾਂ ਵਿੱਚ ਵਾਰ-ਵਾਰ ਸਾਹਮਣੇ ਆਉਂਦਾ ਹੈ। ਰੋਜ਼ੀ-ਰੋਟੀ ਕਮਾਉਣ ਦੇ ਸਾਧਨਾਂ ਵਿੱਚ ਸਖ਼ਤ ਮਿਹਨਤ ਅਤੇ ਈਮਾਨਦਾਰੀ ਨੂੰ ਕੂਕਿਆਂ ਦੇ ਜੀਵਨ ਢੰਗ ਦਾ ਇੱਕ ਜ਼ਰੂਰੀ ਅੰਗ ਬਣਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਹੋਰ ਕੋਈ ਸੋਚ ਜਾਂ ਵਿਚਾਰ ਬਰਦਾਸ਼ਤ ਨਹੀਂ ਕੀਤਾ ਜਾਂਦਾ ਸੀ। ਬਾਬਾ ਰਾਮ ਸਿੰਘ ਜੀ ਆਪ ਵੀ ਸ਼ਰਧਾਲੂਆਂ ਦੀਆਂ ਭੇਟਾਂ ਦੇ ਕਿਸੇ ਵੀ ਹਿੱਸੇ ਨੂੰ ਆਪਣੀਆਂ ਜ਼ਰੂਰਤਾਂ ਲਈ ਵਰਤਣ ਤੋਂ ਇਨਕਾਰ

---

1. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1871 ਦੇ 273-284; ਫ਼ੌਰੇਨ ਪੁਲਿਟੀਕਲ (ਏ) ਮਾਰਚ 1867 ਕੌਂਸ: 111/112, ਪੰਨਾ 3
2. ਉਹੀ
3. ਆਦਿ ਗ੍ਰੰਥ, ਸਲੋਕ ਮਾਰੂ, 5

ਕਰਦੇ ਸਨ ਅਤੇ ਉਨ੍ਹਾਂ ਸਦਾ ਆਪਣੀ ਦੁਕਾਨ ਦੀ ਵਿਕਰੀ ਤੋਂ ਹੋਣ ਵਾਲੀ ਕਮਾਈ ਤੋਂ ਹੀ ਆਪਣਾ ਗੁਜ਼ਾਰਾ ਜਾਰੀ ਰੱਖ ਕੇ ਇੱਕ ਉੱਤਮ ਮਿਸਾਲ ਕਾਇਮ ਕੀਤੀ, ਜੋ ਕਿ ਉਨ੍ਹਾਂ ਦੇ ਸਾਲ 1872 'ਚ ਗ੍ਰਿਫ਼ਤਾਰ ਤੇ ਜਲਾਵਤਨ ਹੋਣ ਤੱਕ ਚੱਲਦੀ ਸੀ। ਨਾਹਰ ਸਿੰਘ[1] ਲਿਖਦੇ ਹਨ: "ਉਨ੍ਹਾਂ ਦਾ ਉਪਦੇਸ਼ ਸੀ ਕਿ ਹਰੇਕ ਨੂੰ ਆਪਣੀ ਕਿਰਤ ਦੇ ਪਸੀਨੇ ਨਾਲ ਜਿਉਣਾ ਚਾਹੀਦਾ ਹੈ, ਕੋਈ ਵੀ ਵਿਹਲਾ ਨਹੀਂ ਹੋਣਾ ਚਾਹੀਦਾ, ਨਾ ਅਮੀਰ ਆਦਮੀ ਅਤੇ ਨਾ ਹੀ ਧਾਰਮਿਕ ਜੀਵਨ ਨੂੰ ਸਮਰਪਿਤ।"

ਉਨ੍ਹਾਂ ਦੇ ਉਪਦੇਸ਼ ਦਾ ਇਕ ਹੋਰ ਮੁੱਖ ਸਿਧਾਂਤ ਇਹ ਸੀ ਕਿ ਕਿਸੇ ਨੂੰ ਵੀ ਦੂਜੇ ਦੇ ਅਧਿਕਾਰਾਂ 'ਤੇ ਕਬਜ਼ਾ ਨਹੀਂ ਕਰਨਾ ਚਾਹੀਦਾ। ਗੁਰੂ ਨਾਨਕ ਦੇਵ ਜੀ ਦੀ ਬਾਣੀ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" (ਦੂਜੇ ਮਨੁੱਖ ਦੇ ਹੱਕ 'ਤੇ ਕਬਜ਼ਾ ਕਰਨਾ ਮੁਸਲਮਾਨ ਲਈ ਸੂਰ ਦਾ ਮਾਸ ਅਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਦੇ ਬਰਾਬਰ ਹੋਣਾ ਚਾਹੀਦਾ ਹੈ) ਨੂੰ ਕਿਸੇ ਦੇ ਮਾਰਗਦਰਸ਼ਨ ਲਈ ਇੱਕ ਆਦਰਸ਼ ਵਜੋਂ ਰੱਖਿਆ ਗਿਆ ਸੀ[2]। ਬਾਬਾ ਰਾਮ ਸਿੰਘ ਜੀ ਨੇ ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਕੇਵਲ ਸੰਤਾਂ ਜਾਂ ਧਰਮੀ ਲੋਕਾਂ ਦੀ ਰਚਨਾ 'ਤੇ ਹੀ ਵਿਚਾਰ ਨਹੀਂ ਕੀਤਾ ਸੀ, ਸਗੋਂ ਉਹ ਯਕੀਨੀ ਤੌਰ 'ਤੇ ਚਾਹੁੰਦੇ ਸਨ ਕਿ ਉਨ੍ਹਾਂ ਦੇ ਪੈਰੋਕਾਰ ਨਾਇਕ ਬਣਨ, ਉਹ ਜਿੰਨੇ ਬਹਾਦਰੀ ਵਿੱਚ ਉੱਘੇ ਹੋਣ ਓਨਾ ਹੀ ਮਜ਼ਬੂਤ ਉਨ੍ਹਾਂ ਦਾ ਆਤਮਿਕ ਜੀਵਨ ਵੀ ਹੋਵੇ। ਸਰੀਰਕ ਤਾਕਤ ਦੇ ਨਿਰਮਾਣ ਤੇ ਮਾਰਸ਼ਲ (ਜੰਗਜੂ) ਗੁਣਾਂ ਦੇ ਵਿਕਾਸ 'ਤੇ ਜ਼ੋਰ ਦਿੱਤਾ ਗਿਆ ਸੀ। ਸਰੀਰਕ ਤਾਕਤ ਦੀ ਪ੍ਰਾਪਤੀ ਦੇ ਮੱਦੇਨਜ਼ਰ ਕੂਕਿਆਂ ਨੂੰ ਗਊਆਂ ਅਤੇ ਮੱਝਾਂ ਪਾਲਣ, ਬਹੁਤ ਜ਼ਿਆਦਾ ਦੁੱਧ, ਮੱਖਣ ਅਤੇ ਘਿਓ ਦੀ ਵਰਤੋਂ ਕਰਨ ਅਤੇ ਆਪਣੇ ਆਪ ਨੂੰ ਸਖ਼ਤ ਤੇ ਮਜ਼ਬੂਤ ਬਣਾਉਣ ਲਈ ਸਖ਼ਤ ਮਿਹਨਤ ਤੇ ਸਹਿਣਸ਼ੀਲਤਾ ਜਿਹੀਆਂ ਆਦਤਾਂ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ ਸੀ। ਮਾਰਸ਼ਲ ਗੁਣਾਂ ਦੀ ਪ੍ਰਾਪਤੀ ਲਈ ਘੋੜਿਆਂ ਦੇ ਪਾਲਣ-ਪੋਸ਼ਣ, ਘੋੜ-ਸਵਾਰੀ ਸਿੱਖਣ, ਹਰ ਸਮੇਂ ਭਾਰੀ ਲਾਠੀਆਂ ਚੁੱਕਣ, ਗੱਤਕਾ-ਖੇਡ (ਤਲਵਾਰਬਾਜ਼ੀ ਸਿੱਖਣ ਲਈ ਇੱਕ ਭਾਰਤੀ ਅਭਿਆਸ) ਵਿੱਚ ਸ਼ਾਮਲ ਹੋਣ 'ਤੇ ਜ਼ੋਰ ਦੇ ਕੇ ਹਾਸਲ ਕੀਤੀ ਜਾਣੀ ਸੀ ਅਤੇ ਸਭ ਤੋਂ ਉੱਤੇ ਚੰਡੀ ਦਾ ਪਾਠ ਕਰਨਾ। ਇੱਥੇ ਚੰਡੀ ਤੋਂ ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਜਾਂ 'ਵਾਰ ਸ੍ਰੀ ਭਗਉਤੀ ਜੀ ਕੀ' ਸਿਰਲੇਖ ਵਾਲੀ ਮਹਾਂਕਾਵਿ ਰਚਨਾ ਤੋਂ ਹੈ; ਇਸ ਵਿੱਚ ਦੇਵੀ ਚੰਡੀ ਅਤੇ ਦੈਂਤਾਂ ਵਿਚਕਾਰ ਯੁੱਧ ਦਾ ਵਿਸ਼ਾ ਹੈ। ਕੂਕਿਆਂ ਦੇ ਆਚਾਰ-ਵਿਹਾਰ ਲਈ ਜ਼ਾਬਤਾ ਭਾਵ ਰਹਿਤਨਾਮਾ ਵਿੱਚ ਇਸ ਦੇ ਪਾਠ ਦੀ ਇੱਕ ਵਿਸ਼ੇਸ਼ ਵਿਧੀ ਨਿਰਧਾਰਿਤ ਕੀਤੀ ਗਈ ਸੀ। ਕੂਕਾ ਆਚਾਰ-ਸੰਹਿਤਾ ਰਸਮ ਦਾ ਅਧਿਕਾਰਤ ਬਿਰਤਾਂਤ ਹੇਠਾਂ[3] ਨੂੰ ਇੱਥੇ ਹੇਠਾਂ ਪੇਸ਼ ਕੀਤਾ ਗਿਆ ਹੈ।

1. ਨਾਹਰ ਸਿੰਘ, ਉਹੀ, ਪੰਨਾ 135
2. ਸੰਤ ਨਿਧਾਨ ਸਿੰਘ ਆਲਮ, ਉਹੀ, ਪੰਨਾ 71 - ਰਹਿਤਨਾਮਾ
3. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦਾ 273-284, ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ: 111/112, ਪੰਨਾ 3

"ਪਹਿਲਾਂ ਦੋ ਜਾਂ ਤਿੰਨ ਮਣ ਲੱਕੜ ਇਕੱਠੀ ਕੀਤੀ ਜਾਂਦੀ ਹੈ ਅਤੇ ਅੱਗ ਬਾਲ਼ੀ ਜਾਂਦੀ ਹੈ। ਫਿਰ ਇਸ ਵਿਚ ਘਿਓ, ਹਲਵਾ, ਫਲ ਆਦਿ ਸੁੱਟੇ ਜਾਂਦੇ ਹਨ, ਤਾਂ ਕਿ ਲੱਕੜੀ ਨੂੰ ਹੋਰ ਹੌਲੀ-ਹੌਲੀ ਮਘਾਇਆ ਜਾ ਸਕੇ; ਇਕੱਠੇ ਹੋਏ ਕੂਕੇ ਆਲੇ-ਦੁਆਲੇ ਖੜੇ ਹੁੰਦੇ ਹਨ, ਜਦੋਂ ਕਿ ਇੱਕ (ਸ੍ਰੀ) ਗ੍ਰੰਥ (ਸਾਹਿਬ) ਦਾ ਪਾਠ ਕਰਦਾ ਹੈ ਅਤੇ ਦੂਸਰੇ ਸਲੋਕਾਂ ਨੂੰ ਦੁਹਰਾਉਂਦੇ ਹਨ। ਕੁਝ ਸਮੇਂ ਤੱਕ ਅਜਿਹਾ ਚੱਲਦਾ ਰਿਹਾ, ਇਸ ਤੋਂ ਬਾਅਦ ਉਨ੍ਹਾਂ 'ਚੋਂ ਕੁਝ ਇੰਨੇ ਉਤੇਜਿਤ ਹੋ ਗਏ ਕਿ ਉਨ੍ਹਾਂ ਨੇ ਖੁਦ ਨੂੰ ਅੱਗ 'ਚ ਸੁੱਟਣ ਦੀ ਕੋਸ਼ਿਸ਼ ਕੀਤੀ। ਭਾਵੇਂ, ਕੁਝ ਪੁਰਸ਼ਾਂ ਨੂੰ ਹਮੇਸ਼ਾ ਪਹਿਲਾਂ ਤੋਂ ਹੀ ਦੱਸ ਦਿੱਤਾ ਜਾਂਦਾ ਹੈ ਕਿ ਕਿਤੇ ਕੋਈ ਵਧੇਰੇ ਉਤਸ਼ਾਹੀ ਭਰਾ ਆਪਣੇ-ਆਪ ਨੂੰ ਕੋਈ ਨੁਕਸਾਨ ਨਾ ਪਹੁੰਚਾ ਸਕੇ।"

ਭਾਵੇਂ ਇਸ ਬਿਰਤਾਂਤ 'ਚ ਰਹਿਤਨਾਮੇ ਵਿੱਚ ਦਰਜ ਬਹੁਤ ਸਾਰੇ ਵੇਰਵਿਆਂ ਦੀ ਘਾਟ ਹੈ, ਫਿਰ ਵੀ ਇਹ ਪੂਰੇ ਮਾਮਲੇ ਦਾ ਸਾਰ ਦਿੰਦਾ ਹੈ।

ਗੰਦਾ ਸਰੀਰ ਨਾ ਤਾਂ ਸਰੀਰਕ ਜਾਂ ਮਾਨਸਿਕ ਸਿਹਤ ਲਈ ਅਤੇ ਨਾ ਹੀ ਅਧਿਆਤਮਿਕ ਤਰੱਕੀ ਲਈ ਚੰਗਾ ਹੈ। ਇਹ ਮਹੱਤਵਪੂਰਨ ਤੱਥ ਸਾਰੇ ਕੂਕਿਆਂ 'ਤੇ ਨਿਰੰਤਰ ਪ੍ਰਭਾਵਤ ਸੀ। ਰਹਿਤਨਾਮੇ ਵਿੱਚ ਇੱਕ ਸਖ਼ਤ ਹੁਕਮ ਸੀ ਕਿ ਭਾਈਚਾਰੇ ਦੇ ਹਰੇਕ ਮੈਂਬਰ ਨੂੰ "ਭੋਜਨ ਤੋਂ ਪਹਿਲਾਂ ਇਸ਼ਨਾਨ ਕਰਨਾ ਚਾਹੀਦਾ ਹੈ।" ਮੇਜਰ ਪਰਕਿਨਜ਼ ਲਿਖਦੇ ਹਨ:[1] "ਨਵੇਂ ਕੂਕੇ ਬਣਨ ਵਾਲਿਆਂ ਨੂੰ ਹਰ ਰੋਜ਼ ਸਵੇਰੇ 3 ਵਜੇ ਮੁਕੰਮਲ ਇਸ਼ਨਾਨ ਕਰਨ ਅਤੇ ਆਪਣੇ ਸਿਰ ਦੇ ਕੇਸ ਧੋਣ ਦਾ ਹੁਕਮ ਦਿੱਤਾ ਗਿਆ ਸੀ।" ਬਾਬਾ ਰਾਮ ਸਿੰਘ ਜੀ ਨਾਲ ਨਿੱਜੀ ਇੰਟਰਵਿਊ ਲੈਣ ਵਾਲੇ ਫਜ਼ਲ ਹੁਸੈਨ[2] ਅਨੁਸਾਰ, ਬਾਬਾ ਜੀ ਹਰ ਰੋਜ਼ ਤੜਕੇ 2 ਵਜੇ ਉੱਠਦੇ ਸਨ ਅਤੇ ਦਿਨ ਵਿੱਚ ਤਿੰਨ ਵਾਰ ਇਸ਼ਨਾਨ ਕਰਦੇ ਸਨ। ਨਿੱਜੀ ਸਫਾਈ ਦਾ ਉੱਚ-ਪੱਧਰ, ਰੋਜ਼ਾਨਾ ਦੇ ਇਸ਼ਨਾਨ ਤੋਂ ਇਲਾਵਾ ਕੱਪੜੇ, ਖਾਣ-ਪੀਣ ਦੀਆਂ ਚੀਜ਼ਾਂ, ਇੱਥੋਂ ਤੱਕ ਕਿ ਲੰਗਰ ਘਰਾਂ ਤੇ ਲੰਗਰਾਂ ਤੱਕ ਵਧਾਇਆ ਗਿਆ ਸੀ।

ਸਮਾਜ ਵਿਅਕਤੀਆਂ ਨਾਲ ਹੀ ਬਣਦਾ ਹੈ। ਜੇ ਵਿਅਕਤੀ ਸੁਧਰ ਜਾਂਦੇ ਹਨ ਤਾਂ ਸਮਾਜ ਆਪਣੇ-ਆਪ ਸੁਧਰ ਜਾਂਦਾ ਹੈ। ਫਿਰ ਵੀ, ਕੁਝ ਸਮਾਜਿਕ ਬੁਰਾਈਆਂ ਹਨ, ਜਿਨ੍ਹਾਂ 'ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਜੜ੍ਹੋਂ ਪੁੱਟਣ ਦੀ ਜ਼ਰੂਰਤ ਹੈ, ਜੇ ਸਮਾਜਿਕ ਜੀਵਨ ਨੂੰ ਸਿਹਤਮੰਦ ਅਤੇ ਪੂਰੀ ਤਰ੍ਹਾਂ ਤੰਦਰੁਸਤ ਬਣਾਉਣਾ ਹੈ। ਉਸ ਸਮੇਂ ਵਿਆਹ ਪ੍ਰਣਾਲੀ, ਔਰਤਾਂ ਦੀ ਸਥਿਤੀ ਅਤੇ ਜਾਤ-ਪਾਤ ਨਾਲ ਸਬੰਧਤ ਬਹੁਤ ਸਾਰੀਆਂ ਸਮੱਸਿਆਵਾਂ ਸਨ, ਜੋ ਸਮਾਜ ਨੂੰ ਅਣਮਨੁੱਖੀ ਤੇ ਤਬਾਹਕੁੰਨ ਬਣਾ ਰਹੀਆਂ ਸਨ ਅਤੇ ਉਨ੍ਹਾਂ ਦੇ ਫੌਰੀ ਹੱਲ ਦੀ ਦੁਹਾਈ ਦਿੱਤੀ ਗਈ ਸੀ। ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ 'ਤੇ ਸਿੱਧੇ ਹਮਲੇ ਕੀਤੇ, ਤਾਂ ਜੋ ਸਮਾਜਿਕ ਜੀਵਨ ਦੀ ਧਾਰਾ ਸਪੱਸ਼ਟ ਤੇ ਰੌਸ਼ਨ ਢੰਗ ਨਾਲ ਵਹਿ ਸਕੇ।

---

1. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦੀ 273-284; ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ: 111/112, ਪੰਨਾ 3
2. ਫ਼ੌਰੇਨ ਪੁਲਿਟੀਕਲ (ਏ) ਫ਼ਰਵਰੀ 1868, ਕੌਂਸ 202-203

ਉਨ੍ਹਾਂ ਗੰਭੀਰ ਅਸਮਰੱਥਾਵਾਂ ਨੂੰ ਦੂਰ ਕਰਨ ਲਈ ਜਿਨ੍ਹਾਂ ਤੋਂ ਔਰਤ ਸਮਾਜ ਦੁਖੀ ਹੈ, ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰਾਂ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਦੇ ਸੰਗਠਨ ਵਿੱਚ ਸ਼ਾਮਲ ਹੋਣ ਲਈ ਤਤਪਰ ਸਨ। ਉਨ੍ਹਾਂ ਨੇ ਉਸੇ ਤਰੀਕੇ ਨਾਲ ਨਾਮ ਲਿਆ ਸੀ ਜਿਵੇਂ ਮਰਦਾਂ ਨੇ ਲਿਆ ਸੀ ਅਤੇ ਉਨ੍ਹਾਂ ਤੋਂ ਸਮਾਜ ਦੇ ਸਾਰੇ ਕਾਰਜਾਂ ਵਿੱਚ ਬਰਾਬਰ ਹਿੱਸਾ ਲੈਣ ਦੀ ਆਸ ਰੱਖੀ ਜਾਂਦੀ ਸੀ। ਉਨ੍ਹਾਂ ਨੂੰ ਹੁਣ ਆਪਣੇ ਘਰਾਂ ਦੀਆਂ ਚਾਰ ਦੀਵਾਰੀਆਂ ਅੰਦਰ ਆਪਣੇ ਆਪ ਨੂੰ ਇਕਾਂਤ 'ਚ ਰੱਖਣ ਜਾਂ ਪਰਦੇ ਵਾਲੇ ਚਿਹਰਿਆਂ ਨਾਲ ਘੁੰਮਣ ਦੀ ਲੋੜ ਨਹੀਂ ਸੀ। ਇਸੇ ਤਰ੍ਹਾਂ, ਜਬਰੀ ਵਿਧਵਾਪਣ ਦਾ ਜੀਵਨ ਬਿਤਾਉਣ ਨੂੰ ਬੀਤੇ ਸਮੇਂ ਦੀ ਗੱਲ ਐਲਾਨ ਦਿੱਤਾ ਗਿਆ ਸੀ। ਬਾਬਾ ਰਾਮ ਸਿੰਘ ਜੀ ਦੇ ਸਿਧਾਂਤਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਰਣਨ ਕਰਦਿਆਂ 1863 ਵਿਚ ਪ੍ਰਕਾਸ਼ਿਤ ਸਰਕਾਰੀ ਬਿਰਤਾਂਤ 'ਚ ਸਪੱਸ਼ਟ ਤੌਰ 'ਤੇ ਲਿਖਿਆ ਹੈ[1]: "ਉਹ ਵਿਧਵਾਵਾਂ ਦੇ ਵਿਆਹ ਦਾ ਹੁਕਮ ਦਿੰਦੇ ਹਨ... ਲਿੰਗਾਂ ਵਿਚਕਾਰ ਬਹੁਤ ਜ਼ਿਆਦਾ ਸੁਤੰਤਰ ਮੇਲ-ਜੋਲ ਦੀ ਵਕਾਲਤ ਕਰਦੇ ਹਨ; ਆਦਮੀ ਤੇ ਔਰਤਾਂ ਉਸ ਦੀਆਂ ਸਭਾਵਾਂ 'ਚ ਇਕੱਠੇ ਹੋ ਕੇ ਵਿਚਰਦੇ ਹਨ; ਅਤੇ ਹਜ਼ਾਰਾਂ ਔਰਤਾਂ ਤੇ ਮੁਟਿਆਰਾਂ ਇਸ ਪੰਥ 'ਚ ਸ਼ਾਮਲ ਹੋ ਗਈਆਂ ਹਨ; ਉਹ ਆਪਣੇ ਚੇਲਿਆਂ ਨੂੰ ਸਾਫ਼-ਸੁਥਰੇ ਅਤੇ ਸੱਚ ਬੋਲਣ ਲਈ ਪ੍ਰੇਰਿਤ ਕਰਦੇ ਹਨ, "ਇਨ੍ਹਾਂ ਵਿੱਚੋਂ ਕੁਝ ਔਰਤਾਂ ਜਿਵੇਂ ਮਾਈ ਹੁਕਮੀ ਜੀ ਨੂੰ ਉੱਚ ਭਰੋਸੇ ਤੇ ਜ਼ਿੰਮੇਵਾਰੀ ਵਾਲੇ ਅਹੁਦੇ ਦਿੱਤੇ ਗਏ ਸਨ। ਕਪੂਰ ਸਿੰਘ ਨੇ ਆਪਣੀ ਪੁਸਤਕ 'ਸਪਤ ਸ੍ਰਿੰਗ' ਵਿਚ ਬਾਬਾ ਰਾਮ ਸਿੰਘ ਜੀ ਦੇ ਕੰਮ ਦੀ ਮਹੱਤਤਾ ਨੂੰ ਇਸ ਸਬੰਧੀ[2] ਸਮਝਾਇਆ ਹੈ: "ਉਹ ਆਖਦੇ ਹਨ,'ਸਿੱਖ, ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਇਕ ਬਹੁਤ ਹੀ ਮਹਾਨ ਸੁਧਾਰਕ ਤੇ ਵਿਚਾਰਧਾਰਾ ਵਾਲੇ ਆਗੂ ਸਨ, ਜਿਨ੍ਹਾਂ ਸਮਾਜ ਵਿੱਚ ਆਦਮੀਆਂ ਤੇ ਔਰਤਾਂ ਦੀ ਪੂਰਨ ਸਮਾਨਤਾ ਲਈ ਕੰਮ ਕੀਤਾ ਤੇ ਆਪਣੇ ਯਤਨਾਂ ਵਿੱਚ ਜ਼ਿਕਰਯੋਗ ਸਫਲਤਾ ਹਾਸਲ ਕੀਤੀ। ਭਾਵੇਂ ਉਨ੍ਹਾਂ ਦੀਆਂ ਹੋਰ ਮਹਾਨ ਪ੍ਰਾਪਤੀਆਂ ਨੂੰ ਵਿਚਾਰ ਤੋਂ ਲਾਂਭੇ ਵੀ ਰੱਖ ਕੇ ਲਿਆਂਦਾ ਤਾਂ ਵੀ ਕੇਵਲ ਇਹੋ ਪ੍ਰਚਾਰ ਕਿ ਮਰਦ ਤੇ ਔਰਤਾਂ ਸਮਾਜ ਵਿੱਚ ਬਰਾਬਰ ਅਧਿਕਾਰਾਂ ਦੇ ਹੱਕਦਾਰ ਹਨ - ਉਨ੍ਹਾਂ ਨੂੰ ਦੁਨੀਆ ਦੇ ਪ੍ਰਮੁੱਖ - ਸਭ ਤੋਂ ਮੋਹਰੀ ਸੁਧਾਰਕਾਂ 'ਚ ਦਰਜਾ ਦਿਵਾਏਗਾ।"

ਕੂਕਾ ਰਹਿਤਨਾਮੇ ਵਿੱਚ ਜੰਮਦੀ ਕੰਨਿਆ ਦੀ ਹੱਤਿਆ, ਛੋਟੀ ਉਮਰ ਵਿੱਚ ਵਿਆਹ ਤੇ ਵਿਆਹ 'ਚ ਧੀਆਂ ਦੀ ਵਿਕਰੀ ਤੇ ਵਟਾਂਦਰੇ ਦੇ ਭੈੜੇ ਰੀਤੀ ਰਿਵਾਜਾਂ ਬਾਰੇ ਸਖ਼ਤ ਹੁਕਮ ਦਿੱਤੇ ਗਏ ਸਨ:

"ਕਿਸੇ ਨੂੰ ਵੀ ਆਪਣੀ ਧੀ ਜਾਂ ਭੈਣ ਦੇ ਵਿਆਹ ਲਈ ਕੋਈ ਕੀਮਤ

1. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦਾ 273-284; ਫ਼ਾਰ ਪੁਲਿਟੀਕਲ (ਏ) ਮਾਰਚ 1867, ਕੌਂਸ: 111/112
2. ਸਪਤ ਸ੍ਰਿੰਗ, ਪੰਨਾ 11

ਵਸੂਲਣ ਦੀ ਇਜਾਜ਼ਤ ਨਹੀਂ ਹੈ। ਵੱਟੇ ਦੇ ਵਿਆਹ ਦੀ ਵੀ ਮਨਾਹੀ ਹੈ। ਗੁਰੂ ਨੂੰ ਸਦਾ ਯਾਦ ਰੱਖੋ। ਸਭ ਨੂੰ ਦੱਸ ਦੇਵੋ ਕਿ ਪੰਦਰਾਂ ਜਾਂ ਸੋਲਾਂ ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਦੇ ਵਿਆਹ ਦੀ ਮਨਾਹੀ ਹੈ।''[1]

ਇਹੋ ਹੁਕਮ 1863 'ਚ ਸਰਕਾਰ ਵੱਲੋਂ ਪਕੜੇ ਗਏ ਬਾਬਾ ਰਾਮ ਸਿੰਘ ਜੀ ਦੇ ਸਰਕੂਲਰ ਪੱਤਰ 'ਚ ਵਧੇਰੇ ਜ਼ੋਰਦਾਰ ਭਾਸ਼ਾ ਵਿੱਚ ਪਾਇਆ ਜਾਂਦਾ ਹੈ:

"ਜੋ ਕੋਈ ਆਪਣੀ ਧੀ ਦਾ ਵਿਆਹ ਕਰਵਾ ਕੇ ਪੈਸਾ ਕਮਾਉਂਦਾ ਹੈ, ਤਾਂ ਉਹ ਬਦਮਾਸ਼ ਹੈ। ਜੋ ਕੋਈ ਵੀ ਜੰਮਦੀ ਲੜਕੀ ਮਾਰਦਾ ਹੈ ਜਾਂ ਆਪਣੀ ਧੀ ਦਾ ਵਟਾਂਦਰੇ 'ਚ ਵਿਆਹ ਕਰਦਾ ਹੈ, ਤਾਂ ਉਹ ਦੁਸ਼ਟ ਹੈ।[2]

ਪੁਰਾਣੇ ਢੋਲ-ਢਮੱਕੇ ਤੇ ਫੋਕੇ ਦਿਖਾਵਿਆਂ ਵਾਲੇ ਗੁੰਝਲਦਾਰ ਵਿਆਹਾਂ ਦੀ ਥਾਂ ਇੱਕ ਸਾਦਾ ਤੇ ਬਹੁਤ ਘੱਟ ਖ਼ਰਚੇ ਵਾਲੇ ਵਿਆਹ 'ਤੇ ਜ਼ੋਰ ਦਿੱਤਾ ਗਿਆ ਸੀ। ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਬਾਣੀ ਦੇ ਪਾਠ ਦੇ ਚੱਲਦਿਆਂ ਵਿਆਹ ਕਰਵਾਉਣ ਦੀ ਨਵੀਂ ਪ੍ਰਣਾਲੀ ਨੂੰ 'ਅਨੰਦ ਕਾਰਜ' ਕਿਹਾ ਜਾਂਦਾ ਹੈ, ਨੇ ਦਾਜ, ਗਹਿਣੇ, ਮਹਿੰਗੇ ਕੱਪੜਿਆਂ, ਆਤਿਸ਼ਬਾਜ਼ੀ ਦੇ ਪ੍ਰਦਰਸ਼ਨ, ਤਾਂਬੇ ਅਤੇ ਚਾਂਦੀ ਦੇ ਸਿੱਕਿਆਂ ਦੀ ਵਰਖਾ ਵਰਗੀਆਂ ਬੋਝਲ ਅਤੇ ਫਾਲਤੂ ਚੀਜ਼ਾਂ 'ਤੇ ਕਿਸੇ ਵੀ ਤਰ੍ਹਾਂ ਦੇ ਖਰਚੇ, ਸ਼ਾਨਦਾਰ ਦਾਅਵਤਾਂ ਅਤੇ ਹੋਰ ਮਨੋਰੰਜਨ ਪ੍ਰੋਗਰਾਮ ਆਦਿ ਦੀ ਮਨਾਹੀ ਕੀਤੀ। ਇਹ ਸੁਧਾਰ ਲੜਕੀ ਦੇ ਮਾਪਿਆਂ ਨੂੰ ਉਮਰ ਭਰ ਦੀ ਮਾਨਸਿਕ ਪੀੜਾ ਤੋਂ ਬਚਾਉਣ ਲਈ ਅਤੇ ਔਰਤ ਦੇ ਸਾਰੇ ਪਤਨ ਦੇ ਮੂਲ ਕਾਰਨ ਨੂੰ ਖਤਮ ਕਰਨ ਲਈ ਸਿਰਫ਼ ਇੱਕ ਸਮਾਜਿਕ ਲੋੜ ਨਹੀਂ ਸੀ, ਸਗੋਂ ਇੱਕ ਆਰਥਿਕ ਜ਼ਰੂਰਤ ਵੀ ਸੀ। ਲੋਕਾਂ ਵਿਚਲੇ ਬਦਕਿਸਮਤ ਲੋਕਾਂ ਨੂੰ ਸ਼ਾਹੂਕਾਰਾਂ ਦੇ ਚੁੰਗਲ ਵਿਚ ਫਸਣ ਤੋਂ ਰੋਕਣ ਲਈ। ਇੱਥੇ ਇਹ ਯਾਦ ਰੱਖਣਾ ਯੋਗ ਹੋਵੇਗਾ ਕਿ ਇਸ ਸਮੇਂ ਦੌਰਾਨ ਪਿੰਡਾਂ ਦੇ ਵਾਸੀਆਂ ਸਿਰ ਕਰਜ਼ੇ ਦੀ ਬੁਰਾਈ ਖ਼ਤਰਨਾਕ ਢੰਗ ਨਾਲ ਵਧ ਰਹੀ ਸੀ। ਸਰਕਾਰ ਦੀ ਮਾਲੀਆ ਨੀਤੀ, ਅਦਾਲਤਾਂ ਵੱਲੋਂ ਅਪਣਾਏ ਗਏ ਨਿਆਂ ਦੇ ਨਵੇਂ ਸਿਧਾਂਤ, ਸਰਮਾਏਦਾਰ ਜਮਾਤ ਵੱਲੋਂ ਮਾਣੀ ਗਈ ਕੰਮ-ਕਾਜ ਦੀ ਬੇਰੋਕ ਅਜ਼ਾਦੀ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਇਸ ਵਰਤਾਰੇ ਦੇ ਉਭਾਰ ਨੂੰ ਹਵਾ ਦੇ ਰਹੀਆਂ ਸਨ। ਇਸ ਦੇ ਨਾਲ ਹੀ ਮਹਿੰਗੀ ਅਤੇ ਫਾਲਤੂ ਵਿਆਹ ਪ੍ਰਣਾਲੀ, ਹੋਰ ਬਹੁਤ ਸਾਰੇ ਮਹਿੰਗੇ ਘਰੇਲੂ ਰੀਤੀ-ਰਿਵਾਜ ਲੋਕਾਂ ਦੀ ਗ਼ਰੀਬੀ ਵਿੱਚ ਵਾਧਾ ਕਰਨ 'ਚ ਕੋਈ ਘੱਟ ਯੋਗਦਾਨ ਨਹੀਂ ਪਾ ਰਹੇ ਸਨ, ਜਿਸ ਕਰਕੇ ਉਨ੍ਹਾਂ ਨੂੰ ਸੂਦਖੋਰ ਵਰਗਾਂ 'ਤੇ ਨਿਰਭਰ ਰਹਿਣਾ ਪੈ ਰਿਹਾ ਸੀ। ਕੁਝ ਰੁਪਇਆਂ ਦੀ ਮਾਮੂਲੀ ਲਾਗਤ ਨਾਲ ਇੱਕ ਆਨੰਦ-ਕਾਰਜ (ਵਿਆਹ) ਕਰਵਾਇਆ ਗਿਆ। ਪਿੰਡਾਂ ਦੇ ਗ਼ਰੀਬ ਲੋਕਾਂ ਨੇ ਇਸ ਨੂੰ ਆਸਾਨੀ ਨਾਲ ਪ੍ਰਵਾਨ ਕਰ ਲਿਆ ਸੀ ਅਤੇ ਉਨ੍ਹਾਂ ਦੇ ਪੈਰੋਕਾਰਾਂ 'ਚ ਗ਼ਰੀਬਾਂ ਦੀ ਹੀ ਵੱਡੀ

1. ਰਹਿਤਨਾਮਾ - ਸੰਤ ਨਿਧਾਨ ਸਿੰਘ ਆਲਮ, ਉਹੀ, ਪੰਨਾ 72
2. ਸੰਤ ਨਿਧਾਨ ਸਿੰਘ ਆਲਮ, ਉਹੀ, ਪੰਨਾ 70, ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ 111/112

ਗਿਣਤੀ ਸੀ। ਇਹ ਨਵੀਂ ਰੀਤ ਪਹਿਲੀ ਵਾਰ ਪਿੰਡ ਖੋਟੇ ਵਿਖੇ (ਤਿੰਨ) ਜੂਨ, 1863 ਦੇ ਪਹਿਲੇ ਹਫ਼ਤੇ ਸ਼ੁਰੂ ਕੀਤੀ ਗਈ ਸੀ। ਇੱਕ ਵਾਰ ਸ਼ੁਰੂ ਹੋਣ ਤੋਂ ਬਾਅਦ, ਇਹ ਇੰਨੀ ਮਸ਼ਹੂਰ ਹੋ ਗਈ ਕਿ ਬਾਅਦ ਵਿੱਚ, 1909 ਵਿੱਚ, ਅਨੰਦ ਮੈਰਿਜ ਐਕਟ ਦੇ ਪਾਸ ਹੋਣ ਨਾਲ ਇਸ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਗਈ। ਪ੍ਰਭਾਵੀ ਤਬਦੀਲੀ ਦਾ ਇੱਕ ਅਹਿਮ ਪਰ ਇਤਫਾਕਨ ਨਤੀਜਾ ਇਹ ਨਿਕਲਿਆ ਕਿ ਤਦ ਤੱਕ ਜਿਹੜੇ ਪੇਸ਼ੇਵਰ ਬ੍ਰਾਹਮਣ ਆਮ ਲੋਕਾਂ ਦੇ ਵਿਆਹ ਕਰਵਾਉਂਦੇ ਰਹੇ ਸਨ, ਇਸ ਸੁਧਾਰ ਨੂੰ ਅਪਨਾਉਣ ਵਾਲੇ ਕੂਕਾ ਭਾਈਚਾਰੇ ਵਿੱਚ ਉਨ੍ਹਾਂ ਦਾ ਏਕਾਧਿਕਾਰ ਟੁੱਟ ਗਿਆ।

ਬਾਬਾ ਰਾਮ ਸਿੰਘ ਜੀ ਲਈ ਜਾਤ-ਪਾਤ ਦੀਆਂ ਸਖ਼ਤੀਆਂ ਇੱਕ ਸਮਾਜਕ ਵਿਗਾੜ ਸਨ। ਉਨ੍ਹਾਂ ਜਾਤ-ਪਾਤ ਦੀਆਂ ਅਜਿਹੀਆਂ ਬਨਾਵਟੀ ਰੁਕਾਵਟਾਂ ਦੀ ਕੋਈ ਪਰਵਾਹ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਮਿਸ਼ਨ ਸਾਰੀਆਂ ਜਾਤਾਂ ਤੇ ਸਾਰੇ ਧਰਮਾਂ ਲਈ ਸੀ। 1863 'ਚ ਛਪੇ ਪੱਤਰ-ਵਿਹਾਰ ਦੀ ਇਕ ਰਿਪੋਰਟ[1] 'ਚ ਦੱਸਿਆ ਗਿਆ ਹੈ: "ਉਨ੍ਹਾਂ ਨੇ ਸਿੱਖਾਂ 'ਚ ਜਾਤ-ਪਾਤ ਦੇ ਸਾਰੇ ਹੀ ਭੇਦ-ਭਾਵ ਖ਼ਤਮ ਕਰ ਦਿੱਤੇ ਸਨ; ਬਿਨਾ ਕਿਸੇ ਵਿਤਕਰੇ ਦੇ ਸਾਰੇ ਵਰਗਾਂ ਦੇ ਵਿਆਹਾਂ ਦੀ ਵਕਾਲਤ ਕੀਤੀ ਸੀ।" ਲੁਧਿਆਣਾ ਦੇ ਪੁਲਿਸ ਸੁਪਰਡੈਂਟ ਮੇਜਰ ਪਰਕਿਨਸ ਦੀ ਇੱਕ ਰਿਪੋਰਟ 'ਚ ਅੱਗੇ ਦੱਸਿਆ ਗਿਆ ਹੈ ਕਿ[2]: "ਹਿੰਦੂਆਂ ਦੀਆਂ ਸਾਰੀਆਂ ਜਾਤਾਂ ਤੇ ਇੱਥੋਂ ਤੱਕ ਕਿ ਮੁਸਲਮਾਨ ਵੀ ਕੂਕੇ ਬਣ ਸਕਦੇ ਹਨ, ਪਰ ਵਧੇਰੇ ਧਰਮ ਪਰਿਵਰਤਨ ਮੁੱਖ ਤੌਰ 'ਤੇ ਜੱਟਾਂ, ਤਰਖਾਣਾਂ, ਚਮਾਰਾਂ ਅਤੇ ਮਜ਼ਹਬੀਆਂ 'ਚੋਂ ਹੋਏ ਸਨ..." ਸ੍ਰੀ ਕਿੰਚੈਂਟ ਨੇ 1863 ਤੇ ਕੈਪਟਨ ਮੈਂਜ਼ੀਜ਼ ਨੇ 1866 'ਚ ਉਪਰੋਕਤ ਤੱਥਾਂ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਨਵੇਂ ਕੂਕੇ ਬਣਨ ਵਾਲੇ ਆਮ ਤੌਰ 'ਤੇ ਹਿੰਦੂਆਂ ਦੇ ਹੇਠਲੇ ਵਰਗਾਂ ਵਿਚੋਂ ਲਏ ਗਏ ਸਨ, ਭਾਵੇਂ ਮੁਸਲਮਾਨਾਂ ਲਈ ਵੀ ਕੂਕੇ ਬਣਨਾ ਸੰਭਵ ਸੀ, ਮੀਆਂ ਫਜ਼ਲ ਹੁਸੈਨ ਦੀ ਰਿਪੋਰਟ (1867) ਵੀ ਸ਼ਾਹਦੀ ਭਰਦੀ ਹੈ ਕਿ ਦਰਅਸਲ ਹੇਠਲੇ ਵਰਗ ਦੇ ਕੁਝ ਮੁਸਲਮਾਨ ਕੂਕੇ ਬਣ ਗਏ ਸਨ[3]। ਅੰਤਰਜਾਤੀ ਵਿਆਹ ਨੂੰ ਸਮਾਜ ਦੀ ਭਾਵਨਾਤਮਕ ਅਖੰਡਤਾ ਲਈ ਜ਼ਰੂਰੀ ਮੰਨਿਆ ਜਾਂਦਾ ਸੀ। ਇਸ ਦਿਸ਼ਾ ਦੀ ਸ਼ੁਰੂਆਤ ਖੋਟੇ ਵਿਖੇ 1863 ਵਿਚ ਕੀਤੀ ਗਈ ਸੀ, ਜਦੋਂ ਕੁਝ ਅਜਿਹੇ ਅੰਤਰਜਾਤੀ ਵਿਆਹ ਕੀਤੇ ਗਏ ਸਨ। ਇੱਕ ਮਾਮਲੇ ਵਿੱਚ ਇੱਕ ਤਰਖਾਣ ਦੀ ਧੀ ਦਾ ਵਿਆਹ ਇੱਕ ਅਰੋੜਾ ਪਰਿਵਾਰ 'ਚ ਹੋਇਆ ਸੀ।

ਭਾਵੇਂ, ਇਸ ਲਹਿਰ ਦੇ ਸਮਾਜਿਕ ਤੇ ਧਾਰਮਿਕ ਵਿਚਾਰ ਜੋ ਮਰਜ਼ੀ ਹੋਣ, ਇਹ ਵੀ ਬਾਕੀ ਸਾਰੀਆਂ ਲਹਿਰਾਂ ਵਰਗੀ ਹੋਣੀ ਚਾਹੀਦੀ ਹੈ ਤੇ ਜੇ ਇਸ ਨੇ ਆਪਣੀ ਛਾਪ ਡੂੰਘੀ ਅਤੇ ਵਿਆਪਕ ਬਣਾਉਣੀ ਹੈ, ਤਾਂ ਇਸ ਨੂੰ ਢੁਕਵੀਂ ਤੇ ਪ੍ਰਭਾਵਸ਼ਾਲੀ

---

1. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦਾ 273-284; ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ: 111/112
2. ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ: 111/112
3. ਫ਼ੌਰੇਨ ਪੁਲਿਟੀਕਲ (ਏ) ਫ਼ਰਵਰੀ, 1868, ਕੌਂਸ: 202-203

ਸੰਸਥਾ ਦੀ ਹਮਾਇਤ ਹੋਣੀ ਚਾਹੀਦੀ ਹੈ। ਬਾਬਾ ਰਾਮ ਸਿੰਘ ਜੀ ਦਾ ਸੁਭਾਅ ਸੁਭਾਵਕ ਤੌਰ 'ਤੇ ਹੀ ਇਸ ਕਿਸਮ ਦੇ ਕੰਮ ਲਈ ਅਨੁਕੂਲ ਸੀ ਅਤੇ ਉਨ੍ਹਾਂ ਨੇ 1857 ਵਿਚ ਅੰਦੋਲਨ ਦੀ ਸ਼ੁਰੂਆਤ ਤੋਂ ਹੀ ਇੱਕ ਸੰਗਠਨ ਨੂੰ ਵਿਕਸਤ ਕਰਨ ਦੇ ਮਹੱਤਵ ਨੂੰ ਪਛਾਣ ਲਿਆ ਸੀ। ਭੈਣੀ, ਜਿਸ ਨੂੰ ਹੁਣ ਭੈਣੀ ਸਾਹਿਬ ਕਿਹਾ ਜਾਂਦਾ ਹੈ, ਨੂੰ ਕੂਕਿਆਂ ਦੇ ਮਹਾਨਗਰ ਕੇਂਦਰ ਵਜੋਂ ਅਤੇ ਉਨ੍ਹਾਂ ਦੇ ਕੰਮਾਂ ਲਈ ਸਥਾਪਤ ਕਰ ਦਿੱਤਾ ਗਿਆ ਸੀ। ਬਾਬਾ ਜੀ ਦੀ ਆਪਣੀ ਮੌਜੂਦਗੀ, ਕਈ ਧਰਮ ਗ੍ਰੰਥਾਂ ਦਾ ਨਿਰੰਤਰ ਤੇ ਨਾਲੋ-ਨਾਲ ਪਾਠ, ਨਿਯਮਤ ਤੌਰ 'ਤੇ ਸਵੇਰ ਤੇ ਸ਼ਾਮ ਨੂੰ ਸੰਗਤ ਦੇ ਧਾਰਮਿਕ ਇਕੱਠ ਅਤੇ ਇਸ ਸਥਾਨ 'ਤੇ ਹਰ ਵੇਲੇ ਚੱਲਦੇ ਗੁਰੂ ਕੇ ਲੰਗਰ ਨੇ ਦੂਰ-ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਵੱਲ ਖਿੱਚਿਆ। ਸੈਲਾਨੀਆਂ ਲਈ ਇਹ ਜਲਦੀ ਹੀ ਤੀਰਥ ਸਥਾਨ ਤੇ ਪ੍ਰੇਰਨਾ ਦਾ ਸਰੋਤ ਬਣ ਗਿਆ। ਉਨ੍ਹਾਂ ਨੇ ਗੁਰੂ ਜੀ ਦੇ ਬਹੁਤ ਹੀ ਮਨਮੋਹਕ ਦਰਸ਼ਨ ਕੀਤੇ, ਉਨ੍ਹਾਂ ਦਾ ਸੰਦੇਸ਼ ਸੁਣਿਆ, ਉਹਨਾਂ ਦੇ ਆਪਣੇ ਮੁਬਾਰਕ ਮੁੱਖ ਤੋਂ 'ਗੁਰਮੰਤਰ' ਪ੍ਰਾਪਤ ਕੀਤਾ ਅਤੇ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਮਜ਼ਬੂਤ ਹੋ ਕੇ ਆਪੋ-ਆਪਣੇ ਘਰਾਂ ਨੂੰ ਪਰਤ ਗਏ। ਜਿਵੇਂ-ਜਿਵੇਂ ਕੰਮ ਵਧਦਾ ਗਿਆ, ਕੇਂਦਰ ਦੇ ਮਾਮਲਿਆਂ ਦੀ ਦੇਖ-ਰੇਖ ਲਈ ਇੱਕ ਵਿਸ਼ੇਸ਼ ਕਮੇਟੀ ਬਣਾਈ ਗਈ। ਕੁਝ ਸਾਲਾਂ ਬਾਅਦ ਇੱਥੇ ਹੋਲੀ ਅਤੇ ਦੀਵਾਲੀ ਵਰਗੇ ਕੁਝ ਮਹੱਤਵਪੂਰਨ ਮੇਲੇ ਲੱਗੇ, ਜਿਨ੍ਹਾਂ ਨੇ ਭੈਣੀ ਸਾਹਿਬ ਦੀ ਮਹੱਤਤਾ ਨੂੰ ਹੋਰ ਵੀ ਵਧਾ ਦਿੱਤਾ।

ਧਰਮ ਪ੍ਰਚਾਰ ਤੇ ਸਮਾਜਕ ਤਰੱਕੀ ਦੇ ਮੰਤਵ ਨਾਲ ਭੈਣੀ ਸਾਹਿਬ ਵਿਖੇ ਰਾਗੀ ਜਥਿਆਂ ਦੇ ਜਥੇ ਤਿਆਰ ਕਰ ਕੇ ਵੱਖ-ਵੱਖ ਦਿਸ਼ਾਵਾਂ 'ਚ ਭੇਜੇ ਗਏ। ਉਨ੍ਹਾਂ ਨੂੰ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਤੋਂ ਇਲਾਵਾ ਹੋਰ ਕਿਸੇ ਸਲੋਕ ਦਾ ਗਾਇਨ ਨਾ ਕਰਨ ਦੀ ਵਿਸ਼ੇਸ਼ ਹਦਾਇਤ ਸੀ। ਇਨ੍ਹਾਂ ਵਿੱਚੋਂ ਕੁਝ ਜੱਥੇ ਉਨ੍ਹਾਂ ਦੇ ਕੰਮ-ਕਾਜ ਦੇ ਸਬੰਧਤ ਖੇਤਰਾਂ[1] ਨਾਲ ਹੇਠਾਂ ਦਿੱਤੇ ਗਏ ਹਨ:

1. ਰਾਗੀ ਜੱਥਾ ਭਾਈ ਦਿੱਤੂ ਤੇ ਭਾਈ ਫਕੀਰੀਆ-ਜ਼ਿਲ੍ਹਾ ਸਿਆਲਕੋਟ।
2. ਰਾਗੀ ਜੱਥਾ ਭਾਈ ਪ੍ਰੇਮ ਸਿੰਘ ਤੇ ਭਾਈ ਕਿਰਪਾਲ ਸਿੰਘ, ਭਦੌੜ-ਮਾਲਵਾ।
3. ਰਾਗੀ ਜੱਥਾ ਭਾਈ ਤਾਰਾ ਤੇ ਭਾਈ ਪਾਲੀ, ਅਟਾਰੀ - ਮਾਝਾ ਖੇਤਰ।
4. ਰਾਗੀ ਜੱਥਾ ਭਾਈ ਸੂਬਾ ਸਿੰਘ-ਦੋਆਬਾ।
5. ਢਾਡੀ ਜੱਥਾ (ਮਹਾਕਾਵਾਂ ਦੇ ਗਾਇਕ) ਭਾਈ ਪਿਸ਼ੌਰਾ ਸਿੰਘ ਤੇ ਭਾਈ ਸੰਤ ਸਿੰਘ ਤਲਵੰਡੀ ਮਲੀਆ - ਸਮੁੱਚਾ ਪੰਜਾਬ।

ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਵਤਾਰ ਸਿੰਘ ਭੈਣੀ ਸਾਹਿਬ ਵਿਖੇ ਅਤੇ ਨੇੜਲੇ ਇਲਾਕੇ 'ਚ ਸੰਗੀਤਕਾਰ ਸਨ।

ਸੰਗੀਤਕਾਰਾਂ ਤੋਂ ਇਲਾਵਾ, ਬਹੁਤ ਸਾਰੇ ਮਿਸ਼ਨਰੀ ਨਿਯੁਕਤ ਕੀਤੇ ਗਏ ਸਨ, ਜਿਨ੍ਹਾਂ ਦੀ ਗਿਣਤੀ 1863 'ਚ ਬਾਬਾ ਰਾਮ ਸਿੰਘ ਜੀ ਦੇ ਨਜ਼ਰਬੰਦ ਹੋਣ ਤੋਂ ਬਾਅਦ

1. ਜਸਵੰਤ ਸਿੰਘ ਜੱਸ, ਬਾਬਾ ਰਾਮ ਸਿੰਘ, ਪੰਨਾ 17, (ਪੰਨਾ 55, 1987 ਸੰਸਕਰਣ)

ਵੱਧ ਕੇ 22 ਹੋ ਗਈ ਸੀ। ਉਹਨਾਂ ਨੂੰ 'ਸੂਬੇ' ਕਿਹਾ ਜਾਂਦਾ ਸੀ। ਕੁਝ ਕੁ ਨੂੰ ਛੱਡ ਕੇ, ਜਿਨ੍ਹਾਂ ਨੂੰ ਭੈਣੀ ਦਰਬਾਰ ਦਾ ਪ੍ਰਬੰਧ ਅਤੇ ਹੋਰ ਥਾਵਾਂ 'ਤੇ ਕੰਮ ਦਾ ਤਾਲਮੇਲ ਸੌਂਪਿਆ ਗਿਆ ਸੀ, ਇਨ੍ਹਾਂ ਸਾਰੇ ਲੋਕਾਂ ਨੂੰ ਕੰਮ-ਕਾਜ ਦੇ ਵੱਖੋ-ਵੱਖਰੇ ਖੇਤਰ ਅਲਾਟ ਕੀਤੇ ਗਏ ਸਨ। ਹੇਠ ਲਿਖੀ ਸੂਚੀ ਸਰਕਾਰੀ ਰਿਕਾਰਡ[1] ਵਿੱਚ ਦਿੱਤੀ ਗਈ ਹੈ।

| ਨਾਮ | ਉਮਰ |
|---|---|
| 1. ਲਾਭ ਸਿੰਘ | 40 ਸਾਲ - ਜਲੰਧਰ ਤੇ ਅੰਬਾਲਾ ਜ਼ਿਲ੍ਹੇ। |
| 2. ਲੱਖਾ ਸਿੰਘ | 28 ਸਾਲ - ਹੁਸ਼ਿਆਰਪੁਰ ਤੇ ਜਲੰਧਰ। |
| 3. ਸਾਹਿਬ ਸਿੰਘ | 34 ਸਾਲ - ਇੱਕ ਅਹਿਮ ਸੂਬਾ, ਜੋ ਸਦਾ ਬਾਬਾ ਰਾਮ ਸਿੰਘ ਜੀ ਦੇ ਨਾਲ ਹੀ ਰਹੇ। |
| 4. ਕਾਨ੍ਹ ਸਿੰਘ | 60 ਸਾਲ - ਹੁਸ਼ਿਆਰਪੁਰ, ਮਾਲਵਾ, ਅੰਬਾਲਾ ਤੇ ਕੋਹਿਸਤਾਨ। |
| 5. ਨਰਾਇਣ ਸਿੰਘ | 32 ਸਾਲ - ਮੁਕਤਸਰ ਤੇ ਫਿਰੋਜ਼ਪੁਰ। |
| 6. ਸੁਧ ਸਿੰਘ | 42 ਸਾਲ - ਅੰਬਾਲਾ, ਮਾਲਵਾ ਤੇ ਮਾਝਾ। |
| 7. ਹੁਕਮਾ ਸਿੰਘ | 25 ਸਾਲ - ਲੁਧਿਆਣਾ ਅਤੇ ਮਾਝਾ। |
| 8. ਪਹਾੜਾ ਸਿੰਘ | 37 ਸਾਲ - ਲੁਧਿਆਣਾ ਤੇ ਗੁਜਰਾਂਵਾਲਾ। |
| 9. ਜਵਾਹਰ ਸਿੰਘ | 46 ਸਾਲ - ਫਿਰੋਜ਼ਪੁਰ ਤੇ ਨਾਲ ਲੱਗਦੇ ਸਥਾਨ। |
| 10. ਸਮੁੰਦ ਸਿੰਘ | 40 ਸਾਲ - ਫਿਰੋਜ਼ਪੁਰ |
| 11. ਅਰੂੜ ਸਿੰਘ | 40 ਸਾਲ - ਅੰਮ੍ਰਿਤਸਰ। |
| 12. ਵਸਾਵਾ ਸਿੰਘ | 50 ਸਾਲ - ਕਰਨਾਲ ਤੇ ਅੰਬਾਲਾ। |
| 13. ਬੀਬੀ ਹੁਕਮੀ ਸਪੁੱਤਰੀ ਰਤਨ ਸਿੰਘ | 20 ਸਾਲ - ਅੰਮ੍ਰਿਤਸਰ ਤੇ ਹੁਸ਼ਿਆਰਪੁਰ। |
| 14. ਜੇਠਾ ਸਿੰਘ | 35 ਸਾਲ - ਸਿਆਲਕੋਟ ਤੇ ਲਾਹੌਰ। |
| 15. ਗੋਪਾਲ ਸਿੰਘ | 35 ਸਾਲ - ਭੈਣੀ ਸਾਹਿਬ ਖ਼ਾਸ |
| 16. ਬ੍ਰਹਮਾ ਸਿੰਘ | 45 ਸਾਲ - ਜਲੰਧਰ, ਗੁਜਰਾਂਵਾਲਾ, ਲਾਹੌਰ ਅਤੇ ਸਿਆਲਕੋਟ। |
| 17. ਖਜ਼ਾਨ ਸਿੰਘ | 35 ਸਾਲ - ਲਾਹੌਰ, ਅੰਮ੍ਰਿਤਸਰ। |
| 18. ਸਰਮੁਖ ਸਿੰਘ | 30 ਸਾਲ - ਪਟਿਆਲਾ। |
| 19. ਹਰਨਾਮ ਸਿੰਘ | 28 ਸਾਲ - ਜੀਂਦ ਤੇ ਪਟਿਆਲਾ। |
| 20. ਜਮੀਤ ਸਿੰਘ | 50 ਸਾਲ - ਸਿਆਲਕੋਟ ਤੇ ਲਾਗਲੇ ਇਲਾਕੇ। |
| 21. ਮਲੂਕ ਸਿੰਘ | 35 ਸਾਲ - ਫਿਰੋਜ਼ਪੁਰ। |
| 22. ਸਾਧੂ ਸਿੰਘ | 32 ਸਾਲ - ਲੁਧਿਆਣਾ। |

---

1. ਹੋਮ ਜੁਡੀਸ਼ੀਅਲ - ਅਗਸਤ 1872, ਕੌਂ - ਸ: 273-284



ਸੂਬਾ ਲੱਖਾ ਸਿੰਘ

ਭਾਵੇਂ ਇਹ ਸੂਚੀ ਸੰਤ ਨਿਧਾਨ ਸਿੰਘ ਆਲਮ ਅਤੇ ਨਾਹਰ ਸਿੰਘ[1] ਦੀਆਂ ਰਚਨਾਵਾਂ ਵਿੱਚ ਦਿੱਤੀਆਂ ਸੂਚੀਆਂ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦੀ। ਮਿਸਾਲ ਵਜੋਂ ਇਨ੍ਹਾਂ ਲੇਖਕਾਂ ਵੱਲੋਂ ਰਤਨ ਸਿੰਘ, ਖੁਸ਼ਹਾਲ ਸਿੰਘ, ਮਾਨ ਸਿੰਘ, ਭਗਵਾਨ ਸਿੰਘ, ਰਾਜਾ ਸਿੰਘ ਤੇ ਜੋਤਾ ਸਿੰਘ ਦੇ ਨਾਂਅ ਉੱਪਰ ਦਿੱਤੀ ਸੂਚੀ ਵਿੱਚ ਨਹੀਂ ਮਿਲਦੇ। ਸ਼ਾਇਦ, ਮੁਸ਼ਕਲ ਦਾ ਇੱਕ ਹਿੱਸਾ ਇਹ ਕਹਿ ਕੇ ਹੱਲ ਕੀਤਾ ਜਾ ਸਕਦਾ ਹੈ ਕਿ ਸਰਕਾਰੀ ਜਾਸੂਸਾਂ ਦੀਆਂ ਰਿਪੋਰਟਾਂ ਹਮੇਸ਼ਾਂ ਪੂਰੀ ਤਰ੍ਹਾਂ ਭਰੋਸੇਯੋਗ ਨਹੀਂ ਹੁੰਦੀਆਂ ਸਨ ਤੇ ਇਸ ਤੋਂ ਇਲਾਵਾ, ਤਾਜ਼ਾ ਤਜ਼ਰਬੇ ਅਨੁਸਾਰ ਸਮੇਂ-ਸਮੇਂ 'ਤੇ ਕੁਝ ਤਬਦੀਲੀਆਂ ਜ਼ਰੂਰ ਕੀਤੀਆਂ ਜਾਂਦੀਆਂ ਹੋਣਗੀਆਂ। ਉਪਰੋਕਤ ਸੂਬਿਆਂ 'ਚੋਂ ਕੁਝ ਨੇ ਸ਼ਕਤੀਸ਼ਾਲੀ ਸ਼ਖ਼ਸੀਅਤਾਂ ਦੇ ਮਾਲਕ ਸਨ ਤੇ ਕਾਫ਼ੀ ਸਫਲ ਹੋਏ। ਉਹ ਸਨ ਜਵਾਹਰ ਸਿੰਘ , ਸਾਹਿਬ ਸਿੰਘ , ਬ੍ਰਹਮਾ ਸਿੰਘ , ਬੀਬੀ ਹੁਕਮੀ , ਸੁਧ ਸਿੰਘ ਅਤੇ ਕਾਹਨ ਸਿੰਘ। ਕੁਝ ਸੂਬੇ ਪੰਜਾਬ ਤੋਂ ਬਾਹਰ ਕੰਮ ਕਰਨ ਲਈ ਨਿਯੁਕਤ ਕੀਤੇ ਗਏ ਸਨ, ਉਦਾਹਰਣ ਵਜੋਂ[2]:

1. ਸੂਬਾ ਬਿਸ਼ਨ ਸਿੰਘ - ਕਾਬੁਲ
2. ਸੂਬਾ ਨਰਾਇਣ ਸਿੰਘ - ਗਵਾਲੀਅਰ ਅਤੇ ਸੀ.ਪੀ.
3. ਸੂਬਾ ਕਾਹਨ ਸਿੰਘ - ਬਨਾਰਸ
4. ਸੂਬਾ ਨਿਹੰਗ ਸਿੰਘ - ਨੇਪਾਲ
5. ਸੂਬਾ ਹੇਮਾ ਸਿੰਘ - ਕਸ਼ਮੀਰ

ਸੂਬੇ ਦੇ ਅਧੀਨ ਨਾਇਬ ਸੂਬੇ, ਜੱਥੇਦਾਰ ਅਤੇ ਸਥਾਨਕ ਸੰਗਤ ਹੁੰਦੀ ਸੀ। ਨਾਇਬ ਸੂਬੇਦਾਰਾਂ ਤੇ ਜਥੇਦਾਰਾਂ ਨੂੰ ਕੰਮ ਕਰਨ ਲਈ ਛੋਟੇ ਖੇਤਰ ਦਿੱਤੇ ਗਏ ਸਨ ਅਤੇ ਉਹਨਾਂ ਦੀ ਆਪੋ-ਆਪਣੇ ਸਥਾਨਾਂ ਦੇ ਮਿਸ਼ਨਰੀ ਕੰਮ ਨੂੰ ਸੰਗਠਤ ਕਰਨ ਅਤੇ ਨਿਗਰਾਨੀ ਕਰਨ ਦੀ ਜ਼ਿੰਮੇਵਾਰੀ ਸੀ। ਸਥਾਨਕ ਸੰਗਤ ਨੇ ਕੂਕਾ ਸੰਸਥਾ ਦਾ ਆਧਾਰ ਬਣਾਇਆ। ਇੱਕ ਸੰਗਤ ਇੱਕ ਖਾਸ ਪਿੰਡ ਵਿੱਚ ਰਹਿੰਦੇ ਕੂਕਿਆਂ ਦਾ ਬਣਿਆ ਹੋਇਆ ਇੱਕ ਸਮਾਜ ਸੀ, ਜਿਸ ਦੀ ਆਪਣੀ ਇੱਕ ਧਰਮਸ਼ਾਲਾ (ਮੰਦਰ) ਸੀ ਅਤੇ ਇੱਕ ਗ੍ਰੰਥੀ ਹੁੰਦਾ ਸੀ, ਜੋ ਇਸ ਦੀ ਦੇਖਭਾਲ ਕਰਦਾ ਸੀ ਅਤੇ ਗੁਰਮੁਖੀ ਅੱਖਰਾਂ ਅਤੇ ਗੁਰਬਾਣੀ ਨੂੰ ਪੜ੍ਹਾਉਂਦਾ ਸੀ। ਮੈਂਬਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੇ ਨਿਯਮਤ ਸੰਗਤ ਦਾ ਆਯੋਜਨ ਕੀਤਾ ਅਤੇ ਬਾਹਰੋਂ ਆਏ ਮਹਿਮਾਨਾਂ ਨੂੰ ਭੋਜਨ ਦੇਣ ਲਈ ਮੁਫਤ ਲੰਗਰ ਲਾਏ।

ਬਾਬਾ ਰਾਮ ਸਿੰਘ ਨੇ ਖੁਦ ਲੋਕਾਂ ਤੱਕ ਆਪਣਾ ਸੰਦੇਸ਼ ਪਹੁੰਚਾਉਣ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਸੋਚਿਆ ਕਿ ਇਹ ਉਨ੍ਹਾਂ ਦੇ ਸੂਬਿਆਂ ਅਤੇ ਹੋਰ ਕਾਰਕੁੰਨਾਂ ਦੀਆਂ ਮਿਸ਼ਨਰੀ ਗਤੀਵਿਧੀਆਂ ਨੂੰ ਇੱਕ ਵੱਡੀ ਗਤੀ ਪ੍ਰਦਾਨ ਕਰੇਗਾ। ਇਸ ਲਈ, ਉਨ੍ਹਾਂ ਨੇ ਦੇਸ਼ ਭਰ ਦੇ ਵਿਆਪਕ ਦੌਰਿਆਂ ਦਾ ਇੱਕ ਪ੍ਰੋਗਰਾਮ ਉਲੀਕਿਆ।

1. ਨਿਧਾਨ ਸਿੰਘ ਆਲਮ, ਉਹੀ, ਪੰਨਾ 79
2. ਹਾਊਸ ਜੁਡੀਸ਼ੀਅਲ, ਅਗਸਤ 1872, ਪ੍ਰੋਸੀਡੀਂਗਜ਼: 273-284 - ਅੰਤਿਕਾ ਸੀ, ਪੰਨਾ 2541

ਇਸ ਪ੍ਰੋਗਰਾਮ ਵਿੱਚ ਵਿਸਾਖੀ, ਦੀਵਾਲੀ, ਮਾਘੀ ਤੇ ਹੋਲੀ ਦੇ ਮਹਾਨ ਮੌਕਿਆਂ ’ਤੇ ਅੰਮ੍ਰਿਤਸਰ, ਆਨੰਦਪੁਰ ਤੇ ਮੁਕਤਸਰ ਵਰਗੇ ਅਹਿਮ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਸੀ ਕਿਉਂਕਿ ਇਹ ਮੰਨਿਆ ਜਾਂਦਾ ਸੀ ਕਿ ਅਜਿਹੇ ਮੌਕਿਆਂ ’ਤੇ ਆਮ ਤੌਰ ’ਤੇ ਇਨ੍ਹਾਂ ਸਥਾਨਾਂ ’ਤੇ ਲੋਕਾਂ ਦਾ ਭਾਰੀ ਇਕੱਠ ਹੁੰਦਾ ਹੈ ਅਤੇ ਉਨ੍ਹਾਂ ਨੂੰ ਜਨਤਾ ਨਾਲ ਸਿੱਧੇ ਸੰਪਰਕ ਤੇ ਗੱਲਬਾਤ ਕਰਨ ਦੇ ਬੇਹੱਦ-ਇੱਛਤ ਮੌਕੇ ਪ੍ਰਦਾਨ ਕਰੇਗਾ। ਉਨ੍ਹਾਂ ਨੇ ਅਰਧ-ਕੁੰਭੀ ਤਿਉਹਾਰ ਦੇ ਸਮੇਂ 1861 ਦੌਰਾਨ ਹਰਦੁਆਰ ਦੀ ਯਾਤਰਾ ਨਾਲ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਲੁਧਿਆਣਾ ਤੇ ਜਲੰਧਰ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਦਾ ਦੌਰਾ ਕੀਤਾ। ਉਥੋਂ ਉਹ ਮਾਘੀ ਦੇ ਤਿਉਹਾਰ ਮੌਕੇ ਹਾਜ਼ਰੀ ਭਰਨ ਲਈ ਮੁਕਤਸਰ ਵੱਲ ਚੱਲ ਪਏ। ਮੁਕਤਸਰ ਤੋਂ ਉਹ ਭੈਣੀ ਵਾਪਸ ਆ ਗਏ। ਥੋੜ੍ਹੇ ਸਮੇਂ ਬਾਅਦ ਉਹ 1862 ’ਚ ਆਪਣੇ ਤੀਜੇ ਵਿਆਪਕ ਦੌਰੇ ’ਤੇ ਨਿੱਕਲੇ ਤੇ ਵਜ਼ੀਰਾਬਾਦ ਤੱਕ ਪੁੱਜ ਗਏ। ਇਸ ਦੌਰੇ ਦੌਰਾਨ ਉਨ੍ਹਾਂ ਨੇ ਸਿਆਲਕੋਟ, ਗੁਜਰਾਂਵਾਲਾ ਅਤੇ ਸ਼ੇਖੂਪੁਰ ਜ਼ਿਲ੍ਹਿਆਂ ਵਿੱਚ ਕਈ ਥਾਵਾਂ ਦਾ ਦੌਰਾ ਕੀਤਾ। ਇਹਨਾਂ ਲੰਬੀਆਂ ਯਾਤਰਾਵਾਂ ਤੋਂ ਬਾਅਦ ਉਹ 1863 ਦੀ ਵਿਸਾਖੀ ਵਿੱਚ ਸ਼ਾਮਲ ਹੋਣ ਲਈ ਅੰਮ੍ਰਿਤਸਰ ਆਏ। ਤਿਉਹਾਰ ਖਤਮ ਹੋਣ ਤੋਂ ਬਾਅਦ, ਉਨ੍ਹਾਂ ਕਪੂਰਥਲਾ ਤੇ ਜਲੰਧਰ ਤੋਂ ਹੁੰਦੇ ਹੋਏ ਫਿਰੋਜ਼ਪੁਰ ਜ਼ਿਲ੍ਹੇ ਵੱਲ ਚਾਲੇ ਪਾਏ। ਜੂਨ 1863 ਦੇ ਪਹਿਲੇ ਹਫ਼ਤੇ ਉਨ੍ਹਾਂ ਪਿੰਡ ਖੋਟੇ ਵਿਖੇ ਆਪਣੇ ਪੈਰੋਕਾਰਾਂ ’ਚ ਉਸ ਵਿਆਹ ਲਈ ਅਨੰਦ ਕਾਰਜ ਕਰਵਾਏ, ਜਿਸ ਦਾ ਜ਼ਿਕਰ ਇਸ ਅਧਿਆਇ ਵਿਚ ਪਹਿਲਾਂ ਕੀਤਾ ਗਿਆ ਹੈ। ਇਹ ਉਨ੍ਹਾਂ ਦੇ ਦੌਰਿਆਂ ਦੇ ਪਹਿਲੇ ਗੇੜ ਦਾ ਅੰਤ ਸੀ, ਕਿਉਂਕਿ ਇੱਥੇ ਹੀ ਉਨ੍ਹਾਂ ਦੇ ਉਦੇਸ਼ਾਂ ਅਤੇ ਗਤੀਵਿਧੀਆਂ ਬਾਰੇ ਕੁਝ ਰਿਪੋਰਟਾਂ ਤੋਂ ਘਬਰਾ ਕੇ ਸਰਕਾਰ ਨੇ ਉਨ੍ਹਾਂ ਨੂੰ ਬਾਅਦ ਵਿੱਚ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰਨ ਦੀ ਤਿਆਰੀ ਲਈ ਹਿਰਾਸਤ ਵਿੱਚ ਲੈ ਲਿਆ ਸੀ।

ਉਨ੍ਹਾਂ ਦੇ ਦੌਰਿਆਂ ਦਾ ਦੂਜਾ ਦੌਰ ਮਾਰਚ 1867 ’ਚ ਹੋਲੇ ਦੇ ਤਿਉਹਾਰ ਦੇ ਮੌਕੇ ’ਤੇ ਆਨੰਦਪੁਰ ਸਾਹਿਬ ਦੇ ਦੌਰੇ ਨਾਲ ਸ਼ੁਰੂ ਹੋਇਆ। ਬਾਅਦ ਵਿਚ ਅਕਤੂਬਰ ਦੇ ਮਹੀਨੇ ਉਨ੍ਹਾਂ ਨੇ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਦਾ ਦੌਰਾ ਕੀਤਾ। ਅਗਲੇ ਸਾਲ ਫਿਰ ਉਸੇ ਮੌਕੇ ਉਹ ਅੰਮ੍ਰਿਤਸਰ ਆਏ। ਇਸ ਸਮੇਂ ਦੌਰਾਨ ਉਹ ਸਰਕਾਰੀ ਨਿਗਰਾਨੀ ਹੇਠ ਸਨ ਤੇ ਉਨ੍ਹਾਂ ਨੂੰ ਸਿੱਖ ਧਰਮ ਦੇ ਅਹਿਮ ਕੇਂਦਰਾਂ ’ਚ ਕਦੇ-ਕਦਾਈਂ ਜਾਣ ਦੀ ਇਜਾਜ਼ਤ ਸੀ। 1863 ’ਚ ਉਨ੍ਹਾਂ ਦੀ ਨਜ਼ਰਬੰਦੀ ਤੋਂ ਪਹਿਲਾਂ, ਉਨ੍ਹਾਂ ਆਪਣੇ ਨਿੱਜੀ ਸੰਪਰਕ ਪ੍ਰੋਗਰਾਮ ਦੇ ਸਾਧਨਾਂ ਰਾਹੀਂ ਕਈ ਹਜ਼ਾਰਾਂ ਲੋਕਾਂ ਨੂੰ ਕੂਕਿਆਂ ਦੀ ਕਤਾਰ ਵਿਚ ਲਿਆਂਦਾ। ਕੂਕਿਆਂ ਦੀ ਇਹ ਕੁੱਲ ਗਿਣਤੀ 1863 ਵਿੱਚ 40,000 ਅਤੇ 60,000 ਦੇ ਵਿਚਕਾਰ ਅਨੁਮਾਨਿਤ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਅਤੇ 60ਵਿਆਂ ਦੇ ਅੰਤ ਤੱਕ ਤਿੰਨ ਜਾਂ ਚਾਰ ਲੱਖ ਦੇ ਅੰਕੜੇ ਤੱਕ ਪਹੁੰਚ ਗਈ। ਸਹਿਜਧਾਰੀਆਂ ਸਮੇਤ ਇਹ ਗਿਣਤੀ ਬਹੁਤ ਜ਼ਿਆਦਾ ਹੋ ਸਕਦੀ ਹੈ, ਪਰ ਯਕੀਨਨ ਦਸ ਲੱਖ ਨਹੀਂ, ਇਹ ਅੰਕੜਾ

ਗਿਆਨੀ ਰਤਨ ਸਿੰਘ ਨੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀ ਅਦਾਲਤ ਵਿੱਚ ਦਿੱਤਾ ਹੈ।

ਇਹ ਸੁਭਾਵਕ ਸੀ ਕਿ ਕੂਕਾ ਲਹਿਰ ਦੇ ਤੇਜ਼ੀ ਨਾਲ ਅੱਗੇ ਵਧਣ ਨਾਲ ਉਨ੍ਹਾਂ ਲੋਕਾਂ ਨੂੰ ਘਬਰਾਹਟ ਹੋਣੀ ਚਾਹੀਦੀ ਸੀ, ਜਿਨ੍ਹਾਂ ਦੀ ਦਿਲਚਸਪੀ ਲੋਕਾਂ ਨੂੰ ਗੁੰਝਲਦਾਰ ਰਸਮਾਂ, ਰੀਤੀ-ਰਿਵਾਜਾਂ ਦੇ ਜਾਲ 'ਚ ਫਸਾ ਕੇ ਰੱਖਣ ਵਿੱਚ ਰਹਿੰਦੀ ਹੈ। ਇਹਨਾਂ ਲੋਕਾਂ ਵਿੱਚ ਸੋਢੀ, ਬੇਦੀ ਅਤੇ ਪੁਜਾਰੀ ਵਰਗ, ਬ੍ਰਾਹਮਣ ਤੇ ਮਹੰਤ ਪ੍ਰਮੁੱਖ ਸਨ। ਉਹ ਸਮਾਜ ਦੇ ਨਾਮਵਰ ਆਗੂ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਲਹਿਰ ਦੇ ਲੋਕਾਂ ਦੇ ਮਨਾਂ 'ਤੇ ਪਏ ਬਹੁਤ ਡੂੰਘੇ ਪ੍ਰਭਾਵ ਸਦਕਾ ਉਨ੍ਹਾਂ ਦੀ ਅਗਵਾਈ ਹੁਣ ਖ਼ਤਰੇ 'ਚ ਪੈ ਗਈ ਸੀ। ਗੰਡਾ ਸਿੰਘ[1] ਦੇ ਸ਼ਬਦਾਂ ਵਿਚ,"ਭਾਈ ਰਾਮ ਸਿੰਘ ਜੀ ਦੇ ਮਿਸ਼ਨਰੀ ਕਾਰਜਾਂ ਸਦਕਾ, ਸੋਢੀਆਂ, ਬੇਦੀਆਂ ਅਤੇ ਅਖੌਤੀ ਸੰਤਾਂ ਦੀਆਂ ਗੁਰ-ਗੱਦੀਆਂ ਦਾ ਖ਼ਾਤਮਾ ਹੋਣਾ ਸ਼ੁਰੂ ਹੋ ਗਿਆ ਸੀ...।" ਇਹ ਕਾਫ਼ੀ ਮਾੜਾ ਸੀ, ਪਰ ਹੋਰ ਵੀ ਮਾੜਾ ਤਦ ਹੋਇਆ ਸੀ, ਜਦੋਂ ਉਨ੍ਹਾਂ ਦੀ ਆਮਦਨ ਦੇ ਸਰੋਤਾਂ ਤੇ ਸ਼ੋਸ਼ਣ ਦੇ ਸਾਧਨਾਂ ਨੂੰ ਢਾਹ ਲੱਗੀ ਸੀ[2]। ਇਹੋ ਕਾਰਨ ਸੀ ਕਿ ਬਾਬਾ ਰਾਮ ਸਿੰਘ ਜਿੱਥੇ ਵੀ ਗਏ, ਇਨ੍ਹਾਂ ਸਾਰੀਆਂ ਜਮਾਤਾਂ ਦੇ ਮੈਂਬਰਾਂ ਨੇ ਉਨ੍ਹਾਂ ਦਾ ਸਖ਼ਤ ਵਿਰੋਧ ਕੀਤਾ।

ਸੰਨ 1861 ਵਿਚ ਜਦੋਂ ਬਾਬਾ ਰਾਮ ਸਿੰਘ ਜੀ ਪਿੰਡ ਮੁਠੱਡਾ ਵਿਖੇ ਸਨ, ਤਾਂ ਇਲਾਕੇ ਦੇ ਬ੍ਰਾਹਮਣਾਂ ਨੇ ਉਨ੍ਹਾਂ ਦੇ ਚੇਲਿਆਂ 'ਤੇ ਬਦਬੂਦਾਰ ਹੁੱਕਾ-ਪਾਣੀ ਸੁੱਟ ਕੇ ਉਨ੍ਹਾਂ ਨਾਲ ਝਗੜਾ ਕੀਤਾ। ਬਾਅਦ 'ਚ 1863 ਵਿੱਚ ਖੋਟੇ ਵਿਖੇ ਉਨ੍ਹਾਂ ਦੇ ਠਹਿਰਨ ਦੌਰਾਨ, ਸਥਾਨਕ ਬ੍ਰਾਹਮਣਾਂ ਨੇ ਅਨੰਦ-ਕਾਰਜਾਂ ਨਾਲ ਹੋਣ ਵਾਲੇ ਵਿਆਹ ਦੀ ਉਨ੍ਹਾਂ ਦੀ ਨਵੀਨਤਾ ਦੇ ਵਿਰੋਧ 'ਚ ਆਤਮਦਾਹ ਦੀ ਧਮਕੀ ਦਿੱਤੀ। ਜਦੋਂ ਇਸ ਦਾ ਕੋਈ ਫਾਇਦਾ ਨਾ ਹੋਇਆ, ਤਾਂ ਉਨ੍ਹਾਂ ਨੇ ਸਥਾਨਕ ਚੌਕੀਦਾਰ ਨੂੰ ਬਾਘਾ ਪੁਰਾਣਾ ਦੇ ਥਾਣੇ ਵਿੱਚ ਇਹ ਦੋਸ਼ ਲਾ ਕੇ ਰਿਪੋਰਟ ਦਾਇਰ ਕਰਵਾਉਣ ਲਈ ਕਿਹਾ ਕਿ ਕੂਕੇ ਤਾਂ ਦੇਸ਼ ਧ੍ਰੋਹ ਦੀਆਂ ਗੱਲਾਂ ਕਰ ਰਹੇ ਹਨ। ਇਹ ਰਿਪੋਰਟ ਬਾਬਾ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਦਾ ਫੌਰੀ ਕਾਰਨ ਸੀ। ਪੁਜਾਰੀ ਜਾਂ ਮਹੰਤ ਅਕਸਰ ਕੂਕਾ ਰਹਿਨੁਮਾ ਉਨ੍ਹਾਂ ਦੇ ਪੈਰੋਕਾਰਾਂ ਨਾਲ ਅਪਮਾਨਜਨਕ ਸਲੂਕ ਕਰਦੇ ਸਨ। 1861 ਵਿਚ ਮਾਘੀ ਦੇ ਤਿਉਹਾਰ ਮੌਕੇ ਮੁਕਤਸਰ ਦੇ ਗੁਰਦੁਆਰਾ ਸਾਹਿਬ ਦੇ ਮਹੰਤਾਂ ਨੇ ਬਾਬਾ ਰਾਮ ਸਿੰਘ ਜੀ ਲਈ ਇਹ ਸ਼ਰਤ ਰੱਖਦਿਆਂ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿ ਜਦੋਂ ਤੱਕ ਕਿ ਉਹ ਆਪਣੇ 'ਗ਼ੈਰ-ਸਿੱਖ' ਤਰੀਕਿਆਂ ਲਈ ਜ਼ੁਰਮਾਨੇ ਵਜੋਂ ਸਥਾਨਕ ਤਾਲਾਬ ਲਈ ਚਿਣਾਈ ਦਾ ਸਾਰਾ ਖਰਚਾ ਅਦਾ ਕਰਨ ਲਈ ਸਹਿਮਤ ਨਹੀਂ ਹੁੰਦੇ, ਤਦ ਤੱਕ ਉਹ ਅਰਦਾਸ ਨਹੀਂ ਕਰਨਗੇ। 1863 ਤੇ 1867 'ਚ ਅੰਮ੍ਰਿਤਸਰ ਦਾ ਦੌਰਾ ਕਰਦਿਆਂ ਅਕਾਲ ਬੁੰਗੇ ਵਰਗੇ ਕੁਝ ਮਹੱਤਵਪੂਰਨ ਗੁਰੂਘਰਾਂ ਦੇ ਮਹੰਤਾਂ ਤੋਂ ਉਨ੍ਹਾਂ ਨੂੰ ਅਜਿਹਾ ਹੀ ਅਪਮਾਨਜਨਕ ਸਲੂਕ ਮਿਲਿਆ।

1. ਡਾ. ਗੰਡਾ ਸਿੰਘ, ਉਹੀ, ਪੰਨਾ 41
2. ਫ਼ੋਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ: 111/112, ਪੰਨਾ 8

ਹਾਲੇ ਭਾਵੇਂ ਮਾਰਚ 1867 'ਚ ਹੋਲਾ ਮਹੱਲਾ ਮੌਕੇ 'ਤੇ ਅਨੰਦਪੁਰ ਸਾਹਿਬ ਦੀ ਯਾਤਰਾ ਵੇਲੇ ਹੋਰ ਵੀ ਬਹੁਤ ਮਾੜਾ ਹੋਣਾ ਬਾਕੀ ਸੀ। ਸ਼ੁਰੂ 'ਚ, ਕੇਸਗੜ੍ਹ ਗੁਰਦੁਆਰਾ ਸਾਹਿਬ ਦੇ ਮਹੰਤ ਹਰੀ ਸਿੰਘ ਇਸ ਗੱਲ 'ਤੇ ਅੜੇ ਸਨ ਕਿ ਕੂਕਿਆਂ ਨੂੰ ਅਨੰਦਪੁਰ ਸਾਹਿਬ ਦੇ ਪਵਿੱਤਰ ਇਲਾਕੇ 'ਚ ਦਾਖ਼ਲ ਹੀ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਬਾਅਦ ਵਿਚ, ਜਦੋਂ ਉਨ੍ਹਾਂ ਨੇ ਸਰਕਾਰੀ ਦਬਾਅ ਹੇਠ ਇਹ ਅੜਿੱਕਾ ਛੱਡ ਦਿੱਤਾ, ਤਾਂ ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਉਹ ਕੁਝ ਸ਼ਰਤਾਂ 'ਤੇ ਹੀ ਉਨ੍ਹਾਂ ਨੂੰ ਗੁਰੂਘਰ 'ਚ ਦਾਖਲ ਹੋਣ ਦੀ ਇਜਾਜ਼ਤ ਦੇਣਗੇ। ਇੱਥੋਂ ਤੱਕ ਕਿ ਜਦੋਂ ਅੰਤ ਵਿੱਚ ਸਮਝੌਤਾ ਹੋ ਗਿਆ ਤੇ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਿਆਂ ਦੀ ਇੱਕ ਪਾਰਟੀ ਨੂੰ ਦਾਖ਼ਲ ਹੋਣ ਦਿੱਤਾ ਗਿਆ, ਤਾਂ ਉਨ੍ਹਾਂ ਨੇ ਕੂਕ ਗੁਰੂ ਵੱਲੋਂ ਪੇਸ਼ਕਸ਼ ਕੀਤੀ ਰਕਮ ਪ੍ਰਵਾਨ ਵੀ ਕਰ ਲਈ, ਪਰ ਉਨ੍ਹਾਂ ਲਈ ਅਰਦਾਸ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਦੇ ਨਾਲ ਹੀ ਹਥਿਆਰਬੰਦ ਨਿਹੰਗਾਂ ਦੀ ਇਕ ਧਿਰ ਵੱਲੋਂ ਮਹੰਤ ਦੇ ਭੜਕਾਹਟ 'ਤੇ ਆਏ ਕੂਕਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਮੌਕੇ 'ਤੇ ਪੁਲਿਸ ਦੀ ਸਮੇਂ-ਸਿਰ ਦਖ਼ਲ ਅੰਦਾਜ਼ੀ ਕਾਰਨ ਉਹ ਵਾਰਦਾਤ ਟਲ਼ ਗਈ; ਨਹੀਂ ਤਾਂ ਉੱਥੇ ਡਾਢਾ ਖ਼ੂਨ-ਖ਼ਰਾਬਾ ਹੋ ਜਾਣਾ ਸੀ। ਅਜਿਹੀਆਂ ਗ਼ਲਤ ਗਤੀਵਿਧੀਆਂ ਵਿਰੁੱਧ ਬਾਬਾ ਰਾਮ ਸਿੰਘ ਜੀ ਦੀ ਆਤਮਾ ਨੇ ਬਗ਼ਾਵਤ ਕਰ ਦਿੱਤੀ ਅਤੇ ਉਨ੍ਹਾਂ ਨੇ ਫੇਰੀ ਤੋਂ ਤੁਰੰਤ ਬਾਅਦ ਮਹੰਤ ਨੂੰ ਇੱਕ ਰੋਸ ਪੱਤਰ ਲਿਖ ਕੇ ਪੁੱਛਿਆ: "ਮੇਰੇ ਲਈ ਅਰਦਾਸ ਕਰਨ ਤੋਂ ਇਨਕਾਰ ਕਰਨ ਦਾ ਕੀ ਮਤਲਬ ਹੈ? ਕੀ ਤੁਸੀਂ ਮੈਨੂੰ ਗੁਰੂ ਦਾ ਸਿੱਖ ਨਹੀਂ ਮੰਨਦੇ?" ਮਹੰਤ ਨੇ ਇਸ ਦਾ ਕੋਈ ਲਿਖਤੀ ਜਵਾਬ ਨਹੀਂ ਦਿੱਤਾ, ਪਰ ਹੇਠਾਂ ਦਿੱਤੇ ਨੁਕਤੇ[1] ਬਣਾਏ:

(1) ਉਹ ਆਪਣੇ ਆਪ ਨੂੰ ਇੱਕ ਰੱਬ ਵਜੋਂ ਪੇਸ਼ ਕਰਦੇ ਹਨ।

(2) ਨਵਾਂ ਕੂਕਾ ਬਣਾਉਣ ਵੇਲੇ ਉਹ ਉਸ ਨੂੰ ਅੰਮ੍ਰਿਤ ਛਕਣ ਲਈ ਨਹੀਂ ਦਿੰਦੇ, ਜਿਵੇਂ ਕਿ ਰੀਤ ਹੈ ਪਰ ਉਹ ਉਸ ਦੇ ਕੰਨ 'ਚ ਇੱਕ ਮੰਤਰ ਉਚਾਰਦੇ ਹਨ।

(3) ਜਦੋਂ ਉਹ ਨਵਾਂ ਕੂਕਾ ਥਾਪਦੇ ਹਨ, ਤਾਂ ਉਹ ਉਸ ਨੂੰ ਕਹਿੰਦੇ ਹਨ: "ਜਨਮ ਗੁਰੂ ਹਜ਼ਰੋ। ਅਰ ਵਾਸੀ ਗੁਰੂ ਭੈਣੀ," ਜਦੋਂ ਕਿ ਸਿੱਖ ਕਹਿੰਦੇ ਹਨ: "ਜਨਮ ਗੁਰੂ ਪਟਨਾ, ਅਰ ਵਾਸੀ ਗੁਰੂ ਅਨੰਦਪੁਰ"।

(4) ਜਦੋਂ ਕਿ ਸਿੱਖ, ਧਰਮ ਅਸਥਾਨ 'ਚ ਦਾਖ਼ਲ ਹੋਣ ਵੇਲੇ ਆਪਣੇ ਵਾਲ ਨਹੀਂ ਖੋਲ੍ਹਦੇ ਜਾਂ ਆਪਣੀਆਂ ਦਸਤਾਰਾਂ ਨਹੀਂ ਉਤਾਰਦੇ: ਕੂਕੇ ਅਜਿਹਾ ਕਰਦੇ ਹਨ।

(5) ਕੂਕੇ ਆਪਣੇ-ਆਪ ਨੂੰ ਇਸ ਹੱਦ ਤੱਕ ਉਤੇਜਿਤ ਕਰਦੇ ਹੋਏ ਕਈ ਵਾਰ ਅਸੰਵੇਦਨਸ਼ੀਲ ਹੋ ਜਾਂਦੇ ਹਨ, ਮੁਸਲਿਮ ਫ਼ਕੀਰਾਂ ਵਾਂਗੂੰ ਕਰਨ ਲਗ ਪੈਂਦੇ ਅਤੇ ਉਹ ਗੁਰੂ ਦੇ ਸਿੱਖ ਨਹੀਂ ਹੋ ਸਕਦੇ।

---

1. ਹੋਮ ਜੁਡੀਸ਼ੀਅਲ ਪ੍ਰੋਗ, ਅਗਸਤ 1872 ਦਾ 273-284, ਪੰਨਾ 2461; ਫ਼ੌਰੇਨ ਪੁਲਿਟੀਕਲ (ਏ) ਫ਼ਰਵਰੀ, 1863, ਕੌਂਸ: 202-203

ਉਪਰੋਕਤ ਸਾਰੇ ਇਲਜ਼ਾਮਾਂ ਲਈ ਬਾਬਾ ਰਾਮ ਸਿੰਘ ਜੀ ਨੇ ਹੇਠਾਂ ਦਿੱਤਾ ਜਵਾਬ ਭੇਜਿਆ, ਜਿਵੇਂ ਕਿ ਮੀਆਂ ਫਜ਼ਲ ਹੁਸੈਨ[1] ਵੱਲੋਂ ਰਿਪੋਰਟ ਕੀਤਾ ਗਿਆ ਹੈ: "...ਕਿ ਜੇ ਉਹ ਸੱਚਮੁੱਚ ਸਿੱਖ ਧਰਮ ਅਨੁਸਾਰ ਚੱਲਦੇ ਹੁੰਦੇ, ਤਾਂ ਉਹ ਉਨ੍ਹਾਂ ਦੇ ਸਿਧਾਂਤ ਦੀ ਕਦਰ ਕਰਦੇ; ਕਿ ਉਹ (ਸ੍ਰੀ) ਗ੍ਰੰਥ (ਸਾਹਿਬ) ਦੇ ਉਲਟ ਜਾਂਦਿਆਂ ਮਾਸ ਖਾਂਦੇ ਹਨ, ਸ਼ਰਾਬ ਪੀਂਦੇ ਹਨ, ਝੂਠ ਬੋਲਦੇ ਹਨ, ਲੁੱਚਪੁਣਾ ਕਰਦੇ ਹਨ, ਜੰਮਦੀ ਕੰਨਿਆ ਦੀ ਹੱਤਿਆ ਆਦਿ ਜਿਹੇ ਕੰਮ ਕਰਦੇ ਹਨ ਅਤੇ ਇਸੇ ਲਈ ਕੂਕੇ ਉਨ੍ਹਾਂ ਨੂੰ ਸਿੱਖ ਨਹੀਂ ਮੰਨਦੇ।"

ਭੈਣੀ ਸਾਹਿਬ ਪਰਤ ਕੇ ਉਨ੍ਹਾਂ ਨੇ ਅਨੰਦਪੁਰ ਸਾਹਿਬ ਦੇ ਪੁਜਾਰੀਆਂ ਨੂੰ ਇਕ ਹੋਰ ਰੋਸ-ਪੱਤਰ ਭੇਜਿਆ, ਜਿਸ ਵਿਚ ਉਨ੍ਹਾਂ ਕਿਹਾ: "ਤੁਸੀਂ ਸਾਨੂੰ ਗੁਰਦੁਆਰਾ ਸਾਹਿਬਾਨ 'ਚ ਜਾਣ ਤੋਂ ਰੋਕਦੇ ਹੋ, ਤੁਸੀਂ ਮਾਸ ਖਾਣ ਵਾਲਿਆਂ ਅਤੇ ਸ਼ਰਾਬ ਪੀਣ ਵਾਲਿਆਂ ਦੇ ਮਾਮਲੇ ਵਿਚ ਅਜਿਹਾ ਕਿਉਂ ਨਹੀਂ ਕਰਦੇ? ਇਸ ਲਈ ਇਹ ਸਜ਼ਾ ਹੋਵੇਗੀ ਕਿ ਤਿਆਰੀ ਤਹਿਤ ਤੁਹਾਡੇ ਨਾਂਅ ਬਲੈਕ-ਲਿਸਟ (ਕਾਲੀ ਸੂਚੀ) ਵਿੱਚ ਪਾ ਦਿੱਤੇ ਜਾਣਗੇ। ਪਰ 1867 ਲਈ ਆਈ.ਜੀ., ਪੁਲਿਸ ਦੀ ਰਿਪੋਰਟ ਅਨੁਸਾਰ, ਇਸ ਪੱਤਰ ਨੂੰ ਸਰਕਾਰ ਦੁਆਰਾ ਰੋਕਿਆ ਗਿਆ ਸੀ[2]।

ਉਪਰੋਕਤ ਵਿਵਾਦ ਤੋਂ ਦੋਵੇਂ ਧਿਰਾਂ ਦੇ ਨਜ਼ਰੀਏ 'ਚ ਫਰਕ ਵੇਖਣਾ ਔਖਾ ਨਹੀਂ ਹੈ। ਬਾਬਾ ਰਾਮ ਸਿੰਘ ਜੀ ਧਰਮ ਦੇ ਮੂਲ ਤੱਤ ਨੂੰ ਵਧੇਰੇ ਮਹੱਤਵ ਦਿੰਦੇ ਹਨ ਅਤੇ ਰੂਪ ਦੀ ਬਹੁਤੀ ਪਰਵਾਹ ਨਹੀਂ ਕਰਦੇ, ਬਸ਼ਰਤੇ ਮੂਲ ਤੱਤ ਮਨੁੱਖ ਦੇ ਆਚਰਣ ਨੂੰ ਸੇਧ ਦੇਵੇ, ਜਦੋਂ ਕਿ ਪੁਜਾਰੀ ਸਰੂਪ ਨੂੰ ਹੀ ਸਮੁੱਚਾ ਮਹੱਤਵ ਦਿੰਦੇ ਹਨ ਅਤੇ ਜੇ ਮੂਲ ਤੱਤ ਦੀ ਕੁਰਬਾਨੀ ਦਿੱਤੀ ਜਾਂਦੀ ਹੈ ਤਾਂ ਬਹੁਤੀ ਪ੍ਰਵਾਹ ਨਹੀਂ ਕੀਤੀ ਜਾਂਦੀ।

---

1. ਹੋਮ ਜੁਡੀਸ਼ੀਅਲ ਪ੍ਰੋਸੀਡੀਂਗਜ਼, ਅਗਸਤ 1872 ਦਾ 273-284, ਪੰਨਾ 2461
2. ਫ਼ੌਰੇਨ ਪੁਲਿਟੀਕਲ (ਏ) ਫ਼ਰਵਰੀ, 1868, ਕੌਂਸ: 202-203

## ਅਧਿਆਇ 4

# ਅੰਦੋਲਨ ਦੀ ਸ਼ੁਰੂਆਤ: ਸਿਆਸੀ ਪੱਖ

ਪਿਛਲੇ ਅਧਿਆਇ ਵਿੱਚ ਕੂਕਿਆਂ ਦੀਆਂ ਸਿਆਸੀ ਇੱਛਾਵਾਂ ਦਾ ਹਵਾਲਾ ਦਿੱਤਾ ਗਿਆ ਹੈ। ਉਹ ਬੇਸਬਰੀ ਨਾਲ ਉਸ ਅਜ਼ਾਦੀ ਨੂੰ ਮੁੜ ਹਾਸਲ ਕਰਨਾ ਚਾਹੁੰਦੇ ਸਨ, ਜੋ ਪੰਜਾਬ ਦੇ ਅੰਗਰੇਜ਼ਾਂ ਹੱਥ ਚਲੇ ਜਾਣ ਕਾਰਣ ਉਨ੍ਹਾਂ ਤੋਂ ਖੁੱਸ ਗਈ ਸੀ। ਉਹ ਨਵੀਂ ਸਿਆਸੀ ਵਿਵਸਥਾ ਨਾਲ ਮੇਲ ਨਹੀਂ ਖਾ ਸਕਦੇ ਸਨ, ਸਗੋਂ ਈਸਾਈ ਮਿਸ਼ਨਰੀਆਂ ਵੱਲੋਂ ਲੋਕਾਂ ਨੂੰ ਆਪਣੇ ਧਰਮ 'ਚ ਤਬਦੀਲ ਕਰਨ ਅਤੇ ਗਊ-ਹੱਤਿਆ 'ਤੇ ਪਾਬੰਦੀ ਹਟਾਉਣ ਦੇ ਉਨ੍ਹਾਂ ਦੇ ਜੋਸ਼ ਸਦਕਾ ਉਨ੍ਹਾਂ ਦੀ ਦੁਸ਼ਮਣੀ ਹੋਰ ਵੀ ਤੀਖਣ ਹੋ ਗਈ ਸੀ।

ਝੰਡਾ ਲਹਿਰਾਉਣਾ ਅਤੇ 1857 ਵਿੱਚ 'ਸੰਤ ਖ਼ਾਲਸਾ' ਨਾਂਅ ਦੇ ਸਮਾਜ ਦੀ ਸਥਾਪਨਾ ਨਾ ਸਿਰਫ਼ ਸਮਾਜਿਕ ਤੇ ਧਾਰਮਿਕ ਜੀਵਨ ਨੂੰ ਸੰਵਾਰਨ ਦੇ ਕਦਮ ਸਨ, ਸਗੋਂ ਇੱਕ ਸਿਆਸੀ ਲਹਿਰ ਦੀ ਸ਼ੁਰੂਆਤ ਵੀ ਸਨ। ਕਿਉਂਕਿ ਇਹ ਸ਼ੁਰੂ ਤੋਂ ਹੀ ਸਪਸ਼ਟ ਹੈ ਕਿ ਇਹ ਲਹਿਰ ਗੁਰੂ ਗੋਬਿੰਦ ਸਿੰਘ ਜੀ ਦੀ ਤਰਜ਼ 'ਤੇ ਚਲਾਈ ਜਾਣੀ ਸੀ, ਜਿਨ੍ਹਾਂ ਨੇ ਪਹਿਲਾਂ ਖ਼ਾਲਸਾ ਸਾਜਿਆ ਅਤੇ ਫ਼ੌਜੀਕਰਨ ਕੀਤਾ ਅਤੇ ਫਿਰ ਔਰੰਗਜ਼ੇਬ ਦੇ ਮੁਗ਼ਲ ਸਾਮਰਾਜਵਾਦ ਵਿਰੁੱਧ ਲੰਮੇ ਸੰਘਰਸ਼ ਵਿਚ ਇਸ ਨੂੰ ਲਾਗੂ ਕੀਤਾ। ਸਭ ਤੋਂ ਵੱਧ ਜ਼ੋਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੇਸ਼ ਕੀਤੇ ਗਏ 'ਖੰਡੇ ਦਾ ਅੰਮ੍ਰਿਤ' 'ਤੇ ਰੱਖਿਆ ਗਿਆ ਸੀ ਅਤੇ ਪਾਬੰਦੀਸ਼ੁਦਾ 'ਕਿਰਪਾਨਾਂ' ਦੀ ਥਾਂ ਭਾਰੀ ਲਾਠੀਆਂ 'ਤੇ ਸੰਬੰਧਿਤ ਸਖਤ ਅਨੁਸ਼ਾਸਨ ਦੀ ਪਾਲਣਾ ਕੀਤੀ ਗਈ ਸੀ। ਸਪੱਸ਼ਟ ਤੌਰ 'ਤੇ, ਝੰਡਾ ਤੇ ਲਾਠੀ ਸਿਰਫ਼ ਧਾਰਮਿਕ ਤੇ ਸਮਾਜਿਕ ਸਮੱਸਿਆਵਾਂ 'ਤੇ ਕੇਂਦ੍ਰਿਤ ਸ਼ਾਂਤਮਈ ਅੰਦੋਲਨ ਦੀ ਨਿਸ਼ਾਨੀ ਨਹੀਂ ਹੋ ਸਕਦੇ। ਨਾ ਹੀ 'ਚੰਡੀ-ਪਾਠ' ਨੂੰ ਸਿਰਫ਼ ਧਾਰਮਿਕ ਉਦੇਸ਼ ਲਈ ਹੀ ਬਣਾਇਆ ਜਾ ਸਕਦਾ ਹੈ ਕਿਉਂਕਿ ਮਹਾਂਕਾਵਿ ਦੇ ਨਾਲ-ਨਾਲ ਇਸ ਦੇ ਪਾਠ ਦਾ ਢੰਗ ਅਤੇ ਅਗਨੀ ਪ੍ਰਸੰਗ ਮੁੱਖ ਤੌਰ 'ਤੇ ਬਹਾਦਰੀ ਅਤੇ ਜੰਗੀ ਭਾਵਨਾ ਪੈਦਾ ਕਰਨ ਦੇ ਯਤਨ ਦਾ ਸੰਕੇਤ ਹੈ। ਸਾਰਿਆਂ ਲਈ ਇੱਕ ਸਾਂਝਾ ਗੁਪਤ ਜੈਕਾਰਾ ਅਤੇ ਇੱਕ ਸਮਾਨ ਪਹਿਰਾਵਾ ਤੈਅ ਕਰਨਾ, ਜਿਸ ਨੇ 'ਸੰਤ ਖਾਲਸਾ' ਦੇ ਤਾਣੇ-ਬਾਣੇ ਨੂੰ ਇੱਕ ਬੇਹੱਦ ਮਜ਼ਬੂਤ ਤੇ ਸੰਗਠਤ ਸੰਗਠਨ ਬਣਾਇਆ, ਜੋ ਇਸੇ ਤਰ੍ਹਾਂ ਦੇ ਸਿੱਟੇ ਦਾ ਇੱਕ ਹੋਰ ਸੰਕੇਤ ਹੈ। ਲਹਿਰ ਦੀ ਸ਼ੁਰੂਆਤ ਤੋਂ ਹੀ ਇੱਕ ਸੁਤੰਤਰ ਅਤੇ ਗੁਪਤ ਡਾਕ ਪ੍ਰਣਾਲੀ ਦੀ ਮੌਜੂਦਗੀ ਵੀ ਇਸ ਨੂੰ ਆਮ ਧਾਰਮਿਕ ਤੇ ਸਮਾਜਿਕ ਪੱਧਰ ਤੋਂ ਉਤਾਂਹ ਚੁੱਕਦੀ ਹੈ ਤੇ ਇਸ ਦੇ ਗੁਪਤ ਸਿਆਸੀ ਮੰਤਵ ਵੱਲ ਇਸ਼ਾਰਾ ਕਰਦੀ ਹੈ।

ਪਰ ਸ਼ਾਇਦ ਇਨ੍ਹਾਂ 'ਚੋਂ ਸਭ ਤੋਂ ਵੱਧ ਅਹਿਮ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਸੀ, ਜਿਸ ਨਾਲ ਕੂਕਾ ਲਹਿਰ ਦੇ ਰੱਥ ਦੇ ਪਹੀਏ ਜੁੜੇ ਹੋਏ ਸਨ। ਜਿਵੇਂ ਕਿ ਸਭ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਵਿਚਾਰਧਾਰਾ ਦੀ ਦੂਰਅੰਦੇਸ਼ੀ ਇਹ ਸੀ ਕਿ ਨਾਇਕਾਂ ਦੀ ਇਹ ਕੌਮ ਕਦੇ ਕਿਸੇ ਵੀ ਰੂਪ 'ਚ ਜ਼ੁਲਮ ਨੂੰ ਬਰਦਾਸ਼ਤ ਨਹੀਂ ਕਰੇਗੀ। ਸਿਆਸੀ ਜ਼ੁਲਮ ਤੋਂ ਅਜ਼ਾਦੀ ਇਸ ਤੋਂ ਬਾਹਰ ਨਹੀਂ ਸੀ; ਪਰ ਹਾਸਲ ਕੀਤੇ ਜਾਣ ਵਾਲੇ ਟੀਚੇ ਦਾ ਬਹੁਤ ਵੱਡਾ ਹਿੱਸਾ ਸੀ। ਹਦਾਇਤਾਂ ਦੇ ਨਾਲ-ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿੱਜੀ ਮਿਸਾਲ ਨੇ ਇਸ ਬਾਰੇ ਕੋਈ ਸ਼ੱਕ ਨਹੀਂ ਛੱਡਿਆ ਸੀ। ਇਸ ਤੋਂ ਇਲਾਵਾ, ਮੁਗ਼ਲਾਂ ਵਿਰੁੱਧ ਉਨ੍ਹਾਂ ਦੇ ਲੰਮੇ ਸੰਘਰਸ਼ ਨੇ ਬਹਾਦਰੀ ਦੀ ਇੱਕ ਪ੍ਰੰਪਰਾ ਪੈਦਾ ਕੀਤੀ, ਜੋ ਹਰ ਸਮੇਂ ਪ੍ਰੇਰਨਾ ਦਾ ਸਰੋਤ ਹੈ। ਇਸ ਨੇ 18ਵੀਂ ਸਦੀ 'ਚ ਭਾਰੀ ਔਕੜਾਂ ਦੇ ਬਾਵਜੂਦ ਸਿੱਖਾਂ ਨੂੰ ਜਿੱਤ ਤੇ ਪ੍ਰਭੂਸੱਤਾ ਲਈ ਇੱਕ ਤਿੱਖੇ ਸੰਘਰਸ਼ ਰਾਹੀਂ ਪ੍ਰੇਰਿਤ ਕੀਤਾ ਅਤੇ ਅਗਵਾਈ ਕੀਤੀ। ਕੂਕਿਆਂ ਨੂੰ ਬ੍ਰਿਟਿਸ਼ ਸ਼ਾਸਨ ਤੋਂ ਅਜ਼ਾਦੀ ਦੀ ਲੜਾਈ 'ਚ ਪ੍ਰੇਰਿਤ ਕਰਨ ਤੇ ਉਨ੍ਹਾਂ ਨੂੰ ਕਾਇਮ ਰੱਖਣ ਲਈ ਇਸ 'ਤੇ ਨਿਰਭਰ ਕੀਤਾ ਜਾ ਸਕਦਾ ਹੈ।

ਇਸ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਕੀਤਾ ਗਿਆ ਕੂਕਾ ਆਗੂ ਦਾ ਸ਼ਨਾਖ਼ਤੀ ਐਲਾਨ ਅਹਿਮ ਹੈ। "ਉਨ੍ਹਾਂ (ਬਾਬਾ ਰਾਮ ਸਿੰਘ ਜੀ) ਦੇ ਚੇਲੇ ਅਸਲ 'ਚ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਮੰਨਦੇ ਸਨ, ਜੋ ਮੁਰਦਿਆਂ 'ਚੋਂ ਦੁਬਾਰਾ ਜਿਉਂ ਉੱਠੇ ਸਨ।"[1] ਸੌ ਸਾਖੀਆਂ[2] 'ਤੇ ਆਧਾਰਿਤ ਪੱਤਰ ਪ੍ਰਚਲਿਤ ਸਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਭਵਿੱਖਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਸੀ ਕਿ ਉਹ ਰਾਮ ਸਿੰਘ ਦੇ ਰੂਪ ਵਿੱਚ ਦੁਬਾਰਾ ਜਨਮ ਲੈਣਗੇ। 1863 'ਚ ਅੰਗਰੇਜ਼ਾਂ ਵੱਲੋਂ ਜ਼ਬਤ ਕੀਤੀ ਗਈ ਇੱਕ ਚਿੱਠੀ ਦੀਆਂ ਸ਼ੁਰੂਆਤੀ ਸਤਰਾਂ 'ਚ ਕੁਝ ਇੰਝ ਲਿਖਿਆ ਗਿਆ ਸੀ[3]:

> "ਗੁਰੂ ਗੋਬਿੰਦ ਸਿੰਘ ਸਹਾਇ। ਮੈਂ, ਗੁਰੂ ਗੋਬਿੰਦ ਸਿੰਘ, ਤਰਖਾਣ ਦੇ ਘਰ ਪੈਦਾ ਹੋਵਾਂਗਾ ਅਤੇ ਨਾਮ ਰਾਮ ਸਿੰਘ ਹੋ ਸਕਦਾ ਹੈ। ਮੇਰਾ ਘਰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਹੋਵੇਗਾ।"

ਫਿਰ ਦੇਖਣਾ ਇਹ ਹੋਵੇਗਾ ਕਿ ਕੂਕਾ ਅੰਦੋਲਨ ਸਿਆਸੀ ਉਦੇਸ਼ ਨਾਲ ਸ਼ੁਰੂ ਹੋਇਆ ਸੀ। ਇਹ ਕਹਿਣਾ ਕਿ ਇਸ ਦਾ ਇਰਾਦਾ ਸਿਰਫ਼ ਸਮਾਜਿਕ ਅਤੇ ਧਾਰਮਿਕ ਸੁਧਾਰ ਲਿਆਉਣਾ ਸੀ, ਇਹ ਉਨ੍ਹਾਂ ਲੋਕਾਂ ਦੀਆਂ ਯਾਦਾਂ ਨਾਲ ਇਨਸਾਫ਼ ਨਹੀਂ ਹੋਵੇਗਾ ਜਿਨ੍ਹਾਂ ਨੇ ਇਸ ਅੰਦੋਲਨ ਦੀ ਅਗਵਾਈ ਕੀਤੀ ਜਾਂ ਜਿਨ੍ਹਾਂ ਨੇ ਦੇਸ਼ ਦੀ ਸੇਵਾ ਵਿੱਚ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰ ਦਿੱਤੀਆਂ। ਕੁਝ ਲੋਕਾਂ ਦਾ ਇੱਕ ਹੋਰ ਵਿਚਾਰ ਇਹ ਹੈ ਕਿ ਬੇਭਰੋਸਗੀ ਤੇ ਪਰੇਸ਼ਾਨੀ ਵਾਲੀ ਸਾਮਰਾਜੀ ਨੀਤੀ

1. ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੰਸਲਟੇਸ਼ਨ, 111/112, ਪੰਨਾ 6
2. ਵੇਖੋ ਅਤਰ ਸਿੰਘ, ਸਾਖੀ ਬੁੱਕ, ਬਨਾਰਸ, 1873 - ਸਾਖੀਆਂ 15 ਤੇ 51
3. ਉਹੀ, ਪੰਨਾ 5, ਵੇਰਵਿਆਂ ਲਈ ਵੇਖੋ ਪੰਨਾ 42

ਕਾਰਣ ਚਲਾਇਆ ਗਿਆ ਇੱਕ ਸੁਧਾਰ ਅੰਦੋਲਨ ਸੀ, ਜੋ ਬਾਅਦ 'ਚ ਸਿਆਸੀ ਬਣ ਗਿਆ - ਪਰ ਅਜਿਹਾ ਆਖਣਾ ਨੀਮ-ਇਨਸਾਫ਼ ਹੈ ਕਿਉਂਕਿ ਇਹ ਵਿਚਾਰ ਸਿਰਫ਼ ਨਕਾਰਾਤਮਕ ਪੱਖ ਨੂੰ ਹੀ ਉਜਾਗਰ ਕਰਦਾ ਹੈ। ਸਰਕਾਰ ਵੱਲੋਂ ਅਪਣਾਈ ਗਈ ਜ਼ੁਲਮ ਦੀ ਨੀਤੀ ਕੂਕਿਆਂ ਦੇ ਸਿਆਸੀ ਮਨਸੂਬਿਆਂ ਦਾ ਨਤੀਜਾ ਤਾਂ ਸੀ ਪਰ ਉਹ ਕਾਰਣ ਨਹੀਂ ਸੀ। 1857 ਦੀ ਬਗ਼ਾਵਤ ਦੇ ਬੇਹੱਦ ਕੌੜੇ ਸਬਕ ਤੋਂ ਬਾਅਦ, ਸਰਕਾਰ ਭਾਰਤੀਆਂ ਦੀਆਂ ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਵਿੱਚ ਦਖ਼ਲ ਦੇਣ ਤੋਂ ਬਹੁਤ ਸੰਕੋਚ ਕਰਦੀ ਸੀ। ਜੇ ਕੂਕਿਆਂ ਦੇ ਮਾਮਲੇ 'ਚ ਇਹ ਨੀਤੀ ਤਿਆਗ ਦਿੱਤੀ ਗਈ ਸੀ, ਤਾਂ ਇਸ ਦਾ ਮੁੱਖ ਕਾਰਣ ਸਿਰਫ਼ ਇਹੋ ਹੋਣਾ ਚਾਹੀਦਾ ਹੈ ਕਿ ਅੰਗਰੇਜ਼ਾਂ ਨੂੰ ਉਨ੍ਹਾਂ ਤੋਂ ਆਪਣੇ ਰਾਜ ਨੂੰ ਗੰਭੀਰ ਕਿਸਮ ਦਾ ਖ਼ਤਰਾ ਸੀ। ਕੂਕਾ ਲਹਿਰ ਨੂੰ ਸ਼ਾਇਦ ਇਸੇ ਪਿਛੋਕੜ 'ਚ ਸਮਝਿਆ ਜਾਣਾ ਚਾਹੀਦਾ ਹੈ ਕਿ ਇਹ 1849 ਤੋਂ ਪਹਿਲਾਂ ਦੀ ਤਾਕਤਵਰ ਖ਼ਾਲਸਾ ਵਾਲੀ ਆਪਣੀ ਅਜ਼ਾਦੀ ਨੂੰ ਬਹਾਲ ਕਰਨ ਦੀ ਕੋਸ਼ਿਸ਼ ਸੀ। ਬੇਸ਼ੱਕ, ਇਹ ਕੋਸ਼ਿਸ਼ ਨਾਕਾਮ ਹੋ ਕੇ ਰਹਿ ਗਈ ਸੀ ਪਰ ਇਸ ਦੇ ਪਿੱਛੇ ਦੀ ਮਜ਼ਬੂਤ ਇੱਛਾ ਕਾਇਮ ਰਹੀ ਅਤੇ ਕੁਝ ਸਾਲਾਂ ਬਾਅਦ ਕੂਕਿਆਂ ਦੇ ਉਭਾਰ ਵਜੋਂ ਪ੍ਰਗਟ ਹੋਈ।

ਇੱਥੇ ਇੱਕ ਸੁਆਲ ਸੁਭਾਵਕ ਤੌਰ 'ਤੇ ਪੈਦਾ ਹੁੰਦਾ ਹੈ। ਜੇ ਕੂਕਾ ਅੰਦੋਲਨ ਦਾ ਸ਼ੁਰੂ ਤੋਂ ਹੀ ਕੋਈ ਸਿਆਸੀ ਮਕਸਦ ਸੀ, ਤਾਂ ਇਸ ਦੇ ਮੋਢੀ ਬਾਬਾ ਰਾਮ ਸਿੰਘ ਜੀ 1857 ਦੀ ਬਗ਼ਾਵਤ ਵਿੱਚ ਸ਼ਾਮਲ ਕਿਉਂ ਨਹੀਂ ਹੋਏ? ਇਹ ਇੱਕ ਬਹੁਤ ਹੀ ਵਾਜਬ ਸਵਾਲ ਹੈ, ਪਰ ਇਸ ਦਾ ਜਵਾਬ ਲੱਭਣਾ ਮੁਸ਼ਕਿਲ ਨਹੀਂ ਹੈ। ਭਾਵੇਂ ਉਨ੍ਹਾਂ ਦੀ ਲਹਿਰ ਵੱਡੀ ਬਗ਼ਾਵਤ ਦੇ ਸ਼ੁਰੂ ਹੋਣ ਤੋਂ ਇੱਕ ਮਹੀਨਾ ਪਹਿਲਾਂ ਸ਼ੁਰੂ ਹੋ ਗਈ ਸੀ ਪਰ ਉਸ ਸਮੇਂ ਉਨ੍ਹਾਂ ਨੂੰ ਕੋਈ ਸਮਰਥਨ ਨਹੀਂ ਮਿਲਿਆ ਸੀ। ਬੇਸ਼ੱਕ, ਬਗ਼ਾਵਤ ਵਿਚ ਉਹ ਨਿੱਜੀ ਤੌਰ 'ਤੇ ਖੁੱਲ੍ਹ ਕੇ ਨਿੱਤਰ ਸਕਦੇ ਸਨ ਪਰ ਤਦ ਹਾਸਲ ਕੁਝ ਨਹੀਂ ਹੋਣਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦਾ ਇਹ ਜਜ਼ਬਾਤੀ ਯਕੀਨ ਸੀ ਕਿ ਅਜਿਹੀ ਅਜ਼ਾਦੀ ਜਿੱਤਣ ਦਾ ਕੋਈ ਫ਼ਾਇਦਾ ਨਹੀਂ, ਜੇ ਉਸ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਨੇ ਇਹ ਸੱਚਾਈ ਅੰਗ੍ਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਈ ਪਹਿਲੀ ਜੰਗ ਦੀ ਪੂਰਵ-ਸੰਧਿਆ ਮੌਕੇ ਆਪਣੇ ਸਾਥੀਆਂ ਨੂੰ ਕਈ ਵਾਰ ਸੁਣਾਈ ਸੀ। ਉਹ ਇਹ ਨਹੀਂ ਵੇਖ ਸਕਦੇ ਸਨ ਕਿ ਜਿਹੜੇ ਲੋਕ ਆਪਣੇ ਚਰਿੱਤਰ ਦੀ ਕਮਜ਼ੋਰੀ ਕਾਰਨ ਪਹਿਲਾਂ ਆਪਣੀ ਅਜ਼ਾਦੀ ਨੂੰ ਗੁਆ ਚੁੱਕੇ ਸਨ, ਉਨ੍ਹਾਂ ਦਾ ਕੰਮ ਤਦ ਤੱਕ ਬਿਹਤਰ ਨਹੀਂ ਹੋ ਸਕਦਾ ਸੀ, ਜਦੋਂ ਤੱਕ ਉਨ੍ਹਾਂ ਨੂੰ ਸਹੀ ਢੰਗ ਨਾਲ ਸੁਧਾਰਿਆ ਨਹੀਂ ਜਾਂਦਾ। ਉਨ੍ਹਾਂ ਦੀ ਸੋਚ ਇਹ ਸੀ ਕਿ ਅਜ਼ਾਦੀ ਲਈ ਸੰਘਰਸ਼ ਲੋਕਾਂ ਦੇ ਚਰਿੱਤਰ ਦੀ ਅਖੰਡਤਾ 'ਤੇ ਅਧਾਰਤ ਹੋਣਾ ਚਾਹੀਦਾ ਹੈ। ਕਿਉਂਕਿ ਸਫਲਤਾ ਹਾਸਲ ਕਰਨ ਲਈ ਇਸ ਅਗਾਊਂ-ਸ਼ਰਤ ਨੂੰ ਸਾਕਾਰ ਕਰਨ ਲਈ ਕੁਝ ਸਮੇਂ ਚਾਹੀਦਾ ਹੁੰਦਾ ਹੈ, ਉਨ੍ਹਾਂ ਦਾ ਮੰਨਣਾ ਸੀ ਕਿ ਕਾਹਲੀ ਨਾਲ ਕੀਤੀ ਗਈ ਕੋਈ ਵੀ ਕਾਰਵਾਈ ਸਿਆਣਪ ਨਹੀਂ ਹੋਵੇਗੀ ਜਾਂ ਕਾਮਯਾਬ ਨਹੀਂ ਹੋਵੇਗੀ।



ਸੂਬਾ ਸਾਹਿਬ ਸਿੰਘ

ਨੀਂਹ ਰੱਖਣ ਤੋਂ ਬਾਅਦ ਕੁਝ ਸਾਲਾਂ ਤੱਕ ਬਾਬਾ ਰਾਮ ਸਿੰਘ ਜੀ ਦੀ ਲਹਿਰ ਚੁੱਪ-ਚੁਪੀਤੇ ਆਪਣਾ ਕੰਮ ਕਰਦੀ ਰਹੀ। ਅਜਿਹਾ 1863 ਤੱਕ ਨਹੀਂ ਸੀ ਵਾਪਰਿਆ ਕਿ ਸਰਕਾਰ ਪਹਿਲਾਂ ਕਦੇ ਆਪਣੇ ਰਾਜਨੀਤਿਕ ਪ੍ਰਭਾਵਾਂ ਲਈ ਇੰਝ ਸਰਗਰਮ ਹੋਈ ਹੋਵੇ। ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮਿਸਟਰ ਮੈਕਨਬ ਪਹਿਲੇ ਅਧਿਕਾਰੀ ਸਨ ਜਿਨ੍ਹਾਂ ਪੰਜਾਬ ਸਰਕਾਰ ਦਾ ਧਿਆਨ ਇਸ ਪਾਸੇ ਖਿੱਚਿਆ ਸੀ। ਉਨ੍ਹਾਂ ਨੇ 5 ਅਪ੍ਰੈਲ, 1863 ਨੂੰ ਰਿਪੋਰਟ ਦਿੱਤੀ ਸੀ ਕਿ "ਲੁਧਿਆਣੇ ਦੇ ਇੱਕ ਬਜ਼ੁਰਗ ਸਿੱਖ 200 ਆਦਮੀਆਂ ਨਾਲ ਦੇਸ਼ ਵਿੱਚ ਘੁੰਮ ਰਹੇ ਸਨ, ਜਿਨ੍ਹਾਂ ਨੂੰ ਉਹ ਰਾਤ ਸਮੇਂ ਬੰਦੂਕਾਂ ਦੀ ਥਾਂ ਡਾਂਗਾਂ ਨਾਲ ਅਭਿਆਸ ਕਰਵਾਉਂਦੇ ਸਨ; ਅਤੇ ਉਨ੍ਹਾਂ ਆਪਣੇ 5000 ਪੈਰੋਕਾਰ[1] ਹੋਣ ਦੀ ਸ਼ੇਖ਼ੀ ਮਾਰੀ ਤੇ ਕਿਸੇ ਹਾਕਮ ਦਾ ਕਹਿਣਾ ਨਾ ਮੰਨਣ ਦੀ ਗੱਲ ਕੀਤੀ ਸੀ। ਉਨ੍ਹਾਂ ਨੇ ਆਪਣੇ ਦਲ ਦੀਆਂ ਬਹੁਤ ਸਾਰੀਆਂ ਔਰਤਾਂ ਨਾਲ ਅੰਮ੍ਰਿਤਸਰ ਦੇ ਵਿਸਾਖੀ ਮੇਲੇ[2] 'ਚ ਜਾਣ ਦੇ ਪ੍ਰੋਗਰਾਮ ਦੀ ਗੱਲ ਕੀਤੀ ਸੀ।"

ਉਪਰੋਕਤ ਰਿਪੋਰਟ ਮਿਲਣ 'ਤੇ ਪੰਜਾਬ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਪੁਲਿਸ ਸੁਪਰਡੈਂਟਸ ਨੂੰ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ 'ਤੇ ਚੌਕਸ ਨਜ਼ਰ ਰੱਖਣ ਅਤੇ ਗੁਪਤ ਰਿਪੋਰਟਾਂ ਭੇਜਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ। ਇਸ ਤੋਂ ਇਲਾਵਾ ਲਾਹੌਰ ਸਰਕਲ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਮੇਜਰ ਮੈਕਐਂਡਰਿਊ ਨੂੰ ਵਿਸਾਖੀ ਮੇਲੇ ਮੌਕੇ ਅੰਮ੍ਰਿਤਸਰ ਜਾਣ ਲਈ ਅਤੇ ਉਸ ਸਥਾਨ ਦੇ ਡਿਪਟੀ ਕਮਿਸ਼ਨਰ ਮਿਸਟਰ ਮਰਸਰ ਨਾਲ ਮਿਲ ਕੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਅਸਲ ਮਨਸ਼ਿਆਂ[3] ਦੀ ਸਖ਼ਤੀ ਨਾਲ ਜਾਂਚ ਕਰਨ ਲਈ ਕਿਹਾ ਗਿਆ ਸੀ। ਬਾਬਾ ਰਾਮ ਸਿੰਘ ਜੀ ਆਪਣੇ ਲਾਮ-ਲਸ਼ਕਰ ਸਮੇਤ 11 ਅਪ੍ਰੈਲ 1863 ਨੂੰ ਅੰਮ੍ਰਿਤਸਰ ਪਹੁੰਚੇ। ਇਸ ਤੋਂ ਤੁਰੰਤ ਬਾਅਦ ਮੇਜਰ ਮੈਕਐਂਡਰਿਊ ਤੇ ਸ੍ਰੀ ਮਰਸਰ ਦੀ ਉਨ੍ਹਾਂ ਨਾਲ ਗੱਲਬਾਤ ਹੋਈ ਤੇ ਇਸ ਦੌਰਾਨ ਕੋਈ ਖੁਰਾ-ਖੋਜ ਲੱਭਣ ਲਈ ਕਈ ਤਰ੍ਹਾਂ ਦੇ ਸਵਾਲ ਪੁੱਛੇ ਗਏ। ਗੱਲਬਾਤ ਤੋਂ ਬਾਅਦ ਮਰਸਰ ਨੇ ਪੰਜਾਬ ਸਰਕਾਰ ਨੂੰ ਇੱਕ ਰਿਪੋਰਟ ਸੌਂਪੀ ਸੀ, ਜਿਸ ਵਿੱਚ ਹੋਰ ਗੱਲਾਂ ਤੋਂ ਇਲਾਵਾ ਹੇਠ ਲਿਖੀ ਜਾਣਕਾਰੀ ਸੀ[4]; "ਉਨ੍ਹਾਂ ਦੇ ਸਾਰੇ ਚੇਲੇ ਤਕੜੇ ਨੌਜਵਾਨ ਸਨ, ਹਰੇਕ ਕੋਲ ਇੱਕ ਮੋਟੀ ਡਾਂਗ ਸੀ। ਉਨ੍ਹਾਂ ਨੇ ਮੇਲਾ ਖ਼ਤਮ ਹੋਣ 'ਤੇ ਆਪਣੇ ਘਰ ਜਾਣ ਦਾ ਇਰਾਦਾ ਜ਼ਾਹਰ ਕੀਤਾ ਤੇ ਕਿਉਂਕਿ ਕੋਈ ਵੀ ਦੇਸ਼-ਧ੍ਰੋਹੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ ਸੀ ਅਤੇ ਉੱਥੇ ਸਭ ਕੁਝ ਸ਼ਾਂਤੀਪੂਰਨ ਤੌਰ 'ਤੇ ਸੰਪੰਨ ਹੋਇਆ ਜਾਪਦਾ ਸੀ, ਇਸੇ ਲਈ ਭਰਵੇਂ ਮੇਲੇ ਮੌਕੇ ਕਿਸੇ ਕਿਸਮ ਦਾ ਦਖ਼ਲ ਦੇਣਾ ਠੀਕ ਨਹੀਂ

1. ਇਹ ਅੰਕੜਾ ਸਿਰਫ਼ ਸਿਆਲਕੋਟ ਜ਼ਿਲ੍ਹੇ ਦਾ ਜਾਪਦਾ ਹੈ ਕਿਉਂਕਿ ਹੋਰ ਅਨੁਮਾਨਾਂ ਮੁਤਾਬਕ ਕੂਕਿਆਂ ਦੀ ਗਿਣਤੀ 40,000 ਤੋਂ 60,000 ਦੇ ਵਿਚਕਾਰ ਸੀ।
2. ਨਾਹਰ ਸਿੰਘ, ਗੁਰੂ ਰਾਮ ਸਿੰਘ ਤੇ ਕੂਕਾ ਸਿੱਖ - ਦਸਤਾਵੇਜ਼, 1863 - 1871, ਪੰਨਾ 1 (ਇਸ ਤੋਂ ਬਾਅਦ ਇਨ੍ਹਾਂ ਨੂੰ 'ਕੂਕਾ ਦਸਤਾਵੇਜ਼' ਆਖਿਆ ਜਾਵੇਗਾ)
3. -ਉਹੀ-, ਪੰਨਾ 2
4. -ਉਹੀ-, ਪੰਨਾ 2

ਸਮਝਿਆ ਗਿਆ ਸੀ। ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਤੇ ਡਿਪਟੀ ਕਮਿਸ਼ਨਰ, ਪੁਲਿਸ ਸੁਪਰਡੈਂਟ ਦੇ ਨਾਲ ਉਨ੍ਹਾਂ ਨੂੰ ਮਿਲਣ ਗਏ ਅਤੇ ਕਿਉਂਕਿ ਉਹ ਆਪਣੇ ਪੈਰੋਕਾਰਾਂ ਦੇ ਵੱਡੇ ਹਿੱਸੇ ਨੂੰ ਬਰਖਾਸਤ ਕਰਨ ਦੇ ਉਨ੍ਹਾਂ ਦੇ ਸੁਝਾਅ ਨਾਲ ਕਾਫ਼ੀ ਸਹਿਮਤ ਜਾਪਦੇ ਸਨ, ਇਸੇ ਲਈ ਉਨ੍ਹਾਂ ਨੂੰ ਆਪਣੇ ਰਸਤੇ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ।"

ਉਪਰੋਕਤ ਰਿਪੋਰਟ ਤੋਂ ਭਾਵੇਂ ਪੰਜਾਬ ਸਰਕਾਰ ਨੂੰ ਕੁਝ ਤਸੱਲੀ ਮਿਲੀ ਸੀ ਪਰ ਪਿੰਡ ਖੋਟੇ ਦੇ ਮਾਮਲੇ ਨੇ ਜਲਦੀ ਹੀ ਸਭ ਕੁਝ ਪਲਟ ਕੇ ਰੱਖ ਦਿੱਤਾ ਸੀ। ਜਦੋਂ ਬਾਬਾ ਰਾਮ ਸਿੰਘ ਜੀ ਉਥੇ ਧਾਰਮਿਕ ਦੀਵਾਨ ਸਜਾ ਰਹੇ ਸਨ ਅਤੇ ਵਿਆਹ ਸਬੰਧੀ ਸੁਧਾਰਾਂ ਦੀ ਸ਼ੁਰੂਆਤ ਕਰ ਰਹੇ ਸਨ ਤਾਂ ਸਥਾਨਕ ਚੌਕੀਦਾਰ ਨੇ ਬਾਘਾ ਪੁਰਾਣਾ ਦੇ ਪੁਲਿਸ ਸਟੇਸ਼ਨ ਵਿੱਚ[1] ਇਸ ਬਾਰੇ ਰਿਪੋਰਟ ਦਰਜ ਕਰਵਾ ਦਿੱਤੀ: "ਦੋ-ਤਿੰਨ ਦਿਨਾਂ ਤੋਂ ਬਾਬਾ ਰਾਮ ਸਿੰਘ ਜੀ ਆਪਣੇ 400 ਤੋਂ 500 ਚੇਲਿਆਂ ਨਾਲ ਇਸ ਪਿੰਡ ਵਿੱਚ ਇਕੱਠੇ ਹੋਏ ਸਨ ਤੇ ਉਨ੍ਹਾਂ ਦਾ ਵਿਵਹਾਰ ਬਹੁਤ ਹੀ ਅਸਾਧਾਰਨ ਕਿਸਮ ਦਾ ਸੀ। ਉਨ੍ਹਾਂ ਨੇ ਦੇਸ਼-ਧ੍ਰੋਹ ਦੀ ਗੱਲ ਕੀਤੀ; ਕਿਹਾ ਕਿ ਦੇਸ਼ ਛੇਤੀ ਹੀ ਉਨ੍ਹਾਂ ਦਾ ਹੋ ਜਾਵੇਗਾ ਅਤੇ ਉਨ੍ਹਾਂ ਕੋਲ ਤੇਜ਼ੀ ਨਾਲ 1,25,000 ਹਥਿਆਰਬੰਦ ਆਦਮੀ ਉਨ੍ਹਾਂ ਦੀ ਮਦਦ ਲਈ ਆ ਜਾਣਗੇ; ਕਿ ਉਹ ਕਾਸ਼ਤਕਾਰਾਂ ਤੋਂ ਜ਼ਮੀਨ ਦੀ ਉਪਜ ਦਾ ਸਿਰਫ਼ ਪੰਜਵਾਂ ਹਿੱਸਾ ਲੈਣਗੇ।" ਇਸ ਰਿਪੋਰਟ ਦੀ ਪੁਸ਼ਟੀ ਬਾਘਾ ਪੁਰਾਣਾ ਦੇ ਇੱਕ ਪੁਲਿਸ ਸਾਰਜੈਂਟ ਅਤੇ ਫ਼ਿਰੋਜ਼ਪੁਰ ਦੇ ਇੱਕ ਸਹਾਇਕ ਸੁਪਰਡੈਂਟ ਵੱਲੋਂ ਸੁਤੰਤਰ ਤੌਰ 'ਤੇ ਕੀਤੀ ਗਈ ਸੀ। ਉਨ੍ਹਾਂ ਦੋਵਾਂ ਨੇ ਖੋਟੇ ਅਤੇ ਨੇੜਲੇ ਪਿੰਡਾਂ ਦਾ ਦੌਰਾ ਕੀਤਾ ਤੇ ਉੱਥੋਂ ਦੇ ਪ੍ਰਮੁੱਖ ਵਿਅਕਤੀਆਂ ਦੇ ਬਿਆਨ ਦਰਜ ਕੀਤੇ। ਫਿਰ ਫ਼ਿਰੋਜ਼ਪੁਰ ਪੁਲਿਸ ਦੇ ਸੁਪਰਇੰਟੈਂਡੈਂਟ ਲੈਫਟੀਨੈਂਟ ਹੈਮਿਲਟਨ ਵੱਲੋਂ ਇੱਕ ਰਿਪੋਰਟ ਤਿਆਰ ਕਰ ਕੇ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ। ਬਿਨਾਂ ਕੋਈ ਸਮਾਂ ਗੁਆਏ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਥਾਮਸ ਨੂੰ ਹੁਕਮ ਜਾਰੀ ਕੀਤੇ ਗਏ ਕਿ ਉਹ ਖੁਦ ਖੋਟੇ ਵਿਖੇ ਜਾ ਕੇ ਇਸ ਕੇਸ ਬਾਰੇ ਆਪਣੀ ਪੂਰੀ ਤਸੱਲੀ ਕਰਨ ਤੇ ਲੋੜ ਪੈਣ 'ਤੇ ਬਾਬਾ ਰਾਮ ਸਿੰਘ ਜੀ ਨੂੰ ਤੁਰੰਤ ਹਿਰਾਸਤ ਵਿਚ ਲੈਣ। ਇਸ ਸਾਰੇ ਮਾਮਲੇ ਦੀ ਬਾਰੀਕੀ ਨਾਲ ਘੋਖ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਕੂਕਿਆਂ ਦੀਆਂ ਸਾਰੀਆਂ ਮੀਟਿੰਗਾਂ 'ਤੇ ਪਾਬੰਦੀ ਲਗਾ ਦਿੱਤੀ ਅਤੇ ਹੁਕਮ ਦਿੱਤਾ ਕਿ 'ਰਾਮ ਸਿੰਘ ਜੀ ਨੂੰ ਲੁਧਿਆਣਾ ਦੇ ਪਿੰਡ ਭੈਣੀ ਵਿਖੇ ਤੇ ਉਨ੍ਹਾਂ ਦੇ ਚੇਲਿਆਂ ਨੂੰ ਉਨ੍ਹਾਂ ਦੇ ਸਬੰਧਤ ਸਟੇਸ਼ਨਾਂ 'ਤੇ ਭੇਜ ਦਿੱਤਾ ਜਾਵੇ।[2]"

ਖੋਟੇ ਮਾਮਲੇ ਨੇ ਸਰਕਾਰੀ ਹਲਕਿਆਂ ਵਿੱਚ ਖੂਬ ਹਲਚਲ ਮਚਾ ਦਿੱਤੀ ਸੀ। ਇਸ ਦਾ ਸਪਸ਼ਟ ਸੰਕੇਤ ਮੇਜਰ ਮੈਕਐਂਡਰਿਊ ਦੀ 7 ਜੂਨ 1863 ਦੀ ਰਿਪੋਰਟ ਵਿੱਚ ਦੇਖਿਆ ਜਾ ਸਕਦਾ ਹੈ। ਪਹਿਲਾਂ ਹੀ ਸਖ਼ਤ ਚੌਕਸੀ ਦੀ ਨੀਤੀ ਲਾਗੂ ਕੀਤੀ

---

1. ਕੂਕਾ ਦਸਤਾਵੇਜ਼, ਪੰਨਾ-3
2. ਉਹੀ, ਪੰਨਾ 3

ਜਾ ਚੁੱਕੀ ਸੀ। ਸਾਰੀਆਂ ਕੂਕਾ ਪਾਰਟੀਆਂ ਅਤੇ ਮੀਟਿੰਗਾਂ ਹੁਣ ਪੁਲਿਸ ਤੇ ਉਨ੍ਹਾਂ ਦੇ ਗੁਪਤ ਏਜੰਟਾਂ ਦੀ ਨਿਗਰਾਨੀ ਅਧੀਨ ਸਨ। ਕੂਕਾ ਅੰਦੋਲਨ ਦੇ ਚਰਿੱਤਰ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਪੰਜਾਬ ਸਰਕਾਰ ਦੀਆਂ ਜ਼ਰੂਰੀ ਗੁਪਤ ਹਦਾਇਤਾਂ ਸਾਰੇ ਜ਼ਿਲ੍ਹਾ ਹੈੱਡਕੁਆਰਟਰਜ਼ ਨੂੰ ਭੇਜੀਆਂ ਗਈਆਂ ਸਨ। ਇਸ ਬਾਰੇ ਮਿਲੀਆਂ ਕੁਝ ਰਿਪੋਰਟਾਂ ਬਹੁਤ ਅਹਿਮ ਹਨ।

ਜਲੰਧਰ ਦੇ ਛਾਉਣੀ ਮੈਜਿਸਟ੍ਰੇਟ ਕੈਪਟਨ ਮਿਲਰ ਦੀ ਰਿਪੋਰਟ ਸਨਸਨੀਖੇਜ਼ ਕਿਸਮ ਦੀ ਸੀ ਤੇ ਉਸ ਦਾ ਜ਼ਿਕਰ ਪਹਿਲਾਂ ਕੀਤਾ ਜਾ ਸਕਦਾ ਹੈ। ਇਹ 11 ਜੂਨ 1863 ਨੂੰ ਜਲੰਧਰ ਦੇ ਡਿਪਟੀ ਕਮਿਸ਼ਨਰ ਤੇ ਪੁਲਿਸ ਸੁਪਰਡੈਂਟ ਨੂੰ ਸੌਂਪੀ ਗਈ ਸੀ ਤੇ ਇਸ ਤਰ੍ਹਾਂ ਲਿਖਿਆ ਗਿਆ ਸੀ[1]: "ਇਕ ਸਿੱਖ ਮੁਖ਼ਬਰ ਗੇਂਦਾ ਸਿੰਘ ਨੂੰ ਬਾਬਾ ਰਾਮ ਸਿੰਘ ਜੀ ਦੇ ਪਿੰਡ ਭੇਜਿਆ ਗਿਆ ਸੀ। ਗੁਰੂ ਜੀ ਆਪ ਤਾਂ ਮੌਜੂਦ ਨਹੀਂ ਸਨ ਪਰ ਉਨ੍ਹਾਂ ਦੇ ਲੈਫਟੀਨੈਂਟ ਸਾਹਿਬ ਸਿੰਘ ਉੱਥੇ ਸਨ। ਉਨ੍ਹਾਂ ਨੇ ਧਰਮ ਪਰਿਵਰਤਨ ਕਰਨ ਦੀ ਇੱਛਾ ਜ਼ਾਹਰ ਕੀਤੀ ਤੇ ਉਨ੍ਹਾਂ ਦੀ ਪਾਰਟੀ 'ਚ ਸ਼ਾਮਲ ਹੋ ਗਿਆ, ਉਥੇ ਰਾਤ ਨੂੰ ਲਗਭਗ 50 ਆਦਮੀ ਸਨ। ਢੋਲ ਵਜਾਇਆ ਗਿਆ, ਅਤੇ ਹਰੇਕ ਨੇ ਸਾਹਿਬ ਸਿੰਘ ਤੋਂ ਇੱਕ ਸੋਟੀ ਪ੍ਰਾਪਤ ਕੀਤੀ, ਜਿਨ੍ਹਾਂ ਨੇ ਫਿਰ ਲਗਭਗ ਦੋ ਘੰਟੇ ਪਾਰਟੀ ਨੂੰ ਅਭਿਆਸ ਕਰਵਾਇਆ ਤੇ ਸਾਰਿਆਂ ਨੇ "ਅਕਾਲ, ਅਕਾਲ" ਦੇ ਨਾਹਰੇ ਲਾਏ। ਗੇਂਦਾ ਸਿੰਘ ਨੇ ਫਿਰ ਗੁਰੂ ਨੂੰ ਖੁਦ ਦੇਖਣ ਦੀ ਇੱਛਾ ਪ੍ਰਗਟ ਕੀਤੀ, ਉਨ੍ਹਾਂ ਦੇ ਚੇਲੇ ਨੇ ਉਸ ਨੂੰ ਦੱਸਿਆ ਕਿ ਉਹ ਕਿੱਥੇ ਮਿਲਣਗੇ ਤੇ ਉਸ ਨੂੰ ਬਾਬਾ ਰਾਮ ਸਿੰਘ ਜੀ ਨੂੰ ਦੇਣ ਲਈ ਦੋ ਕਾਗਜ਼ ਦਿੱਤੇ। ਉਹ ਕਾਗਜ਼ ਉਸ ਨੇ ਕਦੇ ਵੀ ਉਨ੍ਹਾਂ ਤੱਕ ਨਹੀਂ ਪਹੁੰਚਾਏ, ਉਹਨਾਂ ਦੇ ਗੁਆਚ ਜਾਣ ਦਾ ਬਹਾਨਾ ਬਣਾਇਆ ਅਤੇ ਵਾਪਸੀ 'ਤੇ ਉਹ ਕਾਗਜ਼ ਜਲੰਧਰ ਛਾਉਣੀ ਮੈਜਿਸਟਰੇਟ ਦੇ ਹਵਾਲੇ ਕਰ ਦਿੱਤੇ। ਇੱਥੇ ਹੇਠਾਂ ਉਨ੍ਹਾਂ ਦੇ ਮੋਟੇ-ਮੋਟੇ ਜਿਹੇ ਅਨੁਵਾਦ ਦਿੱਤੇ ਗਏ ਹਨ:

ਨੰਬਰ 1. "ਸਤਿ ਸ੍ਰੀ ਅਕਾਲ ਜੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਖੀ। ਮੈਂ, ਗੁਰੂ ਗੋਬਿੰਦ ਸਿੰਘ, ਤਰਖਾਣ ਦੇ ਘਰ 'ਚ ਪੈਦਾ ਹੋਵਾਂਗਾ ਤੇ ਮੇਰਾ ਨਾਮ ਰਾਮ ਸਿੰਘ ਹੋਵੇਗਾ। ਮੇਰਾ ਘਰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰ ਹੋਵੇਗਾ। ਮੈਂ ਆਪਣੇ ਧਰਮ ਦਾ ਐਲਾਨ ਕਰਾਂਗਾ। ਮੈਂ ਫਿਰੰਗੀ ਨੂੰ ਹਰਾ ਕੇ ਆਪਣੇ ਸਿਰ ਉੱਤੇ ਤਾਜ ਰੱਖਾਂਗਾ, ਅਤੇ ਸੰਖ ਵਜਾਵਾਂਗਾ। 1921 (1864) 'ਚ ਸੰਗੀਤਕਾਰ ਮੇਰੀ ਉਸਤਤ ਕਰਨਗੇ। ਮੈਂ, ਤਰਖਾਣ, ਸਿੰਘਾਸਣ ਉੱਤੇ ਬੈਠਾਂਗਾ। ਜਦੋਂ ਮੇਰੇ ਨਾਲ ਸਵਾ ਲੱਖ ਸਿੱਖ ਹੋਣਗੇ, ਮੈਂ ਫਿਰੰਗੀਆਂ ਦੇ ਸਿਰ ਕਲਮ ਕਰ ਦਿਆਂਗਾ, ਮੈਨੂੰ ਕੋਈ ਕਦੇ ਵੀ ਜੰਗ 'ਚ ਹਰਾ ਨਹੀਂ ਸਕੇਗਾ ਅਤੇ "ਅਕਾਲ, ਅਕਾਲ" ਦੇ ਜੈਕਾਰੇ ਲਾਵਾਂਗਾ। ਈਸਾਈ ਆਪਣੀਆਂ ਪਤਨੀਆਂ ਨੂੰ ਛੱਡ ਦੇਣਗੇ ਅਤੇ ਉਹ ਸਵਾ ਲੱਖ ਖ਼ਾਲਸਿਆਂ ਦੀਆਂ ਕੂਕਾਂ ਸੁਣ ਕੇ ਹੀ ਦੇਸ਼ ਵਿਚੋਂ ਉਡਾਰੀ ਮਾਰ ਜਾਣਗੇ। ਜਮਨਾ ਦੇ ਕੰਢੇ ਇੱਕ ਵੱਡੀ ਲੜਾਈ ਹੋਵੇਗੀ ਤੇ ਰਾਵੀ ਦੇ ਪਾਣੀਆਂ ਵਾਂਗ ਲਹੂ ਵਗੇਗਾ ਅਤੇ ਕੋਈ ਫਿਰੰਗੀ

1. ਫ਼ਾਰੇਨ ਪੁਲਿਟੀਕਲ (ਏ) ਕੌਂਸ, ਮਾਰਚ 1867, ਨੰਬਰ 111/112

ਜਿਊਂਦਾ ਨਹੀਂ ਬਚੇਗਾ। 1922 (1865) 'ਚ ਦੇਸ਼ ਵਿੱਚ ਬਗ਼ਾਵਤ ਹੋ ਜਾਵੇਗੀ।ਖ਼ਾਲਸਾ ਰਾਜ ਕਰੇਗਾ ਤੇ ਰਾਜਾ ਅਤੇ ਰਾਇਤ (ਕਿਸਾਨ) ਸ਼ਾਂਤੀ ਅਤੇ ਆਰਾਮ ਨਾਲ ਰਹਿਣਗੇ ਤੇ ਕੋਈ ਵੀ ਦੂਜੇ ਨਾਲ ਛੇੜਛਾੜ ਨਹੀਂ ਕਰੇਗਾ। ਦਿਨੋ ਦਿਨ ਰਾਮ ਸਿੰਘ ਦਾ ਰਾਜ ਵਧਦਾ ਜਾਵੇਗਾ। ਰੱਬ ਨੇ ਇਹ ਲਿਖਿਆ ਹੈ। ਇਹ ਕੋਈ ਝੂਠ ਨਹੀਂ ਹੈ, ਮੇਰੇ ਭਰਾਵੋ। 1865 'ਚ ਪੂਰੇ ਦੇਸ਼ ਵਿੱਚ ਰਾਮ ਸਿੰਘ ਦਾ ਰਾਜ ਹੋਵੇਗਾ। ਮੇਰੇ ਪੈਰੋਕਾਰ ਭਾਗਰਸ ਦੀ ਪੂਜਾ ਕਰਨਗੇ। ਈਸ਼ਵਰ ਆਖਦੇ ਹਨ ਕਿ ਅਜਿਹਾ ਹੋਵੇਗਾ।"

ਨੰਬਰ 2. ਸਤਿ ਸ੍ਰੀ ਅਕਾਲ ਜੀ। ਸਾਰੇ ਸਿੱਖ ਇਹ ਨੱਥੀ (ਭਾਵ ਉਪਰੋਕਤ) ਪੜ੍ਹਨ। ਇਥੇ ਸਿੱਖਾਂ ਦੀ ਬੇਨਤੀ ਹੈ। ਆਪਣੇ ਟਿਕਾਣੇ ਦੀ ਖ਼ਬਰ ਭੇਜੋ। ਅਸੀਂ ਤੁਹਾਨੂੰ ਇੱਥੇ ਮਿਲਣਾ ਚਾਹੁੰਦੇ ਹਾਂ। ਤੁਸੀਂ ਲੰਬੇ ਸਮੇਂ ਤੋਂ ਗੈਰ-ਹਾਜ਼ਰ ਰਹੇ ਹੋ; ਜਲਦੀ ਇਸ ਦਿਸ਼ਾ ਵਿੱਚ ਆਓ। ਅਸੀਂ ਇੰਨੀ ਦੇਰ ਤੁਹਾਡੇ ਤੋਂ ਵੱਖ ਨਹੀਂ ਰਹਿ ਸਕਦੇ।

ਕੁਝ ਲੇਖਕਾਂ ਨੇ ਗੇਂਦਾ ਸਿੰਘ ਦੇ ਇਸ ਕਥਨ ਦੀ ਸਚਾਈ ਦੇ ਨਾਲ-ਨਾਲ ਉਸ ਦੁਆਰਾ ਲਿਆਂਦੇ ਗਏ ਦੋ ਪੱਤਰਾਂ ਦੀ ਸੱਚਾਈ 'ਤੇ ਵੀ ਸੁਆਲ ਉਠਾਉਂਦਿਆਂ ਕਿਹਾ ਹੈ ਕਿ ਇਹ ਸਭ ਇਸ ਸੂਹੀਏ ਦੀ ਆਪਣੀ ਕਲਪਨਾ ਜਾਪਦੀ ਹੈ। ਇਹ ਉਂਝ ਹੀ ਵਧਾ-ਚੜ੍ਹਾ ਕੇ ਗੱਲ ਬਣਾਈ ਗਈ ਹੈ ਤੇ ਤੱਥਾਂ 'ਤੇ ਆਧਾਰਤ ਨਹੀਂ ਹੈ। ਇਸ ਦੇ ਤੁਰੰਤ ਬਾਅਦ, ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਕੈਪਟਨ ਮਿਲਰ ਦੀ ਰਿਪੋਰਟ ਦੀ ਪੁਸ਼ਟੀ ਕਰਨ ਲਈ ਆਪਣੀ ਚਾਰ ਜਣਿਆਂ ਦੀ ਇੱਕ ਟੀਮ ਭੈਣੀ ਸਾਹਿਬ ਭੇਜੀ ਸੀ। ਉਨ੍ਹਾਂ ਵਿੱਚੋਂ ਇੱਕ ਉਹੀ ਮੁਖ਼ਬਰ ਗੇਂਦਾ ਸਿੰਘ ਸੀ। ਬਾਕੀ ਤਿੰਨ (ਉਹਨਾਂ ਦੇ ਨਾਮ ਸਰਕਾਰੀ ਰਿਕਾਰਡ ਵਿੱਚ ਨਹੀਂ ਦਿੱਤੇ ਗਏ ਹਨ) ਚੰਗੇ ਅਹੁਦੇ ਵਾਲੇ ਅਤੇ ਉੱਚ ਸਤਿਕਾਰਯੋਗ ਵਿਅਕਤੀ ਸਨ[1]।' ਲੁਧਿਆਣਾ ਪੁੱਜਣ 'ਤੇ ਪਤਾ ਲੱਗਿਆ[2] ਕਿ ਸਿਰਫ ਉਹ ਆਦਮੀ ਸਨ ਜੋ ਇੱਕ ਵਿਵਹਾਰਕ ਭੇਸ ਧਾਰਨ ਕਰ ਸਕਦੇ ਸਨ ਤੇ ਉਹ ਗੇਂਦਾ ਸਿੰਘ ਤੇ ਪਾਰਟੀ ਦਾ ਇੱਕ ਹੋਰ ਮੈਂਬਰ ਸੀ। ਤੈਅਸ਼ੁਦਾ ਪ੍ਰੋਗਰਾਮ ਅਨੁਸਾਰ ਇਹ ਦੋਵੇਂ ਬਾਬਾ ਰਾਮ ਸਿੰਘ ਜੀ ਨੂੰ ਮਿਲਣ ਗਏ ਅਤੇ ਭਾਵੇਂ ਉਹ ਬਹੁਤ ਸ਼ੱਕੀ ਸੀ, ਹੁਣ ਪੁਲਿਸ ਦੀ ਸਖ਼ਤ ਨਿਗਰਾਨੀ ਅਧੀਨ ਸੀ, ਫਿਰ ਵੀ ਉਨ੍ਹਾਂ ਨੇ ਉਨ੍ਹਾਂ ਪ੍ਰਤੀ ਬੇਭਰੋਸਗੀ ਨਹੀਂ ਵਿਖਾਈ, ਕਿਉਂਕਿ ਉਨ੍ਹਾਂ ਨੇ ਮੁਖਬਰ ਨੂੰ ਦੇਖਿਆ ਸੀ ਅਤੇ ਨੰਬਰ 1 ਨੂੰ ਹੁਣ ਉਸ ਦੇ ਭਰਾ ਵਜੋਂ ਪੇਸ਼ ਕੀਤਾ ਗਿਆ ਸੀ। ਉਹ ਉਨ੍ਹਾਂ ਕੋਲ ਦੋ ਦਿਨ ਰਹੇ ਅਤੇ ਉਹ ਉਨ੍ਹਾਂ ਨਾਲ ਬਹੁਤ ਪਿਆਰ ਨਾਲ ਪੇਸ਼ ਆਏ ਸਨ। ਪਹਿਲੀ ਰਾਤ ਉਨ੍ਹਾਂ ਨੇ ਉਨ੍ਹਾਂ ਨੂੰ ਨਾਮ ਦਿੱਤਾ, ਅਤੇ ਉਹਨਾਂ ਨੂੰ ਉੱਨ ਦੀ ਇੱਕ ਮਾਲਾ ਦਿੱਤੀ। ਉਨ੍ਹਾਂ ਕੋਲ ਸਿਰਫ਼ ਇੱਕ ਹੀ ਸੀ, ਪਰ ਇਹ ਵੀ ਕਿਹਾ ਕਿ ਇਸ ਦੀ ਵੱਡੀ ਸਪਲਾਈ ਆ ਰਹੀ ਹੈ। ਗੁਰਮੰਤਰ ਜਾਂ ਰਹੱਸਵਾਦੀ ਸ਼ਬਦ ਜੋ ਉਨ੍ਹਾਂ ਨੇ ਉਨ੍ਹਾਂ ਨੂੰ ਸਿਖਾਇਆ ਸੀ, ਉਹ

1. ਫ਼ਾਰੇਨ ਪੁਲਿਟੀਕਲ (ਏ) ਕੌਂਸ, ਮਾਰਚ 1867, ਨੰਬਰ 111/112
2. ਉਹੀ

ਇਸ ਪ੍ਰਕਾਰ ਸੀ – "ਵਾਹਿਗੁਰੂ ਸ਼ਬਦ ਨੂੰ ਉਨ੍ਹਾਂ ਨੇ ਆਪਣੇ ਦੰਦ ਬੰਦ ਕਰ ਕੇ ਆਪਣੇ ਬੁੱਲ੍ਹਾਂ ਨਾਲ ਲਗਾਤਾਰ ਵਾਰ-ਵਾਰ ਉਚਾਰਨਾ ਸੀ। ਉਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਢੰਗ ਬਾਰੇ ਕੁਝ ਬੇਮਿਸਾਲ ਸਲਾਹ ਦਿੱਤੀ। ਉਹ ਬਿਲਕੁਲ ਵਿਵਸਥਿਤ ਅਤੇ ਸ਼ਾਂਤ ਸਨ। ਉਂਝ ਉਨ੍ਹਾਂ ਕਿਹਾ ਕਿ ਇੱਕ ਰਾਤ ਉਨ੍ਹਾਂ ਦੇ ਚੇਲਿਆਂ ਨਾਲ ਅੰਮ੍ਰਿਤਸਰ, ਫਿਰੋਜ਼ਪੁਰ ਤੇ ਹੋਰ ਥਾਵਾਂ 'ਤੇ ਛੇੜਖਾਨੀ ਕੀਤੀ ਗਈ ਸੀ, ਪਰ ਉਨ੍ਹਾਂ ਦਾ ਇੱਕ-ਇੱਕ ਪੈਰੋਕਾਰ (ਅਧਿਆਤਮਕ ਸ਼ਕਤੀ ਦੀ ਛਤਰ-ਛਾਇਆ ਅਧੀਨ) 100 ਹੋਰ ਆਦਮੀਆਂ ਦੇ ਬਰਾਬਰ ਸੀ, ਯੂਰਪੀਅਨ ਸਿਪਾਹੀ ਵੀ ਸ਼ਾਮਲ ਸਨ; ਦਰਅਸਲ, ਇੱਕ ਵਾਰ ਤਾਂ ਤਿੰਨ ਯੂਰੋਪੀਅਨ ਅੰਮ੍ਰਿਤਸਰ ਵਿਖੇ ਉਨ੍ਹਾਂ ਦੇ ਘਰ ਜਾਂ ਤੰਬੂ ਵਿੱਚ ਆਏ ਸਨ, ਅਤੇ ਜੇ ਉਸ ਵੇਲੇ ਉਹ ਉਨ੍ਹਾਂ ਨੂੰ ਗ੍ਰਿਫਤਾਰ ਕਰਦੇ, ਤਾਂ ਉਨ੍ਹਾਂ ਦੇ ਚੇਲਿਆਂ ਨੇ ਉਨ੍ਹਾਂ ਨੂੰ ਤੁਰੰਤ ਮਾਰ ਦੇਣਾ ਸੀ। ਅੰਮ੍ਰਿਤਸਰ ਪੁਲਿਸ 'ਚ ਉਨ੍ਹਾਂ ਦੇ ਬਹੁਤ ਸਾਰੇ ਚੇਲੇ ਸਨ, ਜਿਨ੍ਹਾਂ ਨੂੰ ਉਨ੍ਹਾਂ ਪਹਿਲਾਂ ਚੁਣਿਆ ਸੀ, ਉਨ੍ਹਾਂ ਨੇ ਅੱਧੇ ਘੰਟੇ 'ਚ ਹਰੇਕ ਯੂਰੋਪੀਅਨ ਤੋਂ ਛੁਟਕਾਰਾ ਦਿਵਾ ਦੇਣਾ ਸੀ – ਪਰ ਹਾਲੇ ਸਮਾਂ ਨਹੀਂ ਆਇਆ ਸੀ। ਉਨ੍ਹਾਂ ਦੀ ਮੌਜੂਦਗੀ 'ਚ ਕੋਈ ਅਭਿਆਸ ਨਾ ਹੋਇਆ ਪਰ ਉਨ੍ਹਾਂ ਨੇ ਚੇਲਿਆਂ ਤੋਂ ਸੁਣਿਆ ਸੀ ਇਹ ਅਭਿਆਸ ਨਿਯਮਤ ਤੌਰ 'ਤੇ ਗੁਰੂ ਜੀ ਦੇ ਲੈਫਟੀਨੈਂਟ ਸਾਹਿਬ ਸਿੰਘ ਜੀ ਦੀ ਅਗਵਾਈ ਹੇਠ ਹੁੰਦਾ ਸੀ ਪਰ ਤਦ ਉਹ ਲੁਧਿਆਣਾ 'ਚ ਮੌਜੂਦ ਨਹੀਂ ਸਨ।

ਅੱਗੇ ਵਧਦਿਆਂ ਤਸਦੀਕ ਕਰਨ ਵਾਲੀ ਉਪਰੋਕਤ ਧਿਰ ਨੇ ਕੁਝ ਇੰਝ ਬਿਆਨ ਕੀਤਾ ਹੈ: "ਇਕ ਹੋਰ ਮੌਕੇ 'ਤੇ ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਅੰਗਰੇਜ਼ੀ ਰਾਜ ਜਲਦੀ ਹੀ ਖਤਮ ਹੋ ਜਾਵੇਗਾ ਤੇ ਇਸ ਦੀਆਂ ਜੜ੍ਹਾਂ ਬਹੁਤੀਆਂ ਡੂੰਘੀਆਂ ਨਹੀਂ ਸਨ... ਇੱਕ ਦਿਨ ਉਨ੍ਹਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਨਾਰੋਵਾਲ (ਅੰਮ੍ਰਿਤਸਰ ਜ਼ਿਲ੍ਹੇ 'ਚ) ਦੇ ਇੱਕ ਮਹੰਤ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਸੀ ਕਿ ਜਿਹੋ ਜਿਹੇ ਕਾਰਤੂਸ 1857 'ਚ ਤਿਆਰ ਕੀਤੇ ਗਏ ਸਨ, ਉਹੋ ਜਿਹੇ ਹੀ ਦੋਬਾਰਾ ਵੰਡੇ ਜਾਣਗੇ ਅਤੇ ਕਾਰਤੂਸ ਵੀ ਉਸੇ ਤਰ੍ਹਾਂ ਦੇ ਖ਼ਤਰਨਾਕ ਸਮੱਗਰੀ ਨਾਲ ਭਰੇ ਹੋਣਗੇ। ਬਾਬਾ ਰਾਮ ਸਿੰਘ ਜੀ ਦੇ ਘਰ ਉਨ੍ਹਾਂ ਨਾਲ ਦੋ ਲੈਫਟੀਨੈਂਟ ਸਾਹਿਬ ਸਿੰਘ ਅਤੇ ਜਵਾਹਰ ਸਿੰਘ ਹਨ। ਸਾਹਿਬ ਸਿੰਘ ਇੱਕ ਤੇਜ਼-ਤਰਾਰ, ਚਲਾਕ ਵਿਅਕਤੀ ਹਨ ਤੇ ਲਾਗਲੇ ਇਲਾਕਿਆਂ 'ਚ ਅਭਿਆਸ ਕਰਵਾਉਂਦੇ ਹਨ; ਤੇ ਦੂਜਾ ਇੱਕ ਬੇਹੱਦ ਕੱਟੜਪੰਥੀ ਹੈ। ਬਾਬਾ ਰਾਮ ਸਿੰਘ ਖੁਦ ਇੱਕ ਸਢਾ ਜੰਗ ਨਾਲ ਲੈਸ ਹਨ ਤੇ ਬਾਕੀ ਸਾਰਿਆਂ ਕੋਲ ਡਾਂਗਾਂ ਹਨ। ਸੂਹੀਆ ਨੰਬਰ 1 ਦੱਸਦਾ ਹੈ ਕਿ ਉਸ ਤੋਂ ਪਹਿਲਾਂ ਉਸ ਦੇ ਸਾਥੀ (ਮੁਖਬਰ) ਤੇ ਬਾਬਾ ਰਾਮ ਸਿੰਘ ਜੀ ਵਿਚਕਾਰ ਜੋ ਕੁਝ ਵਾਪਰਿਆ, ਉਸ ਤੋਂ ਇਸ ਮਾਮਲੇ 'ਚ ਕੋਈ ਸ਼ੱਕ ਨਹੀਂ ਕਿ ਸਾਹਿਬ ਸਿੰਘ ਨੇ ਅਸਲ ਵਿਚ ਗੇਂਦਾ ਸਿੰਘ ਨੂੰ ਬਾਬਾ ਰਾਮ ਸਿੰਘ ਜੀ ਲਈ ਚਿੱਠੀਆਂ ਦਿੱਤੀਆਂ ਸਨ, ਜਿਨ੍ਹਾਂ ਦੇ ਅਨੁਵਾਦ ਉੱਪਰ ਦਿੱਤੇ ਗਏ ਹਨ; ਅਤੇ ਸੱਚਮੁੱਚ, ਉਹ ਘਰ ਪਰਤਦੇ ਵੇਲੇ ਸਾਹਿਬ ਸਿੰਘ ਨੂੰ ਮਿਲੇ ਸਨ, ਤਾਂ ਉਨ੍ਹਾਂ ਨੇ ਆਪਣੇ ਸਾਥੀ ਨਾਲ ਗੱਲਬਾਤ ਵਿੱਚ ਬਹੁਤ ਕੁਝ ਮੰਨਿਆ ਸੀ। ਹਥਿਆਰਾਂ ਬਾਰੇ ਕੁਝ ਵੀ ਪਤਾ ਨਹੀਂ ਲੱਗ

ਸਕਿਆ ਪਰ ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਜਦੋਂ ਵੀ ਉਹ ਚਾਹੁਣਗੇ, ਹਥਿਆਰ ਆ ਜਾਣਗੇ।

ਤਸਦੀਕ ਪਾਰਟੀ ਨੇ ਇਹ ਵੀ ਪਤਾ ਲਗਾਇਆ ਕਿ "ਗੁਰੂ ਜੀ ਦਾ ਇਰਾਦਾ ਅੰਮ੍ਰਿਤਸਰ 'ਚ ਦੀਵਾਲੀ (1863 ਦੀ) ਸਮੇਂ ਜਾਣ ਦਾ ਸੀ ਅਤੇ ਉਨ੍ਹਾਂ ਦੇ ਚੇਲੇ ਉੱਥੇ ਵੱਡੀ ਗਿਣਤੀ 'ਚ ਇਕੱਠੇ ਹੋਣ ਵਾਲੇ ਸਨ, ਸਪੱਸ਼ਟ ਤੌਰ 'ਤੇ ਉਨ੍ਹਾਂ ਦਾ ਆਪਣੇ ਰਹਿਨੁਮਾ 'ਚ ਬਹੁਤ ਜ਼ਿਆਦਾ ਵਿਸ਼ਵਾਸ ਸੀ ਤੇ ਉਹ ਉਨ੍ਹਾਂ ਪ੍ਰਤੀ ਆਗਿਆਕਾਰੀ ਸਨ। ਉਹ ਉਨ੍ਹਾਂ ਲਈ ਆਪਣੀਆਂ ਜਾਨਾਂ ਦੇਣ ਲਈ ਵੀ ਤਿਆਰ ਸਨ।"

ਉਪਰੋਕਤ ਵਰਨਣ ਤੋਂ ਸਪੱਸ਼ਟ ਹੋ ਜਾਵੇਗਾ ਕਿ ਗੇਂਦਾ ਸਿੰਘ ਦੀ ਰਿਪੋਰਟ ਦੀ ਤਸਦੀਕ ਧਿਰ ਵੱਲੋਂ ਵਿਆਪਕ ਰੂਪ ਵਿੱਚ ਪੁਸ਼ਟੀ ਕੀਤੀ ਗਈ ਸੀ। ਇੰਝ ਜਾਪਦਾ ਹੈ ਕਿ ਉਪਰੋਕਤ ਚਿੱਠੀਆਂ ਦਰਅਸਲ ਸਾਹਿਬ ਸਿੰਘ ਵੱਲੋਂ ਦਿੱਤੀਆਂ ਗਈਆਂ ਸਨ ਤੇ ਜਾਸੂਸ ਨੇ ਖੁਦ ਤਿਆਰ ਨਹੀਂ ਕੀਤੀਆਂ ਸਨ। ਭਵਿੱਖਬਾਣੀ ਵਾਲੀ ਚਿੱਠੀ ਕਿਸ ਨੇ ਲਿਖੀ ਸੀ, ਇਸ ਬਾਰੇ ਨਿਸ਼ਚਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਸੋਚਿਆ ਜਾ ਸਕਦਾ ਹੈ ਕਿ ਇਹ ਭੈਣੀ ਵਿਖੇ ਕਿਸੇ ਨੇ ਤਿਆਰ ਕੀਤੀ ਸੀ (ਸਾਹਿਬ ਸਿੰਘ ਜਾਂ ਕਿਸੇ ਹੋਰ ਵਿਅਕਤੀ ਵੱਲੋਂ ਬਾਬਾ ਰਾਮ ਸਿੰਘ ਜੀ ਦੀ ਗ਼ੈਰ-ਹਾਜ਼ਰੀ ਦੌਰਾਨ 'ਸੌ ਸਾਖੀ' ਪੁਸਤਕ ਦੇ ਆਧਾਰ 'ਤੇ)। ਉਸ ਸਮੇਂ ਭੈਣੀ ਸਾਹਿਬ ਦੇ ਮੁੱਖ ਕੂਕਾ ਆਗੂ ਸਾਹਿਬ ਸਿੰਘ ਨੂੰ ਨਵੀਂ ਖੋਜੀ ਭਵਿੱਖਬਾਣੀ ਦੀ ਮਹੱਤਤਾ ਦਾ ਇੰਨਾ ਜ਼ਿਆਦਾ ਅਹਿਸਾਸ ਹੋਇਆ ਜਾਪਦਾ ਹੈ ਕਿ ਉਹ ਚਾਹੁੰਦੇ ਸਨ ਕਿ ਇਸ ਨੂੰ ਤੁਰੰਤ ਬਾਬਾ ਜੀ ਤੱਕ ਪਹੁੰਚਾਇਆ ਜਾਵੇ ਤੇ ਨਾਲ ਦੇ ਕੂਕਿਆਂ ਨੂੰ ਵੀ ਇਸ ਬਾਰੇ ਦੱਸਿਆ ਜਾਵੇ। ਸਰਕਾਰ ਵੱਲੋਂ ਭੈਣੀ ਨੂੰ ਹੁਣ ਤੱਕ ਪੂਰੀ ਤਰ੍ਹਾਂ ਬੇਰੋਕ ਛੱਡ ਦਿੱਤਾ ਗਿਆ ਸੀ ਤੇ ਕੂਕਿਆਂ ਪ੍ਰਤੀ ਸਰਕਾਰੀ ਰਵੱਈਏ 'ਚ ਆਈ ਹਾਲੀਆ ਤਬਦੀਲੀ ਬਾਰੇ ਸਾਹਿਬ ਸਿੰਘ ਨੂੰ ਖੁਦ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਥੋੜ੍ਹਾ ਜਿੰਨਾ ਵੀ ਸ਼ੱਕ ਹੁੰਦਾ ਕਿ ਉਹ ਜੋ ਚਿੱਠੀਆਂ ਗੇਂਦਾ ਸਿੰਘ ਨੂੰ ਦੇ ਰਹੇ ਸਨ, ਉਹ ਬਾਬਾ ਰਾਮ ਸਿੰਘ ਤੱਕ ਪਹੁੰਚਾਉਣ ਦੀ ਥਾਂ ਸਰਕਾਰ ਹਵਾਲੇ ਕਰ ਦਿੱਤੀਆਂ ਜਾਣਗੀਆਂ। ਉਪਰੋਕਤ ਪੱਤਰ ਨੂੰ ਕਿਸੇ ਕੂਕਾ ਆਗੂ ਜਾਂ ਉਨ੍ਹਾਂ ਦੇ ਨਜ਼ਦੀਕੀ ਤੇ ਭਰੋਸੇਮੰਦ ਪੈਰੋਕਾਰਾਂ ਦੇ ਰਾਜਨੀਤਿਕ ਵਿਚਾਰਾਂ 'ਤੇ ਕਿਸੇ ਅਧਿਕਾਰਤ ਸਥਿਤੀ ਨੂੰ ਦਰਸਾਉਣ ਲਈ ਨਹੀਂ ਲਿਆ ਜਾ ਸਕਦਾ ਹੈ ਅਤੇ ਨਾ ਹੀ ਲਿਆ ਜਾਣਾ ਚਾਹੀਦਾ ਸੀ। ਫਿਰ ਵੀ ਬ੍ਰਿਟਿਸ਼ ਸਰਕਾਰ ਦੇ ਸਬੰਧ ਵਿਚ ਆਮ ਤੌਰ 'ਤੇ ਕੂਕਾ ਮਨਾਂ ਦੀ ਘਾੜਤ 'ਚ ਝਾਤ ਮਾਰਨ ਦੇ ਰੂਪ ਵਿਚ ਇਸ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਹੋਰ ਰਿਪੋਰਟਾਂ ਵਿੱਚੋਂ, ਹੇਠ ਲਿਖੀਆਂ ਅਹਿਮ ਤੇ ਧਿਆਨ ਦੇਣ ਯੋਗ ਹਨ।

ਜਲੰਧਰ ਦੇ ਇੱਕ ਬ੍ਰਾਹਮਣ ਮਨੀ ਰਾਮ, ਜੋ ਕੂਕਾ ਬਣ ਗਏ ਸਨ, ਨੇ ਬਾਬਾ ਰਾਮ ਸਿੰਘ ਨੂੰ ਦੱਸਿਆ[1] ਕਿ "ਉਹ ਉਨ੍ਹਾਂ ਦੀਆਂ ਕਈ ਮੀਟਿੰਗਾਂ ਵਿੱਚ ਮੌਜੂਦ ਰਹੇ ਹਨ ਪਰ ਕਦੇ ਕੋਈ ਅਭਿਆਸ ਹੁੰਦਾ ਨਹੀਂ ਵੇਖਿਆ; ਅਤੇ ਇਹ ਕਿ ਉਨ੍ਹਾਂ

1. ਫ਼ਾਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ. 111/112

(ਕੂਕਿਆਂ) ਦੇ ਲਗਾਤਾਰ ਕਤਾਰਾਂ 'ਚ ਖੜ੍ਹੇ ਦੇ ਹਾਲਾਤ ਤੋਂ ਆਪਸ 'ਚ ਵੱਖ ਹੋਣ ਤੋਂ ਪਹਿਲਾਂ ਕੁਝ ਰਸਮਾਂ ਵਿੱਚੋਂ ਲੰਘਦੇ ਸਮੇਂ ਅਭਿਆਸ ਦਾ ਵਿਚਾਰ ਜ਼ਰੂਰ ਆਇਆ ਹੋਵੇਗਾ।" ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ "ਬੇਸ਼ੱਕ ਹੋਰ ਸਾਰੇ ਸਿੱਖਾਂ ਦੇ ਨਾਲ ਸਾਂਝੇ ਤੌਰ 'ਤੇ ਬਾਬਾ ਰਾਮ ਸਿੰਘ ਜੀ ਆਪਣਾ ਰਾਜ ਦੁਬਾਰਾ ਵਾਪਸ ਲੈਣਾ ਚਾਹੁੰਦੇ ਹਨ ਪਰ ਉਹ ਇਸ ਦਾ ਪ੍ਰਚਾਰ ਨਹੀਂ ਕਰਦੇ।"

ਅਭਿਆਸ ਕਰਨ ਦੇ ਸੁਆਲ 'ਤੇ, ਮੁਠੱਡਾ (ਇੱਕ ਪਿੰਡ, ਜਿਸ ਦੇ ਸਮੂਹ ਨਿਵਾਸੀ ਬਾਬਾ ਰਾਮ ਸਿੰਘ ਜੀ ਨੇ ਕੂਕਾ ਬਣਾਏ ਸਨ) ਦੇ ਨੰਬਰਦਾਰ ਦਿਆਲ ਸਿੰਘ ਅਤੇ ਚੌਕੀਦਾਰ ਵਜ਼ੀਰਾ ਨੇ ਕਿਹਾ ਕਿ "ਅਭਿਆਸ ਅਕਸਰ ਪਿੰਡ ਤੋਂ ਥੋੜ੍ਹੀ ਦੂਰੀ 'ਤੇ ਕੀਤਾ ਜਾਂਦਾ ਹੈ; ਅਤੇ ਹੁਸ਼ਿਆਰਪੁਰ ਪੁਲਿਸ ਦਾ ਸਾਰਜੈਂਟ ਬਹਾਲ ਸਿੰਘ, ਛੁੱਟੀ 'ਤੇ ਗਏ ਇੱਕ ਜਾਂ ਦੋ ਸਿਪਾਹੀਆਂ ਨਾਲ, ਉਹਨਾਂ ਨੂੰ[1] ਹਦਾਇਤ ਦਿੰਦਾ ਹੈ। ਜਦੋਂ ਸਾਰਜੈਂਟ ਬਹਾਲ ਸਿੰਘ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਮੰਨਿਆ ਕਿ ਉਹ ਇੱਕ ਕੂਕਾ ਸੀ ਅਤੇ ਛੁੱਟੀ ਹੋਣ 'ਤੇ ਭੈਣੀ ਸਾਹਿਬ ਦਾ ਦੌਰਾ ਕਰਦਾ ਸੀ ਪਰ ਉਸ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਕੂਕੇ ਰਾਤ ਨੂੰ ਕੋਈ ਅਭਿਆਸ ਕਰਦੇ ਸਨ।[2]

ਬਟਾਲਾ ਦੇ ਵਧੀਕ ਸਹਾਇਕ ਕਮਿਸ਼ਨਰ ਕਾਇਮ ਅਲੀ ਨੇ ਰਾਏ ਪ੍ਰਗਟ ਕੀਤੀ ਕਿ ਰਾਮ ਸਿੰਘ ਜੀ ਇੱਕ ਖ਼ਤਰਨਾਕ ਵਿਅਕਤੀ ਹਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਉਸੇ ਥਾਂ ਦੇ ਨਾਇਬ ਤਹਿਸੀਲਦਾਰ ਲਹਿਣਾ ਸਿੰਘ ਦਾ ਵਿਚਾਰ ਭਾਵੇਂ ਇਸ ਤੋਂ ਉਲਟ ਸੀ, ਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਉੱਘੇ ਪੁਜਾਰੀ ਪਰਿਵਾਰ ਦਾ ਮੈਂਬਰ ਹੋਣ ਕਰਕੇ ਉਹ ਬਾਬਾ ਰਾਮ ਸਿੰਘ ਜੀ ਨੂੰ ਹੀ 'ਸਵੈ-ਹੰਕਾਰੀ ਧਰਮੀ'[3] ਦਰਸਾਉਣ ਲਈ ਵਧੇਰੇ ਫ਼ਿਕਰਮੰਦ ਜਾਪਦਾ ਹੈ।

ਉਸੇ ਸਮੇਂ ਬਾਰੇ ਇਹ ਰਿਪੋਰਟ ਵੀ ਚੱਲ ਰਹੀ ਸੀ, ਜਿਸ ਅਨੁਸਾਰ ਅੰਮ੍ਰਿਤਸਰ ਦੇ ਭਾਈ ਲਾਭ ਸਿੰਘ (ਹਜ਼ਰੋ ਦੇ ਬਾਬਾ ਬਾਲਕ ਸਿੰਘ ਦੇ ਪ੍ਰਸਿੱਧ ਸ਼ਾਗਿਰਦ) ਦਾ ਜ਼ਿਕਰ ਕਰਦਿਆਂ ਕਿਹਾ ਗਿਆ ਸੀ ਕਿ ਭਾਈ ਮਹਾਰਾਜ ਸਿੰਘ ਦਰਅਸਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੂਜੇ ਅਵਤਾਰ (ਪੁਨਰ-ਜਨਮ) ਅਤੇ ਬਾਬਾ ਰਾਮ ਸਿੰਘ ਜੀ ਤੀਜੇ ਅਵਤਾਰ ਸਨ।[4] ਅੰਗਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਏ ਯੁੱਧਾਂ ਦੌਰਾਨ ਪੰਜਾਬ ਦੀ ਅਜ਼ਾਦੀ ਦੇ ਸਭ ਤੋਂ ਮਹਾਨ ਚੈਂਪੀਅਨ, ਮਹਾਰਾਜ ਸਿੰਘ ਨਾਲ ਬਾਬਾ ਰਾਮ ਸਿੰਘ ਜੀ ਨੂੰ ਜੋੜਨ ਦੀ ਇਹ ਕੋਸ਼ਿਸ਼, ਕੂਕਾ ਲਹਿਰ ਦੇ ਅੰਦਰੂਨੀ ਆਯਾਤ ਨੂੰ ਸਾਹਮਣੇ ਲਿਆਉਂਦੀ ਜਾਪਦੀ ਸੀ ਤੇ ਸਰਕਾਰ ਨੂੰ ਨਿਰਾਸ਼ ਕਰ ਸਕਦੀ ਸੀ।

31 ਮਈ 1863 ਨੂੰ ਅੰਮ੍ਰਿਤਸਰ ਦੇ ਪੁਲਿਸ ਸੁਪਰਇੰਟੈਂਡੈਂਟ ਕੈਪਟਨ ਮੈਂਜ਼ੀਜ਼

---

1. ਉਹੀ
2. ਉਹੀ
3. ਮੇਜਰ ਯੰਗਹਸਬੈਂਡ ਦਾ ਇੱਕ ਮੈਮੋਰੈਂਡਮ, ਆਫ਼ੀਸ਼ੀਏਟਿੰਗ ਆਈ.ਜੀ. ਪੁਲਿਸ, ਮਿਤੀ 28 ਜੂਨ 1863-1871, ਪੰਨਾ 3
4. ਗੰਡਾ ਸਿੰਘ, ਉਪਰੋਕਤ ਵਰਣਿਤ, ਪੰਨਾ 58 - ਕੂਕਾ ਦਸਤਾਵੇਜ਼, ਕੈਪਟਨ ਮੈਂਜ਼ੀਸ, 31 ਮਈ, 1863; ਕੂਕਾ ਦਸਤਾਵੇਜ਼, 1863-1871, ਪੰਨਾ 8 ਵੀ।

ਨੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਦੇ ਦਫ਼ਤਰ ਨੂੰ ਇੱਕ ਰਿਪੋਰਟ ਸੌਂਪੀ ਸੀ, ਜੋ ਪੁਲਿਸ ਇੰਸਪੈਕਟਰ ਨਰਾਇਣ ਸਿੰਘ ਵੱਲੋਂ ਇੱਕ ਕੂਕਾ ਕਾਂਸਟੇਬਲ[1] ਨਾਲ ਆਮ ਗੱਲਬਾਤ ਦੌਰਾਨ ਹਾਸਲ ਕੀਤੀ ਗਈ ਜਾਣਕਾਰੀ ਤੇ ਆਧਾਰਤ ਸੀ। ਇਹ ਬਹੁਤ ਹੀ ਸਨਸਨੀਖੇਜ਼ ਸੀ, ਜਿਸ ਨੇ ਅਧਿਕਾਰੀਆਂ ਨੂੰ ਚੌਕਸ ਕਰ ਦਿੱਤਾ ਸੀ। ਕਾਂਸਟੇਬਲ ਨੇ ਕਿਹਾ ਸੀ ਕਿ "ਇਸ ਵਰ੍ਹੇ ਦੀਵਾਲੀ ਦੇ ਤਿਉਹਾਰ ਤੋਂ ਪਹਿਲਾਂ ਬਾਬਾ ਰਾਮ ਸਿੰਘ ਜੀ ਦੀਆਂ ਸਾਰੀਆਂ ਯੋਜਨਾਵਾਂ ਮੁਕੰਮਲ ਹੋ ਜਾਣਗੀਆਂ ਤੇ ਸ਼ਹਿਰ ਵਿੱਚ ਬਗ਼ਾਵਤ ਹੋ ਜਾਵੇਗੀ; ਕਿਉਂਕਿ ਪੰਜਾਬ 'ਚ ਉਨ੍ਹਾਂ ਦੇ ਚਾਲੀ ਹਜ਼ਾਰ ਪੈਰੋਕਾਰ ਹਨ, ਜੋ ਸਰੀਰਕ ਪੱਖੋਂ ਪੂਰੀ ਤਰ੍ਹਾਂ ਰਿਸ਼ਟ-ਪੁਸ਼ਟ ਹਨ, ਅੱਗੇ ਵਧਣ ਲਈ ਤਿਆਰ ਹਨ; ਅਤੇ ਗੁਰੂ ਜੀ ਨੇ ਸਮਾਂ ਆਉਣ 'ਤੇ ਹਥਿਆਰ ਅਤੇ ਬੰਦੂਕਾਂ ਹਾਸਲ ਕਰਨ ਦੀ ਆਪਣੀ ਸਮਰੱਥਾ ਦਾ ਐਲਾਨ ਕੀਤਾ ਸੀ। ਉਸ ਨੇ ਦੱਸਿਆ ਸੀ ਕਿ "ਬਾਬਾ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਅਭਿਆਸ ਕਰਵਾਇਆ ਸੀ ਪਰ ਅੰਮ੍ਰਿਤਸਰ ਵਿੱਚ ਨਹੀਂ, ਕਿਉਂਕਿ ਉੱਥੇ ਇਸ ਬਾਰੇ ਸਭ ਨੂੰ ਪਤਾ ਲੱਗ ਜਾਣਾ ਸੀ, ਅਤੇ ਇਹ ਵੀ ਕਿ ਉਨ੍ਹਾਂ ਨੇ ਪੂਰੇ ਪੰਜਾਬ ਵਿੱਚ ਪਿੰਡ-ਪਿੰਡ ਤੱਕ ਡਾਕ ਦੀ ਨਿਯਮਤ ਵਿਵਸਥਾ ਕੀਤੀ ਸੀ ਅਤੇ ਕਦੇ (ਸਰਕਾਰੀ) ਡਾਕਖ਼ਾਨੇ ਦੀ ਵਰਤੋਂ ਨਹੀਂ ਕੀਤੀ।

ਉਸੇ ਦਿਨ ਅੰਮ੍ਰਿਤਸਰ ਡਿਵੀਜ਼ਨ ਦੇ ਕਮਿਸ਼ਨਰ ਮੇਜਰ ਫ਼ੈਰਿੰਗਟਨ ਵੱਲੋਂ ਸਰਕਾਰ ਨੂੰ ਰਿਪੋਰਟ ਭੇਜੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ "ਹੋਰਨਾਂ ਦੇਸ਼ਾਂ ਵਿੱਚ ਇਹ ਆਮ ਰਾਏ ਪਾਈ ਜਾ ਰਹੀ ਹੈ ਕਿ ਇਸ ਸਾਲ ਦੀਵਾਲੀ ਮੌਕੇ ਜਾਂ ਇਸ ਦੇ ਨੇੜੇ-ਤੇੜੇ[2] ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਚੇਲਿਆਂ ਵੱਲੋਂ ਅੰਮ੍ਰਿਤਸਰ 'ਚ ਕਿਸੇ ਤਰ੍ਹਾਂ ਦਾ ਪ੍ਰਦਰਸ਼ਨ ਹੋਵੇਗਾ।"

ਉਪਰੋਕਤ ਸਾਰੀਆਂ ਰਿਪੋਰਟਾਂ ਦਾ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ ਪੰਜਾਬ ਪੁਲਿਸ ਦੇ ਕਾਰਜਕਾਰੀ ਇੰਸਪੈਕਟਰ ਜਨਰਲ ਸ੍ਰੀ ਜੇ.ਡਬਲਯੂ. ਯੰਗਹਸਬੈਂਡ ਨੇ ਇੱਕ ਮੈਮੋਰੰਡਮ ਤਿਆਰ ਕੀਤਾ, ਜੋ 28 ਜੂਨ 1863 ਨੂੰ ਪੰਜਾਬ ਸਰਕਾਰ ਨੂੰ ਸੌਂਪਿਆ ਗਿਆ ਸੀ। ਦੋ ਦਿਨਾਂ ਬਾਅਦ ਲੈਫ਼ਟੀਨੈਂਟ ਗਵਰਨਰ ਦੇ ਕਾਰਜਕਾਰੀ ਸਕੱਤਰ ਸ੍ਰੀ ਟੀ.ਡੀ. ਫ਼ੋਰਸਾਈਥ ਨੇ ਸਰਕਾਰ ਦੇ ਫੈਸਲੇ ਦੀ ਵਿਆਖਿਆ ਕਰਦਿਆਂ ਇਸ ਵਿਸ਼ੇ 'ਤੇ ਇੱਕ ਲੰਮਾ ਨੋਟ ਲਿਖਿਆ ਸੀ।

ਰਾਮ ਸਿੰਘ ਅਤੇ ਉਨ੍ਹਾਂ ਦੇ ਪੈਰੋਕਾਰਾਂ ਬਾਰੇ ਮਿਲੀਆਂ ਕਈ ਰਿਪੋਰਟਾਂ ਦਾ ਹਵਾਲਾ ਦੇਣ ਤੋਂ ਬਾਅਦ, ਉਨ੍ਹਾਂ ਇਹ ਦਲੀਲ ਦਿੱਤੀ ਸੀ:

"ਬਾਬਾ ਰਾਮ ਸਿੰਘ ਜੀ ਦੱਸਦੇ ਹਨ ਕਿ ਉਹ ਦੁਨਿਆਵੀ ਰਾਜ ਨਹੀਂ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਪ੍ਰਚਾਰ ਦਾ ਝੁਕਾਅ, ਜਿੱਥੋਂ ਤੱਕ ਪਤਾ ਲਗਾਇਆ ਗਿਆ ਹੈ, ਦੇਸ਼ ਧ੍ਰੋਹ ਵੱਲ ਨਹੀਂ ਹੈ। ਪਰ ਉਨ੍ਹਾਂ ਦੀ ਲਹਿਰ ਦਾ ਫ਼ਾਇਦਾ ਉਨ੍ਹਾਂ ਦੇ ਨਾਮ 'ਤੇ ਕਾਗਜ਼ਾਂ ਨੂੰ ਪ੍ਰਸਾਰਿਤ ਕਰਨ ਲਈ ਬਾਬਾ ਰਾਮ ਸਿੰਘ ਦਾ ਨਾਮ ਵਰਤਿਆ ਜਾਂਦਾ ਹੈ,

1. ਉਹੀ
2. ਉਹੀ

ਭਾਵੇਂ ਉਹ ਸੱਚ ਹੈ ਜਾਂ ਝੂਠ, ਜਿਨ੍ਹਾਂ ਵਿਚ ਅਜਿਹੇ ਮਾਮਲੇ ਦਰਜ ਹੁੰਦੇ ਹਨ, ਜੋ ਲੋਕ ਭਲਾਈ ਲਈ ਖਤਰਨਾਕ ਹਨ। ਬਾਬਾ ਰਾਮ ਸਿੰਘ ਜੀ ਦੇ ਕੁਝ ਪੈਰੋਕਾਰਾਂ ਵੱਲੋਂ ਦੇਸ਼-ਧ੍ਰੋਹੀ ਸ਼ਬਦ ਬੋਲਣ ਬਾਰੇ ਰਿਪੋਰਟਾਂ ਮਿਲੀਆਂ ਹਨ, ਅਤੇ ਬਿਨਾਂ ਸ਼ੱਕ ਵਿਦੇਸ਼ਾਂ 'ਚ ਇਹ ਪ੍ਰਭਾਵ ਹੈ ਕਿ ਉਹ ਖ਼ੁਦ ਨੂੰ ਭਵਿੱਖ ਦੇ ਅਜਿਹੇ ਰਾਜੇ ਵਜੋਂ ਸਥਾਪਤ ਕਰ ਰਹੇ ਹਨ, ਜੋ ਅੰਗਰੇਜ਼ਾਂ ਨੂੰ ਪੰਜਾਬ ਵਿਚੋਂ ਬਾਹਰ ਕੱਢ ਦੇਣਗੇ। ਇਰਾਦਾ ਜੋ ਵੀ ਹੋਵੇ, ਉਨ੍ਹਾਂ ਦੀਆਂ ਮੀਟਿੰਗਾਂ ਤੇ ਉਪਦੇਸ਼ਾਂ ਦੇ ਨਤੀਜੇ ਵਜੋਂ ਲੋਕਾਂ ਦੇ ਮਨ ਪਰੇਸ਼ਾਨ ਹੋ ਰਹੇ ਹਨ ਅਤੇ ਪਹਿਲਾਂ ਹੀ ਕੱਟੜਪੰਥੀਆਂ ਅਤੇ ਨਵੀਂ ਸੰਪਰਦਾ ਵਿਚਾਲੇ ਇੱਕ ਮਾਮੂਲੀ ਗੜਬੜ ਦੀ ਰਿਪੋਰਟ ਵੀ ਆਈ ਹੈ; ਅਤੇ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਅੰਮ੍ਰਿਤਸਰ ਵਿਖੇ ਦੀਵਾਲੀ ਦੇ ਮੇਲੇ 'ਤੇ ਨਵੀਂ ਸੰਪਰਦਾ ਦੀ ਇੱਕ ਵਿਸ਼ਾਲ ਮੀਟਿੰਗ ਹੋਵੇਗੀ, ਅਤੇ ਕੁਝ ਗੜਬੜ ਹੋਣ ਦਾ ਖ਼ਦਸ਼ਾ ਹੈ। ਹੁਣ, ਇਹ ਸਭ ਸਾਹਮਣੇ ਆਉਣ ਤੋਂ ਜਾਪਦਾ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਇਕੱਠ ਗੈਰ-ਕਾਨੂੰਨੀ ਸ਼੍ਰੇਣੀ ਵਿੱਚ ਰੱਖੇ ਜਾ ਸਕਦੇ ਹਨ, ਅਤੇ ਇਹ ਦੰਡ ਸੰਘਤਾ ਦੀ ਧਾਰਾ 141 ਅਧੀਨ ਅਪਰਾਧਕ ਮਾਮਲਾ ਬਣਦਾ ਹੈ।"

ਉਪਰੋਕਤ ਦਲੀਲ ਦੇ ਆਧਾਰ 'ਤੇ, ਨਿਮਨਲਿਖਤ ਕਦਮਾਂ ਦੀ ਸਿਫ਼ਾਰਸ਼ ਕੀਤੀ ਗਈ ਸੀ:

"ਮੌਜੂਦਾ ਸਥਿਤੀ ਵਿੱਚ, ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਆਉਣ ਵਾਲੇ ਨਤੀਜਿਆਂ ਤੋਂ ਚੇਤਾਵਨੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਵਿੱਚ ਕੋਈ ਵੀ ਮੀਟਿੰਗ ਜਾਂ ਇਕੱਠ ਨਾ ਕਰਨ ਲਈ ਪਾਬੰਦ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਮੀਟਿੰਗਾਂ ਭਾਵੇਂ ਆਪਣੇ-ਆਪ ਵਿੱਚ ਹੀ ਨੁਕਸਾਨਦੇਹ ਹਨ, ਜਿਨ੍ਹਾਂ ਕਰਕੇ ਅਜਿਹਾ ਯਕੀਨ ਹੁੰਦਾ ਜਾ ਰਿਹਾ ਹੈ ਕਿ ਉਹ ਆਮ ਸ਼ਾਂਤੀ ਤੇ ਸੁਰੱਖਿਆ ਲਈ ਵੀ ਖ਼ਤਰਾ ਹਨ- ਇਹ ਗੱਲਾਂ ਸੱਚ ਹਨ ਭਾਵੇਂ ਝੂਠ - ਇਹ ਤੇਜ਼ੀ ਨਾਲ ਫੈਲਦੀਆਂ ਜਾ ਰਹੀਆਂ ਹਨ ਅਤੇ ਇਹ ਆਮ ਲੋਕਾਂ ਦੇ ਦਿਮਾਗ ਨੂੰ ਅਸਥਿਰ ਕਰਦੀਆਂ ਹਨ। ਇਸ ਚੇ ਤਾਵਨੀ ਤੋਂ ਬਾਅਦ ਵੀ ਜੇ ਇਕੱਠ ਹੋਣੇ ਜਾਰੀ ਰਹਿੰਦੇ ਹਨ ਤੇ ਗੜਬੜੀ ਫੈਲਦੀ ਹੈ, ਤਾਂ ਉਨ੍ਹਾਂ ਲਈ ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਚੇਲਿਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਜਨਤਕ ਸ਼ਾਂਤੀ ਭੰਗ ਕਰਨ ਵਿਰੁੱਧ ਅਪਰਾਧਾਂ ਨਾਲ ਸਬੰਧਤ ਧਾਰਾਵਾਂ ਅਧੀਨ ਮੁਕੱਦਮਾ ਚਲਾਇਆ ਜਾਵੇਗਾ। ਬਾਬਾ ਰਾਮ ਸਿੰਘ ਜੀ ਨੂੰ ਆਪਣੇ ਪਿੰਡ ਵਿੱਚ ਹੀ ਰਹਿਣ ਦੇ ਨਿਰਦੇਸ਼ ਦਿੱਤੇ ਜਾਣਗੇ ਅਤੇ ਪੁਲਿਸ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਦਿਆਂ ਉਨ੍ਹਾਂ ਬਾਰੇ ਸਿੱਧੀ ਰਿਪੋਰਟ ਕਰੇਗੀ।"

ਪੰਜਾਬ ਸਰਕਾਰ ਦੇ ਇਸ ਫ਼ੈਸਲੇ ਦੀ ਪਾਲਣਾ ਕਰਦਿਆਂ ਬਾਬਾ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਜੱਦੀ ਸਥਾਨ 'ਤੇ ਨਜ਼ਰਬੰਦ ਕੀਤਾ ਗਿਆ ਸੀ। ਇਹ ਨੀਮ-ਕੈਦ ਦੀ ਅਵਸਥਾ ਸੀ ਕਿਉਂਕਿ ਉਨ੍ਹਾਂ ਨੂੰ ਆਪਣੇ ਪਿੰਡ ਦੀਆਂ ਹੱਦਾਂ ਪਾਰ ਕਰਨ ਦੀ ਇਜਾਜ਼ਤ ਨਹੀਂ ਸੀ। ਪੁਲਿਸ ਨੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਪੂਰੀ ਚੌਕਸ ਨਜ਼ਰ

ਰੱਖੀ ਹੋਈ ਸੀ। ਸੂਬੇ 'ਚ ਕੂਕਿਆਂ ਦੇ ਸਭ ਕਿਸਮ ਦੇ ਇਕੱਠਾਂ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਉਨ੍ਹਾਂ ਨੂੰ ਦੀਵਾਲੀ ਦੇ ਤਿਉਹਾਰ ਮੌਕੇ ਅੰਮ੍ਰਿਤਸਰ ਵਿਖੇ ਕੋਈ ਵੀ ਇਕੱਠ ਕਰਨ ਦੀ ਮਨਾਹੀ ਸੀ। ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਮੁੱਖ ਪੈਰੋਕਾਰਾਂ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਕੂਕੇ ਅੱਗੇ ਤੋਂ ਕਿਸੇ ਵੀ ਇਤਰਾਜ਼ਯੋਗ ਗਤੀਵਿਧੀਆਂ 'ਚ ਸ਼ਾਮਲ ਹੋਏ ਤਾਂ ਉਹ ਖ਼ੁਦ ਜ਼ਿੰਮੇਵਾਰ ਹੋਣਗੇ। ਬਾਬਾ ਬਾਲਕ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਅਟਕ ਜ਼ਿਲ੍ਹੇ ਦੇ ਇੱਕ ਮਹਾਨ ਧਾਰਮਿਕ ਕੇਂਦਰ ਹਜ਼ਰੋ ਨੂੰ ਵੀ ਪੁਲਿਸ ਦੀ ਨਿਗਰਾਨੀ ਹੇਠ ਰੱਖਿਆ ਗਿਆ ਸੀ। ਅਟਕ ਦੇ ਸਹਾਇਕ ਸੁਪਰਡੈਂਟ ਸ੍ਰੀ ਗ੍ਰੀਨ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਉਹ ਇਸ ਸਥਾਨ 'ਤੇ ਪੂਰੀ ਨਜ਼ਰ ਰੱਖਣ ਤੇ ਵਿਸ਼ੇਸ਼ ਤੌਰ 'ਤੇ ਇਹ ਵੇਖਣ ਕਿ ਕੀ ਹਜ਼ਰੋ ਅਤੇ ਭੈਣੀ ਵਿਚਾਲੇ ਕੋਈ ਜ਼ੁਬਾਨੀ ਜਾਂ ਲਿਖਤੀ ਗੁਪਤ ਚਿੱਠੀ-ਪੱਤਰੀ ਤਾਂ ਨਹੀਂ ਚੱਲ ਰਹੀ। ਦੋਵੇਂ ਥਾਂਵਾਂ ਦੇ ਆਪਸੀ ਸਬੰਧਾਂ ਬਾਰੇ ਕੋਈ ਪ੍ਰਤੀਕੂਲ ਰਿਪੋਰਟ ਵੀ ਨਹੀਂ ਸੀ, ਫਿਰ ਵੀ ਇਹ ਕਦਮ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਸਰਕਾਰ ਤਦ ਕੂਕਾ ਖ਼ਤਰੇ ਤੋਂ ਕਿਸ ਹੱਦ ਤੱਕ ਡਰੀ ਹੋਈ ਸੀ।

ਸਰਕਾਰ ਵੱਲੋਂ ਕੂਕਾ ਅੰਦੋਲਨ 'ਤੇ ਲਾਈਆਂ ਗਈਆਂ ਸਖ਼ਤ ਪਾਬੰਦੀਆਂ ਦਾ ਨਤੀਜਾ ਆਸ ਤੋਂ ਬਿਲਕੁਲ ਉਲਟ ਰਿਹਾ। ਉਹ ਪਾਬੰਦੀਆਂ ਸਗੋਂ ਅੰਦੋਲਨ ਲਈ ਵਰਦਾਨ ਹੀ ਸਿੱਧ ਹੋਈਆਂ। ਇਨ੍ਹਾਂ ਕਰਕੇ ਬਾਬਾ ਰਾਮ ਸਿੰਘ ਜੀ ਦਾ ਕੱਦ-ਬੁੱਤ ਹੋਰ ਵੀ ਉਚੇਰਾ ਹੋ ਗਿਆ ਸੀ। ਭੈਣੀ ਸਾਹਿਬ ਦੀ ਤੀਰਥ-ਯਾਤਰਾ ਕਰਨ ਦੀ ਤਾਂਘ ਹੋਰ ਤੀਬਰ ਹੋ ਗਈ ਸੀ। ਕੂਕਾਵਾਦ ਤੇਜ਼ੀ ਨਾਲ ਅੱਗੇ ਵਧਿਆ। ਕੂਕਿਆਂ ਦੀ ਗਿਣਤੀ ਬਹੁਤ ਵਧ ਗਈ ਸੀ। 1863 ਵਿੱਚ ਉਹ ਹਜ਼ਾਰਾਂ ਦੀ ਗਿਣਤੀ ਵਿੱਚ ਸਨ। ਕੁਝ ਸਾਲਾਂ 'ਚ ਹੀ ਉਹ ਲੱਖਾਂ ਵਿੱਚ ਹੋ ਗਏ ਸਨ। ਸਾਲ 1867 ਦੌਰਾਨ ਕੂਕਾ ਸੰਪਰਦਾਇ ਦੇ ਆਚਰਣ ਬਾਰੇ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਵੱਲੋਂ ਪ੍ਰਾਪਤ ਰਿਪੋਰਟਾਂ ਦੇ ਖੁਲਾਸੇ ਵਿੱਚ ਇਹ ਲਿਖਿਆ ਗਿਆ ਹੈ[1]: "ਸਾਰੇ ਹਿੱਸਿਆਂ ਤੋਂ ਆਈਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ।" ਇਹ ਲਿਖਿਆ ਗਿਆ ਸੀ ਕਿ ਕੂਕਾ ਅੰਦੋਲਨ ਦਾ ਇਹ ਅਸਾਧਾਰਨ ਉਭਾਰ ਮੁੱਖ ਤੌਰ 'ਤੇ ਸਰਕਾਰ ਦੀ ਦਮਨਕਾਰੀ ਨੀਤੀ ਕਾਰਨ ਹੋਇਆ ਸੀ, ਜਿਸ ਨੂੰ ਪੁਲਿਸ ਦੇ ਇੰਸਪੈਕਟਰ ਜਨਰਲ ਨੇ 1868 ਦੀ ਆਪਣੀ ਰਿਪੋਰਟ 'ਚ ਮੰਨਿਆ ਹੈ। ਉਨ੍ਹਾਂ ਕਿਹਾ ਹੈ: "ਜਦੋਂ ਬਾਬਾ ਰਾਮ ਸਿੰਘ ਜੀ ਭੈਣੀ ਵਿਖੇ ਨੀਮ-ਕੈਦ ਵਿੱਚ ਸਨ, ਤਦ ਇਸ ਵਿਅਕਤੀ ਬਾਰੇ ਰਹੱਸ ਤੇ ਗੁਪਤਤਾ ਸੀ, ਜਿਸ ਵਿੱਚ ਸਾਡੀ ਜਾਸੂਸੀ ਨੇ ਸ਼ਾਇਦ ਦਿਲਚਸਪ ਅਤਿਆਚਾਰ ਦਾ ਇੱਕ ਮਸਾਲਾ ਜੋੜਿਆ ਹੈ। ਇਸ ਸਭ ਨੂੰ ਸੰਵੇਦਨਸ਼ੀਲਤਾ ਵਧਾਉਣ ਲਈ ਵਰਤਿਆ ਗਿਆ ਸੀ। ਉਨ੍ਹਾਂ ਦੇ ਸੂਬਿਆਂ ਨੇ ਆਪਣੇ ਗੁਰੂ ਨੂੰ ਸਿਰਫ਼ ਮਨੁੱਖ ਨਹੀਂ, ਸਗੋਂ ਦੈਵੀ ਅਵਤਾਰ, (ਸ੍ਰੀ) ਗੁਰੂ ਗੋਬਿੰਦ

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗ. 273-284, ਅੰਤਿਕਾ ਏ, ਨੰ. 2 ਪੰਨਾ 2454

ਸਿੰਘ (ਜੀ) ਅਤੇ (ਸ੍ਰੀ) ਗੁਰੂ ਨਾਨਕ (ਦੇਵ ਜੀ) ਦੇ ਬਰਾਬਰ, ਹਰ ਸਿੱਖ ਲਈ ਪਵਿੱਤਰ ਯਾਦ ਵਜੋਂ ਪ੍ਰਚਾਰਿਆ[1]।

ਆਪਣੀਆਂ ਸਾਰੀਆਂ ਗਤੀਵਿਧੀਆਂ ’ਤੇ ਸਖ਼ਤ ਸਰਕਾਰੀ ਚੌਕਸੀ ਦੀ ਸਮੱਸਿਆ ਦਾ ਸਾਹਮਣਾ ਕਰਦਿਆਂ ਕੂਕਿਆਂ ਨੇ ਆਪਣੀ ਕਾਰਜਕਾਰੀ ਮਸ਼ੀਨਰੀ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਸਮਝਿਆ। ਪਿਛਲੇ ਅਧਿਆਇ ’ਚ ਕੇਂਦਰ ਤੋਂ ਪਿੰਡ ਦੀ ਸੰਗਤ ਤੱਕ ਪੁੱਜਣ ਵਾਲੀ ਇੱਕ ਸੁਚੱਜੀ ਸੰਸਥਾ ਦੇ ਵਿਕਾਸ ਬਾਰੇ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ, ਜਿਸ ’ਚ ਪ੍ਰਬੰਧਕਾਂ, ਪ੍ਰਚਾਰਕਾਂ ਤੇ ਨਿਗਰਾਨਾਂ ਦੀ ਅਹਿਮ ਭੂਮਿਕਾ ਸੂਬਿਆਂ, ਨਾਇਬ ਸੂਬਿਆਂ ਅਤੇ ਜੱਥੇਦਾਰਾਂ ਨੇ ਨਿਭਾਈ। ਸਰਕਾਰ ਨੂੰ ਕੁਝ ਵੀ ਦੱਸੇ ਬਿਨਾਂ ਆਪਸੀ ਸੰਚਾਰ ਤੇ ਤਾਲਮੇਲ ਦੀ ਬੁਨਿਆਦੀ ਮਹੱਤਤਾ ਦੇ ਮੱਦੇਨਜ਼ਰ ਸੰਗਠਨ ਦੀ ਕੁਸ਼ਲਤਾ ਲਈ ਇੱਕ ਸੁਤੰਤਰ ਡਾਕ ਪ੍ਰਣਾਲੀ ਦਾ ਵਿਕਾਸ ਕੀਤਾ ਗਿਆ ਸੀ। ਇਨ੍ਹਾਂ ਲੀਹਾਂ ’ਤੇ ਇੱਕ ਕਿਸਮ ਦੀ ਡਾਕ ਸੇਵਾ ਸ਼ੁਰੂ ਤੋਂ ਹੀ ਮੌਜੂਦ ਜਾਪਦੀ ਹੈ, ਜਿਸ ਦਾ ਸਪੱਸ਼ਟ ਸੰਕੇਤ 1863 ’ਚ ਅੰਮ੍ਰਿਤਸਰ ਦੇ ਇੱਕ ਕੂਕਾ ਕਾਂਸਟੇਬਲ ਵੱਲੋਂ ਦਿੱਤਾ ਗਿਆ ਸੀ। ਫਿਰ ਵੀ, ਇਹ ਨਵੀਂ ਸਥਿਤੀ ਸੀ ਜਿਸ ਨੇ ਇਸ ਨੂੰ ਉਤਸ਼ਾਹ ਦਿੱਤਾ ਤੇ ਅਧਿਕਾਰਤ ਰਿਕਾਰਡਾਂ ’ਚ ਵਰਣਿਤ ਇਸ ਦੀ ਸੰਪੂਰਨ ਸਥਿਤੀ ਵੱਲ ਅਗਵਾਈ ਕੀਤੀ। ਉਦਾਹਰਨ ਵਜੋਂ ਹੇਠਾਂ ਦਿੱਤਾ ਬਿਰਤਾਂਤ “*ਕੂਕਾ ਸੰਪਰਦਾਇ ਦਾ ਸੰਖੇਪ ਵਿਵਰਨ*”[2] ’ਚ ਪਾਇਆ ਗਿਆ ਹੈ।

“ਕੂਕਿਆਂ ਨੂੰ ਕਈ ਵਾਰ “ਸੰਤ ਖਾਲਸਾ” ਕਹਿ ਲਿਆ ਜਾਂਦਾ ਹੈ, ਉਨ੍ਹਾਂ ਦੀ ਆਪਣੀ ਇੱਕ ਨਿੱਜੀ ਡਾਕ ਹੁੰਦੀ ਹੈ, ਜੋ ਬੇਹੱਦ ਸ਼ਲਾਘਾਯੋਗ ਢੰਗ ਨਾਲ ਸੰਗਠਿਤ ਪ੍ਰਤੀਤ ਹੁੰਦੀ ਹੈ। ਗੁਪਤ ਆਦੇਸ਼ ਬਿਲਕੁਲ ਉਸੇ ਤਰੀਕੇ ਹਰ ਪਾਸੇ ਫੈਲਾਏ ਜਾਂਦੇ ਹਨ ਜਿਵੇਂ ਸਕੌਟਲੈਂਡ ਦੇ ਬੀਤੇ ਚੁੱਕੇ ਸਮਿਆਂ ਦੌਰਾਨ ਰੌਸ਼ਨ ਸਲੀਬ ਨੂੰ ਹਾਈਲੈਂਡ ਦੇ ਇੱਕ ਖ਼ਾਨਦਾਨ ਦੁਆਰਾ ਲਿਜਾਇਆ ਜਾਂਦਾ ਸੀ। ਇੱਕ ਕੂਕਾ ਸੰਦੇਸ਼ ਵਾਹਕ ਜਾਂ ਡਾਕੀਆ ਜਦੋਂ ਕੋਈ ਡਾਕ ਲੈ ਕੇ ਕਿਸੇ ਪਿੰਡ ਪੁੱਜਦਾ ਹੈ, ਤਾਂ ਉਸ ਪਿੰਡ ’ਚ ਰਹਿੰਦਾ ਕੂਕਾ ਸੰਦੇਸ਼ ਵਾਹਕ ਤੁਰੰਤ ਉਹ ਡਾਕ ਜਾਂ ਸਾਮਾਨ ਲੈ ਕੇ ਰਵਾਨਗੀ ਪਾ ਦਿੰਦਾ ਹੈ, ਉਹ ਤਦ ਭਾਵੇਂ ਕੋਈ ਵੀ ਕੰਮ ਕਰ ਰਿਹਾ ਹੋਵੇ, ਚਾਹੇ ਰੋਟੀ ਖਾ ਰਿਹਾ ਹੋਵੇ - ਉਹ ਬੁਰਕੀ ਵਿੱਚੇ ਹੀ ਛੱਡ ਕੇ ਡਾਕ ਲੈ ਕੇ ਤੁਰੰਤ ਰਵਾਨਾ ਹੋ ਜਾਵੇਗਾ ਤੇ ਕੋਈ ਸੁਆਲ ਵੀ ਨਹੀਂ ਪੁੱਛੇਗਾ, ਉਹ ਸਿਰਫ਼ ਲਿਖਤੀ ਸੰਦੇਸ਼ ਲੈ ਕੇ ਉਦੋਂ ਹੀ ਦੌੜ ਪਵੇਗਾ ਤੇ ਜਾ ਕੇ ਅਗਲੇ ਪਿੰਡ ਦੇ ਸੰਦੇਸ਼ ਵਾਹਕ ਨੂੰ ਉਹ ਸੰਦੇਸ਼ ਜਾਂ ਡਾਕ ਸੌਂਪ ਦੇਵੇਗਾ ਤੇ ਫਿਰ ਉਹ ਅਗਲੇ ਟਿਕਾਣੇ ਤੱਕ ਉਸ ਨੂੰ ਲੈ ਕੇ ਜਾਵੇਗਾ।ਅਹਿਮ ਸੰਦੇਸ਼ ਜ਼ੁਬਾਨੀ ਭੇਜੇ ਜਾਂਦੇ ਹਨ ਤੇ ਉਨ੍ਹਾਂ ਨੂੰ ਲਿਖਿਆ ਨਹੀਂ ਜਾਂਦਾ। ਮੇਜਰ ਪਰਕਿਨਜ਼ ਮੁਤਾਬਕ ਜੀ.ਟੀ. ਰੋਡ ਦੀ ਥਾਂ ’ਤੇ ਮੋੜ-ਘੋੜ ਵਾਲੇ ਰਸਤਿਆਂ ਰਾਹੀਂ ਸੰਦੇਸ਼ ਲਿਜਾਏ ਜਾਂਦੇ ਹਨ।

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗ. 273-284, ਅੰਤਿਕਾ ਏ, ਨੰ. 2 ਪੰਨਾ 2454
2. ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ 111/112

ਇਸੇ ਦਸਤਾਵੇਜ਼ 'ਚ ਦੱਸਿਆ ਗਿਆ ਹੈ ਕਿ ਇਸ ਪ੍ਰਣਾਲੀ ਵਿੱਚ ਹੇਠ ਲਿਖੇ ਖ਼ਤਰੇ ਹਨ:

> "ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਇਹ ਮਸ਼ੀਨਰੀ ਇੱਕ ਧਾਰਮਿਕ ਸੁਧਾਰ ਲਈ ਪੇਸ਼ ਕੀਤੀ ਗਈ ਹੈ, ਫਿਰ ਵੀ ਡਿਜ਼ਾਈਨ ਕਰਨ ਵਾਲੇ ਅਤੇ ਬੇਈਮਾਨ ਆਦਮੀਆਂ ਦੇ ਹੱਥਾਂ ਵਿੱਚ ਇਸ ਨੂੰ ਬੜੀ ਆਸਾਨੀ ਨਾਲ ਸਿਆਸੀ ਖ਼ਤਰੇ ਦਾ ਇੰਜਣ ਬਣਾਇਆ ਜਾ ਸਕਦਾ ਹੈ।"

ਇਸੇ ਤਰ੍ਹਾਂ ਦੀ ਚੇਤਾਵਨੀ ਭਾਰਤੀ ਰੇਲਵੇ ਵਿਭਾਗ[1] 'ਚ ਕੰਮ ਕਰ ਰਹੇ ਇੱਕ ਹੋਰ ਯੂਰੋਪੀਅਨ, ਸ੍ਰੀ ਡੋਨੋਵਨ ਵੱਲੋਂ ਕੁਝ ਸਮੇਂ ਬਾਅਦ ਦਿੱਤੀ ਗਈ ਸੀ। ਉਨ੍ਹਾਂ ਦੇ ਸ਼ਬਦਾਂ "ਸਾਨੂੰ ਇਸ ਮਾਮਲੇ 'ਚ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ" ਸਪੱਸ਼ਟ ਤੌਰ 'ਤੇ ਕੂਕਾ ਅੰਦੋਲਨ ਦੇ ਖ਼ਤਰਨਾਕ ਸਿਆਸੀ ਪ੍ਰਭਾਵਾਂ ਵੱਲ ਸੰਕੇਤ ਕਰਦੇ ਹਨ।

ਉਪਰੋਕਤ ਡਾਕ ਪ੍ਰਣਾਲੀ ਕੂਕਾ ਜੱਥੇਬੰਦਕ ਸਮਰੱਥਾ ਤੇ ਉਦੇਸ਼ ਦੀ ਗੰਭੀਰਤਾ ਦੀ ਇੱਕ ਵੱਡੀ ਪ੍ਰਾਪਤੀ ਨੂੰ ਦਰਸਾਉਂਦੀ ਹੈ। ਇਸ ਨੇ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਗੁਪਤ ਏਜੰਟਾਂ ਦੇ ਨਾਲ-ਨਾਲ ਡਾਕ ਅਥਾਰਟੀਜ਼ ਦੀ ਸੈਂਸਰਸ਼ਿਪ ਤੋਂ ਬਚਾਇਆ। ਇਹ ਉਨ੍ਹਾਂ ਦੇ ਮਹਾਨ ਅਨੁਸ਼ਾਸਨ ਦੇ ਨਾਲ-ਨਾਲ ਉਹਨਾਂ ਦੇ ਮਿਸ਼ਨ ਦੀ ਮਹੱਤਤਾ ਵਿੱਚ ਉਹਨਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਇਹ ਪ੍ਰਣਾਲੀ ਦੀ ਗੁਪਤ ਕੁਸ਼ਲਤਾ ਦਾ ਇੱਕ ਮਾਪ ਹੈ ਕਿ ਲੰਮੇ ਸਮੇਂ ਤੱਕ ਚੱਲਣ ਦੇ ਬਾਵਜੂਦ 1867 ਤੱਕ ਸਰਕਾਰ ਨੂੰ ਇਸ ਬਾਰੇ ਕੋਈ ਜਾਣਕਾਰੀ ਹੀ ਨਹੀਂ ਮਿਲ ਸਕੀ। ਮੇਜਰ ਪਰਕਿਨਜ਼ ਸ਼ਾਇਦ ਇਹ ਖੋਜ ਕਰਨ ਵਾਲਾ ਪਹਿਲਾ ਅਧਿਕਾਰੀ ਸੀ, ਜਿਸ ਦਾ ਇੱਕ ਹਵਾਲਾ ਸਾਲ 1867 ਦੀ ਸਰਕਾਰੀ ਰਿਪੋਰਟ[2] 'ਚ ਉਪਲਬਧ ਹੈ।

ਇੰਝ ਜਾਪਦਾ ਹੈ ਕਿ ਤਿੰਨ ਸਾਲਾਂ 1863 ਤੋਂ 1866 ਤੱਕ ਸਰਕਾਰ ਨੂੰ ਕੂਕਾ ਅੰਦੋਲਨ ਬਾਰੇ ਬਹੁਤ ਘੱਟ ਚਿੰਤਾ ਸੀ। ਇਹ ਹੋ ਸਕਦਾ ਹੈ ਕਿ ਤਦ ਤੱਕ ਕੂਕਿਆਂ ਨੇ ਬਹੁਤ ਹੀ ਸਾਵਧਾਨੀ ਨਾਲ ਕੰਮ ਕੀਤਾ ਹੋਵੇ ਜਾਂ ਸਰਕਾਰ ਦੀਆਂ ਪਾਬੰਦੀਆਂ ਦੇ ਪ੍ਰਭਾਵ ਅਧੀਨ ਇਹ ਅੰਦੋਲਨ ਕੁਝ ਨਰਮੀ ਨਾਲ ਚੱਲਦਾ ਰਿਹਾ। ਭਾਵੇਂ, ਹੌਲੀ-ਹੌਲੀ ਇਸ ਦੀਆਂ ਗਤੀਵਿਧੀਆਂ ਮੁੜ ਸੁਰਜੀਤ ਹੋ ਗਈਆਂ, ਸਰਕਾਰ ਦੀ ਢਿੱਲ-ਮੱਠ ਨੂੰ ਤੋੜਦਿਆਂ 1866 ਤੋਂ ਬਾਅਦ ਕੂਕੇ ਖਾਸ ਤੌਰ 'ਤੇ ਮਕਬਰਿਆਂ, ਕਬਰਾਂ ਤੇ ਮੜ੍ਹੀਆਂ ਦੇ ਚਿੰਨ੍ਹਾਂ ਵਿਰੁੱਧ ਆਪਣੀ ਮੁਹਿੰਮ 'ਚ ਸਰਗਰਮ ਸਨ, ਕਿਉਂਕਿ ਬਹੁਤ ਸਾਰੇ ਭੋਲੇ-ਭਾਲੇ ਤੇ ਗੁੰਮਰਾਹ ਵਿਅਕਤੀ ਇਸ ਸਭ ਦੀ ਪੂਜਾ-ਭਗਤੀ ਕਰਦੇ ਸਨ। ਵਧੇਰੇ ਉਤਸ਼ਾਹੀ ਕੂਕਿਆਂ ਨੇ ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈ ਲਿਆ ਤੇ ਲਾਹੌਰ, ਲੁਧਿਆਣਾ, ਅੰਮ੍ਰਿਤਸਰ ਜ਼ਿਲ੍ਹਿਆਂ 'ਚ ਕਈ ਹਮਲੇ ਕੀਤੇ। ਗੁਜਰਾਂਵਾਲਾ ਅਤੇ ਗੁਰਦਾਸਪੁਰ। ਉਨ੍ਹਾਂ ਵਿੱਚੋਂ ਕੁਝ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਨੂੰ

---

1. ਫ਼ੌਰੇਨ ਪੁਲਿਟੀਕਲ (ਏ) ਸਤੰਬਰ 1868, ਕੌਂਸ 383-385
2. ਫ਼ੌਰੇਨ ਪੁਲਿਟੀਕਲ (ਏ) ਸਤੰਬਰ 1867, ਕੌਂਸ 111/112

ਵੱਖੋ-ਵੱਖਰੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ। ਬਾਅਦ 'ਚ, ਬਾਬਾ ਰਾਮ ਸਿੰਘ ਜੀ ਦੇ ਕਹਿਣ 'ਤੇ ਮੁਹਿੰਮ 'ਚੋਂ ਹਮਲਾਵਰ ਰੁਖ਼ ਨੂੰ ਤਿਆਗ ਦਿੱਤਾ ਗਿਆ ਸੀ ਕਿਉਂਕਿ ਇਸ ਕਾਰਨ ਆਮ ਲੋਕ ਉਨ੍ਹਾਂ ਨਾਲੋਂ ਟੁੱਟਣ ਲੱਗ ਪਏ ਸਨ। ਪੁਲਿਸ ਦੇ ਇੰਸਪੈਕਟਰ ਜਨਰਲ ਦੀ ਸਾਲ 1868 ਦੀ ਰਿਪੋਰਟ[1] ਅਨੁਸਾਰ ਇਸ ਨੇ "ਲੋਕਾਂ ਦੇ ਮਨਾਂ ਵਿੱਚ ਇਹ ਪ੍ਰਭਾਵ ਪੈਦਾ ਕਰ ਦਿੱਤਾ ਕਿ ਜੇ ਕੂਕਾ ਲਹਿਰ ਦੇ ਅਜਿਹੇ ਨਤੀਜੇ ਨਿਕਲਦੇ ਹਨ, ਤਾਂ ਇਨ੍ਹਾਂ ਦੀ ਸਿੱਖਿਆ ਜ਼ਰੂਰ ਮਾੜੀ ਹੀ ਹੈ; ਅਤੇ ਉਨ੍ਹਾਂ ਦੇ (ਬਾਬਾ ਰਾਮ ਸਿੰਘ ਜੀ ਦੇ) ਸਿਧਾਂਤਾਂ ਦਾ ਸਖ਼ਤ ਵਿਰੋਧ ਪੈਦਾ ਹੋ ਗਿਆ।

ਪਰ ਉਪਰੋਕਤ ਮੁਹਿੰਮ ਪੁਨਰ-ਸੁਰਜੀਤ ਹੋਈ ਕੂਕਾ ਸਰਗਰਮੀ ਦਾ ਕੇਵਲ ਇੱਕ ਪੱਖ ਸੀ। 1866 'ਚ, ਮੁਖ਼ਬਰ ਗੇਂਦਾ ਸਿੰਘ ਨੇ ਇੱਕ ਗੁਪਤ ਮਿਸ਼ਨ ਤੋਂ ਉਨ੍ਹਾਂ ਦੇ ਮੁੱਖ ਦਫਤਰ ਵਾਪਸ ਆਉਣ 'ਤੇ ਕੂਕਿਆਂ ਦੀਆਂ ਯੋਜਨਾਵਾਂ ਬਾਰੇ ਇੱਕ ਹੋਰ ਰਿਪੋਰਟ[2] ਬਣਾਈ:

"ਭੈਣੀ ਪੁੱਜਣ 'ਤੇ ਮੈਂ ਹੋਰਨਾਂ ਤੋਂ ਇਲਾਵਾ ਲੁਧਿਆਣਾ ਦੇ ਭਗਤ ਸਿੰਘ ਨਾਂਅ ਦੇ ਇੱਕ ਵਿਅਕਤੀ ਨੂੰ ਮਿਲਿਆ, ਜੋ ਬਾਬਾ ਰਾਮ ਸਿੰਘ ਜੀ ਦਾ ਹਰਕਾਰਾ ਸੀ। ਬਾਬਾ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਰਾਤੋ-ਰਾਤ ਮੁਲਾਕਾਤਾਂ ਕੀਤੀਆਂ। ਇਹ ਹੁਕਮ ਹੈ ਕਿ ਹਰੇਕ ਕੂਕੇ ਕੋਲ ਚੰਗੀ ਮਜ਼ਬੂਤ ਕੁਹਾੜੀ ਹੋਵੇ। ਉਹ ਗੜਬੜ ਲਈ ਤਿਆਰ ਹਨ ਅਤੇ ਉਨ੍ਹਾਂ ਬਾਬਾ ਰਾਮ ਸਿੰਘ ਜੀ ਨੂੰ ਬੱਸ ਹੁਕਮ ਦੇਣ ਦੀ ਬੇਨਤੀ ਕੀਤੀ ਹੈ, ਤੇ ਉਨ੍ਹਾਂ ਅੱਗਿਓਂ ਜਵਾਬ ਦਿੱਤਾ ਹੈ ਕਿ ਉਹ ਆਪਣਾ ਹੁਕਮ ਦੀਵਾਲੀ ਤੋਂ ਪਹਿਲਾਂ ਦੇਣਗੇ। ਬਾਬਾ ਰਾਮ ਸਿੰਘ ਜੀ ਦਾ ਅਕਾਲ ਚਲਾਣਾ ਹੋਣ ਦੀ ਹਾਲਤ 'ਚ, ਸਾਹਿਬ ਸਿੰਘ (ਇੱਕ ਸੂਬਾ ਜਾਂ ਲੈਫਟੀਨੈਂਟ) ਉਨ੍ਹਾਂ ਦੇ ਵਾਰਸ ਹੋਣਗੇ... ਉਧਰ ਰਾਏਪੁਰ (ਲੁਧਿਆਣਾ) ਦੇ ਜਗੀਰਦਾਰ ਮੰਗਲ ਸਿੰਘ ਨੇ ਬਗ਼ਾਵਤ ਹੋਣ ਦੀ ਹਾਲਤ 'ਚ ਮਦਦ ਕਰਨ ਦਾ ਵਾਅਦਾ ਕੀਤਾ ਹੈ। ਬਾਬਾ ਰਾਮ ਸਿੰਘ ਜੀ ਇਸ ਵੇਲੇ ਅੰਗਰੇਜ਼ਾਂ ਦੀ ਸੇਵਾ 'ਚ ਲੱਗੇ ਸਾਰੇ ਸਿੱਖਾਂ ਦੇ ਹਥਿਆਰਾਂ ਨੂੰ ਆਪਣਾ ਸਮਝਦੇ ਹਨ ਤੇ ਇਹ ਯਕੀਨੀ ਸਮਝਦੇ ਹਨ ਕਿ ਜੇ ਸਾਹਿਬ ਸਿੰਘ ਸੰਪਰਦਾਇ ਦੇ ਮੁਖੀ ਬਣ ਜਾਣ, ਤਾਂ ਅਸੀਂ ਬਗ਼ਾਵਤ ਕਰ ਦੇਵਾਂਗੇ। ਉਹ ਕੂਕੇ ਬਹੁਤ ਉਤਸ਼ਾਹੀ ਹਨ ਅਤੇ ਬਾਬਾ ਰਾਮ ਸਿੰਘ ਜੀ ਦੀ ਗੱਲ ਮੰਨਣ ਲਈ ਤਿਆਰ ਹਨ।"

ਉਸੇ ਵਰ੍ਹੇ ਅੰਬਾਲਾ ਦੇ ਕਮਿਸ਼ਨਰ ਤੇ ਸੁਪਰਇੰਟੈਂਡੈਂਟ ਸ੍ਰੀ ਆਰ.ਜੀ. ਟੇਲਰ ਨੇ ਪੰਜਾਬ ਸਰਕਾਰ ਨੂੰ ਦੋ ਰਿਪੋਰਟਾਂ ਦਿੱਤੀਆਂ; ਇੱਕ ਜੂਨ 'ਚ ਤੇ ਦੂਜੀ ਸਤੰਬਰ 'ਚ, ਜਿਸ ਵਿੱਚ ਉਨ੍ਹਾਂ ਕੂਕਾ ਸੰਪਰਦਾਇ ਉੱਤੇ ਤੁਰੰਤ ਹਮਲੇ ਦੀ ਜ਼ੋਰਦਾਰ ਬੇਨਤੀ ਕੀਤੀ।[3] ਉਨ੍ਹਾਂ ਦੀ ਦੂਜੀ ਰਿਪੋਰਟ ਦੇ ਕੁਝ ਅੰਸ਼ ਹੇਠਾਂ ਦਿੱਤੇ ਗਏ ਹਨ:

"ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਜੂਨ 'ਚ ਮੈਂ ਆਪਣੇ ਮਾਣਯੋਗ ਲੈਫਟੀਨੈਂਟ

---

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗ 273-274, ਅੰਤਿਕਾ ਏ, ਨੰ. 3, ਪੰਨਾ 2464
2. ਫ਼ੌਰੇਨ ਪੁਲਿਟੀਕਲ (ਏ) ਮਾਰਚ 1867, ਕੌਂਸ - 111/112
3. ਫ਼ੌਰੇਨ ਪੁਲਿਟੀਕਲ (ਏ) ਅਕਤੂਬਰ 1866, ਕੌਂਸ - 18/20

ਗਵਰਨਰ ਦੀ ਜਾਣਕਾਰੀ ਲਈ ਅਰਧ-ਅਧਿਕਾਰਤ ਤੌਰ 'ਤੇ ਰਿਪੋਰਟ ਕੀਤੀ ਸੀ ਕਿ ਭੈਣੀ ਦੇ ਬਾਬਾ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਦੀ ਮਦਦ ਨਾਲ ਅਜਿਹਾ ਵਿਵਹਾਰ ਕੀਤਾ ਸੀ ਕਿ ਮੈਂ ਉਨ੍ਹਾਂ ਦੀ ਅਜ਼ਾਦੀ 'ਤੇ ਪਾਬੰਦੀ ਦੁਬਾਰਾ ਲਾਉਣ ਦੀ ਸਲਾਹ ਦਿੱਤੀ ਸੀ, ਤੇ ਤੁਸੀਂ 19 ਮਾਰਚ 1866 ਦੇ ਆਪਣੇ ਪੱਤਰ ਨੰਬਰ 356 ਅਨੁਸਾਰ, ਉਸ ਅਜ਼ਾਦੀ 'ਚ ਅੰਸ਼ਕ ਤੌਰ 'ਤੇ ਢਿੱਲ ਦਿੱਤੀ ਸੀ। 16 ਜੂਨ ਦੇ ਆਪਣੇ ਅਰਧ-ਸਰਕਾਰੀ ਜਵਾਬ 'ਚ ਤੁਸੀਂ ਮੇਰੇ ਵੱਲੋਂ ਕੀਤੇ ਗਏ ਪ੍ਰਬੰਧ ਸਬੰਧੀ ਮਹਾਮਹਿਮ ਦੀ ਪ੍ਰਵਾਨਗੀ ਬਾਰੇ ਦੱਸਿਆ ਸੀ। ਮੈਂ ਹੁਣ ਇਹ ਰਿਪੋਰਟ ਕਰਨੀ ਹੈ ਕਿ ਮੈਂ ਉਦੋਂ ਤੋਂ ਹੀ ਸੰਪਰਦਾ ਦੀਆਂ ਕਾਰਵਾਈਆਂ ਨੂੰ ਨੇੜਿਓਂ ਦੇਖਿਆ ਹੈ ਤੇ ਉਹਨਾਂ ਬਾਰੇ ਹਰ ਪਾਸਿਓਂ ਰਾਏ ਇਕੱਠੀ ਕੀਤੀ ਹੈ।

"ਨਤੀਜਾ ਹਰ ਵਾਰ ਇੱਕੋ ਜਿਹਾ ਰਿਹਾ ਹੈ, ਭਾਵ ਸਭ ਦੀ ਰਾਏ ਇਹੋ ਰਹੀ ਹੈ ਕਿ ਸੰਪਰਦਾ ਇੱਕ ਨੁਕਸਾਨਦੇਹ ਹੈ ਤੇ ਇਹ ਕਿ ਇਸ ਦੀ ਹੋਂਦ ਤੋਂ ਅਤੇ ਖਾਸ ਕਰਕੇ ਇਸ ਦੇ ਤੇਜ਼ੀ ਨਾਲ ਵਧਦੇ ਜਾਣ ਕਰਕੇ ਹੁਣ ਜਾਂ ਬਾਅਦ 'ਚ ਗੜਬੜ ਹੋਣ ਦਾ ਖ਼ਤਰਾ ਹੈ।

"ਮਹਾਮਹਿਮ ਇਸ ਕਿਸਮ ਦੇ ਸੁਮੇਲ ਦੇ ਖ਼ਤਰਨਾਕ ਰੁਝਾਨ ਬਾਰੇ ਮੇਰੇ ਵਿਚਾਰਾਂ ਤੋਂ ਜਾਣੂ ਹਨ ਅਤੇ ਉਹ ਇਹ ਵੇਖਣਗੇ ਕਿ ਮੈਂ ਇਸ ਮਾਮਲੇ ਬਾਰੇ ਜਲਦਬਾਜ਼ੀ 'ਚ ਆਪਣੀ ਕੋਈ ਰਾਏ ਕਾਇਮ ਨਹੀਂ ਕੀਤੀ। ਭਾਵੇਂ, ਮੇਰੀ ਪੂਰੀ ਰਾਏ ਇਹ ਹੈ ਕਿ ਇਸ ਅੰਦੋਲਨਕਾਰੀ[1] ਤੇ ਉਨ੍ਹਾਂ ਦੀ ਸੰਪਰਦਾਇ ਦੀਆਂ ਗਤੀਵਿਧੀਆਂ ਦਾ ਗੰਭੀਰ ਨੋਟਿਸ ਲੈਣ ਦਾ ਵੇਲਾ ਆ ਗਿਆ ਹੈ (ਕਿਉਂਕਿ ਇਹ ਉਸ ਦਾ ਅਸਲ ਕਿਰਦਾਰ ਹੈ ਜਿੰਨਾ ਕੁ ਕਿਸੇ ਵੀ ਮੁੱਖ ਕੇਂਦਰ ਦਾ ਹੁੰਦਾ ਹੈ)। ਇਸ ਲਈ, ਮੇਰੀ ਰਾਏ ਹੈ ਕਿ ਤੁਰੰਤ ਹੇਠ ਲਿਖੇ ਉਪਾਅ ਚੁੱਕੇ ਜਾਣੇ ਚਾਹੀਦੇ ਹਨ:

1. ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਨੂੰ ਮੌਜੂਦਾ ਸਾਜ਼ਿਸ਼ਾਂ ਤੋਂ ਦੂਰ ਕਰ ਦਿੱਤਾ ਜਾਵੇ। ਅਜਿਹਾ ਲਾਹੌਰ ਤੇ ਮੁਲਤਾਨ ਤੋਂ ਬੰਬਈ ਜਾਂ ਦਿੱਲੀ ਤੋਂ ਕਲਕੱਤੇ ਰਾਹੀਂ ਕੀਤਾ ਜਾ ਸਕਦਾ ਹੈ, ਪਰ ਪਹਿਲੇ ਨੂੰ ਤਰਜੀਹ ਦੇਣਾ ਠੀਕ ਰਹੇਗੀ। ਇਸੇ ਤਰ੍ਹਾਂ ਮੈਂ ਇਸ ਵੇਲੇ ਉਨ੍ਹਾਂ ਦੀ ਗ੍ਰਿਫਤਾਰੀ ਤੇ ਉਨ੍ਹਾਂ ਦੇ ਲੈਫਟੀਨੈਂਟਾਂ ਨੂੰ ਹਟਾਉਣ ਦੇ ਹੱਕ 'ਚ ਹੋਵਾਂਗਾ।

2. ਮੈਂ ਪੁਲਿਸ ਤੇ ਫੌਜ 'ਚ ਕੂਕਾਵਾਦ ਨਾਲ ਜੁੜੇ ਲੋਕਾਂ ਦੀ ਭਰਤੀ ਨੂੰ ਮਨ੍ਹਾ ਕਰਾਂਗਾ। ਵਿਚਾਰਨ ਵਾਲੀ ਗੱਲ ਇਹ ਰਹੇਗੀ ਕਿ ਪੁਲਿਸ ਤੇ ਫੌਜ ਨਾਲ ਜੁੜੇ ਜਿਹੜੇ ਵਿਅਕਤੀ ਪਹਿਲਾਂ ਹੀ ਕੂਕੇ ਬਣ ਚੁੱਕੇ ਹਨ, ਉਨ੍ਹਾਂ ਤੋਂ ਛੁਟਕਾਰਾ ਪਾਇਆ ਜਾਣਾ

---

1. ਇੱਥੇ ਇਹ ਵਰਨਣਯੋਗ ਹੈ ਕਿ ਸਤਲੁਜ ਦੇ ਨਾਲ ਲਗਦੇ ਰਾਜਾਂ ਦੇ ਸਿਆਸੀ ਏਜੰਟ ਦੀ ਆਪਣੀ ਹੈਸੀਅਤ ਨਾਲ ਅੰਬਾਲਾ ਦੇ ਕਮਿਸ਼ਨਰ ਨੇ ਰਾਜ ਸਰਕਾਰਾਂ ਨੂੰ ਤੁਰੰਤ ਇਹ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਸਾਰੇ ਕੂਕਿਆਂ ਦੀ ਸੂਚੀ ਤਿਆਰ ਕੀਤੀ ਜਾਵੇ, ਉਨ੍ਹਾਂ ਉਤੇ ਨਜ਼ਰ ਰੱਖੀ ਜਾਵੇ ਅਤੇ ਉਨ੍ਹਾਂ ਦੇ ਸਮੁੱਚੇ ਪ੍ਰਚਾਰ ਤੇ ਪਾਸਾਰ ਉਤੇ ਪਾਬੰਦੀ ਲਾ ਦਿੱਤੀ ਜਾਵੇ। ਨਾਭਾ ਰਿਕਾਰਡਜ਼ ਫ਼ਾਈਲ, ਜਿਸ ਦਾ ਸਿਰਲੇਖ ਹੈ 'ਕੂਕਿਆਂ ਦੀ ਤਹਿਰੀਕ-ਏ-ਮਘਵੀਆਨਾ'।

ਚਾਹੀਦਾ ਹੈ, ਪਰ ਮੈਂ ਕਿਸੇ ਵੀ ਕੀਮਤ 'ਤੇ ਅਜਿਹੀ ਕੋਈ ਭਰਤੀ ਨਹੀਂ ਹੋਣ ਦੇਵਾਂਗਾ। ਪੁਲਿਸ ਤੇ ਫੌਜ ਇੱਕ ਗੁਪਤ ਸੁਮੇਲ ਹਨ ਤੇ ਇਸ ਨੂੰ ਇੰਝ ਜੱਗ ਜ਼ਾਹਿਰ ਨਹੀਂ ਕੀਤਾ ਜਾ ਸਕਦਾ ਤੇ ਰਾਜ ਦੇ ਸੇਵਕਾਂ ਦੇ ਮਾਮਲੇ 'ਚ ਤਾਂ ਅਜਿਹਾ ਹੋਣਾ ਪੂਰੀ ਤਰ੍ਹਾਂ ਗ਼ੈਰ-ਵਾਜਬ ਹੈ।"

"ਮੇਰਾ ਇਹ ਪੱਕਾ ਯਕੀਨ ਹੈ ਕਿ ਇਨ੍ਹਾਂ ਲੋਕਾਂ ਦਾ ਮਤਲਬ ਹੈ ਅੱਜ ਜਾਂ ਭਲਕੇ ਜੰਗ ਅਤੇ ਮੈਂ ਆਪਣੀ ਸਰਕਾਰ ਨੂੰ ਉਨ੍ਹਾਂ ਨਾਲ ਪਹਿਲਾਂ ਤੋਂ ਹੀ ਨਿਪਟਣ ਦੀ ਜ਼ੋਰਦਾਰ ਸਿਫ਼ਾਰਸ਼ ਕਰਦਾ ਹਾਂ।"

"ਮੈਂ ਸਿਫ਼ਾਰਸ਼ ਕਰਦਾ ਹਾਂ ਕਿ ਇਸ ਮੌਕੇ ਲੁਧਿਆਣਾ ਦੇ ਕਿਲ੍ਹੇ ਨੂੰ ਸੁਰੱਖਿਅਤ ਫ਼ੌਜਾਂ ਨਾਲ ਕਬਜ਼ੇ 'ਚ ਕਰ ਲਿਆ ਜਾਵੇ; ਇਹ ਇੱਕ ਅਹਿਮ ਛੋਟਾ ਕਿਲ੍ਹਾ ਹੈ ਅਤੇ ਕੂਕਾ ਸੰਪਰਦਾਇ ਦੇ ਹੈੱਡਕੁਆਰਟਰ 'ਤੇ ਸਥਿਤ ਹੈ ਤੇ ਇੱਕ ਵਡਮੁੱਲੇ ਸ਼ਹਿਰ ਦੀ ਰਾਖੀ ਕਰਦਾ ਹੈ।"

ਇਥੇ ਇੱਕ ਚਿੱਠੀ ਦੀਆਂ ਆਖ਼ਰੀ ਸਤਰਾਂ ਇਕ ਈਸਾਈ ਮਿਸ਼ਨਰੀ ਜੌਨ ਨਿਊਟਨ ਦੀ ਰਿਪੋਰਟ ਤੋਂ ਲਈਆਂ ਗਈਆਂ ਹਨ ਅਤੇ ਅੰਦੋਲਨ ਦੇ ਮੂਲ ਚਰਿੱਤਰ 'ਤੇ ਚਾਨਣਾ ਪਾਉਣ ਲਈ ਇੱਥੇ ਇਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ। ਉਹ ਹਨ:

"...ਅਤੇ ਮੈਨੂੰ ਸਮੁੱਚੇ ਤੌਰ 'ਤੇ ਇਹ ਪ੍ਰਭਾਵ ਮਿਲਦਾ ਹੈ ਕਿ ਨਵੇਂ ਗੁਰੂ ਦੀਆਂ ਕੋਈ ਸੱਚੀਆਂ ਧਾਰਮਿਕ ਭਾਵਨਾਵਾਂ ਨਹੀਂ ਹਨ - ਉਨ੍ਹਾਂ ਦੇ ਸੁਧਾਰ ਦਾ ਸਾਰਾ ਜ਼ੋਰ ਸਪੱਸ਼ਟ ਤੌਰ 'ਤੇ ਸਿਆਸੀ ਉਦੇਸ਼ਾਂ ਦੇ ਮੱਦੇਨਜ਼ਰ ਸਿੱਖ ਧਰਮ ਦੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਹੈ। ਮੇਰੇ ਖ਼ਿਆਲ ਵਿੱਚ ਇਹ ਸੰਭਵ ਹੈ ਕਿ ਇਹ ਅਸਲ ਇਰਾਦਾ ਨਹੀਂ ਸੀ, ਪਰ ਮੈਨੂੰ ਪੱਕਾ ਯਕੀਨ ਹੈ ਕਿ ਇਹੋ ਨਤੀਜਾ ਨਿਕਲਿਆ ਹੈ, ਤੇ ਮੇਰਾ ਇਹ ਵੀ ਵਿਚਾਰ ਹੈ ਕਿ ਇਹ ਆਪਣੀ ਡਾਢੀ ਪਿਆਰੀ ਧਰਤੀ ਨੂੰ ਮੁੜ ਹਾਸਲ ਕਰਨ ਤੇ ਧਾਰਮਿਕ ਪੁਨਰ ਸੁਰਜੀਤੀ ਲਈ ਕੀਤੀ ਜਾਣ ਵਾਲੀ ਸੁਭਾਵਕ ਜੰਗ ਵਾਂਗ ਹੈ। ਬਾਬਾ ਰਾਮ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਰਜ਼ ਅਨੁਸਾਰ ਆਪਣੀ ਸੰਪਰਦਾ ਦੀ ਸ਼ਾਨ ਨੂੰ ਬਹਾਲ ਕਰਨ ਦੀ ਸ਼ੁਰੂਆਤ ਕੀਤੀ ਹੋਵੇਗੀ ਪਰ ਉਨ੍ਹਾਂ ਦੇ ਭੜਕਾਊ ਲੈਫਟੀਨੈਂਟ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੀ ਜੰਗ ਲੜਨ ਦੀ ਕਾਹਲੀ ਮਚਾ ਰਹੇ ਹਨ।"

ਪੰਜਾਬ ਸਰਕਾਰ ਨੇ 18 ਸਤੰਬਰ, 1866 ਨੂੰ ਸ੍ਰੀ ਟੇਲਰ ਨੂੰ ਮੁੜ ਪੱਤਰ ਲਿਖਿਆ। ਸਰਕਾਰ ਇਸ ਗੱਲ ਨਾਲ ਸਹਿਮਤ ਨਹੀਂ ਸੀ ਕਿ ਹਾਲੇ "ਬਾਬਾ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਲਈ ਲੋੜੀਂਦੇ ਆਧਾਰ" ਸਨ। ਇਸ 'ਚ ਦਲੀਲ ਸੀ[1]:

"ਮੁਨਸ਼ੀ ਅਬਦੁਲ ਨਬੀ ਖ਼ਾਨ, ਮੌਲਵੀ ਰਜਬ ਅਲੀ ਤੇ ਇੰਸਪੈਕਟਰ ਇਮਦਾਦ ਅਲੀ ਵਰਗੇ ਆਦਮੀਆਂ ਦੀਆਂ ਗਵਾਹੀਆਂ ਬੇਸ਼ਕੀਮਤੀ ਹਨ; ਮਾਣਯੋਗ ਸਾਹਿਬ ਖ਼ੁਦ ਵੀ ਇਹ ਮੰਨਣ ਲਈ ਤਿਆਰ ਹਨ ਕਿ ਪਾਦਰੀ ਸ੍ਰੀ ਨਿਊਟਨ ਦੇ ਵਿਚਾਰ ਸਹੀ

1. ਫ਼ੌਰੇਨ ਪੁਲਿਟੀਕਲ (ਏ) ਅਕਤੂਬਰ 1866, ਨੰ. 18/28-ਟੀ.ਐਚ. ਥੋਰੰਟਨ, ਸਕੱਤਰ, ਪੰਜਾਬ ਸਰਕਾਰ ਆਰ.ਜੀ. ਟੇਅਲਰ ਨੂੰ।

ਹਨ, ਕਿਉਂਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਵਿਆਪਕ ਤੌਰ 'ਤੇ ਫੈਲਿਆ ਤੇ ਲਗਾਤਾਰ ਵਧ ਰਿਹਾ ਗੁਪਤ ਕਿਰਦਾਰ ਵਾਲਾ ਭਾਈਚਾਰਾ, ਜੋ ਸਪੱਸ਼ਟ ਤੌਰ 'ਤੇ ਚੰਗੀ ਤਰ੍ਹਾਂ ਸੰਗਠਤ ਹੈ ਅਤੇ ਸ਼ਰਧਾ ਨਾਲ ਆਪਣੇ ਮੁਖੀ ਨਾਲ ਜੁੜਿਆ ਹੋਇਆ ਹੈ, ਉਸ ਵਿੱਚ ਜ਼ਰੂਰ ਹੀ ਸ਼ਰਾਰਤੀ ਕਿਸਮ ਦੇ ਤੱਤ ਹੋਣੇ ਚਾਹੀਦੇ ਹਨ। ਪਰ, ਦੂਜੇ ਪਾਸੇ ਹਾਲੇ ਤੱਕ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਗ਼ੱਦਾਰੀ ਵਾਲੇ ਕਿਰਦਾਰ ਦੀ ਕੋਈ ਵੀ ਸਪੱਸ਼ਟ ਗਤੀਵਿਧੀ ਪ੍ਰਮਾਣਿਤ ਨਹੀਂ ਹੋ ਸਕੀ ਹੈ ਉਨ੍ਹਾਂ ਨੂੰ ਨਹੀਂ ਮੰਨਿਆ ਗਿਆ ਹੈ, ਜੋ ਕਿ ਬਹੁਤ ਘੱਟ ਸਾਬਤ ਹੋਇਆ ਹੈ, ਸਗੋਂ ਜਦੋਂ ਕਦੇ ਵੀ ਪੁਲਿਸ ਉਨ੍ਹਾਂ ਦੇ ਸੰਪਰਕ ਵਿੱਚ ਆਈ ਹੈ, ਤਾਂ ਕੂਕਿਆਂ ਦਾ ਵਿਵਹਾਰ ਉਨ੍ਹਾਂ ਦੇ ਵਿਰੋਧੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਵਿਵਸਥਿਤ ਜਾਪਦਾ ਰਿਹਾ ਹੈ।

ਪੰਜਾਬ ਸਰਕਾਰ ਨੇ 18 ਸਤੰਬਰ ਨੂੰ ਸ੍ਰੀ ਆਰ.ਜੀ. ਟੇਲਰ ਦਾ ਇੱਕ ਪੱਤਰ ਭੇਜਿਆ ਸੀ, ਜਿਸ ਨਾਲ ਭਾਰਤ ਸਰਕਾਰ ਨੂੰ ਭੇਜੇ ਗਏ ਖੁਦ ਦੇ ਜਵਾਬ ਦੀ ਇੱਕ ਕਾਪੀ ਵੀ ਨਾਲ ਨੱਥੀ ਕੀਤੀ ਗਈ ਸੀ। ਅਜਿਹਾ ਕਰਦਿਆਂ, ਪੰਜਾਬ ਸਰਕਾਰ ਨੇ ਇਹ ਸਿਫ਼ਾਰਸ਼ ਕੀਤੀ ਸੀ ਕਿ ਲੁਧਿਆਣਾ ਵਿਖੇ ਆਰਜ਼ੀ ਤੌਰ 'ਤੇ ਰੀਪੀਟਿੰਗ ਸਟੇਸ਼ਨ ਸਥਾਪਤ ਕੀਤਾ ਜਾ ਸਕਦਾ ਹੈ। ਸੁਪਰੀਮ ਸਰਕਾਰ ਨੇ 27 ਸਤੰਬਰ ਨੂੰ ਪੰਜਾਬ ਸਰਕਾਰ ਨੂੰ ਜਵਾਬ 'ਚ ਲਿਖਿਆ ਸੀ[1]:-

''ਜਵਾਬ ਵਿੱਚ ਮੈਨੂੰ (ਸਕੱਤਰ) ਨੂੰ ਇਹ ਦੱਸਣ ਲਈ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਲੈਫ਼ਟੀਨੈਂਟ ਗਵਰਨਰ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਇਸ ਸੰਪਰਦਾਇ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਪ੍ਰਤੱਖ ਕਾਰਵਾਈਆਂ ਤੇ ਕਿਸੇ ਵੀ ਗ਼ੱਦਾਰੀ ਵਾਲੇ ਆਚਰਣ ਦੀ ਅਣਹੋਂਦ ਵਿੱਚ, ਉਨ੍ਹਾਂ ਦੇ ਆਗੂ ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰਨਾ ਮੁਨਾਸਿਬ ਨਹੀਂ ਹੋਵੇਗਾ; ਪਰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹਨਾਂ ਦੀਆਂ ਹਰਕਤਾਂ 'ਤੇ ਪੂਰੀ ਨਜ਼ਰ ਰੱਖੀ ਜਾਣੀ ਚਾਹੀਦੀ ਹੈ ਅਤੇ ਲਗਾਤਾਰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਖਾਸ ਤੌਰ 'ਤੇ, ਇਹ ਦਰੁਸਤ ਰਹੇਗਾ ਕਿ ਇਹ ਪਤਾ ਲਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਕੀ ਉਨ੍ਹਾਂ ਨੇ ਕੋਈ ਹਥਿਆਰ ਤਾਂ ਇਕੱਠੇ ਨਹੀਂ ਕੀਤੇ ਹਨ ਜਾਂ ਇਕੱਠੇ ਕਰ ਰਹੇ ਹਨ। ਜਾਂ ਕੋਈ ਸਿੱਖ ਮੁਖੀ ਜਾਂ ਕੋਈ ਭਰੋਸੇਯੋਗ ਵਫ਼ਾਦਾਰ ਵਿਅਕਤੀ ਨੂੰ ਇਸ ਵਿਸ਼ੇ 'ਤੇ ਨਿੱਜੀ ਤੌਰ 'ਤੇ ਜਾਂਚ ਲਈ ਨਿਯੁਕਤ ਕੀਤਾ ਜਾ ਸਕਦਾ ਹੈ।

ਕੇਂਦਰ ਸਰਕਾਰ ਦੇ ਜਵਾਬ 'ਚ ਇਹ ਭਰੋਸਾ ਦਿੱਤਾ ਗਿਆ ਸੀ ਕਿ ''ਸਾਵਧਾਨੀ ਵਜੋਂ, ਮਹਾਮਹਿਮ ਕਮਾਂਡਰ-ਇਨ-ਚੀਫ਼ ਨੂੰ ਲੁਧਿਆਣਾ ਦੇ ਕਿਲ੍ਹੇ ਲਈ ਇੱਕ ਗੜ੍ਹੀ ਵਜੋਂ ਗੋਰਖਾ ਰੈਜੀਮੈਂਟ ਦੀਆਂ ਦੋ ਕੰਪਨੀਆਂ ਨੂੰ ਵੱਖ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ,'' ਅਤੇ ''ਗ੍ਰਿਹ ਵਿਭਾਗ ਨੂੰ ਇਸ ਗੱਲ 'ਤੇ ਵਿਚਾਰ ਕਰਨ ਦੀ ਬੇਨਤੀ ਕੀਤੀ ਜਾਵੇਗੀ ਕਿ ਕੀ ਲੁਧਿਆਣਾ 'ਤੇ ਚੌਕਸ ਨਜ਼ਰ ਰੱਖਣ ਲਈ ਅਸਥਾਈ ਤੌਰ 'ਤੇ ਇੰਤਜ਼ਾਮ ਨਹੀਂ ਕਰਨੇ ਚਾਹੀਦੇ।

1. ਫ਼ੌਰੇਨ ਪੁਲਿਟੀਕਲ (ਏ) ਅਕਤੂਬਰ 1866, ਨੰਬਰ 18/20

8 ਅਕਤੂਬਰ ਨੂੰ ਭਾਰਤ ਸਰਕਾਰ ਨੇ ਇਹ ਮਹਿਸੂਸ ਕਰਦਿਆਂ ਕਿ ਇਹ ਮਾਮਲਾ ਗ੍ਰਹਿ ਵਿਭਾਗ ਦੇ ਧਿਆਨ 'ਚ ਲਿਆਉਣ ਦਾ ਹੱਕਦਾਰ ਹੈ, ਪੰਜਾਬ ਸਰਕਾਰ ਨਾਲ ਆਪਣੇ ਪੱਤਰ-ਵਿਹਾਰ ਦੇ ਉਹ ਸਾਰੇ ਦਸਤਾਵੇਜ਼ ਭੇਜੇ, ਜਿਨ੍ਹਾਂ ਦਾ ਵਿਸ਼ਾ ਸੀ ''ਸਿੱਖਾਂ 'ਚ ਕੂਕਿਆਂ[1] ਦੇ ਨਾਂਅ ਵਾਲੇ ਮੁੱਠੀ ਭਰ ਧਾਰਮਿਕ ਸੰਪਰਦਾਇ ਦੀ ਹੋਂਦ ਤੇ ਉਸ ਦੀ ਗੰਭੀਰ ਤਰੱਕੀ''।

ਭਾਰਤ ਦੇ ਵਿਦੇਸ਼ ਸਕੱਤਰ ਨੇ 31 ਮਈ, 1867 ਨੂੰ ਭਾਰਤ ਸਰਕਾਰ ਨੂੰ ਜਵਾਬ ਦਿੰਦਿਆਂ ਹੇਠ ਲਿਖੇ ਅਹਿਮ ਨਿਰੀਖਣ ਕੀਤੇ[2]:-

''ਇਹ ਬਿਨਾਂ-ਟਿੱਪਣੀ ਰਿਪੋਰਟ, ਜੋ ਤੁਸੀਂ ਭੇਜੀ ਹੈ, ਇਹ ਦਰਸਾਉਂਦੀ ਜਾਪਦੀ ਹੈ ਕਿ ਕੂਕਿਆਂ ਦੇ ਖ਼ਤਰਨਾਕ ਕਿਰਦਾਰ ਵਾਲੇ ਕੁਝ ਗੁਪਤ ਕਿਸਮ ਦੇ ਸਿਆਸੀ ਮੰਤਵ ਹਨ; ਅਤੇ ਮੈਨੂੰ ਇਸ ਵੇਲੇ ਤੁਹਾਡੀ ਸਰਕਾਰ ਨੂੰ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਗਤੀਵਿਧੀਆਂ 'ਚ ਕੋਈ ਸਰਗਰਮ ਦਖਲ ਦੇਣ ਦੀ ਅਪੀਲ ਕਰਨ ਦਾ ਕਾਰਨ ਨਹੀਂ ਦਿਸਦਾ, ਮੈਨੂੰ ਮਹਾਰਾਣੀ ਦੀ ਸਰਕਾਰ ਤੋਂ ਇਹੋ ਆਸ ਰੱਖਣੀ ਚਾਹੀਦੀ ਹੈ ਕਿ ਇਨ੍ਹਾਂ ਵਿਅਕਤੀਆਂ 'ਤੇ ਚੁੱਪ-ਚੁਪੀਤੇ ਪਰ ਬਹੁਤ ਨੇੜਿਓਂ ਨਜ਼ਰ ਰੱਖਣੀ ਚਾਹੀਦੀ ਹੈ।''

ਇਸ ਪੱਤਰ ਦੀ ਇੱਕ ਕਾਪੀ ਭਾਰਤ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ, ਜਿਸ ਨੇ ਇਸ ਨੂੰ ਸਾਰੇ ਅਹਿਮ ਅਧੀਨ ਅਧਿਕਾਰੀਆਂ 'ਚ ਵੰਡ ਦਿੱਤਾ ਸੀ। ਗ੍ਰਹਿ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਨੇ ਇਸ ਤੋਂ ਬਾਅਦ ਕੂਕਿਆਂ ਪ੍ਰਤੀ ਅਧਿਕਾਰਤ ਨੀਤੀ ਦੀ ਮੁੱਖ-ਸੁਰ ਤੈਅ ਹੋ ਗਈ। ਪੁਲਿਸ ਵਿਭਾਗ ਨੂੰ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਤੇ ਰਿਪੋਰਟ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਹਰ ਸਾਲ ਦੇ ਅੰਤ ਵਿੱਚ, ਸਾਰੇ ਦਸਤਾਵੇਜ਼ ਤਿਆਰ ਕੀਤੇ ਗਏ ਤੇ ਪੰਜਾਬ ਸਰਕਾਰ ਕੋਲ ਪੁਲਿਸ ਦੇ ਇੰਸਪੈਕਟਰ ਜਨਰਲ ਦੀਆਂ ਟਿੱਪਣੀਆਂ ਨਾਲ ਰੱਖੇ ਗਏ। ਬਾਅਦ 'ਚ ਇਹ ਸਾਰੀ ਸਮੱਗਰੀ ਕੇਂਦਰ ਅਤੇ ਗ੍ਰਹਿ ਸਰਕਾਰਾਂ ਦੀ ਜਾਣਕਾਰੀ ਲਈ ਵੀ ਭੇਜੀ ਗਈ ਸੀ।

ਸਮੁੱਚੇ ਤੌਰ 'ਤੇ ਸਖ਼ਤ ਚੌਕਸੀ ਦੀ ਉਪਰੋਕਤ ਨੀਤੀ ਅਗਾਊਂ ਸਾਵਧਾਨੀ ਵਜੋਂ ਕੁਝ ਠੋਸ ਕਦਮ ਚੁੱਕ ਕੇ ਕੁਝ ਇਸ ਤਰ੍ਹਾਂ ਲਾਗੂ ਕਰ ਦਿੱਤੀ ਗਈ ਸੀ ਕਿ ਲੁਧਿਆਣਾ 'ਚ ਇੱਕ ਟੈਲੀਗ੍ਰਾਫ ਦਫਤਰ ਕਾਇਮ ਕਰ ਦਿੱਤਾ ਗਿਆ ਤੇ ਫੌਜ ਦੀ ਇੱਕ ਟੁਕੜੀ ਸਥਾਪਤ ਕਰ ਦਿੱਤੀ ਗਈ, ਕੂਕਿਆਂ 'ਤੇ ਨਜ਼ਰ ਰੱਖੀ ਜਾਣ ਲੱਗੀ ਤੇ ਹਥਿਆਰਬੰਦ ਫੌਜਾਂ ਤੇ ਪੁਲਿਸ ਬਲਾਂ ਵਿੱਚ ਉਨ੍ਹਾਂ ਦੀ ਨਵੀਂ ਭਰਤੀ ਰੋਕ ਦਿੱਤੀ ਗਈ। ਇਸ ਸ਼ੱਕ ਦੇ ਆਧਾਰ 'ਤੇ ਕਿ 14ਵੀਂ ਰੈਜੀਮੈਂਟ ਨੇਟਿਵ ਇਨਫੈਂਟਰੀ ਦੇ ਸਿੱਖਾਂ ਵਿਚ ਕੁਝ ਕੂਕੇ ਹੋ ਸਕਦੇ ਹਨ, ਉਸ ਦੇ ਕਮਾਂਡੈਂਟ, ਲੈਫਟੀਨੈਂਟ ਕਰਨਲ ਜੀ. ਰੌਸ ਵੱਲੋਂ ਪੂਰੀ ਤਰ੍ਹਾਂ ਜਾਂਚ ਕੀਤੀ ਗਈ ਤੇ ਉਸ ਦਾ ਨਤੀਜਾ ਕਮਾਂਡਰ-ਇਨ-ਚੀਫ਼ ਨੂੰ ਰਿਪੋਰਟ ਕੀਤਾ

1. ਫ਼ੌਰੇਨ ਪੁਲਿਟੀਕਲ (ਏ) ਫ਼ਰਵਰੀ 1866, ਕੌਂਸ 171
2. ਫ਼ੌਰੇਨ ਪੁਲਿਟੀਕਲ (ਏ) ਫ਼ਰਵਰੀ 1868, ਕੌਂਸ 202-203

ਗਿਆ। ਕਮਾਂਡਰ-ਇਨ-ਚੀਫ ਨੇ 29 ਨਵੰਬਰ, 1866 ਨੂੰ ਜਵਾਬ 'ਚ ਲਿਖਿਆ[1] ਕਿ "ਤੁਸੀਂ 'ਕੂਕਾਵਾਦ' ਦੇ ਸਬੰਧ 'ਚ ਅਤੇ ਭਵਿੱਖ 'ਚ ਤੁਹਾਡੀ ਕਮਾਂਡ ਅਧੀਨ ਰੈਜਿਮੈਂਟ 'ਚ ਇਸ ਸੰਪਰਦਾਇ ਨਾਲ ਸਬੰਧਤ ਵਿਅਕਤੀਆਂ ਦੀ ਭਰਤੀ ਦੀ ਸੰਭਾਵਨਾ ਨੂੰ ਰੋਕਣ ਲਈ ਸਾਵਧਾਨੀ ਵਜੋਂ ਜੋ ਵੀ ਕਦਮ ਚੁੱਕੇ ਹਨ, ਉਹ ਉਨ੍ਹਾਂ ਨੂੰ ਪ੍ਰਵਾਨ ਕਰਦੇ ਹਨ।"

ਇਸ ਤੋਂ ਪਹਿਲਾਂ 22 ਸਤੰਬਰ ਨੂੰ ਲੁਧਿਆਣਾ ਦੇ ਸਹਾਇਕ ਕਮਿਸ਼ਨਰ ਨੇ ਉਪਰੋਕਤ ਰੈਜਿਮੈਂਟ ਦੇ ਕਮਾਂਡੈਂਟ ਨੂੰ ਇਹ ਦੱਸਿਆ ਸੀ ਕਿ ਇੱਕ ਕੂਕੇ ਨੂੰ ਦੂਜੇ ਸਿੱਖਾਂ ਨਾਲੋਂ ਕਿਵੇਂ ਵੱਖ ਕਰਨਾ ਹੈ। ਜਿਵੇਂ ਕਿ ਇਹ ਸਭ ਕਾਫ਼ੀ ਨਹੀਂ ਸੀ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਸੀ.ਪੀ. ਇਲੀਅਟ ਨੇ 26 ਸਤੰਬਰ ਨੂੰ ਉਸੇ ਸੱਜਣ ਨੂੰ ਇੱਕ ਹੋਰ ਚਿੱਠੀ ਭੇਜੀ।

ਉਨ੍ਹਾਂ ਲਿਖਿਆ[2]: "ਇਸੇ ਮਹੀਨੇ ਦੀ 17 ਤਰੀਕ ਦੀ ਤੁਹਾਡੀ ਚਿੱਠੀ ਨੰਬਰ 242 ਦਾ ਜਵਾਬ ਮੇਰੀ ਅਸਥਾਈ ਗ਼ੈਰ-ਮੌਜੂਦਗੀ 'ਚ ਮੇਰੇ ਸਹਾਇਕ ਨੇ ਦੇ ਦਿੱਤਾ ਸੀ। ਮੈਂ ਇਹ ਜਾਣਕਾਰੀ ਜੋੜਨੀ ਚਾਹੁੰਦਾ ਹਾਂ ਕਿ ਮੈਂ "ਕੂਕਿਆਂ" ਨੂੰ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਨਹੀਂ ਮੰਨਦਾ, ਜਿਵੇਂ ਕਿ ਉਹ ਅਕਸਰ ਪ੍ਰਚਾਰ ਕਰਦੇ ਹਨ, ਸਗੋਂ ਮੈਂ ਇਸ ਨੂੰ ਇੱਕ ਖਤਰਨਾਕ ਸਿਆਸੀ ਸੰਪਰਦਾਇ ਮੰਨਦਾ ਹਾਂ। ਮੇਰੇ ਵਿਚਾਰ ਅਨੁਸਾਰ ਇਹ ਠੀਕ ਰਹੇਗਾ ਕਿ ਉਨ੍ਹਾਂ ਨੂੰ ਰੈਜਿਮੈਂਟਾਂ 'ਚ ਭਰਤੀ ਨਾ ਕੀਤਾ ਜਾਵੇ, ਜਾਂ ਧਰਮ-ਪਰਿਵਰਤਨ ਕਰਵਾਉਣ ਭਾਵ ਨਵੇਂ ਕੂਕੇ ਬਣਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ।"

ਜਿਵੇਂ ਕਿ ਅਸੀਂ ਉੱਪਰ ਵੇਖਿਆ ਹੈ, ਚੌਕਸੀ ਵਧਾਉਣ ਦੀ ਨੀਤੀ ਅਪਣਾਈ ਗਈ ਸੀ, 1867 ਦੇ ਅਰੰਭ 'ਚ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਦੀਆਂ ਗਤੀਵਿਧੀਆਂ 'ਤੇ ਪਾਬੰਦੀਆਂ 'ਚ ਢਿੱਲ ਦੇਣ ਦਾ ਫ਼ੈਸਲਾ ਕੀਤਾ ਗਿਆ ਸੀ। ਇਸ ਫ਼ੈਸਲੇ ਦੇ ਨਿਮਨਲਿਖਤ ਆਧਾਰ ਸਨ[3]:-

1. ਬਾਬਾ ਰਾਮ ਸਿੰਘ ਜੀ ਦੇ ਵਿਵਹਾਰ 'ਚ ਜਾਂ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਸਿਧਾਂਤਾਂ ਵਿਚ ਅਜਿਹਾ ਕੁਝ ਵੀ ਨਹੀਂ ਪਾਇਆ ਗਿਆ ਸੀ ਕਿ ਉਨ੍ਹਾਂ ਦੀ ਇੱਕ ਕੈਦੀ ਵਜੋਂ ਨਜ਼ਰਬੰਦੀ ਹੋਰ ਵਧਾਈ ਜਾਂਦੀ।

2. ਉਨ੍ਹਾਂ ਦੀ ਨਜ਼ਰਬੰਦੀ ਨੇ ਸਗੋਂ ਉਨ੍ਹਾਂ ਦੇ ਸਿਧਾਂਤਾਂ ਨੂੰ ਬਲ ਬਖ਼ਸ਼ਿਆ, ਉਹ ਦਬੇ ਨਹੀਂ, ਉਨ੍ਹਾਂ ਦਾ ਇੱਕ ਸਤਾਏ ਹੋਏ ਸ਼ਹੀਦ ਵਰਗਾ ਅਹਿਮ ਅਕਸ ਕਾਇਮ ਹੋਇਆ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਮਨਾਂ ਵਿੱਚ ਅੰਗਰੇਜ਼ਾਂ ਦੀ ਸਰਕਾਰ ਪ੍ਰਤੀ ਦੁਸ਼ਮਣੀ ਦੀ ਭਾਵਨਾ ਪੈਦਾ ਹੁੰਦੀ ਰਹੀ, ਅਤੇ ਉਸ ਦੀ ਧਾਰਮਿਕ ਸਹਿਣਸ਼ੀਲਤਾ ਦੀਆਂ ਨੀਤੀਆਂ ਪ੍ਰਤੀ ਸ਼ੰਕੇ ਉਪਜਣ ਲੱਗੇ।

---

1. ਫ਼ੌਰੇਨ ਪੁਲਿਟੀਕਲ (ਏ) ਜਨਵਰੀ 1867, ਕੌਂਸ 23
2. -ਉਹੀ-
3. ਫ਼ੌਰੇਨ ਪੁਲਿਟੀਕਲ (ਏ) ਮਈ 1867, ਕੌਂਸ 20-21

3. ਸ੍ਰੀ ਅਨੰਦਪੁਰ ਸਾਹਿਬ ਦੇ ਇਕੱਠ ਦੌਰਾਨ ਉਨ੍ਹਾਂ ਵੱਲੋਂ ਸ਼ਾਂਤਮਈ ਆਚਰਣ ਨੂੰ ਕਾਇਮ ਰੱਖਣਾ ਹੀ ਉਨ੍ਹਾਂ ਲਈ ਇੱਕ ਸਖ਼ਤ ਪ੍ਰੀਖਿਆ ਵਾਂਗ ਹੋਵੇਗਾ, ਜਦੋਂ ਕਿ ਉਸੇ ਸਮੇਂ ਸਰਕਾਰ ਵੀ ਨਾਲੋ-ਨਾਲ ਉੱਥੇ ਪੈਦਾ ਹੋ ਸਕਣ ਵਾਲੀ ਹਰ ਤਰ੍ਹਾਂ ਦੀ ਸੰਭਾਵੀ ਗੜਬੜੀ ਨਾਲ ਨਜਿੱਠਣ ਦੀ ਸਥਿਤੀ 'ਚ ਹੋਵੇਗੀ।

ਪੰਜਾਬ ਸਰਕਾਰ ਦੀਆਂ ਉਪਰੋਕਤ ਤਿੰਨ ਦਲੀਲਾਂ ਵਿੱਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ[1] ਵੱਲੋਂ ਹੇਠ ਲਿਖੀ ਇੱਕ ਦਲੀਲ ਜੋੜੀ ਗਈ ਸੀ:

4. ਜੇ (ਅਨੰਦਪੁਰ ਵਿਖੇ) ਕੋਈ ਮਸਲਾ ਖੜ੍ਹਾ ਹੋ ਜਾਂਦਾ ਹੈ, ਤਾਂ ਇਸ ਨਾਲ ਸਗੋਂ ਅਧਿਕਾਰੀਆਂ ਨੂੰ ਬਾਬਾ ਰਾਮ ਸਿੰਘ ਜੀ 'ਤੇ ਸ਼ਿਕੰਜਾ ਕੱਸਣ ਦਾ ਮੌਕਾ ਮਿਲ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਦਾ ਆਧਾਰ ਕਾਇਮ ਹੋ ਜਾਵੇਗਾ, ਕੀ ਅਜਿਹਾ ਕਰਨਾ ਉਚਿਤ ਹੋਵੇਗਾ।

ਉਪਰੋਕਤ ਤੋਂ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਢਿੱਲ ਦੇਣ ਦੀ ਨੀਤੀ ਕੂਕਾ ਰਹਿਨੁਮਾ ਦੇ 1863 ਤੋਂ ਬਾਅਦ ਉਨ੍ਹਾਂ ਦੇ ਸਿਰਫ਼ ਸ਼ਾਂਤੀਪੂਰਨ ਆਚਰਣ ਕਰਕੇ ਨਹੀਂ, ਸਗੋਂ ਹੋਰ ਵੀ ਬਹੁਤ ਸਾਰੇ ਡੂੰਘੇ ਅਤੇ ਵਜ਼ਨੀ ਕਾਰਨਾਂ ਕਰਕੇ ਲਾਗੂ ਕੀਤੀ ਗਈ ਸੀ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਬਾਬਾ ਰਾਮ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਜਾਣ ਲਈ ਇਜਾਜ਼ਤ ਦੇਣ ਦੀ ਸ਼ਿਫ਼ਾਰਸ਼ ਕਰਨ ਵੇਲੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਕੇਵਲ ਬਾਸ਼ਰਤ ਪ੍ਰਵਾਨਗੀ ਦੇਣੀ ਚਾਹੁੰਦੇ ਹਨ।

ਬਾਬਾ ਰਾਮ ਸਿੰਘ ਤੇ ਉਹਨਾਂ ਦੇ ਪੈਰੋਕਾਰਾਂ ਦੀ ਅਨੰਦਪੁਰ (ਮਾਰਚ 1867) ਅਤੇ ਅੰਮ੍ਰਿਤਸਰ (ਅਕਤੂਬਰ 1867) ਦੀ ਯਾਤਰਾ ਜਿਸ ਵਿਵਸਥਿਤ ਤਰੀਕੇ ਨਾਲ ਨਿੱਬੜ ਗਈ, ਉਸ ਤੋਂ ਸਰਕਾਰ ਨੂੰ ਉਹਨਾਂ ਦੀਆਂ ਗਤੀਵਿਧੀਆਂ 'ਤੇ ਬਾਕੀ ਰੋਕਾਂ ਹਟਾਉਣ ਲਈ ਉਤਸ਼ਾਹ ਮਿਲਿਆ। ਸ਼ਾਇਦ ਇਸ ਵਿਵਸਥਾ ਵਿਚ ਸਭ ਤੋਂ ਵੱਡਾ ਯੋਗਦਾਨ ਸਰਕਾਰ ਦਾ ਹੀ ਸੀ। ਇਸ ਮੌਕੇ ਦੋਵੇਂ ਥਾਵਾਂ 'ਤੇ ਸ਼ਾਨਦਾਰ ਪ੍ਰਬੰਧ ਕੀਤੇ ਗਏ ਸਨ। ਮੌਕੇ 'ਤੇ ਮੌਜੂਦ ਅਧਿਕਾਰੀਆਂ ਨੇ ਸਥਿਤੀ ਨੂੰ ਬੜੀ ਸਮਝਦਾਰੀ ਨਾਲ ਸੰਭਾਲਿਆ। ਉਦਾਹਰਣ ਵਜੋਂ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਕਰਨਲ ਮੈਕਐਂਡਰਿਊ ਅਤੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਮੇਜਰ ਪਰਕਿਨਸ ਵੱਲੋਂ ਜੇ ਮੌਕੇ 'ਤੇ ਸੁਚੇਤ ਪ੍ਰਬੰਧ ਨਾ ਕੀਤੇ ਹੁੰਦੇ, ਤਾਂ ਅਨੰਦਪੁਰ ਸਾਹਿਬ[2] ਵਿਖੇ ਨਿਸ਼ਚਤ ਤੌਰ 'ਤੇ ਸ਼ਾਂਤਪੂਰਨ ਮਾਹੌਲ ਦੀ ਗੰਭੀਰ ਉਲੰਘਣਾ ਹੋ ਜਾਣੀ ਸੀ। ਇਸ ਦੇ ਨਾਲ ਹੀ, ਬਾਬਾ ਰਾਮ ਸਿੰਘ ਜੀ ਦਾ ਅਨੁਕੂਲ ਰਵੱਈਆ ਉਨ੍ਹਾਂ ਦੇ ਦੌਰਿਆਂ ਦੌਰਾਨ ਸ਼ਾਂਤਮਈ ਮਾਹੌਲ 'ਚ ਯੋਗਦਾਨ ਪਾਉਣ ਵਾਲਾ ਕੋਈ ਮਾਮੂਲੀ ਕਾਰਣ ਨਹੀਂ ਸੀ। ਇਸੇ ਲਈ ਸਰਕਾਰੀ ਰਿਪੋਰਟਾਂ 'ਚ ਇਹੋ ਲਿਖਿਆ ਗਿਆ ਕਿ ਕੂਕਿਆਂ ਨੇ ਆਪਣੇ ਆਪ ਨੂੰ ਸ਼ਾਂਤਮਈ ਢੰਗ ਨਾਲ ਚਲਾਇਆ ਸੀ, ਇਸ ਗੱਲ ਤੋਂ ਸਰਕਾਰ ਬਹੁਤ ਖੁਸ਼ ਸੀ। ਅਨੰਦਪੁਰ ਸਾਹਿਬ 'ਚ ਕੂਕਿਆਂ 'ਤੇ ਨਜ਼ਰ ਰੱਖਣ ਲਈ ਨਿਯੁਕਤ ਕੀਤੇ ਗਏ

1. ਫ਼ੌਰੇਨ ਪੁਲਿਟੀਕਲ (ਏ) ਮਈ 1867, ਕੌਂਸ 20-21, ਡੀਸੀ ਵੱਲੋਂ ਮੈਮੋਰੈਂਡਮ
2. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284-ਅੰਤਿਕਾ ਏ, ਨੰ. 2, ਪੰਨਾ 2459

ਪੁਲਿਸ ਇੰਸਪੈਕਟਰ ਮੀਆਂ ਫਜ਼ਲ ਹੁਸੈਨ ਤੇ ਕੁਝ ਹੋਰ ਰਿਪੋਰਟਾਂ 'ਚ ਨਾ ਸਿਰਫ ਕੂਕਾ ਸੰਪਰਦਾਇ ਤੇ ਉਸ ਦੀਆਂ ਸਿੱਖਿਆਵਾਂ ਦੀ ਬਹੁਤ ਸ਼ਲਾਘਾ ਕੀਤੀ, ਸਗੋਂ ਇਸ ਦੇ ਰਾਜਨੀਤਿਕ ਝੁਕਾਅ ਬਾਰੇ ਸ਼ੰਕੇ ਦੂਰ ਕਰਨ ਦੀ ਕੋਸ਼ਿਸ਼ ਵੀ ਕੀਤੀ। ਸਿਆਸੀ ਰੁਝਾਨ ਵਾਲੇ ਪੱਖ 'ਤੇ ਮੀਆਂ ਫਜ਼ਲ ਹੁਸੈਨ ਦੇ ਵਿਚਾਰ ਸਨ[1]: "ਬਾਬਾ ਰਾਮ ਸਿੰਘ ਜੀ ਨਾਲ ਨਿੱਜੀ ਗੱਲਬਾਤ ਤੋਂ ਬਾਅਦ, ਮੇਰਾ ਵਿਚਾਰ ਹੈ ਕਿ ਉਹ ਕਿਸੇ ਵੀ ਤਰ੍ਹਾਂ ਬ੍ਰਿਟਿਸ਼ ਸਰਕਾਰ ਦੇ ਵਿਰੋਧ ਵਿੱਚ ਕੰਮ ਨਹੀਂ ਕਰਦੇ; ਪਰ ਉਨ੍ਹਾਂ ਦੇ ਕੁਝ ਸੂਬੇ (ਲੈਫਟੀਨੈਂਟ) ਮਾੜੇ ਆਦਮੀ ਹਨ, ਜੋ ਉਨ੍ਹਾਂ ਦੀ ਸਾਖ ਨੂੰ ਠੇਸ ਪਹੁੰਚਾਉਂਦੇ ਹਨ।"

ਬਾਬਾ ਰਾਮ ਸਿੰਘ ਜੀ ਦੇ ਸਭ ਨਾਲ ਮਿਲ ਕੇ ਅੱਗੇ ਵਧਣ ਦੇ ਰਵੱਈਏ ਤੇ ਸਿੱਟੇ ਵਜੋਂ ਉਹਨਾਂ ਦੇ ਦੋ ਪ੍ਰਮੁੱਖ ਸਿੱਖ ਧਾਰਮਿਕ ਕੇਂਦਰਾਂ ਦੇ ਸ਼ਾਂਤਮਈ ਦੌਰੇ ਤੋਂ ਬਾਅਦ ਵੀ ਅਧਿਕਾਰੀਆਂ ਦੇ ਮਨਾਂ 'ਚੋਂ ਡਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ, ਕਿਉਂਕਿ ਸਾਲ 1867 ਦੀ ਸਰਕਾਰੀ ਰਿਪੋਰਟ ਵਿਚ ਇੰਸਪੈਕਟਰ ਜਨਰਲ, ਪੁਲਿਸ[2] ਨੇ ਲਿਖਿਆ ਹੈ: 'ਭਾਵੇਂ ਮੇਰਾ ਮੰਨਣਾ ਹੈ ਕਿ ਬਾਬਾ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ 'ਤੇ ਹਾਲੇ ਕੋਈ ਰੋਕ ਲਗਾਉਣ ਦੀ ਜ਼ਰੂਰਤ ਨਹੀਂ ਹੈ, ਫਿਰ ਵੀ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀਆਂ ਕਾਰਵਾਈਆਂ ਤੇ ਉਨ੍ਹਾਂ ਦੇ ਸੂਬਿਆਂ 'ਤੇ ਨੇੜਿਓਂ ਤੇ ਨਿਰੰਤਰ ਨਜ਼ਰ ਰੱਖਣ ਦੀ ਲੋੜ ਹੈ।' ਹਾਲਾਂਕਿ, ਅਗਲੇ ਦੋ ਸਾਲਾਂ ਦੀਆਂ ਸਰਕਾਰੀ ਰਿਪੋਰਟਾਂ 'ਚ ਆਮ ਤੌਰ 'ਤੇ ਇਹੋ ਦੱਸਿਆ ਜਾਂਦਾ ਰਿਹਾ ਸੀ ਕਿ ਕੂਕਾ ਅੰਦੋਲਨ ਦੇ ਪ੍ਰਤੀਤ ਹੁੰਦੇ ਗਿਰਾਵਟ ਦੇ ਰੁਝਾਨ ਦੇ ਨਾਲ-ਨਾਲ ਮਕਬਰਿਆਂ, ਕਬਰਾਂ ਤੇ ਸਮਾਧਾਂ 'ਤੇ ਕੂਕਿਆਂ ਦੇ ਰੋਹ ਭਰਪੂਰ ਹਮਲਿਆਂ 'ਚ ਕਮੀ ਦਰਜ ਕੀਤੀ ਗਈ ਹੈ; ਜਿਸ ਕਰਕੇ ਸਰਕਾਰ ਨੇ ਕੂਕਿਆਂ 'ਤੋਂ ਸਖ਼ਤੀਆਂ ਘਟਾਈਆਂ ਅਤੇ ਇਹੋ ਸਮਝਿਆ ਗਿਆ ਕਿ ਹੁਣ ਇਹ ਅੰਦੋਲਨ ਠੰਢਾ ਪੈ ਚੁਕਾ ਹੈ, ਉਤਸ਼ਾਹ ਦੀ ਅੱਗ ਮੱਠੀ ਪੈ ਚੁੱਕੀ ਹੈ ਤੇ ਪ੍ਰਚਾਰਕਾਂ ਦਾ ਜੋਸ਼ ਸਮਝਦਾਰੀ ਨਾਲ ਖਤਮ ਹੋ ਰਿਹਾ ਹੈ[3]"।

1868 ਤੇ 1869 ਦੀਆਂ ਸਰਕਾਰੀ ਰਿਪੋਰਟਾਂ ਕਾਫ਼ੀ ਡੂੰਘਾਈ ਵਿੱਚ ਨਹੀਂ ਗਈਆਂ ਸਨ, ਇਹ ਗੱਲ ਦੋਰਾਹਾ 'ਚ ਕੰਮ ਕਰਦੇ ਇੱਕ ਰੇਲਵੇ ਕਰਮਚਾਰੀ ਸ੍ਰੀ ਜੇ. ਡੋਨੋਵਨ ਵੱਲੋਂ ਗਵਰਨਰ ਜਨਰਲ ਨੂੰ ਲਿਖੀਆਂ ਦੋ ਚਿੱਠੀਆਂ ਤੋਂ ਜ਼ਾਹਿਰ ਹੁੰਦੀ ਹੈ, ਦੂਜੀ ਚਿੱਠੀ ਉਨ੍ਹਾਂ ਲਾਰਡ ਜੌਹਨ ਲਾਰੈਂਸ ਨੂੰ ਉਨ੍ਹਾਂ ਦੇ ਨਾਮ ਨਾਲ ਲਿਖੀ ਸੀ। ਇਹ ਦੋਵੇਂ ਚਿੱਠੀਆਂ ਸਤੰਬਰ 1868 'ਚ ਲਿਖੀਆਂ ਗਈਆਂ ਸਨ, ਪਹਿਲੀ 7 ਤਰੀਕ ਨੂੰ ਅਤੇ ਦੂਜੀ 30 ਨੂੰ। ਪਹਿਲੀ ਚਿੱਠੀ 'ਚ, ਡੋਨੋਵਨ ਨੇ ਲਿਖਿਆ[4]:

---

1. ਉਹੀ
2. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284-ਅੰਤਿਕਾ ਏ, ਨੰ. 2
3. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284-ਅੰਤਿਕਾ ਏ, ਨੰ. 3, ਪੰਨਾ 2465; ਅੰਤਿਕਾ ਏ, ਨੰ. 4, ਪੰਨਾ 2469
4. ਫ਼ੌਰੇਨ ਪੁਲਿਟੀਕਲ (ਏ) ਸਤੰਬਰ 1868, ਕੌਂਸ. 383

"ਇਸ ਦੇਸ਼ (ਪੰਜਾਬ) ਦੇ ਇੱਕ ਮੂਲ ਨਿਵਾਸੀ[1], ਜੋ ਹੁਣ ਮੇਰੇ ਨਾਲ ਇੱਥੇ ਕੰਮ ਕਰ ਰਹੇ ਹਨ, ਨੇ ਹੁਣੇ ਹੀ ਦੇਸ਼ 'ਚ ਚੱਲ ਰਹੀ ਇੱਕ ਬਹੁਤ ਭਿਆਨਕ ਗੱਲ ਸਾਹਮਣੇ ਲਿਆਂਦੀ ਹੈ।

"ਉਹ ਕਹਿੰਦਾ ਹੈ ਕਿ ਇੱਥੇ ਕੂਕੇ ਨਾਂਅ ਦਾ ਇੱਕ ਨਵਾਂ ਸੰਪਰਦਾਇ ਹੈ ਜੋ ਇਸ ਵੇਲੇ ਇੱਕ ਬਹੁਤ ਵਿਸ਼ਾਲ ਤੇ ਮਜ਼ਬੂਤ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ; ਇਸ ਸੰਸਥਾ ਦੇ ਮੁੱਖ ਮੈਂਬਰਾਂ 'ਚੋਂ ਪੰਜਾਬ ਦੀ ਇੱਕ ਪ੍ਰਸਿੱਧ ਹਸਤੀ ਹੈ; ਜਿਨ੍ਹਾਂ ਦਾ ਨਾਮ ਰਾਮ ਸਿੰਘ ਹੈ: ਉਹ ਹੁਣ ਮਾਲਵਾ ਖ਼ਿੱਤੇ 'ਚ ਆਪਣੇ ਬਹੁਤ ਸਾਰੇ ਪੈਰੋਕਾਰ ਇਕੱਠੇ ਕਰ ਰਹੇ ਹਨ; ਇਸ ਸਮੇਂ ਉਨ੍ਹਾਂ ਨੇ ਸਾਡੇ ਵਿਰੁੱਧ ਬਗ਼ਾਵਤ ਕਰਨ ਤੇ ਅੰਤ 'ਚ ਸਾਨੂੰ ਪੰਜਾਬ 'ਚੋਂ ਕੱਢਣ ਲਈ ਦੋ ਲੱਖ ਲੋਕ ਇਕੱਠੇ ਕਰ ਲਏ ਹਨ। ਇਸ ਤੋਂ ਇਲਾਵਾ, ਬਾਬਾ ਰਾਮ ਸਿੰਘ ਨੇ ਪਟਿਆਲਾ ਦੇ ਰਾਜੇ ਦੇ ਕਿਸੇ ਰਿਸ਼ਤੇਦਾਰ ਨਾਲ ਅਜਿਹਾ ਪ੍ਰਬੰਧ ਕੀਤਾ ਹੈ ਕਿ ਜੇ ਉਹ ਵੀ ਸਹਾਇਤਾ ਪ੍ਰਦਾਨ ਕਰਦੇ ਹਨ, ਤਾਂ ਉਹ ਦੋਵੇਂ ਮਿਲ ਕੇ ਪੰਜਾਬ ਵਿਚ ਸਾਡੇ ਤੋਂ 'ਰਾਜ' ਖੋਹਣ 'ਚ ਮਦਦ ਕਰਨਗੇ ਤੇ ਇਸ ਤਰ੍ਹਾਂ ਸਿੱਖ ਸ਼ਕਤੀ ਨੂੰ ਦੁਬਾਰਾ ਸਥਾਪਿਤ ਕਰਨਗੇ ਅਤੇ ਉਸ ਨੂੰ 'ਕੂਕਿਆਂ ਦਾ ਬਾਦਸ਼ਾਹ' ਬਣਾਉਣਗੇ। ਅਜਿਹੀ ਕੋਈ ਬਗ਼ਾਵਤ ਅਗਲੇ ਸਾਲ ਦੇ ਅਰੰਭਲੇ ਹਿੱਸੇ 'ਚ ਕਿਸੇ ਸਮੇਂ ਉੱਠਣ ਦੀ ਸੰਭਾਵਨਾ ਹੈ।"

ਦੂਜੀ ਚਿੱਠੀ 'ਚ ਡੋਨੋਵਨ ਨੇ ਬਾਬਾ ਰਾਮ ਸਿੰਘ ਜੀ ਦੇ ਕੁਝ ਕਥਿਤ ਕਥਨਾਂ ਦੀ ਰਿਪੋਰਟ ਕੀਤੀ, ਜਿਨ੍ਹਾਂ 'ਚੋਂ ਕੁਝ ਸਤਰਾਂ ਹੇਠਾਂ ਦਿੱਤੀਆਂ ਗਈਆਂ ਹਨ:[2]

"ਭਰਾਵੋ, ਤੁਸੀਂ ਸਾਰੇ ਜਾਣਦੇ ਹੋ ਕਿ ਸਾਡੇ ਪ੍ਰਮਾਤਮਾ ਦੇ ਬਚਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਅਨੁਸਾਰ ਅਸੀਂ ਇਸ ਸਮੇਂ ਇਸ ਦੇਸ਼, ਭਾਰਤ (ਹਿੰਦੂਆਂ ਦੀ ਧਰਤੀ) ਤੋਂ ਸਾਰੇ ਈਸਾਈਆਂ ਨੂੰ ਕੱਢਣ ਤੇ ਉਨ੍ਹਾਂ ਨੂੰ ਤਸੀਹੇ ਦੇਣ ਦੇ ਸਭ ਤੋਂ ਵਧੀਆ ਢੰਗ ਬਾਰੇ ਸਲਾਹ ਕਰਨ ਲਈ ਮਿਲੇ ਹਾਂ।"

"ਮੈਂ, ਰਾਮ ਸਿੰਘ, ਉਨ੍ਹਾਂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੁਆਰਾ ਈਸਾਈਆਂ ਨੂੰ ਸਾਡੇ ਕਬੀਲਿਆਂ (ਸਿੱਖਾਂ) ਦੇ ਹੱਥਾਂ ਵਿੱਚ ਸੌਂਪਣ ਲਈ ਭੇਜਿਆ ਗਿਆ ਹਾਂ।"

"ਸੁਣੋ ਤੁਸੀਂ ਸਾਰੇ ਨੇਕ ਸਿੱਖ ਹੁਣ ਇੱਥੇ ਹਾਜ਼ਰ ਹੋ ਕਿ ਮੈਂ ਤੁਹਾਨੂੰ ਉਨ੍ਹਾਂ ਈਸਾਈਆਂ ਦੇ ਜੂਲੇ ਤੋਂ ਛੁਡਾਉਣ ਆਇਆ ਹਾਂ, ਜਿਨ੍ਹਾਂ ਦੀ ਅਸੀਂ ਸੇਵਾ ਕੀਤੀ ਹੈ ਅਤੇ ਅਸੀਂ ਅਜ਼ਾਦੀ ਲਈ ਲੜਾਂਗੇ ਅਤੇ ਮੈਂ ਦੇਸ਼ ਸਿੱਖਾਂ ਹਵਾਲੇ ਕਰ ਦੇਵਾਂਗਾ, ਜੋ ਅੰਤਮ ਰਾਜਿਆਂ ਵਜੋਂ ਰਾਜ ਕਰਨਗੇ ਅਤੇ ਇਹ ਵੀ ਕਿ, ਮੇਰੇ ਵਾਹਿਗੁਰੂ ਨੇ ਮੈਨੂੰ ਦੱਸਿਆ ਹੈ ਕਿ ਇਹ ਦੇਸ਼ ਹਿੰਦੂਆਂ ਦਾ ਹੈ ਅਤੇ ਇੱਥੇ ਈਸਾਈ ਨਹੀਂ ਰਹਿਣੇ ਚਾਹੀਦੇ ਕਿਉਂਕਿ ਉਹ ਗਊਆਂ ਨੂੰ ਮਾਰ ਕੇ ਖਾਂਦੇ ਹਨ ਤੇ ਇਸ ਲਈ ਉਨ੍ਹਾਂ ਵਿਰੁੱਧ ਬਗ਼ਾਵਤ ਕਰਨੀ ਜਾਇਜ਼ ਹੈ।"

---

1. ਡੋਨੋਵਨ ਅਨੁਸਾਰ, ਇਹ ਵਿਅਕਤੀ ਇੱਕ ਕੂਕਾ ਸੂਬਾ ਸੀ, ਜਿਸ ਦੇ ਕੂਕਿਆਂ ਨਾਲ ਉਚਿਤ ਸਬੰਧ ਸਨ
2. ਫ਼ੌਰੇਨ ਪੁਲਿਟੀਕਲ (ਏ) ਅਕਤੂਬਰ 1868, ਕੌਂਸ 197

ਸ੍ਰੀ ਡੋਨੋਵਨ ਚਾਹੁੰਦੇ ਸਨ ਕਿ ਭਾਰਤ ਦੇ ਉੱਤਰ-ਪੱਛਮ 'ਚ ਵਿਗੜਦੀ ਸਥਿਤੀ ਨੂੰ ਧਿਆਨ 'ਚ ਰੱਖਦਿਆਂ ਗੰਭੀਰ ਕੂਕਾ ਖ਼ਤਰੇ ਨੂੰ ਵਿਚਾਰਿਆ ਜਾਵੇ:

"ਜਦੋਂ ਸਾਡੀ ਆਪਣੇ ਦੁਸ਼ਮਣਾਂ ਨਾਲ ਸਿੱਧੀ ਟੱਕਰ ਹੈ, ਤਾਂ ਸਾਡੇ ਵਿਰੁੱਧ ਪਿੱਛੇ ਰਹਿ ਕੇ ਖੁੱਲ੍ਹੇਆਮ ਬਗਾਵਤ ਕਰਨ ਵਾਲਿਆਂ ਨੂੰ ਵੀ ਨੱਪਿਆ ਜਾਵੇ।"

ਡੋਨੋਵਨ ਨੇ ਸਰਕਾਰ ਨੂੰ ਇੱਕ ਜ਼ੋਰਦਾਰ ਸੁਝਾਅ ਵੀ ਦਿੱਤਾ:

"ਮੇਰੇ ਹਿਸਾਬ ਨਾਲ, ਬਾਬਾ ਰਾਮ ਸਿੰਘ ਜੀ ਦਾ ਸਾਰਾ ਪ੍ਰਚਾਰ, ਸਿਗਰਟ ਨਾ ਪੀਣ, ਝੂਠ ਨਾ ਬੋਲਣ, ਸ਼ਰਾਬ ਤੇ ਬੇਰਹਿਮੀ ਤੋਂ ਦੂਰ ਰਹਿਣ ਦੇ ਉਨ੍ਹਾਂ ਦੇ ਸਿਧਾਂਤ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਤੋਂ ਦੂਰ ਰਹਿਣ ਬਾਰੇ ਉਨ੍ਹਾਂ ਦਾ ਪ੍ਰਚਾਰ ਸਿਰਫ਼ ਦੁਨੀਆ ਦੀਆਂ ਨਜ਼ਰਾਂ ਵਿੱਚ ਧੂੜ ਝੋਕਣ ਲਈ ਹੈ: ਇਸ ਦੇਸ਼ ਵਿੱਚ ਹੁਣ ਬਹੁਤ ਵੱਡਾ ਖ਼ਤਰਾ ਹੈ ਤੇ ਬਿਹਤਰ ਇਹੋ ਰਹੇਗਾ ਕਿ ਬਾਬਾ ਰਾਮ ਸਿੰਘ ਜੀ ਸਮੇਤ ਸਾਰੇ ਕੂਕਿਆਂ ਨੂੰ ਇੱਕੋ ਵਾਰੀ ਫਾਂਸੀ ਦੇ ਦਿੱਤੀ ਜਾਵੇ।"

ਦੋਬਾਰਾ:

"ਆਓ ਅਸੀਂ ਡੰਡੇ ਦੇ ਜ਼ੋਰ ਨਾਲ ਰਾਜ ਕਰੀਏ, ਇਹ ਜਾਣਦੇ ਹੋਏ ਕਿ ਉਹ ਅਧਰਮੀ ਅਤੇ ਰੱਬ-ਰਹਿਤ ਲੋਕ ਹਨ। ਜਦੋਂ ਅਸੀਂ ਕਾਲਿਆਂ ਦੀ ਨਾਸ਼ੁਕਰੀ ਨੂੰ ਵੇਖਦੇ ਹਾਂ ਤਾਂ ਬ੍ਰਿਟੇਨ ਦੇ ਹਰੇਕ ਨਿਵਾਸੀ ਦਾ ਦਿਲ ਈਰਖਾ ਨਾਲ ਭਰ ਜਾਂਦਾ ਹੈ... ਪੌਦਾ ਅਜੇ ਵੀ ਕੋਮਲ ਹੈ ਅਤੇ ਇਸ ਨੂੰ ਸਹਿਜੇ ਹੀ ਝੁਕਾਇਆ ਜਾ ਸਕਦਾ ਹੈ। ਇਹ ਮਾਮਲਾ ਆਇਰਲੈਂਡ ਦੇ ਬਾਗ਼ੀਆਂ ਤੋਂ ਦੁੱਗਣੀ ਸਖ਼ਤੀ ਨਾਲ ਨਿਪਟਣਾ ਚਾਹੀਦਾ ਹੈ।

ਡਰੇ ਹੋਏ ਮਨ ਨਾਲ ਕੁਦਰਤੀ ਤੌਰ 'ਤੇ ਜਿਹੜੀ ਤਸਵੀਰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਉਸੇ ਹਿਸਾਬ ਨਾਲ ਭਾਵੇਂ ਸਰਕਾਰ ਨੇ ਲੋੜੀਂਦੇ ਇੰਤਜ਼ਾਮ ਵੀ ਕੀਤੇ ਸਨ ਪਰ ਫਿਰ ਵੀ ਡੋਨੋਵਨ ਦੀਆਂ ਉਪਰੋਕਤ ਦੋ ਚਿੱਠੀਆਂ ਵਿੱਚ ਜੋ ਕੁਝ ਵੀ ਲਿਖਿਆ ਗਿਆ ਸੀ, ਫਿਰ ਵੀ ਉਸ ਤੋਂ ਉਸ ਵੇਲੇ ਦੀ ਕੂਕਾ ਲੀਡਰਸ਼ਿਪ ਦੀ ਗੁਪਤ ਯੋਜਨਾਬੰਦੀ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ।

ਬਾਗ਼ੀ ਕੂਕਾ ਰਵੱਈਏ ਦੀ ਇੱਕ ਸ਼ਾਨਦਾਰ ਉਦਾਹਰਣ, ਜੋ ਕਿ ਅਲੱਗ-ਥਲੱਗ ਹੋਣ ਦੇ ਬਾਵਜੂਦ, ਡੋਨੋਵਨ ਦੇ ਡਰ ਨੂੰ ਕੁਝ ਸਮਰਥਨ ਦਿੰਦੀ ਹੈ, ਇਸ ਹੇਠ ਲਿਖੀ ਘਟਨਾ ਤੋਂ ਉਜਾਗਰ ਹੁੰਦੀ ਹੈ। ਇੱਕ ਉੱਘੇ ਕੂਕਾ ਮਸਤਾਨ ਸਿੰਘ ਦੀ ਅਗਵਾਈ ਹੇਠ ਇੱਕ ਕੂਕਾ ਮੇਲਾ ਮਾਰਚ 1869 ਵਿੱਚ ਪਿੰਡ ਥਰਾਜਵਾਲਾ (ਫਿਰੋਜ਼ਪੁਰ ਜ਼ਿਲ੍ਹਾ) ਵਿਖੇ ਲਾਉਣ ਦੀ ਯੋਜਨਾ ਉਲੀਕੀ ਗਈ ਸੀ। ਕੂਕਿਆਂ ਦਾ ਇੱਕ ਜੱਥਾ ਜਦੋਂ ਆਪਣੇ ਰਾਹ ਤੁਰਿਆ ਜਾ ਰਿਹਾ ਸੀ, ਤਾਂ ਉਹ ਡਿਪਟੀ ਇੰਸਪੈਕਟਰ ਦੀਵਾਨ ਬਖ਼ਸ਼ ਨੂੰ ਆਪਣੇ ਪਿੱਛੇ ਲੱਗਾ ਵੇਖ ਕੇ ਰੋਹ 'ਚ ਆ ਗਿਆ ਸੀ ਤੇ ਉਨ੍ਹਾਂ ਉੱਥੇ ਉਸ ਦੀ ਭੁਗਤ ਸੁਆਰ ਦਿੱਤੀ ਸੀ। "ਉਸ ਦੀ ਤਲਵਾਰ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ ਅਤੇ ਉਹ ਉਸ ਤੋਂ ਖੋਹ ਲਈ ਗਈ ਸੀ; ਉਸ ਦੇ ਘੋੜੇ ਨੂੰ ਬਰਛੇ ਨਾਲ ਮਾਰਿਆ ਗਿਆ; ਬੇਲੀ ਸਿੰਘ ਨਾਂਅ ਦੇ ਇੱਕ ਕੂਕੇ ਨੇ ਉਸ ਨੂੰ ਕੁਹਾੜੀ ਜਾਂ ਸੋਟੀ ਨਾਲ ਮਾਰਿਆ ਸੀ ਅਤੇ ਮੰਨਾ ਸਿੰਘ ਨੇ ਉਸ 'ਤੇ ਬਰਛਾ ਸੁੱਟਿਆ ਸੀ। ਡਿਪਟੀ ਇੰਸਪੈਕਟਰ ਦੇ ਨਾਲ

ਆਏ ਕਾਂਸਟੇਬਲ ਦੀ ਕੁੱਟਮਾਰ ਕੀਤੀ ਗਈ ਸੀ; ਉਸ ਦੀ ਤਲਵਾਰ ਟੁੱਟ ਗਈ ਸੀ, ਜੋ ਉਸ ਕੋਲੋਂ ਖੋਹ ਲਈ ਗਈ ਸੀ ਤੇ ਕ੍ਰਿਪਾਨ ਦੇ ਇੱਕ ਵਾਰ ਨਾਲ ਉਸ ਵੱਲੋਂ ਪਾਇਆ ਕੋਟ ਕੱਟਿਆ ਗਿਆ ਸੀ[1]। ਦੀਵਾਨ ਬਖਸ਼ ਨੇ ਠੀਕ ਜਾਂ ਗ਼ਲਤ ਰਿਪੋਰਟ ਕੀਤੀ ਕਿ ਕੂਕਿਆਂ ਦੀ ਟੋਲੀ ਨੇ "ਸਭ ਤੋਂ ਵੱਧ ਦੇਸ਼ ਧ੍ਰੋਹੀ ਭਾਸ਼ਾ ਦੀ ਵਰਤੋਂ ਕੀਤੀ ਅਤੇ ਖਾਲਸਾ ਰਾਜ ਦਾ ਐਲਾਨ ਕੀਤਾ, ਸਮੁੱਚੀ ਸਰਕਾਰ ਵਿਰੁੱਧ ਬਗ਼ਾਵਤ ਦਾ ਐਲਾਨ ਕੀਤਾ[2]। ਇਹ ਰਿਪੋਰਟ ਮਿਲਣ 'ਤੇ ਫ਼ਿਰੋਜ਼ਪੁਰ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਸ੍ਰੀ ਟਰਟਨ ਸਮਿਥ ਇੱਕ ਮਜ਼ਬੂਤ ਪੁਲਿਸ ਫੋਰਸ ਨਾਲ ਥਰਾਜਵਾਲਾ ਵੱਲ ਮਾਰਚ ਕੀਤਾ। ਜਦੋਂ ਉਹ ਸਥਾਨ 'ਤੇ ਪੁੱਜਾ ਤਾਂ ਉਸ ਨੇ ਇੰਸਪੈਕਟਰਾਂ ਕੁਤਬ ਸ਼ਾਹ ਅਤੇ ਅਲੀ ਮੁੱਲਾ ਨੂੰ ਬੇਕਾਬੂ ਕੂਕਿਆਂ ਕੋਲ ਉਨ੍ਹਾਂ ਨੂੰ ਆਤਮ ਸਮਰਪਣ ਕਰਨ ਲਈ ਕਹਿਣ ਵਾਸਤੇ ਭੇਜਿਆ। ਮੁੱਖ ਕੂਕਾ ਮਸਤਾਨ ਸਿੰਘ ਨੇ 'ਇੰਸਪੈਕਟਰ ਦੇ ਘੋੜੇ ਨੂੰ 'ਨਜ਼ਰਾਨੇ" ਵਜੋਂ ਮੰਗਿਆ ਅਤੇ ਉਸ ਦਾ ਇਹ ਆਖਦਿਆਂ ਮਜ਼ਾਕ ਉਡਾਇਆ ਕਿ ਅੰਗਰੇਜ਼ ਤਾਂ ਉਸ ਦੀ ਮਦਦ ਜ਼ਰੂਰ ਕਰਨਗੇ। ਮਸਤਾਨ ਸਿੰਘ ਨੇ ਉਸ ਨੂੰ ਇਹ ਸਲਾਹ ਵੀ ਦਿੱਤੀ ਕਿ ਉਹ ਡਿੱਗ ਰਹੀ ਸਰਕਾਰ ਨੂੰ ਛੱਡ ਕੇ ਨਿੱਤ ਵਧਦੇ ਜਾ ਰਹੇ ਕੂਕਿਆਂ ਦਾ ਸਾਥ ਦੇਵੇ। ਉੱਥੇ ਅਲੀ ਮੁੱਲਾ ਦੀਆਂ ਕੋਸ਼ਿਸ਼ਾਂ ਨੂੰ ਸਿਰਫ ਇੱਟਾਂ[3] ਵਰ੍ਹਾ ਕੇ ਇਨਾਮ ਦਿੱਤਾ ਗਿਆ।" ਅੰਤ ਵਿੱਚ, ਕੂਕਿਆਂ ਨੂੰ ਕਾਬੂ ਕਰ ਲਿਆ ਗਿਆ ਅਤੇ ਉਨ੍ਹਾਂ ਤੋਂ ਹਥਿਆਰ ਖੋਹ ਲਏ ਅਤੇ ਉਨ੍ਹਾਂ ਵਿੱਚੋਂ 44 ਨੂੰ ਹਿਰਾਸਤ ਵਿੱਚ ਲੈ ਕੇ ਮੁਕਤਸਰ ਲਿਆਂਦਾ ਗਿਆ, ਜਿੱਥੇ ਡਿਪਟੀ ਕਮਿਸ਼ਨਰ, ਮਿਸਟਰ ਨੌਕਸ ਦੁਆਰਾ ਉਨ੍ਹਾਂ ਉੱਤੇ ਦੰਗੇ ਭੜਕਾਉਣ ਲਈ ਮੁਕੱਦਮਾ ਚਲਾਇਆ ਗਿਆ। ਨਤੀਜੇ ਵਜੋਂ, ਉਨ੍ਹਾਂ ਵਿੱਚੋਂ ਕੁਝ ਨੂੰ ਵੱਖੋ-ਵੱਖਰੀ ਮਿਆਦ ਲਈ ਜੇਲ੍ਹੀਂ ਡੱਕ ਦਿੱਤਾ ਗਿਆ[4]।

ਉਪਰੋਕਤ ਦੰਗਿਆਂ ਦੀ ਘਟਨਾ ਨਾਲੋਂ ਕਿਤੇ ਵੱਧ ਅਹਿਮ ਇਹ ਖੁਲਾਸਾ ਸੀ, 1869 ਦੇ ਨਵੰਬਰ ਮਹੀਨੇ ਦੌਰਾਨ ਬਾਬਾ ਰਾਮ ਸਿੰਘ ਜੀ ਵੱਲੋਂ ਜੰਮੂ-ਕਸ਼ਮੀਰ ਰਾਜ ਵਿੱਚ ਆਪਣੇ ਪੈਰੋਕਾਰਾਂ ਨੂੰ ਫੌਜੀ ਸਿਖਲਾਈ ਦੇਣ ਦੇ ਗੁਪਤ ਯਤਨ ਕੀਤੇ ਗਏ ਸਨ। ਇਸ ਦਾ ਹਵਾਲਾ ਸਾਲ 1869 ਦੀ ਸਰਕਾਰੀ ਰਿਪੋਰਟ ਵਿੱਚ ਮਿਲਦਾ ਹੈ। ਇਸ ਵਿੱਚ ਲਿਖਿਆ ਹੈ[5]:

"ਨਵੰਬਰ 'ਚ ਰਿਪੋਰਟਾਂ ਮਿਲੀਆਂ ਸਨ ਕਿ ਕਸ਼ਮੀਰ ਦਾ ਮਹਾਰਾਜਾ ਇੱਕ ਕੂਕਾ ਰੈਜੀਮੈਂਟ ਦੀ ਸਥਾਪਨਾ ਕਰ ਰਿਹਾ ਸੀ ਤੇ ਹਰੇਕ ਰੰਗਰੂਟ ਨੂੰ ਕਸ਼ਮੀਰ ਜਾਣ ਤੋਂ ਪਹਿਲਾਂ ਬਾਬਾ ਰਾਮ ਸਿੰਘ ਜੀ ਤੋਂ ਇੱਕ ਸਰਟੀਫਿਕੇਟ ਲੈਣਾ ਪੈਂਦਾ ਸੀ।"

---

1. ਹੋਮ ਜੁਡੀਸ਼ੀਅਲ, ਅਗਸਤ 1872, ਪੰਨੇ 273-284, ਅੰਤਿਕਾ ਏ, ਨੰ. 4, ਪੰਨਾ 2466
2. ਉਹੀ। ਇੱਥੇ ਇੱਕ ਹਵਾਲਾ ਹੈ ਕਿ ਮਸਤਾਨ ਸਿੰਘ ਤਦ ਬਾਬਾ ਰਾਮ ਸਿੰਘ ਜੀ ਦੇ ਮੱਠੀ ਰਫ਼ਤਾਰ ਵਾਲੇ ਦਾਅ-ਪੇਚਾਂ ਨਾਲ ਸਹਿਮਤ ਨਹੀਂ ਸਨ ਤੇ ਉਹ ਆਪਣੀ ਅਜ਼ਾਦੀ ਲਈ ਤੁਰੰਤ ਕੁਝ ਕਰਨਾ ਲੋਚਦੇ ਸਨ।
3. ਉਹੀ
4. ਉਹੀ
5. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ 273-2884, ਅੰਤਿਕਾ ਏ. ਨੰ. 4, ਪੰਨਾ 2469

ਸਾਲ 1870 ਦੀ ਸਰਕਾਰੀ ਰਿਪੋਰਟ 'ਚ ਜੰਮੂ ਤੇ ਕਸ਼ਮੀਰ ਦੇ ਹਥਿਆਰਬੰਦ ਬਲਾਂ ਵਿੱਚ ਕੂਕਾ ਭਰਤੀ ਦੇ ਹੋਰ ਵੀ ਵੱਡੇ ਵੇਰਵੇ ਦਰਜ ਹਨ। ਉਸ 'ਚ ਇੱਕ ਹੋਰ ਦਿਲਚਸਪ ਇੰਕਸ਼ਾਫ਼ ਕੀਤਾ ਗਿਆ ਸੀ ਕਿ ਇਹ ਨੇਪਾਲ ਦੇ ਹਾਕਮ ਨੂੰ ਕੂਕਾ ਮਿਸ਼ਨ ਦੀ ਰਵਾਨਗੀ ਸੀ। ਇਸ "ਕੂਕਾਵਾਦ ਦੇ ਨਿਵੇਕਲੇ ਪੜਾਅ" 'ਤੇ ਟਿੱਪਣੀ ਕਰਦਿਆਂ ਰਿਪੋਰਟ 'ਚ ਇਸ ਗੱਲ 'ਤੇ ਅਫ਼ਸੋਸ ਪ੍ਰਗਟਾਇਆ ਗਿਆ ਹੈ ਕਿ ਅਜਿਹੇ ਮਾਮਲੇ ਨਾਲ ਨਿਪਟਣ ਲਈ ਕੋਈ ਪਾਬੰਦੀਸ਼ੁਦਾ ਕਾਨੂੰਨ ਕਿਉਂ ਲਾਗੂ ਨਹੀਂ ਕੀਤਾ ਗਿਆ[1]:

"ਸ਼ਾਇਦ ਇਹ ਅਫਸੋਸਨਾਕ ਹੈ ਕਿ ਵਿਦੇਸ਼ੀ ਭਰਤੀ ਐਕਟ ਦੀ ਧਾਰਾ 33 ਦੇ ਆਧਾਰ 'ਤੇ ਕੋਈ ਕਾਨੂੰਨ ਲਾਗੂ ਨਹੀਂ ਕੀਤਾ ਗਿਆ; ਕਿ ਚੈਪਟਰ 69 ਦੇ 59 ਜੀਓ III ਦੇ ਸੈਕਸ਼ਨ 12 ਦੁਆਰਾ ਦਿੱਤੀ ਗਈ ਮਾਮੂਲੀ ਸੁਰੱਖਿਆ ਨੂੰ ਤਿਆਗ ਦਿੱਤਾ ਗਿਆ ਹੈ, ਜਦ ਕਿ ਇਹ ਸਾਰੇ ਵਿਦੇਸ਼ੀ ਏਸ਼ੀਆਈ ਰਾਜਾਂ ਉੱਤੇ ਲਾਗੂ ਹੋਣਾ ਚਾਹੀਦਾ ਸੀ, ਭਾਵੇਂ ਉਹਨਾਂ ਦੀ ਆਪਣੇ ਗੁਆਂਢੀਆਂ ਨਾਲ ਸ਼ਾਂਤੀ ਹੁੰਦੀ ਜਾਂ ਜੰਗ ਲੱਗੀ ਹੁੰਦੀ, ਕਿਉਂਕਿ ਇਹ ਸਪੱਸ਼ਟ ਤੌਰ 'ਤੇ ਕਿਸੇ ਵੀ ਸਰਕਾਰ ਦੇ ਫਾਇਦੇ ਲਈ ਨਹੀਂ ਹੈ ਕਿ ਇੱਕ ਧਾਰਮਿਕ ਆਗੂ ਨੂੰ ਆਪਣੇ ਚੇਲਿਆਂ ਨੂੰ ਰੈਜਿਮੈਂਟਾਂ 'ਚ ਭੇਜਣ ਦਾ ਮੌਕਾ ਮਿਲੇ ਤੇ ਉਹ ਚੇਲੇ ਫਿਰ ਛੱਡ ਕੇ ਚਲੇ ਜਾਣ ਜਦੋਂ ਵੀ ਕਦੇ ਉਨ੍ਹਾਂ ਦਾ ਰੂਹਾਨੀ ਮਾਰਗ-ਦਰਸ਼ਕ ਉਨ੍ਹਾਂ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਅਜਿਹਾ ਕਰਨ ਵਾਸਤੇ ਆਖੇ।"

ਰਿਪੋਰਟ ਦੇ ਅੰਤ ਵਿੱਚ ਇਹ ਚੇਤਾਵਨੀ ਲਿਖੀ ਹੋਈ ਸੀ:

"ਬਸ਼ਰਤੇ ਸੇਵਾ ਭਾਵੇਂ ਛੋਟੀ ਹੋਵੇ, ਵੱਡੀ ਗਿਣਤੀ ਵਿੱਚ ਕੂਕਿਆਂ ਨੂੰ ਬ੍ਰਿਟਿਸ਼ ਖੇਤਰ ਵਿੱਚ ਅਜਿਹੀਆਂ ਕਾਰਵਾਈਆਂ ਨਾਲ ਹੋਣ ਵਾਲੇ ਜੋਖ਼ਮਾਂ ਤੋਂ ਬਿਨਾਂ ਵਿਦੇਸ਼ੀ ਫੌਜਾਂ ਵਿੱਚ ਕੁਝ ਹੱਦ ਤੱਕ ਅਭਿਆਸ 'ਤੇ ਲਾਇਆ ਜਾ ਸਕਦਾ ਹੈ ਅਤੇ ਅਨੁਸ਼ਾਸਿਤ ਕੀਤਾ ਜਾ ਸਕਦਾ ਹੈ, ਅਤੇ ਇਹ ਨਿਸ਼ਚਤ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਵੀ ਨਜ਼ਦੀਕੀ ਜਾਸੂਸੀ ਤੋਂ ਪ੍ਰਭਾਵੀ ਤੌਰ 'ਤੇ ਮੂਲ ਰਾਜਕੁਮਾਰਾਂ ਦੇ ਅਧੀਨ ਸੂਚੀਬੱਧ ਕਰਕੇ ਹਟਾਉਂਦੇ ਹਨ।

ਵਿਦੇਸ਼ੀ ਸੰਪਰਕ ਬਣਾਉਣ ਦੇ ਕੂਕਾ ਲੀਡਰਸ਼ਿਪ ਦੇ ਉਪਰੋਕਤ ਯਤਨਾਂ ਦੇ ਮੱਦੇਨਜ਼ਰ ਇਹ ਜਾਪਦਾ ਹੈ ਕਿ ਉਹ ਸ਼ਾਂਤੀ, ਜਿਸ ਦੀ ਗੱਲ ਸਰਕਾਰ ਦੇ ਸਮੇਂ ਦੇ ਰਿਕਾਰਡ ਕਰਦੇ ਹਨ ਤੇ ਜਿਸ ਨੂੰ ਕਿਸੇ ਸਤਹੀ ਜਿਹੇ ਨਿਗਰਾਨ ਦੀ ਨਜ਼ਰ ਮਿਲੀ ਸੀ, ਅਸਲ ਵਿੱਚ ਇੱਕ ਝੂਠੀ ਸ਼ਾਂਤੀ ਸੀ। ਸਰਕਾਰ ਜਾਂ ਤਾਂ ਇਸ ਬਾਰੇ ਚੰਗੀ ਤਰ੍ਹਾਂ ਜਾਣੂ ਨਹੀਂ ਸੀ ਕਿ ਅੰਦਰਖਾਤੇ ਕੀ ਹੋ ਰਿਹਾ ਸੀ ਜਾਂ ਸਥਿਤੀ ਨੂੰ ਸਹੀ ਢੰਗ ਨਾਲ ਸਮਝਣ ਵਿੱਚ ਨਾਕਾਮ ਰਹੀ ਹੈ। ਤੁਰੰਤ ਬਾਅਦ ਦੇ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ ਨੇ ਸਪੱਸ਼ਟ ਤੌਰ 'ਤੇ ਸਾਬਤ ਕੀਤਾ ਕਿ 1869 ਵਿੱਚ ਜਿਸ ਨੂੰ ਸ਼ਾਂਤ ਜਾਂ 'ਠੰਢਾ'[2] ਕਿਹਾ ਜਾਂਦਾ ਸੀ, ਉਹ ਅਸਲ ਵਿੱਚ ਤੂਫਾਨ ਤੋਂ ਪਹਿਲਾਂ ਦੀ ਕਹਾਵਤ ਵਾਲੀ ਸ਼ਾਂਤੀ ਸੀ।

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ 273-2884, ਅੰਤਿਕਾ ਏ. ਨੰ. 4, ਪੰਨਾ 2471
2. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ 273-2884, ਅੰਤਿਕਾ ਏ. ਨੰ. 4, ਪੰਨਾ 2469

## ਅਧਿਆਇ 5

# ਕੂਕਾ ਬਗ਼ਾਵਤ

1868-1870 ਦੌਰਾਨ ਰਹੀ ਅਖੌਤੀ ਸ਼ਾਂਤੀ 1871 'ਚ ਖ਼ਤਮ ਹੋ ਗਈ ਸੀ, ਜਦੋਂ ਕੂਕਿਆਂ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਕਸਾਈਆਂ ਉਤੇ ਹਮਲੇ ਕੀਤੇ ਸਨ ਅਤੇ ਫਿਰ ਉਸ ਦੇ ਛੇਤੀ ਹੀ ਬਾਅਦ 'ਚ ਮਲੌਦ ਅਤੇ ਮਾਲੇਰ ਕੋਟਲਾ 'ਤੇ ਕਿਤੇ ਜ਼ਿਆਦਾ ਵੱਡੇ ਹਮਲੇ ਕੀਤੇ ਗਏ ਸਨ। ਉਹ ਹੁਣ ਖੁੱਲ੍ਹ ਕੇ ਜੰਗ ਦੇ ਰਾਹ 'ਤੇ ਆਣ ਖਲੋਤੇ ਸਨ।

ਸਪੱਸ਼ਟ ਤੌਰ 'ਤੇ, ਉਨ੍ਹਾਂ ਦਾ ਉਦੇਸ਼ ਗਊ-ਰੱਖਿਆ ਸੀ, ਜੋ ਭਾਰਤੀ ਸਭਿਅਤਾ ਦਾ ਇੱਕ ਲੰਬੇ ਸਮੇਂ ਤੋਂ ਸਥਾਪਿਤ ਸੱਭਿਆਚਾਰਕ ਮੁੱਲ ਸੀ। ਪਰ ਸਵਾਲ ਇਹ ਹੈ: ਕੀ ਇਹ ਸਿਰਫ਼ ਉਹੀ ਸੀ ਅਤੇ ਉਸ ਤੋਂ ਵੱਧ ਹੋਰ ਕੁਝ ਨਹੀਂ ਸੀ? ਇਸ ਸਵਾਲ ਦਾ ਜਵਾਬ ਦੇਣ ਲਈ ਉਸ ਸਮੇਂ ਦੀ ਸਥਿਤੀ ਦਾ ਧਿਆਨ ਨਾਲ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੋ ਸਕਦਾ ਹੈ। ਅੰਗ੍ਰੇਜ਼ ਕਿਉਂਕਿ ਖ਼ੁਦ ਗਊ ਦਾ ਮਾਸ ਖਾਂਦੇ ਸਨ, ਇਸੇ ਲਈ ਜਦੋਂ ਉਹ 1846 'ਚ ਪਹਿਲੀ ਵਾਰ ਪੰਜਾਬ ਵਿੱਚ ਦਾਖ਼ਲ ਹੋਏ ਸਨ, ਤਾਂ ਉਨ੍ਹਾਂ ਨੇ ਬਿਲਕੁਲ ਉਵੇਂ ਹੀ ਗਊਆਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਣ ਦੀ ਅਜ਼ਾਦੀ ਚਾਹੀ ਸੀ, ਜਿਵੇਂ ਕਿ ਉਹ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਕਰਦੇ ਰਹੇ ਸਨ। ਧਾਰਮਿਕ ਤੌਰ 'ਤੇ ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਇਸ ਗੱਲ ਤੋਂ ਬਹੁਤ ਪਰੇਸ਼ਾਨੀ ਹੋਈ ਸੀ। ਅਪ੍ਰੈਲ 1846 ਦੌਰਾਨ ਦਰਅਸਲ ਗਊਆਂ ਨੂੰ ਲੈ ਕੇ ਇੱਕ ਵਿਵਾਦ ਉਠ ਖਲੋਤਾ ਸੀ, ਜਦੋਂ ਲਾਹੌਰ 'ਚ ਤੋਪਖਾਨੇ ਦੀ ਬੈਰਕ ਦੇ ਬਾਹਰੀ ਗੇਟ 'ਤੇ ਡਿਊਟੀ ਉਤੇ ਖੜ੍ਹੇ ਇੱਕ ਯੂਰਪੀਅਨ ਫ਼ੌਜੀ ਨੇ ਉਸ ਰਸਤੇ ਤੋਂ ਲੰਘ ਰਹੀਆਂ ਪਸ਼ੂਆਂ ਦੇ ਝੁੰਡ ਵਿੱਚੋਂ ਤਿੰਨ-ਚਾਰ ਗਊਆਂ ਨੂੰ ਵੱਢ ਸੁੱਟਿਆ ਸੀ। ਤਦ ਆਮ ਜਨਤਾ ਵੱਲੋਂ ਕੀਤੇ ਗਏ ਜ਼ੋਰਦਾਰ ਰੋਸ ਪ੍ਰਦਰਸ਼ਨ ਦੌਰਾਨ ਵਧੇਰੇ ਸਰਗਰਮ ਭਾਗੀਦਾਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਹਨਾਂ ਵਿੱਚੋਂ, ਦੋ ਜਣਿਆਂ ਦੱਤ ਬ੍ਰਾਹਮਣ ਅਤੇ ਰੁਲੀਆ ਮਿਸਰ ਨੂੰ ਫਾਂਸੀ ਦੇ ਦਿੱਤੀ ਗਈ ਸੀ, ਦੋ ਹੋਰਨਾਂ ਨੂੰ ਬ੍ਰਿਟਿਸ਼ ਰਾਜਾਂ ਦੀਆਂ ਜੇਲ੍ਹਾਂ 'ਚ ਭੇਜ ਦਿੱਤਾ ਗਿਆ ਸੀ ਅਤੇ ਦੋ ਨੂੰ ਲੋਹੇ ਦੀਆਂ ਬੇੜੀਆਂ ਪਾ ਦਿੱਤੀਆਂ ਗਈਆਂ ਸਨ, ਉਹਨਾਂ ਦੇ ਮੂੰਹ ਕਾਲ਼ੇ ਕਰ ਕੇ ਆਮ ਜਨਤਾ 'ਚ ਘੁਮਾਇਆ ਗਿਆ ਸੀ, ਤਾਂ ਜੋ ਆਮ ਲੋਕਾਂ ਨੂੰ ਵੱਡੇ ਪੱਧਰ ਉਤੇ ਕੰਨ ਹੋ ਜਾਣ। ਇਸ ਸਾਰੀ ਮੁਸੀਬਤ ਦੀ ਜੜ੍ਹ, ਉਸ ਯੂਰੋਪੀਅਨ ਸੰਤਰੀ ਨੂੰ ਸਿਰਫ਼ ''ਹੋਰ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਗਈ ਸੀ ਅਤੇ ਉਸ

ਨੂੰ ਦੱਸਿਆ ਗਿਆ ਸੀ ਕਿ ਭਵਿੱਖ 'ਚ ਉਸ ਨੇ ਆਪਣੀ ਤਲਵਾਰ ਕਿਵੇਂ ਵਰਤਣੀ ਹੈ"[1]। ਇਸ ਦੇ ਨਾਲ ਹੀ ਅੰਗਰੇਜ਼ਾਂ ਨੂੰ ਲਾਹੌਰ 'ਚ ਗਊ ਦਾ ਮਾਸ ਲੈਣ ਵਿਚ ਕੋਈ ਔਖ ਨਹੀਂ ਸੀ; ਉਹ ਹੁਣ ਸਿਰਫ਼ ਵਧੇਰੇ ਸਾਵਧਾਨ ਹੋ ਗਏ ਸਨ ਅਤੇ ਬਿਨਾਂ ਕਿਸੇ ਗੜਬੜ ਕੀਤੇ ਚੁੱਪ-ਚਾਪ ਆਪਣੀਆਂ ਲੋੜਾਂ ਅਨੁਸਾਰ ਖ਼ਰੀਦਦਾਰੀ ਕਰਦੇ ਸਨ।

ਉਸੇ ਸਮੇਂ ਲਾਹੌਰ ਵਾਂਗ ਅੰਮ੍ਰਿਤਸਰ ਵਿਖੇ ਵੀ ਯੂਰੋਪੀਅਨਾਂ ਦੇ ਠਹਿਰਣ ਕਾਰਨ ਗਊ-ਹੱਤਿਆ ਹੋਣ ਲੱਗ ਪਈ ਸੀ ਅਤੇ ਇਸ ਬਾਰੇ ਕਈ ਸ਼ਿਕਾਇਤਾਂ ਆਈਆਂ ਸਨ। ਇਹ ਮਹਿਸੂਸ ਕਰਦਿਆਂ ਕਿ ਜੇ ਇਨ੍ਹਾਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਬੇੜਾ ਨਾ ਕੀਤਾ ਗਿਆ ਤਾਂ ਸਿੱਖਾਂ 'ਚ ਭੜਕਾਹਟ ਪੈਦਾ ਹੋ ਸਕਦੀ ਹੈ ਕਿਉਂਕਿ ਅੰਮ੍ਰਿਤਸਰ ਉਨ੍ਹਾਂ ਦਾ ਪਵਿੱਤਰ ਸ਼ਹਿਰ ਹੈ; ਗਵਰਨਰ ਜਨਰਲ ਨੇ ਇਸ ਸ਼ਹਿਰ ਵਿਚ ਗਊਆਂ ਦੀ ਹੱਤਿਆ 'ਤੇ ਪੂਰੀ ਤਰ੍ਹਾਂ ਪਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਸਨ। ਹੇਠਾਂ ਦਿੱਤਾ ਗਿਆ ਹੁਕਮ ਤਾਂਬੇ ਦੀ ਪਲੇਟ 'ਤੇ ਉੱਕਰਿਆ ਹੋਇਆ ਸੀ ਤੇ ਦਰਬਾਰ ਸਾਹਿਬ ਦੇ ਪ੍ਰਵੇਸ਼-ਦੁਆਰ 'ਤੇ ਲਾਇਆ ਗਿਆ ਸੀ[1]:

'ਅੰਮ੍ਰਿਤਸਰ 'ਚ ਗ੍ਰੰਥੀਆਂ ਦੀ ਪਰੇਸ਼ਾਨੀ ਦੀ ਸ਼ਿਕਾਇਤ ਦੇ ਮੱਦੇਨਜ਼ਰ ਸਾਰੇ ਸਬੰਧਤਾਂ ਨੂੰ ਇਹ ਜਾਣੂ ਕਰਵਾਇਆ ਜਾਦਾ ਹੈ ਕਿ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਬ੍ਰਿਟਿਸ਼ ਨਾਗਰਿਕਾਂ ਨੂੰ ਸ੍ਰੀ ਹਰਿਮੰਦਰ ਸਾਹਿਬ, ਜਾਂ ਅੰਮ੍ਰਿਤਸਰ ਦੇ ਇਸ ਦੀ ਹਦੂਦ ਜਾਂ ਅਸਲ ਵਿੱਚ ਕਿਸੇ ਵੀ ਮੰਦਰ ਵਿੱਚ ਆਪਣੀਆਂ ਜੁੱਤੀਆਂ ਸਮੇਤ ਦਾਖ਼ਲ ਹੋਣ ਦੀ ਮਨਾਹੀ ਹੈ।

"ਅੰਮ੍ਰਿਤਸਰ ਵਿਖੇ ਗਊ-ਹੱਤਿਆ ਨਹੀਂ ਕੀਤੀ ਜਾਵੇਗੀ, ਨਾ ਹੀ ਸਿੱਖਾਂ ਨਾਲ ਕਿਸੇ ਕਿਸਮ ਦੀ ਛੇੜਖਾਨੀ ਹੋਵੇ ਤੇ ਨਾ ਹੀ ਕਿਸੇ ਤਰ੍ਹਾਂ ਨਾਲ ਹੋਰ ਕੋਈ ਦਖਲਅੰਦਾਜ਼ੀ ਕੀਤੀ ਜਾ ਸਕਦੀ ਹੈ।

"ਸਰੋਵਰ ਦੇ ਕੋਣੇ 'ਤੇ ਬੂੰਗਾ ਵਿਖੇ ਆਉਣ 'ਤੇ ਜੁੱਤੀਆਂ ਉਤਾਰਨੀਆਂ ਹੋਣਗੀਆਂ ਅਤੇ ਕੋਈ ਵੀ ਵਿਅਕਤੀ ਆਪਣੀ ਜੁੱਤੀ ਪਾ ਕੇ ਸਰੋਵਰ ਦੁਆਲੇ ਪਰਿਕਰਮਾ ਨਹੀਂ ਕਰੇਗਾ।"

**ਲਾਹੌਰ** **ਹੈਨਰੀ ਐਚ. ਲਾਰੈਂਸ,**
**24 ਮਾਰਚ, 1847 ਈ.** **ਰੈਜ਼ੀਡੈਂਟ**

ਪਰ ਗਊ-ਹੱਤਿਆ 'ਤੇ ਰੋਕ ਸਿਰਫ਼ ਅੰਮ੍ਰਿਤਸਰ ਲਈ ਰਾਖਵੀਂ ਸੀ। ਹੋਰ ਕਿਤੇ ਇਸ ਦੀ ਮਨਾਹੀ ਨਹੀਂ ਸੀ। ਦਰਅਸਲ, ਅੰਮ੍ਰਿਤਸਰ 'ਚ ਇਹ ਪਾਬੰਦੀ ਸਿਰਫ਼ ਸਿੱਖਾਂ ਕਰਕੇ ਸੀ, ਜੋ ਤਦ ਵੀ ਥੋੜ੍ਹੇ-ਬਹੁਤ ਪੰਜਾਬ ਦੇ ਹਾਕਮ ਸਨ।

---

1. ਸਰ ਜੌਨ ਲਿਟਲਰ ਨੇ ਹੈਨਰੀ ਲਾਰੈਂਸ ਨੂੰ ਆਖਿਆ, 22 ਮਈ, 1846 - ਇਹ ਗੱਲ ਜੇ.ਐੱਮ. ਮਹਾਜਨ ਨੇ *'ਸਰਕਮਸਟਾਂਸਜ਼ ਲੀਡਿੰਗ ਟੂ ਦਿ ਅਨੈਕਸੇਸ਼ਨ ਆੱਫ਼ ਦਿ ਪੰਜਾਬ'* ਦੇ ਪੰਨਾ 41 ਉਤੇ ਲਿਖੀ ਹੈ।

ਗਊ-ਹੱਤਿਆ 'ਤੇ ਪਾਬੰਦੀ ਖਾਲਸਾ ਸਰਕਾਰ ਵੇਲੇ ਸਮੇਂ ਦਾ ਸਨਮਾਨਤ ਕਾਨੂੰਨ ਹੁੰਦਾ ਸੀ। ਉਸ ਕਾਨੂੰਨ ਦੀ ਹੁਣ ਉਲੰਘਣਾ ਕੀਤੀ ਗਈ ਅਤੇ ਉਸ ਨੂੰ ਖ਼ਤਮ ਹੋਇਆ ਸਮਝ ਲਿਆ ਗਿਆ ਸੀ। ਅੰਮ੍ਰਿਤਸਰ ਨੂੰ ਦਿੱਤੀ ਗਈ ਰਿਆਇਤ ਸਿਰਫ਼ ਸਿੱਖਾਂ ਦੀਆਂ ਭਾਵਨਾਵਾਂ ਸਮਝਦਿਆਂ ਮੌਕਾ ਸੰਭਾਲਣ ਲਈ ਕੀਤੀ ਗਈ ਸੀ ਕਿ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਠੇਸ ਨਾ ਪੁੱਜੇ। ਇੱਥੋਂ ਤੱਕ ਕਿ ਇਸ ਕਾਨੂੰਨ ਦਾ ਖ਼ਿਆਲ ਕਰਨਾ ਉਦੋਂ ਹੀ ਛੱਡ ਦਿੱਤਾ ਗਿਆ ਜਦੋਂ 1849 ਵਿੱਚ ਪੰਜਾਬ 'ਤੇ ਕਬਜ਼ੇ ਨੇ ਅੰਗਰੇਜ਼ਾਂ ਨੂੰ ਸਥਿਤੀ ਦਾ ਚੁਣੌਤੀ-ਰਹਿਤ ਮਾਲਕ ਬਣਾ ਦਿੱਤਾ, ਕਿਉਂਕਿ ਮਹਾਰਾਜਾ ਦਲੀਪ ਸਿੰਘ ਦੇ ਅਹੁਦੇ ਤੋਂ ਲਾਂਭੇ ਹੋਣ ਤੋਂ ਤੁਰੰਤ ਬਾਅਦ, ਭਾਰਤ ਸਰਕਾਰ ਨੇ ਐਲਾਨ ਕਰ ਦਿੱਤਾ ਸੀ ਕਿ ਭਵਿੱਖ 'ਚ "ਕਿਸੇ ਨੂੰ ਵੀ ਉਸ ਹਾਲਤ ਵਿੱਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਜੇ ਉਸ ਦੇ ਗੁਆਂਢੀ ਦਾ ਧਰਮ ਕਿਸੇ ਖ਼ਾਸ ਤਰ੍ਹਾਂ ਦੇ ਰੀਤੀ-ਰਿਵਾਜਾਂ ਦੀ ਇਜਾਜ਼ਤ ਦਿੰਦਾ ਹੈ। ਪ੍ਰਸ਼ਾਸਨਿਕ ਬੋਰਡ ਨੇ "ਨਿਯਮ ਦਿੱਤਾ ਕਿ ਪਹਿਲਾਂ ਦੀ ਪਾਬੰਦੀ, ਜੋ ਸਿਰਫ਼ ਸਿੱਖ ਪ੍ਰਭੂਸੱਤਾ ਦੀ ਰੱਖਿਆ ਲਈ ਸੀ, ਨੂੰ ਹੁਣ ਹਟਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਹਰ ਵੱਡੇ ਕਸਬੇ ਵਿੱਚ ਇਸ ਕਰਕੇ ਅਵਿਵਸਥਾ ਫੈਲਦੀ ਹੈ ਅਤੇ ਕਸਾਈਆਂ ਦੀਆਂ ਦੁਕਾਨਾਂ ਲਈ ਜਗ੍ਹਾ ਨਿਯੁਕਤ ਕੀਤੀ ਜਾਣੀ ਚਾਹੀਦੀ ਹੈ, ਪਰ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਹਿੰਦੂ ਧਾਰਮਿਕ ਇਮਾਰਤ ਦੇ ਨੇੜੇ-ਤੇੜੇ ਅਜਿਹੀ ਕੋਈ ਦੁਕਾਨ ਨਾ ਖੋਲ੍ਹੀ ਜਾਵੇ ਅਤੇ ਕਸਬਿਆਂ ਦੇ ਅੰਦਰ ਦੁਕਾਨਾਂ 'ਤੇ ਗਊ-ਮਾਸ ਕਿਸੇ ਵੀ ਹਾਲਤ 'ਚ ਖੁੱਲ੍ਹਾ ਨਹੀਂ ਵਿਕਣਾ ਚਾਹੀਦਾ, ਗਊ-ਹੱਤਿਆ ਭਾਵੇਂ ਸ਼ਹਿਰੋਂ ਬਾਹਰ ਕਰ ਲਈ ਜਾਵੇ, ਅਤੇ ਜੇ ਕੋਈ ਮੁਸਲਮਾਨ ਇਸ ਮਾਮਲੇ ਵਿੱਚ ਆਪਣੇ ਹਿੰਦੂ ਗੁਆਂਢੀ ਦੀ ਅਣਦੇਖੀ ਕਰੇ ਤਾਂ ਉਸ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।[1] ਇਹ ਹੁਕਮ 1849 ਵਿਚ ਅੰਮ੍ਰਿਤਸਰ ਵਿਚ ਮਿਸਟਰ ਸੀ.ਬੀ. ਸਾਂਡਰਸ ਵੱਲੋਂ ਲਾਗੂ ਕੀਤੇ ਗਏ ਸਨ, ਜਿਨ੍ਹਾਂ ਨੇ ਸ਼ਹਿਰ ਤੋਂ ਕੁਝ ਦੂਰੀ 'ਤੇ ਇਕ ਦੁਕਾਨ ਦੀ ਚੋਣ ਕੀਤੀ ਅਤੇ ਉਥੇ ਓਹਲਾ ਰੱਖਣ ਲਈ ਇਕ ਕੰਧ ਖੜ੍ਹੀ ਕੀਤੀ ਗਈ ਸੀ ਅਤੇ ਸ਼ਹਿਰ ਵਿਚ ਦੁਕਾਨਾਂ ਜਾਂ ਕਿਸੇ ਵੀ ਜਗ੍ਹਾ 'ਤੇ ਖੁੱਲ੍ਹੇਆਮ ਗਊ ਦਾ ਮਾਸ ਵੇਚਣ 'ਤੇ ਪਾਬੰਦੀ ਲਾ ਦਿੱਤੀ ਸੀ।

ਅਸੀਂ ਇਸ ਸਭ ਦੀ ਪੜਚੋਲ ਕਿਵੇਂ ਕਰ ਸਕਦੇ ਸਾਂ? ਕੀ ਅੰਗਰੇਜ਼ਾਂ ਨੂੰ ਮੁਸਲਮਾਨਾਂ ਦੇ ਹਿੱਤਾਂ ਦੀ ਵਧੇਰੇ ਫ਼ਿਕਰ ਸੀ? ਬੇਸ਼ੱਕ, ਮੁਸਲਿਮ ਲੋਕ 1849 'ਚ ਅਤੇ ਉਸ ਦੇ ਨੇੜੇ-ਤੇੜੇ ਸਿੱਖਾਂ ਅਤੇ ਹਿੰਦੂਆਂ ਨਾਲੋਂ ਸਰਕਾਰ ਦੇ ਵੱਧ ਨੇੜੇ ਸਨ। 1846 ਤੋਂ ਬਾਅਦ ਮੁਸਲਮਾਨਾਂ ਤੇ ਗੈਰ-ਮੁਸਲਮਾਨਾਂ ਵਿਚਕਾਰ ਪਾੜਾ ਪਾਉਣਾ ਅਤੇ ਮੁਸਲਿਮ ਭਾਈਚਾਰੇ ਦੀ ਨਜ਼ਰ 'ਚ ਚੰਗਾ ਬਣਨਾ ਅੰਗ੍ਰੇਜ਼ਾਂ ਦੀ ਇੱਕ ਬੇਹੱਦ ਸੋਚੀ-ਸਮਝੀ ਨੀਤੀ ਸੀ। ਇਸ ਨੀਤੀ ਦੇ ਨਤੀਜੇ ਵਜੋਂ, ਅੰਗ੍ਰੇਜ਼ਾਂ ਤੇ ਸਿੱਖਾਂ ਵਿਚਾਲੇ ਹੋਈ ਦੂਜੀ ਜੰਗ ਦੌਰਾਨ ਪੰਜਾਬ ਦੇ ਮੁਸਲਮਾਨਾਂ ਨੇ ਸਿੱਖਾਂ ਦੀ ਬਜਾਇ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਪਰ ਕੀ ਅਸੀਂ ਇਸ ਆਧਾਰ 'ਤੇ ਕਹਿ ਸਕਦੇ ਹਾਂ ਕਿ ਮੁਸਲਮਾਨਾਂ ਦੀਆਂ ਪਿਛਲੀਆਂ

1. ਹੋਮ ਜੁਡੀਸ਼ੀਅਲ, 29 ਜੁਲਾਈ, 1871, ਪ੍ਰੋਗਸ, 45-61 (ਏ)

ਸੇਵਾਵਾਂ ਦਾ ਇਨਾਮ ਦੇਣ ਲਈ ਗਊ-ਹੱਤਿਆ 'ਤੇ ਪਾਬੰਦੀ ਹਟਾਈ ਗਈ ਸੀ ਅਤੇ ਭਵਿੱਖ ਵਿੱਚ ਉਨ੍ਹਾਂ ਨਾਲ ਨੇੜਤਾ ਨੂੰ ਜਾਰੀ ਰੱਖਣਾ ਯਕੀਨੀ ਬਣਾਉਣ ਲਈ ਅੰਗਰੇਜ਼ਾਂ ਦਾ ਇੱਕ ਸੂਝਵਾਨ ਕਦਮ ਸੀ? ਇਸ ਨੂੰ ਸਿੱਧ ਕਰਨ ਲਈ ਕੋਈ ਪ੍ਰਤੱਖ ਸਬੂਤ ਨਹੀਂ ਹੈ, ਫਿਰ ਵੀ ਇਹ ਮੰਨਿਆ ਜਾ ਸਕਦਾ ਹੈ ਕਿ ਅਜਿਹੀਆਂ ਕੋਈ ਵੀ ਚਾਲਾਂ ਉਹ ਚੱਲ ਸਕਦੇ ਸਨ; ਨਾ ਹੀ ਇਹ 1857 ਤੋਂ ਬਾਅਦ ਅਜਿਹੀ ਕਿਸੇ ਰਾਜ-ਨੀਤੀ ਦਾ ਸੂਤਰੀਕਰਣ ਸਕਾਰਾਤਮਕ ਤੌਰ 'ਤੇ ਕੀਤਾ ਗਿਆ। ਇਸ ਦੇ ਨਾਲ ਹੀ, ਪੰਜਾਬੀ ਮੁਸਲਮਾਨਾਂ ਵੱਲੋਂ ਵੀ ਇਸ ਸਬੰਧੀ ਕਦੇ ਕੋਈ ਸਪੱਸ਼ਟ ਮੰਗ ਨਹੀਂ ਕੀਤੀ ਗਈ ਸੀ।

1846 'ਚ ਗਊ-ਹੱਤਿਆ ਦੀ ਸ਼ੁਰੂਆਤ ਅੰਗਰੇਜ਼ਾਂ ਦੀਆਂ ਆਪਣੀਆਂ ਖੁਰਾਕ ਜ਼ਰੂਰਤਾਂ ਦਾ ਨਤੀਜਾ ਸੀ। ਸਿੱਟੇ ਵਜੋਂ, 1849 ਵਿੱਚ, ਜਦੋਂ ਉਨ੍ਹਾਂ ਨੂੰ ਇੱਕ ਬਹੁਤ ਵੱਡੇ ਵਿਵਾਦ 'ਚ ਫਸ ਜਾਣ ਦਾ ਅਹਿਸਾਸ ਹੋਇਆ, ਤਾਂ ਉਨ੍ਹਾਂ ਨੇ ਅੰਮ੍ਰਿਤਸਰ ਨੂੰ ਦਿੱਤੀ ਗਈ ਵਿਸ਼ੇਸ਼ ਰਿਆਇਤ ਖ਼ਤਮ ਕਰਨ ਵਿੱਚ ਕੋਈ ਸਮਾਂ ਨਹੀਂ ਗੁਆਇਆ ਕਿਉਂਕਿ ਤਦ ਇਹੋ ਇੱਕੋ ਇੱਕ ਸਥਾਨ ਸੀ, ਜਿੱਥੇ ਯੂਰੋਪੀਅਨ ਲੋਕ ਗਊ-ਮਾਸ ਖਾਣ ਦੀ ਖੁਸ਼ੀ ਹਾਸਲ ਨਹੀਂ ਸੀ ਕਰ ਸਕਦੇ। ਪੰਜਾਬ ਦੇ ਮੁਸਲਮਾਨਾਂ ਨੇ ਹੁਣ ਤਕਰੀਬਨ ਤਿੰਨ ਚੌਥਾਈ ਸਦੀ ਤੋਂ ਗਊ-ਮਾਸ ਨਹੀਂ ਖਾਧਾ ਸੀ, ਅਤੇ ਉਹ ਇਸ ਤੋਂ ਹੋਰ ਭੋਜਨ ਖਾਣ ਦੇ ਆਦੀ ਹੋ ਗਏ ਸਨ। ਇਸੇ ਲਈ ਗਊ-ਮਾਸ ਦੀ ਉਪਲਬਧਤਾ ਦੀ ਫ਼ਿਕਰ ਮੁਸਲਮਾਨਾਂ ਨੂੰ ਨਹੀਂ, ਸਗੋਂ ਅੰਗ੍ਰੇਜ਼ਾਂ ਨੂੰ ਸੀ। ਇਸ ਨੁਕਤੇ ਦੀ ਰੌਸ਼ਨੀ ਵਿੱਚ ਵਿਚਾਰਿਆ ਜਾਵੇ ਤਾਂ 1849 'ਚ ਜਾਰੀ ਕੀਤਾ ਗਿਆ 'ਸਭ ਨੂੰ ਖਾਣ-ਪੀਣ ਦੀ ਬਰਾਬਰ ਅਜ਼ਾਦੀ' ਵਾਲਾ ਉਪਰੋਕਤ ਸਰਕਾਰੀ ਐਲਾਨ ਇੱਕ ਛਲਾਵੇ ਤੋਂ ਵੱਧ ਨਹੀਂ ਜਾਪਦਾ। ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੂੰ ਗਊ-ਮਾਸ ਦੀਆਂ ਦੁਕਾਨਾਂ ਸਥਾਪਤ ਕਰਨ ਲਈ ਠੇਕੇ ਦਿੱਤੇ ਗਏ ਸਨ, ਕੁਝ ਹੱਦ ਤੱਕ ਕਿਉਂਕਿ ਮੁਸਲਮਾਨਾਂ ਨੂੰ ਇਸ ਮਾਮਲੇ ਵਿੱਚ ਕੋਈ ਇਤਰਾਜ਼ ਨਹੀਂ ਸੀ ਅਤੇ ਕੁਝ ਹੱਦ ਤੱਕ ਇਸ ਲਈ ਕਿ ਇਹ ਕੰਮ ਜੇ ਕਿਸੇ ਯੂਰੋਪੀਅਨ ਵੱਲੋਂ ਕੀਤਾ ਜਾਂਦਾ ਤਾਂ ਉਸ ਦੀ ਸ਼ਾਨ 'ਚ ਫ਼ਰਕ ਪੈਣਾ ਸੀ।

ਇਹ ਤੱਥ ਕਿ 'ਗਊ-ਹੱਤਿਆ ਦੀ ਸ਼ੁਰੂਆਤ ਅੰਗਰੇਜ਼ਾਂ ਦਾ ਕੰਮ ਸੀ' ਨੂੰ ਇਸ ਗੱਲ ਤੋਂ ਹੋਰ ਵੀ ਮਜ਼ਬੂਤੀ ਮਿਲਦੀ ਹੈ ਕਿ ਕਸਾਈਆਂ ਦੇ ਕਾਰੋਬਾਰ ਜਾਰੀ ਰੱਖਣ ਦੀ ਹਮਾਇਤ ਕੀਤੀ ਸੀ। 1864 'ਚ ਤੇ ਉਸ ਤੋਂ ਪਹਿਲਾਂ ਵੀ ਦੋ-ਤਿੰਨ ਵਾਰ, ਅੰਮ੍ਰਿਤਸਰ ਦੇ ਕਸਾਈਆਂ ਦੇ ਸ਼ਹਿਰ ਵਿਚ ਖੁੱਲ੍ਹੇਆਮ ਗਊ-ਮਾਸ ਵੇਚਣ ਦੀ ਹਿੰਮਤ ਕਾਰਨ ਕੁਝ ਗੜਬੜੀਆਂ ਹੋਈਆਂ ਸਨ। ਇਨ੍ਹਾਂ ਸਾਰੇ ਮੌਕਿਆਂ 'ਤੇ ਉਨ੍ਹਾਂ ਨੂੰ ਜਾਂ ਤਾਂ ਕੁਝ ਵੀ ਨਹੀਂ ਆਖਿਆ ਗਿਆ ਸੀ ਅਤੇ ਜਾਂ ਮਾਮੂਲੀ ਜੁਰਮਾਨੇ ਕਰ ਕੇ ਛੱਡ ਦਿੱਤਾ ਗਿਆ ਸੀ। ਅਧਿਕਾਰੀਆਂ ਦਾ ਅਜਿਹਾ ਪੱਖਪਾਤ 1871 ਦੀ ਸ਼ੁਰੂਆਤ ਤੋਂ ਬਹੁਤ ਜ਼ਿਆਦਾ ਯਕੀਨੀ ਤੌਰ 'ਤੇ ਸਾਹਮਣੇ ਆਉਣ ਲੱਗਾ ਸੀ। ਉਸ ਸਮੇਂ ਤੱਕ ਇਸ ਬੁਰਾਈ ਨੇ ਬਹੁਤ ਜ਼ਿਆਦਾ ਜ਼ੋਰ ਫੜ ਲਿਆ ਸੀ, ਜਿਵੇਂ ਕਿ ਅਧਿਕਾਰਤ ਰਿਕਾਰਡ ਤੋਂ ਹੇਠਾਂ ਦਿੱਤੇ ਅੰਸ਼ ਤੋਂ ਸਪੱਸ਼ਟ ਹੋ ਸਕਦਾ ਹੈ[1]:

1. ਹੋਮ ਜੁਡੀਸ਼ੀਅਲ, 29 ਜੁਲਾਈ, 1871, ਪ੍ਰੋਗਸ, 45-61 (ਏ)

"ਵਿਚਕਾਰ ਦੇ ਸਮੇਂ ਦੌਰਾਨ ਕਈ ਕਾਰਨਾਂ ਨੇ ਮੁਸ਼ਕਿਲ ਨੂੰ ਮੁੜ ਖੋਲ੍ਹਣ ਵਿੱਚ ਯੋਗਦਾਨ ਪਾਇਆ। ਪਸ਼ੂਆਂ ਨੂੰ ਵੱਢ ਕੇ ਉਨ੍ਹਾਂ ਦਾ ਮਾਸ ਵੇਚਣ 'ਤੇ ਟੈਕਸ ਤਿੰਨ ਸਾਲਾਂ ਲਈ ਲਾਇਆ ਗਿਆ ਸੀ ਅਤੇ ਅੰਮ੍ਰਿਤਸਰ ਦੇ ਇੱਕ ਮਸ਼ਹੂਰ ਕਸਾਈ ਨੇ ਇਸ ਦਾ ਠੇਕਾ ਲਿਆ ਸੀ। ਉਸ ਵਰ੍ਹੇ ਅਲੀ ਕੁਝ ਹੋਰ ਕਸਾਈਆਂ ਨਾਲ ਜੁੜਿਆ ਸੀ ਅਤੇ ਇਕਰਾਰਨਾਮੇ (ਕੌਂਟ੍ਰੈਕਟ) ਵਿੱਚ ਹਿੱਸੇਦਾਰਾਂ ਦੀ ਵੱਡੀ ਗਿਣਤੀ ਸਦਕਾ ਗਊ-ਮਾਸ ਦੀ ਵਿਕਰੀ ਨੂੰ ਵੱਡੇ ਪੱਧਰ 'ਤੇ ਹੱਲਾਸ਼ੇਰੀ ਮਿਲੀ। ਉਧਰ ਅਨਾਜ ਦੀ ਕੀਮਤ ਵਧੇਰੇ ਹੈ ਤੇ ਗਊ-ਮਾਸ ਸਸਤਾ ਮਿਲ ਜਾਂਦਾ ਹੈ, ਉਤੋਂ ਚਾਰੇ ਦੀ ਕਮੀ ਬਣੀ ਰਹਿੰਦੀ ਹੈ, ਇਸੇ ਲਈ ਪਸ਼ੂ-ਪਾਲਕ ਆਪਣੇ ਜਾਨਵਰ ਵੇਚਣ ਲਈ ਮਜਬੂਰ ਹੋ ਗਏ ਹਨ ਤੇ ਇਸ ਦੇ ਨਾਲ ਇੱਕ ਕਾਰਨ ਇਹ ਵੀ ਹੈ ਕਿ ਫ਼ਰਾਂਸ ਤੇ ਪਰੂਸੀਆ (ਜਰਮਨੀ ਦੇਸ਼ ਦਾ ਇੱਕ ਰਾਜ) ਵਿਚਾਲੇ ਜੰਗ ਲੱਗ ਜਾਣ ਕਾਰਨ ਕਸ਼ਮੀਰੀ ਲੋਕ ਬੇਰੋਜ਼ਗਾਰ ਹੋ ਗਏ ਸਨ, ਗ਼ਰੀਬ ਵਰਗਾਂ 'ਚ ਗਊ-ਮਾਸ ਦੀ ਖਪਤ ਬਹੁਤ ਜ਼ਿਆਦਾ ਵਧ ਗਈ ਸੀ ਪਰ ਇਸ ਨਾਲ ਨਿਯਮਾਂ ਦੀ ਕੋਈ ਪ੍ਰਣਾਲੀਬੱਧ ਉਲੰਘਣਾ ਨਹੀਂ ਹੋਈ ਜਾਪਦੀ ਪਰ ਇਹ ਨਿਸ਼ਚਤ ਹੈ ਕਿ ਸ਼ਹਿਰ ਵਿੱਚ ਗਊ-ਮਾਸ ਖੁੱਲ੍ਹੇਆਮ ਅਤੇ ਲਾਪਰਵਾਹੀ ਨਾਲ ਲਿਆਂਦਾ ਜਾਣ ਲੱਗਾ ਹੈ ਤੇ ਹਿੰਦੂ ਭਾਈਚਾਰੇ ਦਾ ਇਸ ਵਰਤਾਰੇ ਨੂੰ ਨਫ਼ਰਤ ਕਰਨਾ ਸੁਭਾਵਕ ਹੈ।"

ਦੋਸ਼ੀ ਕਸਾਈਆਂ ਖ਼ਿਲਾਫ ਕਈ ਵਾਰ ਅਧਿਕਾਰੀਆਂ ਨੂੰ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਪਰ ਕੋਈ ਕਾਰਵਾਈ ਨਹੀਂ ਹੋਈ। ਸਿਰਫ਼ ਮਾਮੂਲੀ ਸਜ਼ਾਵਾਂ ਦਿੱਤੀਆਂ ਗਈਆਂ ਸਨ, ਕਈ ਵਾਰ ਤਾਂ ਅਪੀਲਾਂ ਦੇ ਬਾਵਜੂਦ ਉਹ ਵੀ ਨਹੀਂ ਦਿੱਤੀਆਂ ਜਾਂਦੀਆਂ ਸਨ। ਜਿਸ ਤੇਜ਼ੀ ਨਾਲ ਗਊ ਹੱਤਿਆ ਦਾ ਸਿਲਸਿਲਾ ਵਧਦਾ ਜਾ ਰਿਹਾ ਸੀ ਅਤੇ ਇਸ ਮਾਮਲੇ ਵਿਚ ਅਧਿਕਾਰੀਆਂ ਦਾ ਪੱਖਪਾਤ ਵੀ ਜੱਗ ਜ਼ਾਹਿਰ ਸੀ; ਇਸੇ ਕਰਕੇ ਸ਼ਹਿਰ ਦੇ ਹਿੰਦੂ ਅਤੇ ਸਿੱਖ ਨਿਵਾਸੀਆਂ ਨੇ ਪਵਿੱਤਰ ਸ਼ਹਿਰ ਅੰਦਰ ਜਾਂ ਇਸ ਦੇ ਨੇੜੇ-ਤੇੜੇ ਗਊ-ਹੱਤਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਕਰ ਦਿੱਤਾ। ਅਪ੍ਰੈਲ ਅਤੇ ਮਈ 1871 ਦੇ ਮਹੀਨਿਆਂ ਦੌਰਾਨ ਦੋਵੇਂ ਭਾਈਚਾਰਿਆਂ ਵਿਚਾਲੇ ਕਈ ਝਗੜੇ ਹੋਏ। ਉਸ ਸਥਿਤੀ ਨਾਲ ਨਜਿੱਠਣ ਸਮੇਂ ਅਧਿਕਾਰੀਆਂ ਨੇ ਫਿਰ ਪੱਖਪਾਤ ਕੀਤਾ। 6 ਮਈ ਤੋਂ ਬੁੱਚੜਖਾਨੇ 'ਤੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ ਗਿਆ ਸੀ ਅਤੇ ਇਹ ਮਹੀਨੇ ਦੇ ਅੰਤ ਤੱਕ ਜਾਰੀ ਰਿਹਾ।[1] ਦੂਜੇ ਪਾਸੇ 9 ਮਈ ਨੂੰ 22 ਹਿੰਦੂਆਂ 'ਤੇ ਮੁਕੱਦਮਾ ਚਲਾਇਆ ਗਿਆ, ਜਦੋਂ ਕਿ 15 ਮਈ ਨੂੰ ਨੌਰੰਗਾਬਾਦ ਦੇ ਭਾਈ ਬੀਰ ਸਿੰਘ ਦੇ ਚੇਲੇ ਭਾਈ ਦੇਵਾ ਸਿੰਘ ਨੂੰ 24 ਅਪ੍ਰੈਲ ਨੂੰ ਦਰਬਾਰ ਸਾਹਿਬ ਅੰਦਰ ਗਊ ਦੀ ਹੱਡੀ ਲਿਜਾਣ ਤੇ ਉਸ ਨੂੰ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਮਣੇ ਰੱਖਣ ਬਦਲੇ ਤਿੰਨ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ; ਜਦ ਕਿ ਉਨ੍ਹਾਂ ਅਜਿਹਾ ਇਸ ਬੁਰਾਈ ਵਿਰੁੱਧ ਲੋਕਾਂ ਦੀ ਸੁੱਤੀ ਹੋਈ ਜ਼ਮੀਰ ਨੂੰ ਜਗਾਉਣ ਦੇ ਉਦੇਸ਼ ਨਾਲ ਕੀਤਾ ਸੀ।

1. -ਉਹੀ-

ਫਿਰਕੂ ਤਣਾਅ ਦਾ ਸਥਾਈ ਹੱਲ ਲੱਭਣ ਲਈ, ਅੰਮ੍ਰਿਤਸਰ ਨਗਰ ਦੀ ਮਿਉਂਸਪਲ ਕਮੇਟੀ ਦੇ ਸਾਰੇ ਭਾਰਤੀ ਮੈਂਬਰਾਂ, ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਆਪਸ ਵਿੱਚ ਫ਼ੈਸਲਾ ਕੀਤਾ ਕਿ ਕਸਾਈਆਂ ਨਾਲ ਬੁੱਚੜਖਾਨੇ ਦੇ ਠੇਕੇ ਨੂੰ ਅਗਲੇ ਸਾਲ ਲਈ ਨਵਿਆਇਆ ਨਾ ਜਾਵੇ। ਇਸ 'ਤੇ ਜ਼ਿਲ੍ਹੇ ਦੇ ਉੱਚ ਅਧਿਕਾਰੀ ਕਾਫੀ ਨਾਰਾਜ਼ ਹੋ ਗਏ। ਡਿਪਟੀ ਕਮਿਸ਼ਨਰ ਸ੍ਰੀ ਐਫ.ਐਮ. ਬਰਚ ਨੇ ਇਸ ਮੁੱਦੇ 'ਤੇ ਨਵੇਂ ਸਿਰੇ ਤੋਂ ਚਰਚਾ ਕਰਨ ਲਈ 22 ਮਈ ਨੂੰ ਕਮੇਟੀ ਦੀ ਇੱਕ ਜ਼ਰੂਰੀ ਮੀਟਿੰਗ ਸੱਦ ਲਈ। ਇਸੇ ਦੌਰਾਨ, ਕਾਰਜਕਾਰੀ ਕਮਿਸ਼ਨਰ ਸ੍ਰੀ ਡਬਲਯੂ.ਜੀ. ਡੇਵਿਸ ਗੁਰਦਾਸਪੁਰ ਤੋਂ ਪਹੁੰਚੇ ਸਨ ਅਤੇ ਸਮੂਹ ਭਾਈਚਾਰਿਆਂ ਦੇ ਮੋਹਰੀ ਨਾਗਰਿਕਾਂ ਨਾਲ ਗੱਲਬਾਤ ਦਾ ਦੌਰ ਸ਼ੁਰੂ ਕੀਤਾ ਸੀ ਉਸ ਮੀਟਿੰਗ 'ਚ ਉਨ੍ਹਾਂ ਸਭਨਾਂ ਨੂੰ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਕਿ ਇਸ ਮਾਮਲੇ 'ਤੇ ਹਿੰਦੂ ਤੇ ਮੁਸਲਮਾਨ ਜੋ ਮਰਜ਼ੀ ਸੋਚਦੇ ਹੋਣ, ਸਰਕਾਰ ਦਾ ਬੁੱਚੜਖਾਨੇ ਨੂੰ ਜਾਰੀ ਰੱਖਣ ਦਾ ਪੱਕਾ ਇਰਾਦਾ ਹੈ। ਬਾਅਦ ਵਿੱਚ ਨਗਰਪਾਲਿਕਾ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹੋ ਗੱਲ ਦੁਹਰਾਈ। ਉਨ੍ਹਾਂ ਦੇ ਦਖ਼ਲ ਸਦਕਾ ਕਮੇਟੀ ਦੇ ਮੁਸਲਿਮ ਮੈਂਬਰਾਂ ਨੇ ਯੂਰੋਪੀਅਨਾਂ ਦਾ ਪੱਖ ਲਿਆ ਅਤੇ ਇਕਰਾਰਨਾਮੇ ਦੇ ਨਵੀਨੀਕਰਨ ਦੇ ਪੱਖ ਵਿੱਚ ਇੱਕ ਨਵਾਂ ਮਤਾ ਪਾਸ ਕੀਤਾ ਗਿਆ। ਕਿਸੇ ਵੀ ਹਿੰਦੂ ਮੈਂਬਰ ਨੇ ਮਤੇ ਲਈ ਵੋਟ ਨਹੀਂ ਪਾਈ। ਉਨ੍ਹਾਂ ਵਿਚੋਂ ਕੁਝ ਨੇ ਵੋਟ ਪਾਉਣ ਤੋਂ ਪਰਹੇਜ਼ ਕੀਤਾ, ਜਦੋਂ ਕਿ ਕੁਝ ਨੇ ਇਸ ਦੇ ਵਿਰੁੱਧ ਵੋਟ ਦਿੱਤੀ।

ਇਸ ਦੇ ਬਾਵਜੂਦ ਅਧਿਕਾਰੀਆਂ ਵਿੱਚੋਂ ਕਿਸੇ ਨੇ ਵੀ ਉਨ੍ਹਾਂ ਦੀਆਂ ਭਾਵਨਾਵਾਂ ਵੱਲ ਧਿਆਨ ਨਹੀਂ ਦਿੱਤਾ। ਰੋਸ ਵਜੋਂ ਉਨ੍ਹਾਂ ਨੇ ਮੁਸਲਮਾਨਾਂ ਦੇ ਸਮਾਜਿਕ ਅਤੇ ਆਰਥਿਕ ਬਾਈਕਾਟ ਦਾ ਐਲਾਨ ਕਰ ਦਿੱਤਾ। ਹਿੰਦੂ 'ਕਸੇਰਿਆਂ' (ਠਠੇਰਿਆਂ) ਨੇ ਮੁਸਲਮਾਨਾਂ ਤੋਂ ਤਾਂਬੇ ਦੇ ਪੁਰਾਣੇ ਭਾਂਡੇ ਖਰੀਦਣ ਤੋਂ ਇਨਕਾਰ ਕਰ ਦਿੱਤਾ, ਜਦੋਂ ਕਿ ਆਮ ਤੌਰ 'ਤੇ ਹਿੰਦੂਆਂ ਨੇ 31 ਮਈ ਨੂੰ ਆਉਣ ਵਾਲੇ ਨਿਮਾਣੀ ਇਕਾਦਸ਼ੀ ਦਿਵਸ 'ਤੇ ਮੁਸਲਿਮ ਘੁਮਿਆਰ ਵਰਗ ਵੱਲੋਂ ਇਸ ਖ਼ਾਸ ਮੌਕੇ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਮਿੱਟੀ ਦੇ ਬਰਤਨਾਂ ਦੀ ਵਰਤੋਂ ਨਾ ਕਰਨ ਦਾ ਫੈਸਲਾ ਕੀਤਾ, ਅਜਿਹਾ ਪਹਿਲੀ ਵਾਰ ਹੋਇਆ ਸੀ। ਪੁੱਜੀਆਂ ਸ਼ਿਕਾਇਤਾਂ ਸਦਕਾ ਅਧਿਕਾਰੀਆਂ ਨੇ ਆਮ ਸਥਿਤੀ ਨੂੰ ਬਹਾਲ ਕਰਨ ਲਈ ਆਪਣਾ ਅਧਿਕਾਰ ਵਰਤਿਆ ਪਰ ਹਿੰਦੂਆਂ ਦੇ ਵਲੂੰਧਰੇ ਹਿਰਦਿਆਂ ਨੂੰ ਠੀਕ ਕਰਨ ਲਈ ਕੁਝ ਨਹੀਂ ਕੀਤਾ। ਇਸ ਦੇ ਉਲਟ, 2 ਜੂਨ ਨੂੰ ਜਦੋਂ ਕਸਾਈਆਂ ਨੂੰ ਬਰੀ ਕਰ ਦਿੱਤਾ ਗਿਆ ਤਾਂ ਹਿੰਦੂ ਭਾਵਨਾਵਾਂ ਨੂੰ ਹੋਰ ਵੀ ਠੇਸ ਪੁੱਜੀ ਕਿਉਂਕਿ ਇਸ ਤੋਂ ਪਹਿਲਾਂ ਤਾਂ ਜਦੋਂ ਵੀ ਕਦੇ ਹਿੰਦੂ ਇਸ ਮਾਮਲੇ 'ਚ ਕੋਈ ਸ਼ਿਕਾਇਤ ਕਰਦੇ ਸਨ ਤਾਂ ਕਸਾਈਆਂ ਨੂੰ ਸਜ਼ਾਵਾਂ ਜ਼ਰੂਰ ਦਿੱਤੀਆਂ ਜਾਂਦੀਆਂ ਸਨ। ਗੁਰਦਾਸਪੁਰ ਲਈ ਰਵਾਨਾ ਹੋਣ ਤੋਂ ਪਹਿਲਾਂ, ਕਾਰਜਕਾਰੀ ਕਮਿਸ਼ਨਰ ਨੇ 3 ਜੂਨ ਨੂੰ ਟਾਊਨ ਹਾਲ ਵਿਖੇ ਇੱਕ ਵਿਸ਼ਾਲ ਦਰਬਾਰ ਦਾ ਆਯੋਜਨ ਕੀਤਾ, ਜਿੱਥੇ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਉਰਦੂ ਭਾਸ਼ਣ ਵਿੱਚ[1] 'ਤੇ ਜ਼ੋਰ ਦਿੱਤਾ ਕਿ "ਭਵਿੱਖ

---

1. ਉਹੀ, ਮੇਜਰ ਡਬਲਿਊਜੀ ਡੇਵੀਸ ਵੱਲੋਂ ਕਾਰਜਕਾਰੀ ਸਕੱਤਰ ਨੂੰ, ਪੰਜਾਬ ਸਰਕਾਰ ਨੂੰ, ਮਿਤੀ 21 ਜੂਨ, 1871

'ਚ ਇਹੋ ਸਿਸਟਮ ਜਾਰੀ ਰਹੇਗਾ, ਪਰ ਸਹੀ ਨਿਯੰਤਰਣ ਤੇ ਨਿਗਰਾਨੀ ਹੇਠ, ਦੱਸ ਦਈਏ ਕਿ ਜਨਤਕ ਥਾਂਵਾਂ 'ਤੇ ਹੋਰ ਵਸਤਾਂ ਵਾਂਗ ਮਾਸ ਨੂੰ ਖੁੱਲ੍ਹੇਆਮ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪਰ ਜੇ ਕੋਈ ਇਸ ਨੂੰ ਸ਼ਹਿਰ ਵਿੱਚ ਵੱਡੀਆਂ ਜਾਂ ਛੋਟੀਆਂ ਟੋਕਰੀਆਂ 'ਚ ਚੰਗੀ ਤਰ੍ਹਾਂ ਢੱਕ ਕੇ ਲਿਆਉਂਦਾ ਹੈ, ਤਾਂ ਉਹ ਅਜਿਹਾ ਕਰਨ ਲਈ ਆਜ਼ਾਦ ਹੈ।" ਉਨ੍ਹਾਂ ਭਰੋਸਾ ਦਿਵਾਇਆ ਕਿ "ਕਸਾਈਆਂ ਤੋਂ ਲਿਖਤੀ ਸ਼ਰਤ ਲਈ ਗਈ ਹੈ ਕਿ ਨਿਯਮਾਂ ਦੀ ਕਿਸੇ ਵੀ ਤਰ੍ਹਾਂ ਉਲੰਘਣਾ ਨਹੀਂ ਕੀਤੀ ਜਾਵੇਗੀ।"

ਉਨ੍ਹਾਂ ਸਖਤ ਚੇਤਾਵਨੀ ਦਿੰਦਿਆਂ ਕਿਹਾ "ਇਹ ਦੱਸਣ ਦੀ ਲੋੜ ਨਹੀਂ ਹੈ ਕਿ ਕਾਨੂੰਨ ਕੀ ਹਨ ਤੇ ਉਨ੍ਹਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕੀ ਸਜ਼ਾ ਮਿਲੇਗੀ।"

ਉਨ੍ਹਾਂ ਲੋਕਾਂ ਨੂੰ ਚੇਤੇ ਕਰਵਾਇਆ ਕਿ "ਜਿਹੜੇ ਲੋਕਾਂ ਨੇ ਇਸ ਸਬੰਧ ਵਿੱਚ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ ਅਤੇ ਜਿਹੜੇ ਲੋਕਾਂ ਨੇ ਗਊ-ਹੱਤਿਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਕਾਰਵਾਈ ਨਾਲ ਛੇੜਖਾਨੀ ਕਰਦਿਆਂ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲਿਆ ਹੈ, ਉਨ੍ਹਾਂ ਨੂੰ ਸਜ਼ਾ ਦਿੱਤੀ ਗਈ ਹੈ।"

ਵੱਖੋ-ਵੱਖਰੇ ਸਰਕਾਰੀ ਕਾਨੂੰਨਾਂ ਰਾਹੀਂ ਹਿੰਦੂ ਮਨਾਂ 'ਤੇ ਪੈਦਾ ਹੋਏ ਪ੍ਰਭਾਵ ਬਾਰੇ ਬੋਲਦਿਆਂ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਬਰਚ ਨੇ ਕੁਝ ਦਿਨਾਂ ਬਾਅਦ ਮੰਨਿਆ[1]:

"ਚੁੱਕੇ ਗਏ ਕਦਮਾਂ ਦਾ ਨਤੀਜਾ ਆਮ ਤੌਰ 'ਤੇ ਹਿੰਦੂ ਹਿੱਤਾਂ ਦੇ ਉਲਟ ਸੀ। ਇਹ ਸ਼ਾਇਦ ਹੀ ਕੁਝ ਹੋਰ ਹੋ ਸਕਦਾ ਸੀ। ਹਿੰਦੂ ਅਬਾਦੀ ਨੇ ਆਪਣੇ ਆਪ ਨੂੰ ਨਾਕਾਮ ਮਹਿਸੂਸ ਕੀਤਾ ਅਤੇ ਇਸਦੇ ਮੈਂਬਰਾਂ ਨੇ ਬਦਲੇ ਦੀ ਭਾਵਨਾ ਨਾਲ ਸੋਚਣਾ ਸ਼ੁਰੂ ਕੀਤਾ ਹੈ।"

ਨਤੀਜਾ ਸ਼ਾਇਦ ਹੀ ਕੋਈ ਹੋਰ ਹੋ ਸਕਦਾ ਸੀ, ਜੇ ਸਰਕਾਰੀ ਰਵੱਈਆ ਉਹ ਹੁੰਦਾ ਜੋ ਸ੍ਰੀ ਬਰਚ ਦੇ 15 ਮਈ 1871 ਦੇ ਆਪਣੇ ਬਿਆਨ ਵਿੱਚ ਹੇਠਾਂ ਦਿੱਤਾ ਗਿਆ ਹੈ:

"ਮੈਨੂੰ ਲਗਦਾ ਹੈ[2] ਕਿ ਹਿੰਦੂ ਸ਼ਹਿਰ 'ਚ ਗਊ-ਮਾਸ ਦੀ ਵਿਕਰੀ ਨੂੰ ਰੋਕਣ ਲਈ ਕਹਿਣ ਵਿੱਚ ਬਹੁਤ ਦੰਭੀ ਹਨ। ਉਨ੍ਹਾਂ ਦੇ ਅਵਿਵਸਥਿਤ ਵਿਵਹਾਰ ਕਾਰਨ ਉਹ ਇਸ ਯੋਗ ਨਹੀਂ ਹਨ ਕਿ ਉਨ੍ਹਾਂ ਬਾਰੇ ਕਿਸੇ ਖ਼ਾਸ ਤਰੀਕੇ ਸੋਚਿਆ ਜਾਵੇ।"

ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਰਾਜਧਾਨੀ ਹੋਣ ਕਰਕੇ, ਉੱਥੇ ਗਊ-ਹੱਤਿਆ ਕਰਨ ਵਾਲਿਆਂ ਦੀਆਂ ਤੇਜ਼ੀ ਨਾਲ ਵੱਧ ਰਹੀਆਂ ਗਤੀਵਿਧੀਆਂ ਨੇ ਸਿੱਖਾਂ ਦੇ ਨਾਲ-ਨਾਲ ਪੰਜਾਬ ਅਤੇ ਇੱਥੋਂ ਤੱਕ ਕਿ ਬਾਹਰਲੇ ਹਿੰਦੂਆਂ ਵਿੱਚ ਵੀ ਵਿਆਪਕ ਅਸੰਤੋਖ ਪੈਦਾ ਕਰ ਦਿੱਤਾ ਸੀ। ਬੁੱਚੜਖਾਨੇ ਜਿੱਥੇ ਵੀ ਸਨ, ਉਨ੍ਹਾਂ ਬਾਰੇ ਸਭ ਨੂੰ

---

1. ਹੋਮ ਜੁਡੀਸ਼ੀਅਲ, 29 ਜੁਲਾਈ 1871, ਪ੍ਰੋਗਸ. 45-61 (ਏ)- ਮੇਜਰ ਐੱਫ.ਐੱਮ ਵੱਲੋਂ ਡਬਲਿਊ.ਜੀ. ਡੇਵੀਸ ਨੂੰ, ਮਿਤੀ 1 ਜੁਲਾਈ 1871
2. ਹੋਮ ਜੁਡੀਸ਼ੀਅਲ, 29 ਜੁਲਾਈ 1871, ਪ੍ਰੋਗਸ. 45-61 (ਏ)

ਚਿੰਤਾ ਹੋਣ ਲੱਗ ਪਈ ਸੀ ਜਦ ਕਿ ਪਹਿਲਾਂ ਉਨ੍ਹਾਂ ਬਾਰੇ ਕਦੇ ਅਜਿਹਾ ਮਾਹੌਲ ਪੈਦਾ ਨਹੀਂ ਸੀ ਹੋਇਆ। ਸਮੱਸਿਆ ਸਿਰਫ਼ ਅੰਮ੍ਰਿਤਸਰ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਨਹੀਂ ਸੀ, ਸਗੋਂ ਸਾਰੀ ਬੁਰਾਈ ਨੂੰ ਖ਼ਤਮ ਕਰਨ ਦੀ ਸੀ, ਜਿੱਥੇ ਕਿਤੇ ਵੀ ਇਸ ਦੀ ਜੜ੍ਹ ਸੀ। ਇਹ ਕੋਈ ਕੁਝ ਮੁਸਲਿਮ ਕਸਾਈਆਂ ਨੂੰ ਮਹਿਜ਼ ਆਪਣਾ ਇਹ ਨਾਪਾਕ ਵਪਾਰ ਛੱਡ ਦੇਣ ਦਾ ਹੀ ਸਧਾਰਨ ਸਵਾਲ ਨਹੀਂ ਸੀ ਕਿਉਂਕਿ ਇਹ ਸਮੱਸਿਆ ਤਾਂ ਸਰਕਾਰ ਵੱਲੋਂ ਹੀ ਜਾਣਬੁੱਝ ਕੇ ਪੈਦਾ ਕੀਤੀ ਹੋਈ ਸੀ। ਇਸ ਤੋਂ ਇਲਾਵਾ, ਇਸ ਵਪਾਰ ਵਿੱਚ ਲੱਗੇ ਲੋਕਾਂ ਨੂੰ ਬ੍ਰਿਟਿਸ਼ ਸਰਕਾਰ ਦੀ ਜ਼ਬਰਦਸਤ ਤਾਕਤ ਦੀ ਹਮਾਇਤ ਹਾਸਲ ਸੀ। ਅਸੰਤੁਸ਼ਟ ਲੋਕਾਂ ਵਿੱਚ ਸੁਆਰਥੀ ਅਤੇ ਡਰਪੋਕ ਲੋਕ ਸਨ, ਜੋ ਬਹੁਤ ਡਰੇ ਹੋਏ ਜਾਂ ਦਹਿਸ਼ਤ 'ਚ ਸਨ ਤੇ ਸਰਕਾਰ ਦੀ ਨਾਰਾਜ਼ਗੀ ਨਹੀਂ ਝੱਲ ਸਕਦੇ ਸਨ। ਇਹ ਮਾਮਲਾ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰਾਂ 'ਤੇ ਛੱਡ ਦਿੱਤਾ ਗਿਆ ਸੀ ਕਿ ਉਹ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਇਸ ਪ੍ਰਕਿਰਿਆ ਵਿਚ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨ।

ਕੂਕਾ ਲੀਡਰਸ਼ਿਪ ਗਊ-ਹੱਤਿਆ ਨੂੰ ਰੋਕਣ ਦੀ ਸਮੱਸਿਆ ਨਾਲ ਜੁੜੇ ਸਾਰੇ ਮੁੱਦਿਆਂ ਤੋਂ ਚੰਗੀ ਤਰ੍ਹਾਂ ਜਾਣੂ ਜਾਪਦੀ ਸੀ। ਉਨ੍ਹਾਂ ਲਈ ਕਸਾਈਆਂ 'ਤੇ ਹਮਲਾ ਦਰਅਸਲ ਸਰਕਾਰ 'ਤੇ ਹਮਲਾ ਸੀ। ਇਸ ਲਈ, ਇਹ ਧਾਰਮਿਕ ਕੱਟੜਤਾ ਦਾ ਕੰਮ ਨਹੀਂ ਸੀ, ਸਗੋਂ ਦੇਸ਼ ਦੇ ਨਵੇਂ ਸ਼ਾਸਕਾਂ ਵਿਰੁੱਧ ਉਨ੍ਹਾਂ ਦੇ ਕੌਮੀ ਸੰਘਰਸ਼ ਵਿੱਚ ਇੱਕ ਅਗਲਾ ਕਦਮ ਸੀ। ਸ੍ਰੀ ਮੈਕਨਬ ਨੇ 4 ਨਵੰਬਰ, 1871 ਦੇ ਆਪਣੇ ਮੈਮੋਰੰਡਮ 'ਚ ਇਸ ਬਾਰੇ ਸਪੱਸ਼ਟ ਲਿਖਿਆ ਸੀ[1]: "ਮੈਂ ਸਮਝਦਾ ਹਾਂ ਕਿ ਬ੍ਰਿਟਿਸ਼ ਸਰਕਾਰ ਵੱਲੋਂ ਸਪੱਸ਼ਟ ਤੌਰ 'ਤੇ ਪ੍ਰਵਾਨਿਤ ਥਾਂਵਾਂ 'ਤੇ ਬੁੱਚੜਾਂ ਨੂੰ ਕਾਰੋਬਾਰ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ, ਅਜਨਬੀਆਂ ਵਲੋਂ ਬੁੱਚੜ ਕਤਲ ਕਰਕੇ ਸਾਡੀ ਅਥਾਰਟੀ ਦੀ ਸਿੱਧੇ ਤੌਰ 'ਤੇ ਉਲੰਘਣਾ ਕੀਤੀ ਗਈ ਸੀ ਤੇ ਮੇਰਾ ਮੰਨਣਾ ਹੈ ਕਿ ਅਜਿਹੀ ਉਲੰਘਣਾ ਲਈ ਜੇ ਸਖ਼ਤ ਸਜ਼ਾ ਨਹੀਂ ਦਿੱਤੀ ਜਾਂਦੀ ਤਾਂ ਇਹ ਸਾਡੀ ਸੱਤਾ ਲਈ ਖ਼ਤਰਾ ਹੋਵੇਗਾ।"

ਇਸ ਬਾਰੇ ਬਾਬਾ ਰਾਮ ਸਿੰਘ ਜੀ ਦਾ ਮਨੋਰਥ ਪਟਿਆਲਾ ਦੇ ਮਹਾਰਾਜਾ ਨੇ 12 ਫਰਵਰੀ, 1872 ਨੂੰ ਪੰਜਾਬ ਸਰਕਾਰ ਨੂੰ ਲਿਖੇ ਆਪਣੇ ਪੱਤਰ[2] ਵਿਚ ਸਪੱਸ਼ਟ ਤੌਰ 'ਤੇ ਪੇਸ਼ ਕੀਤਾ ਸੀ। ਉਨ੍ਹਾਂ ਲਿਖਿਆ ਸੀ: 'ਇਸ ਪੱਖਪਾਤ ਨੂੰ ਉਤਸ਼ਾਹਤ ਕਰਨ ਵਿੱਚ ਉਸ ਦਾ ਮਨੋਰਥ ( ਜਿਵੇਂ ਪਹਿਲਾਂ ਧਾਰਮਿਕ ਮੁੱਦਾ ਬਣਾ ਕੇ ਕਾਰਤੂਸ ਪੱਖਪਾਤ ਦਾ ਬਹਾਨਾ ਬਣਾਉਂਦਿਆਂ 1857 'ਚ ਪੂਰੇ ਭਾਰਤ ਵਿੱਚ ਹੰਗਾਮਾ ਕਰ ਦਿੱਤਾ ਗਿਆ

---

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132. ਹੋਮ ਜੁਡੀਸ਼ੀਅਲ (ਏ) ਜੁਲਾਈ 1872, ਪ੍ਰੋਗਸ. 212-220 ਨੂੰ ਵੀ ਵੇਖੋ। ਸ੍ਰੀ ਟੀ.ਡੀ. ਫ਼ੋਰਸਾਇਥ ਨੇ 6 ਜੁਲਾਈ 1872 ਨੂੰ ਭਾਰਤ ਸਰਕਾਰ ਨੂੰ ਲਿਖੀ ਆਪਣੀ ਚਿੱਠੀ ਦੇ ਪੈਰਾ 4 'ਚ ਲਿਖਿਆ ਸੀ: ਗਊਆਂ ਦੇ ਹਤਿਆਰਿਆਂ ਦੇ ਕਤਲ ਦਾ ਜਿਹੜਾ ਮਾਮਲਾ ਉਠਾਇਆ ਗਿਆ ਸੀ, ਉਸ ਦੀ ਸਮੂਹ ਸਿੱਖਾਂ ਤੇ ਹਿੰਦੂਆਂ ਲਈ ਬਹੁਤ ਜ਼ਿਆਦਾ ਮਹੱਤਤਾ ਸੀ। ਇਹ ਸਿੱਖ ਹਕੂਮਤ ਨੂੰ ਬਹਾਲ ਕਰਨ ਦੀ ਕੋਸ਼ਿਸ਼ ਦੀ ਸ਼ੁਰੂਆਤ ਤੋਂ ਘੱਟ ਨਹੀਂ ਹੈ।
2. ਹੋਮ ਜੁਡੀਸ਼ੀਅਲ (ਏ) ਜੂਨ 1872, ਪ੍ਰੋਗਸ. 107-111

ਸੀ) ਕਿ ਇਸ ਭੜਕਾਊ ਗਤੀਵਿਧੀ ਰਾਹੀਂ ਹਿੰਦੂ ਭਾਈਚਾਰੇ (ਕੁਲੀਨ ਵਰਗ, ਪਤਵੰਤਿਆਂ ਅਤੇ ਫੌਜੀਆਂ ਸਮੇਤ) ਪ੍ਰਤੀ ਹਮਦਰਦੀ ਪੈਦਾ ਹੋ ਸਕਦੀ ਹੈ ਤੇ ਉਨ੍ਹਾਂ ਦੀਆਂ ਭਾਵਨਾਵਾਂ ਦੇਸ਼ ਦੇ ਹਾਕਮਾਂ ਵਿਰੁੱਧ ਨਫ਼ਰਤ ਦੇ ਆਧਾਰ 'ਤੇ ਭੜਕ ਸਕਦੀਆਂ ਹਨ, ਹੋ ਸਕਦਾ ਹੈ ਕਿ ਆਮ ਲੋਕਾਂ ਦੇ ਹਰੇਕ ਵਰਗ 'ਚ ਕੋਈ ਭੰਬਲਭੂਸਾ ਪੈਦਾ ਹੋ ਜਾਵੇ, ਉਨ੍ਹਾਂ ਦਾ ਸਤਿਕਾਰ ਕੀਤਾ ਜਾਵੇਗਾ ਤੇ ਇੰਝ ਉਨ੍ਹਾਂ ਦਾ ਸ਼ਕਤੀਸ਼ਾਲੀ ਢੰਗ ਨਾਲ ਉਨ੍ਹਾਂ ਉਤੇ ਬੋਲਬਾਲਾ ਕਾਇਮ ਹੋ ਜਾਵੇਗਾ, ਇਹੋ ਗੱਲ ਉਹ ਪਿਛਲੇ ਲੰਮੇ ਸਮੇਂ ਤੋਂ ਗੰਭੀਰਤਾ ਨਾਲ ਚਾਹੁੰਦੇ ਰਹੇ ਹਨ।''

ਜੂਨ 1871 ਵਿਚ ਅੰਮ੍ਰਿਤਸਰ ਦੇ ਕਸਾਈਆਂ 'ਤੇ ਕੂਕਿਆਂ ਦੇ ਹਮਲੇ ਤੋਂ ਤੁਰੰਤ ਬਾਅਦ ਗੁਜਰਾਂਵਾਲਾ ਜ਼ਿਲ੍ਹੇ ਵਿਚ ਸੂਬਾ ਬ੍ਰਹਮਾ ਸਿੰਘ (1857 ਦਾ ਇਕ ਸਾਬਕਾ ਬਾਗ਼ੀ ਸਿਪਾਹੀ) ਦੇ ਭਾਸ਼ਣਾਂ ਤੋਂ ਵੀ ਕੂਕਾ-ਪ੍ਰੇਰਣਾ ਸਪੱਸ਼ਟ ਹੁੰਦੀ ਹੈ। ਗੁਜਰਾਂਵਾਲਾ ਪੁਲਿਸ ਦੇ ਡਿਪਟੀ ਸੁਪਰਡੈਂਟ ਦੀ ਰਿਪੋਰਟ ਅਨੁਸਾਰ ਬ੍ਰਹਮਾ ਸਿੰਘ ਨੇ ਕੂਕਿਆਂ ਨੂੰ ਘਰ ਨਾ ਬਣਾਉਣ, ਦੂਜਿਆਂ ਨੂੰ ਉਧਾਰ ਨਾ ਦੇਣ ਅਤੇ ਵੱਧ ਤੋਂ ਵੱਧ ਨਕਦੀ ਰੱਖਣ ਲਈ ਕਿਹਾ ਸੀ। ਇਸ ਪਿੱਛੇ ਵਿਚਾਰ ਇਹ ਸੀ ਕਿ ਉਹਨਾਂ ਨੂੰ ਜੰਗ ਜਾਂ ਅਜਿਹੀ ਕਿਸੇ ਗੜਬੜ ਲਈ ਤਿਆਰ ਰਹਿਣਾ ਚਾਹੀਦਾ ਹੈ, ਜੋ ਉਨ੍ਹਾਂ ਦੇ ਗੁਰੂ, ਰਾਮ ਸਿੰਘ ਜੀ ਦੀ ਕਮਾਂਡ 'ਤੇ ਆਉਣ ਵਾਲੀ ਸੀ। ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ[1]: "1928 ਦੇ ਕੱਤਕ ਤੇ ਮੱਘਰ (ਅਕਤੂਬਰ ਅਤੇ ਨਵੰਬਰ 1871) ਦੌਰਾਨ ਜੰਗ ਸ਼ੁਰੂ ਹੋਵੇਗੀ।'' ਉਨ੍ਹਾਂ ਕੂਕਿਆਂ ਨੂੰ ਇਹ ਵੀ ਦੱਸਿਆ ਸੀ ਕਿ ਨੇਪਾਲ ਦੇ ਮਹਾਰਾਜਾ, ਹੋਰ ਰਾਜੇ ਅਤੇ ਪੰਜਾਬ ਦੇ ਸਰਦਾਰ ਵੀ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਆ ਗਏ ਸਨ ਤੇ ਉਹ ਹਥਿਆਰਾਂ, ਆਦਮੀਆਂ ਤੇ ਪੈਸੇ ਨਾਲ ਮਦਦ ਕਰਨਗੇ। ਆਪਣੇ ਇੱਕ ਭਾਸ਼ਣ 'ਚ ਉਨ੍ਹਾਂ ਇਹ ਸ਼ਬਦ[2] ਕਹੇ ਸਨ:

"ਵੇਖੋ ਨਾਮਧਾਰੀ ਭਰਾਵੋ, ਹਰਿ ਗੋਬਿੰਦ ਸਾਹਿਬ (ਭਾਵ ਗੁਰੂ ਗੋਬਿੰਦ ਸਿੰਘ ਜੀ) ਸਤਿਗੁਰੂ ਬਣ ਗਏ ਹਨ ਅਤੇ ਮੁੜ ਘੋੜੇ ਉੱਤੇ ਸਵਾਰ ਹੋ ਕੇ ਪ੍ਰਗਟ ਹੋਏ ਹਨ। ਉਨ੍ਹਾਂ ਨੇ ਅੰਮ੍ਰਿਤਸਰ ਦੇ ਬੁੱਚੜਖਾਨੇ 'ਚ ਆਪਣੇ ਅਧਿਕਾਰ ਨੂੰ ਸਹੀ ਸਾਬਤ ਕੀਤਾ ਹੈ, ਉਸ ਮੌਕੇ ਉਨ੍ਹਾਂ ਦੇ ਪੈਰੋਕਾਰ ਉਹ ਸਿੱਖ ਸਨ, ਜਿਨ੍ਹਾਂ ਨੇ ਪਹਿਲਾਂ ਆਪਣੇ ਧਰਮ ਲਈ ਸ਼ਹਾਦਤਾਂ ਪਾਈਆਂ ਸਨ। ਸਬਰ ਰੱਖੋ, ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦੁਬਾਰਾ ਵਾਪਰਨਗੀਆਂ, ਤੇ ਜੇ ਸਾਡੇ ਦੇਸ਼ ਦੇ ਮੌਜੂਦਾ ਹਾਕਮ ਇਸ ਮਾਮਲੇ 'ਚ ਹੋਰ ਬੇਅਦਬੀ ਕਰਨ ਦੀ ਹਿੰਮਤ ਕਰਨਗੇ, ਅਤੇ ਸਾਡੇ ਸਮਾਗਮਾਂ ਵਿੱਚ ਵਿਘਨ ਪਾਉਣਗੇ ਜਾਂ ਸਾਡੇ ਮਸਲਿਆਂ 'ਚ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਕਰਨਗੇ ਤਾਂ ਅਜਿਹਾ ਕਈ ਥਾਈਂ ਵਾਪਰੇਗਾ।ਪਰ ਇੱਥੇ ਸਾਨੂੰ ਕੋਈ ਡਰ ਨਹੀਂ ਹੈ। ਸਾਡੀਆਂ ਭਵਿੱਖਬਾਣੀਆਂ ਹੁਣ ਪੂਰੀਆਂ ਹੋਣ ਵਾਲੀਆਂ ਹਨ ਤੇ ਖਾਲਸਾ ਰਾਜ ਦੀ ਬਹਾਲੀ ਦੇ ਦਿਨ ਨੇੜੇ ਹਨ। ਤਿਆਰ ਰਹੋ ਅਤੇ ਵਫ਼ਾਦਾਰ ਰਹੋ। ਪਿੱਛੇ ਜਿਹੇ ਇੱਕ ਗੁਰਸਿੱਖ

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284, ਪੰਨਾ 2495
2. ਉਹੀ

ਵੀਰ ਦੋ ਦਿਨਾਂ ਤੋਂ ਸਮਾਧੀ 'ਚ ਸੀ ਅਤੇ ਉਸ ਨੇ ਇਸ ਦੌਰਾਨ ਸਾਖਿਆਤ ਵੇਖਿਆ ਕਿ ਪਿੰਡ ਭੈਣੀ ਇੱਕ ਵੱਡੀ ਸਿੱਖ ਫੌਜ ਨਾਲ ਘਿਰਿਆ ਹੋਇਆ ਹੈ। ਗੁਰੂ ਰਾਮ ਸਿੰਘ ਜੀ ਨੇ ਖ਼ੁਦ ਉਨ੍ਹਾਂ ਦੀ ਅਗਵਾਈ ਕੀਤੀ ਤੇ ਐਲਾਨ ਕੀਤਾ ਕਿ ਉਹ ਸ਼ਹੀਦਾਂ ਦੀ ਫੌਜ ਹਨ, ਜੋ ਸਿੱਖ ਧਰਮ ਅਤੇ ਸਰਬਉੱਚਤਾ ਨੂੰ ਉਸ ਦੀ ਅਸਲ ਸ਼ੁੱਧਤਾ ਤੇ ਅਖੰਡਤਾ 'ਚ ਬਹਾਲ ਕਰਨ ਲਈ ਤਿਆਰ ਹਨ।"

ਇਸ ਮਾਮਲੇ ਬਾਰੇ ਬਾਬਾ ਰਾਮ ਸਿੰਘ ਜੀ ਦੇ ਆਪਣੇ ਵਿਚਾਰਾਂ ਦਾ ਹਵਾਲਾ 24 ਜੁਲਾਈ 1871 ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੇ ਇੱਕ ਮੈਮੋਰੰਡਮ[1] 'ਚ ਮਿਲਦਾ ਹੈ:

'ਵਾਅਦਾ-ਮੁਆਫ਼ ਗਵਾਹ ਤੇ ਇੱਕ ਹੋਰ ਗਵਾਹ, ਜਿਨ੍ਹਾਂ ਰਾਹੀਂ ਉਨ੍ਹਾਂ ਦੇ ਬਹੁਤ ਸਾਰੇ ਬਿਆਨਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ, ਨੇ ਦੱਸਿਆ ਹੈ ਕਿ ਜਦੋਂ ਬਾਬਾ ਰਾਮ ਸਿੰਘ ਜੀ ਅੰਮ੍ਰਿਤਸਰ ਦੇ ਰੁਝੇਵਿਆਂ ਤੋਂ ਕੁਝ ਹਫ਼ਤੇ ਪਹਿਲਾਂ ਰਾਏਸਰ 'ਚ ਸਨ, ਤਾਂ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਫਿਰੋਜ਼ਪੁਰ ਜ਼ਿਲ੍ਹੇ 'ਚ ਇੱਕ ਕੂਕੇ ਨੇ ਆਪਣੇ ਹੀ ਇੱਕ ਸਾਥੀ ਦਾ ਕਤਲ ਕਰ ਦਿੱਤਾ ਸੀ। ਬਾਬਾ ਰਾਮ ਸਿੰਘ ਜੀ ਨੇ ਆਪਣੇ ਇੱਕ ਭਾਸ਼ਣ ਜਾਂ ਉਪਦੇਸ਼ 'ਚ ਆਪਣੇ ਪੈਰੋਕਾਰਾਂ ਵੱਲੋਂ ਇੱਕ-ਦੂਜੇ ਨੂੰ ਮਾਰਨ ਦੀ ਨਿਖੇਧੀ ਕੀਤੀ ਸੀ, ਅਤੇ ਉਨ੍ਹਾਂ ਨੂੰ ਸੁਆਲ ਕੀਤਾ ਸੀ ਕਿ ਕੀ ਉਹ ਆਪਣੇ ਧਰਮ ਦੇ ਕਿਸੇ ਦੁਸ਼ਮਣ ਨੂੰ ਨਹੀਂ ਜਾਣਦੇ ਕਿ ਜਿਸ ਨੂੰ ਉਹ ਮਾਰ ਸਕਦੇ ਹੁੰਦੇ[1] ਅਤੇ ਉਨ੍ਹਾਂ ਗਊਆਂ ਦੇ ਕਾਤਲਾਂ ਦੀ ਮੌਜੂਦਗੀ ਕਾਰਨ ਪਵਿੱਤਰ ਅਸਥਾਨ ਅੰਮ੍ਰਿਤਸਰ ਦੇ ਅਪਵਿੱਤਰ ਹੋਣ ਦੀ ਗੱਲ ਕੀਤੀ ਸੀ। ਤਦ ਉਨ੍ਹਾਂ ਦੇ ਕਈ ਪੈਰੋਕਾਰ ਚੀਕੇ ਸਨ - "ਜੇ ਤੁਸੀਂ ਅਜਿਹਾ ਹੁਕਮ ਦਿੰਦੇ ਹੋ, ਤਾਂ ਅਸੀਂ ਕਸਾਈਆਂ ਨੂੰ ਮਾਰ ਦੇਵਾਂਗੇ।" ਬਾਬਾ ਰਾਮ ਸਿੰਘ ਜੀ ਨੇ ਜਵਾਬ ਦਿੱਤਾ ਸੀ, "ਕਾਹਲ਼ੀ 'ਚ ਕੋਈ ਕੰਮ ਨਾ ਕਰੋ, ਹਾਲੇ ਸਮਾਂ ਨਹੀਂ ਆਇਆ।"

ਹੁਣ, ਉਹ ਸਮਾਂ ਕਿਉਂ ਚਾਹੁੰਦੇ ਸਨ? ਸਿਰਫ ਅੰਮ੍ਰਿਤਸਰ ਵਿਖੇ ਕਸਾਈਆਂ ਨੂੰ ਮਾਰਨ ਲਈ, ਜੋ ਇੰਨੇ ਘੱਟ ਸਨ ਕਿ ਉਨ੍ਹਾਂ ਨੂੰ ਅੱਖ ਦੇ ਫੋਰ 'ਚ ਹੀ ਖ਼ਤਮ ਕੀਤਾ ਜਾ ਸਕਦਾ ਸੀ? ਸਪੱਸ਼ਟ ਤੌਰ 'ਤੇ, ਉਹ ਚਾਹੁੰਦੇ ਸਨ ਕਿ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਪੂਰੀ ਤਿਆਰੀ ਕੀਤੀ ਜਾਵੇ। ਸਿਰਫ਼ ਅੰਮ੍ਰਿਤਸਰ ਦੇ ਕਸਾਈਆਂ ਦਾ ਹੀ ਖ਼ਾਤਮਾ ਨਹੀਂ ਕਰਨਾ ਸੀ। ਕਸਾਈ ਤਾਂ ਸਾਰੇ ਪੰਜਾਬ ਵਿੱਚ ਹੀ ਮੌਜੂਦ ਸਨ, ਅਤੇ ਜੇ ਸਫ਼ਲਤਾ ਹਾਸਲ ਕਰਨੀ ਸੀ ਤਾਂ ਉਨ੍ਹਾਂ ਸਾਰਿਆਂ ਨੂੰ ਤਬਾਹ ਕਰਨਾ ਸੀ। ਪਰ ਸਭ ਤੋਂ ਵੱਧ ਇਨ੍ਹਾਂ ਲੋਕਾਂ ਦੇ ਮਦਦਗਾਰਾਂ ਤੇ ਰੱਖਿਅਕਾਂ ਅੰਗ੍ਰੇਜ਼ਾਂ ਨਾਲ ਨਜਿੱਠਣਾ ਸੀ, ਜਿਨ੍ਹਾਂ ਨੇ ਆਪਣੇ ਬਚਾਅ ਲਈ ਆਪਣੀ ਸਾਰੀ ਤਾਕਤ ਤੇ ਸਾਧਨਾਂ ਦੀ ਵਰਤੋਂ ਕਰਨੀ ਸੀ। ਅਜਿਹੇ ਹਾਲਾਤ 'ਚ, ਕਸਾਈਆਂ ਉਤੇ ਹਮਲਾ ਦਰਅਸਲ ਬ੍ਰਿਟਿਸ਼ ਸਰਕਾਰ 'ਤੇ ਹਮਲਾ ਕਰਨ ਵਾਲੀ ਗੱਲ ਸੀ।

1. ਹੋਮ ਜੁਡੀਸ਼ੀਅਲ, 29 ਜੁਲਾਈ, 1871, ਪ੍ਰੋਗਸ. 45-61 (ਏ)। ਹੋਮ ਜੁਡੀਸ਼ੀਅਲ, ਜੋਸ 1872, ਪ੍ਰੋਗਸ. 112-1320

## ਅੰਮ੍ਰਿਤਸਰ 'ਚ ਕਸਾਈਆਂ ਦਾ ਕਤਲ

ਬਾਬਾ ਰਾਮ ਸਿੰਘ ਜੀ ਨੇ ਭਾਵੇਂ ਕਾਹਲ਼ੀ ਨਾ ਕਰਨ ਲਈ ਆਖਿਆ ਸੀ ਪਰ ਇਸ ਦੇ ਬਾਵਜੂਦ ਰਾਇਸਰ ਵਿਖੇ ਉਨ੍ਹਾਂ ਵੱਲੋਂ ਦਿੱਤੇ ਗਏ ਇਸ਼ਾਰੇ ਨੂੰ ਉਨ੍ਹਾਂ ਦੇ ਪੈਰੋਕਾਰਾਂ ਨੇ ਪੂਰੀ ਗੰਭੀਰਤਾ ਨਾਲ ਲਿਆ ਸੀ। ਮੈਕਐਂਡਰਿਊ ਨੂੰ ਬਾਅਦ ਵਿੱਚ ਕੂਕਾ ਗੁਲਾਬ ਸਿੰਘ ਵੱਲੋਂ ਦੱਸਿਆ ਗਿਆ ਸੀ ਕਿ ''ਕਸਾਈ-ਕਤਲ ਅੰਦੋਲਨ[1] ਨੂੰ ਸ਼ੁਰੂ ਕਰਨ ਲਈ ਕੋਈ ਵੀ ਸਮਾਂ ਜਾਂ ਸਥਾਨ ਇਸ ਤੋਂ (ਅੰਮ੍ਰਿਤਸਰ ਤੋਂ) ਵਧੀਆ ਨਹੀਂ ਹੋ ਸਕਦਾ।'' ਦਸ ਕੂਕਿਆਂ - ਅੰਮ੍ਰਿਤਸਰ ਦੇ ਫਤਿਹ ਸਿੰਘ, ਨਾਰਲੀ ਦੇ ਬੀਹਲਾ ਸਿੰਘ ਸੰਧੂ, ਮੌੜ ਦੇ ਹਾਕਿਮ ਸਿੰਘ ਪਟਵਾਰੀ, ਅੰਮ੍ਰਿਤਸਰ ਦੇ ਲਹਿਣਾ ਸਿੰਘ ਤਰਖਾਣ, ਝੰਡਾ ਸਿੰਘ ਠੱਟਾ, ਲਹਿਣਾ ਸਿੰਘ ਅਤੇ ਮੇਹਰ ਸਿੰਘ ਲੋਪੋਕੇ, ਲਛਮਣ ਸਿੰਘ ਤੇ ਮਰਹਾਣਾ ਦੇ ਭਗਵਾਨ ਸਿੰਘ, ਗੁਲਾਬ ਸਿੰਘ - ਦਾ ਇੱਕ ਜੱਥਾ ਅੰਮ੍ਰਿਤਸਰ ਦੇ ਕਸਾਈਆਂ ਨੂੰ ਤਬਾਹ ਕਰਨ ਲਈ ਕਾਇਮ ਕੀਤਾ ਗਿਆ ਸੀ। ਹਥਿਆਰਾਂ ਦੀ ਸਪਲਾਈ ਅੰਮ੍ਰਿਤਸਰ ਵਿਖੇ ਤਾਇਨਾਤ ਪੁਲਿਸ ਕਾਂਸਟੇਬਲ ਲਾਲ ਸਿੰਘ ਨੇ ਕੀਤੀ ਸੀ। ਅੰਮ੍ਰਿਤਸਰ ਦੇ ਲਹਿਣਾ ਸਿੰਘ ਦੇ ਘਰ 'ਚੰਡੀ ਪਾਠ' ਦੇ ਪਾਠਾਂ ਨਾਲ ਧਾਰਮਿਕ ਰਸਮ ਬਹੁਤ ਹੀ ਧੂਮਧਾਮ ਨਾਲ ਹੋਈ ਸੀ, ਜਿਸ ਵਿਚ ਇਸ ਮਿਸ਼ਨ ਦੀ ਸਫਲਤਾ ਲਈ ਅਰਦਾਸ ਕੀਤੀ ਗਈ ਸੀ। ਅਤੇ ਫਿਰ 15 ਜੂਨ ਦੀ ਰਾਤ ਨੂੰ 12 ਤੋਂ 1 ਵਜੇ ਦੇ ਦਰਮਿਆਨ ਸ਼ਹਿਰ ਦੇ ਲਾਹੌਰੀ ਗੇਟ ਦੇ ਬਾਹਰ ਸਥਿਤ ਬੁੱਚੜਖਾਨੇ ਵਿੱਚ ਕਸਾਈਆਂ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਗਿਆ ਸੀ। ਚਾਰ ਆਦਮੀ, ਜੋ ਉਸ ਚਾਰ ਦੀਵਾਰੀ ਅੰਦਰ ਆਪਣੇ ਘਰਾਂ ਦੇ ਸਾਹਮਣੇ ਸੁੱਤੇ ਹੋਏ ਸਨ, ਮੌਕੇ 'ਤੇ ਹੀ ਖ਼ਤਮ ਕਰ ਦਿੱਤੇ ਗਏ ਅਤੇ ਤਿੰਨ ਹੋਰ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਸਥਾਨਕ ਅਧਿਕਾਰੀਆਂ ਨੂੰ ਪੂਰੀ ਤਰ੍ਹਾਂ ਅਣਜਾਣ ਰੱਖਿਆ ਗਿਆ[2]. ਮੌਸਮ ਅਨੁਕੂਲ ਨਾ ਹੋਣ ਕਾਰਨ ਉਨ੍ਹਾਂ ਦਾ ਪਿੱਛਾ ਵੀ ਸੰਭਵ ਨਹੀਂ ਸੀ। ਇਸ ਤੋਂ ਇਲਾਵਾ, ਹਮਲਾਵਰਾਂ ਦੁਆਰਾ ਚਲਾਕੀ ਨਾਲ ਪਿੱਛੇ ਛੱਡੇ ਗਏ ਨੀਲੀ ਪੱਗ ਅਤੇ ਸਟੀਲ ਦਾ ਚੱਕਰ ਨੇ ਜਾਂਚ ਅਧਿਕਾਰੀਆਂ ਨੂੰ ਕੁਰਾਹੇ ਪਾ ਦਿੱਤਾ ਸੀ।

ਜਾਂਚ ਦੀ ਜ਼ਿੰਮੇਵਾਰੀ ਜਲੰਧਰ ਦੇ ਪੁਲਿਸ ਸੁਪਰਇੰਟੈਂਡੈਂਟ ਸ੍ਰੀ ਕ੍ਰਿਸਟੀ ਨੂੰ ਸੌਂਪੀ ਗਈ ਸੀ, ਜੋ ਆਪਣੇ ਮਹਾਨ ਜਾਸੂਸੀ ਹੁਨਰ ਲਈ ਮਸ਼ਹੂਰ ਸਨ। ਉਨ੍ਹਾਂ ਇਸ

---

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132
ਗਿਆਨੀ ਰਤਨ ਸਿੰਘ ਦਾ ਬਿਆਨ ਕੁਝ ਵੱਖਰੀ ਕਿਸਮ ਦਾ ਹੈ। ਉਸ ਨੇ ਕਾਵਨ ਨੂੰ ਦੱਸਿਆ ਸੀ ਕਿ ਰਾਮ ਸਿੰਘ ਨੇ ਖੋਟੇ ਵਿਖੇ ਕੂਕਿਆਂ ਦੀ ਦੋ ਧਿਰਾਂ ਵਿਚਾਲੇ ਝਗੜੇ ਦੇ ਹਵਾਲੇ ਨਾਲ ਆਖਿਆ ਸੀ - 'ਤੁਸੀਂ ਆਪਸ 'ਚ ਕਿਉਂ ਝਗੜਦੇ ਹੋ ਤੇ ਗ਼ਰੀਬਾਂ ਨੂੰ ਕਿਉਂ ਫੱਟੜ ਕਰਦੇ ਹੋ? ਜੇ ਤੁਸੀਂ ਮਰਦ ਹੋ ਤਾਂ ਤੁਸੀਂ ਜ਼ੋਰਾਵਰਾਂ ਨਾਲ ਕਿਉਂ ਆਢਾ ਨਹੀਂ ਲੈਂਦੇ ਤੇ ਜਿਹੜੇ ਤੁਹਾਡੇ ਹਾਰਨ 'ਤੇ ਤੁਹਾਨੂੰ ਫਾਹੇ ਟੰਗ ਸਕਦੇ ਹਨ।'
ਲੈਫਟੀਨੈਂਟ ਕਰਨਲ ਮੈਕਐਂਡਰਿਊ - ਦਾ ਯਾਦ-ਪੱਤਰ ਵੀ ਵੇਖੋ - ਦੁਆਰਾ ਹੋਮ ਜੁਡੀਸ਼ੀਅਲ, ਜੂਨ 1872, 112-132.
2. ਹੋਮ ਜੁਡੀਸ਼ੀਅਲ, 29 ਜੁਲਾਈ 1871, ਪ੍ਰੋਗਸ. 45-61 (ਏ)।

ਮਾਮਲੇ 'ਚ ਸਭ ਤੋਂ ਪਹਿਲਾਂ-ਪਹਿਲ ਸ਼ਹਿਰ ਦੇ ਵਸਨੀਕਾਂ ਅਤੇ ਕੂਕਿਆਂ ਨੂੰ ਕਤਲਾਂ ਦੇ 'ਅਸਲ ਦੋਸ਼ੀ' ਨਾ ਮੰਨਦਿਆਂ ਉਨ੍ਹਾਂ 'ਤੇ ਸ਼ੱਕ ਨਾ ਕਰਨ ਦਾ ਹੀ ਰੁਝਾਨ ਰੱਖਿਆ ਸੀ। ਪਰ ਇਹ ਪਹਿਲਾਂ ਅਤੇ ਬਾਅਦ ਦੀਆਂ ਘਟਨਾਵਾਂ ਨੇ ਦਰਸਾਇਆ ਸੀ ਕਿ ਹੀਰਾ ਨਾਮ ਦੇ ਇੱਕ ਮੁਖ਼ਬਰ ਨੇ ਇਸ ਅਪਰਾਧ 'ਚ ਖ਼ੁਦ ਦੇ ਸ਼ਾਮਲ ਹੋਣ ਦੀ ਗੱਲ ਕਬੂਲ ਕੇ ਅਸਲ ਤਸਵੀਰ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਸੀ। ਇਸ ਵਿਅਕਤੀ ਨੇ ਸ੍ਰੀ ਕ੍ਰਿਸਟੀ ਤੇ ਉਨ੍ਹਾਂ ਸਾਰੇ ਲੋਕਾਂ ਨੂੰ ਧੋਖਾ ਦੇਣ ਲਈ ਇੰਨੇ ਵਧੀਆ ਤਰੀਕੇ ਨਾਲ ਕੰਮ ਕੀਤਾ ਕਿ ਉਹ ਜਿਨ੍ਹਾਂ ਦੇ ਸੰਪਰਕ ਵਿੱਚ ਵੀ ਆਇਆ ਸੀ, ਅਤੇ ਤਦ ਤੋਂ ਹੀ ਉਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਧਾਰ 'ਤੇ ਜਾਂਚ ਨੂੰ ਅੱਗੇ ਵਧਾਇਆ ਗਿਆ ਸੀ, ਅਤੇ ਉਸ ਦੇ ਇੱਕ ਹੋਰ ਆਪੂੰ-ਥਾਪੇ ਸਾਥੀ ਅੱਜਾ ਨੇ ਉਸ ਦੀ ਮਦਦ ਕੀਤੀ ਸੀ। ਅਖੀਰ ਜਦੋਂ ਸ਼ਹਿਰ ਦੇ ਇੱਕ ਸਤਿਕਾਰਯੋਗ ਦਲਾਲ ਜੈ ਰਾਮ ਨੇ ਮੰਨ ਲਿਆ ਕਿ ਉਸ ਨੇ ਇਨ੍ਹਾਂ ਬੰਦਿਆਂ ਤੇ ਉਨ੍ਹਾਂ ਵੱਲੋਂ ਦੱਸੇ ਨਾਮਾਂ ਵਾਲੇ ਦੂਜੇ ਵਿਅਕਤੀਆਂ ਨੂੰ ਕਤਲ ਕਰਨ ਲਈ ਉਕਸਾਇਆ ਸੀ, ਤਾਂ ਸਾਰੇ ਸ਼ੰਕੇ ਦੂਰ ਹੋ ਗਏ, ਅਤੇ ਦੋਸ਼ੀ ਠਹਿਰਾਉਣ ਲਈ ਇਹ ਸਾਰੇ ਸਬੂਤ ਕਾਫ਼ੀ ਮੰਨੇ ਜਾ ਰਹੇ ਸਨ, ਕੁੱਲ ਬਾਰਾਂ ਵਿਅਕਤੀ ਸਨ। 25 ਜੁਲਾਈ ਨੂੰ, ਜ਼ਿਲ੍ਹੇ ਦੇ ਮੈਜਿਸਟ੍ਰੇਟ, ਸ੍ਰੀ ਬਰਚ ਨੇ ਸੈਸ਼ਨ ਕੋਰਟ 'ਚ ਉਨ੍ਹਾਂ ਦੇ ਮੁਕੱਦਮੇ ਦੀ ਸੁਣਵਾਈ ਕਰਨੀ ਸੀ।

ਪਰ ਜਦੋਂ ਇਹ ਕੇਸ ਅੰਮ੍ਰਿਤਸਰ ਵਿਖੇ ਸੁਣਵਾਈ ਅਧੀਨ ਸੀ ਤਾਂ ਰਾਏਕੋਟ 'ਚ ਕਸਾਈਆਂ ਦੇ ਕਤਲ ਹੋ ਗਏ। ਕਾਤਲਾਂ ਨੂੰ ਫੜਿਆ ਗਿਆ, ਮੁਕੱਦਮਾ ਚਲਾਇਆ ਗਿਆ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਉਹ ਸਾਰੇ ਕੂਕੇ ਸਨ। ਚਾਰ ਦੋਸ਼ੀਆਂ ਵਿੱਚੋਂ ਇੱਕ ਗੁਲਾਬ ਸਿੰਘ[1] ਨੇ ਪੇਸ਼ਕਸ਼ ਕੀਤੀ ਕਿ ਜੇ ਉਸ ਨੂੰ ਮੁਆਫੀ ਦਿੱਤੀ ਜਾਵੇ, ਤਾਂ ਉਹ ਉਨ੍ਹਾਂ ਸਾਰਿਆਂ ਦੇ ਨਾਮ ਵੀ ਦੱਸ ਸਕਦਾ ਹੈ, ਜੋ ਅੰਮ੍ਰਿਤਸਰ ਕਤਲੇਆਮ ਵਿੱਚ ਸ਼ਾਮਲ ਸਨ। ਉਸ ਦੀ ਪੇਸ਼ਕਸ਼ ਨੂੰ ਪ੍ਰਵਾਨ ਕਰ ਲਿਆ ਗਿਆ ਤੇ ਮਾਫੀ ਦੇ ਵਾਅਦੇ 'ਤੇ ਉਸ ਨੇ ਆਪਣੇ ਨੌਂ ਸਾਥੀਆਂ ਦੇ ਨਾਮ ਦੱਸ ਦਿੱਤੇ। ਉਸ ਨੂੰ ਨਾਲ ਲੈ ਕੇ ਲੈਫਟੀਨੈਂਟ ਕਰਨਲ ਮੈਕਐਂਡਰਿਊ ਅਤੇ ਬੇਲੀ ਦੋ ਅਗਸਤ ਨੂੰ ਅੰਮ੍ਰਿਤਸਰ ਪੁੱਜੇ ਤੇ ਉਸ ਦੇ ਬਿਆਨਾਂ ਦੀ ਸੱਚਾਈ ਦੀ ਜਾਂਚ ਤੁਰੰਤ ਸ਼ੁਰੂ ਕਰ ਦਿੱਤੀ ਗਈ। ਅਗਲੇ ਹੀ ਦਿਨ ਫਤਿਹ ਸਿੰਘ, ਹਾਕਮ ਸਿੰਘ ਅਤੇ ਲਹਿਣਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੰਜ ਅਗਸਤ ਨੂੰ ਬੀਲ੍ਹਾ ਸਿੰਘ ਨੂੰ ਪੁਲਿਸ ਨੇ ਲਿਆਂਦਾ ਅਤੇ ਇਕ-ਦੋ ਦਿਨ ਬਾਅਦ ਅੰਮ੍ਰਿਤਸਰ ਦੇ ਲਹਿਣਾ ਸਿੰਘ ਨੂੰ ਫੜ ਲਿਆ ਗਿਆ। ਝੰਡਾ ਸਿੰਘ, ਮੇਹਰ ਸਿੰਘ, ਭਗਵਾਨ ਸਿੰਘ ਅਤੇ ਲਛਮਣ ਸਿੰਘ ਨਾਂ ਦੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ। ਕੂਕਿਆਂ[2] 'ਚ ਇਹੋ ਧਾਰਨਾ ਪ੍ਰਚੱਲਿਤ ਹੋਈ ਕਿ ਪੁਲਿਸ ਨੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਸੀ ਤੇ

---

1. ਹੋਮ ਜੁਡੀਸ਼ੀਅਲ, ਫ਼ਰਵਰੀ 1872, ਪ੍ਰੋਗਸ. 57-58, ਡਬਲਿਊ.ਜੀ. ਡੇਵਿਸ ਵੱਲੋਂ ਪੰਜਾਬ ਸਰਕਾਰ ਦੇ ਆਫ਼ਿਸ਼ੀਏਟਿੰਗ ਸਕੱਤਰ ਐੱਲ.ਐੱਚ. ਗ੍ਰਿਫ਼ਿਨ ਨੂੰ।
2. ਸੰਤ ਨਿਧਾਨ ਸਿੰਘ ਆਲਮ, ਪਹਿਲਾਂ ਦੱਸੇ ਅਨੁਸਾਰ, ਪੰਨੇ 134, 135, 140-144

ਕੂਕਿਆਂ ਨੇ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਅਧਿਕਾਰੀਆਂ ਹਵਾਲੇ ਕੀਤਾ ਸੀ। ਉਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਨੇ ਅਜਿਹਾ ਕਰਨ ਲਈ ਆਖਿਆ ਸੀ, ਤਾਂ ਜੋ ਅੰਮ੍ਰਿਤਸਰ ਦੀ ਸੈਸ਼ਨ ਅਦਾਲਤ ਵਿੱਚ ਪੇਸ਼ ਕੀਤੇ ਗਏ ਨਿਰਦੋਸ਼ਾਂ ਨੂੰ ਬਚਾਇਆ ਜਾ ਸਕੇ। ਇਹ ਧਾਰਨਾ ਭਾਵੇਂ ਕੂਕਿਆਂ ਵਿੱਚ ਬਹੁਤ ਮਸ਼ਹੂਰ ਅਤੇ ਵਿਚਾਰਨ ਯੋਗ ਹੈ, ਪਰ ਸਾਡੇ ਵਿਦਵਾਨਾਂ ਦੀ ਪ੍ਰਵਾਨਗੀ ਲੈਣ ਲਈ ਕੁਝ ਹੋਰ ਸਬੂਤਾਂ ਦੀ ਲੋੜ ਹੈ।

ਪੁਰਾਣਾ ਕੇਸ ਹੁਣ ਵਾਪਸ ਲੈ ਲਿਆ ਗਿਆ ਸੀ ਅਤੇ ਸੈਸ਼ਨਾਂ ਲਈ ਵਚਨਬੱਧ ਸਾਰੇ 13 ਮੁਲਜ਼ਮਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ[1]। ਪੁਲਿਸ ਵੱਲੋਂ ਮਾਰਸ਼ਲ ਕੀਤੇ ਗਏ ਸਾਰੇ ਸਬੂਤ ਝੂਠੇ ਸਿੱਧ ਹੋਏ ਤੇ ਮੁੱਖ ਜਾਂਚ ਅਧਿਕਾਰੀ ਸ੍ਰੀ ਕ੍ਰਿਸਟੀ ਨੂੰ ਬੇਹੱਦ ਸ਼ਰਮਸਾਰ ਕੀਤਾ ਗਿਆ, ਜਿਸ ਨੇ ਚੁਸਤੀ-ਚਲਾਕੀ ਤੇ ਦਾਅ-ਪੇਚਾਂ ਨਾਲ ਇਨਸਾਫ਼ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਸੀ। ਅਹਿਮ ਗੱਲ ਇਹ ਹੈ ਕਿ ਕੂਕਾ ਮਾਮਲੇ ਦੀ ਜਾਂਚ ਉਨ੍ਹਾਂ ਨੂੰ ਨਹੀਂ ਦਿੱਤੀ ਗਈ ਸੀ, ਸਗੋਂ ਕਾਰਜਕਾਰੀ ਕਮਿਸ਼ਨਰ ਅਤੇ ਲੈਫਟੀਨੈਂਟ ਕਰਨਲ ਬੇਲੀ ਵੱਲੋਂ ਕਰਵਾਈ ਗਈ ਸੀ। ਪੁਲਿਸ ਜਾਂਚ ਪੂਰੀ ਹੋਈ, ਮਾਮਲਾ 17 ਤਰੀਕ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਕੋਲ ਭੇਜਿਆ ਗਿਆ ਅਤੇ ਉਸ ਦੁਆਰਾ 19 ਅਗਸਤ ਨੂੰ ਸੈਸ਼ਨ ਅਦਾਲਤ 'ਚ ਸੁਣਵਾਈ ਹੋਣੀ ਸੀ। ਕਮਿਸ਼ਨਰ ਵੱਲੋਂ ਇਸੇ ਮਹੀਨੇ ਦੀ 28, 29 ਅਤੇ 30 ਤਰੀਕ ਨੂੰ ਸੁਣਵਾਈ ਕੀਤੀ ਗਈ ਸੀ। ਚਾਰ ਦੋਸ਼ੀਆਂ - ਫਤਿਹ ਸਿੰਘ, ਬੀਲਾ ਸਿੰਘ, ਹਾਕਮ ਸਿੰਘ ਅਤੇ ਲਹਿਣਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਅਤੇ ਦੋ ਹੋਰਨਾਂ-ਲਾਲ ਸਿੰਘ ਤੇ ਲਹਿਣਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਮੁੱਖ ਅਦਾਲਤ ਵੱਲੋਂ ਮੌਤ ਦੀ ਸਜ਼ਾ ਦੀ ਪੁਸ਼ਟੀ ਹੋਣ ਪਿੱਛੋਂ 15 ਸਤੰਬਰ, 1871 ਨੂੰ ਇਸ ਸਜ਼ਾ ਨੂੰ ਅਮਲੀ ਰੂਪ ਦੇ ਦਿੱਤਾ ਗਿਆ[2]। ਭਾਈ ਸੰਤੋਖ ਸਿੰਘ ਦਾ 'ਸਤਿਗੁਰ ਬਿਲਾਸ' ਕੂਕਾ ਸ਼ਹੀਦਾਂ ਦੀ ਬਹਾਦਰੀ[3] ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੰਦਾ ਹੈ:

"ਫਿਰੰਗੀ ਨੇ ਫਾਂਸੀ ਚੜ੍ਹਨ ਵਾਲੇ ਸਿੰਘਾਂ ਨੂੰ ਕਿਹਾ: 'ਜੋ ਚਾਹੋ ਖਾਓ ਤੇ ਜਿਸ ਨੂੰ ਚਾਹੋ ਮਿਲੋ।" ਸਿੰਘਾਂ ਨੇ ਜਵਾਬ ਦਿੱਤਾ: "ਸਾਡਾ ਭੋਜਨ ਅਮਰ ਪਰਮਾਤਮਾ ਦਾ ਨਾਮ ਹੈ। ਅਸੀਂ ਮੌਤ ਤੋਂ ਨਹੀਂ ਡਰਦੇ ਕਿਉਂਕਿ ਸਾਡੇ ਪੁਰਖਿਆਂ ਨੇ ਸ਼ਹਾਦਤਾਂ ਦੀਆਂ ਮਹਾਨ ਮਿਸਾਲਾਂ ਕਾਇਮ ਕੀਤੀਆਂ ਹਨ। ਅਸੀਂ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਾਂਗੇ। ਧਰਮ ਸਾਡਾ ਨੇੜਲਾ ਰਿਸ਼ਤੇਦਾਰ ਹੈ। ਅਸੀਂ ਕਿਸੇ ਨੂੰ ਨਹੀਂ ਮਿਲਣਾ

---

1. 17 ਅਕਤੂਬਰ, 1872 ਨੂੰ ਹੀਰਾ ਤੇ ਅਰਿਆ ਵਿਰੁੱਧ ਕੁਝ ਨਿਰਦੋਸ਼ ਮੁਲਜ਼ਮਾਂ ਨੇ ਮੁਕੱਦਮਾ ਦਾਇਰ ਕਰ ਦਿੱਤਾ ਸੀ। ਹੀਰਾ ਤਦ ਰੂਪੋਸ਼ ਹੋ ਗਿਆ। ਅੱਯਾ ਨੂੰ ਦੋ ਵਰ੍ਹੇ ਕੈਦ ਬਾਮੁਸ਼ੱਕਤ ਦੀ ਸਜ਼ਾ ਸੁਣਾਈ ਗਈ। ਡਿਪਟੀ ਕਮਿਸ਼ਨਰ ਨੇ ਸਰਕਾਰ ਦੇ ਹਿਤ ਵਿੱਚ ਸੇਠ ਜਲ ਰਾਮ ਵਿਰੁੱਧ ਕੇਸ ਦਾਇਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ।
2. ਹੋਮ ਜੁਡੀਸ਼ੀਅਲ, ਫ਼ਰਵਰੀ 1872, ਪ੍ਰੋਗਸ. 57-58
ਠੱਠਾ ਦੇ ਝੰਡਾ ਸਿੰਘ ਨੂੰ 11 ਅਗਸਤ, 1873 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਦੀ ਵੀ ਅਦਾਲਤੀ ਸੁਣਵਾਈ ਹੋਈ ਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ।
3. ਨਾਹਰ ਸਿੰਘ, -ਉਹੀ- ਵਿੱਚ ਉਧਰਿਤ, ਪੰਨਾ 311

ਚਾਹੁੰਦੇ। ਅਸੀਂ ਬਿਨਾਂ ਕਿਸੇ ਝਿਜਕ ਦੇ ਧਰਮ ਲਈ ਕੁਰਬਾਨ ਹੋਵਾਂਗੇ।'' ਇਹ ਸੁਣ ਕੇ ਫਰੰਗੀ ਸ਼ਾਂਤ ਹੋ ਗਿਆ। ਸਿੰਘਾਂ ਨੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਆਪਣੀਆਂ ਆਮ ਵਾਂਗ ਅਰਦਾਸਾਂ ਕੀਤੀਆਂ। ਇਸ ਸਮੇਂ ਸੇਵਾਦਾਰ ਕਾਂਸਟੇਬਲ ਨੇ ਉਨ੍ਹਾਂ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ। ਸਿੰਘਾਂ ਨੇ ਸ਼ਬਦ ਪੜ੍ਹਦੇ ਹੋਏ ਮਾਰਚ ਕੀਤਾ... ਸਿੰਘਾਂ ਦੇ ਚਿਹਰੇ ਲਾਲ ਖਿੜੇ ਹੋਏ ਸਨ। ਨਿਰਭਉ ਉਹ ਹਨ ਜੋ ਮੌਤ ਤੋਂ ਨਹੀਂ ਡਰਦੇ। ਉਨ੍ਹਾਂ ਨਿਡਰਤਾ ਨਾਲ ਮੌਤ ਨੂੰ ਗਲ਼ੇ ਲਾਇਆ। ਉਨ੍ਹਾਂ ਨੇ ਮੌਤ ਦੇ ਮੌਕੇ 'ਤੇ 'ਅਰਦਾਸਾ' (ਸਿੱਖ ਅਰਦਾਸ) ਕੀਤਾ ਅਤੇ ਕਿਹਾ,"ਤੇਰੀ ਮਿਹਰ ਨਾਲ ਅਸੀਂ ਸਿੰਘਾਸਣ 'ਤੇ ਬਿਰਾਜਮਾਨ ਹੋਏ ਹਾਂ।" ਉਨ੍ਹਾਂ ਨੇ ਵੱਡਾ ਨਾਮ ਕਮਾਇਆ ਉੱਚ ਸਾਖ਼ ਕਾਇਮ ਕੀਤੀ। ਬਹਾਦਰ ਰੂਹਾਂ ਨੇ ਜੱਲਾਦ ਨੂੰ ਆਪਣੇ ਨੇੜੇ ਨਹੀਂ ਆਉਣ ਦਿੱਤਾ। ਉਹ ਖ਼ੁਦ ਹੀ ਆਪਣੇ ਗਲਾਂ 'ਚ ਫਾਹੇ ਪਾ ਲਏ ... ਉਹ ਨਾ ਤਾਂ ਝਿੱਜਕੇ ਤੇ ਨਾ ਹੀ ਹਿੱਲੇ। ਉਨ੍ਹਾਂ ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਉਸ ਨੂੰ ਗਲਵੱਕੜੀ ਪਾਈ ਤੇ ਫਾਂਸੀ ਦੇ ਤਖ਼ਤੇ ਤੋਂ ਮੂੰਹ ਨਹੀਂ ਮੋੜਿਆ।"

## ਰਾਏਕੋਟ ਦੇ ਕਸਾਈਆਂ 'ਤੇ ਹਮਲਾ

ਅੰਮ੍ਰਿਤਸਰ ਦੇ ਕਾਂਡ ਤੋਂ ਠੀਕ ਇੱਕ ਮਹੀਨੇ ਬਾਅਦ ਕੂਕਿਆਂ ਦੇ ਇੱਕ ਹੋਰ ਜੱਥੇ ਨੇ ਲੁਧਿਆਣਾ ਜ਼ਿਲ੍ਹੇ 'ਚ ਰਾਏਕੋਟ ਦੇ ਬੁੱਚੜਖਾਨੇ 'ਤੇ ਹਮਲਾ ਕਰ ਦਿੱਤਾ। ਇਹ ਬੁੱਚੜਖਾਨਾ ਸ਼ਹਿਰੀ ਹੱਦ ਤੋਂ ਬਾਹਰ ਲਗਭਗ 150 ਗਜ਼ ਦੀ ਦੂਰੀ 'ਤੇ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਬਣੇ ਗੁਰੂਘਰ ਤੋਂ ਬਹੁਤਾ ਦੂਰ ਵੀ ਨਹੀਂ ਸੀ। ਇਸ ਦੇ ਮਾਲਕ ਦੋ ਬਦਨਾਮ ਕਸਾਈ - ਬੂਟਾ ਤੇ ਰਾਂਝਾ ਸਨ, ਜੋ ਅਕਸਰ ਸ਼ਹਿਰ ਦੇ ਗ਼ੈਰ-ਮੁਸਲਿਮ ਨਿਵਾਸੀਆਂ ਨਾਲ ਕੋਈ ਨਾ ਕੋਈ ਵਿਵਾਦ ਖੜ੍ਹਾ ਕਰਦੇ ਰਹਿੰਦੇ ਸਨ। ਕੂਕਿਆਂ ਦੇ ਹਮਲੇ ਤੋਂ ਕੁਝ ਦਿਨ ਪਹਿਲਾਂ ਹੀ ਬੂਟਾ ਨੂੰ 10 ਰੁਪਏ ਜੁਰਮਾਨਾ ਕੀਤਾ ਗਿਆ ਸੀ। ਦਰਅਸਲ ਤਦ ਉਥੋਂ ਦੇ ਖੱਤਰੀਆਂ ਨੇ ਉਸ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਸੀ। ਰਾਏਕੋਟ ਅਤੇ ਹੋਰ ਥਾਵਾਂ ਦੇ ਸਿੱਖਾਂ ਨੂੰ ਇੱਕ ਖਾਸ ਪਰੇਸ਼ਾਨੀ ਸੀ, ਕਿਉਂਕਿ ਪੰਛੀ ਬੁੱਚੜਖਾਨੇ ਤੋਂ ਹੱਡੀਆਂ ਤੇ ਮਾਸ ਦੇ ਟੁਕੜੇ ਚੁੱਕ ਕੇ ਲੈ ਜਾਂਦੇ ਸਨ ਅਤੇ ਗੁਰਦੁਆਰਾ ਸਾਹਿਬ ਦੀਆਂ ਕੰਧਾਂ 'ਤੇ ਬੈਠਣ ਸਮੇਂ ਭੋਰਾ-ਚੋਰਾ ਗੁਰਦੁਆਰੇ ਦੀ ਚਾਰਦੀਵਾਰੀ ਅੰਦਰ ਵੀ ਸੁੱਟ ਦਿੰਦੇ ਸਨ।

15 ਜੁਲਾਈ, 1871 ਦੇ ਹਮਲੇ 'ਚ ਤਿੰਨ ਜਣੇ ਮਾਰੇ ਗਏ ਤੇ ਨੌਂ ਜ਼ਖ਼ਮੀ ਹੋਏ, ਜਿਨ੍ਹਾਂ 'ਚੋਂ ਚਾਰ ਦੀ ਹਾਲਤ ਗੰਭੀਰ ਸੀ। ਭਾਵੇਂ, ਮੁੱਖ ਕਸਾਈ ਰਾਂਝਾ ਅਤੇ ਬੂਟਾ ਦੋਵੇਂ ਫਰਾਰ ਹੋ ਗਏ ਸਨ। ਰਾਂਝਾ ਘਰ ਦੀ ਛੱਤ 'ਤੇ ਸੌਂ ਰਿਹਾ ਸੀ ਤੇ ਪਿਛਲੀ ਕੰਧ ਤੋਂ ਛਾਲ਼ ਮਾਰ ਕੇ ਫਰਾਰ ਹੋ ਗਿਆ। ਬੂਟਾ ਤਦ ਲੁਧਿਆਣਾ 'ਚ ਸੀ ਕਿਉਂਕਿ ਉਸ ਨੇ ਆਪਣੇ 'ਤੇ ਲੱਗੇ ਜੁਰਮਾਨੇ ਵਿਰੁੱਧ ਅਪੀਲ ਦਾਇਰ ਕਰਨੀ ਸੀ।

ਇਸ ਤੋਂ ਪਹਿਲਾਂ ਕਿ ਕੋਈ ਵੀ ਪਹੁੰਚਦਾ, ਹਮਲਾਵਰ ਰਾਤ ਦੇ ਹਨੇਰੇ 'ਚ ਫਰਾਰ ਹੋ ਗਏ। ਇਹ ਆਪਣੀ ਕਿਸਮ ਦੀ ਦੂਜੀ ਘਟਨਾ ਸੀ ਤੇ ਪਹਿਲੀ ਤੋਂ ਕੁਝ

ਹੀ ਦਿਨਾਂ ਬਾਅਦ ਵਾਪਰ ਗਈ ਸੀ, ਇਸੇ ਲਈ ਸਰਕਾਰ ਕੁਦਰਤੀ ਤੌਰ 'ਤੇ ਬਹੁਤ ਪਰੇਸ਼ਾਨ ਸੀ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਤੁਰੰਤ ਹੁਕਮ ਜਾਰੀ ਕੀਤੇ ਗਏ ਕਿ ਜ਼ਿਲ੍ਹੇ ਦੇ ਸਾਰੇ ਬੁੱਚੜਖਾਨਿਆਂ 'ਤੇ ਪੁਲਿਸ ਦੇ ਪਹਿਰੇ ਲਾਏ ਜਾਣ। ਸਹੀ ਸੁਰਾਗ਼ ਦੇਣ ਵਾਲੇ ਵਿਅਕਤੀ ਲਈ ਇੱਕ ਹਜ਼ਾਰ ਰੁਪਏ ਦਾ ਇਨਾਮ ਦੇਣ ਤੇ ਦੋਸ਼ੀ ਦੇ ਵਾਅਦਾ-ਮੁਆਫ਼ ਗਵਾਹ ਬਣਨ 'ਤੇ ਉਸ ਨੂੰ ਮੁਆਫ਼ੀ ਦੇਣ ਦੇ ਹੋਰ ਫ਼ੌਰੀ ਐਲਾਨ ਵੀ ਕੀਤੇ ਗਏ। ਪਟਿਆਲਾ ਤੇ ਨਾਭਾ ਦੇ ਮਹਾਰਾਜਿਆਂ ਨੂੰ ਕੇਸ ਦੀ ਜਾਂਚ ਵਿੱਚ ਸਹਾਇਤਾ ਲਈ ਲਿਖਿਆ ਗਿਆ ਸੀ। ਦੋਵਾਂ ਨੇ ਦਿਲੋਂ ਸਹਿਯੋਗ ਦੇਣ ਦਾ ਵਾਅਦਾ ਕੀਤਾ, ਪਹਿਲੇ ਨੇ ਸਹੀ ਸੁਰਾਗ਼ ਦੇਣ ਵਾਲੇ ਲਈ ਢਾਈ ਸੌ ਰੁਪਏ ਇਨਾਮ ਦਾ ਐਲਾਨ ਕੀਤਾ।

ਕੁਝ ਦਿਨਾਂ ਦੀ ਸਖ਼ਤ ਜਾਂਚ ਤੋਂ ਬਾਅਦ, ਭੂਪਾ ਅਤੇ ਭੰਗਾ ਦੋ ਖੋਜੀਆਂ ਦੀ ਮਦਦ ਨਾਲ ਕਸਾਈਆਂ ਦੇ ਕਾਤਲਾਂ ਦਾ ਪਤਾ ਲਾ ਲਿਆ ਗਿਆ। ਖਜ਼ਾਨ ਸਿੰਘ ਤਕੀਏਵਾਲਾ ਨੇ ਛੀਨੀਵਾਲ ਦੇ ਦਲ ਸਿੰਘ ਤੇ ਪਿੱਥੋਕੇ ਦੇ ਮਸਤਾਨ ਸਿੰਘ, ਮੰਗਲ ਸਿੰਘ ਤੇ ਗੁਰਮੁਖ ਸਿੰਘ ਅਤੇ ਨਾਈਵਾਲਾ ਦੇ ਰਤਨ ਸਿੰਘ ਦੇ ਨਾਂ ਦੱਸ ਦਿੱਤੇ। ਇਨ੍ਹਾਂ 'ਚੋਂ ਛੀਨੀਵਾਲ ਦਾ ਦਲ ਸਿੰਘ[1] ਵਾਅਦਾ-ਮੁਆਫ਼ ਗਵਾਹ ਬਣ ਗਿਆ। 27 ਜੁਲਾਈ, 1871 ਨੂੰ ਅੰਬਾਲਾ ਦੇ ਸੈਸ਼ਨ ਜੱਜ ਸ੍ਰੀ ਜੇ.ਡਬਲਯੂ. ਮੈਕਨਬ ਨੇ ਪਿਥੋਕੇ ਦੇ ਤਿੰਨ ਕੂਕਾ ਆਗੂਆਂ ਤੇ ਚੂਹੜਚੱਕ ਦੇ ਗੁਲਾਬ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ। ਪਹਿਲੀ ਅਗਸਤ 1871 ਨੂੰ ਚੀਫ਼ ਕੋਰਟ, ਪੰਜਾਬ ਨੇ ਸਜ਼ਾਵਾਂ ਦੀ ਪੁਸ਼ਟੀ ਕੀਤੀ। ਇਸ ਤੋਂ ਬਾਅਦ ਮੌਤ ਦੀ ਸਜ਼ਾ-ਯਾਫ਼ਤਾ ਦੋਸ਼ੀਆਂ ਵਿੱਚੋਂ ਇੱਕ ਗੁਲਾਬ ਸਿੰਘ, ਅੰਮ੍ਰਿਤਸਰ ਇਸ ਮਾਮਲੇ ਦਾ ਵਾਅਦਾ-ਮੁਆਫ਼ ਗਵਾਹ ਬਣ ਗਿਆ। ਬਾਕੀਆਂ ਨੂੰ 15 ਅਗਸਤ[2] ਨੂੰ ਰਾਏਕੋਟ ਦੇ ਬੁੱਚੜਖਾਨੇ ਦੇ ਬਾਹਰ ਸ਼ਰੇਆਮ ਫਾਂਸੀ ਦੇ ਦਿੱਤੀ ਗਈ।

ਤਿੰਨ ਮਹੀਨੇ ਗਿਆਰਾਂ ਦਿਨਾਂ ਬਾਅਦ ਇਸੇ ਕੇਸ ਦੇ ਸਬੰਧ 'ਚ ਦੋ ਹੋਰਨਾਂ ਨੂੰ ਲੁਧਿਆਣਾ ਜੇਲ੍ਹ ਦੇ ਬਾਹਰ ਫਾਂਸੀ ਦੇ ਦਿੱਤੀ ਗਈ ਸੀ। ਉਹ ਮੰਡੀ (ਪਟਿਆਲਾ ਰਿਆਸਤ) ਦੇ ਗਿਆਨੀ ਰਤਨ ਸਿੰਘ ਤੇ ਨਾਈਵਾਲਾ ਦੇ ਰਤਨ ਸਿੰਘ ਸਨ। ਪਹਿਲਾ 35 ਸਾਲਾਂ ਦਾ ਇੱਕ ਨੌਜਵਾਨ ਸੂਬਾ ਸੀ, ਜੋ ਆਪਣੀ ਯੋਗਤਾ, ਵਿਦਵਤਾ ਅਤੇ ਮਿਸ਼ਨਰੀ ਜੋਸ਼ ਲਈ ਮਸ਼ਹੂਰ ਸੀ, ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦੇ ਨਾਲ-ਨਾਲ ਆਪਣੇ ਖੇਤਰ ਦੇ ਕੂਕਿਆਂ 'ਚ ਇੱਕ ਅਦਾਲਤੀ (ਜੱਜ) ਦੇ ਫ਼ਰਜ਼ ਵੀ ਨਿਭਾਉਂਦਾ ਸੀ। ਇਸੇ ਮਹਾਨ ਗਿਆਨ ਸਦਕਾ ਉਸ ਨੂੰ ਗਿਆਨੀ ਜਾਂ ਗਿਆਨਾ ਸਿੰਘ[3] ਦੇ ਨਾਮ ਨਾਲ ਬੁਲਾਇਆ ਜਾਂਦਾ ਸੀ। ਦੂਜਾ 28 ਸਾਲਾ ਵਿਅਕਤੀ ਉਸ ਦਾ ਨਾਇਬ ਸੀ।

---

1. ਹੋਮ ਜੁਡੀਸ਼ੀਅਲ, 29 ਜੁਲਾਈ, 1871, ਪ੍ਰੋਗਸ. 45-61 (ਏ) - ਐਲ. ਕਾਵਨ ਦਾ ਮੈਮੋਰੈਂਡਮ ਮਿਤੀ 24 ਜੁਲਾਈ, 1871
2. ਸਹੀ ਤਾਰੀਖ਼ ਫਾਂਸੀ ਦੇਣ ਦੀ 5 ਅਗਸਤ ਹੈ।—ਅਨੁਵਾਦਕ
3. ਪੰਜ ਵਰ੍ਹੇ ਪਹਿਲਾਂ ਉਸ ਨੂੰ 18 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਸੀ ਕਿਉਂਕਿ ਉਸ ਨੇ ਦੇਸ਼-ਵਿਰੋਧੀ ਪਟਿਆਲਾ ਦਰਬਾਰ ਦੀ ਇੱਕ ਸਿਆਸੀ ਗਤੀਵਿਧੀ 'ਚ ਭਾਗ ਲਿਆ ਸੀ। ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132

ਇਨ੍ਹਾਂ ਦੋਵਾਂ 'ਤੇ ਰਾਏਕੋਟ ਵਿਖੇ ਕਸਾਈਆਂ ਦੇ ਕਤਲਾਂ ਲਈ ਉਕਸਾਉਣ ਦਾ ਦੋਸ਼ ਲਾਇਆ ਗਿਆ ਸੀ ਤੇ ਸੈਸ਼ਨ ਜੱਜ ਸ੍ਰੀ ਮੈਕਨਬ ਨੇ 26 ਅਕਤੂਬਰ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਚਾਰ ਦਿਨਾਂ ਬਾਅਦ ਕੇਸ ਨੂੰ ਪੁਸ਼ਟੀ ਲਈ ਚੀਫ਼ ਕੋਰਟ ਵਿੱਚ ਭੇਜਿਆ ਗਿਆ। ਇਸ ਅਦਾਲਤ ਦੇ ਜੱਜਾਂ ਵਿੱਚੋਂ ਇੱਕ, ਸ੍ਰੀ ਸੀ. ਬੋਲਨੋਇਸ ਨੇ ਗਵਾਹਾਂ ਦੇ ਸਬੂਤਾਂ ਨੂੰ ਤਸੱਲੀਬਖਸ਼ ਨਾ ਮੰਨਿਆ ਅਤੇ ਜ਼ੋਰਦਾਰ ਸਿਫ਼ਾਰਸ਼ ਕੀਤੀ ਕਿ ਸੈਸ਼ਨ ਜੱਜ ਵੱਲੋਂ ਦਿੱਤੀ ਗਈ ਫਾਂਸੀ ਦੀ ਸਜ਼ਾ ਨੂੰ ਉਮਰ ਭਰ ਲਈ ਦੇਸ਼-ਨਿਕਾਲੇ ਵਿੱਚ ਬਦਲ ਦਿੱਤਾ ਜਾਣਾ ਚਾਹੀਦਾ ਹੈ। ਪਰ ਦੂਜੇ ਜੱਜਾਂ ਸੀ. ਕੈਂਪਬੈਲ ਤੇ ਸੀ.ਆਰ. ਲਿੰਡਸੇ ਉਸ ਨਾਲ ਸਹਿਮਤ ਨਹੀਂ ਹੋਏ। ਦੋਵਾਂ ਨੇ ਹੇਠਲੀਆਂ ਅਦਾਲਤਾਂ ਦੇ ਫੈਸਲੇ ਨੂੰ ਇਸ ਆਧਾਰ 'ਤੇ ਬਰਕਰਾਰ ਰੱਖਣ ਦੀ ਹਮਾਇਤ ਕੀਤੀ ਕਿ ਕੂਕਾ ਅੰਦੋਲਨ ਇੱਕ ਸਿਆਸੀ ਮਾਮਲਾ ਹੋਣ ਕਾਰਨ ਦੋਸ਼ੀ ਸਖ਼ਤ ਤੋਂ ਸਖ਼ਤ ਸਜ਼ਾ ਦੇ ਹੱਕਦਾਰ ਹਨ। 26 ਨਵੰਬਰ 1871 ਨੂੰ ਫਾਂਸੀ ਦੇ ਦਿੱਤੀ ਗਈ। ਮੌਤ ਵੇਲੇ ਕੂਕਾ ਨੇਤਾਵਾਂ ਨੇ ਆਪਣੀ ਨਿਡਰਤਾ ਦੀ ਪਰੰਪਰਾ ਤੇ ਆਪਣੇ ਧਰਮ ਦੀ ਸ਼ਾਨ ਨੂੰ ਕਾਇਮ ਰੱਖਿਆ। ਉਨ੍ਹਾਂ ਇਸ਼ਨਾਨ ਕਰਨ ਤੋਂ ਬਾਅਦ ਚਿੱਟੇ ਕੱਪੜੇ ਪਹਿਨੇ ਤੇ ਪਵਿੱਤਰ ਬਾਣੀ ਦਾ ਗਾਇਨ ਕੀਤਾ। 'ਸਤਿਗੁਰੂ ਬਿਲਾਸ' ਦੇ ਲੇਖਕ ਅਨੁਸਾਰ ਫਾਂਸੀ ਤੋਂ ਕੁਝ ਮਿੰਟ ਪਹਿਲਾਂ ਸੂਬਾ ਗਿਆਨੀ ਸਿੰਘ ਨੇ ਮੌਕੇ 'ਤੇ ਅੰਗਰੇਜ਼ ਅਫਸਰ ਨੂੰ ਸੰਬੋਧਿਤ ਕਰਦਿਆਂ ਬਹਾਦਰੀ ਭਰੇ ਇਹ ਸ਼ਬਦ ਕਹੇ[1]:

"ਬਿੱਲਿਆ (ਫਿਰੰਗੀ ਦੀਆਂ ਅੱਖਾਂ ਨੀਲੀਆਂ ਸਨ)! ਆਪਣਾ ਚਿਹਰਾ ਮੇਰੇ ਵੱਲ ਰੱਖ ਤੇ ਮੇਰੇ ਵੱਲ ਪਿੱਠ ਕਰ ਕੇ ਨਾ ਖਲੋ। ਕਿਸੇ ਜੱਟ ਔਰਤ ਦੀ ਕੁੱਖ ਵਿੱਚ ਦਸ ਮਹੀਨੇ ਬਿਤਾ ਕੇ ਮੈਂ ਆਪਣਾ ਬਦਲਾ ਲੈਣ ਲਈ ਦੁਬਾਰਾ ਇੱਥੇ ਆਵਾਂਗਾ। ਸੁਣ, ਓ ਬਿੱਲਿਆ! ਤੇਰੇ ਮਨ 'ਚ ਮੈਲ਼ ਹੈ। ਇਹ ਇਨਸਾਫ਼ ਨਹੀਂ ਹੈ ਜੋ ਤੂੰ ਕੀਤਾ ਹੈ। ਬੇਇਨਸਾਫ਼ੀ ਤੇਰੇ 'ਤੇ ਭਾਰੂ ਪੈ ਰਹੀ ਹੈ। ਮੇਰਾ ਅੰਤ ਤੁਹਾਡੇ ਲੋਕਾਂ ਵਿਰੁੱਧ ਅੰਦੋਲਨ ਦਾ ਅੰਤ ਨਹੀਂ ਹੋਵੇਗਾ... ਮੈਂ ਵੀ, ਸਦਾ ਲਈ ਨਹੀਂ ਜਾ ਰਿਹਾ, ਕੋਈ ਮਾਂ ਮੈਨੂੰ ਜਨਮ ਦੇਵੇਗੀ। ਨਵੇਂ ਰੂਪ 'ਚ ਤੇ ਜਵਾਨ ਹੋ ਕੇ ਮੈਂ ਇੱਕ ਵਾਰ ਫਿਰ ਤਲਵਾਰ ਚੁੱਕਾਂਗਾ ਅਤੇ ਤੇਰੇ ਕੋਲ ਆਵਾਂਗਾ।"

## ਸਰਕਾਰ ਦਾ ਪ੍ਰਤੀਕਰਮ

ਰਾਏਕੋਟ ਦੇ ਕਤਲਾਂ ਦੀ ਜਾਂਚ ਦੌਰਾਨ ਹੀ ਇਹ ਸਪੱਸ਼ਟ ਹੋ ਗਿਆ ਸੀ ਕਿ ਕਸਾਈਆਂ ਦੇ ਕਤਲਾਂ ਪਿਛਲੀ ਮੁੱਖ ਤਾਕਤ ਬਾਬਾ ਰਾਮ ਸਿੰਘ ਜੀ ਹੀ ਸਨ[2], ਇਸ ਗੱਲ ਤੋਂ ਸਰਕਾਰੀ ਅਧਿਕਾਰੀ ਡਾਢੇ ਫ਼ਿਕਰਮੰਦ ਹੋ ਗਏ। 8 ਅਗਸਤ ਨੂੰ ਲੈਫ਼ਟੀਨੈਂਟ

---

1. ਨਾਹਰ ਸਿੰਘ, -ਉਹੀ- 'ਚ ਉਧਰਿਤ, ਪੰਨਾ 346-347
2. ਇਸ ਮਾਮਲੇ 'ਚ ਸੁਰਾਗ਼ ਕਾਵਨ ਤੇ ਮੈਕਐਂਡ੍ਰਿਊ ਨੇ ਕੂਕਿਆਂ ਗਿਆਨੀ ਸਿੰਘ, ਹਰਨਾਮ ਸਿੰਘ ਤੇ ਗੁਲਾਬ ਸਿੰਘ ਵੱਲੋਂ ਉਨ੍ਹਾਂ ਵੱਲੋਂ ਦਿੱਤੇ ਬਿਆਨਾਂ ਦੇ ਆਧਾਰ ਉਤੇ ਦਿੱਤੇ ਸਨ। ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132

ਕਰਨਲ ਬੇਲੀ ਨੇ ਇੱਕ ਮੈਮੋਰੈਂਡਮ ਲਿਖ ਕੇ ਇਨ੍ਹਾਂ ਸਾਰੇ ਕਤਲਾਂ ਲਈ ਬਾਬਾ ਰਾਮ ਸਿੰਘ ਜੀ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਤੇ ਇਹ ਸਖ਼ਤ ਸਿਫ਼ਾਰਸ਼ ਕੀਤੀ ਕਿ ਉਨ੍ਹਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਨੇ ਬਹੁਤ ਹੀ ਧਿਆਨ ਨਾਲ ਵਿਚਾਰ-ਵਟਾਂਦਰਾ ਕਰਦਿਆਂ ਇਹੋ ਫ਼ੈਸਲਾ ਲਿਆ ਕਿ ਗਵਾਹ ਕਿਉਂਕਿ ਸਾਰੇ ਹੀ ਕੂਕੇ ਸਨ, ਇਸ ਲਈ ਬਾਬਾ ਰਾਮ ਸਿੰਘ ਜੀ ਦੀ ਸੁਣਵਾਈ ਲਈ ਉਨ੍ਹਾਂ ਉਤੇ ਨਿਰਭਰ ਰਹਿਣਾ ਸੰਭਵ ਨਹੀਂ ਹੈ ਅਤੇ ਹਾਲੇ ਉਨ੍ਹਾਂ ਨੂੰ ਦੇਸ਼-ਨਿਕਾਲਾ ਦੇਣ ਦਾ ਸਹੀ ਵੇਲਾ ਨਹੀਂ ਆਇਆ ਹੈ। ਇਸ ਬਾਰੇ ਇੱਕ ਚਿੱਠੀ 9 ਸਤੰਬਰ, 1871 ਨੂੰ ਭਾਰਤ ਸਰਕਾਰ ਨੂੰ ਭੇਜੀ ਗਈ ਸੀ। ਪਰ ਅਗਲੇ ਨਵੰਬਰ ਮਹੀਨੇ ਸਰਕਾਰ ਨੂੰ ਅੰਬਾਲਾ ਡਿਵੀਜ਼ਨ ਦੇ ਆਫ਼ੀਸ਼ੀਏਟਿੰਗ ਕਮਿਸ਼ਨਰ ਜੇ.ਡਬਲਿਊ. ਮੈਕਨਬ ਤੇ ਅੰਬਾਲਾ ਸਰਕਲ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ ਲੈਫ਼ਟੀਨੈਂਟ ਕਰਨਲ ਜੀ. ਮੈਕਐਂਡ੍ਰਿਯੂ ਦੇ ਦੋ ਮੈਮੋਰੈਂਡਮ ਮਿਲੇ। ਉਨ੍ਹਾਂ ਦੋਵਾਂ ਨੇ ਬਾਬਾ ਰਾਮ ਸਿੰਘ ਜੀ ਨੂੰ ਤੁਰੰਤ ਦੇਸ਼-ਨਿਕਾਲਾ ਦੇਣ ਦੀ ਮੰਗ ਕੀਤੀ ਸੀ। ਸ੍ਰੀ ਮੈਕਨਬ ਵੱਲੋਂ 4 ਨਵੰਬਰ ਨੂੰ ਲਿਖੇ ਮੈਮੋਰੈਂਡਮ ਦੀ ਤਾਂ ਸ਼ੁਰੂਆਤ ਹੀ ਕੂਕਾ ਲਹਿਰ ਦੇ ਸਿਆਸੀ ਚਰਿੱਤਰ ਉਤੇ ਜ਼ੋਰ ਦਿੱਤੇ ਜਾਣ ਨਾਲ ਹੁੰਦੀ ਸੀ। ਉਸ ਵਿੱਚ ਲਿਖਿਆ ਸੀ[2]:

"ਅਰੰਭ 'ਚ ਇਸ ਸੰਪਰਦਾਇ ਦੇ ਰਹਿਨੁਮਾਵਾਂ ਦੀ ਮਨਸ਼ਾ ਜੋ ਵੀ ਹੋਵੇ, ਹੁਣ ਇਸ ਦਾ ਰੁਝਾਨ ਪੂਰੀ ਤਰ੍ਹਾਂ ਸਿਆਸੀ ਹੈ... ਹਰ ਚੀਜ਼ ਇਸੇ ਪਾਸੇ ਇਸ਼ਾਰਾ ਕਰਦੀ ਹੈ: ਬਾਬਾ ਰਾਮ ਸਿੰਘ ਜੀ ਸੰਤ ਫ਼ਕੀਰ ਹੋਣ ਦਾ ਕੋਈ ਅਡੰਬਰ ਨਹੀਂ ਰਚਦੇ। ਉਹ ਜਦੋਂ ਤੁਹਾਨੂੰ ਮਿਲਣ ਲਈ ਆਉਂਦੇ ਹਨ ਤਾਂ ਉਨ੍ਹਾਂ ਨਾਲ ਅੱਧੀ ਦਰਜਨ ਘੁੜਸਵਾਰ ਹੁੰਦੇ ਹਨ। ਉਨ੍ਹਾਂ ਨਾਲ ਵੱਡੀ ਗਿਣਤੀ 'ਚ ਪੈਦਲ ਚੱਲਣ ਵਾਲੇ ਲੋਕ ਵੀ ਹੁੰਦੇ ਹਨ। ਉਹ ਤੁਹਾਡੇ ਕਮਰੇ 'ਚ ਜਦੋਂ ਆਉਂਦੇ ਹਨ ਤਾਂ ਉਨ੍ਹਾਂ ਦੁਆਲੇ ਇੱਕ ਸ਼ਹਿਜ਼ਾਦੇ ਵਾਂਗ ਪੂਰਾ ਦਰਬਾਰ ਸਜਿਆ ਹੁੰਦਾ ਹੈ। ਉਨ੍ਹਾਂ ਖ਼ੁਦ ਤੇ ਉਨ੍ਹਾਂ ਨਾਲ ਦੇ ਲੋਕਾਂ ਨੇ ਬਹੁਤ ਵਧੀਆ ਕੱਪੜੇ ਪਹਿਨੇ ਹੁੰਦੇ ਹਨ।"

"ਜਿੰਨੇ ਵੀ ਸੂਬੇ ਮੈਂ ਵੇਖੇ ਹਨ, ਉਹ ਸਭ ਨੌਜਵਾਨ ਤੇ ਦਲੇਰ ਦਿਸਦੇ ਹਨ।"

"ਮੇਰੇ ਵਿਚਾਰ ਅਨੁਸਾਰ ਉਪਰੋਕਤ ਨਾਲੋਂ ਵੱਖਰੀ ਗੱਲ ਇਹ ਹੈ ਕਿ ਇਹ ਲਹਿਰ ਸਿਆਸੀ ਬਣ ਚੁੱਕੀ ਹੈ (ਸ਼ੁਰੂ 'ਚ ਭਾਵੇਂ ਇਹ ਜੋ ਵੀ ਰਹੀ ਹੋਵੇ) ਤੇ ਹੁਣ ਇੱਕ ਸ਼ੁੱਧ ਧਾਰਮਿਕ ਮੁਹਿੰਮ ਨਹੀਂ ਰਹੀ।"

ਇਸ ਨਾਲ ਸਮੁੱਚੀ ਜ਼ਿੰਮੇਵਾਰੀ ਬਾਬਾ ਰਾਮ ਸਿੰਘ ਜੀ 'ਤੇ ਪਾ ਦਿੱਤੀ ਗਈ ਸੀ:

"ਵੱਖੋ-ਵੱਖਰੇ ਕਤਲ ਕੇਸਾਂ ਦੀਆਂ ਸੁਣਵਾਈਆਂ ਦੌਰਾਨ ਲਈਆਂ ਗਈਆਂ ਸਾਰੀਆਂ ਗਵਾਹੀਆਂ ਬਿਨਾ ਕਿਸੇ ਸ਼ੱਕ ਦੇ ਇਹੋ ਸਿੱਧ ਕਰਦੀਆਂ ਹਨ ਕਿ ਜਿਹੜੇ ਵਿਅਕਤੀਆਂ ਨੇ ਵੀ ਕਤਲਾਂ ਦੇ ਆਦੇਸ਼ਾਂ ਦੀ ਇੱਛਾ ਜ਼ਾਹਿਰ ਕੀਤੀ ਸੀ, ਉਨ੍ਹਾਂ ਨੂੰ

1. ਹੋਮ ਜੁਡੀਸ਼ੀਅਲ, 13 ਜਨਵਰੀ, 1872, ਪ੍ਰੋਗਸ. 52-53
2. ਹੋਮ ਜੁਡੀਸ਼ੀਅਨ ਜੂਨ 1872, ਪ੍ਰੋਗਸ 112-132

ਬਾਬਾ ਰਾਮ ਸਿੰਘ ਜੀ ਤੋਂ ਹੀ ਸਿੱਧੀਆਂ ਹਦਾਇਤਾਂ ਮਿਲੀਆਂ ਸਨ। ਉਹ ਵਿਅਕਤੀ ਵੀ ਜਿਨ੍ਹਾਂ ਨੇ ਇਹ ਦੱਸਿਆ ਕਿ ਬਾਬਾ ਰਾਮ ਸਿੰਘ ਜੀ ਨੇ ਤਾਂ ਉਨ੍ਹਾਂ ਨੂੰ ਕਿਸੇ ਨਾਲ ਕੁਝ ਵੀ ਕਰਨ ਲਈ ਨਹੀਂ ਆਖਿਆ ਸੀ, ਉਹ ਵੀ ਇਹੋ ਆਖਦੇ ਹਨ ਕਿ ਉਹ ਅਗਲੇ ਹੁਕਮਾਂ ਲਈ ਉਨ੍ਹਾਂ ਵੱਲ ਹੀ ਤੱਕਦੇ ਸਨ।''

''ਇਸ ਪ੍ਰਕਾਰ ਬਾਬਾ ਰਾਮ ਸਿੰਘ ਜੀ ਵਿਰੁੱਧ ਇਹ ਸਿਆਸੀ ਕੇਸ ਬਣਦਾ ਹੈ: ਉਹ ਇੱਕ ਸੰਪਰਦਾਇ ਦੇ ਅਜਿਹਾ ਇੱਕ ਆਮ ਆਗੂ ਹਨ, ਜਿਸ ਦਾ ਮੰਤਵ ਖ਼ਾਲਸਾ ਦੀ ਪੁਨਰ-ਸੁਰਜੀਤੀ ਹੈ ਤੇ ਉਹ ਬ੍ਰਿਟਿਸ਼ ਤਾਕਤ ਦੇ ਵਿਰੁੱਧ ਹੈ।''

ਕੂਕਾ ਲੀਡਰ ਨੂੰ ਤੁਰੰਤ ਦੇਸ਼-ਨਿਕਾਲਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ:

''ਇਸ ਸਭ ਦੇ ਮੱਦੇਨਜ਼ਰ ਮੇਰਾ ਵਿਆਪਕ ਤੌਰ 'ਤੇ ਇਹੋ ਮੰਨਣਾ ਹੈ ਕਿ ਕਾਨੂੰਨ ਦੀ ਉਲੰਘਣਾ ਦੀਆਂ ਇਨ੍ਹਾਂ ਕਾਰਵਾਈਆਂ ਪਿੱਛੇ ਇਸ ਸੰਪਰਦਾਇ ਦੇ ਮੁਖੀ ਦੀ ਹੀ ਸਹਿਮਤੀ ਸੀ, ਇਸ ਲਈ ਦੇਸ਼ ਦੀ ਅੰਦਰੂਨੀ ਸੁਰੱਖਿਆ ਤੇ ਸ਼ਾਂਤੀ ਲਈ ਇਹ ਜ਼ਰੂਰੀ ਜਾਪਦਾ ਹੈ ਕਿ ਬਾਬਾ ਰਾਮ ਸਿੰਘ ਜੀ ਨੂੰ ਵਿਦੇਸ਼ ਦੀ ਕਿਸੇ ਅਜਿਹੀ ਥਾਂ ਉਤੇ ਭੇਜ ਦਿੱਤਾ ਜਾਵੇ, ਜਿੱਥੇ ਉਨ੍ਹਾਂ ਦਾ ਕੋਈ ਵੀ ਸ਼ਰਧਾਲੂ ਉਨ੍ਹਾਂ ਨੂੰ ਕਦੇ ਵੀ ਮਿਲ ਨਾ ਸਕੇ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਉਨ੍ਹਾਂ ਦੇ ਘਰਾਂ 'ਚ ਨਜ਼ਰਬੰਦ ਕਰ ਦਿੱਤਾ ਜਾਵੇ ਤੇ ਉਨ੍ਹਾਂ ਦੇ ਮੇਲੇ ਲਾਉਣ 'ਤੇ ਪਾਬੰਦੀ ਲਾ ਦਿੱਤੀ ਜਾਵੇ।''

ਇਸ ਯਾਦ-ਪੱਤਰ ਵਿੱਚ ਇਹ ਚੇਤਾਵਨੀ ਦਿੱਤੀ ਗਈ ਸੀ - ''ਜੇ ਇੰਝ ਨਾ ਕੀਤਾ ਗਿਆ ਤੇ ਕੋਈ ਕਾਰਵਾਈ ਨਾ ਪਾਈ ਗਈ, ਤਾਂ ਬਾਬਾ ਰਾਮ ਸਿੰਘ ਦੀ ਬਹੁਤ ਜ਼ਿਆਦਾ ਚੜ੍ਹਤ ਹੋ ਜਾਵੇਗੀ ਅਤੇ ਉਨ੍ਹਾਂ ਦੀ ਵਧਦੀ ਜਾ ਰਹੀ ਤਾਕਤ ਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਨੂੰ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਨਾਲ ਗੰਭੀਰ ਕਿਸਮ ਦੀ ਗੜਬੜੀ ਫੈਲਣ ਦਾ ਵੱਡਾ ਖ਼ਤਰਾ ਹੈ, ਮੈਨੂੰ ਲੱਗਦਾ ਹੈ ਕਿ ਇਸ ਮਾਮਲੇ 'ਚ ਕੋਈ ਕਿੰਤੂ-ਪ੍ਰੰਤੂ ਨਹੀਂ ਹੋਣਾ ਚਾਹੀਦਾ।''

ਸ੍ਰੀ ਮੈਕਨਬ 1818 ਦੇ ਰੈਗੂਲੇਸ਼ਨ III ਅਧੀਨ ਬਾਬਾ ਰਾਮ ਸਿੰਘ ਜੀ ਖ਼ਿਲਾਫ਼ ਤੁਰੰਤ ਕਾਰਵਾਈ ਚਾਹੁੰਦੇ ਸਨ। ਉਨ੍ਹਾਂ ਇਸ ਮਾਮਲੇ ਦੀ ਸੁਣਵਾਈ ਦੀ ਵਿਧੀ ਰਾਹੀਂ ਸਜ਼ਾ ਸੁਣਾਉਣ ਤੋਂ ਇਨਕਾਰ ਕੀਤਾ ਕਿਉਂਕਿ ਇਹ ਸਿਆਸੀ ਮਾਮਲਾ ਸੀ, ਕਾਨੂੰਨੀ ਨਹੀਂ ਤੇ ਨਾਲ ਹੀ ਕਿਹਾ ਕਿ ਜੇ ਬਾਬਾ ਰਾਮ ਸਿੰਘ ਜੀ ਨੂੰ ਸਖ਼ਤ ਚਿਤਾਵਨੀ ਦੇਣ ਲਈ ਕਿਹਾ ਵੀ ਗਿਆ, ਤਾਂ ਉਨ੍ਹਾਂ ਕੋਈ ਜਵਾਬ ਨਹੀਂ ਦੇਣਾ।'

ਲੈਫ਼ਟੀਨੈਂਟ ਕਰਨਲ ਮੈਕਐਂਡ੍ਰਿਯੂ ਨੇ ਆਪਣੇ 20 ਨਵੰਬਰ ਦੇ ਯਾਦ-ਪੱਤਰ 'ਚ ਲੈਫ਼ਟੀਨੈਂਟ ਕਰਨਲ ਬੇਲੀ ਦੇ ਉਨ੍ਹਾਂ ਵਿਚਾਰਾਂ ਦੀ ਪ੍ਰੋੜ੍ਹਤਾ ਕੀਤੀ ਹੈ, ਜੋ ਉਨ੍ਹਾਂ ਪਹਿਲਾਂ ਪ੍ਰਗਟ ਕੀਤੇ ਸਨ ਤੇ ਉਨ੍ਹਾਂ ਨੇ ਇੰਝ ਆਖਦਿਆਂ ਮਜ਼ਬੂਤੀ ਨਾਲ ਸਿਫ਼ਾਰਸ਼ ਕੀਤੀ ਸੀ[1]: ਮੌਕੇ ਮੁਤਾਬਕ ਚੰਗੀ ਸਰਕਾਰ ਨੂੰ ਕਿਸੇ ਵਿਸਤ੍ਰਿਤ ਕਾਨੂੰਨੀ ਕਾਰਜ-ਵਿਧੀ ਦੀ ਲੋੜ ਨਹੀਂ ਹੋਣੀ ਚਾਹੀਦੀ। ਬਾਬਾ ਰਾਮ ਸਿੰਘ ਜੀ ਨੂੰ ਦੇਸ਼ ਤੋਂ ਬਾਹਰ ਭੇਜ ਦਿੱਤਾ

1. -ਉਹੀ-

ਜਾਣਾ ਚਾਹੀਦਾ ਹੈ। ਉਹ ਤੇ ਉਨ੍ਹਾਂ ਦੇ ਪੈਰੋਕਾਰ ਬਿਨਾ ਕਿਸੇ ਸ਼ੱਕ ਦੇ ਕਈ ਵਾਰ ਕਾਨੂੰਨ ਤੇ ਵਿਵਸਥਾ ਦੀ ਉਲੰਘਣਾ ਕਰ ਚੁੱਕੇ ਹਨ।''

ਪੰਜਾਬ ਸਰਕਾਰ ਨੇ ਉਪਰੋਕਤ ਯਾਦ-ਪੱਤਰਾਂ ਉਤੇ ਬਹੁਤ ਧਿਆਨ ਨਾਲ ਵਿਚਾਰ ਕੀਤਾ ਸੀ। ਉਨ੍ਹਾਂ ਨੂੰ ਇਹ ਪਤਾ ਸੀ ਕਿ ਬਾਬਾ ਰਾਮ ਸਿੰਘ ਜੀ ਵਿਰੁੱਧ ਜੇ ਕੋਈ ਅਦਾਲਤੀ ਸੁਣਵਾਈ ਸ਼ੁਰੂ ਕੀਤੀ ਗਈ, ਤਾਂ ਉਹ ਕਦੇ ਸਫ਼ਲ ਨਹੀਂ ਹੋਣੀ, ਕਿਉਂਕਿ ਇਸ ਦੇ ਹੇਠ ਲਿਖੇ ਕਾਰਣ ਹਨ[1]:

''ਲੈਫ਼ਟੀਨੈਂਟ ਗਵਰਨਰ ਨੇ ਇਨ੍ਹਾਂ ਮਾਮਲਿਆਂ ਵਿੱਚ ਸਬੂਤਾਂ ਤੇ ਗਵਾਹੀਆਂ 'ਤੇ ਬਹੁਤ ਧਿਆਨ ਨਾਲ ਵਿਚਾਰ ਕੀਤਾ ਸੀ ਤੇ ਉਸ ਦੀ ਇਹੋ ਸਲਾਹ ਸੀ ਕਿ ਕਤਲਾਂ ਦੇ ਮੁਲਜ਼ਮ ਬਣਾ ਕੇ ਬਾਬਾ ਰਾਮ ਸਿੰਘ ਜੀ ਵਿਰੁੱਧ ਅਪਰਾਧਕ ਮੁਕੱਦਮਾ ਚਲਾਉਣਾ ਠੀਕ ਨਹੀਂ ਰਹੇਗਾ, ਭਾਵੇਂ ਇਹ ਨਿਸ਼ਚਤ ਜਾਪਦਾ ਹੈ ਕਿ ਗਊਆਂ ਦੇ ਕਤਲ ਰੁਕਵਾਉਣ ਲਈ ਬਾਬਾ ਰਾਮ ਸਿੰਘ ਜੀ ਦੇ ਸ਼ਰਧਾਲੂਆਂ ਨੇ ਕਸਾਈਆਂ ਦੇ ਜਿਹੜੇ ਕਤਲ ਕੀਤੇ ਸਨ, ਉਹ ਕਿਸੇ ਵੀ ਹਾਲਤ ਵਿੱਚ ਆਪਣੇ ਰੂਹਾਨੀ ਗੁਰੂ ਦੀ ਪ੍ਰਵਾਨਗੀ ਤੋਂ ਬਗ਼ੈਰ ਕੀਤੇ ਹੋਣਗੇ; ਅਤੇ ਚਾਹੇ ਅੰਮ੍ਰਿਤਸਰ ਤੇ ਰਾਏਕੋਟ ਦੀਆਂ ਸੁਣਵਾਈਆਂ ਦੌਰਾਨ ਦਲ ਸਿੰਘ, ਗੁਲਾਬ ਸਿੰਘ, ਕਾਹਨ ਸਿੰਘ ਅਤੇ ਗੰਡਾ ਸਿੰਘ ਨੇ ਸਿੱਧੇ ਤੌਰ ਉੱਤੇ ਬਾਬਾ ਰਾਮ ਸਿੰਘ ਜੀ ਵਿਰੁੱਧ ਇਹੋ ਗਵਾਹੀਆਂ ਦਿੱਤੀਆਂ ਸਨ ਕਿ ਉਨ੍ਹਾਂ ਨੇ ਹੀ ਇਨ੍ਹਾਂ ਕਤਲਾਂ ਲਈ ਉਕਸਾਇਆ ਸੀ, ਤਦ ਲੈਫ਼ਟੀਨੈਂਟ ਗਵਰਨਰ ਦਾ ਇਹੋ ਵਿਚਾਰ ਸੀ ਕਿ ਬਾਬਾ ਜੀ ਵਿਰੁੱਧ ਇਹ ਮਾਮਲਾ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ ਕਿ ਅਪਰਾਧਕ ਮਾਮਲਿਆਂ ਦੀ ਸੁਣਵਾਈ ਕਰਨ ਵਾਲੀ ਅਦਾਲਤ ਉਨ੍ਹਾਂ ਨੂੰ ਦੋਸ਼ੀ ਠਹਿਰਾ ਸਕੇਗੀ ਅਤੇ ਜੇ ਸਰਕਾਰ ਵੱਲੋਂ ਆਰੰਭੀ ਗਈ ਕਾਨੂੰਨੀ ਕਾਰਵਾਈ ਇਸ ਤਰੀਕੇ ਨਾਕਾਮ ਹੋ ਕੇ ਰਹਿ ਗਈ, ਤਾਂ ਇਸ ਨੂੰ ਕੂਕਾ ਸੰਪਰਦਾਇ ਦੀ ਇੱਕ ਵੱਡੀ ਜਿੱਤ ਮੰਨਿਆ ਜਾਵੇਗਾ, ਇਸ ਮਾਮਲੇ ਦੇ ਜਿਹੜੇ ਗਵਾਹ ਹਨ, ਅਸੀਂ ਉਨ੍ਹਾਂ ਉਤੇ ਵੀ ਬਹੁਤਾ ਭਰੋਸਾ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ 'ਚੋਂ ਜ਼ਿਆਦਾਤਰ ਕੂਕਾ ਸੰਪਰਦਾਇ ਨਾਲ ਹੀ ਸਬੰਧਤ ਹਨ, ਜੇ ਉਨ੍ਹਾਂ ਦੇ ਗੁਰੂ ਵਿਰੁੱਧ ਕੇਸ ਦੋਬਾਰਾ ਚੁੱਕਿਆ, ਤਦ ਇਹ ਜ਼ਰੂਰੀ ਨਹੀਂ ਕਿ ਉਹ ਆਪਣੇ ਪਹਿਲੇ ਸਾਰੇ ਬਿਆਨਾਂ ਉਤੇ ਕਾਇਮ ਰਹਿਣਗੇ ਤੇ ਉਹ ਕਦੇ ਨਹੀਂ ਚਾਹੁਣਗੇ ਕਿ ਉਨ੍ਹਾਂ ਦੇ ਬਿਆਨਾਂ ਕਾਰਨ ਉਨ੍ਹਾਂ ਦੇ ਗੁਰੂ ਦਾ ਜੀਵਨ ਤੇ ਉਨ੍ਹਾਂ ਦੀ ਅਜ਼ਾਦੀ ਪ੍ਰਭਾਵਿਤ ਹੋਣ।''

ਕੂਕਾ ਆਗੂ ਨੂੰ ਦੇਸ਼-ਨਿਕਾਲਾ ਦੇਣ ਦੇ ਸੁਆਲ ਉਤੇ ਲੈਫ਼ਟੀਨੈਂਟ ਗਵਰਨਰ ਦਾ ਇਹ ਵਿਚਾਰ ਸੀ ਕਿ ''ਜੇ ਕੂਕਾ ਆਗੂ ਵਿਰੁੱਧ ਆਮ ਅਦਾਲਤਾਂ ਵਿੱਚ ਪੂਰੇ ਸਬੂਤਾਂ ਨਾਲ ਮੁਕੱਦਮਾ ਚਲਾਉਣਾ ਹੋਵੇ ਤਾਂ ਹਰ ਪਾਸਿਓਂ ਵਾਜਬ ਨਿਆਂਇਕ ਸਬੂਤ ਲੋੜੀਂਦੇ ਹੋਣਗੇ, ਜਦ ਕਿ ਉਨ੍ਹਾਂ ਦੀ ਹੀ ਤਾਂ ਘਾਟ ਹੈ, ਇਸੇ ਲਈ ਇਸ ਮਾਮਲੇ ਵਿੱਚ ਕਿਸੇ ਹੰਗਾਮੀ ਹਾਲਾਤ ਵਾਂਗ ਖ਼ਾਸ ਕਾਰਵਾਈ ਨਹੀਂ ਕੀਤੀ ਜਾ ਸਕਦੀ; ਇਹੋ ਕਾਰਨ

1. -ਉਹੀ- ਭਾਰਤ ਸਰਕਾਰ ਨੂੰ ਪੰਜਾਬ ਸਰਕਾਰ, ਮਿਤੀ 7 ਫ਼ਰਵਰੀ, 1872.

ਹੈ ਕਿ ਇਸ ਕੇਸ ਵਿੱਚ ਵਾਰੰਟ ਜਾਰੀ ਕਰਨ 'ਚ ਵੀ ਔਖ ਹੈ ਕਿਉਂਕਿ ਉਹ ਅਸਫ਼ਲ ਰਹਿ ਸਕਦਾ ਹੈ।''

ਫਿਰ ਵੀ ਨਵੀਂਆਂ ਘਟਨਾਵਾਂ ਵਾਪਰਨ ਸਦਕਾ ਬਾਬਾ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਤੇ ਕੂਕਿਆਂ ਦੇ ਮੇਲਿਆਂ ਉੱਤੇ ਦੋਬਾਰਾ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ।

## ਮਲੌਦ ਅਤੇ ਮਲੇਰਕੋਟਲਾ 'ਤੇ ਹਮਲੇ

ਅੰਮ੍ਰਿਤਸਰ ਤੇ ਰਾਏਕੋਟ ਦੇ ਕਸਾਈਆਂ ਦੇ ਕਤਲਾਂ ਦੇ ਮਾਮਲਿਆਂ ਵਿੱਚ ਸ਼ਾਮਲ ਕੂਕਿਆਂ, ਖ਼ਾਸ ਕਰਕੇ ਸੂਬਾ ਗਿਆਨੀ ਸਿੰਘ ਨੂੰ ਫਾਂਸੀ ਦਿੱਤੇ ਜਾਣ ਦੇ ਬਾਅਦ ਤੋਂ ਹੀ ਸਮੁੱਚੇ ਸੰਪਰਦਾਇ ਦੇ ਸ਼ਰਧਾਲੂਆਂ ਦੇ ਮਨਾਂ ਵਿੱਚ ਡਾਢਾ ਰੋਹ ਅਤੇ ਰੋਸ ਸੀ। ਦੇਸ਼-ਭਗਤੀ ਦਾ ਜਿਹੜਾ ਰਾਹ ਉਹ ਅਖ਼ਤਿਆਰ ਕਰ ਚੁੱਕੇ ਸਨ, ਉਹ ਹੁਣ ਛੱਡ ਨਹੀਂ ਸਕਦੇ ਸਨ, ਉਸ ਦੇ ਨਤੀਜੇ ਭਾਵੇਂ ਜੋ ਮਰਜ਼ੀ ਨਿਕਲਦੇ। ਉਨ੍ਹਾਂ ਦਾ ਰੋਹ ਸਿਰਫ਼ ਬ੍ਰਿਟਿਸ਼ ਸਰਕਾਰ ਦੇ ਹੀ ਵਿਰੁੱਧ ਨਹੀਂ ਸੀ, ਸਗੋਂ ਉਹ ਨਾਭਾ, ਜੀਂਦ ਤੇ ਪਟਿਆਲਾ ਰਿਆਸਤਾਂ ਦੇ ਵੀ ਖ਼ਿਲਾਫ਼ ਸਨ ਕਿਉਂਕਿ ਉਨ੍ਹਾਂ ਨੇ ਰਾਏਕੋਟ 'ਚ ਕਸਾਈਆਂ ਦੇ ਕਤਲ ਕਾਂਡ ਸਮੇਂ ਉਨ੍ਹਾਂ ਦੇ ਨਾਇਕਾਂ ਨੂੰ ਫਾਂਸੀ ਦਿਵਾਉਣ ਲਈ ਵਿਦੇਸ਼ੀ ਸਰਕਾਰ ਦੀ ਪੂਰੀ ਚਾਪਲੂਸੀ ਕੀਤੀ ਸੀ। ਇਸੇ ਲਈ ਹੁਣ ਉਨ੍ਹਾਂ ਨੇ ਰਾਤ ਦੇ ਹਨੇਰਿਆਂ ਵਿੱਚ ਹਮਲਿਆਂ ਦੀਆਂ ਕਾਰਵਾਈਆਂ ਦੀ ਰਣਨੀਤੀ ਨੂੰ ਤਿਆਗਦਿਆਂ ਖੁੱਲ੍ਹ ਕੇ ਸਾਹਮਣੇ ਆਉਣ ਦਾ ਫ਼ੈਸਲਾ ਕਰ ਲਿਆ ਸੀ। ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਹੇਠ ਸੰਭਾਵੀ ਸ਼ਹੀਦਾਂ ਦਾ ਇੱਕ ਜੱਥਾ ਤਿਆਰ ਕੀਤਾ ਗਿਆ ਸੀ। ਮਲੌਦ ਤੇ ਮਲੇਰਕੋਟਲਾ ਦੇ ਹਮਲਿਆਂ ਦੇ ਪਿਛੋਕੜ ਦਾ ਵਰਨਣ ਕਰਦਿਆਂ ਸ੍ਰੀ ਮੈਕਨਬ ਨੇ ਲਿਖਿਆ[1]:

''ਅੰਗ੍ਰੇਜ਼ਾਂ ਦੇ ਰਾਜ ਦਾ ਖ਼ਾਤਮਾ ਕਰਨ ਤੇ ਖ਼ਾਲਸਾ ਹਕੂਮਤ ਦੀ ਬਹਾਲੀ ਦੀਆਂ ਭਵਿੱਖਬਾਣੀਆਂ ਕੂਕਿਆਂ 'ਚ ਫੈਲਾ ਦਿੱਤੀਆਂ ਗਈਆਂ ਹਨ ਅਤੇ ਇਹ ਅਫ਼ਵਾਹ ਵੱਡੇ ਪੱਧਰ 'ਤੇ ਫੈਲੀ ਹੋਈ ਸੀ ਕਿ ਸਾਲ 1872 'ਚ ਕੂਕਾ ਗੁਰੂ ਦੀ ਸ਼ਕਤੀ ਦਾ ਕੋਈ ਵੱਡਾ ਪ੍ਰਦਰਸ਼ਨ ਵੇਖਣ ਨੂੰ ਮਿਲੇਗਾ। ਕੂਕਿਆਂ ਨੇ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ਸਨ ਤੇ ਸੁਰਖ਼ਰੂ ਹੋ ਗਏ ਸਨ ਕਿ ਤਾਂ ਜੋ ਉਹ (ਚੇਤ) ਅਪ੍ਰੈਲ ਦੇ ਮਹੀਨੇ ਹੋਣ ਵਾਲੇ ਸੰਭਾਵੀ ਸੰਘਰਸ਼ 'ਚ ਖੁੱਲ੍ਹ ਕੇ ਭਾਗ ਲੈ ਸਕਣ ਪਰ ਇਸ ਸਭ ਵਿੱਚ ਉਨ੍ਹਾਂ ਕੁਝ ਸੂਬਿਆਂ ਦੀ ਕਾਰਵਾਈ ਨੇ ਵਿਘਨ ਪਾ ਦਿੱਤੀ, ਜਿਨ੍ਹਾਂ ਦੀ ਦਲੀਲ ਸੀ ਕਿ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਜ਼ਰੂਰ ਲੈਣਾ ਚਾਹੀਦਾ ਹੈ... ਉਨ੍ਹਾਂ ਨੇ 100 ਜਣਿਆਂ ਦਾ ਇੱਕ ਜੱਥਾ ਭੇਜਣ ਦੀ ਯੋਜਨਾ ਉਲੀਕੀ, ਜਿਨ੍ਹਾਂ ਨੇ ਮਲੇਰਕੋਟਲਾ ਰਿਆਸਤ ਉੱਤੇ ਕਬਜ਼ਾ ਕਰ ਲੈਣਾ ਸੀ, ਜਿੱਥੋਂ ਸੁਭਾਵਕ ਤੌਰ 'ਤੇ ਹਥਿਆਰ ਵੀ ਮਿਲ

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132
ਪੰਜਾਬ ਸਰਕਾਰ ਦੇ ਆਫ਼ੀਸ਼ੀਏਟਿੰਗ ਸਕੱਤਰ ਗ੍ਰਿੱਲਸ ਨੂੰ ਮੈਕਨਬ, ਮਿਤੀ 1 ਫ਼ਰਵਰੀ, 1872

ਜਾਣੇ ਸਨ; ਉਹ ਸਾਰੇ ਹਥਿਆਰ ਬਾਕੀ ਦੇ ਕੂਕਿਆਂ ਵਿੱਚ ਵੰਡੇ ਜਾਣੇ ਸਨ।''

ਇਸੇ ਯੋਜਨਾ ਅਧੀਨ ਅੰਤ 'ਚ ਮਲੇਰਕੋਟਲਾ ਨੂੰ ਪਹਿਲਾ ਨਿਸ਼ਾਨਾ ਚੁਣਿਆ ਗਿਆ ਸੀ। ਇਹ ਬਹੁਤ ਹੀ 'ਬਦਨਾਮ, ਕਮਜ਼ੋਰ ਤੇ ਮਾੜੀ ਹਕੂਮਤ ਵਾਲੀ ਰਿਆਸਤ ਸੀ[1]।' ਪੁਰਾਣਾ ਹਾਕਮ ਮਰ ਚੁੱਕਾ ਸੀ ਤੇ ਨਵੇਂ ਹਾਕਮ ਦੀ ਜਾਨਸ਼ੀਨੀ ਚੋਣ ਵਿੱਚ ਵਿਘਨ ਪਾ ਦਿੱਤਾ ਗਿਆ ਸੀ। ਇਸ ਹਾਲਤ ਵਿੱਚ ਪ੍ਰਸ਼ਾਸਨ ਰੀਜੈਂਸੀ ਕੌਂਸਲ ਦੇ ਹੱਥਾਂ ਵਿੱਚ ਸੀ। ਇਸੇ ਲਈ ਇਹ ਸੋਚਿਆ ਗਿਆ ਸੀ ਕਿ ਇਸ ਰਿਆਸਤ 'ਚੋਂ ਧਨ, ਹਥਿਆਰ ਤੇ ਘੋੜੇ ਲੈਣ ਵਿੱਚ ਕੋਈ ਬਹੁਤੀ ਮੁਸ਼ਕਿਲ ਨਹੀ ਆਵੇਗੀ ਤੇ ਇਹ ਸਾਰੀਆਂ ਚੀਜ਼ਾਂ ਸਮੁੱਚੀ ਯੋਜਨਾ ਦੇ ਸਫ਼ਲ ਹੋਣ ਲਈ ਜ਼ਰੂਰੀ ਸਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿੱਖਾਂ ਦੇ ਪੁਰਾਣੇ ਦੁਸ਼ਮਣਾਂ ਦੇ ਨਾਲ-ਨਾਲ ਉਨ੍ਹਾਂ ਕਸਾਈਆਂ ਨਾਲ ਜ਼ਰੂਰਤ ਅਨੁਸਾਰ ਕਾਰਵਾਈ ਕਰਨ ਦੀ ਬੇਨਤੀ ਕੀਤੀ ਗਈ ਸੀ, ਜਿਨ੍ਹਾਂ ਨੇ ਇੱਕ ਸਥਾਨਕ ਵਿਅਕਤੀ ਗੁਰਮੁਖ ਸਿੰਘ ਦੀ ਉਨ੍ਹਾਂ ਸਾਹਮਣੇ ਹੀ ਇੱਕ ਬਲ਼ਦ ਦੀ ਹੱਤਿਆ ਕਰ ਕੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ ਸੀ। ਇਸ ਤੋਂ ਬਾਅਦ "ਨਾਭਾ, ਜੀਂਦ ਤੇ ਪਟਿਆਲਾ 'ਤੇ ਹਮਲਾ ਕਰਨਾ ਸੀ, ਲੁਧਿਆਣਾ ਤੇ ਅੰਬਾਲਾ ਰੂਟ ਉਤੇ ਰੇਲ-ਪੱਟੜੀ ਦੀ ਭੰਨ-ਤੋੜ ਕਰਨੀ ਸੀ। ਉਸ ਤੋਂ ਬਾਅਦ ਸਾਰੇ ਪਾਸਿਓਂ ਕੂਕਿਆਂ ਨੇ ਉਨ੍ਹਾਂ ਨਾਲ ਆ ਕੇ ਰਲਣਾ ਸੀ[2]।''

11 ਅਤੇ 12 ਜਨਵਰੀ, 1872 ਨੂੰ ਭੈਣੀ ਸਾਹਿਬ ਵਿਖੇ ਮਾਘੀ ਮੇਲਾ ਬਹੁਤ ਹੀ ਤਣਾਅ ਭਰੇ ਮਾਹੌਲ 'ਚ ਕਰਵਾਇਆ ਗਿਆ। ਉਸ ਵਿੱਚ 500 ਤੋਂ 1,000 ਕੂਕਿਆਂ ਨੇ ਭਾਗ ਲਿਆ। ਉਸ ਮੌਕੇ ਉਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਰੱਖਿਆ ਗਿਆ ਸੀ, ਜਿਨ੍ਹਾਂ ਨੇ ਕੁਝ ਹੀ ਸਮਾਂ ਪਹਿਲਾਂ 'ਕਸਾਈਆਂ ਦੇ ਕਤਲਾਂ ਦੇ ਭਲੇ ਕਾਰਜ' ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਉੱਥੇ ਮੌਜੂਦ ਸੰਗਤ ਵਿੱਚ ਡਾਢਾ ਰੋਹ ਤੇ ਰੋਸ ਪਾਇਆ ਗਿਆ। ਮੇਲੇ ਦੇ ਅੰਤ 'ਚ 100 ਮਸਤਾਨਿਆਂ ਦੇ ਇੱਕ ਜੱਥੇ ਨੇ ਮਲੇਰਕੋਟਲਾ ਉਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ। ਇਲਾਕੇ ਦੇ ਨੰਬਰਦਾਰ ਤੇ ਚੌਕੀਦਾਰ ਤੋਂ ਅਜਿਹੀ ਸੂਚਨਾ ਮਿਲਣ 'ਤੇ ਡਿਪਟੀ ਇੰਸਪੈਕਟਰ ਸਰਫ਼ਰਾਜ਼ ਖ਼ਾਨ ਨੇ ਬਾਬਾ ਰਾਮ ਸਿੰਘ ਜੀ ਤੱਕ ਪਹੁੰਚ ਕਰ ਕੇ ਉਨ੍ਹਾਂ ਨੂੰ ਰੋਕਣ ਦੀ ਗੱਲ ਆਖੀ। ਬਾਅਦ 'ਚ ਸਰਫ਼ਰਾਜ਼ ਖ਼ਾਨ ਨੇ ਅਧਿਕਾਰੀਆਂ ਨੂੰ ਭੇਜੀ ਆਪਣੀ ਰਿਪੋਰਟ ਵਿੱਚ ਲਿਖਿਆ ਕਿ ਬਾਬਾ ਜੀ ਨੇ ਉਸ ਨੂੰ ਇਹੋ ਦੱਸਿਆ ਸੀ ਕਿ ਉਸ ਜੱਥੇ ਦੇ ਆਗੂ ਹੀਰਾ ਸਿੰਘ ਤੇ ਲਹਿਣਾ ਸਿੰਘ ਉਨ੍ਹਾਂ ਦੀ ਗੱਲ ਹੀ ਨਹੀਂ ਸੁਣ ਰਹੇ ਕਿਉਂਕਿ ਉਹ ਮਸਤਾਨੇ ਹਨ। ਫਿਰ ਵੀ ਬਾਬਾ ਰਾਮ ਸਿੰਘ ਜੀ 'ਗਲ ਵਿਚ ਪੱਲਾ ਪਾ ਕੇ ਉਨ੍ਹਾਂ ਵਿਅਕਤੀਆਂ ਕੋਲ ਗਏ ਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਗੜਬੜੀ ਨਾ ਕਰਨ

---

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗ. 112-132
2. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132
   ਪੰਜਾਬ ਸਰਕਾਰ ਨੂੰ ਮੈਕਨਬ, ਮਿਤੀ 1 ਫ਼ਰਵਰੀ 1872, ਜੀਂਦ ਰਿਆਸਤ ਦੇ ਰਿਕਾਰਡ ਵੀ ਵੇਖੋ, ਸੰਗੀਨ ਮੁਨਸ਼ੀਨਖਾਨਾ, ਫ਼ਾਈਲ ਨੰ. 741, ਸਾਲ 1872

ਲਈ ਆਖਿਆ।[1] ਪਰ ਇਸ ਦਾ ਵੀ ਉਨ੍ਹਾਂ ਉਤੇ ਕੋਈ ਅਸਰ ਨਾ ਹੋਇਆ। ਫਿਰ ਪੁਲਿਸ ਅਧਿਕਾਰੀ ਨੇ ਉਨ੍ਹਾਂ ਸਾਰੇ ਲੋਕਾਂ ਦੇ ਨਾਮ ਜਾਣਨੇ ਚਾਹੇ। ਬਾਬਾ ਜੀ ਨੂੰ ਜਿੰਨੇ ਵੀ ਨਾਮ ਪਤਾ ਸਨ, ਉਹ ਉਨ੍ਹਾਂ ਦੱਸ ਦਿੱਤੇ – ਉਹ 13 ਜਣਿਆਂ ਦੇ ਨਾਮ ਸਨ। 'ਸਤਿਗੁਰ ਬਿਲਾਸ' ਦੇ ਲੇਖਕ ਲਿਖਦੇ ਹਨ ਕਿ ਗੁਰੂ ਰਾਮ ਸਿੰਘ ਜੀ ਨੇ ਮਸਤਾਨਿਆਂ ਨੂੰ ਇਹ ਸਲਾਹ[2] ਦਿੱਤੀ ਸੀ:

"ਕਠੋਰ ਨਾ ਬਣੋ। ਜਿਹੜਾ ਉਦੇਸ਼ ਤੁਹਾਡਾ ਹੈ, ਉਹ ਮੇਰਾ ਵੀ ਹੈ। ਧਰਮ ਸਾਨੂੰ ਸਭਨਾਂ ਨੂੰ ਪਿਆਰਾ ਹੈ। ਪਰ ਕਰਨਾ ਕੀ ਹੈ? ਇਹ ਵੇਲਾ ਠੀਕ ਨਹੀਂ ਹੈ। ਕਾਹਲ਼ੇ ਨਾ ਪਵੋ। ਹਾਲੇ ਸਮਾਂ ਨਹੀਂ ਆਇਆ। ਥੋੜ੍ਹੇ ਸਮੇਂ ਬਾਅਦ ਸਭ ਕੁਝ ਠੀਕ ਹੋ ਜਾਵੇਗਾ। ਕਾਹਲ਼ੀ ਵਿੱਚ ਕੁਝ ਨਾ ਕਰੋ। ਤੁਸੀਂ ਜੋ ਕੁਝ ਵੀ ਆਖ ਰਹੇ ਹੋ, ਇੱਕ ਵਾਰ ਪੁਲਿਸ ਨੇ ਅੰਗ੍ਰੇਜ਼ਾਂ ਨੂੰ ਦੱਸਿਆ ਸੀ। ਉਨ੍ਹਾਂ ਸਾਨੂੰ ਆਖਿਆ ਕਿ ਸਾਡੇ ਸਿੰਘ ਗੜਬੜ ਫੈਲਾਉਣ ਦੀਆਂ ਗੱਲਾਂ ਕਰਦੇ ਹਨ। ਥੋੜ੍ਹਾ ਸਬਰ ਰੱਖੋ। ਕਾਹਲ਼ੀ ਤੋਂ ਬਚੋ। ਸਰਕਾਰ ਮੈਨੂੰ ਤੰਗ-ਪਰੇਸ਼ਾਨ ਕਰ ਰਹੀ ਹੈ। ਤੁਸੀਂ ਇਸ ਮਾਮਲੇ 'ਚ ਕੁਝ ਨਹੀਂ ਕਰ ਸਕਦੇ। ਇੱਕ ਸਾਲ ਦੀ ਉਡੀਕ ਕਰੋ। ਸਭ ਕੁਝ ਇੱਥੇ ਭੈਣੀ 'ਚ ਹੀ ਮਿਲ ਜਾਵੇਗਾ... ਤੁਸੀਂ ਬੱਸ ਵਾਰ-ਵਾਰ ਮੈਨੂੰ ਆਦੇਸ਼ ਜਾਰੀ ਕਰਨ ਲਈ ਆਖਦੇ ਹੋ। ਹਾਲੇ ਯੋਜਨਾ ਨੂੰ ਨੇਪਰੇ ਚਾੜ੍ਹਨ ਦਾ ਵੇਲਾ ਨਹੀਂ ਆਇਆ ਹੈ।"

ਪਰ ਜੱਥੇ ਦੇ ਆਗੂ ਹੀਰਾ ਸਿੰਘ ਨੇ ਜਵਾਬ ਦਿੱਤਾ ਸੀ:

"ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਾਨੂੰ ਹੁਕਮ ਦੇ ਰਹੇ ਹਨ। ਉਹ ਸਾਨੂੰ ਸ਼ਾਖਸ਼ਾਤ ਦਰਸ਼ਨ ਦਿੰਦੇ ਹਨ। ਹੁਣ ਤਾਂ ਜਾਨਾਂ ਕੁਰਬਾਨ ਹੋਣਗੀਆਂ; ਨਹੀਂ ਤਾਂ ਅਸੀਂ ਆਪਣੇ ਹੀ ਵਚਨਾਂ 'ਤੇ ਝੂਠੇ ਪੈ ਜਾਵਾਂਗੇ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਆਦੇਸ਼ ਹੈ: ਤੁਹਾਡੇ ਸਿਰ ਚਾਹੀਦੇ ਹਨ।"

ਤਦ ਗੁਰੂ ਜੀ ਨੇ ਜਵਾਬ ਦਿੱਤਾ ਸੀ:

"ਜੇ ਇਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ ਹੁਕਮ ਹੈ, ਤਾਂ ਮੈਂ ਵੀ ਇਸ ਦੇ ਖ਼ਿਲਾਫ਼ ਨਹੀਂ ਜਾ ਸਕਦਾ। ਮੈਂ ਫ਼ਿਰੰਗੀਆਂ ਦਾ ਸਾਹਮਣਾ ਕਰ ਸਕਦਾ ਹਾਂ ਪਰ ਅਕਾਲ ਪੁਰਖ ਦਾ ਨਹੀਂ।"

ਉਪਰੋਕਤ ਵਾਰਤਾਲਾਪ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਬੁਨਿਆਦੀ ਮੁੱਦਿਆਂ 'ਤੇ ਪੂਰੀ ਸਹਿਮਤੀ ਸੀ। ਇਹ ਗੱਲ ਇਸ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ ਬਾਬਾ ਰਾਮ ਸਿੰਘ ਜੀ ਕਿੰਨੇ ਪਿਆਰ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਕੈਂਪ ਤੋਂ ਆਪਣੇ ਗ੍ਰਹਿ ਵਿਖੇ ਲੈ ਕੇ ਆਏ, ਆਪਣੀ ਖ਼ੁਦ ਦੀ ਰਸੋਈ ਤੋਂ ਉਨ੍ਹਾਂ ਨੂੰ ਖਾਣਾ ਖਵਾਇਆ, ਭਾਵੇਂ ਉਨ੍ਹਾਂ ਨੇ ਪਹਿਲਾਂ ਉਨ੍ਹਾਂ ਦੀ ਸਲਾਹ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਬਾਬਾ ਜੀ ਦਾ ਵਿਰੋਧ ਮੁੱਖ ਕਾਰਜ ਕਰਕੇ ਨਹੀਂ, ਸਗੋਂ ਹਮਲੇ ਦੇ ਸਮੇਂ ਦੀ ਚੋਣ ਨੂੰ ਲੈ ਕੇ ਹੋਇਆ ਸੀ। ਇਸ ਸੰਦਰਭ ਦਾ

1. ਪਾਰਲੀਮੈਂਟਰੀ ਪੇਪਰ, ਨੰ. 1872 ਦਾ ਨੰ. 356
2. ਪੰਨਾ 406

ਨਿਰੀਖਣ ਕਰੀਏ, ਤਾਂ ਇਹੋ ਨੁਕਤਾ ਸਾਹਮਣੇ ਆਉਂਦਾ ਹੈ ਕਿ ਉਨ੍ਹਾਂ ਜਦੋਂ 13 ਜਨਵਰੀ ਨੂੰ ਇੱਕ ਵਿਸ਼ੇਸ਼ ਦੂਤ ਸੂਬਾ ਲੱਖਾ ਸਿੰਘ ਲੁਧਿਆਣਾ ਭੇਜਿਆ ਸੀ ਕਿ ਤਾਂ ਜੋ ਇਨ੍ਹਾਂ ਲੋਕਾਂ ਦੀ ਮਨਸ਼ਾ ਬਾਰੇ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਜਾ ਸਕੇ - ਤਾਂ ਇਹ ਮਹਿਜ਼ ਕੋਈ ਪੇਸ਼ਬੰਦੀ ਜਾਂ ਕੁਝ ਮਾੜਾ[1] ਵਾਪਰਨ ਤੋਂ ਖ਼ੁਦ ਨੂੰ ਬਚਾਉਣ ਦੀ ਚਾਲ ਨਹੀਂ ਸੀ, ਸਗੋਂ ਉਹ ਉਸ ਵੇਲੇ ਕੂਕਿਆਂ ਦਾ ਹਮਲਾ ਰੋਕਣ ਦੀ ਇੱਕ ਈਮਾਨਦਾਰਾਨਾ ਕੋਸ਼ਿਸ਼ ਸੀ। ਉਨ੍ਹਾਂ ਨੂੰ ਆਸ ਸੀ ਕਿ ਅਧਿਕਾਰੀ ਇਹ ਹਮਲਾ ਰੋਕਣ ਲਈ ਪਹਿਲਾਂ ਤੋਂ ਕੋਈ ਕਦਮ ਚੁੱਕ ਲੈਣਗੇ। ਪਰ ਜਿਵੇਂ ਕਿ ਅਸੀਂ ਬਾਅਦ 'ਚ ਵੇਖਾਂਗੇ, ਅਧਿਕਾਰੀਆਂ ਨੇ ਇਸ ਦੇ ਉਲਟ ਕੀਤਾ ਤੇ ਹਮਲਾ ਰੋਕਣ ਦੀ ਥਾਂ ਉਹ ਸਭ ਹੋਣ ਦਿੱਤਾ, ਤਾਂ ਜੋ ਉਹ ਇਸ ਵਾਰਦਾਤ ਬਹਾਨੇ ਕੂਕਿਆਂ ਦੀ ਤਾਕਤ ਨੂੰ ਬਰਬਾਦ ਕਰਨ ਲਈ ਵਰਤ ਸਕਣ।

ਸਕਰੌਦੀ ਦੇ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਹੇਠ ਦੋ ਔਰਤਾਂ ਸਮੇਤ ਕੂਕਿਆਂ ਦੇ ਜੱਥੇ ਨੇ 13 ਜਨਵਰੀ ਨੂੰ ਭੈਣੀ ਸਾਹਿਬ ਤੋਂ ਆਪਣੀ ਉਹ ਭਿਆਨਕ ਯਾਤਰਾ ਸ਼ੁਰੂ ਕੀਤੀ। ਰਾਤ ਸਮੇਂ ਤੇ ਅਗਲੇ ਦਿਨ ਦਾ ਜ਼ਿਆਦਾਤਰ ਸਮਾਂ ਉਹ ਪਿੰਡ ਰੱਬੋਂ 'ਚ ਟਿਕੇ ਰਹੇ। ਉੱਥੇ ਹੀ ਉਨ੍ਹਾਂ ਬਦਨ ਸਿੰਘ ਦੇ ਮਲੌਦ ਦੇ ਕਿਲੇ ਉਤੇ ਹਮਲਾ ਕਰਨ ਦਾ ਫ਼ੈਸਲਾ ਕੀਤਾ। ਉਨ੍ਹਾਂ ਕੋਲ ਸਿਰਫ਼ ਕੁਝ ਕ੍ਰਿਪਾਨਾਂ ਤੇ ਗੰਡਾਸਿਆਂ ਤੋਂ ਇਲਾਵਾ ਹੋਰ ਕੋਈ ਹਥਿਆਰ ਨਹੀਂ ਸਨ ਅਤੇ ਉਨ੍ਹਾਂ ਮਹਿਸੂਸ ਕੀਤਾ ਕਿ ਇਸ ਨਾਲ ਮਾਲੇਰ ਕੋਟਲਾ ਉਤੇ ਉਨ੍ਹਾਂ ਦਾ ਹਮਲਾ ਸਫ਼ਲ ਹੋਵੇਗਾ, ਜੇ ਉਹ ਮਲੌਦ ਦੇ ਸਰਦਾਰ ਦੇ ਹਥਿਆਰ ਅਤੇ ਘੋੜੇ ਲੈਣ ਵਿੱਚ ਕਾਮਯਾਬ ਰਹੇ। "ਉਹ ਸ਼ਾਮੀਂ ਦਿਨ ਛਿਪਦੇ ਨੂੰ ਮਲੌਦ ਦੇ ਗੇਟ 'ਤੇ ਪੁੱਜ ਗਏ। ਉਨ੍ਹਾਂ ਗੇਟ ਉੱਤੇ ਕਬਜ਼ਾ ਕਰ ਲਿਆ ਤੇ ਬਾਜ਼ਾਰ ਵਿੱਚ ਦੀ ਅੱਗੇ ਵਧੇ, ਉਹ ਹਰੇਕ ਚੌਰਾਹੇ ਵਿੱਚ ਸੰਤਰੀ ਛੱਡਦੇ ਗਏ, ਤਾਂ ਜੋ ਵਾਪਸੀ ਸਮੇਂ ਲਾਂਘਾ ਸੌਖਾ ਰਹੇ, ਇੰਝ ਉਹ ਸਿੱਧੇ ਸ. ਮਿੱਤ ਸਿੰਘ (ਬਦਨ ਸਿੰਘ ਦੇ ਪਿਤਾ) ਦੇ ਘਰ[2] ਤੱਕ ਚਲੇ ਗਏ। ਉੱਥੇ ਹੋਈ ਲੜਾਈ 'ਚ ਦੋਵੇਂ ਧਿਰਾਂ ਦਾ ਕੁਝ ਨੁਕਸਾਨ ਹੋਇਆ। ਦੋ ਕੂਕੇ ਮਾਰੇ ਗਏ ਤੇ ਚਾਰ ਜ਼ਖ਼ਮੀ ਹੋ ਗਏ ਅਤੇ ਦੂਜੇ ਪਾਸੇ ਦੋ ਜਣੇ ਮਾਰੇ ਗਏ ਤੇ ਦੋ ਹੀ ਫੱਟੜ ਹੋਏ। ਇੱਥੋਂ ਕੂਕੇ ਤਿੰਨ ਕ੍ਰਿਪਾਨਾਂ, ਇੱਕ ਡਬਲ-ਬੈਰਲ ਬੰਦੂਕ, ਦੋ ਘੋੜੇ ਤੇ ਇੱਕ ਘੋੜੀ ਹਾਸਲ ਕਰਨ ਵਿੱਚ ਸਫ਼ਲ ਰਹੇ। ਬੇਸ਼ੱਕ ਉਥੇ ਹੋਏ ਨੁਕਸਾਨ ਦੇ ਮੁਕਾਬਲੇ ਫ਼ਾਇਦਾ ਓਨਾ ਨਾ ਹੋ ਸਕਿਆ। ਫਿਰ ਵੀ ਉਦੋਂ ਜੋ ਕੁਝ ਵੀ ਹਾਸਲ ਹੋ ਸਕਿਆ, ਉਸ ਨੇ ਕੋਟਲਾ ਉਤੇ ਹਮਲੇ ਵਿੱਚ ਮਦਦ ਹੀ ਕਰਨੀ ਸੀ, ਇਸ ਲਈ ਕੋਈ ਵੀ ਕੁਰਬਾਨੀ ਬਹੁਤ ਜ਼ਿਆਦਾ ਨਹੀਂ ਸੀ।

ਮਲੇਰਕੋਟਲਾ ਉੱਤੇ ਹਮਲੇ ਦੀ ਜਿਹੜੀ ਯੋਜਨਾ ਲੰਮੇ ਸਮੇਂ ਤੋਂ ਉਲੀਕੀ ਜਾ ਰਹੀ ਸੀ, ਉਹ 15 ਜਨਵਰੀ ਨੂੰ ਸਵੇਰੇ 7 ਵਜੇ ਨੇਪਰੇ ਚੜ੍ਹੀ। ਉਥੋਂ ਦੇ ਅਧਿਕਾਰੀਆਂ ਨੂੰ ਪਹਿਲਾਂ ਹੀ ਇਸ ਜੱਥੇ ਦੀਆਂ ਯੋਜਨਾਵਾਂ ਬਾਰੇ ਭਿਣਕ ਪੈ ਚੁੱਕੀ ਸੀ। ਲੁਧਿਆਣਾ

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132 - ਅੰਤਿਕਾ ੜ
2. -ਉਹੀ-

ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਨੇ ਆਪਣੇ ਏਜੰਟਾਂ ਰਾਹੀਂ ਮਾਲੇਰ ਕੋਟਲਾ, ਪਟਿਆਲਾ ਤੇ ਜੀਂਦ ਦੇ ਹਾਕਮਾਂ ਨੂੰ ਚੇਤਾਵਨੀ ਦੇ ਦਿੱਤੀ ਸੀ ਕਿ ਕੂਕੇ ਇਨ੍ਹਾਂ ਇਲਾਕਿਆਂ ਵਿੱਚ ਕੋਈ ਗੜਬੜੀ ਕਰਨ ਲਈ ਨਿਕਲ ਚੁੱਕੇ ਹਨ। ਉਹ ਹੋਰ ਵੀ ਵੱਧ ਕਰ ਸਕਦੇ ਸਨ ਪਰ ਸੂਝਬੂਝ ਵਰਤਦਿਆਂ ਪਿੱਛੇ ਹਟ ਗਏ। ਮਾਲੇਰ ਕੋਟਲਾ ਦੇ ਲੋਕ ਪਹਿਲਾਂ ਤੋਂ ਹੀ ਹਮਲੇ ਦਾ ਟਾਕਰਾ ਕਰਨ ਲਈ ਤਿਆਰੀ ਕਰੀ ਬੈਠੇ ਸਨ। ਉਨ੍ਹਾਂ ਨੂੰ ਆਸ ਸੀ ਕਿ ਹਮਲਾ 14 ਜਨਵਰੀ ਦੀ ਰਾਤ ਨੂੰ ਹੋ ਸਕਦਾ ਹੈ, ਇਸੇ ਲਈ ਉਨ੍ਹਾਂ ਸਾਵਧਾਨੀ ਵਜੋਂ ਸਾਰੇ ਕਦਮ ਚੁੱਕ ਲਏ ਸਨ, ਜਿਵੇਂ ਕਿ ਉਨ੍ਹਾਂ ਪੂਰੇ ਸ਼ਹਿਰ 'ਚ ਗਸ਼ਤੀ ਟੁੱਕੜੀਆਂ ਲਾ ਦਿੱਤੀਆਂ ਸਨ ਅਤੇ ਗੇਟ ਉੱਤੇ ਗਾਰਡਾਂ ਨੂੰ ਚੌਕਸ ਕਰ ਦਿੱਤਾ ਸੀ। ਪਰ ਰਾਤ ਸਮੇਂ ਕੁਝ ਵੀ ਨਾ ਵਾਪਰਿਆ। ਸਵੇਰੇ ਸੱਤ ਕੁ ਵਜੇ ਜਦੋਂ ਉਨ੍ਹਾਂ ਦੇ ਗਾਰਡ ਰਤਾ ਕੁ ਡਿਊਟੀ ਤੋਂ ਲਾਂਭੇ ਹੋਏ, ਤਦ ਹੀ ਲਗਭਗ 125 ਕੂਕਿਆਂ ਨੇ ਅਚਾਨਕ ਧਾਵਾ ਬੋਲ ਕੇ ਹਾਕਮ ਦੇ ਮਹੱਲ ਦੀ ਕੰਧ ਢਾਹ ਦਿੱਤੀ ਤੇ ਅੰਦਰ ਦਾਖ਼ਲ ਹੋ ਗਏ। ਮਹਿਲ ਅੰਦਰ ਦਾਖ਼ਲ ਹੋਣ ਦਾ ਉਨ੍ਹਾਂ ਦਾ ਮੰਤਵ ਹਥਿਆਰ, ਧਨ ਤੇ ਘੋੜੇ[1] ਹਾਸਲ ਕਰਨਾ ਨਹੀਂ ਸੀ। ਪਰ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਦਫਤਰੀ ਫ਼ਾਈਲਾਂ ਵਾਲੀ ਅਲਮਾਰੀ ਤੋੜਨ ਵਿੱਚ ਬੇਲੋੜਾ ਸਮਾਂ ਲੱਗ ਗਿਆ, ਨਹੀਂ ਤਾਂ ਇਨ੍ਹਾਂ ਹਮਲਾਵਰਾਂ ਨੇ ਆਪਣੀ ਮਰਜ਼ੀ ਦੀਆਂ ਸਾਰੀਆਂ ਚੀਜ਼ਾਂ ਹਾਸਲ ਕਰਨ 'ਚ ਵੱਡੀ ਸਫ਼ਲਤਾ ਹਾਸਲ ਕਰ ਲੈਣੀ ਸੀ। ਇਸ ਤੋਂ ਪਹਿਲਾਂ ਕਿ ਉਹ ਕੁਝ ਕ੍ਰਿਪਾਨਾਂ ਤੇ ਘੋੜੇ ਹਾਸਲ ਕਰ ਸਕਦੇ, ਉਸ ਦੇਰੀ ਦੌਰਾਨ ਹੀ ਰਿਆਸਤੀ ਪੁਲਿਸ ਤੇ ਫ਼ੌਜੀ ਉੱਥੇ ਆਣ ਧਮਕੇ। ਇਸ ਤੋਂ ਬਾਅਦ ਉੱਥੇ ਦੋਵੇਂ ਧਿਰਾਂ ਵਿਚਾਲੇ ਗਹਿਗੱਚ ਜੰਗ ਹੋਈ ਤੇ ਉੱਥੇ ਦੋਵੇਂ ਧਿਰਾਂ ਦਾ ਡਾਢਾ ਜਾਨੀ ਨੁਕਸਾਨ ਹੋਇਆ। ਉੱਥੋਂ ਕੋਈ ਹੋਰ ਹਥਿਆਰ, ਧਨ ਜਾਂ ਘੋੜੇ ਹਾਸਲ ਕੀਤੇ ਬਗ਼ੈਰ ਹੀ ਕੂਕਿਆਂ ਨੇ ਕੋਟਲਾ ਤੋਂ ਰਵਾਨਗੀ ਪਾਉਣ ਦਾ ਫ਼ੈਸਲਾ ਕੀਤਾ। ਰਿਆਸਤ ਦੇ ਫ਼ੌਜੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ। ਪਿੱਛਾ ਕੀਤੇ ਜਾਣ ਦੌਰਾਨ ਵੀ ਉਨ੍ਹਾਂ ਵਿਚਾਲੇ ਕੁਝ ਖ਼ੂਨੀ ਝੜਪਾਂ ਹੋਈਆਂ, ਜਿਨ੍ਹਾਂ ਵਿੱਚ ਉਨ੍ਹਾਂ ਦਾ ਹੱਥ ਉੱਤੇ ਹੀ ਬਣਿਆ ਰਿਹਾ। 11 ਵਜੇ ਤੱਕ ਕੂਕੇ ਪਿੰਡ ਰੜ੍ਹ ਪੁੱਜਣ 'ਚ ਸਫ਼ਲ ਹੋ ਗਏ। ਤਦ ਤੱਕ ਮਾਲੇਰ ਕੋਟਲਾ ਰਿਆਸਤ ਦੇ ਅੱਠ ਫ਼ੌਜੀ ਮਾਰੇ ਜਾ ਚੁੱਕੇ ਸਨ ਤੇ ਦੋ ਦੀ ਹਾਲਤ ਗੰਭੀਰ ਬਣੀ ਹੋਈ ਸੀ ਤੇ ਅੱਠ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ ਅਤੇ ਕੂਕਿਆਂ ਵਾਲੇ ਪਾਸੇ ਸੱਤ ਜਣੇ ਸ਼ਹੀਦ ਹੋਏ ਸਨ, ਇੱਕ ਦੀ ਹਾਲਤ ਗੰਭੀਰ ਸੀ, ਜਦ ਕਿ 30 ਜਣੇ ਮਾਮੂਲੀ ਫੱਟੜ ਹੋਏ ਸਨ। ਸਪੱਸ਼ਟ ਤੌਰ 'ਤੇ ਹਮਲਾਵਰਾਂ ਨੇ ਬਹੁਤ ਬਹਾਦਰੀ ਨਾਲ ਆਪਣੇ ਆਪ ਨੂੰ ਬਚਾਇਆ ਸੀ। ਦੁਸ਼ਮਣ ਧਿਰ ਕੋਲ ਅੱਵਲ ਦਰਜੇ ਦੀਆਂ ਬੰਦੂਕਾਂ ਤੇ ਕ੍ਰਿਪਾਨਾਂ ਦੀ ਪੂਰੀ ਸਪਲਾਈ ਸੀ। ਉਨ੍ਹਾਂ ਦੇ ਮੁਕਾਬਲੇ ਕੂਕਿਆਂ ਕੋਲ ਵਿਵਹਾਰਕ ਤੌਰ 'ਤੇ ਤਾਂ ਕੋਈ ਬੰਦੂਕਾਂ ਸਨ ਹੀ ਨਹੀਂ ਅਤੇ ਉਨ੍ਹਾਂ ਆਪਣੇ ਕੋਲ ਮੌਜੂਦ ਬਹੁਤ ਥੋੜ੍ਹੀਆਂ ਕ੍ਰਿਪਾਨਾਂ ਤੇ ਗੰਡਾਸਿਆਂ ਨਾਲ ਹੀ ਸਾਰੀ ਲੜਾਈ ਲੜੀ ਸੀ।

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗ. 112-132- ਮਲੌਦ ਤੇ ਮਾਲੇਰ ਕੋਟਲਾ ਦੀਆਂ ਘਟਨਾਵਾਂ ਬਾਰੇ ਮੈਮੋਰੈਂਡਮ।

ਕੂਕੇ ਜਦੋਂ ਰੜ੍ਹ ਪਿੰਡ ਦੇ ਲਾਗੇ ਪੁੱਜੇ ਤੇ ਉਹ ਸਵੇਰ ਦੀ ਭਾਰੀ ਜੰਗ ਦੌਰਾਨ ਜ਼ਖ਼ਮੀ ਹੋਏ ਆਪਣੇ ਸਾਥੀਆਂ ਦੀ ਮੱਲ੍ਹਮ-ਪੱਟੀ ਕਰਨ ਅਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਕਿਸੇ ਢੁੱਕਵੀਂ ਥਾਂ ਦੀ ਭਾਲ਼ ਕਰ ਰਹੇ ਸਨ, ਤਦ ਅਚਾਨਕ ਦੁਪਹਿਰੇ ਇੱਕ ਵਜੇ ਅਮਰਗੜ੍ਹ (ਪਟਿਆਲਾ ਰਿਆਸਤ) ਦੇ ਨਾਇਬ ਨਾਜ਼ਿਮ ਨਿਆਜ਼ ਅਲੀ ਨੇ ਉਨ੍ਹਾਂ ਨੂੰ ਘੇਰਾ ਪਾ ਕੇ ਹਿਰਾਸਤ 'ਚ ਲੈ ਲਿਆ।[1] ਉਨ੍ਹਾਂ ਨੂੰ ਉੱਥੇ ਹਥਿਆਰ ਸੁੱਟਣ ਲਈ ਮਜਬੂਰ ਕੀਤਾ ਗਿਆ ਤੇ ਫਿਰ ਰੜ੍ਹ ਪਿੰਡ ਤੋਂ ਸ਼ੇਰਪੁਰ ਲਿਜਾਂਦਾ ਗਿਆ, ਨਾਇਬ ਨਾਜ਼ਿਮ ਉੱਥੋਂ ਹੀ ਆਇਆ ਸੀ। ਤਦ ਕੂਕਿਆਂ ਦੀ ਗਿਣਤੀ 68 ਸੀ। ਨਿਆਜ਼ ਅਲੀ ਕੋਲ ਤਾਂ ਬਹੁਤ ਘੱਟ ਜਵਾਨ ਸਨ ਪਰ ਉਹ ਰੜ੍ਹ ਦੇ ਲੋਕਾਂ ਦੀ ਮਦਦ ਨਾਲ ਕੂਕਿਆਂ ਉੱਤੇ ਭਾਰੂ ਪੈ ਸਕਿਆ ਸੀ।

ਭਾਵੇਂ 'ਬਾਗੀਆਂ' 'ਤੇ ਕਾਬੂ ਪਾ ਕੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ, ਫਿਰ ਵੀ ਕੂਕਾ ਸੰਪਰਦਾਇ ਵੱਲੋਂ ਵੱਡੇ ਪੱਧਰ ਉਤੇ ਬਗ਼ਾਵਤ ਕਰਨ ਦੀ ਸੰਭਾਵਨਾ ਬਣੀ ਹੋਈ ਸੀ। ਇਸੇ ਲਈ ਹਮਲੇ ਦੀ ਖ਼ਬਰ ਦੇ ਤੁਰੰਤ ਬਾਅਦ ਸਰਕਾਰ ਨੂੰ ਤਾਰਾਂ ਭੇਜ ਕੇ ਹੋਰ ਫ਼ੌਜ ਤੁਰੰਤ ਲੁਧਿਆਣਾ ਤੇ ਖੰਨਾ ਭੇਜਣ ਲਈ ਕਿਹਾ ਗਿਆ। ਉਸੇ ਆਧਾਰ 'ਤੇ 72 ਰੈਜਿਮੈਂਟ ਦਾ ਵਿੰਗ ਪਹਿਲੀ ਗੋਰਖਾ ਬਟਾਲੀਅਨ ਤੇ ਖੱਚਰ ਬੈਟਰੀ ਖੰਨਾ ਭੇਜੇ ਗਏ, ਜਦ ਕਿ 54 ਪੈਦਲ ਜਵਾਨ, ਘੁੜ-ਸਵਾਰ ਪੁਲਿਸ ਅਤੇ ਸ਼ਾਹੀ ਤੋਪਖਾਨੇ ਦੀ ਅੱਧੀ ਬੈਟਰੀ ਲੁਧਿਆਣਾ ਭੇਜੇ ਗਏ। ਉਨ੍ਹਾਂ ਨੂੰ ਇਹ ਸਭ ਕਾਫ਼ੀ ਨਹੀਂ ਜਾਪੇ, ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਦੇ ਹਾਕਮਾਂ ਨੂੰ ਹੋਰ ਫ਼ੌਜੀ ਸਹਾਇਤਾ ਤੁਰੰਤ ਭੇਜਣ ਦੀਆਂ ਅਪੀਲਾਂ ਕੀਤੀਆਂ ਗਈਆਂ।

ਇਸ ਤੋਂ ਪਹਿਲਾਂ ਕਿ ਅਸੀਂ ਕਿਸੇ ਨਤੀਜੇ 'ਤੇ ਪੁੱਜੀਏ, ਇੱਥੇ ਸੰਖੇਪ ਵਿੱਚ ਇਹ ਦੱਸਣਾ ਵਾਜਬ ਰਹੇਗਾ ਕਿ ਕੂਕਿਆਂ ਦੀ ਇਸ ਬਗ਼ਾਵਤ ਦੀ ਵਿਆਖਿਆ ਬ੍ਰਿਟਿਸ਼ ਅਧਿਕਾਰੀਆਂ ਨੇ ਕਿਵੇਂ ਕੀਤੀ ਸੀ। ਆਓ ਆਪਾਂ ਹੇਠੋਂ ਸ਼ੁਰੂ ਕਰੀਏ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਅਤੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ੋਰਸਾਈਥ ਇਸ ਬਗ਼ਾਵਤ ਨੂੰ ਦਬਾਉਣ ਲਈ ਸਿੱਧੇ ਤੌਰ 'ਤੇ ਬੜੀ ਨੇੜਿਓਂ ਜੁੜੇ ਰਹੇ ਸਨ। ਕਾਵਨ ਦਾ ਇਹ ਪੱਕਾ ਮੰਨਣਾ ਸੀ ਕਿ ਮਾਲੇਰ ਕੋਟਲਾ ਦਾ ਹਮਲਾ ਕੂਕਾ ਬਗ਼ਾਵਤ ਦੀ ਸ਼ੁਰੂਆਤ ਸੀ। ਮਲੇਰਕੋਟਲਾ ਤੋਂ ਫ਼ੋਰਸਾਈਥ ਨੂੰ 17 ਜਨਵਰੀ, 1872 ਨੂੰ ਇਹ ਲਿਖਿਆ[2]: "ਇੱਕ ਬਗ਼ਾਵਤ, ਜੋ ਬਹੁਤ ਵੱਡੇ ਪੱਧਰ 'ਤੇ ਫੈਲ ਸਕਦੀ ਸੀ, ਨੂੰ ਆਰੰਭ 'ਚ ਹੀ ਦਬਾ ਦਿੱਤਾ ਗਿਆ। ਚਾਰ ਦਿਨਾਂ ਬਾਅਦ (ਅਤੇ ਉਨ੍ਹਾਂ ਨੂੰ ਕਈ ਦਿਨ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਨੂੰ ਮੁਅੱਤਲ ਕੀਤਾ ਜਾ ਰਿਹਾ ਹੈ), ਉਨ੍ਹਾਂ ਉਸੇ ਭੱਦਰ ਪੁਰਸ਼ ਨੂੰ ਸੂਚਿਤ ਕੀਤਾ[3]। ਬਾਅਦ 'ਚ ਮਿਲੀ

---

1. ਬਾਅਦ 'ਚ ਨਿਆਜ਼ ਅਲੀ ਨੇ ਸ਼ੇਖ਼ੀ ਮਾਰੀ ਸੀ ਕਿ ਉਹ ਸਿਰਫ਼ ਕੁਝ ਪੁਲਿਸ ਮੁਲਾਜ਼ਮਾਂ ਦੀ ਮਦਦ ਨਾਲ ਕੂਕਿਆਂ 'ਤੇ ਕਾਬਜ਼ ਹੋ ਸਕਿਆ ਸੀ। ਪਰ ਇਹ ਦਰੁਸਤ ਨਹੀਂ ਸੀ। ਜੀਂਦ ਦੇ ਏਜੰਟ ਦੀ 20 ਜਨਵਰੀ, 1872 ਦੀ ਰਿਪੋਰਟ ਮੁਤਾਬਕ, ਰੜ ਦੇ ਲੋਕਾਂ ਨੇ ਕੂਕਿਆਂ ਨੂੰ ਫੜਿਆ ਸੀ। ਵੇਖੋ, ਜੀਂਦ ਰਿਆਸਤ ਦੇ ਰਿਕਾਰਡ, ਸੈਂਗਿਨ, ਮੁੰਸ਼ੀਖਾਨਾ, ਫ਼ਾਈਲ ਨੰ. 741, ਸਾਲ 1872
2. 1872 ਦਾ ਸੰਸਦੀ ਦਸਤਾਵੇਜ਼, ਨੰ. 356, ਪੰਨਾ 16
3. -ਉਹੀ- ਪੰਨਾ 33

ਜਾਣਕਾਰੀ ਤੋਂ ਇਸ ਵਿਸ਼ਵਾਸ ਦੀ ਪੁਸ਼ਟੀ ਹੋਈ ਕਿ ਇੱਕ ਗੰਭੀਰ ਕਿਸਮ ਦੀ ਬਗ਼ਾਵਤ ਹੋਣੀ ਸੀ ਪਰ ਇਸ ਤੋਂ ਪਹਿਲਾਂ ਕਿ ਆਗੂ ਕੋਈ ਪੂਰੀ ਤਰ੍ਹਾਂ ਪਰਪੱਕ ਯੋਜਨਾ ਉਲੀਕਦੇ, ਇਸ ਕੱਟੜ ਧਿਰ ਨੇ ਕਾਹਲ਼ੀ ਵਿੱਚ ਕਾਰਵਾਈ ਪਾ ਕੇ ਸਫ਼ਲਤਾ ਨੂੰ ਦੂਰ ਕਰ ਦਿੱਤਾ। ਹਮਲੇ ਤੋਂ ਬਾਅਦ ਕਈ ਦਿਨਾਂ ਤੱਕ ਸਾਰੇ ਹੀ ਪਾਸਿਆਂ ਤੋਂ ਕੂਕੇ ਆਉਂਦੇ ਰਹੇ ਪਰ ਆਪਣੇ ਭਾਈਚਾਰੇ ਦੀ ਹੱਡਬੀਤੀ ਜਾਣ ਕੇ ਤੁਰੰਤ ਉਥੋਂ ਖਿੰਡ-ਪੁੰਡ ਕੇ ਅਲੋਪ ਹੋ ਜਾਂਦੇ ਰਹੇ। ਜੇ ਕਿਤੇ ਵੱਡੀ ਗਿਣਤੀ ’ਚ ਬਾਗ਼ੀਆਂ ਨੂੰ ਫੜ ਕੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਤੇ ਫਿਰ ਉਨ੍ਹਾਂ ਦੀ ਰਸਮੀ ਅਦਾਲਤੀ ਸੁਣਵਾਈ ਦੀ ਉਡੀਕ ਕੀਤੀ ਜਾਂਦੀ, ਤਾਂ ਬੇਸ਼ੱਕ ਹੋਰਨਾਂ ਹਿੱਸਿਆਂ ਵਿੱਚ ਵੀ ਅਜਿਹੀਆਂ ਵਧੀਕੀਆਂ ਹੋਣੀਆਂ ਸਨ ਤੇ ਚੁਫੇਰੇ ਅਰਾਜਕਤਾ ਦਾ ਮਾਹੌਲ ਬਣ ਜਾਣਾ ਸੀ।

ਫ਼ੋਰਸਾਈਥ ਦੇ ਵਿਚਾਰ ਮੁਤਾਬਕ, ਇਸ ਦਾ ਅੰਦਾਜ਼ਾ ਨਿਮਨਲਿਖਤ ਤੋਂ ਲਾਇਆ ਜਾ ਸਕਦਾ ਹੈ: (i) “ਮੈਂ ਇਹ ਗੱਲ ਧਿਆਨ ਗੋਚਰੇ ਲਿਆਉਣੀ ਚਾਹੁੰਦਾ ਹਾਂ ਕਿ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਦੀਆਂ ਊਰਜਾਵਾਨ ਕੋਸ਼ਿਸ਼ਾਂ ਤੇ ਉਨ੍ਹਾਂ ਵੱਲੋਂ ਕੀਤੀ ਗਈ ਤੁਰੰਤ ਕਾਰਵਾਈ ਸਦਕਾ ਗੰਭੀਰ ਕਿਸਮ ਦੀ ਬਗ਼ਾਵਤ ਨੂੰ ਠੱਲ੍ਹ ਪਾ ਦਿੱਤੀ ਗਈ।[1]” (ii) “ਸ੍ਰੀ ਕਾਵਨ ਵੱਲੋਂ ਕਾਹਲ਼ੀ ’ਚ ਕੀਤੀ ਗਈ ਕਾਰਵਾਈ ਦਾ ਮੈਨੂੰ ਡਾਢਾ ਅਫ਼ਸੋਸ ਹੈ। ਉਸ ਨੇ ਇਹੋ ਕਾਰਨ ਦੱਸਿਆ ਕਿ ਉਸ ਨੂੰ ਜ਼ਰੂਰੀ ਮਹਿਸੂਸ ਹੋਇਆ ਕਿ ਇਸ ਅਧਪੱਕੀ ਬਗ਼ਾਵਤ ਲਈ ਤੁਰੰਤ ਵੱਡੀ ਸਜ਼ਾ ਦੇਣ ਦੀ ਜ਼ਰੂਰਤ ਹੈ। ਮੈਨੂੰ ਬੇਸ਼ੱਕ ਲੱਗਦਾ ਹੈ... ਸ੍ਰੀ ਕਾਵਨ ਦੀ ਇਸ ਕਾਹਲ਼ੀ ’ਚ ਕੀਤੀ ਗਈ ਅਨਿਯਮਤ ਕਾਰਵਾਈ ਉਤੇ ਅਫ਼ਸੋਸ ਹੈ, ਮੈਨੂੰ ਇਹ ਆਖਣਾ ਪੈ ਰਿਹਾ ਹੈ ਕਿ ਉਨ੍ਹਾਂ ਬਹੁਤ ਕਾਹਲ਼ੀ ’ਚ ਭਿਆਨਕ ਕਦਮ ਚੁੱਕੇ ਤੇ ਬਹੁਤ ਗੰਭੀਰ ਕਿਸਮ ਦੀ ਬਗ਼ਾਵਤ ਨੂੰ ਉਸ ਦੇ ਜਨਮ ਲੈਣ ਤੋਂ ਪਹਿਲਾਂ ਹੀ ਕੁਚਲ ਦਿੱਤਾ।[2]”

ਉਪਰੋਕਤ ਪ੍ਰਗਟਾਏ ਗਏ ਵਿਚਾਰਾਂ ’ਤੇ ਪੰਜਾਬ ਸਰਕਾਰ ਦਾ ਕੀ ਪ੍ਰਤੀਕਰਮ ਸੀ ? ਵਿਆਖਿਆ ਨਾਲ ਕੁਝ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਲੈਫ਼ਟੀਨੈਂਟ ਗਵਰਨਰ ਨੇ 26 ਜਨਵਰੀ, 1872 ਨੂੰ ਭਾਰਤ ਸਰਕਾਰ ਨੂੰ ਲਿਖਤੀ ਰੂਪ ਵਿੱਚ ਇਹ ਮਜ਼ਬੂਤ ਦਲੀਲ ਦਿੱਤੀ ਕਿ ਕਾਵਨ ਤੇ ਫ਼ੋਰਸਾਈਥ ਦੀਆਂ ਕਾਰਵਾਈਆਂ ਦਾ ਹਰ ਹਾਲਾਤ ’ਚ ਸਮਰਥਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ‘ਚੰਗੇ ਵਿਸ਼ਵਾਸ’ ਨਾਲ ਕੀਤੀਆਂ ਗਈਆਂ ਸਨ ਅਤੇ ਇਸ ਲਈ ਵੀ ਕਿਉਕਿ “ਕੂਕਿਆਂ ਦੇ ਅਜਿਹੇ ਪ੍ਰਦਰਸ਼ਨਾਂ ਦੇ ਰੁਝਾਨਾਂ ਤੋਂ ਅਧਿਕਾਰੀ ਮੌਕੇ ’ਤੇ ਇਕੱਲਿਆਂ ਹੀ ਸਹੀ ਤਰੀਕੇ ਸਭ ਕੁਝ ਸਮਝ ਸਕਦੇ ਸਨ।[3]” ਚਾਰ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਸਕੱਤਰ ਨੇ ਫ਼ੋਰਸਾਈਥ ਨੂੰ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਮੁਬਾਰਕਬਾਦ[4] ਦਿੱਤੀ ਸੀ। ਥੋੜ੍ਹੇ

1. -ਉਹੀ-, ਪੰਨਾ 20, ਪੰਜਾਬ ਸਰਕਾਰ ਨੂੰ ਫ਼ੋਰਸਾਈਥ, ਮਿਤੀ 20 ਜਨਵਰੀ, 1872
2. -ਉਹੀ-, ਪੰਨਾ 22, ਪੰਜਾਬ ਸਰਕਾਰ ਨੂੰ ਫ਼ੋਰਸਾਈਥ, ਮਿਤੀ 22 ਜਨਵਰੀ, 1872
3. -ਉਹੀ-, ਪੰਨਾ 21
4. ਹੋਮ ਜੁਡੀਸ਼ੀਅਲ (ਏ) ਜੁਲਾਈ 1872, ਪ੍ਰੋਗਸ. 208-11, ਭਾਰਤ ਸਰਕਾਰ ਦੇ ਆਫ਼ੀਸ਼ੀਏਟਿੰਗ ਸਕੱਤਰ ਡੈਂਪਲਰ ਨੂੰ ਫ਼ੋਰਸਾਈਥ, ਮਿਤੀ 6 ਜੁਲਾਈ, 1872

ਸਮੇਂ ਬਾਅਦ ਲੈਫ਼ਟੀਨੈਂਟ ਗਵਰਨਰ ਨੇ ਲੁਧਿਆਣਾ ਦਾ ਦੌਰਾ ਕੀਤਾ ਸੀ ਅਤੇ ਬਹੁਤ ਧਿਆਨਪੂਰਵਕ ਨਿੱਜੀ ਜਾਂਚ-ਪੜਤਾਲ ਕਰਨ ਤੋਂ ਬਾਅਦ ਭਾਰਤ ਸਰਕਾਰ ਨੂੰ 26 ਫ਼ਰਵਰੀ ਨੂੰ ਆਪਣੇ ਇਸ ਦੌਰੇ ਦੀ ਰਿਪੋਰਟ ਭੇਜੀ ਸੀ। ਉਨ੍ਹਾਂ ਬਹੁਤ ਜ਼ੋਰ ਦੇ ਕੇ ਸਪੱਸ਼ਟ ਤੌਰ 'ਤੇ ਆਪਣਾ ਵਿਚਾਰ ਕੁਝ ਇੰਝ ਪ੍ਰਗਟਾਇਆ ਸੀ: "ਮੈਨੂੰ ਸ੍ਰੀ ਕਾਵਨ ਦੇ ਉਸ ਵਿਚਾਰ ਦੀ ਦਰੁਸਤਗੀ 'ਤੇ ਸ਼ੱਕ ਕਰਨ ਦਾ ਕੋਈ ਕਾਰਣ ਨਹੀਂ ਲੱਭਿਆ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਗੰਭੀਰ ਕਿਸਮ ਦੀ ਬਗ਼ਾਵਤ ਕੀਤੇ ਜਾਣ ਦੀ ਮਨਸ਼ਾ ਸੀ ਤੇ ਇਹ ਆਖਣ 'ਚ ਵੀ ਕੋਈ ਝਿਜਕ ਨਹੀਂ ਕਿ ਕੂਕਿਆਂ ਵੱਲੋਂ ਬਗ਼ਾਵਤ ਕੀਤੇ ਜਾਣ ਦੇ ਖ਼ਦਸ਼ੇ ਦੇ ਠੋਸ ਸਬੂਤ ਮੌਜੂਦ ਹਨ।[1]"

ਹੁਣ ਭਾਰਤ ਸਰਕਾਰ ਦੇ ਵਤੀਰੇ ਦੀ ਗੱਲ ਕਰਦੇ ਹਾਂ। ਕੂਕਿਆਂ ਦੀ ਬਗ਼ਾਵਤ ਦੇ ਬੁਨਿਆਦੀ ਮੁੱਦੇ 'ਤੇ ਭਾਰਤ ਸਰਕਾਰ ਤੇ ਸਥਾਨਕ ਅਧਿਕਾਰੀਆਂ ਵਿਚਾਲੇ ਵਿਚਾਰਾਂ ਦਾ ਕੋਈ ਫ਼ਰਕ ਨਹੀਂ ਸੀ ਤੇ ਜੇ ਕੋਈ ਅੰਤਰ ਸੀ ਤਾਂ ਉਹ ਕੇਵਲ ਇਸ ਗੱਲ 'ਤੇ ਜ਼ੋਰ ਦੇਣ ਦੇ ਦਰਜੇ 'ਚ ਸੀ, ਉਹ ਵੀ ਇਸ ਲਈ ਸੁਭਾਵਕ ਸੀ ਕਿਉਂਕਿ ਕਾਰਵਾਈ ਦੇ ਅਸਲ ਦ੍ਰਿਸ਼ 'ਚ ਦੇਸ਼ ਦੀ ਸਰਕਾਰ ਤਾਂ ਕਿਤੇ ਹੀ ਨਹੀਂ ਸੀ। ਉਦਾਹਰਣ ਵਜੋਂ 30 ਅਪ੍ਰੈਲ, 1872[2] ਵਾਲੀ ਉਸ ਦੀ ਚਿੱਠੀ ਦੀ ਇਹ ਇਬਾਰਤ ਪੜ੍ਹੋ: "...ਉਹ ਸਜ਼ਾ ਜੋ ਹੁਣ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਬ੍ਰਿਟਿਸ਼ ਅਧਿਕਾਰੀ (ਕਾਵਨ) ਨੂੰ ਦਿੱਤੀ ਗਈ ਹੈ, ਉਸ ਦਾ ਉਦਾਸੀਨਤਾ ਜਾਂ ਉਨ੍ਹਾਂ ਲੋਕਾਂ ਦੇ ਜੁਰਮਾਂ ਨਾਲ ਕੋਈ ਸਬੰਧ ਨਹੀਂ ਹੈ, ਜਿਨ੍ਹਾਂ ਨੂੰ ਉਸ ਨੇ ਗ਼ੈਰ-ਕਾਨੂੰਨੀ ਤਰੀਕੇ ਸਜ਼ਾ ਦਿੱਤੀ ਹੈ। ਉਸ ਜੁਰਮ ਲਈ ਮਿਸਾਲੀ ਸਜ਼ਾ ਦਿੱਤੀ ਜਾਣੀ ਬਣਦੀ ਸੀ, ਭਾਵੇਂ ਉਹ ਸਜ਼ਾ ਇੱਕ ਵਾਜਬ ਤਰੀਕੇ ਤੇ ਬਹੁਤ ਨਰਮਾਈ ਤੇ ਸਬੰਧਤ ਦੋਸ਼ੀਆਂ ਦੇ ਪਾਪ ਦੇ ਦਰਜੇ ਵਿਚਾਰ ਹੋਰ ਵਧੇਰੇ ਵਿਤਕਰੇ ਨਾਲ ਦਿੱਤੀ ਜਾਣੀ ਚਾਹੀਦੀ ਸੀ।" ਇਸ ਚਿੱਠੀ ਦਾ ਆਖ਼ਰੀ ਪੈਰਾ ਇਹ ਨੁਕਤਾ ਹੋਰ ਵੀ ਸਪੱਸ਼ਟ ਕਰਦਾ ਹੈ: "ਲੈਫ਼ਟੀਨੈਂਟ ਗਵਰਨਰ ਪਹਿਲੇ ਦਿਨ ਤੋਂ ਇਹੋ ਵਿਚਾਰ ਪ੍ਰਗਟਾਉਂਦੇ ਰਹੇ ਕਿ ਸ੍ਰੀ ਕਾਵਨ ਵੱਲੋਂ ਕਾਹਲੇਪਣ, ਅਵੈਧਤਾ ਤੇ ਅੰਨ੍ਹੇ ਵਾਹ ਵਿਵਹਾਰ ਨਾਲ ਕੀਤੀ ਕਾਰਵਾਈ ਨੂੰ ਵਾਜਬ ਕਰਾਰ ਨਹੀਂ ਦਿੱਤਾ ਜਾ ਸਕਦਾ। ਸ੍ਰੀ ਕਾਵਨ ਨੇ ਸਿਆਸੀ ਖ਼ਤਰੇ ਦੇ ਖ਼ਦਸ਼ੇ ਦੇ ਮੱਦੇਨਜ਼ਰ ਜਿਹੜੇ ਉਤੇਜਨਾਪੂਰਨ ਮਾਹੌਲ ਵਿੱਚ ਕਾਰਵਾਈ ਪਾਈ ਸੀ, ਉਸ ਨੇ ਸਰਕਾਰੀ ਅਧਿਕਾਰੀਆਂ ਵੱਲੋਂ ਕੁਝ ਵਧੇਰੇ ਹੀ ਸਖ਼ਤਾਈ ਨਾਲ ਕੀਤੀ ਗਈ ਕਾਰਵਾਈ ਦਾ ਸਮਰਥਨ ਕਰਨ ਦੀ ਜ਼ਰੂਰਤ ਸਮਝੀ ਸੀ ਤੇ ਇਹ ਸਭ ਚੰਗੀ ਭਾਵਨਾ ਤੇ ਜਨ-ਹਿਤ ਵਿੱਚ ਕੀਤਾ ਗਿਆ ਸੀ, ਇਸੇ ਕਾਰਣ ਕਰਕੇ ਲੈਫ਼ਟੀਨੈਂਟ ਗਵਰਨਰ ਨੇ ਦੋਸ਼ ਲਾਉਣ ਦਾ ਪ੍ਰਗਟਾਵਾ ਰੋਕ ਲਿਆ ਸੀ ਤੇ ਨਹੀਂ ਤਾਂ ਫਿਰ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਦੂਜੇ ਤਰੀਕੇ ਕਾਰਵਾਈ ਹੋਣੀ ਸੀ ਤੇ ਕੌਂਸਲ ਵਿੱਚ ਗਵਰਨਰ ਜਨਰਲ ਨੇ ਪ੍ਰਵਾਨਗੀ ਵੀ ਦੇ ਦੇਣੀ ਸੀ। ਉਂਝ, ਮਹਾਮਹਿਮ ਇਹ ਜਾਣ ਕੇ ਖ਼ੁਸ਼ ਹਨ ਕਿ ਕੌਂਸਲ ਵਿੱਚ ਗਵਰਨਰ ਜਨਰਲ ਵੱਲੋਂ ਪ੍ਰਗਟ ਕੀਤੇ ਗਏ

1. ਹੋਮ ਜੁਡੀਸ਼ੀਅਲ (ਏ) ਜੂਨ 1872, ਪ੍ਰੋਗਸ. 107-111
2. 1872 ਦਾ ਸੰਸਦੀ ਦਸਤਾਵੇਜ਼, ਨੰਬਰ 356, ਪੰਨਾ 58

ਵਿਚਾਰ ਤੇ ਪ੍ਰਸ਼ਾਸਨ ਨੂੰ ਚਲਾਉਣ ਵਾਲੇ ਉੱਚ ਅਧਿਕਾਰੀ ਦੇ ਵਿਚਾਰਾਂ ਵਿਚਾਲੇ ਕੋਈ ਵੱਡਾ ਫ਼ਰਕ ਨਹੀਂ ਹੈ ਅਤੇ ਪੰਜਾਬ ਜਿਹੇ ਸੂਬੇ ਦੀ ਸੁਰੱਖਿਆ ਕਿਤਨੀ ਅਹਿਮ ਹੈ।''

ਉਪਰੋਕਤ ਤੋਂ ਇਹੋ ਜਾਪੇਗਾ ਕਿ ਭਾਰਤ ਸਰਕਾਰ ਤੇ ਸਥਾਨਕ ਅਧਿਕਾਰੀਆਂ ਵਿਚਾਲੇ ਕੇਵਲ ਕਾਵਨ ਤੇ ਫ਼ੋਰਸਾਈਥ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਦੇ ਤਰੀਕੇ ਦੇ ਮਾਮਲੇ ਨੂੰ ਲੈ ਕੇ ਹੀ ਫ਼ਰਕ ਸੀ। ਸਥਾਨਕ ਅਧਿਕਾਰੀ ਉਸ ਵੇਲੇ ਦੇ ਹਾਲਾਤ ਦੀ ਗੰਭੀਰਤਾ ਦੇ ਆਧਾਰ 'ਤੇ ਉਨ੍ਹਾਂ ਨੂੰ ਵਾਜਬ ਕਰਾਰ ਦੇ ਰਹੇ ਸਨ ਪਰ ਦੇਸ਼ ਦੀ ਸਰਕਾਰ ਦਾ ਇਹ ਮੰਨਣਾ ਸੀ ਕਿ ਹਾਲਾਤ ਭਾਵੇਂ ਕਿੰਨੇ ਵੀ ਸੰਕਟਪੂਰਨ ਕਿਉਂ ਨਾ ਹੋਣ, ''ਇੰਨੇ ਜ਼ਿਆਦਾ ਲੋਕਾਂ ਨੂੰ ਮੌਤ ਦੀ ਸਜ਼ਾ[1] ਦੇਣ ਦੀ ਤੁਰੰਤ ਲੋੜ ਨੂੰ ਕੋਈ ਦਲੀਲ ਸਹੀ ਨਹੀਂ ਠਹਿਰਾ ਸਕਦੀ। ਉਨ੍ਹਾਂ ਸੋਚਿਆ ਤੇ ਉਹ ਖ਼ੁਦ ਕਾਵਨ ਦੀਆਂ ਲਿਖਤਾਂ ਤੋਂ ਇਹ ਸਭ ਦਰਸਾਉਣ ਦੇ ਯੋਗ ਸਨ ਕਿ ਇਹ ਉਨ੍ਹਾਂ ਔਖੇ ਹਾਲਾਤ ਵਿੱਚ ਵੀ ਮੁਮਕਿਨ ਸੀ ਕਿ ਮਿਰਤੂ ਦੰਡ ਨੂੰ ਟਾਲਣ ਲਈ ਕੈਦੀਆਂ ਨੂੰ ਅਦਾਲਤੀ ਸੁਣਵਾਈਆਂ 'ਤੇ ਪਾ ਦਿੱਤਾ ਜਾਂਦਾ। ਉਸ ਸੁਣਵਾਈ ਨਾਲ ਵੀ ਸਿਰਫ਼ ਇੱਕ-ਅੱਧੇ ਦਿਨ ਦੀ ਦੇਰੀ ਹੋਣੀ ਸੀ, ਜੋ ਕੋਈ ਔਖਾ ਮਾਮਲਾ ਨਹੀਂ ਸੀ। ਜੇ ਸੁਣਵਾਈ (ਇੱਕ ਨਿਆਂਪੂਰਨ ਸੁਣਵਾਈ ਤੇ ਕੋਈ ਜਲਦਬਾਜ਼ੀ 'ਚ ਕੀਤੀ ਗਈ ਕਾਰਵਾਈ ਨਹੀਂ, ਜਿਵੇਂ ਕਿ ਫ਼ੋਰਸਾਈਥ ਨੇ 18 ਜਨਵਰੀ ਨੂੰ ਕੀਤਾ ਸੀ) ਕੀਤੀ ਜਾਂਦੀ, ਤਾਂ ਬਹੁਤ ਜ਼ਿਆਦਾ ਗਿਣਤੀ 'ਚ ਦਿੱਤੀਆਂ ਜਾਣ ਵਾਲੀਆਂ ਮੌਤ ਸਜ਼ਾਵਾਂ (ਭਾਰਤ ਸਰਕਾਰ ਨੂੰ ਮੁੱਖ ਇਤਰਾਜ਼ ਹੀ ਇਹੋ ਸੀ) ਨੂੰ ਵੱਡੇ ਪੱਧਰ 'ਤੇ ਘਟਾਇਆ ਜਾ ਸਕਦਾ ਸੀ।''

ਕੌਂਸਲ 'ਚ ਇਨ੍ਹਾਂ ਮਿਰਤੂ ਦੰਡਾਂ ਬਾਰੇ ਗਵਰਨਰ ਜਨਰਲ ਦੀ ਟਿੱਪਣੀ ਉੱਤੇ ਮਿਤੀ 1 ਜੁਲਾਈ, 1872 ਦੀ ਆਪਣੀ ਚਿੱਠੀ ਤੇ ਫਿਰ 27 ਜੁਲਾਈ, 1872[2] ਨੂੰ ਦਿੱਤੇ ਆਪਣੇ ਪੂਰਕ ਜਵਾਬ ਵਿੱਚ ਕਿੰਤੂ-ਪ੍ਰੰਤੂ ਕੀਤਾ ਸੀ। ਉਸ ਦੀ ਮੁੱਖ ਦਲੀਲ ਇਹੋ ਸੀ ਕਿ ਉਸ ਤੇ ਕਾਵਨ ਵੱਲੋਂ ਦਿੱਤੀਆਂ ਗਈਆਂ ਸਜ਼ਾਵਾਂ ਪੂਰੀ ਤਰ੍ਹਾਂ ਵਾਜਬ ਸਨ ਤੇ ਭਾਰਤ ਸਰਕਾਰ ਕੂਕਿਆਂ ਦੇ ਤਤਕਾਲੀ ਖ਼ਤਰੇ ਨੂੰ ਕਦੇ ਅੱਖੋਂ ਪ੍ਰੋਖੇ ਨਹੀਂ ਕਰ ਸਕਦੀ, ਇਸ ਲਈ ਉਹੋ ਜਿਹੇ ਹੰਗਾਮੀ ਹਾਲਤ ਦੀ ਲੋੜ ਅਨੁਸਾਰ ਤੁਰੰਤ ਤੇ ਸਖ਼ਤ ਸਜ਼ਾ ਦੇਣੀ ਬਣਦੀ ਸੀ। ਉਸ ਨੇ ਕੂਕਾ ਲਹਿਰ ਤੇ ਮਲੌਦ ਤੇ ਮਲੇਰਕੋਟਲਾ 'ਤੇ ਹੋਏ ਕੂਕਿਆਂ ਦੇ ਹਮਲਿਆਂ ਕਾਰਨ ਪੈਦਾ ਹੋਏ ਗੰਭੀਰ ਸੰਕਟ ਦਾ ਵਰਣਨ ਬਹੁਤ ਦਰਦ ਦਾ ਅਹਿਸਾਸ ਕਰਵਾਉਂਦਿਆਂ ਕੀਤਾ ਸੀ। ਜਵਾਬ 'ਚ ਭਾਰਤ ਸਰਕਾਰ ਨੇ ਮੁੜ ਸਿਆਸੀ ਉਚਿਤਤਾ ਤੇ ਤਤਕਾਲੀ ਜ਼ਰੂਰਤ ਵਿਚਲੇ ਫ਼ਰਕ ਨੂੰ ਉਜਾਗਰ ਕੀਤਾ ਸੀ। ਉਨ੍ਹਾਂ ਵਿਚਾਲੇ ਬਗ਼ਾਵਤ ਦੇ ਰਾਜ-ਧਰੋਹੀ ਚਰਿੱਤਰ ਨੂੰ ਲੈ ਕੇ ਕੋਈ ਮਤਭੇਦ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਫ਼ੋਰਸਾਈਥ ਵੱਲੋਂ ਦਿੱਤੀਆਂ ਦਲੀਲਾਂ ਦਾ ਕੋਈ ਜਵਾਬ ਹੀ ਦਿੱਤਾ ਸੀ। ਉਨ੍ਹਾਂ ਬੱਸ ਇਹੋ ਕਿਹਾ ਸੀ ਕਿ ਉਹ ਇਹ ਮਾਮਲਾ ਦੋਬਾਰਾ ਨਹੀਂ ਖੋਲ੍ਹਣਾ

---

1. -ਉਹੀ-, ਪੰਨਾ 25
2. ਹੋਮ ਜੁਡੀਸ਼ੀਅਲ (ਏ) ਜੁਲਾਈ 1872, ਪ੍ਰੋਗਸ., 212-220; ਹੋਮ ਜੁਡੀਸ਼ੀਅਲ (ਏ) ਅਕਤੂਬਰ 1872, ਪ੍ਰੋਗਸ., 88-95

ਚਾਹੁੰਦੇ। ਉਹ ਅਜਿਹਾ ਕਿਉਂ ਨਹੀਂ ਕਰਨਾ ਚਾਹੁੰਦੇ ਸਨ, ਇਸ ਦੀ ਉਨ੍ਹਾਂ ਕੋਈ ਵਿਆਖਿਆ ਨਹੀਂ ਕੀਤੀ ਸੀ; ਅਜਿਹਾ ਸ਼ਾਇਦ ਇਸ ਲਈ ਹੋ ਸਕਦਾ ਸੀ ਕਿਉਂਕਿ ਇਸ ਮਾਮਲੇ ਦੀਆਂ ਕੁਝ ਗੰਭੀਰ ਕਿਸਮ ਦੀਆਂ ਗੁੰਝਲਾਂ ਸਨ। ਕਾਵਨ ਦਾ ਮਾਮਲਾ ਫ਼ੋਰਸਾਈਥ ਦੇ ਮਾਮਲੇ ਨਾਲ ਜੁੜਿਆ ਹੋਇਆ ਸੀ। ਜੇ ਉਸ ਦੇ ਮਾਮਲੇ 'ਤੇ ਮੁੜ ਵਿਚਾਰ ਹੁੰਦਾ, ਤਾਂ ਭਾਰਤ ਤੇ ਇੰਗਲੈਂਡ ਦੋਵੇਂ ਦੇਸ਼ਾਂ ਦੀ ਜਨਤਾ ਦੀਆਂ ਨਜ਼ਰਾਂ 'ਚ ਵੀ ਸਰਕਾਰ ਦੀ ਪੁਜ਼ੀਸ਼ਨ ਖ਼ਰਾਬ ਹੋ ਜਾਣੀ ਸੀ। ਭਾਰਤ ਸਰਕਾਰ ਦੇ ਵਤੀਰੇ ਦਾ ਅਨੁਮਾਨ ਭਾਰਤ ਦੇ ਵਿਦੇਸ਼ ਮੰਤਰੀ ਨੂੰ ਉਸ ਦੀ 10 ਅਕਤੂਬਰ, 1872 ਵਾਲੀ ਚਿੱਠੀ ਤੋਂ ਹੀ ਲਾਇਆ ਜਾ ਸਕਦਾ ਸੀ, ਜਿਸ ਨਾਲ ਫ਼ੋਰਸਾਈਥ ਦਾ ਜਵਾਬ ਤੇ ਹੋਰ ਵਾਜਬ ਦਸਤਾਵੇਜ਼ ਵੀ ਭੇਜੇ ਗਏ ਸਨ। ਉਨ੍ਹਾਂ ਟਿੱਪਣੀ ਕੀਤੀ ਸੀ[1],"ਅਸੀਂ ਇਹ ਨਹੀਂ ਸਮਝਦੇ ਕਿ ਅਸੀਂ ਕੂਕਾ ਕੈਦੀਆਂ ਨੂੰ ਫਾਂਸੀਆਂ ਦੇ ਸਬੰਧ ਵਿੱਚ ਸ੍ਰੀ ਕਾਵਨ ਤੇ ਸ੍ਰੀ ਫੋਰਸਾਇਥ ਦੀ ਕਾਰਵਾਈ ਉਤੇ ਮੁੜ ਵਿਚਾਰ ਕਰ ਰਹੇ ਹਾਂ। ਭਾਰਤ ਸਰਕਾਰ ਵੱਲੋਂ ਇਸ ਪ੍ਰਸ਼ਨ ਉਤੇ ਫ਼ੈਸਲਾ ਲੈ ਲਿਆ ਗਿਆ ਹੈ ਤੇ ਉਸ ਫ਼ੈਸਲੇ ਦੀ ਪੁਸ਼ਟੀ ਮਹਾਰਾਣੀ ਦੀ ਸਰਕਾਰ ਨੇ ਕਰ ਦਿੱਤੀ ਹੈ। ਇਸ ਲਈ ਸਾਡੇ ਵਾਸਤੇ ਇਹ ਜ਼ਰੂਰੀ ਨਹੀਂ ਕਿ ਸ੍ਰੀ ਫ਼ੋਰਸਾਈਥ ਨੇ ਫਾਂਸੀਆਂ ਦਿੱਤੇ ਜਾਣ ਦੇ ਆਪਣੇ ਬਚਾਅ ਵਿੱਚ ਜੋ ਕੁਝ ਵੀ ਆਖਿਆ ਹੈ, ਅਸੀਂ ਉਸ ਉਤੇ ਬਹਿਸਬਾਜ਼ੀ 'ਚ ਪਵਾਂਗੇ। ਅਸੀਂ ਸਿਰਫ਼ ਇਹੋ ਵੇਖਣਾ ਹੈ ਕਿ ਕੀ ਕੂਕਾ ਲਹਿਰ ਦੀ ਅਹਿਮੀਅਤ ਤੇ ਬਗ਼ਾਵਤ ਨਾਲ ਜੁੜੇ ਹਾਲਾਤ ਦੀ ਗੰਭੀਰਤਾ ਬਾਰੇ ਪੂਰੀ ਜਾਣਕਾਰੀ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਭਾਰਤ ਸਰਕਾਰ ਸਾਹਵੇਂ ਰੱਖੀ ਸੀ ਜਾਂ ਨਹੀਂ।"

ਕੌਂਸਲ 'ਚ ਗਵਰਨਰ ਜਨਰਲ ਦੀ ਉਪਰੋਕਤ ਚਿੱਠੀ ਦੇ ਅੰਤ 'ਚ ਲਿਖਿਆ ਸੀ ਕਿ ਭਾਵੇਂ ਉਹ 'ਉਸ ਨੂੰ ਸਰਕਾਰ ਦੀ ਨਿੰਦਾ ਤੋਂ ਬਰੀ ਨਹੀਂ ਕਰਨਗੇ, ਤੇ ਉਹ ਇਹ ਸਿਫ਼ਾਰਸ਼ ਕਰਨੀ ਚਾਹੁਣਗੇ ਕਿ 'ਉਸ ਦੀਆਂ ਪਿਛਲੀਆਂ ਸੇਵਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, ਜੇ ਕਿਤੇ ਜਨ-ਸੇਵਾ ਦੇ ਫ਼ਾਇਦੇ ਲਈ ਉਸ ਦੇ ਰੋਜ਼ਗਾਰ ਦੀ ਕੋਈ ਜ਼ਰੂਰਤ ਖੜ੍ਹੀ ਹੋਵੇ।" ਜਵਾਬ ਵਿੱਚ ਭਾਰਤ ਦੇ ਰਾਜ ਸਕੱਤਰ ਨੇ "ਕੌਂਸਲ 'ਚ ਮਹਾਮਹਿਮ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਆਪਣੀ ਪੂਰੀ ਸਹਿਮਤੀ ਪ੍ਰਗਟਾਈ ਸੀ",[2] ਫ਼ੋਰਸਾਈਥ ਵੱਲੋਂ ਕੀਤੀ ਗਈ ਸਿਫ਼ਾਰਸ਼ 'ਤੇ ਵੀ ਉਨ੍ਹਾਂ ਦੀ ਸਹਿਮਤੀ ਸੀ। ਇਹ ਸੱਚਮੁਚ ਅਸਿੱਧੇ ਢੰਗ ਨਾਲ ਫ਼ੋਰਸਾਈਥ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਨੂੰ ਸਿਫ਼ਰ ਕਰਨ ਦੇ ਸਮਾਨ ਸੀ ਅਤੇ ਉਸ ਨੂੰ ਇਹੋ ਆਖਿਆ ਗਿਆ ਸੀ ਕਿ ਉਸ ਵਿਰੁੱਧ ਨਿੰਦਾ ਮਹਿਜ਼ ਇੱਕ ਰਸਮੀ ਕਾਰਵਾਈ ਸੀ ਤੇ ਇਸ ਨਾਲ ਉਸ ਦੇ ਭਵਿੱਖ ਦਾ ਕਰੀਅਰ ਪ੍ਰਭਾਵਿਤ ਨਹੀਂ ਹੋਵੇਗਾ। ਕੀ ਇਹ ਗੱਲ ਨੂੰ ਘੁਮਾ ਕੇ ਸਥਾਨਕ ਅਧਿਕਾਰੀਆਂ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਹਾਂ 'ਚ ਹਾਂ ਮਿਲਾਉਣ ਵਾਲੀ ਗੱਲ ਨਹੀਂ ਸੀ ?

---

1. ਹੋਮ ਜੁਡੀਸ਼ੀਅਲ (ਏ) ਅਕਤੂਬਰ 1872, ਪ੍ਰੋਗਸ., 88-95
2. ਹੋਮ ਜੁਡੀਸ਼ੀਅਲ (ਏ) ਜਨਵਰੀ 1873, ਪ੍ਰੋਗਸ., 61. ਵਿਦੇਸ਼ ਮੰਤਰੀ ਵੱਲੋਂ ਭਾਰਤ ਸਰਕਾਰ ਨੂੰ, ਮਿਤੀ 21 ਨਵੰਬਰ, 1872

ਉਪਰੋਕਤ ਤੋਂ ਯਕੀਨੀ ਤੌਰ ’ਤੇ ਇਹੋ ਸਿੱਟਾ ਨਿੱਕਲਦਾ ਹੈ ਕਿ ਇਸ ਤੱਥ ਨੂੰ ਸਰਬਵਿਆਪਕ ਤੌਰ ’ਤੇ ਸਾਰੇ ਹੀ ਮੰਨਦੇ ਸਨ ਕਿ ਕੂਕਿਆਂ ਨੇ ਬਗ਼ਾਵਤ ਕੀਤੀ ਸੀ। ਇਸ ਮਾਮਲੇ ’ਚ ਸ਼ੱਕ ਸਿਰਫ਼ ਇੰਨਾ ਕੁ ਸੀ ਕਿ ਕੀ ਮਲੇਰਕੋਟਲਾ ਉੱਤੇ ਹੋਇਆ ਹਮਲਾ ਹੀ ਉਸ ਬਗ਼ਾਵਤ ਦੀ ਸ਼ੁਰੂਆਤ ਸੀ। ਮੌਕੇ ’ਤੇ ਮੌਜੂਦ ਲੋਕਾਂ ਨੇ ਇਸੇ ਹੀ ਤੱਥ ਨੂੰ ਦ੍ਰਿੜ੍ਹਾਇਆ (ਉਨ੍ਹਾਂ ਦੇ ਵਿਚਾਰ ਨੂੰ ਬਣਦਾ ਵਜ਼ਨ ਹਰ ਹਾਲਤ ’ਚ ਮਿਲਣਾ ਹੀ ਸੀ) ਕਿ ਅਜਿਹਾ ਹੀ ਸੀ। ਇਸ ਵਿਚਾਰ ਦੀ ਗੰਭੀਰ ਸੀਮਾ ਇਹ ਹੈ ਕਿ ਕੂਕਿਆ ਨੇ ਉਸ ਹਮਲੇ ਤੋਂ ਬਾਅਦ ਹੋਰ ਕੋਈ ਕਾਰਵਾਈ ਨਹੀਂ ਪਾਈ। ਇਸ ਦਾ ਜੁਆਬ ਇਹੋ ਦਿੱਤਾ ਜਾਂਦਾ ਹੈ ਕਿ ਉਨ੍ਹੀਂ ਦਿਨੀਂ ਕੁਝ ਕੂਕਾ ਸਮੂਹ ਵੱਖੋ-ਵੱਖਰੀਆਂ ਦਿਸ਼ਾਵਾਂ ਤੋਂ ਮਲੇਰਕੋਟਲਾ ਵੱਲ ਨੂੰ ਜਾਂਦੇ ਵੇਖੇ ਗਏ ਸਨ ਪਰ ਉਨ੍ਹਾਂ ਨੇ ਨੇੜੇ ਜਾਣ ਦੀ ਹਿੰਮਤ ਨਾ ਕੀਤੀ ਤੇ ਆਪਣੇ ਭਰਾਵਾਂ ਨੂੰ ਤੋਪਾਂ ਨਾਲ ਉਡਾਉਣ ਦੀ ਖ਼ਬਰ ਬਾਰੇ ਸੁਣ ਕੇ ਉਹ ਬਾਹਰੋਂ ਹੀ ਖਿੰਡ-ਪੁੰਡ ਜਾਂਦੇ ਰਹੇ। ਇਹ ਕਿਹਾ ਜਾਂਦਾ ਹੈ ਕਿ ਇਸ ਅੰਸ਼ਕ ਜਿਹੀ ਬਗ਼ਾਵਤ ਨੂੰ ਜੇ ਆਰੰਭ ਵਿੱਚ ਹੀ ਖ਼ਤਮ ਨਾ ਕੀਤਾ ਜਾਂਦਾ, ਤਾਂ ਇਸ ਨੇ ਵਿਸ਼ਾਲ ਰੂਪ ਧਾਰ ਲੈਣਾ ਸੀ। ਇਸ ਬਗ਼ਾਵਤ ਦੇ ਚੰਗੀ ਤਰ੍ਹਾਂ ਵਿਕਸਤ ਨਾ ਹੋਣ ਦਾ ਇੱਕ ਹੋਰ ਕਾਰਣ ਇਹ ਵੀ ਸੀ ਕਿ ਇਸ ਨੂੰ ਹੀਰਾ ਸਿੰਘ ਤੇ ਲਹਿਣਾ ਸਿੰਘ ਨੇ ਸਾਰੇ ਲੋੜੀਂਦੇ ਇੰਤਜ਼ਾਮ ਮੁਕੰਮਲ ਹੋਣ ਤੋਂ ਪਹਿਲਾਂ ਹੀ ਅੰਜਾਮ ਦੇ ਦਿੱਤਾ ਸੀ। ਇਸ ਦਲੀਲ ਨੂੰ ਨਾ ਕੇਵਲ ਸਥਾਨਕ ਅਧਿਕਾਰੀ, ਸਗੋਂ ਕੂਕਾ ਰਵਾਇਤ ਤੇ ਸਾਹਿਤ ਵੀ ਮੰਨਦੇ ਹਨ, ਜਿਵੇਂ ਕਿ ਇਸ ਅਧਿਆਇ ’ਚ ਪਹਿਲਾਂ ਲਿਖਿਆ ਵੀ ਗਿਆ ਹੈ। ਫਿਰ ਵੀ ਭਾਵੇਂ ਇਸ ਬਗ਼ਾਵਤ ਨੂੰ ਪਰਪੱਕ ਹੋਣ ਤੋਂ ਪਹਿਲਾਂ ਹੀ ਅੰਜਾਮ ਦੇ ਦਿੱਤਾ ਗਿਆ, ਫਿਰ ਵੀ ਇਹ ਬਿਨਾਂ ਸ਼ੱਕ ਇੱਕ ਅਜਿਹੀ ਬਗ਼ਾਵਤ ਸੀ, ਇਸ ਨੇ ਪਹਿਲੇ ਹਮਲੇ ਦੇ ਸਫ਼ਲ ਹੋਣ ’ਤੇ ਜਾਂ ਮਲੇਰਕੋਟਲਾ ’ਚ ਵਹਿਸ਼ੀਆਨਾ ਕਤਲੇਆਮ ਦੀ ਅਣਹੋਂਦ ’ਚ ਫੈਲ ਜਾਣਾ ਸੀ। ਪਰ ਫਿਰ ਵੀ ਅੰਤਿਮ ਨਤੀਜਾ ਇਸ ਤੋਂ ਕੋਈ ਵੱਖਰਾ ਨਹੀਂ ਸੀ ਹੋਣਾ ਕਿਉਂਕਿ ਬ੍ਰਿਟਿਸ਼ ਇੰਨੇ ਜ਼ਿਆਦਾ ਤਾਕਤਵਰ ਸਨ ਕਿ ਉਨ੍ਹਾਂ ਨੂੰ ਹਰਾਉਣਾ ਔਖਾ ਸੀ।

## ਅਧਿਆਇ 6

# ਸਖ਼ਤ ਸਜ਼ਾ

1872 ਦੀ ਕੂਕਾ ਬਗ਼ਾਵਤ ਲਈ ਸਜ਼ਾ ਬਹੁਤ ਸਖ਼ਤ ਦਿੱਤੀ ਗਈ ਸੀ, ਇਤਿਹਾਸ 'ਚ ਅਜਿਹੀਆਂ ਹੋਰ ਮਿਸਾਲਾਂ ਬਹੁਤ ਘੱਟ ਮਿਲਦੀਆਂ ਹਨ। 1857 ਦੇ ਭਾਰਤੀ ਗ਼ਦਰ ਦੀਆਂ ਯਾਦਾਂ ਹਾਲੇ ਤਾਜ਼ਾ ਹੀ ਸਨ, ਅਧਿਕਾਰੀ ਡਰੇ ਹੋਏ ਸਨ ਤੇ ਉਹ ਉਨ੍ਹਾਂ ਬਾਗ਼ੀਆਂ ਨੂੰ ਇੱਕ ਹੋਰ ਸਬਕ ਸਿਖਾਉਣ ਦਾ ਕੋਈ ਮੌਕਾ ਗਵਾਉਣਾ ਨਹੀਂ ਚਾਹੁੰਦੇ ਸਨ, ਜਿਹੜੇ ਵਿਦੇਸ਼ੀ ਰਾਜ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਸਨ; ਇਸੇ ਲਈ ਹਾਕਮ ਇਸੇ ਤਾਕ ਤੇ ਝਾਕ ਵਿੱਚ ਸਨ ਕਿ ਕਦੋਂ ਢੁਕਵਾਂ ਮੌਕਾ ਮਿਲੇ ਤੇ ਉਹ ਵਾਰ ਕਰ ਸਕਣ। ਕੋਈ ਵਿਦੇਸ਼ੀ ਸਰਕਾਰ ਸਦਾ ਆਪਣੀ ਤਾਕਤ ਦੇ ਜ਼ੋਰ 'ਤੇ ਹੀ ਕਾਇਮ ਰਹਿ ਸਕਦੀ ਹੈ, ਬ੍ਰਿਟਿਸ਼ ਦਾ ਵੀ ਇਹੋ ਹਾਲ ਸੀ। ਭਾਵੇਂ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਵੱਲੋਂ ਖ਼ਿਤਾਬ, ਇਨਾਮ-ਸਨਮਾਨ ਤੇ ਤਰੱਕੀਆਂ ਦੇਣ ਦੇ ਬਥੇਰੇ ਲਾਲਚ ਦਿੱਤੇ ਪਰ ਉਹ ਲੋਕਾਂ ਦੇ ਦਿਲ ਜਿੱਤਣ 'ਚ ਕਦੇ ਕੋਈ ਵੱਡੀ ਕਾਮਯਾਬੀ ਹਾਸਲ ਨਹੀਂ ਕਰ ਸਕੇ ਭਾਵ ਉਨ੍ਹਾਂ ਨੂੰ ਭਾਰਤ ਦੀ ਜਨਤਾ ਦੀ ਅਸਲ ਦਿਲੀ ਸਹਿਮਤੀ ਕਦੇ ਵੀ ਹਾਸਲ ਨਾ ਹੋ ਸਕੀ। ਉਨ੍ਹਾਂ ਬਥੇਰਾ ਹੱਥ ਅਜ਼ਮਾਇਆ, ਫਿਰ ਉਹ 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਵੀ ਚੱਲਣ ਲੱਗੇ। ਬੇਸ਼ੱਕ ਉਨ੍ਹਾਂ ਨੂੰ ਬਹੁਤ ਲਾਹੇਵੰਦ ਜਾਪੀ। ਫਿਰ ਵੀ ਉਹ ਇਸ ਤੱਥ ਪ੍ਰਤੀ ਚੇਤੰਨ ਸਨ ਕਿ ਜਦੋਂ ਤੱਕ ਉਹ ਵਿਰੋਧ ਪ੍ਰਦਰਸ਼ਨਾਂ ਜਾਂ ਰਾਜ-ਧਰੋਹ ਲਈ ਸਜ਼ਾਵਾਂ ਨਹੀਂ ਦੇਣਗੇ, ਉਦੋਂ ਤੱਕ ਉਹ ਬਾਗ਼ੀਆਨਾ ਤਬੀਅਤ ਵਾਲੀ ਜਨਤਾ 'ਤੇ ਲੰਮਾ ਸਮਾਂ ਰਾਜ ਨਹੀਂ ਕਰ ਸਕਣਗੇ। ਇਸੇ ਲਈ 1857 ਦੇ ਗ਼ਦਰ ਤੋਂ ਬਾਅਦ ਹਾਕਮਾਂ ਨੇ ਸਖ਼ਤ ਜਵਾਬੀ ਕਾਰਵਾਈ ਦਾ ਪ੍ਰਦਰਸ਼ਨ ਕੀਤਾ ਸੀ। ਉਸ ਦੇ ਛੇਤੀ ਹੀ ਬਾਅਦ ਕੂਕਾ ਬਗ਼ਾਵਤ ਹੋ ਗਈ, ਜਿਸ ਤੋਂ ਉਨ੍ਹਾਂ ਨੂੰ ਇਹੋ ਲੱਗਾ ਕਿ ਹਾਲੇ ਸਥਾਨਕ ਜਨਤਾ ਨੇ ਪੂਰੀ ਤਰ੍ਹਾਂ ਸਬਕ ਨਹੀਂ ਸਿੱਖਿਆ ਹੈ। ਫਿਰ ਤਾਂਹੀਂਓਂ ਬ੍ਰਿਟਿਸ਼ ਹਾਕਮਾਂ ਨੂੰ ਆਪਣੀ ਸਾਮਰਾਜੀ ਤਾਕਤ ਕੁਝ ਵਧੇਰੇ ਵਹਿਸ਼ੀਆਨਾ ਢੰਗ ਨਾਲ ਵਿਖਾਉਣ ਦੀ ਡਾਢੀ ਲੋੜ ਮਹਿਸੂਸ ਹੋਈ।

ਕੂਕਾ ਬਾਗ਼ੀਆਂ ਨੂੰ ਸਜ਼ਾਵਾਂ ਦੇਣ ਵਿੱਚ ਮੁੱਖ ਭੂਮਿਕਾ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਐੱਲ. ਕਾਵਨ ਅਤੇ ਅੰਬਾਲਾ ਦੇ ਕਮਿਸ਼ਨਰ ਸ੍ਰੀ ਟੀ.ਡੀ. ਫ਼ੋਰਸਾਈਥ ਨੇ ਨਿਭਾਈ। ਮਲੌਦ ਉਤੇ ਕੂਕਾ ਹਮਲੇ ਦੀ ਖ਼ਬਰ ਸੁਣ ਕੇ ਕਾਵਨ 15 ਤਰੀਕ ਨੂੰ ਮੌਕਾ ਵੇਖਣ ਲਈ ਗਿਆ। ਉੱਥੇ ਜਲਦਬਾਜ਼ੀ 'ਚ ਜਾਂਚ ਕੀਤੀ ਗਈ, ਫਿਰ ਉਸ ਨੇ

ਟੈਲੀਗ੍ਰਾਮ ਕਰ ਕੇ ਤੁਰਤ-ਫੁਰਤ ਜਵਾਬੀ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਤੋਂ ਸੱਤ ਕੂਕਾ ਕੈਦੀਆਂ ਵਿੱਚੋਂ ਉਸ ਨੇ ਚਾਰ ਜਣਿਆਂ ਨੂੰ ਫਾਂਸੀ ਦੇਣ ਦੀ ਇਜਾਜ਼ਤ ਮੰਗੀ, ਜਿਨ੍ਹਾਂ ਬਾਰੇ ਉਸ ਦਾ ਕਹਿਣਾ ਸੀ ਕਿ ਬਿਨਾ ਸ਼ੱਕ ਉਹੀ ਅਸਲ ਦੋਸ਼ੀ ਹਨ।[1] ਰਾਹ 'ਚ ਹੀ ਉਸ ਨੂੰ ਕੂਕਿਆਂ ਦੇ ਸਮੂਹ ਵੱਲੋਂ ਕੋਟਲਾ ਉਤੇ ਹਮਲੇ ਦੀ ਖ਼ਬਰ ਮਿਲੀ, ਉਸ ਨੇ ਉਨ੍ਹਾਂ ਨੂੰ ਜ਼ੁਬਾਨੀ ਹਦਾਇਤਾਂ ਜਾਰੀ ਕੀਤੀਆਂ ਕਿ ਉਨ੍ਹਾਂ ਨੂੰ ਉੱਥੇ ਹੀ ਲਿਆਂਦਾ ਜਾਵੇ, ਜਿੱਥੇ ਉਨ੍ਹਾਂ ਆਖ਼ਰੀ ਕਾਰਵਾਈ ਨੂੰ ਅੰਜਾਮ ਦਿੱਤਾ ਸੀ। ਕੋਟਲਾ ਪੁੱਜ ਕੇ ਉਹ ਤੁਰੰਤ ਤੋਪਾਂ ਤੇ ਫ਼ੌਜੀਆਂ ਦਾ ਇੰਤਜ਼ਾਮ ਕਰਨ ਵਿੱਚ ਰੁੱਝ ਗਿਆ, ਇਹ ਸਾਰੀ ਤਿਆਰੀ ਅਗਲੇ ਦਿਨ ਹੋਣ ਵਾਲੇ ਖ਼ੂਨੀ ਨਾਟਕ ਦੀ ਸੀ, ਜਿਸ ਲਈ ਉਹ ਪਹਿਲਾਂ ਹੀ ਆਪਣਾ ਮਨ ਬਣਾ ਚੁੱਕਾ ਸੀ ਤੇ ਉਸ ਨੇ ਇਸ ਤੋਂ ਪਿਛਾਂਹ ਨਹੀਂ ਹਟਣਾ ਸੀ। 16 ਤਰੀਕ ਨੂੰ ਸ਼ਾਮੀਂ 7:30 ਵਜੇ ਉਸ ਨੇ ਕੋਟਲਾ ਤੋਂ ਕਮਿਸ਼ਨਰ ਫ਼ੋਰਸਾਈਥ ਨੂੰ ਇੱਕ ਚਿੱਠੀ[2] ਭੇਜੀ। ਫ਼ੋਰਸਾਈਥ ਵੀ ਤਦ ਤੱਕ ਲੁਧਿਆਣਾ ਪੁੱਜ ਗਿਆ ਸੀ। ਉਸ ਚਿੱਠੀ ਵਿੱਚ ਉਸ ਨੇ ਆਪਣੀ ਉਸ ਕਾਰਵਾਈ ਦਾ ਸੰਕੇਤ ਦਿੱਤਾ, ਜਿਸ ਨੂੰ ਉਹ ਅੰਜਾਮ ਦੇਣ ਜਾ ਰਿਹਾ ਸੀ। ਉਸ ਨੇ ਤਦ ਲਿਖਿਆ ਸੀ ਕਿ "ਉਨ੍ਹਾਂ ਦਾ ਜੁਰਮ ਕੋਈ ਸਾਧਾਰਣ ਨਹੀਂ ਹੈ। ਉਨ੍ਹਾਂ ਨੇ ਮਹਿਜ਼ ਕਤਲ ਹੀ ਨਹੀਂ ਕੀਤੇ ਤੇ ਡਾਕੇ ਹੀ ਨਹੀਂ ਮਾਰੇ; ਉਹ ਸ਼ਰੇਆਮ ਬਾਗ਼ੀ ਹਨ, ਉਹ ਬਾਕਾਇਦਾ ਇੱਕ ਅਥਾਰਟੀ ਦਾ ਤਿੱਖਾ ਵਿਰੋਧ ਕਰ ਰਹੇ ਹਨ ਅਤੇ ਇਸ ਰੋਗ ਨੂੰ ਹੋਰ ਫੈਲਣ ਤੋਂ ਰੋਕਣ ਲਈ, ਹੁਣ ਇਹ ਡਾਢਾ ਜ਼ਰੂਰੀ ਹੋ ਗਿਆ ਹੈ ਕਿ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਮੈਨੂੰ ਪਤਾ ਹੈ ਕਿ ਮੇਰੇ 'ਤੇ ਜਿੰਨੀ ਵੱਡੀ ਜ਼ਿੰਮੇਵਾਰੀ ਹੈ; ਪਰ ਮੈਨੂੰ ਤਸੱਲੀ ਹੈ ਕਿ ਮੈਂ ਜੋ ਵੀ ਕਰਦਾ ਹਾਂ ਵਧੀਆ ਹੀ ਕਰਦਾ ਹਾਂ ਅਤੇ ਇਸ ਅੰਸ਼ਕ ਬਗ਼ਾਵਤ ਨੂੰ ਜ਼ਰੂਰ ਹੀ ਇੱਕਦਮ ਦਬਾਉਣਾ ਹੀ ਹੋਵੇਗਾ।"

ਅਗਲੇ ਦਿਨ ਉਸ ਨੇ ਕਮਿਸ਼ਨਰ ਨੂੰ ਇੱਕ ਹੋਰ ਚਿੱਠੀ ਲਿਖੀ ਤੇ ਆਪਣਾ ਦ੍ਰਿੜ੍ਹ ਇਰਾਦਾ ਪ੍ਰਗਟ ਕਰਦਿਆਂ ਲਿਖਿਆ[3]:

"ਮੈਂ ਰੜ੍ਹ ਤੋਂ ਆਉਣ ਵਾਲੇ ਕੈਦੀਆਂ ਦੀ ਲਗਾਤਾਰ ਉਡੀਕ ਕਰ ਰਿਹਾਂ ਹਾਂ। ਮੇਰਾ ਪ੍ਰਸਤਾਵ ਹੈ ਕਿ ਮਲੌਦ ਤੇ ਕੋਟਲਾ ਉਤੇ ਹਮਲੇ ਕਰਨ ਵਾਲੇ ਸਭਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਮੈਨੂੰ ਆਪਣੀ ਮਹਾਨ ਜ਼ਿੰਮੇਵਾਰੀ ਦਾ ਪੂਰਾ ਚੇਤੰਨ ਅਹਿਸਾਸ ਹੈ ਪਰ ਇਹ ਬਹੁਤ ਹੀ ਖ਼ਾਸ ਮਾਮਲਾ ਹੈ।"

ਕਮਿਸ਼ਨਰ ਨੇ ਤੁਰੰਤ ਵਾਪਸੀ ਚਿੱਠੀ 'ਚ ਉਸ ਨੂੰ ਸਲਾਹ ਦਿੱਤੀ ਕਿ ਉਹ ਕਾਹਲ਼ੀ 'ਚ ਕੋਈ ਕਾਰਵਾਈ ਨਾ ਕਰੇ। ਇਹ ਚਿੱਠੀ ਕਾਵਨ ਨੂੰ (17 ਜਨਵਰੀ) ਨੂੰ ਦੁਪਹਿਰ ਨੂੰ ਜਾਂ ਉਸ ਤੋਂ ਥੋੜ੍ਹਾ ਸਮਾਂ ਪਹਿਲਾਂ ਮਿਲੀ ਸੀ, ਜਦੋਂ ਉਹ ਕੋਟਲਾ ਸ਼ਹਿਰ ਦੀਆਂ ਗਲ਼ੀਆਂ ਵਿੱਚੋਂ ਦੀ ਲੰਘ ਰਿਹਾ ਸੀ। ਉਦੋਂ ਅਜਿਹਾ ਪ੍ਰਭਾਵ ਸੀ ਕਿ "ਉਸ ਨੂੰ

---

1. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 51
2. -ਉਹੀ- ਪੰਨਾ 11
3. -ਉਹੀ- ਪੰਨਾ 15

ਬਾਗ਼ੀਆਂ ਨੂੰ ਫੜੇ ਜਾਣ ਦੀ ਜਾਣਕਾਰੀ ਸੀ ਕਿ ਦੇਸ਼ ਦੀ ਮੌਜੂਦਾ ਸਥਿਤੀ ਲਈ ਇਹੋ ਬਿਹਤਰ ਹੁੰਦਾ ਕਿ ਉਨ੍ਹਾਂ ਨੂੰ ਸ਼ੇਰਪੁਰ ਦੇ ਪਟਿਆਲਾ ਕਿਲ੍ਹੇ 'ਚ ਹਿਰਾਸਤ ਵਿੱਚ ਉਦੋਂ ਤੱਕ ਰੱਖਿਆ ਜਾਂਦਾ, ਜਦੋਂ ਤੱਕ ਕਿ ਉਹ ਉਨ੍ਹਾਂ ਦੀ ਰਾਖੀ ਲਈ ਕੋਈ ਮਜ਼ਬੂਤ ਗਾਰਡ ਭੇਜ ਸਕਦਾ[1]। ਕਾਵਨ ਨੇ ਉਸ ਉੱਤੇ ਬਾਅਦ 'ਚ ਟਿੱਪਣੀ ਕੀਤੀ ਕਿ "ਇਸ ਨੋਟ ਵਿੱਚ ਉਨ੍ਹਾਂ ਦੀ ਅਦਾਲਤੀ ਸੁਣਵਾਈ ਕੀਤੇ ਜਾਣ ਸਬੰਧੀ ਕੋਈ ਦਿਸ਼ਾ-ਨਿਰਦੇਸ਼ ਨਹੀਂ ਸਨ" ਤੇ ਇਹ ਕਿ ਉਸ ਨੇ "ਨੋਟ ਮੇਰੀ (ਉਸ ਦੀ) ਜੇਬ ਵਿੱਚ ਪਾ ਦਿੱਤਾ ਸੀ ਅਤੇ ਉਸ ਬਾਰੇ ਹੋਰ ਸੋਚਿਆ ਵੀ ਨਹੀਂ ਸੀ। ਉਸ ਵਿੱਚ ਸਿਰਫ਼ ਇੱਕ ਸੁਝਾਅ ਸੀ, ਜਿਸ ਉਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ਸੀ ਕਿਉਂਕਿ ਗ੍ਰਿਫ਼ਤਾਰ ਕੀਤੇ ਗਏ ਕੂਕੇ ਤਦ ਰਾਹ 'ਚ ਹੀ ਸਨ ਤੇ ਕੋਟਲਾ ਪੁੱਜਣ ਵਾਲੇ ਸਨ।[2]" ਪਰ ਇਸ ਗੱਲ ਦਾ ਫ਼ੋਰਸਾਈਥ ਨੇ ਇਹ ਆਖਦਿਆਂ ਵਿਰੋਧ ਕੀਤਾ ਸੀ ਕਿ: "16 ਤਰੀਕ ਦੀ ਸ਼ਾਮ ਨੂੰ ਲੁਧਿਆਣਾ ਪੁੱਜਣ 'ਤੇ, ਮੈਨੂੰ ਸ੍ਰੀ ਕਾਵਨ ਦੀ ਇੱਕ ਚਿੱਠੀ ਮਿਲੀ, ਜਿਸ ਵਿੱਚ ਸ੍ਰੀ ਕਾਵਨ ਨੇ ਆਪਣੇ ਕੈਦੀਆਂ ਨੂੰ ਤੁਰੰਤ ਮੌਤ ਦੇ ਘਾਟ ਉਤਾਰਨ ਦੀ ਇੱਛਾ ਜ਼ਾਹਿਰ ਕੀਤੀ ਸੀ। ਮੈਂ ਉਸ ਨੂੰ ਲਿਖਤੀ ਬੇਨਤੀ ਕੀਤੀ ਸੀ ਕਿ ਪਟਿਆਲਾ ਦੇ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤੇ ਸਾਰੇ ਵਿਅਕਤੀ ਉਦੋਂ ਤੱਕ ਉਨ੍ਹਾਂ ਦੀ ਹਿਰਾਸਤ 'ਚ ਹੀ ਰਹਿਣ ਦਿੱਤੇ ਜਾਣ, ਜਦੋਂ ਤੱਕ ਮੈਂ ਇੱਕ ਗਾਰਡ ਨਹੀਂ ਭੇਜ ਦਿੰਦਾ, ਜੋ ਉਨ੍ਹਾਂ ਨੂੰ ਸੁਣਵਾਈ ਲਈ ਲੁਧਿਆਣਾ ਲੈ ਕੇ ਆਵੇਗਾ।"

ਕਾਵਨ ਤਾਂ ਜਿਵੇਂ ਆਪਣੇ ਪਹਿਲੇ ਫ਼ੈਸਲੇ 'ਤੇ ਹੀ ਅੜਿਆ ਹੋਇਆ ਸੀ, ਜਦ ਕਿ ਉਸ ਨੂੰ ਇਹ ਗੱਲ ਪਤਾ ਸੀ ਕਿ ਇਸ ਮਾਮਲੇ 'ਚ ਉਸ ਕੋਲ ਕੋਈ ਕਾਨੂੰਨੀ ਅਧਿਕਾਰ ਹਾਸਲ ਨਹੀਂ ਹੈ ਤੇ ਉਸ ਦੇ ਸੀਨੀਅਰ ਅਧਿਕਾਰੀ ਨੇ ਉਸ ਨੂੰ ਕਾਹਲ਼ੀ 'ਚ ਕੋਈ ਵੀ ਕਾਰਵਾਈ ਨਾ ਕਰਨ ਲਈ ਆਖਿਆ ਹੈ, ਇਸ ਦੇ ਬਾਵਜੂਦ ਉਸ ਨੇ ਸਾਰੇ 68 ਕੂਕਾ ਕੈਦੀਆਂ ਨੂੰ ਕੋਟਲਾ ਦੇ ਪਰੇਡ ਗ੍ਰਾਊਂਡਜ਼ 'ਚ ਲਿਜਾਣ ਲਈ ਆਖਿਆ ਅਤੇ ਉਨ੍ਹਾਂ 'ਚੋਂ ਪੰਜਾਹ ਜਣਿਆਂ ਨੂੰ ਪਟਿਆਲਾ, ਨਾਭਾ ਤੇ ਮਲੇਰਕੋਟਲਾ ਦੇ ਫ਼ੌਜੀਆਂ ਦੀ ਮੌਜੂਦਗੀ ਵਿੱਚ ਤੁਰੰਤ ਤੋਪਾਂ ਨਾਲ ਉਡਾ ਦਿੱਤਾ ਗਿਆ, ਜੋ ਇਸ ਮੌਕੇ ਲਈ ਖਾਸ ਤੌਰ ਤੇ ਬੁਲਾਏ ਗਏ ਸਨ। ਬਾਕੀਆਂ ਨੂੰ ਵੀ (ਦੋ ਔਰਤਾਂ ਇੰਦ ਕੌਰ ਤੇ ਖੇਮ ਕੌਰ ਨੂੰ ਛੱਡ ਕੇ, ਜੋ ਪਟਿਆਲਾ ਦੀ ਫ਼ੌਜੀ ਟੁਕੜੀ ਦੇ ਕਮਾਂਡੈਂਟ ਦੀ ਹਿਰਾਸਤ 'ਚ ਸਨ ਤੇ ਜਿਨ੍ਹਾਂ ਨੂੰ ਬਾਅਦ 'ਚ ਰਿਹਾਅ ਕਰ ਦਿੱਤਾ ਗਿਆ ਸੀ) ਉਹ ਅਗਲੇ ਦਿਨ ਮਲੌਦ 'ਚ ਮਾਰ ਦੇਣਾ ਚਾਹੁੰਦਾ ਸੀ। ਜਦੋਂ ਉਹ ਆਪਣੇ ਇਸ ਖ਼ੂਨੀ ਤੇ ਜ਼ਾਲਮ ਕਾਰੇ ਨੂੰ ਅੰਜਾਮ ਦੇ ਰਿਹਾ ਸੀ, ਉਸ ਨੂੰ ਕਮਿਸ਼ਨਰ ਦੀਆਂ ਦੋ ਚਿੱਠੀਆਂ ਮਿਲੀਆਂ, ਜਿਨ੍ਹਾਂ ਵਿੱਚੋਂ ਇੱਕ ਡੀ.ਓ. ਚਿੱਠੀ ਸੀ, ਜਿਸ ਵਿੱਚ ਲਿਖਿਆ ਸੀ[4]:

---

1. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 53, 56
2. -ਉਹੀ-
3. -ਉਹੀ-
4. -ਉਹੀ-, ਨਾਲ ਇਹ ਵੀ - ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132

"ਮੇਰੇ ਪਿਆਰੇ ਕਾਵਨ,

ਤੂੰ ਸ਼ਲਾਘਾਯੋਗ ਕੰਮ ਕੀਤਾ ਹੈ ਪਰ ਰੱਬ ਦੇ ਵਾਸਤੇ ਕਿਤੇ ਕਾਹ੍ਹਲੀ 'ਚ ਕੋਈ ਕਾਰਵਾਈ ਕਰ ਕੇ ਮੁਕੰਮਲ ਕਾਮਯਾਬੀ ਤੋਂ ਵਾਂਝਾ ਰਹਿ ਨਾ ਜਾਵੀਂ। ਕੋਟਲਾ ਇਲਾਕੇ 'ਚ ਫੜੇ ਵਿਅਕਤੀਆਂ ਨੂੰ ਚੀਫ਼ ਕੋਰਟ 'ਚ ਭੇਜ ਕੇ ਬਿਨਾਂ ਕਿਸੇ ਦੇਰੀ ਦੇ ਕਾਨੂੰਨੀ ਤੌਰ 'ਤੇ ਫਾਂਸੀ ਦਿੱਤੀ ਜਾ ਸਕਦੀ ਹੈ, ਕਿਉਂਕਿ ਅਜਿਹੇ ਮਾਮਲਿਆਂ 'ਚ ਆਮ ਤੌਰ 'ਤੇ ਇਵੇਂ ਹੀ ਕੀਤਾ ਜਾਂਦਾ ਹੈ, ਸਾਰੀ ਕਾਰਵਾਈ ਮੈਨੂੰ ਭੇਜ ਤੇ ਸਮਾਂ ਬਚਾਉਣ ਤੇ ਕਿਸੇ ਮੁਸੀਬਤ ਤੋਂ ਬਚਣ ਲਈ, ਮੈਂ ਜਦੋਂ ਵੀ ਬਾਬਾ ਰਾਮ ਸਿੰਘ ਜੀ ਦਾ ਮਾਮਲਾ ਨਿਬੇੜ ਲਿਆ, ਤਦ ਤੁਰੰਤ ਕੋਟਲਾ ਜਾਵਾਂਗਾ। ਪਰ ਜੇ ਤੂੰ ਮਲੌਦ 'ਚ ਫੜੇ ਇਨ੍ਹਾਂ ਲੋਕਾਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ, ਤਾਂ ਤੂੰ ਮੁਕੰਮਲ ਕਾਮਯਾਬੀ ਤੋਂ ਵਿਰਵਾ ਰਹਿ ਜਾਵੇਂਗਾ; ਬਾਰਾਂ ਘੰਟਿਆਂ ਦੀ ਦੇਰੀ ਨਾਲ ਉਨ੍ਹਾਂ ਨੂੰ ਪੇਸ਼ ਕਰਨ 'ਚ ਕੋਈ ਨੁਕਸਾਨ ਨਹੀਂ ਹੈ, ਜਦ ਕਿ ਗ਼ੈਰ-ਕਾਨੂੰਨੀ ਕਾਰਵਾਈ ਨਾਲ ਮੁਸੀਬਤ ਖੜ੍ਹੀ ਹੋ ਸਕਦੀ ਹੈ। ਮੈਂ ਸਿਰਫ਼ ਸਵੇਰੇ ਬਾਬਾ ਰਾਮ ਸਿੰਘ ਜੀ ਦੇ ਆਉਣ ਦੀ ਉਡੀਕ ਕਰ ਰਿਹਾ ਹਾਂ ਤੇ ਫਿਰ ਮੈਂ ਤੁਰੰਤ ਇੱਥੋਂ ਨਿਕਲਾਂਗਾ।"

ਫ਼ੋਰਸਾਈਥ ਦੀ ਅਧਿਕਾਰਤ ਚਿੱਠੀ ਨੇ ਕੂਕਿਆਂ ਵੱਲੋਂ ਕੀਤੇ ਅਪਰਾਧਾਂ ਦੇ ਸਬੰਧ ਵਿੱਚ ਕਾਨੂੰਨੀ ਸਥਿਤੀ ਦੀ ਵਿਆਖਿਆ ਕਰ ਦਿੱਤੀ ਸੀ। ਉਸ ਵਿੱਚ ਲਿਖਿਆ ਸੀ[1]: "ਹੁਣ ਪਟਿਆਲਾ ਖੇਤਰ ਵਿੱਚ ਗ੍ਰਿਫ਼ਤਾਰ ਕਰ ਕੇ ਰੱਖੇ ਗਏ ਕੂਕਿਆਂ ਦੇ ਜੱਥੇ ਨੇ ਦੋ ਵੱਖੋ-ਵੱਖਰੇ ਅਪਰਾਧ ਕੀਤੇ ਹਨ, ਇੱਕ ਅਪਰਾਧ ਨੇ ਬ੍ਰਿਟਿਸ਼ ਅਧਿਕਾਰ-ਖੇਤਰ ਨੂੰ ਪ੍ਰਭਾਵਿਤ ਕੀਤਾ ਹੈ, ਜਦ ਕਿ ਉਨ੍ਹਾਂ ਵੱਲੋਂ ਕੀਤੇ ਗਏ ਦੂਜੇ ਜੁਰਮ ਰਾਹੀਂ ਮਲੇਰਕੋਟਲਾ ਦਾ ਨੀਮ-ਆਜ਼ਾਦ ਅਧਿਕਾਰ-ਖੇਤਰ ਪ੍ਰਭਾਵਿਤ ਹੋਇਆ ਹੈ। ਜਿੱਥੋਂ ਤੱਕ ਮਲੇਰਕੋਟਲਾ 'ਚ ਕੀਤੇ ਜੁਰਮਾਂ ਦਾ ਸਬੰਧ ਹੈ, ਅਧਿਕਾਰੀਆਂ ਨੂੰ ਅਪਰਾਧੀਆਂ ਦੀ ਸੁਣਵਾਈ ਕਰਨ ਤੇ ਸਜ਼ਾ ਦੇਣ ਦਾ ਪੂਰਾ ਅਧਿਕਾਰ ਹੈ ਪਰ ਜਦੋਂ ਮੌਤ ਦੀ ਸਜ਼ਾ ਦੇਣੀ ਹੋਵੇ, ਤਾਂ ਕੇਸ ਨੂੰ ਕਮਿਸ਼ਨਰ ਕੋਲ ਭੇਜਣਾ ਹੁੰਦਾ ਹੈ।"

ਇਸ ਚਿੱਠੀ ਦੇ ਚੌਥੇ ਪੈਰ੍ਹੇ ਵਿੱਚ ਡਿਪਟੀ ਕਮਿਸ਼ਨਰ ਨੂੰ ਕੁਝ ਇੰਝ ਬੇਨਤੀ ਕੀਤੀ ਗਈ: "ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਇਹ ਕੇਸ ਤੁਰੰਤ ਤਿਆਰ ਕਰ ਦੇਵੋ ਜਿਵੇਂ ਕਿ ਤੁਹਾਨੂੰ ਜਾਪਦਾ ਹੈ ਕਿ ਇਹ ਮੌਤ ਦੀ ਸਜ਼ਾ ਦੇ ਹੱਕਦਾਰ ਹਨ ਤੇ ਮੈਂ ਤੁਰੰਤ ਹੁਕਮ ਜਾਰੀ ਕਰ ਦੇਵਾਂਗਾ। ਪਰ ਜਿਵੇਂ ਤੂੰ ਇਸ ਮਾਮਲੇ 'ਚ ਤੁਰੰਤ ਕਾਰਵਾਈ ਪਾਉਣ ਦੀ ਇੱਛਾ ਪ੍ਰਗਟਾਈ ਹੈ, ਇਸ ਕੇਸ 'ਚ ਅਜਿਹਾ ਕੁਝ ਨਹੀਂ ਹੈ ਕਿ ਤੈਅਸ਼ੁਦਾ ਬਹੁਤ ਸਾਧਾਰਣ ਜਿਹੀ ਕਾਰਜ-ਵਿਧੀ ਨੂੰ ਤਿਆਗ ਦਿੱਤਾ ਜਾਵੇ। ਮੇਰਾ ਬਹੁਤ ਛੇਤੀ ਮਲੇਰਕੋਟਲਾ ਆਉਣਾ ਪ੍ਰਸਤਾਵਿਤ ਹੈ।"

ਕਾਵਨ ਨੇ ਅਜਿਹਾ ਕੁਝ ਨਹੀਂ ਕੀਤਾ ਤੇ ਮੁਲਜ਼ਮਾਂ ਨੂੰ ਮੌਤ ਦੀ ਸਜ਼ਾ ਦੇਣ ਦੇ ਕੰਮ ਵਿੱਚ ਲੱਗਾ ਰਿਹਾ, ਜਿਵੇਂ ਕੁਝ ਵੀ ਅਹਿਮ ਨਾ ਆਖਿਆ ਗਿਆ ਹੋਵੇ ਤੇ ਉਸ ਨੇ ਉਦੋਂ ਤੱਕ ਰੁਕਣਾ ਜ਼ਰੂਰੀ ਨਹੀਂ ਸਮਝਿਆ, ਜਦੋਂ ਤੱਕ ਕਿ ਉਸ ਨੇ 49 ਕੈਦੀਆਂ

1. -ਉਹੀ-, ਪੰਨਾ 11.

ਨੂੰ ਤੋਪਾਂ ਨਾਲ ਨਹੀਂ ਉਡਾ ਦਿੱਤਾ ਅਤੇ ਉਸ ਕੈਦੀ ਦੇ ਤਲਵਾਰ ਨਾਲ ਟੋਟੇ-ਟੋਟੇ ਕਰ ਦਿੱਤੇ, ਜਿਸ ਨੇ ਕਾਵਨ ਉਤੇ ਹਮਲਾ ਕੀਤਾ ਸੀ।

50 ਕੈਦੀਆਂ ਨੂੰ ਮੌਤ ਦੇ ਘਾਟ ਉਤਾਰਨ ਤੋਂ ਬਾਅਦ ਉਸ ਨੇ ਕਮਿਸ਼ਨਰ ਨੂੰ ਚਿੱਠੀ ਲਿਖ ਕੇ ਵਿਸਥਾਰਪੂਰਬਕ ਉਹ ਕਾਰਣ ਦੱਸੇ ਕਿ ਉਸ ਨੇ ਕਮਿਸ਼ਨਰ ਦੀ ਹੁਕਮ-ਅਦੂਲੀ ਕਿਉਂ ਕੀਤੀ। ਉਸ ਨੇ ਲਿਖਿਆ[1]: "ਇਹ ਸਭ ਤੋਂ ਵੱਧ ਦਰਦਨਾਕ ਡਿਊਟੀ ਸੀ ਅਤੇ ਇਹ ਅੱਜ ਦੀ ਤਰੀਕ ਦੀ ਤੁਹਾਡੀ ਚਿੱਠੀ ਮਿਲਣ ਤੋਂ ਬਾਅਦ ਮੇਰੇ ਲਈ ਹੋਰ ਵੀ ਜ਼ਿਆਦਾ ਦੁਖਦਾਈ ਬਣ ਗਈ ਕਿ ਮੈਂ ਸ਼ਬਦਾਂ 'ਚ ਬਿਆਨ ਨਹੀਂ ਕਰ ਸਕਦਾ। ਇਹ ਚਿੱਠੀ ਮੈਨੂੰ ਉਦੋਂ ਮਿਲੀ ਜਦੋਂ ਤੋਪਾਂ ਦਾ ਆਖ਼ਰੀ ਗੇੜ ਉਡਾਇਆ ਜਾ ਰਿਹਾ ਸੀ, ਜਿਸ ਵਿੱਚ ਮੈਥੋਂ ਆਸ ਕੀਤੀ ਗਈ ਸੀ ਕਿ ਮੈਂ ਜਾਂਚ ਕਰਾਂ ਤੇ ਸਜ਼ਾ ਲਈ ਇਸ ਦੀ ਕਾਰਵਾਈ ਤੁਹਾਨੂੰ ਭੇਜਾਂ। ਮੈਂ ਤੈਅ ਕੀਤੀ ਆਪਣੀ ਸਜ਼ਾ ਨੂੰ ਅਮਲੀ ਰੂਪ ਦੇਣ ਲਈ ਪੂਰੀ ਈਮਾਨਦਾਰੀ ਤੇ ਸੁਹਿਰਦਤਾ ਨਾਲ ਸਰਕਾਰ ਦੇ ਬਿਹਤਰ ਹਿੱਤਾਂ ਲਈ ਹੀ ਕੰਮ ਕੀਤਾ। ਇਸ ਬਗ਼ਾਵਤ ਨੇ ਬਹੁਤ ਵੱਡਾ ਰੂਪ ਅਖ਼ਤਿਆਰ ਕਰ ਲੈਣਾ ਸੀ, ਜਿਸ ਨੂੰ ਸ਼ੁਰੂਆਤ 'ਚ ਹੀ ਨੱਪ ਲਿਆ ਗਿਆ ਅਤੇ ਮੇਰੇ ਖ਼ਿਆਲ ਅਨੁਸਾਰ ਬਹੁਤ ਸਖ਼ਤ ਤੇ ਤੁਰੰਤ ਸਜ਼ਾ ਇਸ ਲਈ ਬਹੁਤ ਜ਼ਰੂਰੀ ਸੀ ਕਿ ਤਾਂ ਜੋ ਅਜਿਹਾ ਵਿਦ੍ਰੋਹ ਮੁੜ ਨਾ ਉੱਠ ਖਲੋਵੇ।"

ਆਪਣੀ ਜ਼ਾਲਮਾਨਾ ਤੇ ਵਹਿਸ਼ੀਆਨਾ ਕਾਰਵਾਈ 'ਤੇ ਕੋਈ ਪਛਤਾਵਾ ਕੀਤੇ ਬਗ਼ੈਰ ਉਸ ਨੇ ਉਪਰੋਕਤ ਚਿੱਠੀ ਨੂੰ ਇਸ ਗੰਭੀਰ ਤੇ ਉਤਸ਼ਾਹੀ ਅਪੀਲ ਨਾਲ ਖ਼ਤਮ ਕੀਤਾ ਕਿ ਬਾਕੀ ਦੇ ਸੋਲ੍ਹਾਂ ਕੈਦੀਆਂ ਨੂੰ ਵੀ ਬਿਨਾ ਕਿਸੇ ਦੇਰੀ ਦੇ ਮੌਤ ਦੀ ਸਜ਼ਾ ਦੀ ਪ੍ਰਵਾਨਗੀ ਦਿੱਤੀ ਜਾਵੇ: "ਮੇਰਾ ਤੁਹਾਡੇ 'ਚ ਬਹੁਤ ਜ਼ਿਆਦਾ ਵਿਸ਼ਵਾਸ ਹੈ ਤੇ ਤੁਸੀਂ ਇਸ ਵਿਆਖਿਆ ਤੋਂ ਬਾਅਦ ਮੇਰੀ ਉਸ ਕਾਰਵਾਈ ਨੂੰ ਜ਼ਰੂਰ ਪ੍ਰਵਾਨ ਕਰ ਲਵੋਗੇ ਜੋ ਮੈਂ ਕੀਤੀ ਹੈ। ਮੈਂ ਇੱਥੇ 16 ਬਾਗ਼ੀਆਂ, ਜਿਨ੍ਹਾਂ ਨੂੰ ਹਾਲੇ ਤੱਕ ਸਜ਼ਾ ਨਹੀਂ ਮਿਲੀ, ਨੂੰ ਲੈ ਕੇ ਬਹੁਤ ਜ਼ਿਆਦਾ ਔਖੀ ਸਥਿਤੀ 'ਚ ਹਾਂ। ਜਿਵੇਂ ਕਿ ਮੈਂ ਪਹਿਲਾਂ ਵੀ ਬਿਆਨ ਕਰ ਚੁੱਕਾ ਹਾਂ ਕਿ ਮੇਰੀ ਮਨਸ਼ਾ ਸੀ ਕਿ ਭਲਕੇ ਮੈਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨ ਲਈ ਮਲੌਦ ਭੇਜ ਦੇਵਾਂ ਅਤੇ ਮੈਂ ਤਹਿ ਦਿਲੋਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਸਜ਼ਾ ਨੂੰ ਅਮਲੀ ਰੂਪ ਦੇਣ ਦੀ ਪ੍ਰਵਾਨਗੀ ਤੁਰੰਤ ਦੇ ਦੇਵੋਗੇ।"

ਫ਼ੋਰਸਾਈਥ ਨੇ ਬਾਕੀ ਦੇ ਕੈਦੀਆਂ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਪਰ ਕਾਵਨ ਨੂੰ ਭੇਜੇ ਇੱਕ ਅਣਅਧਿਕਾਰਤ ਸੰਦੇਸ਼ ਰਾਹੀਂ ਉਸ ਦੀ ਪ੍ਰਵਾਨਗੀ ਨੂੰ ਦਰੁਸਤ ਠਹਿਰਾਇਆ; ਇਹ ਸੁਨੇਹਾ ਉਸ ਨੇ ਕੋਟਲਾ ਰਵਾਨਗੀ ਪਾਉਣ ਤੋਂ ਕੁਝ ਸਮਾਂ ਪਹਿਲਾਂ 18 ਤਰੀਕ ਨੂੰ ਭੇਜਿਆ ਸੀ। ਉਸ ਨੇ ਲਿਖਿਆ[2]: "ਇੱਕ ਗੱਲ ਆਖਣੀ ਹੈ, ਜੋ ਕੁਝ ਵੀ ਤੂੰ ਕੀਤਾ ਹੈ, ਮੈਂ ਉਸ ਦੀ ਪੂਰੀ ਤਰ੍ਹਾਂ ਪੁਸ਼ਟੀ ਕਰਦਾ ਤੇ ਪ੍ਰਵਾਨ ਵੀ ਕਰਦਾ ਹਾਂ। ਤੂੰ ਤੁਰਤ-ਫੁਰਤ ਪੂਰੇ ਜੋਸ਼ ਨਾਲ ਕਾਰਵਾਈ ਪਾਈ ਹੈ। ਮੈਂ ਆ ਰਿਹਾ

1. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 16
2. ਹੋਮ ਜੁਡੀਸ਼ੀਅਲ (ਏ) ਜੁਲਾਈ 1872, ਪ੍ਰੋਗਸ. 208-11

ਹਾਂ।'' ਉਸ ਦੇ ਛੇਤੀ ਹੀ ਪਿੱਛੋਂ, ਉਹ ਕਰਨਲ ਗਫ਼ ਤੇ ਕੁਝ ਫ਼ੌਜੀਆਂ ਨਾਲ ਮਾਲੇਰ ਕੋਟਲਾ ਪੁੱਜਾ। ਕਾਵਨ ਨੇ ਤਦ ਤੱਕ ਮਾਲੇਰ ਕੋਟਲਾ[1] ਦੇ ਨਾਜ਼ਿਮ ਤੇ ਤਹਿਸੀਲਦਾਰ ਦੀ ਮਦਦ ਨਾਲ ਬਾਕੀ ਰਹਿੰਦੇ ਕੈਦੀਆਂ ਦੇ ਬਿਆਨ ਦਰਜ ਕਰ ਲਏ ਸਨ ਤੇ ਉਨ੍ਹਾਂ ਵਿਰੁੱਧ ਕੇਸ ਤਿਆਰ ਕਰ ਲਿਆ ਸੀ ਤੇ ਮਾਲੇਰ ਕੋਟਲਾ ਰਿਆਸਤ ਲਈ ਵਾਇਸਰਾਏ ਦੇ ਏਜੰਟ ਵਜੋਂ ਉਸ ਨੇ ਕਮਿਸ਼ਨਰ ਦੀ ਆਮਦ 'ਤੇ ਬਿਨਾ ਸਮਾਂ ਖ਼ਰਾਬ ਕੀਤਿਆਂ ਸਾਰੇ ਮੁਲਜ਼ਮ ਉਸ ਸਾਹਵੇਂ ਪੇਸ਼ ਕਰ ਦਿੱਤੇ। ਇੰਝ ਉਸ ਨੇ ਅਧਿਕਾਰੀ ਸਾਹਮਣੇ ਦ੍ਰਿੜ੍ਹਤਾ ਨਾਲ ਜਚਾ ਦਿੱਤਾ ਕਿ ਇਨ੍ਹਾਂ ਮੁਲਜ਼ਮਾਂ ਨੇ ਇਸ ਗੁਨਾਹ ਨੂੰ ਅੰਜਾਮ ਦਿੱਤਾ ਹੈ ਤੇ ਉਸ ਨੇ ਸਿਫ਼ਾਰਸ਼ ਕੀਤੀ: ''ਇਨ੍ਹਾਂ ਨੇ ਬਿਲਕੁਲ ਸ਼ਰੇਆਮ ਬਗ਼ਾਵਤ ਕੀਤੀ ਹੈ ਤੇ ਇਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਬਣਦੀ ਹੈ[2]।'' ''ਸਖ਼ਤ ਤੋਂ ਸਖ਼ਤ ਸਜ਼ਾ'' ਤੋਂ ਭਾਵ ਸੀ: ਮੌਤ ਦੀ ਸਜ਼ਾ ਕਿਉਂਕਿ ਜੇ ਕੋਈ ਹੋਰ ਘੱਟ ਸਖ਼ਤ ਸਜ਼ਾ ਹੁੰਦੀ, ਤਾਂ ਕਾਨੂੰਨ ਮੁਤਾਬਕ ਇਹ ਮਾਮਲਾ ਕਮਿਸ਼ਨਰ ਕੋਲ ਭੇਜਣ ਦੀ ਕੋਈ ਜ਼ਰੂਰਤ ਹੀ ਨਹੀਂ ਸੀ। ਕਮਿਸ਼ਨਰ ਨੇ ਵੀ ਉਸ ਫ਼ਾਈਲ ਨੂੰ ਪ੍ਰਵਾਨਗੀ ਦੇਣ 'ਚ ਕੋਈ ਸਮਾਂ ਨਹੀਂ ਲਾਇਆ ਪਰ ਉਸ ਨੇ ਆਪਣੇ ਫ਼ੈਸਲੇ ਨਾਲ ਇਹ ਟਿੱਪਣੀਆਂ ਵੀ ਕੀਤੀਆਂ: ''ਮੈਂ ਸਮਰੱਥ ਅਧਿਕਾਰੀ ਨਾਲ ਸਹਿਮਤ ਹਾਂ ਤੇ ਇਨ੍ਹਾਂ ਸਾਰਿਆਂ ਨੂੰ ਤੁਰੰਤ ਮੌਤ ਦੇ ਘਾਟ ਉਤਾਰਨ ਦੀ ਸਜ਼ਾ ਦੀ ਪੁਸ਼ਟੀ ਕਰਦਾ ਹਾਂ[3]।'' ਇਸ ਦੇ ਛੇਤੀ ਪਿੱਛੋਂ ਸਾਰੇ 16 ਕੈਦੀਆਂ ਨੂੰ ਪਰੇਡ ਗ੍ਰਾਊਂਡਜ਼ 'ਚ ਲਿਜਾਂਦਾ ਗਿਆ ਤੇ ਬਿਲਕੁਲ ਉਵੇਂ ਹੀ ਉਨ੍ਹਾਂ ਨੂੰ ਵੀ ਤੋਪਾਂ ਨਾਲ ਉਡਾ ਦਿੱਤਾ ਗਿਆ, ਜਿਵੇਂ ਕਿ ਪਿਛਲੇ ਦਿਨ ਉਨ੍ਹਾਂ ਦੇ ਭਰਾਵਾਂ ਨਾਲ ਕੀਤਾ ਗਿਆ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਉਸ ਨੇ ਪੰਜਾਬ ਸਰਕਾਰ ਨੂੰ ਭੇਜੀ ਆਪਣੀ ਅਧਿਕਾਰਤ ਚਿੱਠੀ 'ਚ 17 ਤਰੀਕ ਨੂੰ ਕਾਵਨ ਵੱਲੋਂ ਦਿੱਤੀਆਂ ਸਜ਼ਾਵਾਂ ਦਾ ਕੋਈ ਵਿਰੋਧ ਨਹੀਂ ਕੀਤਾ, ਸਗੋਂ ਦਰਅਸਲ ਉਸ ਵੱਲੋਂ ਤੁਰਤ-ਫੁਰਤ ਕੀਤੀ ਗਈ ਕਾਰਵਾਈ ਲਈ ਉਸ ਦੀ ਸ਼ਲਾਘਾ ਕੀਤੀ ਕਿ ਉਸ ਨੇ ਇਸ ''ਅੰਸ਼ਕ ਬਗ਼ਾਵਤ'' ਨੂੰ ਦਬਾ ਦਿੱਤਾ[4]।

ਉਪਰੋਕਤ ਸੁਣਵਾਈ ਕਮਿਸ਼ਨਰ ਫ਼ੋਰਸਾਈਥ ਦੇ ਹੁਕਮਾਂ ਅਨੁਸਾਰ ਹੋਈ ਸੀ, ਜਿਸ ਉੱਤੇ ਕੁਝ ਗੰਭੀਰ ਕਿਸਮ ਦੇ ਸ਼ੰਕੇ ਪ੍ਰਗਟਾਏ ਗਏ ਕਿ ਕੀ ਇਹ ਸਾਰੀ ਕਾਰਵਾਈ ਦਰੁਸਤ ਸੀ। ਕੀ ਕਾਵਨ ਤੇ ਮਾਲੇਰ ਕੋਟਲਾ ਦੇ ਦੋ ਅਧਿਕਾਰੀਆਂ ਦਾ ਬਣਾਇਆ ਗਿਆ ਟ੍ਰਿਬਿਊਨਲ ਵਾਜਬ ਸੀ ? ਕਾਵਨ ਨੂੰ ਇਸ ਵਿੱਚ ਕਿਵੇਂ ਸ਼ਾਮਲ ਕੀਤਾ ਗਿਆ ? ਕੀ ਉਹ ਕੋ-ਆਪਟ ਮੈਂਬਰ ਸੀ ? ਉਹ ਸਮਰੱਥ ਅਧਿਕਾਰੀ ਵਜੋਂ ਕਾਰਵਾਈ (ਮਾਲੇ ਰ ਕੋਟਲਾ ਰਿਆਸਤ ਦਾ ਕੋਈ ਵਿਸ਼ਾ ਨਹੀਂ) ਕਿਵੇਂ ਪਾ ਸਕਦਾ ਸੀ? ਕੀ ਇਹ ਸੂਬਾ ਸਰਕਾਰ ਦਾ ਅਧਿਕਾਰ ਨਹੀਂ ਸੀ ? ਫਿਰ ਇਹ ਸੁਆਲ ਵੀ ਕਿ ਕੀ ਟ੍ਰਿਬਿਊਨਲ 'ਚ

1. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 18
2. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132
3. -ਉਹੀ-
4. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 18

ਮੌਜੂਦ ਕੋਟਲਾ ਦੇ ਅਧਿਕਾਰੀਆਂ ਨੂੰ ਕੋਈ ਕਾਨੂੰਨੀ ਅਧਿਕਾਰ ਪ੍ਰਾਪਤ ਸੀ ? ਇਸ ਵਿਸ਼ੇ ਉਤੇ ਇਨ੍ਹਾਂ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਕਿੰਤੂ-ਪ੍ਰੰਤੂ ਕੀਤੇ ਜਾ ਸਕਦੇ ਹਨ। ਇਨ੍ਹਾਂ 'ਚੋਂ ਕੁਝ ਦੇ ਜੁਆਬ ਦੇਣ ਲਈ ਉਸ ਕਾਨੂੰਨ ਅਧੀਨ ਜਾਂਚ ਦੀ ਜ਼ਰੂਰਤ ਸੀ, ਜੋ ਮਾਲੇਰ ਕੋਟਲਾ ਦੇ ਅਧਿਕਾਰ-ਖੇਤਰ ਵਿੱਚ ਲਾਗੂ ਸੀ। ਸਾਰੀ ਪ੍ਰਾਪਤ ਜਾਣਕਾਰੀ ਦੇ ਆਧਾਰ ਉਤੇ ਵੀ ਇਹੋ ਕਿਹਾ ਜਾ ਸਕਦਾ ਹੈ ਕਿ ਇਹ ਨਾ ਸਿਰਫ਼ ਝੂਠੀ ਸੁਣਵਾਈ ਸੀ, ਸਗੋਂ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਕਾਰਵਾਈ ਸੀ (ਜੇ ਲਿਖਤੀ ਤੌਰ 'ਤੇ ਨਹੀਂ ਸੀ, ਤਾਂ ਭਾਵਨਾਤਮਕ ਤੌਰ 'ਤੇ ਤਾਂ ਜ਼ਰੂਰ ਸੀ)। ਜੇ ਕਮਿਸ਼ਨਰ ਪਹਿਲਾਂ ਕਾਵਨ ਨੂੰ ਲੁਧਿਆਣਾ 'ਚ ਬੈਠ ਕੇ ਅਜਿਹੀ ਸੁਣਵਾਈ ਕਰਨ ਦੀ ਜ਼ਿੱਦ ਕਰ ਰਿਹਾ ਸੀ, ਤਦ ਤਾਂ ਇਹੋ ਆਖਿਆ ਜਾ ਸਕਦਾ ਹੈ ਕਿ ਅੰਤਿਮ ਵਿਸ਼ਲੇਸ਼ਣ 'ਚ ਤਾਂ ਫਿਰ ਫ਼ੋਰਸਾਈਥ ਤੇ ਕਾਵਨ ਤੋਂ ਬਿਨਾਂ ਹੋਰ ਕੋਈ ਬਦਲ ਬਚਦਾ ਹੀ ਨਹੀਂ ਸੀ। ਉਹ ਦੋਵੇਂ ਹੀ ਬਹੁਤ ਜ਼ਿਆਦਾ ਤਾਨਾਸ਼ਾਹੀ ਰਵੱਈਏ ਲਈ ਗੁਨਾਹਗਾਰ ਸਨ।

ਕੈਦੀਆਂ ਨੂੰ ਤੋਪਾਂ ਨਾਲ ਉਡਾਉਣ ਤੋਂ ਬਾਅਦ ਸ਼ਾਮੀਂ ਇੱਕ ਦਰਬਾਰ ਲਾਇਆ ਗਿਆ, ਜਿੱਥੇ ਕਮਿਸ਼ਨਰ ਨੇ ਮਾਲੇਰ ਕੋਟਲਾ ਰਿਆਸਤ ਦੀ ਤਰਫ਼ੋਂ ਉਨ੍ਹਾਂ ਅੱਠ ਜਣਿਆਂ ਨੂੰ 1,800 ਰੁਪਏ ਦੇ ਨਕਦ ਇਨਾਮ ਦਿੱਤੇ, ਜਿਨ੍ਹਾਂ ਨੇ ਘੁਸਪੈਠੀਆਂ ਨੂੰ ਕਾਬੂ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ ਸੀ। ਅਮਰਗੜ੍ਹ ਦੇ ਨਾਇਬ ਨਾਜ਼ਿਮ - ਨਿਆਜ਼ ਅਲੀ ਨੂੰ ਸਭ ਤੋਂ ਵੱਧ 1,000 ਰੁਪਏ ਦਾ ਇਨਾਮ ਦਿੱਤਾ ਗਿਆ ਸੀ। ਇਸ ਦੇ ਨਾਲ ਕਮਿਸ਼ਨਰ ਦੇ ਦਸਤਖ਼ਤਾਂ ਵਾਲੇ ਧੰਨਵਾਦ ਪੱਤਰ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਦੇ ਮਹਾਰਾਜਿਆਂ ਨੂੰ ਮਾਲੇਰ ਕੋਟਲਾ ਵੱਲੋਂ ਦਿੱਤੇ ਗਏ ਸਨ।

ਅਗਲੇ ਦਿਨ ਕਮਿਸ਼ਨਰ ਮਲੌਦ ਪੁੱਜਾ। ਉਸ ਨਾਲ ਕਾਵਨ, ਪਰਕਿਨਜ਼ (ਲੁਧਿਆਣਾ ਦਾ ਪੁਲਿਸ ਸੁਪਰਇੰਟੈਂਡੈਂਟ) ਤੇ ਗਫ਼ ਵੀ ਸਨ। ਮਲੌਦ 'ਚ ਉਸ ਨੇ ਸੈਸ਼ਨ ਜੱਜ ਦੇ ਤੌਰ 'ਤੇ ਚਾਰ ਕੂਕਿਆਂ ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਤੇ ਮਿਹਰ ਸਿੰਘ ਦੀ ਸੁਣਵਾਈ ਕੀਤੀ। ਇਹ ਸਾਰੇ ਉਹੀ ਸਨ, ਜਿਨ੍ਹਾਂ ਲਈ ਕਾਵਨ ਨੇ ਤਿੰਨ ਦਿਨ ਪਹਿਲਾਂ ਤਾਰ ਭੇਜ ਕੇ ਪੰਜਾਬ ਸਰਕਾਰ ਤੋਂ ਮੌਤ ਦੀ ਸਜ਼ਾ ਦੀ ਪ੍ਰਵਾਨਗੀ ਮੰਗੀ ਸੀ। ਫ਼ੋਰਸਾਈਥ ਨੇ ਆਪਣੇ ਫ਼ੈਸਲੇ 'ਚ ਇਨ੍ਹਾਂ ਨੂੰ ਸਜ਼ਾਯੋਗ ਅਪਰਾਧ ਦੇ ਦੋਸ਼ੀ ਪਾਇਆ ਤੇ ਕਾਨੂੰਨ ਅਧੀਨ ਮੌਤ ਦੀ ਸਜ਼ਾ ਸੁਣਾਈ। ਪਰ ਫਿਰ ਹੇਠ ਲਿਖੀਆਂ ਦੋ ਦਲੀਲਾਂ[1] ਦੇ ਆਧਾਰ 'ਤੇ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰ ਦਿੱਤਾ ਗਿਆ:

1. ਹੁਣ ਤੱਕ ਕਾਫ਼ੀ ਮਿਸਾਲ ਕਾਇਮ ਕੀਤੀ ਜਾ ਚੁੱਕੀ ਹੈ ਤੇ ਹੁਣ ਰਹਿਮ ਵਿਖਾਉਣ ਦੀ ਲੋੜ ਹੈ।

2. ਇਹ ਸਾਰੇ ਚਾਰ ਕੈਦੀ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਸਨ ਤੇ ਦੋ ਦੀਆਂ ਤਾਂ ਹੱਡੀਆਂ ਵੀ ਟੁੱਟ ਗਈਆਂ ਸਨ।

---

1. ਸੰਸਦੀ ਦਸਤਾਵੇਜ਼, 1872, ਨੰ. 356, ਪੰਨਾ 19. ਨਾਲ ਇਹ ਵੀ, ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132

ਫਿਰ ਕਾਨੂੰਨ ਮੁਤਾਬਕ ਇਹ ਫ਼ੈਸਲਾ ਚੀਫ਼ ਕੋਰਟ ਕੋਲ ਪੁਸ਼ਟੀ ਲਈ ਭੇਜ ਦਿੱਤਾ ਗਿਆ ਸੀ, ਜਿਸ ਦੀ ਛੇਤੀ ਹੀ ਪ੍ਰਵਾਨਗੀ ਵੀ ਮਿਲ ਗਈ ਸੀ।

20 ਤਰੀਕ ਨੂੰ ਮਲੌਦ ਤੋਂ ਰਵਾਨਾ ਹੋਣ ਤੋਂ ਪਹਿਲਾਂ ਫ਼ੋਰਸਾਈਥ ਨੂੰ ਪੰਜਾਬ ਸਰਕਾਰ ਦੀ ਇੱਕ ਜ਼ਰੂਰੀ ਤਾਰ ਮਿਲੀ, ਜਿਸ ਵਿੱਚ ਉਸ ਨੂੰ ਹੋਰ ਕੋਈ ਮੌਤ ਦੀ ਸਜ਼ਾ ਦੇਣ ਵਿਰੁੱਧ ਚੇਤਾਵਨੀ ਦਿੱਤੀ ਗਈ ਸੀ। ਦਰਅਸਲ, ਪੰਜਾਬ ਸਰਕਾਰ ਦੀ ਇਹ ਚੇਤਾਵਨੀ 19 ਜਨਵਰੀ ਨੂੰ ਵਾਇਸਰਾਏ ਮਿਉ ਦੀ ਤਾਰ ਮਿਲਣ ਤੋਂ ਬਾਅਦ ਦਿੱਤੀ ਗਈ ਸੀ। ਉਸ ਤਾਰ[1] 'ਚ ਲਿਖਿਆ ਸੀ: ਆਪਣੇ ਐਕਸਪ੍ਰੈੱਸ ਆਦੇਸ਼ ਜਾਰੀ ਕੀਤੇ ਬਗ਼ੈਰ ਕੂਕਿਆਂ ਨੂੰ ਤੁਰੰਤ ਮੌਤ ਦੀ ਸਜ਼ਾ ਦੇਣਾ ਰੋਕਿਆ ਜਾਵੇ।

ਕਾਵਨ ਤੇ ਫ਼ੋਰਸਾਈਥ ਵੱਲੋਂ ਕੇਵਲ ਦੋ ਦਿਨਾਂ ਦੇ ਥੋੜ੍ਹੇ ਜਿਹੇ ਸਮੇਂ ਅੰਦਰ 65 ਵਿਅਕਤੀਆਂ ਨੂੰ ਤੋਪਾਂ ਨਾਲ ਉਡਾ ਦੇਣਾ ਤੇ ਇੱਕ ਜਣੇ ਦੇ ਤਲਵਾਰ ਨਾਲ ਟੋਟੇ ਕਰ ਦੇਣਾ ਭਾਵੇਂ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਸੀ, ਫਿਰ ਵੀ ਪੰਜਾਬ ਸਰਕਾਰ ਨੇ ਉਸ ਨੂੰ ਪ੍ਰਵਾਨ ਕਰ ਦਿੱਤਾ[2] ਸੀ। ਬੇਸ਼ੱਕ ਕਾਵਨ ਦੀ ਇਸ ਕਾਰਵਾਈ ਨੂੰ ਪਸੰਦ ਨਹੀਂ ਸੀ ਕੀਤਾ ਗਿਆ ਪਰ ਫਿਰ ਵੀ ਉਸ ਦੀ ਇਸ ਹਰਕਤ ਦਾ 7, 22 ਤੇ 26 ਫ਼ਰਵਰੀ ਨੂੰ ਕੇਂਦਰ ਸਰਕਾਰ ਨੂੰ ਭੇਜੀਆਂ ਚਿੱਠੀਆਂ ਵਿੱਚ ਵਾਰ-ਵਾਰ ਬਚਾਅ ਕੀਤਾ ਗਿਆ ਤੇ ਇਹੋ ਕਿਹਾ ਗਿਆ ਕਿ ਇਹ ਸਭ ਚੰਗੇ ਭਰੋਸੇ ਤੇ ਸਰਕਾਰ ਦੇ ਬਿਹਤਰੀਨ ਹਿੱਤਾਂ 'ਚ ਹੀ ਕੀਤਾ ਗਿਆ ਹੈ। ਸਜ਼ਾ ਦੇਣ ਦੇ ਤਰੀਕੇ ਬਾਰੇ ਇਹ ਦਲੀਲ ਦਿੱਤੀ ਗਈ ਕਿ: "ਤੋਪ ਨਾਲ ਕਿਸੇ ਦੋਸ਼ੀ ਨੂੰ ਉਡਾਉਣ ਦੀ ਮੌਤ ਦੀ ਸਜ਼ਾ ਇੱਕ ਪ੍ਰਭਾਵਸ਼ਾਲੀ ਤੇ ਤਰਸਵਾਨ ਤਰੀਕਾ ਹੈ ਕਿਉਂਕਿ ਇਸ ਨਾਲ ਉੱਥੇ ਮੌਜੂਦ ਲੋਕਾਂ ਵਿੱਚ ਦਹਿਸ਼ਤ ਫੈਲਦੀ ਹੈ[3]।" ਇਸ ਦਲੀਲ ਦਾ ਭਾਵੇਂ ਉਚ ਪੱਧਰੀ ਅਧਿਕਾਰੀਆਂ 'ਚ ਮਜ਼ਾਕ ਹੀ ਉੱਡਿਆ ਤੇ ਇਸ ਨੂੰ ਲੈ ਕੇ ਕਟਾਖ ਕੀਤਾ ਗਿਆ। ਉਦਾਹਰਣ ਵਜੋਂ, ਵਾਇਸਰਾਏ ਦੀ ਕੌਂਸਲ ਦੇ ਮੈਂਬਰ ਜੌਨ ਸਟ੍ਰੈਚੀ ਨੇ ਇਸ ਨੂੰ "ਇਨਸਾਨੀਅਤ ਦੀਆਂ ਨਜ਼ਰਾਂ ਵਿੱਚ ਅਜਿਹੀ ਘਿਨਾਉਣੀ ਸਜ਼ਾ ਕਰਾਰ ਦਿੱਤਾ, ਜੋ ਸਭਿਅਕ ਸਮਾਜ ਲਈ ਤਾਂ ਹੋ ਹੀ ਨਹੀਂ ਸਕਦੀ," ਇਹ ਵੀ ਆਖਿਆ ਗਿਆ,"ਅਜਿਹੀ ਸਜ਼ਾ ਲਈ ਸ਼ਬਦ 'ਤਰਸਵਾਨ' ਦੀ ਵਰਤੋਂ ਭਾਸ਼ਾ ਦੀ ਇੱਕ ਅਜੀਬ ਦੁਰਵਰਤੋਂ ਹੈ[4]।"

ਪੰਜਾਬ ਸਰਕਾਰ ਤੋਂ ਉਲਟ, ਭਾਰਤ ਸਰਕਾਰ ਨੇ ਕਾਵਨ ਤੇ ਫ਼ੋਰਸਾਈਥ ਵੱਲੋਂ ਲਾਗੂ ਕੀਤੀ ਤੁਰਤ-ਫੁਰਤ ਵਾਲੀ ਵਿਧੀ ਨੂੰ ਸਖ਼ਤੀ ਨਾਲ ਨਾਮਨਜ਼ੂਰ ਕੀਤਾ। 19 ਜਨਵਰੀ ਵਾਲੀ ਉਸ ਦੀ ਤਾਰ ਦਾ ਇੱਕ ਹਵਾਲਾ ਪਹਿਲਾਂ ਹੀ ਦੇ ਦਿੱਤਾ ਗਿਆ ਹੈ, ਜਿਸ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਮੌਤ ਦੀਆਂ ਸਜ਼ਾਵਾਂ ਦੇਣਾ ਤੁਰੰਤ ਰੋਕਣ ਦੇ

---

1. ਹੋਮ ਜੁਡੀਸ਼ੀਅਲ, 20 ਜਨਵਰੀ, 1872, ਪ੍ਰੋਗਸ. 55-71
2. ਸੰਸਦੀ ਦਸਤਾਵੇਜ਼, 1872, ਨੰ. 356, ਪੰਨਾ 21 - ਭਾਰਤ ਸਰਕਾਰ ਨੂੰ ਚਿੱਠੀ, ਮਿਤੀ 24 ਜਨਵਰੀ, 1872.
3. ਹੋਮ ਜੁਡੀਸ਼ੀਅਲ (ਏ) ਜੁਲਾਈ 1872, ਪ੍ਰੋਗਸ. 208-211, ਡੈਂਪਲਰ ਵੱਲੋਂ ਗ੍ਰਿਫ਼ਿਨ ਨੂੰ, ਮਿਤੀ ਸ਼ਿਮਲਾ 29 ਜੂਨ, 1872.
4. -ਉਹੀ- ਭਾਰਤ ਸਰਕਾਰ ਦੇ ਮੈਂਬਰਾਂ ਦੇ ਵਿਚਾਰ ਰਜਿ. ਮੌਤ ਦੀ ਸਜ਼ਾ ਦੇਣ ਦੀ ਵਿਧੀ

ਹੁਕਮ ਜਾਰੀ ਕੀਤੇ ਗਏ ਸਨ। ਪੰਜ ਦਿਨਾਂ ਬਾਅਦ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੂੰ ਪੱਕੀਆਂ ਹਦਾਇਤਾਂ ਜਾਰੀ ਕਰ ਦਿੱਤੀਆ ਗਈਆਂ ਕਿ ਕਾਵਨ ਨੂੰ ਤੁਰੰਤ ਉਸ ਦੀ ਸੇਵਾ ਤੋਂ ਮੁਅੱਤਲ ਕਰ ਦਿੱਤਾ[1] ਜਾਵੇ ਤੇ ਉਸ ਦੇ ਇਸ ਗ਼ਲਤ ਵਿਵਹਾਰ ਲਈ ਉਸ ਨੂੰ ਸਪੱਸ਼ਟੀਕਰਣ ਪੇਸ਼ ਕਰਨ ਲਈ ਕਿਹਾ ਗਿਆ। 29 ਜਨਵਰੀ ਨੂੰ ਲੈਫ਼ਟੀਨੈਂਟ ਗਵਰਨਰ ਦੀ ਕਾਵਨ ਦਾ ਬਚਾਅ ਕਰਨ ਦੀ ਕੋਸ਼ਿਸ਼ ਨੂੰ ਮੁੱਢੋਂ ਰੱਦ ਕਰ ਦਿੱਤਾ ਗਿਆ। ਫਿਰ ਅਗਲੇ ਤਿੰਨ ਮਹੀਨਿਆਂ ਫ਼ਰਵਰੀ, ਮਾਰਚ ਤੇ ਅਪ੍ਰੈਲ ਤੱਕ ਇਸ ਮਾਮਲੇ ਦੀ ਨਿੱਠ ਕੇ ਜਾਂਚ ਚੱਲਦੀ ਰਹੀ। 1 ਮਈ ਨੂੰ ਸਥਾਨਕ ਸਰਕਾਰ ਨੂੰ ਤਾਰ ਤੇ ਡਾਕ ਰਾਹੀਂ ਸਰਕਾਰ ਨੇ ਆਪਣਾ ਫ਼ੈਸਲਾ ਭੇਜ ਦਿੱਤਾ। ਉਸ ਤਾਰ[2] ਵਿੱਚ ਲਿਖਿਆ ਸੀ: "ਕੂਕਾ ਮਾਮਲੇ ਵਿੱਚ ਹੁਕਮ ਅੱਜ ਡਾਕ ਰਾਹੀਂ ਭੇਜੇ ਗਏ ਹਨ। ਕੌਂਸਲ 'ਚ ਗਵਰਨਰ ਜਨਰਲ ਨੇ ਮਜਬੂਰਨ ਸ੍ਰੀ ਕਾਵਨ ਤੇ ਸ੍ਰੀ ਫ਼ੋਰਸਾਈਥ ਦੀ ਨਿੰਦਾ ਕੀਤੀ। ਕਾਵਨ ਨੂੰ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਜਾਵੇਗਾ। ਸ੍ਰੀ ਫ਼ੋਰਸਾਈਥ ਨੂੰ ਤਬਦੀਲ ਕਰ ਕੇ ਕਮਿਸ਼ਨਰੇਟ 'ਚ ਅਵਧ ਭੇਜਿਆ ਜਾਂਦਾ ਹੈ। ਸੂਬਾ ਸਕੱਤਰ ਨੂੰ ਸ੍ਰੀ ਕਾਵਨ ਦੀ ਪੈਨਸ਼ਨ ਮਨਜ਼ੂਰ ਕਰਨ ਲਈ ਕਿਹਾ ਜਾਵੇਗਾ।"

30 ਅਪ੍ਰੈਲ ਦੀ ਚਿੱਠੀ ਵਿੱਚ ਭਾਰਤ ਸਰਕਾਰ ਦਾ ਫ਼ੈਸਲਾ ਵਿਸਥਾਰ ਨਾਲ ਦਿੱਤਾ ਗਿਆ ਸੀ। ਕਾਵਨ ਬਾਰੇ ਉਸ 'ਚ ਲਿਖਿਆ ਸੀ[3]: "ਮਹਾਮਹਿਮ ਨੂੰ ਦੁਖਦਾਈ ਜ਼ਰੂਰਤ ਅਧੀਨ ਇਹ ਫ਼ੈਸਲਾ ਦੇਣਾ ਪੈ ਰਿਹਾ ਹੈ ਕਿ ਉਸ ਨੇ ਜੋ ਵੀ ਤਰੀਕਾ ਅਪਣਾਇਆ, ਉਹ ਗ਼ੈਰ-ਕਾਨੂੰਨੀ ਸੀ ਅਤੇ ਜਨਤਾ ਨੂੰ ਸਬਕ ਸਿਖਾਉਣ ਦੀ ਕੋਈ ਲੋੜ ਨਹੀਂ ਸੀ, ਇਹ ਸਿਰਫ਼ ਕੁਝ ਘਟਨਾਵਾਂ ਸਨ, ਜਿਸ ਨੂੰ ਵਹਿਸ਼ੀਅਤ ਦੀ ਰੰਗਤ ਮਿਲ ਗਈ। ਉੱਚ ਅਧਿਕਾਰੀ ਦੀਆਂ ਹਦਾਇਤਾਂ ਦੀ ਭਾਵਨਾ ਦਾ ਵਿਰੋਧ ਕਰਦਿਆਂ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ, ਕੋਈ ਮਨਜ਼ੂਰੀ ਵੀ ਨਹੀਂ ਲਈ ਗਈ, ਹੁਕਮ ਜਾਰੀ ਹੋ ਗਿਆ ਸੀ ਪਰ ਉਸ ਦੀ ਉਡੀਕ ਨਹੀਂ ਕੀਤੀ ਗਈ; ਇਹ ਸਾਰੀ ਕਾਰਵਾਈ ਹਾਂ-ਪੱਖੀ ਆਦੇਸ਼ਾਂ ਦੇ ਉਲਟ ਜਾ ਕੇ ਕੀਤੀ ਗਈ।" ਫ਼ੋਰਸਾਈਥ ਵਿਰੁੱਧ ਦੋਸ਼ਾਂ ਦੀ ਵਿਆਖਿਆ ਇੰਝ ਕੀਤੀ ਗਈ ਸੀ: "ਉਸ ਨੇ ਸ੍ਰੀ ਕਾਵਨ ਤੋਂ ਘੱਟ ਦਰਜੇ ਦੀਆਂ ਗ਼ਲਤੀਆਂ ਨਹੀਂ ਕੀਤੀਆਂ... ਅੰਤ 'ਚ ਉਸ ਨੇ ਭਾਰਤ ਸਰਕਾਰ ਦੀ ਮਾਨਤਾ-ਪ੍ਰਾਪਤ ਨੀਤੀ ਤੋਂ ਉਲਟ ਜਾ ਕੇ ਕਾਰਵਾਈ ਨੂੰ ਅੰਜਾਮ ਦਿੱਤਾ... ਉਸ ਦੀਆਂ ਕਾਰਵਾਈਆਂ 'ਚੋਂ ਉਸ ਦਯਾਵਾਨ ਵਿਤਕਰੇ ਦੀ ਘਾਟ ਦਿਸਦੀ ਹੈ, ਜੋ ਅਜਿਹੇ ਮਾਮਲਿਆਂ ਵਿੱਚ ਬ੍ਰਿਟਿਸ਼ ਨਿਆਂ ਪ੍ਰਸ਼ਾਸਨ ਦੀ ਖ਼ਾਸੀਅਤ ਰਹੀ ਹੈ।" ਇਹ ਗੰਭੀਰ ਦੋਸ਼ ਸਨ। ਪਰ ਉਸ ਨੂੰ ਕਾਵਨ ਵਾਂਗ ਨੌਕਰੀ 'ਚੋਂ ਕੱਢਿਆ ਨਹੀਂ ਗਿਆ, ਇਹ ਫ਼ੈਸਲਾ ਕੀਤਾ ਗਿਆ ਕਿ ਉਸ ਦਾ ਤਬਾਦਲਾ ਕਰ ਦਿੱਤਾ ਜਾਵੇ ਤੇ ਉਸ ਨੂੰ ਅਜਿਹਾ

---

1. ਸੰਸਦੀ ਦਸਤਾਵੇਜ਼, 1872, ਨੰ. 356, ਪੰਨਾ 17.
2. ਸੰਸਦੀ ਦਸਤਾਵੇਜ਼, 1972, ਨੰ. 356
3. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132; ਸੰਸਦੀ ਦਸਤਾਵੇਜ਼, 1872, ਨੰ. 356, ਪੰਨਾ 55-58

ਅਹੁਦਾ ਦਿੱਤਾ ਜਾਵੇ "ਜਿੱਥੇ ਉਹ ਕਿਸੇ ਵੀ ਉਸ ਸਥਾਨਕ ਪੱਧਰ 'ਤੇ ਕਿਸੇ ਨਿਗਰਾਨ ਵਜੋਂ ਨਿਆਇਕ ਕਾਰਵਾਈਆਂ ਨੂੰ ਅੰਜਾਮ ਨਹੀਂ ਦੇ ਸਕੇਗਾ।" ਇਸ ਦੇ ਨਾਲ ਹੀ "ਭਾਰਤ ਸਰਕਾਰ ਦਾ ਇਹ ਵੀ ਵਿਚਾਰ ਹੈ ਕਿ ਉਸ ਨੂੰ ਭਵਿੱਖ 'ਚ ਕਦੇ ਵੀ ਅਜਿਹੇ ਅਹੁਦੇ 'ਤੇ ਨਿਯੁਕਤ ਨਾ ਕੀਤਾ ਜਾਵੇ ਕਿ ਜਿੱਥੇ ਉਸ ਨੂੰ ਅਜਿਹੇ ਕੰਟਰੋਲ ਤੇ ਨਿਗਰਾਨੀ ਦਾ ਮੌਕਾ ਮਿਲੇ।"

ਇੱਥੇ ਇੱਕ ਸੁਆਲ ਪੁੱਛਿਆ ਜਾ ਸਕਦਾ ਹੈ: ਭਾਰਤ ਸਰਕਾਰ ਨੇ ਇਨ੍ਹਾਂ ਦੋ ਅਧਿਕਾਰੀਆਂ ਦੀ ਇੰਨੇ ਸਖ਼ਤ ਢੰਗ ਨਾਲ ਨਿਖੇਧੀ ਕਿਉਂ ਕੀਤੀ ? ਅਧਿਕਾਰੀਆਂ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੇ ਅੰਸ਼ਕ ਬਗ਼ਾਵਤ ਨੂੰ ਤੁਰੰਤ ਦਬਾਉਣ ਲਈ ਸਰਕਾਰ ਦੇ ਬਿਹਤਰ ਹਿੱਤਾਂ ਅਨੁਸਾਰ ਹੀ ਕਾਰਵਾਈ ਨੂੰ ਅੰਜਾਮ ਦਿੱਤਾ। ਉਨ੍ਹਾਂ ਦੀਆਂ ਗ਼ਲਤੀਆਂ ਫ਼ੈਸਲਿਆਂ ਦੀਆਂ ਗ਼ਲਤੀਆਂ ਸਨ, ਉਨ੍ਹਾਂ ਤੋਂ ਕੋਈ ਪ੍ਰੇਰਨਾ ਨਹੀਂ ਮਿਲਦੀ। ਪੰਜਾਬ ਸਰਕਾਰ, ਜਿਵੇਂ ਕਿ ਪਹਿਲਾਂ ਵੀ ਨੋਟ ਕੀਤਾ ਗਿਆ ਸੀ, ਨੇ ਤਾਂ ਇਨ੍ਹਾਂ ਦੋਵੇਂ ਅਧਿਕਾਰੀਆਂ ਦੇ ਹੱਕ 'ਚ ਹੀ ਦ੍ਰਿੜ੍ਹ ਸਟੈਂਡ ਲਿਆ ਸੀ। ਪਟਿਆਲਾ ਦੇ ਮਹਾਰਾਜਾ ਨੇ ਫ਼ੋਰਸਾਈਥ ਵੱਲੋਂ ਕੀਤੀ ਤੁਰਤ-ਫੁਰਤ ਕਾਰਵਾਈ ਦੇ ਬਚਾਅ 'ਚ ਸਥਾਨਕ ਸਰਕਾਰ ਨੂੰ ਇੱਕ ਲੰਮੇਰੀ ਚਿੱਠੀ ਲਿਖੀ ਸੀ ਤੇ ਆਪਣਾ ਇਹ ਦ੍ਰਿੜ੍ਹ ਵਿਚਾਰ ਪ੍ਰਗਟ ਕੀਤਾ ਸੀ: "ਜੇ ਕਿਤੇ ਕੂਕਿਆਂ ਨੂੰ ਆਪਣੇ ਮਾਲੇਰ ਕੋਟਲਾ ਤੇ ਮਲੌਦ ਦੇ ਹਮਲਿਆਂ 'ਚ ਥੋੜ੍ਹੀ ਜਿੰਨੀ ਵੀ ਸਫ਼ਲਤਾ ਮਿਲ ਜਾਂਦੀ, ਤਾਂ ਇਸ ਸਮੁੱਚੇ ਸੰਪਰਦਾਇ ਨੇ ਹੀ ਚਾਰੇ ਪਾਸਿਓਂ ਰਾਖ਼ਸ਼ਾਂ ਵਾਂਗ ਚੜ੍ਹਾਈ ਕਰ ਦੇਣੀ ਸੀ ਕਿਉਂਕਿ ਉਹ ਸਾਰੇ ਬਹੁਤ ਉਤਸੁਕਤਾ ਨਾਲ ਇਨ੍ਹਾਂ ਮੂਕ ਹਮਲਿਆਂ ਦੇ ਨਤੀਜਿਆਂ ਨੂੰ ਵੇਖ ਰਹੇ ਸਨ[1]।" ਪਰ ਇਨ੍ਹਾਂ ਸ਼ਰਮਨਾਕ ਅਧਿਕਾਰੀਆਂ ਦੇ ਹੱਕ ਵਿੱਚ ਨਾ ਕੁਝ ਆਖਿਆ ਗਿਆ ਤੇ ਨਾ ਹੀ ਕੀਤਾ ਗਿਆ ਕਿ ਭਾਰਤ ਸਰਕਾਰ ਕੋਈ ਨਰਮੀ ਵਿਖਾਉਂਦੀ। ਕਿਉਂ ? ਮੁੱਖ ਕਾਰਣ, ਜਿਵੇਂ ਕਿ ਇਸ ਵਿੱਚ ਵਿਆਖਿਆ ਕੀਤੀ ਗਈ ਸੀ, ਇਹੋ ਸੀ ਕਿ ਭਾਰਤ ਸਰਕਾਰ ਆਪਣੀ ਪ੍ਰਸ਼ਾਸਕੀ ਨੀਤੀ ਦੇ ਕਿਸੇ ਸਥਾਪਤ ਸਿਧਾਂਤ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਸੀ। ਇਹ ਗੱਲ ਪੰਜਾਬ ਸਰਕਾਰ ਨੂੰ 30 ਅਪ੍ਰੈਲ, 1872 ਨੂੰ ਭੇਜੀ ਇੱਕ ਚਿੱਠੀ[2] ਰਾਹੀਂ ਬੜੀ ਚੰਗੀ ਤਰ੍ਹਾਂ ਸਪੱਸ਼ਟ ਕਰ ਦਿੱਤੀ ਗਈ ਸੀ। "ਕੌਂਸਲ 'ਚ ਮਹਾਮਹਿਮ ਬਹੁਤ ਜ਼ੋਰ ਦੇ ਕੇ ਕਿਸੇ ਵੀ ਤਰ੍ਹਾਂ ਦੇ ਸਿਵਲ ਤੇ ਫ਼ੌਜੀ ਅਧਿਕਾਰੀਆਂ ਬਾਰੇ ਇਹ ਇੱਛਾ ਪ੍ਰਗਟਾਉਂਦੇ ਹਨ," ਜਿਸ 'ਚ ਇਹੋ ਨੁਕਤਾ ਉਭਾਰਿਆ ਗਿਆ ਸੀ, "ਵਿਆਪਕ ਸਿਧਾਂਤ ਜੋ ਸਥਾਪਤ ਅਦਾਲਤਾਂ ਵੱਲੋਂ ਇਸ ਦੇਸ਼ ਦੀਆਂ ਅਦਾਲਤਾਂ ਵੱਲੋਂ ਲਾਗੂ ਕੀਤਾ ਜਾਣ ਵਾਲਾ ਕਾਨੂੰਨ ਇੱਕ ਅਜਿਹਾ ਔਜ਼ਾਰ ਹੈ ਜਿਸ ਦੀ ਵਰਤੋਂ ਅਪਰਾਧ ਨੂੰ ਦਬਾਉਣ, ਸ਼ਾਂਤੀ ਕਾਇਮ ਰੱਖਣ, ਅਪਰਾਧੀਆਂ ਲਈ ਇੱਕ ਮਿਸਾਲ ਕਾਇਮ ਕਰਨ ਹਿਤ ਮਾੜੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਰੋਕਣ ਵਾਸਤੇ ਕੀਤੀ ਜਾਂਦੀ ਹੈ ਅਤੇ ਇਹ ਗੰਭੀਰ ਕਿਸਮ ਦੀ ਹੁਕਮ-ਅਦੂਲੀ ਹੈ ਤੇ ਜੇ ਕੋਈ ਵਿਅਕਤੀ

1. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 107-111
2. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 55

ਇਹ ਸੋਚ ਲੈਂਦਾ ਹੈ ਕਿ ਕਾਨੂੰਨ ਇਸ ਸਮਾਜ ਦੀ ਰਾਖੀ ਕਰਨ ਦੇ ਯੋਗ ਨਹੀਂ ਹੈ ਤੇ ਇਹ ਸੋਚ ਕੇ ਖ਼ੁਦ ਹੀ ਫ਼ੈਸਲਾ ਕਰ ਲੈਂਦਾ ਹੈ ਜਾਂ ਇਹ ਸੋਚ ਲੈਂਦਾ ਹੈ ਕਿ ਅਪਰਾਧ ਨਾਲ ਟਾਕਰਾ ਕਰਨ ਲਈ ਸਾਧਾਰਣ ਤਰੀਕੇ ਸਜ਼ਾਵਾਂ ਕਾਫ਼ੀ ਨਹੀਂ ਹਨ। ਇੰਝ ਕਰਨਾ ਤਾਂ ਸਰਕਾਰ ਦੇ ਉਚਤਮ ਅਧਿਕਾਰ-ਖੇਤਰ 'ਤੇ ਵੀ ਕਬਜ਼ਾ ਕਰਨ ਵਾਲੀ ਗੱਲ ਹੈ।''

ਇਹ ਗੱਲ ਵੀ ਆਖੀ ਗਈ ਸੀ ਕਿ ਇਹ ਸੰਭਵ ਸੀ ਕਿ ''ਅਜਿਹੇ ਮਾਮਲੇ ਵੀ ਆ ਸਕਦੇ ਹਨ, ਜਿਨ੍ਹਾਂ ਵਿੱਚ ਸਰਕਾਰ ਕਿਸੇ ਖ਼ਾਸ ਜੁਰਮਾਂ ਲਈ ਬਹੁਤ ਜ਼ਿਆਦਾ ਸਖ਼ਤ ਕਿਸਮ ਦੀ ਸਜ਼ਾ ਦੇਣਾ ਜ਼ਰੂਰੀ ਸਮਝ ਸਕਦੀ ਹੈ ਜਾਂ ਖ਼ਾਸ ਅਧਿਕਾਰੀਆਂ ਨੂੰ ਤੁਰੰਤ ਸੁਣਵਾਈ ਕਰ ਕੇ ਉਸ ਨੂੰ ਲਾਗੂ ਕਰਨ ਲਈ ਵਿਸ਼ੇਸ਼ ਸ਼ਕਤੀਆਂ ਦੇ ਸਕਦੀ ਹੈ,'' ਪਰ ਇਹ ਦ੍ਰਿੜ੍ਹਤਾਪੂਰਬਕ ਕਿਹਾ ਗਿਆ ਕਿ ''ਹੁਣ ਤੱਕ ਇਹੋ ਕੀਤਾ ਜਾਂਦਾ ਹੈ ਕਿ ਸਾਰੇ ਸਿਵਲ ਤੇ ਫ਼ੌਜੀ ਅਧਿਕਾਰੀਆਂ ਦੀ ਇਹ ਡਿਊਟੀ ਹੁੰਦੀ ਹੈ ਕਿ ਗ੍ਰਿਫ਼ਤਾਰ ਕੀਤੇ ਅਪਰਾਧੀਆਂ ਨੂੰ ਨਿਯਮਤ ਕਾਨੂੰਨ ਅਨੁਸਾਰ ਵਾਜਬ ਟ੍ਰਿਬਿਊਨਲਾਂ ਸਾਹਵੇਂ ਸੁਣਵਾਈ ਅਧੀਨ ਰੱਖਿਆ ਜਾਵੇ।'' ਸਰਕਾਰ ਦੀ ਪ੍ਰਸ਼ਾਸਕੀ ਨੀਤੀ ਅਧੀਨ,''ਇੱਕ ਚੀਜ਼ ਦੀ ਪ੍ਰਵਾਨਗੀ ਕਿਸੇ ਵੀ ਹਾਲਤ 'ਚ ਕਿਸੇ ਸਿਵਲ ਜਾਂ ਫ਼ੌਜੀ ਅਧਿਕਾਰੀ ਨੂੰ ਨਹੀਂ ਦਿੱਤੀ ਜਾ ਸਕਦੀ, ਉਹ ਹੈ ਜੱਜ ਅਤੇ ਵਿਧਾਨਕਾਰ ਦੇ ਅਹੁਦੇ ਦਾ ਅਧਿਕਾਰ। ਅਜਿਹੇ ਕਿਸੇ ਵੀ ਅਧਿਕਾਰੀ ਨੂੰ ਉਦੋਂ ਤੱਕ ਆਪਣੇ ਕੈਦੀਆਂ ਨੂੰ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਹੈ, ਜਦੋਂ ਤੱਕ ਕਿ ਕਾਨੂੰਨ ਨੇ ਉਸ ਨੂੰ ਖ਼ੁਦ ਸਜ਼ਾ ਦੇਣ ਦਾ ਕੋਈ ਅਧਿਕਾਰ ਨਾ ਦਿੱਤਾ ਹੋਵੇ।''

ਕੂਕਾ ਕੈਦੀਆਂ ਨੂੰ ਤੋਪਾਂ ਨਾਲ ਉਡਾਉਣ ਦੇ ਸੁਆਲ 'ਤੇ ਬ੍ਰਿਟਿਸ਼ ਸਰਕਾਰ ਦੇ ਵਤੀਰੇ, ਜਿਵੇਂ ਕਿ ਅਸੀਂ ਉਪਰ ਵੇਖਿਆ, ਦੀ ਸ਼ਲਾਘਾ ਕੀਤੀ ਜਾ ਸਕਦੀ ਹੈ ਪਰ ਇਹ ਕਿਸੇ ਵੀ ਹਾਲਾਤ 'ਚ ਬਹੁਤ ਜ਼ਿਆਦਾ ਜਾਂ ਵਧਾ-ਚੜ੍ਹਾ ਕੇ ਨਹੀਂ ਹੋਣੀ ਚਾਹੀਦੀ। ਇਸ ਦਾ ਵਾਜਬ ਮੁੱਲਾਂਕਣ ਸਿਰਫ਼ ਤਦ ਹੀ ਕੀਤਾ ਜਾ ਸਕਦਾ ਹੈ ਜੇ ਇਸ ਦਾ ਨਿਰੀਖਣ ਕੂਕਾ ਬਗ਼ਾਵਤ ਪ੍ਰਤੀ ਸਰਕਾਰ ਦੇ ਸਮੁੱਚੇ ਵਤੀਰੇ ਦੇ ਸੰਦਰਭ ਤੋਂ ਕੀਤਾ ਜਾਵੇ। ਕਾਵਨ ਤੇ ਫ਼ੋਰਸਾਈਥ ਨੂੰ ਸਜ਼ਾ ਦਿੰਦੇ ਸਮੇਂ ਉਨ੍ਹਾਂ ਹੱਥੋਂ ਪੀੜਤ ਹੋਏ ਲੋਕਾਂ ਪ੍ਰਤੀ ਕੋਈ ਹਮਦਰਦੀ ਨਹੀਂ ਪ੍ਰਗਟਾਈ ਗਈ ਸੀ। ਕਿਸੇ ਵੀ ਦੁਖੀ ਪਰਿਵਾਰ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ, ਉਨ੍ਹਾਂ ਪ੍ਰਤੀ ਹਮਦਰਦੀ ਦਾ ਇੱਕ ਸ਼ਬਦ ਤੱਕ ਨਹੀਂ ਆਖਿਆ ਗਿਆ। ਇਸ ਦੇ ਉਲਟ, ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ, ਧਮਕਾਇਆ ਗਿਆ ਤੇ ਕੁਝ ਖ਼ਾਸ ਮਾਮਲਿਆਂ 'ਚ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਇਸ ਤਰ੍ਹਾਂ ਕੁਰਕ ਕਰ ਦਿੱਤੀਆਂ ਗਈਆਂ ਕਿ ਉਹ ਹੋਰ ਕਿਸੇ ਪਾਸਿਓਂ ਵੀ ਕੋਈ ਮਦਦ ਲੈਣ ਜੋਗੇ ਨਹੀਂ ਰਹੇ। ਸਰਕਾਰੀ ਫ਼ੈਸਲੇ ਵਿੱਚ ਕਿਤੇ ਅਜਿਹਾ ਕੁਝ ਵੀ ਨਹੀਂ ਆਖਿਆ ਗਿਆ ਕਿ ਕਾਨੂੰਨ ਅਧੀਨ ਨਿਯਮਤ ਸੁਣਵਾਈ ਇੱਕ ਪਵਿੱਤਰ ਸਿਧਾਂਤ ਹੈ, ਜਿਸ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਰਕਾਰ ਨੇ ਖ਼ੁਦ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ 10 ਸੂਬਿਆਂ ਨੂੰ 1818 ਦੇ ਰੈਗੂਲੇਸ਼ਨ III ਅਧੀਨ ਜੀਵਨ ਭਰ ਲਈ ਹਿਰਾਸਤ 'ਚ ਰੱਖ ਕੇ ਕਾਨੂੰਨ ਦੀ ਉਲੰਘਣਾ ਕੀਤੀ ਸੀ।

ਇਸ ਫ਼ੈਸਲੇ 'ਚ ਅਜਿਹਾ ਜ਼ਿਕਰ ਵੀ ਕਿਤੇ ਨਹੀਂ ਕੀਤਾ ਗਿਆ ਸੀ ਕਿ ਜਿਸ ਰਾਹੀਂ ਕੂਕਾ ਬਗ਼ਾਵਤ ਦੇ ਸਿਆਸੀ ਚਰਿੱਤਰ ਜਾਂ ਵੱਖੋ-ਵੱਖਰੇ ਕੂਕਾ ਹਮਲਿਆਂ ਕਾਰਨ ਪੈਦਾ ਹੋਈ ਗੰਭੀਰ ਸਥਿਤੀ ਤੋਂ ਇਨਕਾਰ ਕੀਤਾ ਗਿਆ ਹੁੰਦਾ। ਇਹ ਵੱਡੇ ਪੱਧਰ 'ਤੇ (ਇਸ ਅਧਿਆਇ 'ਚ ਅੱਗੇ ਵਿਚਾਰ ਕੀਤਾ ਗਿਆ ਹੈ) ਬਿਲਕੁਲ ਸਪੱਸ਼ਟ ਹੈ ਕਿ ਕੂਕਿਆਂ ਦੀਆਂ ਆਮ ਨਾਗਰਿਕਾਂ ਵਾਲੀਆਂ ਅਜ਼ਾਦੀਆਂ ਉਤੇ ਸਖ਼ਤ ਰੋਕਾਂ ਲਾ ਦਿੱਤੀਆਂ ਗਈਆਂ ਸਨ, ਇੱਥੋਂ ਤੱਕ ਕਿ ਉਹ ਆਮ ਧਾਰਮਿਕ ਗਤੀਵਿਧੀਆਂ ਨੂੰ ਵੀ ਅੰਜਾਮ ਨਹੀਂ ਦੇ ਸਕਦੇ ਸਨ। ਇਹ ਉਸ ਤੋਂ ਵੀ ਸਪੱਸ਼ਟ ਹੋ ਸਕਦਾ ਹੈ, ਜੋ ਕੁਝ ਭਾਰਤ ਸਰਕਾਰ ਦੇ ਸੀਨੀਅਰ ਮੈਂਬਰ ਨੇ ਸੂਬਿਆਂ ਬਾਰੇ ਮੈਕਨਬ ਰਿਪੋਰਟ ਸਬੰਧੀ ਆਪਣੀਆਂ ਟਿੱਪਣੀਆਂ 'ਚ ਲਿਖਿਆ ਸੀ। ਉਹ ਨਾ ਸਿਰਫ਼ ਆਪਣੀ ਤਰਫ਼ੋਂ, ਸਗੋਂ ਸਰਕਾਰ ਵੱਲੋਂ ਵੀ ਬੋਲ ਰਿਹਾ ਸੀ, ਉਸ ਨੇ ਕਿਹਾ: "ਫਿਰ ਵੀ, ਮੈਨੂੰ ਲੱਗਦਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਉਨ੍ਹਾਂ (ਬਾਬਾ ਰਾਮ ਸਿੰਘ ਜੀ) ਅਤੇ ਉਨ੍ਹਾਂ ਦੇ ਸਮੁੱਚੇ ਸੰਪਰਦਾਇ ਦਾ ਅੰਤਿਮ ਉਦੇਸ਼ ਹਰ ਮੌਜੂਦਾ ਸਰਕਾਰ ਨੂੰ ਤਬਾਹ ਕਰ ਕੇ ਆਪਣੀ ਖ਼ੁਦ ਦੀ ਸਿਆਸੀ ਤੇ ਧਾਰਮਿਕ ਪ੍ਰਭੂਸੱਤਾ ਕਾਇਮ ਕਰਨਾ ਹੈ ਅਤੇ ਇਸ ਸਮੁੱਚੇ ਸੰਪਰਦਾਇ ਦੇ ਸਾਰੇ ਰਹਿਨੁਮਾਵਾਂ ਦਾ ਵਿਵਹਾਰ ਰਾਜ-ਧਰੋਹ ਵਾਲਾ ਹੈ[1] ਅਤੇ ਅਜਿਹਾ ਹੋ ਵੀ ਸਕਦਾ ਹੈ।" ਇਹ ਚੇਤੇ ਰੱਖਣਾ ਅਹਿਮ ਹੈ ਕਿ ਵਿਆਪਕ ਤੌਰ 'ਤੇ ਇਹੋ ਵਿਚਾਰ ਪ੍ਰਚਲਿਤ ਸੀ, ਜਿਸ ਦਾ ਕਿਸੇ ਸਮਕਾਲੀ ਅੰਗ੍ਰੇਜ਼ ਨੇ ਕੋਈ ਵਿਰੋਧ ਨਹੀਂ ਕੀਤਾ।

ਅਸੀਂ ਉਪਰ ਵੇਖਿਆ ਹੈ ਕਿ ਫ਼ੈਸਲੇ ਵਿੱਚ ਕੁਝ ਵਰਨਣ ਨਹੀਂ ਕੀਤਾ ਗਿਆ ਸੀ। ਸਾਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਇਸ ਵਿੱਚ ਕੀ ਆਖਿਆ ਗਿਆ ਸੀ। ਜੇ ਨਿੱਠ ਕੇ ਨਿਰੀਖਣ ਕਰੀਏ, ਤਾਂ ਇਹ ਅਧਿਕਾਰ-ਖੇਤਰ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਬਾਹਰ ਜਾਣ ਵਾਲੇ ਅਧਿਕਾਰੀਆਂ ਪ੍ਰਤੀ ਰੋਹ ਦਾ ਪ੍ਰਗਟਾਵਾ ਵਧੇਰੇ ਹੈ, ਇਹ ਉਲੰਘਣਾ ਸਰਕਾਰ ਦੀ ਸੀ, ਉਨ੍ਹਾਂ ਆਪਣੇ ਨਾਲ ਨਹੀਂ ਸੀ। ਉਨ੍ਹਾਂ ਦਾ ਫ਼ਰਜ਼ ਸੀ ਕਿ ਉਹ ਦੇਸ਼ ਦੇ ਸਾਧਾਰਨ ਕਾਨੂੰਨ ਦਾ ਉਪਯੋਗ ਕਰਦੇ। ਇਹ ਫ਼ੈਸਲਾ ਸਰਕਾਰ ਨੇ ਕਰਨਾ ਸੀ ਕਿ ਕੀ ਬੁਨਿਆਦੀ ਤੌਰ 'ਤੇ ਕੋਈ ਉੱਚ ਨੀਤੀ ਉਲੀਕਣੀ ਚਾਹੀਦੀ ਸੀ ਕਿ ਜਾਂ ਇਸ ਤੋਂ ਕਿਨਾਰਾ ਕਰਨਾ ਸੀ। ਅਧਿਕਾਰੀਆਂ ਦਾ ਜੁਰਮ ਕੁਝ ਵਧੇਰੇ ਹੀ ਗੰਭੀਰ ਸੀ ਕਿਉਂਕਿ ਇਸ ਮਾਮਲੇ 'ਚ ਸਾਰੇ ਸਬੰਧਤ ਕੂਕਿਆਂ ਦਾ ਜੁਰਮ ਕਾਨੂੰਨੀ ਤੌਰ 'ਤੇ ਸਥਾਪਤ ਕਰਨਾ ਕੋਈ ਔਖਾ ਕੰਮ ਨਹੀਂ ਸੀ। ਇਹ ਮੰਨਿਆ ਗਿਆ ਸੀ ਕਿ ਜੇ ਕਿਤੇ ਕਾਨੂੰਨੀ ਰਾਹ ਅਖ਼ਤਿਆਰ ਕੀਤਾ ਗਿਆ ਹੁੰਦਾ, ਤਾਂ ਸਜ਼ਾ ਦੇਣ 'ਚ ਕਿਸੇ ਤਰ੍ਹਾਂ ਦੀ ਵਹਿਸ਼ਤ, ਸਖ਼ਤੀ ਤੇ ਅੰਨ੍ਹੇਵਾਹਪਣ ਤੋਂ ਆਸਾਨੀ ਨਾਲ ਬਚਾਅ ਹੋ ਸਕਦਾ ਸੀ ਅਤੇ ਭਾਰਤ ਸਰਕਾਰ ਤਦ ਬ੍ਰਿਟਿਸ਼ ਸੰਸਦ[2] ਜਾਂ ਪ੍ਰੈੱਸ[3] ਦੀ ਆਲੋਚਨਾ ਤੋਂ

---

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284
2. ਡਾ. ਐੱਮ.ਐੱਮ. ਆਹਲੂਵਾਲੀਆ, ਪਹਿਲਾਂ ਦੱਸੇ ਵਾਂਗ, ਪੰਨਾ 95
3. ਉਦਾਹਰਣ ਵਜੋਂ, 'ਭਾਰਤ ਦੇ ਦੋਸਤ' ਨੇ 15 ਅਗਸਤ, 1872 ਦੇ ਇੱਕ ਪ੍ਰਮੁੱਖ ਲੇਖ 'ਚ ਲਿਖਿਆ: "ਕੂਕਾ ਕਤਲੇਆਮ ਪੂਰੀ ਤਰ੍ਹਾਂ ਸ਼ਰੇਆਮ ਇੱਕ ਕਤਲੇਆਮ ਸੀ।"

ਬਚ ਸਕਦੀ ਸੀ। ਫਿਰ ਵੀ ਜਿਵੇਂ ਇਹ ਮਾਮਲਾ ਸਾਹਮਣੇ ਆਇਆ, ਇਹ ਕਾਵਨ ਤੇ ਫ਼ੋਰਸਾਈਥ ਦੀਆਂ ਕਾਰਵਾਈਆਂ 'ਚ ਸ਼ਾਮਲ "ਨੈਤਿਕਤਾ ਜਾਂ ਸਾਦਗੀ ਦੇ ਨਿਯਮਾਂ ਦੇ ਵਿਰੁੱਧ ਕਿਸੇ ਕਿਸਮ ਦਾ ਕੋਈ ਜੁਰਮ ਨਹੀਂ ਸੀ[1]।"

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਦਾ ਵਿਚਾਰ ਇਸ ਮਾਮਲੇ 'ਚ ਹੋਰ ਵੀ ਸਪੱਸ਼ਟਵਾਦੀ ਸੀ। ਉਸ ਨੇ ਭਾਰਤ ਸਰਕਾਰ ਸਾਹਵੇਂ ਜ਼ੋਰ-ਸ਼ੋਰ ਨਾਲ ਇਹੋ ਪ੍ਰਭਾਵ ਸਿਰਜਿਆ ਕਿ ਕਾਵਨ ਦੀਆਂ ਗਤੀਵਿਧੀਆਂ "ਭਾਵੇਂ ਉਸ ਦੇ ਵਿਚਾਰ ਮੁਤਾਬਕ ਕਾਹਲ਼ੀ 'ਚ ਕੀਤੀਆਂ ਗਈਆਂ ਤੇ ਅਨਿਯਮਤ ਸਨ ਪਰ ਫਿਰ ਵੀ ਉਹ ਜਨਤਕ ਸੁਰੱਖਿਆ ਲਈ ਲਾਜ਼ਮੀ ਸਮਝ ਕੇ ਚੰਗੇ ਵਿਸ਼ਵਾਸ ਨਾਲ ਹੀ ਕੀਤੀਆਂ ਗਈਆਂ ਸਨ, ਭਾਵੇਂ ਉਹ ਅੰਨ੍ਹੇਵਾਹ, ਮੂਰਖਾਨਾ ਤੇ ਬਹੁਤ ਜ਼ਿਆਦਾ ਸਖ਼ਤ ਸਨ, ਫਿਰ ਵੀ ਕੋਈ ਬਹੁਤ ਜ਼ਿਆਦਾ ਅਨਿਆਂ ਨਹੀਂ ਸੀ[2]।"

## II

ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਦਾ ਮਲੌਦ ਤੇ ਮਾਲੇਰ ਕੋਟਲਾ ਦੀਆਂ ਘਟਨਾਵਾਂ ਨਾਲ ਕੋਈ ਵੀ ਸਿੱਧਾ ਸਬੰਧ ਨਹੀਂ ਸੀ। ਫਿਰ ਵੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਇਸ ਆਧਾਰ 'ਤੇ ਪੰਜਾਬ ਤੋਂ ਬਾਹਰ ਭੇਜ ਦਿੱਤਾ ਗਿਆ ਕਿ ਉਹ ਕਿਸੇ ਵੀ ਤਰ੍ਹਾਂ ਕੂਕਾ ਬਗ਼ਾਵਤ ਨਾਲ ਨਾ ਜੁੜ ਸਕਣ। ਮਲੌਦ ਤੇ ਮਾਲੇਰ ਕੋਟਲਾ ਦੀਆਂ ਵਾਰਦਾਤਾਂ ਵਾਪਰਨ ਸਮੇਂ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਦਿੱਲੀ 'ਚ ਸੀ। ਉਸ ਨੇ ਜਿਵੇਂ ਹੀ ਕੂਕਾ ਹਮਲਿਆਂ ਬਾਰੇ ਸੁਣਿਆ, ਉਸ ਨੇ 16 ਤਰੀਕ ਨੂੰ (ਸਵੇਰੇ 11:50 ਵਜੇ) ਕਲਕੱਤਾ ਦੇ ਗਵਰਨਰ ਜਨਰਲ ਨੂੰ ਇੱਕ ਤਾਰ[3] ਭੇਜੀ, ਜਿਸ ਰਾਹੀਂ ਉਸ ਨੂੰ ਨਵੀਂ ਸਥਿਤੀ ਅਤੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪ੍ਰਮੁੱਖ ਸੂਬਿਆਂ ਦੀ ਗ੍ਰਿਫ਼ਤਾਰੀ ਦਾ ਅਧਿਕਾਰ ਮਿਲਣ ਬਾਰੇ ਜਾਣੂ ਕਰਵਾਇਆ ਗਿਆ ਸੀ। ਇਸ ਦਾ ਸਭ ਤੋਂ ਵੱਧ ਅਹਿਮ ਹਿੱਸੇ ਵਿੱਚ ਲਿਖਿਆ ਸੀ:

"ਪਹਿਲਾਂ ਵਾਪਰੀਆਂ ਇਹ ਹਿੰਸਕ ਘਟਨਾਵਾਂ ਦਰਸਾਉਂਦੀਆਂ ਹਨ ਕਿ ਇਸ ਸੰਪਰਦਾਇ ਦੇ ਆਗੂਆਂ ਵਿੱਚ ਅਜਿਹੀ ਸਾਜ਼ਿਸ਼ ਚੱਲ ਰਹੀ ਹੈ ਕਿ ਜਿਸ ਨੂੰ ਸੋਧਿਆ ਨਹੀਂ ਜਾ ਸਕਦਾ। ਇਹ ਦੇਸ਼ ਸੁਰੱਖਿਅਤ ਨਹੀਂ ਹੈ ਕਿਉਂਕਿ ਨੇਤਾ ਲੋਕ ਖੁੱਲ੍ਹੇ ਘੁੰਮ ਰਹੇ ਹਨ। ਇਸੇ ਲਈ ਮੈਂ ਫ਼ੋਰਸਾਈਥ ਨੂੰ ਬਾਬਾ ਰਾਮ ਸਿੰਘ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦਿੰਦਾ ਹਾਂ। ਰਿਪੋਰਟ ਡਾਕ ਰਾਹੀਂ।"

ਕੇਂਦਰ ਸਰਕਾਰ ਦੀ ਜਵਾਬੀ ਤਾਰ[4] ਉਸੇ ਦਿਨ ਸ਼ਾਮੀਂ ਲੈਫ਼ਟੀਨੈਂਟ ਗਵਰਨਰ ਕੋਲ ਪੁੱਜੀ। ਉਸ ਵਿੱਚ ਲਿਖਿਆ ਸੀ:

1. ਸੰਸਦੀ ਦਸਤਾਵੇਜ਼, 1872, ਨੰ. 356, ਪੰਨਾ 59 - ਭਾਰਤ ਸਰਕਾਰ ਦੇ ਸਕੱਤਰ ਨੂੰ ਭਾਰਤ ਸਰਕਾਰ ਵੱਲੋਂ, 3 ਮਈ, 1872.
2. -ਉਹੀ-, ਪੰਨਾ 28, ਭਾਰਤ ਸਰਕਾਰ ਨੂੰ ਪੰਜਾਬ ਸਰਕਾਰ, 7 ਫ਼ਰਵਰੀ, 1872.
3. ਹੋਮ ਜੁਡੀਸ਼ੀਅਲ, 28 ਜਨਵਰੀ, 1872, ਪ੍ਰੋਗਸ. 55-71
4. -ਉਹੀ-

"ਤੁਹਾਡੀ ਕਾਰਵਾਈ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ ਜਾਂਦਾ ਹੈ। ਅਸੀਂ ਹੋਰ ਵੇਰਵੇ ਜਾਣਨ ਲਈ ਉਤਸੁਕ ਰਹਾਂਗੇ।"

ਲੈਫਟੀਨੈਂਟ ਗਵਰਨਰ ਵੱਲੋਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਜਿਹੜੇ ਅਫ਼ਸਰ ਦੀ ਡਿਊਟੀ ਲਾਈ ਗਈ ਸੀ, ਉਹ ਅੰਬਾਲਾ ਡਿਵੀਜ਼ਨ ਦਾ ਕਮਿਸ਼ਨਰ ਟੀ.ਡੀ. ਫ਼ੋਰਸਾਈਥ ਹੀ ਸੀ। ਉਸ ਨੇ 16 ਜਨਵਰੀ ਦੀ ਸ਼ਾਮ ਨੂੰ ਲੁਧਿਆਣਾ ਪੁੱਜ ਕੇ ਸਭ ਤੋਂ ਪਹਿਲਾਂ ਪੁਲਿਸ ਅਧਿਕਾਰੀ ਲੈਫ਼ਟੀਨੈਂਟ ਕਰਨਲ ਬੇਲੀ ਨੂੰ ਹੁਕਮ ਦਿੱਤਾ ਕਿ ਉਹ ਛੇਤੀ ਬਾਬਾ ਰਾਮ ਸਿੰਘ ਤੱਕ ਪੁੱਜੇ। ਪੁਲਿਸ ਦੀ ਇੱਕ ਟੀਮ ਨਾਲ ਬਾਬਾ ਰਾਮ ਸਿੰਘ ਜੀ ਆਪਣੇ ਦੋ ਸੂਬਿਆਂ ਸਾਹਿਬ ਸਿੰਘ, ਜਵਾਹਰ ਸਿੰਘ ਤੇ ਦੋ ਨਿਜੀ ਸਹਾਇਕਾਂ ਨਾਲ 17-18 ਦੀ ਰਾਤ ਨੂੰ ਲਗਭਗ 1:00 ਵਜੇ ਲੁਧਿਆਣਾ ਪੁੱਜੇ। ਫ਼ੋਰਸਾਈਥ ਨੇ ਪਹਿਲਾਂ ਹੀ ਉਨ੍ਹਾਂ ਨੂੰ ਲਿਜਾਣ ਲਈ ਇੰਤਜ਼ਾਮ ਕੀਤੇ ਹੋਏ ਸਨ ਤੇ ਤਲਾਸ਼ੀ ਦੀ ਕੁਝ ਜਾਂਚ ਕਰਨ, ਜੋ ਬਾਬਾ ਜੀ ਨੇ ਬਿਨਾ ਕਿਸੇ ਝਿਜਕ ਦੇ ਕਰਨ ਦਿੱਤੀ ਸੀ, ਤੋਂ ਬਾਅਦ ਸਮੁੱਚੀ ਟੀਮ ਨੂੰ ਤੜਕੇ 4:00 ਵਜੇ ਦੀ ਰੇਲ-ਗੱਡੀ ਰਾਹੀਂ ਅਲਾਹਾਬਾਦ ਭੇਜ ਦਿੱਤਾ। ਫਿਰ ਛੇਤੀ ਪਿੱਛੋਂ ਉਨ੍ਹਾਂ ਪੰਜਾਬ ਸਰਕਾਰ ਨੂੰ ਇੱਕ ਚਿੱਠੀ[1] ਲਿਖੀ, ਜਿਸ 'ਚ ਉਸ ਨੇ ਆਪਣੀ ਕਾਰਵਾਈ ਨੂੰ 'ਜੇ ਸਮੁੱਚੇ ਸੂਬੇ ਦੀ ਨਹੀਂ, ਤਾਂ ਇਸ ਜ਼ਿਲ੍ਹੇ 'ਚ ਸ਼ਾਂਤੀ ਕਾਇਮ ਕਰਨ ਲਈ ਬੇਹੱਦ ਜ਼ਰੂਰੀ' ਦੱਸਿਆ। ਇਹ ਵੀ ਲਿਖਿਆ,"ਮਲੌਦ ਤੇ ਮਾਲੇਰ ਕੋਟਲਾ ਰਿਆਸਤ 'ਚ ਵਾਪਰੀਆਂ ਹਿੰਸਕ ਘਟਨਾਵਾਂ 'ਚ ਬਾਬਾ ਰਾਮ ਸਿੰਘ ਜੀ ਦੀ ਸ਼ਮੂਲੀਅਤ ਦੀ ਹਾਲੇ ਬਾਰੀਕੀ ਨਾਲ ਜਾਂਚ ਨਹੀਂ ਹੋਈ ਅਤੇ ਇਹ ਇੱਕ ਸੱਚਾਈ ਹੈ ਕਿ ਉਨ੍ਹਾਂ ਨੇ ਮੌਜੂਦਾ ਹਿੰਸਕ ਮਾਮਲਿਆਂ 'ਚ ਮੁੱਖ ਯੋਜਨਾਕਾਰਾਂ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਮਨਸ਼ਾ ਬਾਰੇ ਪੁਲਿਸ ਨੂੰ ਦੱਸ ਦਿੱਤਾ ਸੀ। ਪਰ ਉਨ੍ਹਾਂ ਵੱਲੋਂ ਕੀਤੇ ਇਕਬਾਲ ਸਦਕਾ ਉਨ੍ਹਾਂ ਦੇ ਪੈਰੋਕਾਰਾਂ ਨੇ ਉਨ੍ਹਾਂ ਦਾ ਨਾਮ ਵਰਤਿਆ ਤੇ ਉਨ੍ਹਾਂ ਦੀ ਮੌਜੂਦਗੀ 'ਚ ਉਨ੍ਹਾਂ ਦੇ ਸਾਥੀ ਪੈਰੋਕਾਰ ਕਤਲ ਕਰਨ ਤੇ ਗੜਬੜੀਆਂ ਫੈਲਾਉਣ ਚਲੇ ਗਏ।"

ਫ਼ੋਰਸਾਈਥ ਨੇ ਬਾਬਾ ਰਾਮ ਸਿੰਘ ਵੱਲੋਂ ਦਿੱਤੇ ਗਏ ਸੁਆਲਾਂ ਦੇ ਜੁਆਬਾਂ ਉਤੇ ਡਾਢਾ ਜ਼ੋਰ ਦਿੱਤਾ ਸੀ। ਉਸ ਨੇ ਦੱਸਿਆ: "ਉਹ ਕਬੂਲ ਕਰਦੇ ਹਨ... ਕਿ ਅੰਮ੍ਰਿਤਸਰ 'ਚ ਦੋ ਵਿਅਕਤੀਆਂ ਝੰਡਾ ਸਿੰਘ ਤੇ ਮਿਹਰ ਸਿੰਘ ਦੇ ਕਤਲਾਂ ਤੋਂ ਕੁਝ ਸਮਾਂ ਪਹਿਲਾਂ ਕਸਾਈਆਂ ਦੇ ਕਤਲ ਕਰਨ ਲਈ ਜਾਣ ਲਈ ਪ੍ਰਵਾਨਗੀ ਮੰਗੀ ਸੀ; ਹੋਰ ਲੋਕ ਇਸ ਬੇਨਤੀ 'ਚ ਸ਼ਾਮਲ ਹੋ ਗਏ ਸਨ ਪਰ ਉਨ੍ਹਾਂ ਨੇ ਸਖ਼ਤੀ ਨਾਲ ਉਨ੍ਹਾਂ ਨੂੰ ਵਰਜ ਦਿੱਤਾ ਸੀ; ਫਿਰ ਵੀ ਉਨ੍ਹਾਂ ਨੇ ਅਪਰਾਧ ਕੀਤਾ। ਉਹ ਇਹ ਮੰਨਦੇ ਹਨ ਕਿ ਭਾਵੇਂ ਉਨ੍ਹਾਂ ਨੂੰ ਪੱਕਾ ਸ਼ੱਕ ਹੈ ਕਿ ਇਹ ਵਿਅਕਤੀ ਦੋਸ਼ੀ ਹਨ ਜਾਂ ਨਹੀਂ ਪਰ ਉਨ੍ਹਾਂ ਸਰਕਾਰ ਨੂੰ ਕਿਸੇ ਕਿਸਮ ਦੀ ਕੋਈ ਜਾਣਕਾਰੀ ਨਹੀਂ ਦਿੱਤੀ। ਕੁਝ ਸਮੇਂ ਬਾਅਦ ਉਨ੍ਹਾਂ ਦੱਸਿਆ, ਦਲ ਸਿੰਘ, ਮੰਗਲ ਸਿੰਘ, ਦੀਵਾਨ ਸਿੰਘ ਤੇ ਦੋ ਹੋਰ ਆਏ ਤੇ ਉਨ੍ਹਾਂ

1. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 12

ਤੋਂ ਰਾਏਕੋਟ ਦੇ ਕਤਲ ਕਰਨ ਲਈ ਇਜਾਜ਼ਤ ਮੰਗੀ ਪਰ ਉਨ੍ਹਾਂ ਨੇ ਉਨ੍ਹਾਂ ਨੂੰ ਰੋਕ ਦਿੱਤਾ ਤੇ ਉਨ੍ਹਾਂ ਇਹ ਸਭ ਕੰਮ ਉਨ੍ਹਾਂ ਨੂੰ ਦੱਸੇ ਬਗ਼ੈਰ ਕੀਤੇ। ਪਰ ਉਹ ਇਹ ਮੰਨਦਾ ਹੈ ਕਿ ਉਨ੍ਹਾਂ ਸਰਕਾਰੀ ਅਧਿਕਾਰੀਆਂ ਨੂੰ ਕੋਈ ਸੁਰਾਗ਼ ਨਹੀਂ ਦਿੱਤਾ, ਉਦੋਂ ਵੀ ਨਹੀਂ ਸੀ ਦਿੱਤਾ ਜਦੋਂ ਉਨ੍ਹਾਂ ਸ੍ਰੀ ਮੈਕਨਬ ਨੇ ਉਨ੍ਹਾਂ ਨੂੰ ਬੱਸੀਆਂ ਸੱਦ ਕੇ ਪੁੱਛਗਿਛ ਕੀਤੀ ਸੀ।'' ਕਮਿਸ਼ਨਰ ਨੇ ਇਸ ਸਭ ਤੋਂ ਨਤੀਜਾ ਕੱਢਦਿਆਂ ਕਿਹਾ: ''ਇਹ ਬੜਾ ਸਪੱਸ਼ਟ ਹੈ ਕਿ ਬਾਬਾ ਜੀ ਨੇ ਆਪਣੇ ਪੈਰੋਕਾਰਾਂ ਦੀਆਂ ਗਤੀਵਿਧੀਆਂ ਦੇ ਮਾਮਲੇ 'ਚ ਸਰਕਾਰ ਨੂੰ ਹਨੇਰੇ 'ਚ ਰੱਖਿਆ।'' ਉਹ ਬਾਬਾ ਰਾਮ ਸਿੰਘ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਸੀ ਕਿ ''ਸਾਡੇ (ਬ੍ਰਿਟਿਸ਼) ਕਾਨੂੰਨਾਂ ਤੋਂ ਅਣਜਾਣ'' ਹੋਣ ਕਾਰਣ ਬਾਬਾ ਜੀ ਨੇ ਸੋਚਿਆ ਕਿ ''ਸਰਕਾਰ ਨੂੰ ਇਸ ਮਾਮਲੇ ਬਾਰੇ ਰਿਪੋਰਟ ਕਰਨ ਦੀ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ।'' ਦ੍ਰਿੜ੍ਹਤਾਪੂਰਬਕ ਇਸ ਗੱਲ 'ਚ ਵਿਸ਼ਵਾਸ ਕਰਦਿਆਂ ਕਿ ''ਅਜਿਹੇ ਵਿਅਕਤੀ ਨੂੰ ਖੁੱਲ੍ਹਾ ਛੱਡਣ 'ਚ ਸਭ ਤੋਂ ਵੱਡਾ ਖ਼ਤਰਾ ਹੈ।'' ਚਿੱਠੀ ਦੇ ਅੰਤ 'ਚ ਫ਼ੋਰਸਾਈਥ ਨੇ ਆਪਣੀ ਕਾਰਵਾਈ ਲਈ ਪ੍ਰਵਾਨਗੀ ਮੰਗੀ ਸੀ ਤੇ ''ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਅਗਲੇ ਇੱਕ-ਦੋ ਦਿਨਾਂ 'ਚ ਹਿਰਾਸਤ ਵਿੱਚ ਲੈਣ ਲਈ 1818 ਦੇ ਰੈਗੂਲੇਸ਼ਨ III ਅਧੀਨ ਗ੍ਰਿਫ਼ਤਾਰੀ ਵਾਰੰਟ[1] ਜਾਰੀ ਕਰਨ ਦੀ ਮੰਗ ਵੀ ਰੱਖੀ ਸੀ ਕਿ ਤਾਂ ਜੋ ਉਨ੍ਹਾਂ ਨੂੰ ਹਿਰਾਸਤ 'ਚ ਲੈ ਕੇ ਉਨ੍ਹਾਂ ਨੂੰ ਅਲਾਹਾਬਾਦ ਦੇ ਮੈਜਿਸਟ੍ਰੇਟ ਕੋਲ ਪੇਸ਼ ਕੀਤਾ ਜਾ ਸਕੇ।''

ਫ਼ੋਰਸਾਈਥ ਦੀ ਇਸ ਕਾਰਵਾਈ ਦੀ ਪੁਸ਼ਟੀ ਪੰਜਾਬ ਸਰਕਾਰ ਵੱਲੋਂ ਕਰ ਦਿੱਤੀ ਗਈ ਸੀ, ਜੋ ਕਿ ਹੋਣੀ ਹੀ ਸੀ ਕਿਉਂਕਿ ਇਸੇ ਅਥਾਰਟੀ ਦੀਆਂ ਹਦਾਇਤਾਂ ਅਧੀਨ ਤਾਂ ਇਹ ਸਭ ਕੁਝ ਹੋਇਆ ਸੀ। ਪੰਜਾਬ ਸਰਕਾਰ ਨੇ ਤਦ ਬਿਨਾਂ ਸੁਣਵਾਈ ਹਿਰਾਸਤ 'ਚ ਲੈਣ ਲਈ ਬਾਬਾ ਰਾਮ ਸਿੰਘ ਜੀ ਵਿਰੁੱਧ ਇੱਕ ਮਜ਼ਬੂਤ ਕੇਸ ਤਿਆਰ ਕੀਤਾ ਤੇ ਦਸਤਾਵੇਜ਼ਾਂ ਦੀ ਇੱਕ ਪੂਰੀ ਪ੍ਰਭਾਵਸ਼ਾਲੀ ਲੜੀ ਸਿਰਜ ਕੇ ਸਮੁੱਚੀ ਫ਼ਾਈਲ 7 ਫ਼ਰਵਰੀ, 1872 ਨੂੰ ਭਾਰਤ ਸਰਕਾਰ ਕੋਲ ਜਮ੍ਹਾ ਕਰਵਾ ਦਿੱਤੀ। ਉਸ ਕੇਸ ਵਿੱਚ ਇਹ ਨੁਕਤਾ ਉਭਾਰਿਆ ਗਿਆ ਸੀ[2],''ਮਹਾਮਹਿਮ ਜੀਓ, ਮਲੌਦ ਤੇ ਮਾਲੇਰ ਕੋਟਲਾ 'ਤੇ ਇੱਕ ਤੋਂ ਬਾਅਦ ਦੂਜੇ ਹਮਲਿਆਂ ਕਾਰਣ ਲੈਫ਼ਟੀਨੈਂਟ ਗਵਰਨਰ ਨੇ ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਸਭ ਤੋਂ ਵੱਧ ਅਹਿਮ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਭੇਜਣ (ਡੀਪੋਰਟ ਕਰਨ) ਦਾ ਫ਼ੈਸਲਾ ਕੀਤਾ ਗਿਆ ਹੈ; ਅਤੇ ਅੰਮ੍ਰਿਤਸਰ ਤੇ ਰਾਏਕੋਟ ਦੀਆਂ ਗਤੀਵਿਧੀਆਂ ਅਤੇ ਕੂਕਿਆਂ ਦੀ ਸਿੱਖਿਆ ਦੇ ਪਿਛਲੇ ਕਈ ਸਾਲਾਂ ਦੇ ਰੁਝਾਨ ਤੇ ਇਸ ਸੰਪਰਦਾਇ ਦੇ ਪ੍ਰਚਾਰਕਾਂ ਦੇ ਚਰਿੱਤਰ ਬਾਰੇ ਹੁਣ ਤੱਕ ਮਿਲੀ ਤੇ ਭਾਰਤ ਸਰਕਾਰ ਨੂੰ ਸਬੂਤਾਂ ਸਮੇਤ ਭੇਜੀ ਗਈ ਸਾਰੀ ਜਾਣਕਾਰੀ ਦੇ ਆਧਾਰ 'ਤੇ ਹੀ ਲੈਫ਼ਟੀਨੈਂਟ ਗਵਰਨਰ ਨੇ ਇਹ ਫ਼ੈਸਲਾ ਲਿਆ ਹੈ ਕਿ ਇਨ੍ਹਾਂ ਨੂੰ ਦੇਸ਼ ਨਿਕਾਲਾ ਦੇਣਾ

1. ਵਾਰੰਟ 22 ਜਨਵਰੀ ਨੂੰ ਜਾਰੀ ਕੀਤੇ ਗਏ ਸਨ, ਜਦ ਕਿ ਸਾਰੀਆਂ ਗ੍ਰਿਫ਼ਤਾਰੀਆਂ ਉਸ ਤੋਂ ਪਹਿਲਾਂ ਹੀ ਕਰ ਲਈਆਂ ਗਈਆਂ ਸਨ - ਇੱਕ ਅਜੀਬ ਗੱਲ!
2. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132

ਜ਼ਰੂਰੀ ਹੈ।'' ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ''ਬਾਬਾ ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਨੂੰ ਉਨ੍ਹਾਂ ਦੀਆਂ ਸਾਜ਼ਿਸ਼ਾਂ ਦੇ ਸਥਾਨ ਤੋਂ ਦੂਰ ਕਿਤੇ ਅਜਿਹੇ ਸਥਾਨ 'ਤੇ ਇਸ ਤਰੀਕੇ ਹਿਰਾਸਤ 'ਚ ਰੱਖਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੋਈ ਬਚਾਅ ਨਾ ਸਕੇ ਜਾਂ ਉਹ ਜੇਲ੍ਹ ਤੋੜ ਕੇ ਫ਼ਰਾਰ ਨਾ ਹੋ ਸਕਣ ਜਾਂ ਉਨ੍ਹਾਂ ਦੀ ਪੰਜਾਬ ਵਾਪਸੀ ਅਸੰਭਵ ਹੋਵੇ।''

ਕੂਕਾ ਬਗ਼ਾਵਤ 'ਚ ਬਾਬਾ ਰਾਮ ਸਿੰਘ ਜੀ ਦੀ ਸ਼ਮੂਲੀਅਤ ਨੂੰ ਲੈ ਕੇ ਇਸ ਨੁਕਤੇ 'ਤੇ ਜ਼ੋਰ ਦਿੱਤਾ ਗਿਆ ਸੀ ਕਿ ''ਸ੍ਰੀ ਫ਼ੋਰਸਾਈਥ ਵੱਲੋਂ ਦਰਜ ਕੀਤੀ ਗਏ ਬਾਬਾ ਰਾਮ ਸਿੰਘ ਜੀ ਦੇ ਆਪਣੇ ਬਿਆਨ ...ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਉਨ੍ਹਾਂ ਨੂੰ ਆਪਣੇ ਪੈਰੋਕਾਰਾਂ ਦੀ ਇਸ ਮਨਸ਼ਾ ਬਾਰੇ ਪੂਰੀ ਜਾਣਕਾਰੀ ਸੀ ਕਿ ਗਊ ਹੱਤਿਆਵਾਂ ਨੂੰ ਰੋਕਣ ਲਈ ਕਸਾਈਆਂ ਦੇ ਕਤਲ ਕੀਤੇ ਜਾਣੇ ਹਨ; ਇਸ ਲਈ ਉਹ ਖ਼ੁਦ ਇਕਬਾਲ ਕਰਦੇ ਹਨ ਕਿ ਅੰਮ੍ਰਿਤਸਰ ਤੇ ਰਾਏਕੋਟ 'ਚ ਅਜਿਹੇ ਜੁਰਮਾਂ ਨੂੰ ਅੰਜਾਮ ਦੇਣ ਲਈ ਉਨ੍ਹਾਂ ਦੀ ਇਜਾਜ਼ਤ ਮੰਗੀ ਗਈ ਸੀ।'' ਬਾਬਾ ਰਾਮ ਸਿੰਘ ਜੀ ਨੇ ਇਹ ਆਖਿਆ ਸੀ ਕਿ ਉਨ੍ਹਾਂ ਨੇ ਅਜਿਹੇ ਕਾਰਿਆਂ ਲਈ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਪਰ ਪੰਜਾਬ ਸਰਕਾਰ ਦਾ ਕਹਿਣਾ ਸੀ,''ਇਹ ਮੰਨਿਆ ਜਾ ਸਕਦਾ ਹੈ ਕਿ ਇਜਾਜ਼ਤ ਦੇਣਾ ਜਾਂ ਉਕਸਾਹਟ ਪੈਦਾ ਕਰਨਾ ਹੀ ਸਿੱਧਾ ਸਬੂਤ ਹੈ, ਕਿਉਂਕਿ ਉਨ੍ਹਾਂ ਦੇ ਪੈਰੋਕਾਰਾਂ ਨੇ ਉਹ ਲਾਈਨ ਕਦੇ ਵੀ ਅਖ਼ਤਿਆਰ ਨਹੀਂ ਕਰਨੀ ਸੀ, ਜਿਸ ਲਈ ਉਨ੍ਹਾਂ ਦਾ ਮੁਖੀ ਸਹਿਮਤ ਨਹੀਂ ਹੈ।'' ਮਲੌਦ ਤੇ ਮਾਲੇਰ ਕੋਟਲਾ ਦੀਆਂ ਘਟਨਾਵਾਂ ਬਾਰੇ ਲੈਫ਼ਟੀਨੈਂਟ ਗਵਰਨਰ ਨੇ ਬਹੁਤ ਕੋਸ਼ਿਸ਼ਾਂ ਨਾਲ ਇਹ ਨੁਕਤਾ ਕੱਢਿਆ ਸੀ: ''ਹਾਲੀਆ ਬਗ਼ਾਵਤ ਦੌਰਾਨ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਕੀਤੀ ਗਈ ਕਾਰਵਾਈ ਤੋਂ ਬਾਬਾ ਰਾਮ ਸਿੰਘ ਨੂੰ ਨਿਖੇੜਨਾ ਅਸੰਭਵ ਹੈ। ਉਨ੍ਹਾਂ ਲੋਕਾਂ ਦਾ ਜੱਥਾ ਪਿੰਡ ਭੈਣੀ ਸਾਹਿਬ ਤੋਂ ਹੀ ਆਪਣੀ ਮੁਹਿੰਮ ਲਈ ਰਵਾਨਾ ਹੋਇਆ ਸੀ ਅਤੇ ਇਹ ਵਿਖਾਈ ਦਿੰਦਾ ਹੈ ਕਿ ਜਿਹੜੀ ਜਾਣਕਾਰੀ ਬਾਬਾ ਰਾਮ ਸਿੰਘ ਜੀ ਨੇ ਪਹਿਲਾਂ ਆਪਣੀ ਉਸ ਟੀਮ ਦੀ ਮਨਸ਼ਾ ਬਾਰੇ ਪੁਲਿਸ ਨੂੰ ਦੱਸੀ ਸੀ, ਉਹ ਬਹੁਤ ਘੱਟ ਸੀ, ਉਹ ਵੀ ਉਨ੍ਹਾਂ ਆਪ ਨਹੀਂ ਦੱਸੀ ਸੀ, ਸਗੋਂ ਡਿਪਟੀ ਇੰਸਪੈਕਟਰ ਵੱਲੋਂ ਪੁੱਛੇ ਜਾਣ 'ਤੇ ਉਨ੍ਹਾਂ ਇਹ ਸਭ ਦੱਸਿਆ ਸੀ।'' ਕੂਕਿਆਂ ਦੀਆਂ ਆਮ ਸਿਆਸੀ ਯੋਜਨਾਵਾਂ ਬਾਰੇ ਲੈਫ਼ਟੀਨੈਂਟ ਗਵਰਨਰ ਦੀ ਇਹ ਟਿੱਪਣੀ ਅਹਿਮ ਹੈ: ''ਮੌਜੂਦਾ ਕਾਰਵਾਈਆਂ 'ਚ ਸਬੂਤ ਦਾ ਖ਼ੁਲਾਸਾ ਕਮਿਸ਼ਨਰ ਵੱਲੋਂ ਆਪਣੇ ਪਹਿਲੀ ਫ਼ਰਵਰੀ ਦੇ ਨੋਟ ਵਿੱਚ ਕੀਤਾ ਗਿਆ ਹੈ, ਜੋ ਮੌਜੂਦਾ ਕਾਰਵਾਈਆਂ 'ਚ ਇੱਕ ਸਹਿ-ਪੱਤਰ ਵਜੋਂ ਨੱਥੀ ਹੈ। ਇਹ ਪੱਕਾ ਸਬੂਤ ਹੈ ਕਿ ਪੰਜਾਬ ਵਿੱਚ ਕੂਕਾ ਸੰਪਰਦਾਇ ਦੀ ਬਾਕਾਇਦਾ ਜੱਥੇਬੰਦਕ ਬਗ਼ਾਵਤ ਦੀ ਮਨਸ਼ਾ ਸੀ, ਭਾਵੇਂ ਅਜਿਹੀ ਸੰਭਾਵਨਾ ਹੈ ਕਿ ਕੁਝ ਕੂਕਿਆਂ ਦੀ ਅਨੁਸ਼ਾਸਨਹੀਣ ਉਤਸੁਕਤਾਵੱਸ ਕੀਤੀ ਕਾਹਲ਼ੀ ਸਦਕਾ ਇਹ ਯੋਜਨਾ ਨਾਕਾਮ ਹੋ ਗਈ। ਕੂਕਾ ਸੰਪਰਦਾਇ ਦਾ ਸਿਆਸੀ ਤਾਕਤ ਹਾਸਲ ਕਰ ਕੇ ਖ਼ਾਲਸਾ ਰਾਜ ਕਾਇਮ ਕਰਨ ਦਾ ਉਦੇਸ਼ ਕੁਝ ਸਮੇਂ ਕਾਫ਼ੀ ਪ੍ਰਚੱਲਿਤ ਰਿਹਾ ਹੈ ਤੇ ਕੂਕਿਆਂ 'ਚ ਇਹ

ਪੂਰਾ ਵਿਸ਼ਵਾਸ ਵੀ ਪਾਇਆ ਜਾਂਦਾ ਸੀ ਕਿ ਹੁਣ ਕਾਰਵਾਈ ਪਾਉਣ ਦਾ ਵੇਲਾ ਆ ਗਿਆ ਹੈ, ਜਿਸ ਦਾ ਸਬੂਤ ਇਹ ਤੱਥ ਹੈ ਕਿ ਵੱਡੀ ਗਿਣਤੀ 'ਚ ਕੂਕਿਆਂ ਨੇ ਆਪਣੀਆਂ ਜ਼ਮੀਨ-ਜਾਇਦਾਦਾਂ ਵੇਚ ਦਿੱਤੀਆਂ ਸਨ। ਕੁਝ ਵਫ਼ਾਦਾਰ ਜਾਣਕਾਰਾਂ ਦਾ ਵੀ ਬਾਬਾ ਰਾਮ ਸਿੰਘ ਜੀ ਦੀ ਸਿੱਖਿਆ ਦੇ ਰੁਝਾਨ ਬਾਰੇ ਇਹੋ ਵਿਚਾਰ ਸੀ ਤੇ ਉਨ੍ਹਾਂ ਦੇ ਉਦੇਸ਼ਾਂ ਤੋਂ ਵੀ ਉਹੀ ਨਤੀਜਾ ਸਪੱਸ਼ਟ ਹੁੰਦਾ ਸੀ, ਜਿਸ ਉਤੇ ਮਾਣਯੋਗ ਲੈਫ਼ਟੀਨੈਂਟ ਜਨਰਲ ਪੁੱਜੇ ਹਨ ਅਤੇ ਪਟਿਆਲਾ ਦੇ ਮਾਣਯੋਗ ਮਹਾਰਾਜਾ ਤੇ ਹੋਰ ਪ੍ਰਭਾਵਸ਼ਾਲੀ ਭੱਦਰ ਪੁਰਸ਼ਾਂ ਨੇ ਇਹੋ ਸਲਾਹ ਦਿੱਤੀ ਸੀ ਕਿ ਬਾਬਾ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਦੇਸ਼ ਤੋਂ ਬਾਹਰ ਭੇਜ ਦਿੱਤਾ ਜਾਵੇ।"

ਪੰਜਾਬ ਸਰਕਾਰ ਦੀ ਇਸ ਕਾਰਵਾਈ ਦੀ ਕੇਂਦਰ ਸਰਕਾਰ ਨੇ ਬਾਕਾਇਦਾ ਪੁਸ਼ਟੀ ਕਰ ਦਿੱਤੀ ਸੀ। ਬਾਬਾ ਰਾਮ ਸਿੰਘ ਜੀ ਨੂੰ ਪਹਿਲਾਂ ਅਲਾਹਾਬਾਦ ਦੇ ਕਿਲ੍ਹੇ 'ਚ ਲਿਜਾਂਦਾ ਗਿਆ ਸੀ। ਉਹ ਜਗ੍ਹਾ ਕਿਉਂਕਿ ਪੰਜਾਬ ਦੇ ਬਹੁਤ ਨੇੜੇ ਸੀ, ਇਸ ਲਈ ਉਨ੍ਹਾਂ ਨੂੰ ਛੇਤੀ ਹੀ ਰੰਗੂਨ ਭੇਜ ਦਿੱਤਾ ਗਿਆ ਸੀ। ਉਨ੍ਹਾਂ ਦੀ ਕੋਈ ਸੁਣਵਾਈ ਤੱਕ ਨਹੀਂ ਕੀਤੀ ਗਈ ਸੀ ਕਿ ਉਨ੍ਹਾਂ ਵਿਰੁੱਧ ਕਿਸੇ ਵੀ ਕਾਨੂੰਨੀ ਅਦਾਲਤ 'ਚ ਕਾਨੂੰਨੀ ਆਧਾਰ 'ਤੇ ਕੋਈ ਵੀ ਸੁਣਵਾਈ ਸਫ਼ਲ ਨਹੀਂ ਹੋਣੀ ਸੀ। ਅਧਿਕਾਰੀਆਂ ਨੂੰ ਇਹ ਚਿੰਤਾ ਸੀ ਕਿ ਜੇ ਕਿਤੇ ਇਹ ਸੁਣਵਾਈ ਨਾਕਾਮ ਹੋ ਗਈ, ਤਾਂ ਇਸ ਦੇ ਨਤੀਜੇ ਜਨਤਕ ਸ਼ਾਂਤੀ ਕਾਇਮ ਰੱਖਣ ਦੇ ਮਾਮਲੇ 'ਚ ਬੜੇ ਭੈੜੇ ਹੋਣਗੇ।

ਬਾਬਾ ਰਾਮ ਸਿੰਘ ਜੀ ਦੇ ਨਾਲ ਉਨ੍ਹਾਂ ਦੇ ਪ੍ਰਮੁੱਖ ਤੇ ਪ੍ਰਭਾਵਸ਼ਾਲੀ ਸੂਬੇ ਵੀ ਗ੍ਰਿਫ਼ਤਾਰ ਕਰ ਲਏ ਗਏ ਸਨ ਤੇ ਉਨ੍ਹਾਂ ਨੂੰ ਕੇਂਦਰੀ ਜੇਲ੍ਹ ਵਜੋਂ ਜਾਣੇ ਜਾਦੇ ਅਲਾਹਾਬਾਦ ਦੇ ਕਿਲੇ 'ਚ ਰੱਖਿਆ ਗਿਆ ਸੀ। ਇਨ੍ਹਾਂ ਸੂਬਿਆਂ ਦੇ ਨਾਮ ਸਨ ਸਾਹਿਬ ਸਿੰਘ, ਰੂੜ ਸਿੰਘ, ਲੱਖਾ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ, ਮਲੂਕ ਸਿੰਘ, ਮਾਨ ਸਿੰਘ, ਹੁਕਮਾ ਸਿੰਘ ਤੇ ਪਹਾੜਾ ਸਿੰਘ। ਗਿਆਰ੍ਹਵੇਂ ਵਿਅਕਤੀ ਰਾਏਪੁਰ ਦੇ ਸਰਦਾਰ ਮੰਗਲ ਸਿੰਘ[1] ਸਨ, ਜਿਨ੍ਹਾਂ ਨੂੰ ਮਹਾਰਾਜਾ ਪਟਿਆਲਾ ਵੱਲੋਂ ਗ੍ਰਿਫ਼ਤਾਰ ਕਰ ਕੇ ਬ੍ਰਿਟਿਸ਼ ਸਰਕਾਰ ਹਵਾਲੇ ਕੀਤਾ ਗਿਆ ਸੀ। ਇਨ੍ਹਾਂ ਸਾਰਿਆਂ ਦੀ ਵਿਸਤ੍ਰਿਤ ਜਾਂਚ ਮੈਕਨਬ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਛੇਤੀ ਹੀ ਆਪਣੇ ਜਾਂਚ-ਨਤੀਜੇ ਜਮ੍ਹਾ ਕਰਵਾ ਦਿੱਤੇ ਸਨ ਤੇ ਹਰੇਕ ਨੂੰ ਦਿੱਤੀ ਜਾ ਸਕਣ ਵਾਲੀ ਸਜ਼ਾ ਦੀ ਮਿਆਦ[2] ਬਾਰੇ ਵੀ ਸਿਫ਼ਾਰਸ਼ ਕਰ ਦਿੱਤੀ ਸੀ। ਉਨ੍ਹਾਂ ਮੁਤਾਬਕ ਸਾਹਿਬ ਸਿੰਘ, ਲੱਖਾ ਸਿੰਘ, ਕਾਹਨ ਸਿੰਘ ਤੇ ਜਵਾਹਰ ਸਿੰਘ ਸਾਰੇ ਉਮਰ ਭਰ ਲਈ ਦੇਸ਼-ਨਿਕਾਲ਼ੇ 'ਚ ਰਹਿਣ। ਬ੍ਰਹਮਾ ਸਿੰਘ ਤੇ ਪਹਾੜਾ ਸਿੰਘ ਲਈ 10 ਵਰ੍ਹੇ, ਮਾਨ ਸਿੰਘ ਲਈ ਤਿੰਨ ਵਰ੍ਹੇ ਰੂੜ੍ਹ ਸਿੰਘ ਅਤੇ ਮਲੂਕ ਸਿੰਘ ਲਈ ਦੋ-ਦੋ ਸਾਲ ਅਤੇ ਹੁਕਮਾ ਸਿੰਘ ਲਈ ਇੱਕ ਸਾਲ ਕੈਦ ਦੀ ਸਿਫ਼ਾਰਸ਼ ਕੀਤੀ ਗਈ ਸੀ। ਮੰਗਲ ਸਿੰਘ ਦੇ ਮਾਮਲੇ 'ਚ ਇਹ ਸੁਝਾਅ ਦਿੱਤਾ ਗਿਆ ਸੀ ਕਿ ਉਸ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਕਿ ਉਸ ਨੇ ਕੂਕਾਵਾਦ ਦਾ ਤਿਆਗ ਕਰ ਦਿੱਤਾ ਹੈ ਤੇ ਉਹ

1. ਕੁਝ ਕਹਿੰਦੇ ਹਨ, ਬਿਸ਼ਨਪੁਰ ਦੇ।
2. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284

ਭਵਿੱਖ 'ਚ ਆਪਣੇ ਚੰਗੇ ਵਿਵਹਾਰ ਦੀ ਗਰੰਟੀ ਦੇਣ ਦਾ ਇੱਛੁਕ ਹੈ। ਸਥਾਨਕ ਤੇ ਕੇਂਦਰ ਦੀਆਂ ਦੋਵੇਂ ਹੀ ਸਰਕਾਰਾਂ ਨੇ ਮੈਕਨਬ ਵੱਲੋਂ ਉਪਰੋਕਤ ਸਿਫ਼ਾਰਸ਼ਾਂ ਨੂੰ ਨਹੀਂ ਮੰਨਿਆ ਸੀ ਤੇ ਉਨ੍ਹਾਂ ਸਾਰਿਆਂ ਨੂੰ ਹੀ ਅਣਮਿੱਥੇ ਸਮੇਂ ਲਈ ਹਿਰਾਸਤ 'ਚ ਰੱਖਣ ਦਾ ਫ਼ੈਸਲਾ ਕੀਤਾ ਸੀ ਤੇ ਉਨ੍ਹਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਰਿਆਇਤ ਨਾ ਦੇਣ ਦਾ ਫ਼ੈਸਲਾ ਕੀਤਾ ਗਿਆ ਸੀ, ਮੰਗਲ ਸਿੰਘ[1] ਨੂੰ ਵੀ ਨਹੀਂ, ਜਿਸ ਨੇ ਕੂਕਾ ਸੰਪਰਦਾਇ ਦਾ ਤਿਆਗ ਕਰ ਦਿੱਤਾ ਸੀ। ਮੈਕਨਬ ਦੀ ਰਿਪੋਰਟ 'ਤੇ ਆਪਣੀਆਂ ਟਿੱਪਣੀਆਂ ਕਰਦਿਆਂ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ[2] ਨੇ ਕਿਹਾ ਸੀ ਕਿ ਉਹ "ਸ੍ਰੀ ਮੈਕਨਬ ਵੱਲੋਂ ਕੱਢੇ ਗਏ ਨਤੀਜਿਆਂ 'ਤੇ ਆਮ ਤੌਰ ਉੱਤੇ ਸਹਿਮਤ ਹਨ ਪਰ ਹਰੇਕ ਮਾਮਲੇ 'ਚ ਮੌਜੂਦ ਖ਼ਤਰੇ ਦੇ ਦਰਜੇ ਅਨੁਸਾਰ ਕੈਦ ਦੀ ਮਿਆਦ ਤੈਅ ਕਰਨ ਵਿੱਚ ਕੋਈ ਲਾਭ ਵਿਖਾਈ ਨਹੀਂ ਦਿੰਦਾ" ਅਤੇ ਨਾਲ ਹੀ ਇਹ ਵੀ ਕਿਹਾ ਕਿ "ਇਨ੍ਹਾਂ ਵਿਅਕਤੀਆਂ ਦੀ ਰਿਹਾਈ ਦੀ ਉਚਿਤਤਾ ਮੁੱਖ ਤੌਰ 'ਤੇ ਸੂਬੇ ਦੀ ਹਵਾ ਉੱਤੇ ਨਿਰਭਰ ਕਰੇਗੀ।"

ਸੂਬਿਆਂ ਨੂੰ ਹਿਰਾਸਤ 'ਚ ਲੈਣ ਦੇ ਕਾਰਨਾਂ ਦੇ ਮਾਮਲੇ 'ਚ ਹਰੇਕ ਕੇਸ ਦਾ ਮੁਲਾਂਕਣ ਵੱਖਰੇ ਤੌਰ 'ਤੇ ਕੀਤਾ ਗਿਆ ਸੀ। ਸਾਹਿਬ ਸਿੰਘ ਸਭ ਤੋਂ ਵੱਧ ਖ਼ਤਰਨਾਕ ਵਿਅਕਤੀ ਸਨ। "ਨੇਪਾਲ ਦੀ ਹਾਲੀਆ ਮਿਸ਼ਨ 'ਚ ਬਾਬਾ ਰਾਮ ਸਿੰਘ ਜੀ ਦਾ ਦੂਤ," "ਬਾਬਾ ਰਾਮ ਸਿੰਘ ਦਾ ਸੰਭਾਵੀ ਜਾਨਸ਼ੀਨ," "ਉਨ੍ਹਾਂ ਦਾ ਭਰੋਸੇਯੋਗ ਸੂਬਾ," "ਪੜ੍ਹਿਆ-ਲਿਖਿਆ, ਉਦੇਸ਼ਮੁਖੀ, ਯੋਜਨਾਕਾਰ, ਤਾਜ਼ਾ ਮੁਹਿੰਮਾਂ 'ਚ ਸਦਾ ਬਾਬਾ ਰਾਮ ਸਿੰਘ ਜੀ ਦੇ ਨਾਲ ਰਹਿਣ ਵਾਲਾ।" "ਉਹ ਸ਼ਾਇਦ ਇਸ ਸੰਪਰਦਾਇ ਦੇ ਸਰਗਰਮ ਤੇ ਸਿਆਸੀ ਭਾਗ ਦੇ ਮੁੱਖ ਆਗੂ ਸਨ।" ਉਨ੍ਹਾਂ ਬਾਰੇ ਮੈਕਨਬ ਦੀ ਚੇਤਾਵਨੀ ਇਹ ਸੀ ਕਿ "ਜੇ ਉਨ੍ਹਾਂ ਨੂੰ ਪੰਜਾਬ ਵਾਪਸੀ ਦੀ ਇਜਾਜ਼ਤ ਦੇ ਦਿੱਤੀ ਗਈ, ਤਾਂ ਕੂਕਾਵਾਦ ਇੱਕ ਵਾਰ ਮੁੜ ਸੁਰਜੀਤ ਹੋ ਜਾਵੇਗਾ ਅਤੇ ਮੁਸੀਬਤਾਂ ਖੜ੍ਹੀਆਂ ਹੋ ਜਾਣਗੀਆਂ।" ਲੱਖਾ ਸਿੰਘ ਤੇ ਕਾਹਨ ਸਿੰਘ ਨੂੰ ਵੀ ਇਸੇ ਵਰਗ 'ਚ ਰੱਖਿਆ ਗਿਆ ਸੀ। ਲੱਖਾ ਸਿੰਘ ਨੂੰ "ਖ਼ਾਸ ਤੌਰ 'ਤੇ ਗੜਬੜੀਆਂ ਪੈਦਾ ਕਰਨ ਵਾਲੇ" ਕਰਾਰ ਦਿੱਤਾ ਗਿਆ ਸੀ ਅਤੇ "ਸਪੱਸ਼ਟ ਤੌਰ 'ਤੇ ਮਾਲੇਰ ਕੋਟਲਾ 'ਤੇ ਹਮਲੇ ਲਈ ਗਏ ਵਿਅਕਤੀਆਂ ਦੇ ਜੱਥੇ ਨੂੰ ਉਤਸ਼ਾਹਿਤ ਕਰਨ ਵਾਲੇ" ਵੀ ਉਹੀ ਸਨ। ਬ੍ਰਹਮਾ ਸਿੰਘ 'ਤੇ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ "ਕਈ ਸਾਲਾਂ ਬੱਧੀ ਤੱਕ ਪੂਰੀ ਸੋਚੀ-ਸਮਝੀ ਰਣਨੀਤੀ ਮੁਤਾਬਕ ਰਾਜ-ਧਰੋਹ ਦਾ ਪ੍ਰਚਾਰ ਕੀਤਾ ਤੇ ਸਿੱਟੇ ਵਜੋਂ ਬਗ਼ਾਵਤ ਫੈਲ ਗਈ।" ਉਨ੍ਹਾਂ ਨੂੰ ਲੱਖਾ ਸਿੰਘ, ਸਾਹਿਬ ਸਿੰਘ ਤੇ ਕਾਹਨ ਸਿੰਘ ਵਾਲੇ ਵਰਗ 'ਚ ਹੀ ਰੱਖਿਆ ਗਿਆ ਸੀ। ਉਨ੍ਹਾਂ ਨੂੰ ਮੈਕਨਬ ਵੱਲੋਂ "ਵਧੇਰੇ ਕੱਟੜ ਵਿਅਕਤੀ ਵਜੋਂ ਨਹੀਂ ਤੇ ਘੱਟ ਸਿਆਸੀ ਉਤਸ਼ਾਹੀ" ਪਰ "ਉਨ੍ਹਾਂ ਨੂੰ ਵਧੇਰੇ ਸੁਹਿਰਦ ਹੋਣ ਕਾਰਨ ਖ਼ਤਰਨਾਕ" ਮੰਨਿਆ ਗਿਆ ਸੀ। ਜਵਾਹਰ ਸਿੰਘ ਨੂੰ ਉਪਰੋਕਤ ਸੂਬਿਆਂ ਵਾਂਗ ਖ਼ਤਰਨਾਕ ਨਹੀਂ ਸਮਝਿਆ ਗਿਆ ਸੀ ਪਰ ਉਨ੍ਹਾਂ ਨੂੰ ਹੋਰਨਾਂ ਵਾਂਗ

1. ਉਂਝ ਮੰਗਲ ਸਿੰਘ ਨੂੰ ਕੇਵਲ ਕੁਝ ਮਹੀਨਿਆਂ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ ਸੀ।
2. -ਉਹੀ-

ਗੁਨਾਹਗਾਰ ਮੰਨਿਆ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਕੂਕਿਆਂ ਦੀ ਹਰੇਕ ਯੋਜਨਾ ਦਾ ਪੂਰਾ ਗਿਆਨ ਰਿਹਾ ਸੀ। ਇਸ ਤੋਂ ਇਲਾਵਾ "ਬਾਬਾ ਰਾਮ ਸਿੰਘ ਜੀ ਨਾਲ ਉਨ੍ਹਾਂ ਦੀ ਪੁਜ਼ੀਸ਼ਨ ਤੇ ਪਵਿੱਤਰਤਾ ਲਈ ਉਨ੍ਹਾਂ ਦੀ ਆਪਣੀ ਨਿੱਜੀ ਸਾਖ਼," ਉਨ੍ਹਾਂ ਨੂੰ ਲਗਾਤਾਰ ਹਿਰਾਸਤ 'ਚ ਰੱਖਣਾ ਇੱਕ ਵੱਡੀ ਸਿਆਸੀ ਜ਼ਰੂਰਤ ਸਮਝਿਆ ਗਿਆ ਸੀ। ਮੰਗਲ ਸਿੰਘ ਹੁਰਾਂ ਨੂੰ "ਮੁੱਖ ਅਤੇ ਕਦੇ ਮੁਆਫ਼ ਨਾ ਕੀਤੇ ਜਾਣ ਵਾਲੇ ਸਾਜ਼ਿਸ਼ਘਾੜਿਆਂ 'ਚੋਂ ਇੱਕ" ਮੰਨਿਆ ਗਿਆ ਸੀ। ਬਾਕੀ ਦੇ ਪੰਜ ਸੂਬਿਆਂ – ਰੂੜ ਸਿੰਘ, ਮਾਨ ਸਿੰਘ, ਮਲੂਕ ਸਿੰਘ, ਪਹਾੜਾ ਸਿੰਘ ਤੇ ਹੁਕਮਾ ਸਿੰਘ ਬਾਰੇ ਕਿਹਾ ਗਿਆ ਸੀ ਕਿ "ਸਪੱਸ਼ਟ ਤੌਰ 'ਤੇ ਇਹ ਵਿਅਕਤੀ ਘੱਟ ਮਹੱਤਵ ਵਾਲੇ ਹਨ ਕਿਉਂਕਿ ਇਨ੍ਹਾਂ ਦਾ ਯੋਗਦਾਨ ਵੀ ਘੱਟ ਰਿਹਾ ਹੈ। ਪਰ ਉਹ ਅਨੈਤਿਕ ਹਨ ਤੇ ਉਨ੍ਹਾਂ 'ਚ ਹੌਸਲਾ ਸ਼ਾਇਦ ਯੋਗ ਆਗੂਆਂ ਤੋਂ ਵੀ ਬਹੁਤ ਜ਼ਿਆਦਾ ਹੈ। ਇੰਝ ਉਨ੍ਹਾਂ ਸਾਰਿਆਂ ਨੇ ਮਿਲ-ਜੁਲ ਕੇ ਹੀ ਸਾਰੇ ਕਾਰਜਾਂ ਨੂੰ ਅੰਜਾਮ ਦਿੱਤਾ ਹੈ।"

ਉਪਰੋਕਤ ਕੂਕਾ ਆਗੂਆਂ 'ਤੇ ਲੱਗੇ ਸਾਰੇ ਦੋਸ਼ਾਂ ਦੇ ਮਾਮਲੇ 'ਚ "ਲਗਭਗ ਸਾਰੇ ਕੈਦੀਆਂ ਬਾਰੇ ਕਿਸੇ ਨੂੰ ਕੋਈ ਨੈਤਿਕ ਸ਼ੱਕ ਨਹੀਂ ਸੀ, ਉਹ ਸਾਰੇ ਅਪਰਾਧ ਵਿੱਚ ਸ਼ਾਮਲ ਰਹੇ ਹਨ, ਜੇ ਅਜਿਹਾ ਸਿੱਧ ਹੋ ਗਿਆ, ਤਾਂ ਉਸ ਲਈ ਉਨ੍ਹਾਂ ਨੂੰ ਜੀਵਨ ਭਰ ਲਈ ਦੇਸ਼-ਨਿਕਾਲਾ ਦਿੱਤਾ ਜਾਵੇਗਾ। ਮਹਾਰਾਣੀ ਵਿਰੁੱਧ ਜੰਗ ਵਿੱਢਣ ਦੀ ਸਾਜ਼ਿਸ਼ ਰਚਣਾ, ਰਾਜ-ਧਰੋਹੀ ਪ੍ਰਚਾਰ, ਕਤਲ ਲਈ ਉਕਸਾਉਣਾ – ਇਹ ਉਹ ਸਾਰੇ ਜੁਰਮ ਤੇ ਦੋਸ਼ ਸਨ, ਜਿਹੜੇ ਹਰੇਕ ਕੈਦੀ 'ਤੇ ਬਹੁਤ ਮਜ਼ਬੂਤ ਆਧਾਰ ਬਣਾ ਕੇ ਆਇਦ ਕੀਤੇ ਗਏ ਸਨ।"

ਉਂਝ ਬਾਬਾ ਰਾਮ ਸਿੰਘ ਜੀ ਦੇ ਮਾਮਲੇ 'ਚ, ਕਿਸੇ ਵੀ ਸੂਬੇ ਨੂੰ ਕਾਨੂੰਨੀ ਅਦਾਲਤ ਵਿੱਚ ਖੁੱਲ੍ਹੀ ਸੁਣਵਾਈ ਲਈ ਨਹੀਂ ਲਿਆਂਦਾ ਗਿਆ ਸੀ ਅਤੇ ਅਸਲ ਹਿਰਾਸਤ 1818 ਦੇ ਰੈਗੂਲੇਸ਼ਨ III ਅਧੀਨ ਕੀਤੀ ਗਈ ਸੀ, ਜਿਸ ਨੂੰ ਸਥਾਈ ਬਣਾ ਦਿੱਤਾ ਗਿਆ ਸੀ। ਬੇਸ਼ੱਕ ਲਾਹੌਰ ਤੇ ਕਲਕੱਤਾ ਦੋਵੇਂ ਵਿਸ਼ਿਆਂ ਉਤੇ ਕਾਫ਼ੀ ਵਿਚਾਰ-ਵਟਾਂਦਰਾ ਹੋਇਆ ਸੀ ਅਤੇ ਦੋਵਾਂ ਵਿਚਾਲੇ ਕੁਝ ਚਿੱਠੀ-ਪੱਤਰੀ ਵੀ ਹੋਈ ਸੀ। ਕੇਂਦਰ ਸਰਕਾਰ ਤਾਂ ਮਾਮਲੇ ਦੀ ਸੁਣਵਾਈ ਦੇ ਹੱਕ 'ਚ ਸੀ ਪਰ ਅੰਤ 'ਚ ਉਸ ਨੂੰ ਸਥਾਨਕ ਸਰਕਾਰ ਦੀ ਉਹ ਦਲੀਲ ਮੰਨਣੀ ਪਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਅਜਿਹੀ ਕਾਰਵਾਈ ਜਨਤਕ ਸ਼ਾਂਤੀ ਲਈ ਨੁਕਸਾਨਦੇਹ ਹੋਵੇਗੀ ਕਿਉਂਕਿ ਹੋ ਸਕਦਾ ਹੈ ਕਿ ਸਾਰੇ ਮਾਮਲਿਆਂ 'ਚ ਇਹ ਸੁਣਵਾਈ ਸਫ਼ਲ ਨਾ ਵੀ ਹੋਵੇ ਪਰ ਇਸ ਦਾ ਫ਼ਾਇਦਾ ਕੂਕਾਵਾਦ ਨੂੰ ਹੋ ਸਕਦਾ ਹੈ ਕਿਉਂਕਿ ਇੰਝ ਉਸ ਦੇ ਹੱਕ ਵਿੱਚ ਜਨਤਕ ਹਮਦਰਦੀ ਦੀ ਲਹਿਰ ਉਪਜੇਗੀ[1]:

ਕੁਝ ਸਮੇਂ ਬਾਅਦ, ਇਨ੍ਹਾਂ ਵਰਨਣਯੋਗ ਕੂਕਾ ਆਗੂਆਂ ਨੂੰ ਅਲਾਹਾਬਾਦ ਦੇ ਕਿਲ੍ਹੇ 'ਚੋਂ ਕੱਢ ਕੇ ਹੋਰ ਵੱਖੋ-ਵੱਖਰੇ ਸਥਾਨਾਂ 'ਤੇ ਭੇਜ ਦਿੱਤਾ ਗਿਆ ਸੀ: ਰੂੜ ਸਿੰਘ,

1. ਕੂਕਾ ਦਸਤਾਵੇਜ਼, ਪੰਨੇ 108-109 – ਜਸਵੰਤ ਸਿੰਘ, -ਉਹੀ- 'ਚ ਉਧ੍ਰਿਤ ਕੀਤਾ ਗਿਆ, ਪੰਨਾ 133

ਮਲੂਕ ਸਿੰਘ ਤੇ ਪਹਾੜਾ ਸਿੰਘ ਨੂੰ ਅਸੀਰਗੜ੍ਹ ਕਿਲ੍ਹੇ 'ਚ; ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ ਨੂੰ ਮੌਲਮੀਨ; ਅਤੇ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਅਦਨ।[1]

## III

ਇਹ ਸੁਭਾਵਕ ਹੀ ਸੀ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੂਕਿਆਂ ਦਾ ਮੁੱਖ ਸਥਾਨ ਬ੍ਰਿਟਿਸ਼ ਰੋਹ ਦਾ ਨਿਸ਼ਾਨਾ ਬਣ ਜਾਣਾ ਚਾਹੀਦਾ ਸੀ। 18 ਤਰੀਕ ਦੀ ਸਵੇਰ ਨੂੰ ਜਦੋਂ ਹਾਲੇ ਸੂਰਜ ਠੀਕ ਤਰ੍ਹਾਂ ਚੜ੍ਹਿਆ ਵੀ ਨਹੀਂ ਸੀ ਕਿ ਲੈਫ਼ਟੀਨੈਂਟ ਕਰਨਲ ਬੇਲੀ ਦੀ ਅਗਵਾਈ ਹੇਠ ਪੁਲਿਸ ਦੀ ਇੱਕ ਟੀਮ ਤੇ 25 ਫ਼ੌਜੀ ਸਵਾਰ ਭੈਣੀ ਸਾਹਿਬ ਪੁੱਜ ਗਏ। ਗੁਰਦੁਆਰਾ ਸਾਹਿਬ ਨੂੰ ਤੁਰੰਤ ਘੇਰਾ ਪਾ ਲਿਆ ਗਿਆ। ਅੰਦਰ ਮੌਜੂਦ ਸਾਰੇ ਸ਼ਰਧਾਲੂਆਂ (ਜੋ ਲਗਭਗ 190 ਕੁ ਵਿਅਕਤੀ ਸਨ) ਨੂੰ ਬਾਹਰ ਕੱਢ ਲਿਆ ਗਿਆ ਤੇ ਪਿੰਡ ਦੇ ਬਾਹਰ ਇੱਕ ਥਾਂ 'ਤੇ ਪੁਲਿਸ ਦੀ ਨਿਗਰਾਨੀ ਹੇਠ ਉਨ੍ਹਾਂ ਨੂੰ ਰੱਖਿਆ ਗਿਆ, ਫਿਰ ਸਮੁੱਚੇ ਸਥਾਨ ਦੀ ਬੇਰਹਿਮੀ ਨਾਲ ਤਲਾਸ਼ੀ ਲਈ ਗਈ। ਉਸ ਵੱਡੀ ਕਾਰਵਾਈ ਦੌਰਾਨ 36 ਸਫ਼ਾਜੰਗ ਜਾਂ ਟਕੂਏ (ਲੰਮੇ ਦਸਤੇ ਵਾਲੇ ਕੁਹਾੜੇ), 6 ਗੰਡਾਸੇ, ਦੋ ਖੁਖਰੀਆਂ, ਲਾਠੀਆਂ ਤੇ ਚੱਕਰ (ਗਿਣਤੀ ਨਹੀਂ ਦਿੱਤੀ ਗਈ), ਕੁਝ ਦਸਤਾਵੇਜ਼ (ਜੋ ਅਹਿਮ ਨਹੀਂ ਸਨ), 1500 ਰੁਪਏ, ਕੁਝ ਸੋਨੇ ਤੇ ਚਾਂਦੀ ਦੇ ਗਹਿਣੇ (ਕੀਮਤ ਨਹੀਂ ਦੱਸੀ ਗਈ) ਕੁਝ ਕੀਮਤੀ ਕੱਪੜੇ ਬਰਾਮਦ ਹੋਏ ਸਨ।

ਧਨ, ਗਹਿਣੇ ਤੇ ਕਢਾਈ ਵਾਲੇ ਕੱਪੜਿਆਂ ਨੂੰ ਤੁਰੰਤ ਇੱਕ ਸੀਲਬੰਦ ਬਕਸੇ 'ਚ ਰੱਖ ਕੇ ਜਿੰਦਰਾ ਲਾ ਦਿੱਤਾ ਗਿਆ ਤੇ ਫਿਰ ਉਨ੍ਹਾਂ ਨੂੰ ਸਰਕਾਰੀ ਖ਼ਜ਼ਾਨੇ 'ਚ ਜਮ੍ਹਾ ਕਰਵਾਉਣ ਲਈ ਲੁਧਿਆਣਾ ਭੇਜ ਦਿੱਤਾ ਗਿਆ, ਜਦ ਕਿ ਬਾਬਾ ਰਾਮ ਸਿੰਘ ਜੀ ਦੇ ਰੋਜ਼ਮੱਰਾ ਵਰਤੋਂ 'ਚ ਆਉਣ ਵਾਲੇ ਕੱਪੜੇ ਲੁਧਿਆਣਾ ਸਦਰ ਦਫ਼ਤਰ ਕੋਲ ਰੱਖਣ ਦੇ ਹੁਕਮ ਜਾਰੀ ਕੀਤੇ ਗਏ। ਬਾਕੀ ਸਾਰੀਆਂ ਵਸਤਾਂ ਸਰਕਾਰ ਵੱਲੋਂ ਜ਼ਬਤ ਕਰ ਲਈਆਂ ਗਈਆਂ।

ਬੇਲੀ ਵੱਲੋਂ ਗੁਰਦੁਆਰਾ ਸਾਹਿਬ ਅੰਦਰੋਂ ਬਾਹਰ ਕੱਢੇ ਗਏ ਲੋਕਾਂ 'ਚੋਂ 19 ਜਣਿਆਂ ਨੂੰ 18 ਤਰੀਕ ਨੂੰ ਵਾਪਸ ਚਲੇ ਜਾਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ। ਉਹ ਸਨ ਬਾਬਾ ਜੱਸਾ ਸਿੰਘ (ਬਾਬਾ ਰਾਮ ਸਿੰਘ ਜੀ ਦੇ ਪਿਤਾ, ਬੁੱਧ ਸਿੰਘ (ਬਾਬਾ ਰਾਮ ਸਿੰਘ ਜੀ ਦੇ ਛੋਟੇ ਭਰਾ ਤੇ ਜਾਨਸ਼ੀਨ, ਜਿਨ੍ਹਾਂ ਨੂੰ ਬਾਬਾ ਹਰੀ ਸਿੰਘ ਦੇ ਨਾਂਅ ਨਾਲ ਵਧੇਰੇ ਜਾਣਿਆ ਜਾਂਦਾ ਹੈ), ਬੀਬੀ ਨੰਦਾ (ਬਾਬਾ ਰਾਮ ਸਿੰਘ ਜੀ ਦੀ ਧੀ) ਤੇ ਉਨ੍ਹਾਂ ਦੇ ਬੱਚੇ, ਭੈਣੀ ਸਾਹਿਬ ਵਿਖੇ ਦੁਕਾਨ ਦਾ ਪ੍ਰਬੰਧਕ ਵਰਿਆਮ ਸਿੰਘ, ਬਾਬਾ ਰਾਮ ਸਿੰਘ ਜੀ ਦਾ ਨਿੱਜੀ ਸਹਾਇਕ ਮੱਖਣ ਸਿੰਘ ਤੇ 82 ਪਸ਼ੂਆਂ ਦੀ ਦੇਖਭਾਲ ਕਰਨ ਵਾਲੇ 11 ਹੋਰ ਵਿਅਕਤੀ। ਪਰ ਉਨ੍ਹਾਂ ਨੂੰ ਕੇਵਲ ਪਰਿਵਾਰ ਦੇ ਛੋਟੇ ਪੁਸ਼ਤੈਨੀ ਮਕਾਨ ਵਿੱਚ ਹੀ

1. ਮਾਨ ਸਿੰਘ ਅਤੇ ਹੁਕਮਾ ਸਿੰਘ ਨੂੰ ਚੁਨਾਰ (ਸੰਯੁਕਤ ਪ੍ਰਾਂਤ) ਦੇ ਕਿਲ੍ਹੇ ਵਿਚ ਭੇਜ ਦਿੱਤਾ।

ਰਹਿਣ ਦੀ ਇਜਾਜ਼ਤ ਦਿੱਤੀ ਗਈ। ਗੁਰਦੁਆਰਾ ਸਾਹਿਬ ਨੂੰ ਅਣਮਿੱਥੇ ਸਮੇਂ ਲਈ ਜਿੰਦਰਾ ਲਾ ਦਿੱਤਾ ਗਿਆ। ਉੱਥੇ ਕਿਸੇ ਨੂੰ ਵੀ ਰਹਿਣ ਦੀ ਇਜਾਜ਼ਤ ਨਾ ਦਿੱਤੀ ਗਈ, ਉੱਥੇ ਕੋਈ ਸਮਾਰੋਹ ਵੀ ਨਹੀਂ ਰੱਖ ਸਕਦਾ ਸੀ, ਕੋਈ ਧਾਰਮਿਕ ਕਿਸਮ ਦਾ ਸਮਾਗਮ ਉਸ ਦੇ ਨੇੜੇ-ਤੇੜੇ ਵੀ ਕਿਤੇ ਰੱਖਣ ਦੀ ਪ੍ਰਵਾਨਗੀ ਨਹੀਂ ਸੀ।

ਬਾਕੀ ਦੇ 172 ਵਿਅਕਤੀਆਂ ਨੂੰ ਭਾਰੀ ਪੁਲਿਸ ਦੀ ਨਿਗਰਾਨੀ ਹੇਠ ਤੁਰੰਤ ਪੈਦਲ ਲੁਧਿਆਣਾ ਵੱਲ ਚਾਲੇ ਪਾਉਣ ਦੇ ਹੁਕਮ ਦਿੱਤੇ ਗਏ। ਉਨ੍ਹਾਂ 'ਚ ਹੋਰਨਾਂ ਤੋਂ ਇਲਾਵਾ ਬਜ਼ੁਰਗ ਵਿਅਕਤੀ, ਔਰਤਾਂ ਤੇ ਬੱਚੇ ਸਨ, ਜੋ ਸਵੇਰ ਤੋਂ ਹੀ ਭੁੱਖੇ-ਭਾਣੇ ਸਨ, ਉਨ੍ਹਾਂ ਸਭ ਨੂੰ ਖਾਲੀ ਪੇਟ ਹੀ 12 ਕੋਹ ਤੱਕ ਦੀ ਸਖ਼ਤ ਯਾਤਰਾ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਨ੍ਹਾਂ ਸਭਨਾਂ ਨੇ ਇਹ ਸਾਰੀਆਂ ਔਕੜਾਂ ਬਹਾਦਰੀ ਨਾਲ ਝੱਲ ਲਈਆਂ। ਲੁਧਿਆਣਾ 'ਚ ਉਨ੍ਹਾਂ 'ਚੋਂ 122 ਜਣੇ ਰਿਹਾਅ ਕਰ ਦਿੱਤੇ ਗਏ ਅਤੇ ਉਨ੍ਹਾਂ ਨੂੰ ਇਸ ਚੇਤਾਵਨੀ ਨਾਲ ਆਪੋ-ਆਪਣੀਆਂ ਥਾਵਾਂ 'ਤੇ ਜਾਣ ਦੇ ਹੁਕਮ ਦਿੱਤੇ ਗਏ ਕਿ ਜੇ ਕਿਤੇ ਉਹ ਦੋਬਾਰਾ ਭੈਣੀ ਸਾਹਿਬ ਗਏ, ਤਾਂ ਉਨ੍ਹਾਂ ਨੂੰ ਜੇਲ੍ਹੀਂ ਡੱਕ ਦਿੱਤਾ ਜਾਵੇਗਾ। ਬਾਕੀ ਦੇ 50 ਜਣਿਆਂ ਨੂੰ ਇਹ ਆਖਦਿਆਂ ਵਾਪਸ ਭੇਜਣ ਤੋਂ ਇਨਕਾਰ ਕਰ ਦਿੱਤਾ ਗਿਆ ਕਿ ਉਨ੍ਹਾਂ ਕੋਲ ਭੈਣੀ ਸਾਹਿਬ ਤੋਂ ਬਿਨਾਂ ਜਾਣ ਲਈ ਹੋਰ ਕੋਈ ਸਥਾਨ ਹੀ ਨਹੀਂ ਸੀ। ਇਨ੍ਹਾਂ ਲੋਕਾਂ ਬਾਰੇ ਫ਼ੋਰਸਾਈਥ ਨੇ ਪੰਜਾਬ ਸਰਕਾਰ ਨੂੰ 20 ਜਨਵਰੀ[1] ਦੀ ਆਪਣੀ ਚਿੱਠੀ ਵਿੱਚ ਲਿਖਿਆ ਸੀ ਕਿ ਉਨ੍ਹਾਂ ਨੂੰ "ਜ਼ਮਾਨਤ ਰਾਸ਼ੀ' ਜਮ੍ਹਾ ਕਰਵਾਉਣ ਲਈ ਆਖਿਆ ਜਾਵੇਗਾ ਜਾਂ ਕੋਤਾਹੀ ਕਰਨ ਦੀ ਸਥਿਤੀ 'ਚ "ਕਾਨੂੰਨ ਅਨੁਸਾਰ ਦੋ ਸਾਲ ਤੱਕ ਕੈਦ ਵਿੱਚ ਰੱਖਿਆ ਜਾਵੇਗਾ।" ਫ਼ੋਰਸਾਈਥ ਨੇ ਕਾਰਣ ਦੀ ਵਿਆਖਿਆ ਕਰਦਿਆਂ ਲਿਖਿਆ ਸੀ ਕਿ ਉਨ੍ਹਾਂ ਕੋਲ "ਕੋਈ ਘਰ ਨਹੀਂ ਸੀ ਤੇ ਜੀਵਨ ਬਤੀਤ ਕਰਨ ਦਾ ਕੋਈ ਸਾਧਨ ਵੀ ਨਹੀਂ ਸੀ, ਜੋ ਇਸ ਸੰਪਰਦਾਇ ਦਾ ਇੱਕ ਖ਼ਤਰਨਾਕ ਵਰਗ ਸੀ, ਜਿਨ੍ਹਾਂ ਆਪਣੀਆਂ ਸਾਰੀਆਂ ਜ਼ਮੀਨਾਂ-ਜਾਇਦਾਦਾਂ ਵੇਚ ਛੱਡੀਆਂ ਸਨ ਤੇ ਉਹ ਆਪਣੇ ਆਗੂ ਦੇ ਹੁਕਮ 'ਤੇ ਕੋਈ ਵੀ ਕੰਮ ਕਰਨ ਲਈ ਤਿਆਰ-ਬਰ-ਤਿਆਰ ਸਨ।"

ਕਮਿਸ਼ਨਰ ਫ਼ੋਰਸਾਈਥ ਵੱਲੋਂ 17 ਤਰੀਕ ਨੂੰ ਜਾਰੀ ਕੀਤੇ ਹੁਕਮਾਂ ਅਨੁਸਾਰ ਲੈਫ਼ਟੀਨੈਂਟ ਕਰਨਲ ਬੇਲੀ ਨੇ ਭੈਣੀ ਸਾਹਿਬ ਤੋਂ ਰਵਾਨਗੀ ਪਾਉਣ ਤੋਂ ਪਹਿਲਾਂ ਉੱਥੇ ਇੱਕ ਪੁਲਿਸ ਚੌਕੀ ਸਥਾਪਤ ਕਰ ਦਿੱਤੀ ਸੀ, ਜਿੱਥੇ ਇੱਕ ਸਬ-ਇੰਸਪੈਕਟਰ ਤੇ 20 ਕਾਂਸਟੇਬਲਾਂ ਨੇ ਰਹਿਣਾ ਸੀ। ਉਸ ਦਾ ਮਕਸਦ ਸਥਾਨਕ ਕੂਕਿਆਂ 'ਤੇ ਚੌਕਸ ਨਜ਼ਰ ਰੱਖਣਾ, ਉਨ੍ਹਾਂ ਬਾਰੇ ਨਿਯਮਤ ਰਿਪੋਰਟਾਂ ਹਾਸਲ ਕਰਨਾ ਤੇ ਉਸ ਸਥਾਨ 'ਤੇ ਕਿਸੇ ਬਾਹਰੀ ਕੂਕਿਆਂ ਦੀ ਆਮਦ ਨੂੰ ਰੋਕਣਾ ਸੀ[2]। ਪਿੰਡ ਭੈਣੀ ਸਾਹਿਬ ਵਿਖੇ ਕਾਇਮ ਕੀਤੀ ਪੁਲਿਸ ਚੌਕੀ ਬਾਬਾ ਰਾਮ ਸਿੰਘ ਜੀ ਦੇ ਪਰਿਵਾਰਕ ਮੈਂਬਰਾਂ ਲਈ ਇੱਕ ਨਾਸੂਰ

---

1. ਸੰਸਦੀ ਦਸਤਾਵੇਜ਼, 1872, ਨੰ. 356 - ਕੂਕਾ ਬਗ਼ਾਵਤ, ਪੰਨਾ 20
2. ਅੱਠ ਸਾਲਾਂ ਪਿੱਛੋਂ ਥੋੜ੍ਹੀ ਰਾਹਤ ਦਿੱਤੀ ਗਈ ਸੀ ਤੇ ਤਦ ਬਹੁਤ ਸੀਮਤ ਗਿਣਤੀ 'ਚ ਲੋਕਾਂ (ਇੱਕ ਵਾਰੀ 'ਚ 10 ਜਣਿਆਂ ਤੋਂ ਵੱਧ ਨਹੀਂ) ਨੂੰ ਉਥੇ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ।

ਬਣ ਕੇ ਰਹਿ ਗਈ ਸੀ ਕਿਉਂਕਿ ਥੋੜ੍ਹਾ ਜਿੰਨਾ ਵੀ ਸ਼ੱਕ ਹੋਣ 'ਤੇ ਉਨ੍ਹਾਂ ਦੀ ਤਲਾਸ਼ੀ ਲੈ ਕੇ ਉਨ੍ਹਾਂ ਦਾ ਅਪਮਾਨ ਕੀਤਾ ਜਾਂਦਾ ਸੀ। ਉਹ ਪਿੰਡ 'ਚ ਵੀ ਕਿਤੇ ਖੁੱਲ੍ਹ ਕੇ ਇੱਧਰ-ਉਧਰ ਨਹੀਂ ਜਾ ਸਕਦੇ ਸਨ ਤੇ ਉਨ੍ਹਾਂ 'ਤੇ ਸਖ਼ਤ ਨਜ਼ਰ ਰੱਖੀ ਜਾਂਦੀ ਸੀ। ਇਹ ਨਾਸੂਰ 1922[1] ਤੱਕ ਰਿਸਦਾ ਰਿਹਾ, ਆਖ਼ਰ ਜਦੋਂ ਇਸ ਇਤਰਾਜ਼ਯੋਗ ਤੇ ਨਿੰਦਾਯੋਗ ਪੁਲਿਸ ਚੌਕੀ ਨੂੰ ਬਹੁਤ ਜ਼ਿਆਦਾ ਸਿਆਸੀ ਦਬਾਅ ਕਾਰਣ ਉੱਥੋਂ ਹਟਾ ਦਿੱਤਾ ਗਿਆ ਕਿਉਂਕਿ ਤਦ ਤੱਕ ਦੇਸ਼ 'ਚ ਰਾਸ਼ਟਰਵਾਦੀ ਤਾਕਤਾਂ ਨੇ ਜ਼ੋਰ ਫੜ ਲਿਆ ਸੀ।

ਲੁਧਿਆਣਾ ਪੁੱਜ ਕੇ ਲੈਫ਼ਟੀਨੈਂਟ ਕਰਨਲ ਬੇਲੀ ਨੇ ਆਪਣੀਆਂ ਤਾਜ਼ਾ ਗਤੀਵਿਧੀਆਂ ਦੀ ਇੱਕ ਰਿਪੋਰਟ ਮਲੌਦ 'ਚ ਗਏ ਕਮਿਸ਼ਨਰ ਨੂੰ ਭੇਜੀ। ਉਹ ਰਿਪੋਰਟ ਅੱਗੇ 21 ਜਨਵਰੀ ਨੂੰ ਪੰਜਾਬ ਸਰਕਾਰ ਕੋਲ ਭੇਜ ਦਿੱਤੀ ਗਈ। ਬੇਲੀ ਦੀ ਰਿਪੋਰਟ 'ਚ ਲਾਗਲੇ ਪਿੰਡਾਂ ਦੇ ਕੁਝ ਨੰਬਰਦਾਰਾਂ ਦੇ ਬਿਆਨ ਵੀ ਦਰਜ ਸਨ ਕਿਉਂਕਿ ਉਸ ਵੇਲੇ ਇਹ ਅਫ਼ਵਾਹ ਫੈਲੀ ਹੋਈ ਸੀ ਕਿ ਅਸਲੇ ਤੇ ਧਨ ਦਾ ਕੋਈ ਲੁਕਵਾਂ ਭੰਡਾਰ ਵੀ ਮੌਜੂਦ ਹੈ। ਕੁਝ ਦਿਨਾਂ ਬਾਅਦ ਸ੍ਰੀ ਜੈਕਸਨ (ਲੁਧਿਆਣਾ ਦੇ ਏ ਐੱਸਪੀ) ਨੂੰ ਭੈਣੀ ਸਾਹਿਬ ਭੇਜਿਆ ਗਿਆ। ਕੁਝ ਸ਼ੱਕੀ ਥਾਂਵਾਂ ਨੂੰ ਬਹੁਤ ਜ਼ਿਆਦਾ ਡੂੰਘਾਈ ਤੱਕ ਪੁੱਟਿਆ ਗਿਆ ਪਰ ਕਿਤੋਂ ਕੁਝ ਵੀ ਬਰਾਮਦ ਨਹੀਂ ਹੋ ਸਕਿਆ ਤੇ ਜੈਕਸਨ ਹੱਥ ਮਲ਼ਦਾ ਰਹਿ ਗਿਆ ਤੇ ਉਸ ਦੀ ਸਖ਼ਤ ਮਿਹਨਤ ਬੇਕਾਰ ਗਈ ਤੇ ਉਸ ਨੂੰ ਬੈਰੰਗ ਪਰਤਣਾ ਪਿਆ।

## IV

ਸਰਕਾਰੀ ਬਦਲੇ ਦਾ ਇੱਕ ਹੋਰ ਅਹਿਮ ਪੱਖ ਇਹ ਵੀ ਰਿਹਾ ਕਿ ਕੂਕਾ ਸੰਗਠਨ ਨੂੰ 'ਪੂਰੀ ਤਰ੍ਹਾਂ ਚੌਕਸੀ ਤੇ ਰਿਪੋਰਟ ਪ੍ਰਣਾਲੀ' ਅਧੀਨ ਕਰ ਦਿੱਤਾ ਗਿਆ ਕਿ ਤਾਂ ਜੋ ਭਵਿੱਖ 'ਚ ਅਜਿਹੀ ਕੋਈ ਹੋਰ ਬਗ਼ਾਵਤ ਦੋਬਾਰਾ ਉੱਭਰਨ ਦੀ ਸੰਭਾਵਨਾ ਨਾ ਰਹੇ ਤੇ ਪੂਰੀ ਨਜ਼ਰ ਵੀ ਰੱਖੀ ਜਾ ਸਕੇ। ਇਸ ਸਬੰਧੀ ਚੁੱਕੇ ਗਏ ਇਨ੍ਹਾਂ ਸਖ਼ਤ ਕਦਮਾਂ ਦੀ ਵਿਆਖਿਆ ਪੰਜਾਬ ਸਰਕਾਰ ਵੱਲੋਂ 2 ਅਪ੍ਰੈਲ, 1872 ਨੂੰ ਭਾਰਤ ਸਰਕਾਰ ਨੂੰ ਲਿਖੀ ਗਈ ਗਈ ਇੱਕ ਗੁਪਤ ਚਿੱਠੀ[2] 'ਚ ਕੀਤੀ ਗਈ ਸੀ। ਉਸ ਵਿੱਚ ਇਹ ਨੁਕਤਾ ਉਭਾਰਿਆ ਗਿਆ ਸੀ: "ਕੂਕਾ ਸੰਪਰਦਾਇ ਦੇ ਪ੍ਰਮੁੱਖ ਆਗੂਆਂ ਨੂੰ ਸੂਬੇ ਤੋਂ ਬਾਹਰ ਭੇਜ ਦਿੱਤਾ ਗਿਆ ਹੈ। ਬਾਕੀ ਦੇ ਸਾਰੇ ਰਸੂਖ਼ਦਾਰਾਂ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਪੂਰੇ ਧਿਆਨ ਨਾਲ ਨਜ਼ਰ ਰੱਖੀ ਜਾ ਰਹੀ ਹੈ। ਦਿਹਾਤੀ ਸਰਕਲਾਂ ਦੇ ਜ਼ੈਲਦਾਰਾਂ ਤੇ ਪਿੰਡਾਂ ਦੇ ਨੰਬਰਦਾਰਾਂ ਨੂੰ ਵੀ ਆਪੋ-ਆਪਣੇ ਪਿੰਡਾਂ ਤੇ ਸਰਕਲਾਂ 'ਚ ਕੂਕਿਆਂ ਦੀਆਂ ਸਾਰੀਆਂ ਗਤੀਵਿਧੀਆਂ ਸਬੰਧੀ ਰਿਪੋਰਟਾਂ ਭੇਜਣ ਲਈ ਕਿਹਾ ਗਿਆ ਹੈ, ਅਜਿਹਾ ਨਾ ਕਰਨ 'ਤੇ ਉਨ੍ਹਾਂ ਤੋਂ ਉਨ੍ਹਾਂ ਦੇ ਅਹੁਦੇ ਵਾਪਸ ਲੈ ਲੈਣ ਦੇ ਨਾਲ-ਨਾਲ ਹੋਰ ਸਜ਼ਾਵਾਂ ਵੀ ਤੈਅ ਕੀਤੀਆਂ ਗਈਆਂ ਹਨ। ਸਮੁੱਚੇ ਸੂਬੇ 'ਚ

1. ਸਹੀ ਤਾਰੀਖ 13 ਮਈ 1923.....(ਅਨੁਵਾਦਕ)
2. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 11.

ਕਿਸੇ ਇੱਕ ਥਾਂ 'ਤੇ ਪੰਜ ਤੋਂ ਵੱਧ ਕੂਕਿਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਜਨਤਕ ਸਥਾਨਾਂ 'ਤੇ ਕੁਹਾੜੇ, ਲੋਹੇ ਦੀਆਂ ਰਾਡਾਂ ਤੇ ਅਜਿਹੇ ਹੋਰ ਹਥਿਆਰਾਂ, ਜਿਹੜੇ ਹਥਿਆਰਾਂ ਨਾਲ ਸਬੰਧਤ ਕਾਨੂੰਨ ਦੀਆਂ ਵਿਵਸਥਾਵਾਂ ਅਧੀਨ ਨਹੀਂ ਆਉਂਦੇ, ਦੇ ਲਿਜਾਣ 'ਤੇ ਸਖ਼ਤ ਪਾਬੰਦੀ ਲਾਈ ਗਈ ਹੋਈ ਹੈ ਕਿ ਤਾਂ ਜੋ ਕਿਤੇ ਕੋਈ ਭਿਆਨਕ ਦੰਗੇ ਨਾ ਭੜਕ ਜਾਣ। ਸਮੁੱਚੇ ਕੂਕਾ ਸੰਪਰਦਾਇ ਬਾਰੇ ਚੌਕਸੀ ਤੇ ਰਿਪੋਰਟ ਦੀ ਮੁਕੰਮਲ ਪ੍ਰਣਾਲੀ ਸਥਾਪਤ ਹੈ ਅਤੇ ਲੈਫ਼ਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਜਦੋਂ ਵੀ ਕਿਤੇ ਥੋੜ੍ਹੀ ਜਿੰਨੀ ਵੀ ਹਿੱਲਜੁੱਲ ਹੋਵੇਗੀ, ਤਾਂ ਉਸ ਦੀ ਜਾਣਕਾਰੀ ਤੁਰੰਤ ਸਰਕਾਰ ਕੋਲ ਪੁੱਜ ਜਾਵੇਗੀ।'' ਅਠਾਰਾਂ ਦਿਨ ਪਹਿਲਾਂ 15 ਮਾਰਚ ਨੂੰ ਇਸੇ ਅਧਿਕਾਰੀ ਨੇ ਭਾਰਤ ਸਰਕਾਰ ਤੋਂ ਪੰਜਾਬ ਪੁਲਿਸ 'ਚ ਮੌਜੂਦ ਸਾਰੇ ਕੂਕਿਆਂ ਨੂੰ ਬਰਖ਼ਾਸਤ ਕਰਨ ਦੀ ਇਜਾਜ਼ਤ ਮੰਗੀ ਸੀ। ਲੋੜੀਂਦੀ ਪ੍ਰਵਾਨਗੀ 16 ਅਪ੍ਰੈਲ 1872[1] ਨੂੰ ਦੇ ਦਿੱਤੀ ਗਈ ਸੀ।

ਪਟਿਆਲਾ, ਨਾਭਾ ਤੇ ਮਾਲੇਰ ਕੋਟਲਾ ਰਿਆਸਤਾਂ ਵੀ ਕੂਕਾ-ਵਿਰੋਧੀ ਕਦਮ ਚੁੱਕਣ ਦੇ ਮਾਮਲੇ 'ਚ ਪੰਜਾਬ ਤੋਂ ਪਿੱਛੇ ਨਹੀਂ ਰਹੀਆਂ ਸਨ। ਪਟਿਆਲਾ ਰਿਆਸਤ ਦਾ ਜ਼ਿਕਰ ਖ਼ਾਸ ਤੌਰ 'ਤੇ ਕੀਤਾ ਜਾ ਸਕਦਾ ਹੈ। ਮਹਾਰਾਜਾ ਪਟਿਆਲਾ ਆਰੰਭ ਤੋਂ ਹੀ ਕੂਕਾਵਾਦ ਨੂੰ ਦਬਾਉਣ ਲਈ ਬਹੁਤ ਸਰਗਰਮ ਰਿਹਾ ਸੀ। ਇਸ ਸਬੰਧੀ ਉਸ ਵੱਲੋਂ ਚੁੱਕੇ ਗਏ ਕੁਝ ਕਦਮ ਪਹਿਲਾਂ ਹੀ ਵੇਖੇ ਜਾ ਚੁੱਕੇ ਹਨ, ਉਦਾਹਰਣ ਵਜੋਂ: ਕਾਵਨ ਵੱਲੋਂ ਜਦੋਂ ਮਾਲੇਰ ਕੋਟਲਾ ਲਈ ਕੁਝ ਤੋਪਾਂ ਤੇ ਫ਼ੌਜੀ ਭੇਜਣ ਲਈ ਬੇਨਤੀ ਕੀਤੀ ਗਈ, ਤਾਂ ਉਹ ਤੁਰੰਤ ਮੰਨ ਲਈ ਗਈ; ਕੋਟਲਾ ਦੇ ਹਮਲੇ ਤੋਂ ਬਾਅਦ 68 ਕੂਕਾ ਘੁਸਪੈਠੀਆਂ ਦੇ ਖ਼ਦਸ਼ੇ ਵਿੱਚ ਮਹਾਰਾਜੇ ਨੇ ਮਦਦ ਕੀਤੀ; ਅਤੇ ਉਸ ਵੱਲੋਂ ਰਾਇਪੁਰ (ਬਿਸ਼ਨਪੁਰ) ਦੇ ਆਪਣੇ ਹੀ ਰਿਸ਼ਤੇਦਾਰ ਸਰਦਾਰ ਮੰਗਲ ਸਿੰਘ ਦੀ ਕੀਤੀ ਗਈ ਗ੍ਰਿਫ਼ਤਾਰੀ ਤੇ ਫਿਰ ਉਸ ਨੂੰ ਬ੍ਰਿਟਿਸ਼ ਸਰਕਾਰ ਹਵਾਲੇ ਕਰਨਾ। ਬ੍ਰਿਟਿਸ਼ ਸਰਕਾਰ ਤੋਂ ਪਹਿਲਾਂ ਵੀ ਕੂਕਾ ਸੰਗਠਨ ਵਿਰੁੱਧ ਕੁਝ ਕਦਮ ਚੁੱਕੇ ਗਏ ਸਨ, ਉਸ ਨੇ 19 ਜਨਵਰੀ ਨੂੰ ਇੱਕ ਫ਼ਰਮਾਨ ਜਾਰੀ ਕੀਤਾ ਸੀ, ਜਿਸ ਦੀ ਇੱਕ ਕਾਪੀ ਅਗਲੇ ਦਿਨ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ। ਇਹ ਫ਼ਰਮਾਨ ਆਮ ਜਨਤਾ 'ਚ ਦਹਿਸ਼ਤ ਪੈਦਾ ਕਰਨ ਅਤੇ ਰਾਜ 'ਚੋਂ ਕੂਕਾਵਾਦ ਦਾ ਖ਼ਾਤਮਾ ਕਰਨ ਦੇ ਇਰਾਦੇ ਨਾਲ ਜਾਰੀ ਕੀਤਾ ਗਿਆ ਸੀ। ਜਿਹੜੇ ਸੂਬੇ ਹਾਲੇ ਵੀ ਖੁੱਲ੍ਹੇ ਘੁੰਮ ਰਹੇ ਸਨ ਅਤੇ ਜਿਹੜੇ ਪਿਛਲੀ ਮਾਘੀ ਦੇ ਮੇਲੇ ਮੌਕੇ ਭੈਣੀ ਸਾਹਿਬ ਵਿਖੇ ਗਏ ਸਨ, ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਲਈ ਜ਼ਿਲ੍ਹਿਆਂ ਦੇ ਨਾਜ਼ਿਮਾਂ ਨੂੰ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਮਾਘੀ ਦੇ ਮੇਲੇ 'ਚ ਗਏ ਕੂਕਿਆਂ ਨੂੰ ਉਦੋਂ ਤੱਕ ਹਿਰਾਸਤ 'ਚ ਰੱਖਿਆ ਜਾਣਾ ਸੀ ਜਦੋਂ ਤੱਕ ਕਿ ਉਹ ਮਲੌਦ ਤੇ ਮਾਲੇਰ ਕੋਟਲਾ ਦੇ ਹਮਲਿਆਂ ਵਿਚ ਆਪਣੇ ਸ਼ਾਮਲ ਨਾ ਹੋਣ ਦਾ ਕੋਈ ਤਸੱਲੀਬਖ਼ਸ਼ ਸਬੂਤ ਨਹੀਂ ਵਿਖਾ ਦਿੰਦੇ। ਉਸੇ ਫ਼ਰਮਾਨ ਅਧੀਨ ਪਟਿਆਲਾ ਖੇਤਰ ਅੰਦਰ ਉਨ੍ਹਾਂ ਸਾਰੇ ਲੋਕਾਂ ਦੀ ਜਾਇਦਾਦ ਵੀ ਜ਼ਬਤ ਕਰਨ ਦੇ ਹੁਕਮ ਜਾਰੀ

1. ਹੋਮ ਜੁਡੀਸ਼ੀਅਲ (ਏ) ਪ੍ਰੋਗਸ. ਅਪ੍ਰੈਲ 1872, ਨੰਬਰ 153-156

ਹੋਏ ਸਨ, ਜਿਨ੍ਹਾਂ ਨੇ ਹਾਲੀਆ ਕੂਕਾ ਹਮਲਿਆਂ 'ਚ ਭਾਗ ਲਿਆ ਸੀ ਅਤੇ ਜਿਨ੍ਹਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ। ਕੂਕਿਆਂ ਦੇ ਕਿਸੇ ਵੀ ਤਰ੍ਹਾਂ ਦੇ ਇਕੱਠ 'ਤੇ ਤਾਂ ਪਾਬੰਦੀ ਲੱਗੀ ਹੀ ਹੋਈ ਸੀ ਅਤੇ ਕੂਕਿਆਂ ਦੀਆਂ ਸਾਰੀਆਂ ਗਤੀਵਿਧੀਆਂ ਇੱਕ ਸਖ਼ਤ ਕਿਸਮ ਦੀ ਚੌਕਸੀ ਪ੍ਰਣਾਲੀ ਅਧੀਨ ਸਨ। ਪਿੰਡਾਂ ਦੇ ਨੰਬਰਦਾਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਉਨ੍ਹਾਂ ਆਪਣੇ ਇਲਾਕਿਆਂ 'ਚ ਕੂਕਿਆਂ ਨੂੰ ਆਪਣੀਆਂ ਹੱਦਾਂ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ, ਤਾਂ ਇਸ ਲਈ ਸਿਰਫ਼ ਉਹ ਨੰਬਰਦਾਰ ਹੀ ਜ਼ਿੰਮੇਵਾਰ ਹੋਣਗੇ।

ਇਹ ਸੁਆਲ ਪੁੱਛਿਆ ਜਾ ਸਕਦਾ ਹੈ: ਇਨ੍ਹਾਂ ਰਿਆਸਤਾਂ ਨੇ ਅਜਿਹੇ ਕਦਮ ਕਿਉਂ ਚੁੱਕੇ? ਅਜਿਹੇ ਵਿਰੋਧੀ ਤੇ ਦੇਸ਼-ਭਗਤੀ ਤੋਂ ਉਲਟ ਕਦਮ ਚੁੱਕਣ ਪਿੱਛੇ ਦੋ ਕਾਰਣ ਹੋ ਸਕਦੇ ਹਨ। ਇੱਕ ਤਾਂ ਇਹ ਕਿ ਕੂਕੇ ਆਪੋ-ਆਪਣੇ ਇਲਾਕਿਆਂ 'ਚ ਇਕੱਠੇ ਹੋ ਕੇ ਆਪਣੀ ਤਾਕਤ ਵਧਾ ਰਹੇ ਸਨ। ਉਨ੍ਹਾਂ ਦੀ ਨਾ ਸਿਰਫ਼ ਗਿਣਤੀ ਵਧਦੀ ਜਾ ਰਹੀ ਸੀ, ਸਗੋਂ ਉਹ ਬੇਹੱਦ ਪ੍ਰਭਾਵਸ਼ਾਲੀ ਤੇ ਅਮੀਰ ਜ਼ਿੰਮੀਂਦਾਰਾਂ[2] ਨੂੰ ਵੀ ਆਪਣੇ ਵੱਲ ਕਰਦੇ ਜਾ ਰਹੇ ਸਨ। ਜੇ ਸਿੱਧੀ ਭਾਸ਼ਾ 'ਚ ਗੱਲ ਕਰੀਏ, ਤਾਂ ਉਨ੍ਹਾਂ ਨੂੰ ਦੇਸੀ ਨਿਯਮਾਂ ਦੇ ਵਿਰੁੱਧ ਨਹੀਂ ਜਾਣਾ ਚਾਹੀਦਾ ਸੀ ਕਿਉਂਕਿ ਮੁੱਖ ਨਿਸ਼ਾਨਾ ਤਾਂ ਬ੍ਰਿਟਿਸ਼ ਸਰਕਾਰ ਸੀ। ਦੋਵਾਂ ਵਿਚਾਲੇ ਕੋਈ ਲਾਈਨ ਖਿੱਚਣ ਦੀ ਕੋਈ ਸੰਭਾਵਨਾ ਨਹੀਂ ਸੀ ਕਿਉਂਕਿ ਭਾਰਤੀ ਹਾਕਮ ਵੀ ਸਾਰੇ ਮਾਮਲਿਆਂ 'ਚ ਵਿਦੇਸ਼ੀ ਹਾਕਮਾਂ ਦੀ ਪਿਛਲੱਗੂ ਬਣ ਕੇ ਹੀ ਚੱਲ ਰਹੇ ਸਨ। ਦੂਜੇ, 1858 ਤੋਂ ਬਾਅਦ ਬ੍ਰਿਟਿਸ਼ ਸਰਬਉੱਚਤਾ ਪੂਰੀ ਤਰ੍ਹਾਂ ਕਾਇਮ ਹੋ ਗਈ ਸੀ ਅਤੇ ਭਾਰਤੀ ਹਾਕਮਾਂ ਦਾ ਦਰਜਾ ਘਟ ਕੇ ਸਿਰਫ਼ ਬ੍ਰਿਟਿਸ਼ ਦੀ ਮਹਾਰਾਜੇ/ਮਹਾਰਾਣੀ ਦੇ ਜਗੀਰਦਾਰਾਂ ਜਿੰਨਾ ਰਹਿ ਗਿਆ ਸੀ। ਨਵੀਆਂ ਅਹਿਮ ਨੀਤੀਆਂ ਉਲੀਕਣ ਦੇ ਮਾਮਲੇ 'ਚ ਉਨ੍ਹਾਂ ਨੂੰ ਕੋਈ ਅਜ਼ਾਦੀ ਨਹੀਂ ਸੀ। ਉਹੀ ਪੂਰੀ ਤਰ੍ਹਾਂ ਸਰਬਉੱਚ ਤਾਕਤ ਦੇ ਅੰਗੂਠੇ ਹੇਠ ਹੋਣ ਦੇ ਬਾਵਜੂਦ ਆਪਣੀਆਂ ਗੱਦੀਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦੇ ਸਨ ਤੇ ਇਸੇ ਲਈ ਉਹ ਕਿਸੇ ਕਿਸਮ ਦਾ ਕੋਈ ਵਿਰੋਧ ਨਹੀਂ ਪ੍ਰਗਟਾ ਸਕਦੇ ਸਨ ਤੇ ਬ੍ਰਿਟਿਸ਼ ਸਰਕਾਰ ਵੱਲੋਂ ਅਪਣਾਏ ਰਾਹ ਤੋਂ ਬਿਨਾਂ ਹੋਰ ਕੋਈ ਰਾਹ ਅਖ਼ਤਿਆਰ ਨਹੀਂ ਕਰ ਸਕਦੇ ਸਨ।

## V

ਅਸੀਂ ਉੱਪਰ ਵੇਖ ਚੁੱਕੇ ਹਾਂ ਕਿ ਮਲੌਦ ਤੇ ਮਾਲੇਰ ਕੋਟਲਾ 'ਤੇ ਹਮਲਿਆਂ ਤੋਂ ਬਾਅਦ ਕੂਕਿਆਂ 'ਤੇ ਕਿੰਨੀ ਸਖ਼ਤੀ ਤੇ ਉਨ੍ਹਾਂ ਵਿਰੁੱਧ ਕਿੰਨੀ ਜ਼ਿਆਦਾ ਤਾਕਤ ਵਰਤੀ ਗਈ। ਜਿਸ ਬਹਾਦਰੀ ਅਤੇ ਨਾਇਕਤਵ ਨਾਲ ਉਨ੍ਹਾਂ ਇਹ ਸਾਰੇ ਝਟਕੇ ਝੱਲੇ, ਜੇ ਉਨ੍ਹਾਂ ਬਾਰੇ ਕੁਝ ਸ਼ਬਦ ਨਾ ਕਹੇ ਜਾਣ, ਤਾਂ ਇਹ ਉਨ੍ਹਾਂ ਨਾਲ ਅਨਿਆਂ ਹੋਵੇਗਾ।

---

1. ਕੂਕਾ ਦਸਤਾਵੇਜ਼, ਪੰਨਾ 253 – ਸੰਤ ਨਿਧਾਨ ਸਿੰਘ ਆਲਮ ਵਿੱਚ ਉਧ੍ਰਿਤ, ਪਹਿਲਾਂ ਵਰਣਿਤ, ਪੰਨਾ 206
2. ਹੋਮ ਜੁਡੀਸ਼ੀਅਲ, ਜੂਨ 1832, ਪ੍ਰੋਗਸ. 112-132

ਮਾਲੇਰ ਕੋਟਲਾ 'ਚ ਕੂਕਾ ਕੈਦੀਆਂ ਦੇ ਵਿਵਹਾਰ ਦਾ ਵਰਨਣ ਕਰੀਏ, ਤਾਂ ਕਾਵਨ ਦਾ ਕਹਿਣਾ ਸੀ ਕਿ ਉਹ "ਸਭ ਤੋਂ ਵੱਧ ਕਾਨੂੰਨ ਤੋੜਨ ਤੇ ਹੰਗਾਮਾ ਖੜ੍ਹਾ ਕਰਨ ਵਾਲੇ (ਜਿਸ ਤੋਂ ਭਾਵ ਹੈ ਕਿ ਉਨ੍ਹਾਂ ਸਾਰਿਆਂ ਨੇ ਈਨ ਨਹੀਂ ਮੰਨੀ ਸੀ, ਭਾਵੇਂ ਉਨ੍ਹਾਂ ਸਾਹਮਣੇ ਮੌਤ ਖੜ੍ਹੀ ਸੀ), ਉਨ੍ਹਾਂ ਸਰਕਾਰ ਤੇ ਦੇਸੀ ਰਿਆਸਤਾਂ ਦੇ ਰਾਜਿਆਂ/ ਮਹਾਰਾਜਿਆਂ ਨੂੰ ਗਾਲ੍ਹਾਂ ਕੱਢੀਆਂ[1]।" ਉਸ ਨੇ ਅੱਗੇ ਕਿਹਾ[2],"ਉਨ੍ਹਾਂ ਸਾਰਿਆਂ ਨੇ ਇਹ ਮੰਨਿਆ ਕਿ ਉਹ ਮਲੌਂਦ ਤੇ ਮਾਲੇਰ ਕੋਟਲਾ ਦੇ ਹਮਲਿਆਂ ਵੇਲੇ ਮੌਜੂਦ ਸਨ ਤੇ ਉਨ੍ਹਾਂ ਆਪਣੀ ਉਸ ਕਾਰਵਾਈ ਦੀ ਸ਼ਲਾਘਾ ਕੀਤੀ।" ਇਸ ਦੀ ਇੱਕ ਠੋਸ ਮਿਸਾਲ ਦਿੰਦਿਆਂ ਉਸ ਨੇ ਵਰਣਨ ਕੀਤਾ,"ਉਨ੍ਹਾਂ 'ਚੋਂ ਇੱਕ ਜਣਾ ਗਾਰਡਾਂ ਦੀ ਅੱਖ ਬਚਾ ਕੇ ਓਹਲੇ ਹੋ ਗਿਆ ਤੇ ਮੇਰੇ 'ਤੇ ਭਿਆਨਕ ਢੰਗ ਨਾਲ ਹਮਲਾ ਕਰ ਦਿੱਤਾ, ਉਸ ਨੇ ਮੇਰੀ ਦਾੜ੍ਹੀ ਫੜ ਲਈ ਤੇ ਮੇਰਾ ਗਲ਼ਾ ਘੁੱਟਣ ਦੀ ਕੋਸ਼ਿਸ਼ ਕੀਤੀ ਅਤੇ ਉਹ ਬਹੁਤ ਤਾਕਤਵਰ ਵਿਅਕਤੀ ਸੀ; ਮੈਨੂੰ ਉਸ ਤੋਂ ਆਪਣੇ-ਆਪ ਨੂੰ ਛੁਡਾਉਣ ਵਿੱਚ ਕਾਫ਼ੀ ਔਖ ਪੇਸ਼ ਆਈ। ਫਿਰ ਉਸ ਨੇ ਲਾਗਲੀਆਂ ਰਿਆਸਤਾਂ ਦੇ ਕੁਝ ਅਧਿਕਾਰੀਆਂ 'ਤੇ ਬਹੁਤ ਜ਼ਿਆਦਾ ਜੰਗਲ਼ੀ ਢੰਗ (ਅਸਲ 'ਚ ਨਾਇਕਾਂ ਵਾਂਗ) ਹਮਲਾ ਕਰ ਦਿੱਤਾ, ਜੋ ਮੇਰੇ ਨੇੜੇ ਹੀ ਖੜ੍ਹੇ ਸਨ। ਇਨ੍ਹਾਂ ਅਧਿਕਾਰੀਆਂ ਨੇ ਆਪਣੀਆਂ ਤਲਵਾਰਾਂ ਸੂਤ ਲਈਆਂ ਤੇ ਉਸ ਦੇ ਟੋਟੇ-ਟੋਟੇ ਕਰ ਦਿੱਤੇ[3]।" ਲੁਧਿਆਣਾ ਦੇ ਪੁਲਿਸ ਸੁਪਰਇੰਟੈਂਡੈਂਟ ਲੈਫ਼ਟੀਨੈਂਟ ਕਰਨਲ ਈ. ਪਰਕਿਨਜ਼ ਨੇ ਵੀ ਇਨ੍ਹਾਂ ਕੈਦੀਆਂ ਬਾਰੇ ਬਿਲਕੁਲ ਇਹੋ ਜਿਹਾ ਹੀ ਪ੍ਰਭਾਵ ਦਿੱਤਾ। ਉਸ ਨੂੰ ਉਨ੍ਹਾਂ ਕੈਦੀਆਂ ਨਾਲ ਮਿਲਣ ਦਾ ਮੌਕਾ ਮਿਲਿਆ ਸੀ, ਜਦੋਂ ਉਹ 17 ਤਰੀਕ ਨੂੰ ਮਾਲੇਰ ਕੋਟਲਾ ਵੱਲ ਜਾ ਰਹੇ ਸਨ ਤੇ ਤਦ ਹੀ ਉਸ ਨੇ ਉਨ੍ਹਾਂ ਦੇ ਆਗੂਆਂ ਹੀਰਾ ਸਿੰਘ ਤੇ ਲਹਿਣਾ ਸਿੰਘ ਨਾਲ ਕੁਝ ਗੱਲਬਾਤ ਵੀ ਕੀਤੀ ਸੀ। ਉਹ ਲਿਖਦਾ ਹੈ: "ਦੋਵੇਂ ਆਗੂਆਂ ਹੀਰਾ ਸਿੰਘ ਤੇ ਲਹਿਣਾ ਸਿੰਘ ਨੂੰ ਲਿਜਾਂਦਾ ਗਿਆ ਹੈ। ਉਨ੍ਹਾਂ ਬਹੁਤ ਵਧੀਆ ਕੱਪੜੇ ਪਹਿਨੇ ਹੋਏ ਹਨ ਤੇ ਬਹੁਤ ਵਧੀਆ ਸ਼ਖ਼ਸੀਅਤ ਦੇ ਮਾਲਕ ਹਨ; ਬਹੁਤ ਦਲੇਰ ਵਿਖਾਈ ਦਿੰਦੇ ਹਨ, ਆਪਣੇ ਇਰਾਦੇ ਪ੍ਰਤੀ ਪੂਰੀ ਤਰ੍ਹਾਂ ਦ੍ਰਿੜ੍ਹ ਦਿਸਦੇ ਹਨ... ਉਨ੍ਹਾਂ (ਕੈਦੀਆਂ) 'ਚੋਂ ਕਈ ਬਹੁਤ ਜ਼ਿਆਦਾ ਗਾਲ੍ਹਾਂ ਕੱਢਦੇ ਹਨ ਤੇ ਇਹ ਐਲਾਨ ਕਰ ਰਹੇ ਹਨ ਕਿ ਉਨ੍ਹਾਂ ਸਾਹਮਣੇ ਕੋਈ ਸਰਕਾਰ ਨਹੀਂ ਚੱਲੇਗੀ, ਸਿਰਫ਼ ਉਨ੍ਹਾਂ ਦੀ ਆਪਣੀ ਸਰਕਾਰ ਹੋਵੇਗੀ, ਆਦਿ ਆਦਿ।[4]"

ਕੂਕਾ ਕੈਦੀਆਂ ਦੇ ਨਾਇਕਵਾਦ ਦੀ ਇੱਕ ਹੋਰ ਵਰਨਣਯੋਗ ਉਦਾਹਰਣ ਇਹ ਹੈ ਕਿ ਉਨ੍ਹਾਂ ਨੇ ਤੋਪਾਂ ਨਾਲ ਬੰਨ੍ਹੇ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਨਾਮਧਾਰੀਆਂ ਦੀ ਇਹ ਮਜ਼ਬੂਤ ਰਵਾਇਤ ਰਹੀ ਹੈ ਕਿ ਉਹ ਆਪਣੀ ਗੱਲ 'ਤੇ ਅੰਤ ਤੱਕ ਡਟੇ ਰਹਿੰਦੇ ਹਨ, ਇਸੇ ਲਈ ਉਨ੍ਹਾਂ ਨੂੰ ਤੋਪਾਂ ਨਾਲ ਬੰਨ੍ਹਿਆ ਨਹੀਂ ਗਿਆ ਸੀ। ਉਨ੍ਹਾਂ ਦੇ

---

1. ਸੰਸਦੀ ਦਸਤਾਵੇਜ਼, 1872, ਨੰ. 356, ਪੰਨਾ 16
2. -ਉਹੀ-
3. -ਉਹੀ-
4. -ਉਹੀ- ਪੰਨਾ 13

''ਸਭ ਤੋਂ ਵੱਧ ਕਾਨੂੰਨ ਤੋੜਨ ਤੇ ਹੰਗਾਮਾ ਖੜ੍ਹਾ ਕਰਨ ਵਾਲੇ'' ਹੋਣ ਸਬੰਧੀ ਨਤੀਜਾ ਕਾਵਨ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਪੜ੍ਹ ਕੇ ਲਾਇਆ ਜਾ ਸਕਦਾ ਹੈ, ਜਿਸ ਨੇ ਕੁਝ ਸਮਾਂ ਪਹਿਲਾਂ ਇਹ ਸਭ ਨੋਟ ਕੀਤਾ ਸੀ। ਭਾਵੇਂ ਜੇ ਇਹ ਵੀ ਮੰਨ ਲਿਆ ਜਾਵੇ ਕਿ ਉਹ ਸਮਰਪਿਤ ਸਨ, ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਨ੍ਹਾਂ ਇਹ ਸਭ ਆਪਣੀ ਮਰਜ਼ੀ ਨਾਲ ਆਖਿਆ ਹੈ।

'ਸਤਿਗੁਰ ਬਿਲਾਸ' ਦੇ ਪੰਨਾ 418 'ਤੇ ਕੂਕਾ ਕੈਦੀਆਂ ਦੀ ਮੌਤ ਤੋਂ ਇੱਕ ਦਿਨ ਪਹਿਲਾਂ ਉਨ੍ਹਾਂ ਦੇ ਚੜ੍ਹਦੀ ਕਲਾ 'ਚ ਹੋਣ ਦਾ ਵਰਨਣ ਬਹੁਤ ਸੋਹਣੇ ਤਰੀਕੇ ਨਾਲ ਕੀਤਾ ਗਿਆ ਹੈ:

''ਨੀਲੀਆਂ ਅੱਖਾਂ ਵਾਲੇ ਫ਼ਿਰੰਗੀ ਨੇ ਹੀਰਾ ਨੂੰ ਕਿਹਾ,''ਤੁਸੀਂ ਇਹ ਗੜਬੜੀ ਕਿਉਂ ਕੀਤੀ?'' ਤਾਂ ਹੀਰਾ ਸਿੰਘ ਨੇ ਜਵਾਬ ਦਿੱਤਾ,''ਸਾਨੂੰ ਫ਼ਿਰੰਗੀ ਰਾਜ ਨਹੀਂ ਚਾਹੀਦਾ। ਸਾਨੂੰ ਆਪਣੇ ਭਰਾਵਾਂ ਦਾ ਰਾਜ ਚਾਹੀਦਾ ਹੈ। ਜਦੋਂ ਤੱਕ ਤੁਹਾਡੇ ਰਾਜ ਦਾ ਖ਼ਾਤਮਾ ਨਹੀਂ ਹੁੰਦਾ, ਅਸੀਂ ਅਜਿਹੀ ਗੜਬੜ ਕਰਨੀ ਬੰਦ ਨਹੀਂ ਕਰਾਂਗੇ; ਅਸੀਂ ਸਿਰ ਲਵਾਂਗੇ ਤੇ ਦੇਵਾਂਗੇ ਵੀ; ਜਦੋਂ ਤੱਕ ਅਸੀਂ ਤੁਹਾਨੂੰ ਇੱਥੋਂ ਬਾਹਰ ਨਹੀਂ ਕੱਢ ਦਿੰਦੇ, ਅਸੀਂ ਚੈਨ ਨਾਲ ਨਹੀਂ ਬੈਠਾਂਗੇ; ਅਸੀਂ ਤੁਹਾਡੀ ਤਾਕਤ ਦਾ ਖ਼ਾਤਮਾ ਕਰਨ ਲਈ ਦੋਬਾਰਾ-ਦੋਬਾਰਾ ਜਨਮ ਲਵਾਂਗੇ।''

ਉਨ੍ਹਾਂ ਨੇ ਇਸ ਤੱਥ ਨੂੰ ਜਾਣਦਿਆਂ ਹੋਇਆਂ ਵੀ ਨਾਇਕਾਂ ਵਾਂਗ ਹਮਲਾ ਕੀਤਾ ਕਿ ਉਨ੍ਹਾਂ ਦੀ ਮਨਸ਼ਾ ਤੋਂ ਸਰਕਾਰ ਪਹਿਲਾਂ ਹੀ ਜਾਣੂ ਸੀ; ਉਹ ਨਾਇਕਾਂ ਵਾਂਗ ਲੜੇ; ਉਨ੍ਹਾਂ ਨਾਇਕਾਂ ਵਾਂਗ ਆਤਮ-ਸਮਰਪਣ ਕੀਤਾ; ਅਤੇ ਸਭ ਤੋਂ ਅਹਿਮ ਗੱਲ ਇਹ ਕਿ ਉਹ ਨਾਇਕਾਂ ਵਾਂਗ ਸ਼ਹੀਦ ਹੋਏ।

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਦਾ ਵਿਵਹਾਰ ਬਿਲਕੁਲ ਅਜਿਹਾ ਸੀ, ਜਿਹੋ ਜਿਹਾ ਕਿਸੇ ਵੀ ਵੱਡੀ ਤੇ ਮਹਾਨ ਲਹਿਰ ਦੇ ਆਗੂਆਂ ਦਾ ਹੋਣਾ ਚਾਹੀਦਾ ਹੈ। ਉਹ ਨਾ ਤਾਂ ਡਰ ਤੇ ਦਰਦ ਨਾਲ ਪਿੱਛੇ ਹਟੇ ਅਤੇ ਨਾ ਹੀ ਉਹ ਕਦੇ ਕਮਜ਼ੋਰ ਪਏ ਅਤੇ ਉਨ੍ਹਾਂ ਪੂਰੇ ਮਰਦਾਨਾ ਢੰਗ ਨਾਲ ਸਾਰੇ ਖ਼ਤਰਿਆਂ ਦਾ ਡਟਵਾਂ ਮੁਕਾਬਲਾ ਕੀਤਾ। ਸਿਰਫ਼ ਮੰਗਲ ਸਿੰਘ ਹੀ ਕੁਝ ਵੱਖਰੀ ਕਿਸਮ ਦੀ ਤਬੀਅਤ ਦੇ ਮਾਲਕ ਸਨ। ਮੰਦੇ ਭਾਗੀਂ, ਉਨ੍ਹਾਂ ਦਾ ਵਿਵਹਾਰ ਸ਼ਹੀਦਾਂ ਤੋਂ ਕੁਝ ਵੱਖਰਾ ਸੀ। ਅਜਿਹਾ ਉਨ੍ਹਾਂ ਦੇ ਮੂਲ ਵਰਗ ਜਾਂ ਆਪਣੀ ਕਿਸੇ ਨਿੱਜੀ ਕਮਜ਼ੋਰੀ ਜਾਂ ਦੋਵਾਂ ਕਰਕੇ ਹੋ ਸਕਦਾ ਹੈ ਪਰ ਉਹ ਕੂਕਾ ਚਰਿੱਤਰ ਦੇ ਸੱਚੇ ਨੁਮਾਇੰਦੇ ਨਹੀਂ ਸਨ। ਕੂਕਿਆਂ ਨੇ ਉੱਚ ਪੱਧਰ ਤੋਂ ਹੇਠਾਂ ਵੀ ਖ਼ੁਦ ਨੂੰ ਬਹੁਤ ਸ਼ਲਾਘਾਯੋਗ ਢੰਗ ਨਾਲ ਬਰੀ ਕਰ ਲਿਆ ਸੀ। ਗੁਲਾਬ ਸਿੰਘ ਤੇ ਦਲ ਸਿੰਘ, ਜੋ ਅੰਮ੍ਰਿਤਸਰ ਤੇ ਰਾਏਕੋਟ ਦੀਆਂ ਘਟਨਾਵਾਂ 'ਚ ਵਾਅਦਾ-ਮੁਆਫ਼ ਗਵਾਹ ਬਣ ਗਏ ਸਨ, ਇਹੋ ਜਿਹੇ ਲੋਕ ਇੰਨੇ ਘੱਟ ਸਨ ਕਿ ਉਨ੍ਹਾਂ ਦੀ ਗਿਣਤੀ ਇੱਕ ਹੱਥ ਦੇ ਪੋਟਿਆਂ 'ਤੇ ਵੀ ਕੀਤੀ ਜਾ ਸਕਦੀ ਸੀ।

## ਅਧਿਆਇ 7

# ਕਸ਼ਮੀਰ, ਨੇਪਾਲ ਤੇ ਰੂਸ ਨਾਲ ਸੰਪਰਕ

1872 ਤੋਂ ਪਹਿਲਾਂ ਕੂਕਿਆਂ ਦੇ ਕਸ਼ਮੀਰ ਤੇ ਨੇਪਾਲ ਅਤੇ 1872 ਤੋਂ ਬਾਅਦ ਰੂਸ (ਖ਼ਾਸ ਕਰਕੇ ਦੂਜੀ ਅਫ਼ਗ਼ਾਨ ਜੰਗ ਲੱਗਣ 'ਤੇ) ਨਾਲ ਸੰਪਰਕਾਂ ਬਾਰੇ ਸ਼ੰਕਿਆਂ, ਜੇ ਕੋਈ ਹੋਣ, ਦਾ ਨਿਵਾਰਣ ਵੀ ਉਨ੍ਹਾਂ ਦੀਆਂ ਸਿਆਸੀ ਇੱਛਾਵਾਂ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਕੋਈ ਇਹ ਸੁਆਲ ਪੁੱਛ ਸਕਦਾ ਹੈ ਕਿ ਇੱਕ ਧਾਰਮਿਕ ਤੇ ਸਮਾਜਿਕ ਲਹਿਰ ਨੂੰ ਅਜਿਹੇ ਸੰਪਰਕ ਬਣਾਉਣ ਦੀ ਕੀ ਜ਼ਰੂਰਤ ਹੋਣੀ ਚਾਹੀਦੀ ਹੈ, ਜੋ ਅਸੀਂ ਕੂਕਿਆਂ ਦੇ ਮਾਮਲੇ 'ਚ ਨੋਟ ਕਰਦੇ ਹਾਂ? ਅਜਿਹੀ ਵਿਆਖਿਆ ਅਨਿਆਂਪੂਰਨ ਹੋਵੇਗੀ, ਜੇ ਇਹ ਆਖ ਦਿੱਤਾ ਜਾਵੇ ਕਿ ਉਹ ਸਿਰਫ਼ ਬ੍ਰਿਟਿਸ਼ ਸਰਕਾਰ ਦੀ ਲਗਾਤਾਰ ਜ਼ਾਲਮਾਨਾ ਨੀਤੀ ਕਾਰਨ ਪੈਦਾ ਹੋਏ ਸਨ ਕਿਉਂਕਿ ਅੱਤਿਆਚਾਰ ਢਾਹੁਣ ਦੀ ਨੀਤੀ ਤਾਂ ਕੂਕਿਆਂ ਦੀਆਂ ਸਿਆਸੀ ਗਤੀਵਿਧੀਆਂ ਕਾਰਨ ਲਾਗੂ ਹੋਈ ਸੀ। ਕਰਨਲ ਜੀ. ਮੈਕਐਂਡ੍ਰਿਯੂ ਨੇ ਅਕਤੂਬਰ 1871 'ਚ ਬਿਲਕੁਲ ਠੀਕ ਕਿਹਾ ਸੀ ਕਿ "ਬਾਬਾ ਰਾਮ ਸਿੰਘ ਜੀ ਦੀ ਆਪਣੇ ਪੈਰੋਕਾਰਾਂ ਦੀ ਇੱਕ ਟੀਮ ਨੂੰ ਕਸ਼ਮੀਰ 'ਚ ਹਥਿਆਰਬੰਦ ਬਣਾਉਣ ਤੇ ਫਿਰ ਨੇਪਾਲ 'ਚ ਵੀ ਅਜਿਹੀ ਇੱਕ ਹੋਰ ਕੋਸ਼ਿਸ਼ ਇਹ ਦਰਸਾਉਣ ਲਈ ਸੀ ਕਿ ਉਹ ਮਹਿਜ਼ ਇੱਕ ਗੁਰੂ ਜਾਂ ਧਾਰਮਿਕ ਆਗੂ ਦੇ ਖੇਤਰ ਤੋਂ ਬਾਹਰ ਜਾ ਕੇ ਵੀ ਕੰਮ ਕਰ ਰਹੇ ਹਨ[1]।"

ਨੀਮ ਤੌਰ 'ਤੇ ਆਜ਼ਾਦ ਕਸ਼ਮੀਰ ਤੇ ਆਜ਼ਾਦ ਨੇਪਾਲ ਨਾਲ ਸੰਪਰਕ ਕਾਇਮ ਕਰਨ ਦੀ ਕੂਕਿਆਂ ਦੀ ਇੱਛਾ ਦੋ-ਪੱਖੀ ਉਦੇਸ਼ ਤੋਂ ਪ੍ਰੇਰਿਤ ਸੀ: (1) ਇਸ ਆਸ ਨਾਲ ਕਿ (ਅੱਜ ਸਾਨੂੰ ਪਤਾ ਹੈ ਕਿ, ਦੋਸਤ) ਉਹ ਸਰਕਾਰ ਵਿਰੁੱਧ ਉਨ੍ਹਾਂ ਦੀਆਂ ਕੋਸ਼ਿਸ਼ਾਂ 'ਚ ਸ਼ਾਇਦ ਕਿਤੇ ਕੋਈ ਮਦਦ ਕਰ ਸਕਣ; (2) ਕੁਝ ਕੂਕੇ ਫ਼ੌਜੀ ਕਲਾ 'ਚ ਸਿੱਖਿਅਤ ਤੇ ਅਨੁਸ਼ਾਸਿਤ ਹੋ ਸਕਣ, ਅਤੇ ਇਹ ਸਭ ਬਹੁਤ ਜ਼ਿਆਦਾ ਚੌਕਸ ਨਜ਼ਰ ਵਾਲੇ ਅੰਗਰੇਜ਼ਾਂ ਦੀਆਂ ਨਜ਼ਰਾਂ ਤੋਂ ਓਹਲੇ ਹੋਣਾ ਸੀ। ਇਨ੍ਹਾਂ ਦੋਵੇਂ ਥਾਵਾਂ 'ਤੇ ਕੂਕਿਆਂ ਦਾ ਕੰਮ ਇਸ ਲਈ ਬਹੁਤ ਆਸਾਨ ਹੋ ਗਿਆ ਸੀ ਕਿਉਂਕਿ ਦੋਵੇਂ ਦਰਬਾਰਾਂ 'ਚ

---

1. ਕਰਨਲ ਮੈਕਐਂਡ੍ਰਿਯੂ ਦਾ ਮੈਮੋਰੈਂਡਮ ਮਿਤੀ 13 ਅਕਤੂਬਰ, 1871, ਹੋਮ ਜੁਡੀਸ਼ੀਅਲ, 13 ਜਨਵਰੀ, 1872, ਪ੍ਰੋਗਸ. 52-63

ਅੰਗਰੇਜ਼ਾਂ ਦਾ ਵਿਰੋਧ[1] ਹੁੰਦਾ ਸੀ। ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਇਸ ਲਈ ਨਾਖ਼ੁਸ਼ ਸਨ ਕਿਉਂਕਿ ਅੰਗਰੇਜ਼ ਉਨ੍ਹਾਂ ਦੇ ਅੰਦਰੂਨੀ ਮਾਮਲਿਆਂ 'ਚ ਬਹੁਤ ਜ਼ਿਆਦਾ ਦਖ਼ਲ ਦਿੰਦੇ ਸਨ। ਕਸ਼ਮੀਰ ਰਿਆਸਤ ਉੱਤਰ-ਪੱਛਮੀ ਸਰਹੱਦ ਨੇੜੇ ਸਥਿਤ ਹੋਣ ਕਰਕੇ ਉਸ ਦੀ ਸਰਹੱਦ ਰੂਸ ਤੋਂ ਕੋਈ ਬਹੁਤੀ ਦੂਰ ਨਹੀਂ ਸਨ। ਤਦ ਗ੍ਰੇਟ ਬ੍ਰਿਟੇਨ ਲਈ ਰੂਸ ਇੱਕ ਦੁਸ਼ਮਣ ਦੇਸ਼ ਸੀ। ਇਸੇ ਲਈ ਇਸ ਰਾਜ ਦੇ ਮਾਮਲਿਆਂ 'ਚ ਬ੍ਰਿਟਿਸ਼ ਦਖ਼ਲਅੰਦਾਜ਼ੀ ਜ਼ਰੂਰੀ ਸੀ। ਪਰ ਰਣਬੀਰ ਸਿੰਘ ਦੇ ਮਾਮਲੇ 'ਚ ਇੰਝ ਜਾਪਦਾ ਸੀ ਕਿ ਅਜਿਹਾ ਉਸ ਦੀ ਖ਼ੁਦਮੁਖ਼ਤਿਆਰੀ ਖ਼ਤਮ ਕਰਨ ਲਈ ਸੋਚੀ-ਸਮਝੀ ਚਾਲ ਦਾ ਇੱਕ ਹਿੱਸਾ ਸੀ। ਨੇਪਾਲ ਨੂੰ ਅਜਿਹਾ ਕੋਈ ਖ਼ਤਰਾ ਨਹੀਂ ਸੀ। ਫਿਰ ਵੀ ਉਹ ਅੰਗਰੇਜ਼ਾਂ ਤੋਂ ਖ਼ੁਸ਼ ਨਹੀਂ ਸੀ ਕਿਉਂਕਿ 1857 ਦੇ ਗ਼ਦਰ ਦੇ ਔਖੇ ਸਮੇਂ ਨੇਪਾਲ ਪੂਰੀ ਤਰ੍ਹਾਂ ਨਿਰਪੱਖ ਰਿਹਾ ਸੀ ਪਰ ਫਿਰ ਵੀ ਅੰਗਰੇਜ਼ਾਂ ਨੇ ਉਸ ਨੂੰ ਕੋਈ ਇਨਾਮ ਨਹੀਂ ਦਿੱਤਾ ਸੀ। ਦੇਸ਼ ਦੇ ਪ੍ਰਧਾਨ ਮੰਤਰੀ ਤੇ ਅਸਲ ਹਾਕਮ ਰਾਣਾ ਜੰਗ ਬਹਾਦੁਰ ਨੇ 1816 'ਚ ਗੁਆ ਚੁੱਕੇ ਆਪਣੇ ਖੇਤਰਾਂ ਨੂੰ ਵਾਪਸ ਲੈਣ ਦੀ ਆਸ ਰੱਖੀ ਹੋਈ ਸੀ ਪਰ ਜਦੋਂ ਉਸ ਨੇ ਵੇਖਿਆ ਕਿ ਉਸ ਦੀ ਇਸ ਇੱਛਾ ਦੀ ਪੂਰਤੀ ਨਹੀਂ ਹੋਣ ਵਾਲੀ, ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਹੋ ਗਿਆ।

ਜਦੋਂ ਕਦੇ ਦੋ ਧਿਰਾਂ ਇੱਕ-ਦੂਜੇ ਦੇ ਨੇੜੇ ਆਉਣ ਦੇ ਰੌਂਅ 'ਚ ਹੋਣ, ਤਾਂ ਸਬੰਧ ਤੇ ਸੰਪਰਕ ਸਥਾਪਤ ਕਰਨੇ ਔਖੇ ਨਹੀਂ ਹੁੰਦੇ। ਕਸ਼ਮੀਰ ਦੇ ਮਾਮਲੇ 'ਚ, ਇਹ ਸੰਪਰਕ ਕਰਨਲ ਹੁਕਮਾ ਸਿੰਘ ਰਾਹੀਂ ਕਾਇਮ ਹੋਏ, ਜੋ ਕੂਕਿਆਂ ਦੇ ਸਿਧਾਂਤਾਂ[2] ਨੂੰ ਭਲੀਭਾਂਤ ਜਾਣਦੇ ਸਨ ਜਾਂ ਅਜਿਹਾ ਵੇਦਾਂਤੀ[3] ਰਾਹੀਂ ਹੋਇਆ ਸੀ, ਜਿਸ ਦਾ ਮਹਾਰਾਜਾ ਨਾਲ ਚੰਗਾ ਅਸਰ-ਰਸੂਖ਼ ਸੀ ਤੇ ਦਰਬਾਰ 'ਚ ਉਹ ਬ੍ਰਿਟਿਸ਼-ਵਿਰੋਧੀ ਧੜੇ ਦਾ ਮੁਖੀ ਵੀ ਸੀ। ਇਹ ਕਿਹਾ ਜਾਂਦਾ ਹੈ ਕਿ ਮਹਾਰਾਜੇ ਦੇ ਸਿਆਲਕੋਟ ਤੇ ਗੁਜਰਾਂਵਾਲਾ ਦੇ ਕੁਝ ਪ੍ਰਮੁੱਖ ਕੂਕਿਆਂ ਨਾਲ ਬਹੁਤ ਡੂੰਘੇ ਸਬੰਧ ਸਨ। ਜਿੱਥੋਂ ਤੱਕ ਨੇਪਾਲ ਦਾ ਸੁਆਲ ਹੈ, ਉਥੇ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਮੌਜੂਦ ਕਈ ਸਿੱਖ ਫ਼ੌਜੀ ਇੰਸਟਰੱਕਟਰਾਂ ਨੇ ਹਾਕਮ ਨਾਲ ਸਿੱਧੀ ਪਹੁੰਚ ਕਾਇਮ ਕਰਨ ਲਈ ਰਾਹ ਪੱਧਰਾ ਕੀਤਾ। ਇਹ ਸੋਚਣਾ ਵੀ ਸੰਭਵ ਹੈ ਕਿ ਨੇਪਾਲ ਤੇ ਸਿੱਖਾਂ ਵਿਚਾਲੇ ਸਬੰਧ

---

1. ਇਸ ਵਿਰੋਧ ਦੇ ਅਹਿਮ ਕਾਰਣਾਂ 'ਚੋਂ ਇੱਕ ਸੀ ਰੂਸ ਨਾਲ ਗੁਪਤ ਸਬੰਧਾਂ ਦਾ ਹੋਣਾ। ਸਾਲ 1867 'ਚ ਮਦਾਰੀ ਕਬੀਲੇ ਦੇ ਦੋ ਮੁਸਲਿਮ ਕਸ਼ਮੀਰ ਦੇ ਮਹਾਰਾਜਾ ਦੀ ਤਰਫ਼ੋਂ ਜਨਰਲ ਕੌਫਮੈਨ ਨੂੰ ਮਿਲਣ ਲਈ ਗਏ ਸਨ ਤੇ ਉਥੋਂ ਜਨਰਲ ਕੋਲੋਂ ਮਹਾਰਾਜਾ ਲਈ ਕੁਝ ਤੋਹਫ਼ੇ ਤੇ ਪੱਤਰ ਲਿਆਏ ਸਨ। ਇਸ ਦੇ ਤੁਰੰਤ ਬਾਅਦ ਜਨਰਲ ਦੇ ਦੋ ਏਜੰਟ ਮਹਾਰਾਜਾ ਨੂੰ ਆ ਕੇ ਮਿਲੇ ਸਨ ਤੇ ਉਨ੍ਹਾਂ ਤੋਂ ਕੁਝ ਚਿੱਠੀਆਂ ਲਿਆਏ ਸਨ। ਮਹਾਰਾਜਾ ਦੇ ਆਪਣਾ ਚਚੇਰਾ ਭਰਾ ਗੋਪਾਲ ਸਿੰਘ 1872 'ਚ ਇੱਕ ਫ਼ਕੀਰ ਦੇ ਭੇਸ 'ਚ ਜਨਰਲ ਕੋਲ ਗਿਆ ਸੀ। ਸਾਲ 1875 'ਚ ਮਹਾਰਾਜੇ ਦਾ ਅਧਿਆਤਮਕ ਗੁਰੂ ਭਗਵਾਨ ਦਾਸ ਦੱਤ ਤਾਸ਼ਕੰਦ ਗਿਆ ਸੀ। ਅੰਮ੍ਰਿਤਸਰ ਦਾ ਢਿੱਲੀ ਮਿਸਰ ਕਈ ਸਾਲ ਕੇਂਦਰੀ ਏਸ਼ੀਆ 'ਚ ਉਸ ਦਾ ਏਜੰਟ ਰਿਹਾ ਸੀ। ਲਈ, ਵਿਭਾਗ (ਸੈਕਰੇਟ-ਐੱਫ਼) ਅਗਸਤ 1889, ਕੌਂਸ. 114-115.
2. ਹੋਮ ਜੁਡੀਸ਼ੀਅਲ, 13 ਜਨਵਰੀ 1872, ਪ੍ਰੋਗਸ. 52-63 - ਐੱਸ.ਪੀ. ਗੁਜਰਾਂਵਾਲਾ ਦੀ ਗੁਪਤ ਰਿਪੋਰਟ, ਮਿਤੀ 7 ਅਕਤੂਬਰ, 1871
3. -ਉਹੀ- ਇੱਕ ਸਥਾਨਕ ਨਾਮਾਨਿਗਾਰ ਦੀ ਇੱਕ ਚਿੱਠੀ ਦਾ ਅਨੁਵਾਦ

ਮਹਾਰਾਜਾ ਰਣਜੀਤ ਸਿੰਘ ਦੇ ਸਮਿਆਂ ਤੋਂ ਸਨ; ਇਸੇ ਕਰਕੇ ਕੂਕਿਆਂ ਤੇ ਨੇਪਾਲ ਦੇ ਰਾਜਾ ਵਿਚਾਲੇ ਗੱਲਬਾਤ ਦਾ ਰਾਹ ਬਹੁਤ ਸੁਖਾਲਾ ਹੋ ਗਿਆ ਸੀ।

## ਕਸ਼ਮੀਰ 'ਚ ਕੂਕਾ ਕੰਪਨੀਆਂ

ਭਾਰਤ ਦੇ ਰਾਸ਼ਟਰੀ ਆਰਕਾਈਵਜ਼ 'ਚ ਅਜਿਹੀ ਕਾਫ਼ੀ ਸਾਮੱਗਰੀ ਮੌਜੂਦ ਹੈ, ਜਿੱਥੇ ਜੰਮੂ ਤੇ ਕਸ਼ਮੀਰ ਦੀ ਫ਼ੌਜ ਵਿੱਚ ਕੂਕਾ ਕੰਪਨੀਆਂ ਦੇ ਵੇਰਵੇ ਦਿੱਤੇ ਗਏ ਹਨ। ਸਰਕਾਰ ਨੂੰ ਪਹਿਲੀ ਵਾਰ ਨਵੰਬਰ 1869 'ਚ ਉਨ੍ਹਾਂ ਦੀ ਹੋਂਦ ਦਾ ਪਤਾ ਲੱਗਾ ਸੀ, ਭਾਵੇਂ ਤਦ ਉਨ੍ਹਾਂ ਦੀ ਉਥੇ ਮੌਜੂਦਗੀ ਦਾ ਇੱਕ ਵਰ੍ਹਾ ਬੀਤ ਚੁੱਕਾ ਸੀ। ਇਹ ਖ਼ੁਫ਼ੀਆ ਰਿਪੋਰਟ ਕਿ ''ਕਸ਼ਮੀਰ ਦਾ ਮਹਾਰਾਜਾ ਇੱਕ ਕੂਕਾ ਰੈਜਿਮੈਂਟ ਦੀ ਸਥਾਪਨਾ ਕਰ ਰਿਹਾ ਹੈ ਤੇ ਹਰ ਰੰਗਰੂਟ ਨੂੰ ਕਸ਼ਮੀਰ ਰਵਾਨਗੀ ਤੋਂ ਪਹਿਲਾਂ ਬਾਬਾ ਰਾਮ ਸਿੰਘ ਜੀ ਪਾਸੋਂ ਇੱਕ ਸਰਟੀਫ਼ਿਕੇਟ ਪ੍ਰਾਪਤ ਕਰਨਾ ਪੈਂਦਾ ਹੈ''[1] ਇਹ ਮਸਲਾ ਕਾਫ਼ੀ ਗੰਭੀਰ ਸੀ ਤੇ ਸਰਕਾਰ ਉਸ ਨੂੰ ਹਲਕੇ 'ਚ ਨਹੀਂ ਲੈ ਸਕਦੀ ਸੀ। ਇਸੇ ਲਈ, ਇਸ ਦੇ ਤੁਰੰਤ ਬਾਅਦ ਇੱਕ ਡਿਪਟੀ ਇੰਸਪੈਕਟਰ ਨੂੰ ''ਇਸ ਨਵੀਂ ਰੈਜਿਮੈਂਟ ਦੇ ਵੇਰਵੇ ਤੇ ਇਸ ਫੌਜੀ ਦਸਤੇ[2] ਦੀ ਅੰਦਰੂਨੀ ਅਰਥ-ਵਿਵਸਥਾ ਬਾਰੇ ਜਾਣਕਾਰੀ ਲੈਣ ਲਈ'' ਜੰਮੂ ਭੇਜਿਆ ਗਿਆ ਸੀ। ਉਹ ਫ਼ਰਵਰੀ 1870 'ਚ ਪਰਤਿਆ ਸੀ ਤੇ ਉਸ ਨੇ ਇੱਕ ਰਿਪੋਰਟ ਸੌਂਪੀ ਸੀ, ਜਿਸ ਵਿੱਚ ਲਿਖਿਆ ਗਿਆ ਸੀ ਕਿ ਛੇ ਜਾਂ ਸੱਤ ਮਹੀਨੇ ਪਹਿਲਾਂ ਸਢੌਰਾ (ਅੰਬਾਲਾ ਜ਼ਿਲ੍ਹਾ) ਦੇ ਹੀਰਾ ਸਿੰਘ ਲਗਭਗ 33 ਕੂਕਿਆਂ ਨਾਲ ਕਸ਼ਮੀਰ ਦੇ ਮਹਾਰਾਜੇ ਕੋਲ ਗਏ ਸਨ, ਜਿਸ ਨੇ ਤਦ ਉਨ੍ਹਾਂ ਦੀ ਇੱਕ ਰੈਜਿਮੈਂਟ ਕਾਇਮ ਕਰਨ ਦਾ ਵਾਅਦਾ ਕੀਤਾ ਸੀ ਤੇ ਨਾਲ ਹੀ ਇਹ ਵੀ ਕਿਹਾ ਸੀ ਕਿ ਉਸ ਰੈਜਿਮੈਂਟ 'ਚ ਭਰਤੀ ਕਰਨ ਲਈ ਜਵਾਨਾਂ ਦਾ ਇੰਤਜ਼ਾਮ ਵੀ ਕੀਤਾ ਜਾਵੇ। ਉਸ ਤੋਂ ਬਾਅਦ ਭਰਤੀ ਪੂਰੀ ਤਰ੍ਹਾਂ ਸ਼ੁਰੂ ਹੋ ਗਈ ਸੀ। ਉਸ ਵੇਲੇ 150 ਕੂਕੇ ਸੇਵਾ 'ਚ ਸਨ ਅਤੇ ਹੀਰਾ ਸਿੰਘ ਉਨ੍ਹਾਂ ਦਾ ਕਮਾਂਡੈਂਟ ਸੀ। ਉਨ੍ਹਾਂ ਦੀਆਂ ਸੇਵਾ ਦੀਆਂ ਸਥਿਤੀਆਂ ਬਾਰੇ ਉਸ ਰਿਪੋਰਟ 'ਚ ਕੁਝ ਇੰਝ ਲਿਖਿਆ ਸੀ: ''ਜਵਾਨਾਂ ਦੀ ਮਾਸਿਕ ਤਨਖ਼ਾਹ 10 ਚਿਲਕੀ ਰੁਪਇਆਂ ਦੇ ਸਮਾਨ ਸੀ ਜਾਂ ਮਹਾਰਾਜਾ ਦੇ ਆਮ ਫ਼ੌਜੀਆਂ ਨੂੰ ਮਿਲਦੀ ਤਨਖ਼ਾਹ ਤੋਂ ਇੱਕ ਰੁਪਿਆ ਜ਼ਿਆਦਾ ਸੀ, ਤਨਖ਼ਾਹ ਦਾ ਹਿੱਸਾ ਆਟੇ ਦੇ ਰੂਪ ਵਿੱਚ ਅਦਾ ਕੀਤਾ ਜਾਂਦਾ ਸੀ; ਜਵਾਨਾਂ ਦਾ ਕਸਰਤੀ ਅਭਿਆਸ ਕਰਵਾਇਆ ਜਾਂਦਾ ਸੀ ਪਰ ਉਹ ਪਰੇਡ 'ਤੇ ਜਾਣ ਸਮੇਂ ਨਿਯਮਤ ਤੌਰ 'ਤੇ ਹਥਿਆਰਬੰਦ ਨਹੀਂ ਹੁੰਦੇ ਸਨ; ਉਨ੍ਹਾਂ ਨੂੰ ਹਥਿਆਰ ਮਿਲੇ ਹੋਏ ਸਨ, ਜੋ ਅਭਿਆਸ ਤੋਂ ਬਾਅਦ ਸਟੋਰ 'ਚ ਜਮ੍ਹਾ ਕਰਵਾ ਦਿੱਤੇ ਜਾਂਦੇ ਸਨ ਤੇ ਉਨ੍ਹਾਂ ਨੂੰ ਵਰਦੀਆਂ ਵੀ ਜਾਰੀ ਕੀਤੀਆਂ ਗਈਆਂ ਸਨ।'' ਸਿੱਟੇ 'ਚ ਇਹ ਨੁਕਤਾ ਉਭਾਰਿਆ ਗਿਆ ਸੀ ਕਿ ''ਕੂਕੇ ਸੰਤੁਸ਼ਟ ਨਹੀਂ ਸਨ ਅਤੇ ਵੱਡੀ ਗਿਣਤੀ 'ਚ ਰੈਜਿਮੈਂਟ ਨੂੰ ਛੱਡ ਕੇ ਚਲੇ ਗਏ ਸਨ ਤੇ ਕੁੱਲ ਮਿਲਾ ਕੇ

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284, ਅੰਤਿਕਾ 3, ਪੰਨਾ 2466
2. -ਉਹੀ- ਅੰਤਿਕਾ 4, 2469

ਮਹਾਰਾਜਾ ਵੀ ਇਸ ਤਜਰਬੇ ਤੋਂ ਖ਼ੁਸ਼ ਨਹੀਂ ਜਾਪਦੇ ਸਨ।''

ਉਪਰੋਕਤ ਸਿੱਟਾ ਗ਼ਲਤ ਸੀ, ਇਹ ਬਾਅਦ 'ਚ ਸਾਲ 1870 ਦੌਰਾਨ ਮਿਲੀਆਂ ਰਿਪੋਰਟਾਂ ਤੋਂ ਸਿੱਧ ਹੁੰਦਾ ਹੈ। ਉਪਰੋਕਤ ਡਿਪਟੀ ਇੰਸਪੈਕਟਰ ਤੋਂ ਬਾਅਦ ਕਈ ਹੋਰ ਵਿਅਕਤੀਆਂ ਨੂੰ ਵੀ ਭੇਜਿਆ ਗਿਆ ਸੀ। ਅਕਤੂਬਰ 'ਚ ਪ੍ਰਾਪਤ ਰਿਪੋਰਟ ਨੇ ਕਸ਼ਮੀਰ 'ਚ ਕੂਕਾ ਕੰਪਨੀਆਂ ਦੀ ਗਿਣਤੀ 200 ਤੋਂ 250 ਦੇ ਵਿਚਕਾਰ ਦੱਸੀ ਸੀ। ਤਦ ਇਹ ਦੱਸਿਆ ਗਿਆ ਸੀ, ''ਜਵਾਨ ਹਥਿਆਰਬੰਦ ਹੁੰਦੇ ਸਨ ਤੇ ਕਸਰਤੀ ਅਭਿਆਸ ਕਰਦੇ ਸਨ।''

ਪੰਜਾਬ ਦੇ ਇੰਸਪੈਕਟਰ ਜਨਰਲ ਨੇ ਕਸ਼ਮੀਰ 'ਚ ਕੂਕਿਆਂ ਦੀ ਅਜਿਹੀ ਭਰਤੀ ਦੀ ਪ੍ਰਗਤੀ ਦਾ ਬਹੁਤ ਗੰਭੀਰ ਨੋਟਿਸ ਲਿਆ ਸੀ। ਕੂਕਾ ਸੰਪਰਦਾਇ ਬਾਰੇ ਸਾਲ 1870 ਦੀ ਸਾਲਾਨਾ ਰਿਪੋਰਟ 'ਚ ਉਸ ਨੇ ਡਾਢਾ ਅਫ਼ਸੋਸ ਪ੍ਰਗਟਾਉਂਦਿਆਂ ਲਿਖਿਆ ਸੀ ਕਿ ਬ੍ਰਿਟਿਸ਼ ਰਾਜ ਦੇ ਲੋਕਾਂ ਨੂੰ ਭਰਤੀ ਕਰਦੇ ਸਮੇਂ ਸਥਾਨਕ ਮੁਖੀ 'ਤੇ ਨਜ਼ਰ ਰੱਖਣ ਦਾ ਕੋਈ ਕਾਨੂੰਨ ਨਹੀਂ ਸੀ। ਉਸ ਨੇ ਇਹ ਆਖਦਿਆਂ ਸਰਕਾਰ ਨੂੰ ਚੇਤਾਵਨੀ ਦਿੱਤੀ ਸੀ ਕਿ ''ਇੱਕ ਧਾਰਮਿਕ ਆਗੂ ਨੂੰ ਰੈਜਿਮੈਂਟਸ ਦੇ ਰੈਂਕਸ ਵਿੱਚੋਂ ਆਪਣੇ ਚੇਲਿਆਂ ਨੂੰ ਪਾਸ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ, ਜਿੱਥੋਂ ਉਹ ਛੱਡ ਕੇ ਕਿਤੇ ਵੀ ਜਾ ਸਕਣ, ਜਿੱਥੇ ਵੀ ਉਨ੍ਹਾਂ ਦਾ ਰੂਹਾਨੀ ਮਾਰਗ-ਦਰਸ਼ਕ ਉਨ੍ਹਾਂ ਨੂੰ ਆਪਣੇ ਸਿਆਸੀ ਉਦੇਸ਼ਾਂ ਲਈ ਭੇਜਣਾ ਚਾਹੇ[1]।''

ਇਹ ਕਹਿਣਾ ਔਖਾ ਹੈ ਕਿ ਉਪਰੋਕਤ ਚੇਤਾਵਨੀ ਦਾ ਕੀ ਨੋਟਿਸ ਲਿਆ ਗਿਆ ਸੀ। ਸਪੱਸ਼ਟ ਤੌਰ 'ਤੇ ਇਸ ਮਾਮਲੇ ਦੀ ਕੋਈ ਪਰਵਾਹ ਨਹੀਂ ਕੀਤੀ ਗਈ ਸੀ। ਇਸੇ ਕਾਰਣ ਜਾਂ ਕਿਸੇ ਹੋਰ ਕਾਰਣ ਕਰਕੇ ਪੁਲਿਸ ਵਿਭਾਗ ਨੇ ਅਗਲੇ 7 ਜਾਂ 8 ਮਹੀਨਿਆਂ ਤੱਕ ਕਸ਼ਮੀਰ 'ਚ ਕੂਕਿਆਂ ਉੱਤੇ ਨਜ਼ਰ ਰੱਖਣ 'ਚ ਢਿੱਲ ਹੀ ਵਰਤੀ, ਇਸੇ ਲਈ ਕੁਝ ਸਮੇਂ ਤੱਕ ਇਸ ਵਿਸ਼ੇ 'ਤੇ ਹੋਰ ਜਾਣਕਾਰੀ ਨਹੀਂ ਮਿਲੀ ਸੀ। ਫਿਰ ਸਤੰਬਰ 1871 'ਚ ਅਚਾਨਕ ਜਿਹਲਮ ਜ਼ਿਲ੍ਹੇ ਤੋਂ ਇਹ ਖ਼ਬਰ ਮਿਲੀ ਕਿ ਕਸ਼ਮੀਰ ਦੇ ਮਹਾਰਾਜਾ ਨੇ ਕੂਕਾ ਕੰਪਨੀਆਂ ਭੰਗ ਕਰ ਦਿੱਤੀਆਂ ਹਨ। ਅਜਿਹੀਆਂ ਰਿਪੋਰਟਾਂ ਅਗਲੇ ਮਹੀਨੇ ਕੁਝ ਹੋਰ ਜ਼ਿਲ੍ਹਿਆਂ ਤੋਂ ਵੀ ਮਿਲੀਆਂ ਸਨ। ਇਹ ਰਿਪੋਰਟਾਂ ਕਸ਼ਮੀਰ ਤੋਂ ਪਰਤੇ ਕੂਕਾ ਸਮੂਹਾਂ ਤੋਂ ਅਧਿਕਾਰਤ ਤੌਰ 'ਤੇ ਕੀਤੀ ਗਈ ਪੁੱਛਗਿੱਛ 'ਤੇ ਆਧਾਰਤ ਸਨ ਤੇ ਉੱਥੋਂ ਕੂਕਾ ਰੈਜਿਮੈਂਟ ਬਾਰੇ ਵਰਨਣਯੋਗ ਤਾਜ਼ਾ ਜਾਣਕਾਰੀ ਮਿਲਦੀ ਹੈ ਤੇ ਕਈ ਅਣਜਾਣੇ ਪੱਖ ਵੀ ਸਾਹਮਣੇ ਆਏ ਸਨ।

ਇਸ ਰੈਜਿਮੈਂਟ, ਜੋ ਹੁਣ ਸਥਾਪਤ ਸੀ, ਦਾ ਆਰੰਭ 1868 'ਚ ਕਿਸੇ ਸਮੇਂ ਕੀਤਾ ਗਿਆ ਸੀ। ਇਸ ਦੇ ਮੋਢੀ ਹੀਰਾ ਸਿੰਘ ਸਢਾਉਰਾ ਦੇ ਜਗੀਰਦਾਰ ਅਤੇ

---

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284, ਅੰਤਿਕਾ 5, ਪੰਨਾ 2471.
2. ਹੋਮ ਜੁਡੀਸ਼ੀਅਲ, 13 ਜਨਵਰੀ 1872, ਪ੍ਰੋਗਸ. 52-63. ਗੁਜਰਾਂਵਾਲਾ ਜ਼ਿਲ੍ਹੇ ਦੇ ਪੁਲਿਸ ਸੁਪਰਇੰਟੈਂਡੈਂਟ ਦੀ ਇੱਕ ਗੁਪਤ ਰਿਪੋਰਟ, ਮਿਤੀ 7 ਅਕਤੂਬਰ 1871
3. -ਉਹੀ-
4. -ਉਹੀ-

"ਗੁਰੂ ਰਾਮ ਸਿੰਘ ਜੀ ਦੇ ਮਹੰਤਾਂ ਤੇ ਸੂਬਿਆਂ 'ਚੋਂ ਇੱਕ" ਸਨ। ਉਹ "ਗੁਰੂ ਰਾਮ ਸਿੰਘ ਦੀ ਹਦਾਇਤ 'ਤੇ" ਜੰਮੂ ਤੇ ਕਸ਼ਮੀਰ ਦੇ ਮਹਾਰਾਜਾ ਕੋਲ ਗਏ ਸਨ, ਜਿਨ੍ਹਾਂ ਨੇ "ਉਨ੍ਹਾਂ ਨੂੰ ਕੂਕਿਆਂ ਦੀ ਰੈਜਿਮੈਂਟ 'ਚ ਭਰਤੀ ਕਰਨ ਦੀ ਇਜਾਜ਼ਤ ਦਿੱਤੀ ਸੀ ਤੇ ਉਨ੍ਹਾਂ ਨੂੰ ਹੀ ਕਰਨਲ ਹੁਕਮਾ ਸਿੰਘ[1] ਦੇ ਅਧੀਨ ਇਸ ਨਵੀਂ ਰੈਜਿਮੈਂਟ ਦੀ ਕਮਾਂਡ ਸੰਭਾਲਣ ਲਈ ਨਿਯੁਕਤ ਕੀਤਾ ਸੀ।" ਹੀਰਾ ਸਿੰਘ ਤਦ ਬਾਬਾ ਰਾਮ ਸਿੰਘ ਜੀ ਕੋਲ ਭੈਣੀ ਸਾਹਿਬ ਵਿਖੇ ਪਰਤ ਗਏ ਸਨ ਅਤੇ "175 ਕੂਕੇ ਤੁਰੰਤ ਆਪਣੇ ਨਾਲ ਜੰਮੂ ਲਿਜਾਣ ਦੀ ਪ੍ਰਵਾਨਗੀ ਹਾਸਲ ਕੀਤੀ ਸੀ (ਸੂਬਾ ਕਾਹਨ ਸਿੰਘ ਰਾਹੀਂ, ਜੋ ਉਸ ਵੇਲੇ ਬਾਬਾ ਰਾਮ ਸਿੰਘ ਜੀ ਦੀ ਹਜ਼ੂਰੀ 'ਚ ਰਹਿੰਦੇ ਸਨ)[2]।" ਇਨ੍ਹਾਂ ਜਵਾਨਾਂ ਦੀਆਂ ਦੋ ਕੰਪਨੀਆਂ ਬਣੀਆਂ ਸਨ। ਰਿਪੋਰਟਾਂ 'ਚ ਬਹੁਤ ਸਪੱਸ਼ਟ ਵਰਨਣ ਹੈ ਕਿ ਕੂਕਾ ਰੈਜਿਮੈਂਟ ਕਾਇਮ ਕੀਤੇ ਜਾਣ 'ਚ ਸੂਬਾ ਕਾਹਨ ਸਿੰਘ ਦੀ ਬਹੁਤ ਸਰਗਰਮ ਭੂਮਿਕਾ ਸੀ।

ਰਿਪੋਰਟਾਂ ਅਨੁਸਾਰ ਕੂਕਾ ਰੰਗਰੂਟਾਂ ਨੇ ਜੰਮੂ 'ਚ ਆਪਣੀ ਮੁੱਢਲੀ ਫ਼ੌਜੀ ਸਿਖਲਾਈ ਲਈ ਸੀ, ਜਿੱਥੇ ਉਹ ਲਗਭਗ ਚਾਰ ਮਹੀਨੇ ਠਹਿਰੇ ਸਨ। ਉੱਥੋਂ ਉਨ੍ਹਾਂ ਨੂੰ ਨੌਸ਼ਹਿਰਾ ਦੇ ਫ਼ੌਜੀ ਕਿਲੇ 'ਚ ਭੇਜ ਦਿੱਤਾ ਗਿਆ ਸੀ, ਜਿੱਥੇ ਉਹ ਤਿੰਨ ਮਹੀਨੇ ਰੁਕੇ ਸਨ। ਇੱਥੋਂ ਉਨ੍ਹਾਂ ਦਾ ਤਬਾਦਲਾ ਸ੍ਰੀਨਗਰ ਕਰ ਦਿੱਤਾ ਗਿਆ ਸੀ, ਜਿੱਥੇ ਉਹ ਬਟਮਾਲੂ ਛਾਉਣੀ 'ਚ ਇੱਕ ਸਾਲ ਤੱਕ ਰਹੇ ਸਨ। ਫਿਰ ਉੱਥੋਂ "ਉਨਾਂ ਨੂੰ ਮੁਜ਼ੱਫ਼ਰਾਬਾਦ, ਮੁਜ਼ੱਫ਼ਰਾਬਾਦ ਤੋਂ ਕਠੋਅ ਕਿਲ੍ਹੇ ਤੇ ਫਿਰ ਦੁਪੱਟਾ ਕਿਲੇ 'ਚ ਭੇਜ ਦਿੱਤਾ ਗਿਆ ਸੀ, ਜਿੱਥੋਂ ਸਰਦਾਰ ਹੀਰਾ ਸਿੰਘ ਨੇ ਛੁੱਟੀ ਲਈ ਸੀ ਤੇ ਗੁਰੂ ਰਾਮ ਸਿੰਘ ਜੀ ਨੂੰ ਮਿਲੇ ਸਨ, ਉਸ ਦੌਰਾਨ ਕਮਾਂਡ ਅਸਿਸਟੈਂਟ ਤਾਰਾ ਸਿੰਘ ਨੇ ਸੰਭਾਲੀ ਸੀ, ਜੋ ਚਤਰ ਸਿੰਘ ਦੇ ਸਪੁੱਤਰ ਤੇ ਕਿਸੇ ਵੇਲੇ ਕਸ਼ਮੀਰ ਦੇ ਗਵਰਨਰ ਰਹੇ ਤੇ ਸਿੱਖ ਸੇਵਾ ਦੇ ਸਵਰਗੀ ਕਰਨਲ ਮੀਹਾਂ ਸਿੰਘ ਦੇ ਭਤੀਜੇ ਸਨ[3]।" ਜਦੋਂ ਹੀਰਾ ਸਿੰਘ ਛੁੱਟੀ ਤੋਂ ਪਰਤੇ, ਤਦ ਕੇਵਲ 70 ਜਵਾਨ ਰੈਜਿਮੈਂਟ 'ਚ ਰਹਿ ਗਏ ਸਨ, "ਬਾਕੀ ਦੇ ਛੱਡ ਕੇ ਚਲੇ ਗਏ ਸਨ ਕਿਉਂਕਿ ਤਨਖ਼ਾਹਾਂ ਨਾ ਤਾਂ ਹਰ ਮਹੀਨੇ ਮਿਲਦੀਆਂ ਸਨ ਤੇ ਉਂਝ ਵੀ ਬਹੁਤ ਘੱਟ ਸਨ[4]।"

ਰਿਪੋਰਟਾਂ ਤੋਂ ਇਹ ਵੀ ਪਤਾ ਚੱਲਦਾ ਹੈ ਕਿ "ਕੂਕਿਆਂ ਨੂੰ ਕਦੇ ਕੋਈ ਵਰਦੀਆਂ ਜਾਰੀ ਹੀ ਨਹੀਂ ਸੀ ਕੀਤੀਆਂ ਗਈਆਂ" ਅਤੇ ਸਿਰਫ਼ ਸੀਮਤ ਗਿਣਤੀ 'ਚ ਹੀ ਹਥਿਆਰ ਅਤੇ ਕਿਰਪਾਨਾਂ ਦਿੱਤੀਆਂ ਗਈਆਂ ਸਨ; ਬਾਕੀ ਦੇ ਜਵਾਨ ਸਿਰਫ਼ ਲਾਠੀਆਂ ਨਾਲ ਹੀ ਡਿਊਟੀਆਂ ਕਰਦੇ ਸਨ[5]। ਜਿੱਥੋਂ ਤੱਕ ਤਨਖ਼ਾਹਾਂ ਦਾ

---

1. -ਉਹੀ-
2. -ਉਹੀ-
3. -ਉਹੀ-
4. -ਉਹੀ-
5. ਹੋਮ ਜੁਡੀਸ਼ੀਅਲ, 13 ਜਨਵਰੀ, 1872, ਪ੍ਰੋਗਸ. 53-63, ਅੰਮ੍ਰਿਤਸਰ ਪੁਲਿਸ ਦੇ ਜ਼ਿਲ੍ਹਾ ਸੁਪਰਇੰਟੈਂਡੈਂਟ ਟਰਟਨ ਸਮਿੱਥ ਦੀ ਇੱਕ ਡੀ.ਓ. ਚਿੱਠੀ, ਮਿਤੀ 9 ਅਕਤੂਬਰ, 1871

ਸੁਆਲ ਹੈ, ਇਹ ਪਤਾ ਲੱਗਦਾ ਹੈ ਕਿ ਕਮਾਂਡੈਂਟ ਹੀਰਾ ਸਿੰਘ ਤੇ ਉਨ੍ਹਾਂ ਦੇ ਅਸਿਸਟੈਂਟ ਤਾਰਾ ਸਿੰਘ ਨੂੰ 30-30 ਰੁਪਏ ਪ੍ਰਤੀ ਮਹੀਨਾ ਮਿਲਦੇ ਸਨ। ਉਨ੍ਹਾਂ 'ਚੋਂ ਕੁਝ ਨੂੰ 15, 12, 11 ਜਾਂ 10 ਰੁਪਏ ਮਿਲਿਆ ਕਰਦੇ ਸਨ। ਘੱਟ ਤੋਂ ਘੱਟ ਤਨਖ਼ਾਹ 9 ਰੁਪਏ ਪ੍ਰਤੀ ਮਹੀਨਾ ਸੀ। ਇਹ ਤਨਖ਼ਾਹ ਤਦ ਭਾਰਤੀ ਰਾਜਾਂ 'ਚ ਵੀ ਇੰਨੀ ਹੀ ਸੀ, ਜ਼ਿਆਦਾਤਰ ਅਨਿਯਮਤ ਹੀ ਰਹਿੰਦੀ ਸੀ। ਜਦੋਂ ਕੂਕਿਆਂ ਦੀ ਰੈਜਿਮੈਂਟ ਅਗਸਤ ਜਾਂ ਸਤੰਬਰ 1871 'ਚ ਕਿਸੇ ਸਮੇਂ ਭੰਗ ਕਰ ਦਿੱਤੀ ਗਈ, ਤਦ ਕਸ਼ਮੀਰ ਦੀ ਸਰਕਾਰ ਨੇ ਉਨ੍ਹਾਂ ਦੀਆਂ 10-10 ਮਹੀਨਿਆਂ ਦੀਆਂ ਤਨਖ਼ਾਹਾਂ ਅਦਾ ਕਰਨੀਆਂ ਰਹਿੰਦੀਆਂ ਸਨ, ਜੋ ਕਦੇ ਵੀ ਦਿੱਤੀਆਂ ਹੀ ਨਹੀਂ ਗਈਆਂ।

ਇੱਕ ਰਿਪੋਰਟਰ ਸ੍ਰੀ ਸੀ. ਗਰਡਲਸਟੋਨ ਲਿਖਦੇ ਹਨ ਕਿ "ਉੱਥੇ (ਸ੍ਰੀਨਗਰ) 'ਚ ਰਹਿੰਦੇ ਸਮੇਂ ਉਨ੍ਹਾਂ ਨੂੰ ਬਹੁਤ ਪਿਆਰ ਤੇ ਦੁਲਾਰ ਨਾਲ ਰੱਖਿਆ ਗਿਆ ਸੀ। ਉਨ੍ਹਾਂ ਨੂੰ ਤਨਖ਼ਾਹ ਤੋਂ ਇਲਾਵਾ ਤੋਹਫ਼ੇ ਵੀ ਅਕਸਰ ਦਿੱਤੇ ਜਾਂਦੇ ਸਨ ਅਤੇ ਜੇ ਕੋਈ ਦਰਬਾਰ 'ਚ ਜਾਣਾ ਪਸੰਦ ਕਰਦਾ ਸੀ, ਤਾਂ ਉਸ ਦੀ ਡਿਊਟੀ ਅਹਿਮ ਜਗ੍ਹਾ 'ਤੇ ਲਾਈ ਜਾਂਦੀ ਸੀ। ਸਵੇਰ ਦੀ ਪਰੇਡ ਤੋਂ ਬਾਅਦ ਦਰਬਾਰ 'ਚ ਸ਼ਿਰਕਤ ਕਰਨਾ ਉਨ੍ਹਾਂ ਦੀ ਪਾਰਟੀ ਲਈ ਕੋਈ ਖ਼ਾਸ ਗੱਲ ਨਹੀਂ ਸੀ[1]।"

ਉਪਰੋਕਤ ਰਿਪੋਰਟਾਂ 'ਚ ਇਹ ਜਾਣਕਾਰੀ ਵੀ ਮਿਲਦੀ ਹੈ ਕਿ ਅਚਾਨਕ ਕੂਕਾ ਰੈਜਿਮੈਂਟ ਭੰਗ ਕਿਉਂ ਕਰ ਦਿੱਤੀ ਗਈ। ਕਿਹਾ ਜਾਂਦਾ ਹੈ ਕਿ ਮਹਾਰਾਜਾ ਨੇ ਇਹ ਫ਼ੈਸਲਾ "ਇੱਕ ਬ੍ਰਿਟਿਸ਼ ਅਫ਼ਸਰ ਦੀ ਟਿੱਪਣੀ ਕਰਕੇ ਲਿਆ ਸੀ, ਜੋ ਕਿਸੇ ਨੇ ਦੂਰੋਂ ਸੁਣ ਲਿਆ ਸੀ, ਜੋ ਇਸ ਪ੍ਰਕਾਰ ਸੀ ਕਿ ਉਸ ਨੂੰ ਇਸ ਗੱਲ 'ਤੇ ਹੈਰਾਨੀ ਹੋਈ ਸੀ ਕਿ ਮਹਾਰਾਜਾ ਉਨ੍ਹਾਂ ਵਿਅਕਤੀਆਂ ਨੂੰ ਨੌਕਰੀ ਦੇ ਰਹੇ ਹਨ, ਜਿਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਕਦੇ ਫ਼ੌਜ 'ਚ ਭਰਤੀ ਨਹੀਂ ਕਰਦੀ[2]।" ਇੱਥੇ ਇਹ ਵੀ ਵਰਨਣ ਹੈ ਕਿ "ਕਸਾਈਆਂ ਦੇ ਕਤਲਾਂ ਦੀ ਖ਼ਬਰ ਮਿਲਣ 'ਤੇ ਮਹਾਰਾਜਾ ਨੇ ਕੂਕਾ ਕੰਪਨੀਆਂ ਨੂੰ ਤੁਰੰਤ ਸੱਦ ਲਿਆ ਸੀ ਤੇ ਉਨ੍ਹਾਂ ਨੂੰ ਬਰਤਰਫ਼ ਕਰ ਦਿੱਤਾ ਸੀ[3]।"

ਇਹ ਸਾਰੀਆਂ ਗੱਲਾਂ ਸਹੀ ਹੋ ਸਕਦੀਆਂ ਹਨ ਪਰ ਕੂਕਿਆਂ ਦੀ ਬਰਤਰਫ਼ੀ ਪਿੱਛੇ ਇੱਕ ਅਹਿਮ ਕਾਰਨ ਦੀਵਾਨ ਕਿਰਪਾ ਰਾਮ ਦਾ ਪ੍ਰਭਾਵ ਜਾਪਦਾ ਹੈ, ਜੋ ਜੰਮੂ ਦਰਬਾਰ 'ਚ ਅੰਗਰੇਜ਼-ਪੱਖੀ ਧੜੇ ਦਾ ਮੁਖੀ ਸੀ। ਉਹ ਵੇਦਾਂਤੀ ਦਾ ਇੱਕ ਸਿਆਸੀ ਸ਼ਰੀਕ ਸੀ ਤੇ ਉਹ ਪਹਿਲੇ ਹੀ ਦਿਨ ਤੋਂ ਕੂਕਿਆਂ ਨੂੰ ਵੇਦਾਂਤੀ ਦੀ ਸਰਪ੍ਰਸਤੀ ਦਾ ਵਿਰੋਧ ਕਰਦਾ ਆ ਰਿਹਾ ਸੀ। ਇਨ੍ਹਾਂ ਰਿਪੋਰਟਾਂ 'ਚ ਇੱਕ ਭਾਰਤੀ ਪੱਤਰਕਾਰ ਦੀ ਚਿੱਠੀ ਵੀ ਹੈ, ਜਿਸ ਵਿੱਚ ਲਿਖਿਆ ਹੈ ਕਿ 1870 'ਚ ਕਿਸੇ ਵੇਲੇ ਦੀਵਾਨ ਕਿਰਪਾ ਰਾਮ ਨੇ "ਮਹਾਰਾਜਾ ਨੂੰ ਬੇਨਤੀ ਕੀਤੀ ਸੀ ਕਿ ਉਸ ਸੰਪਰਦਾਇ ਦੇ ਲੋਕਾਂ ਨੂੰ ਭਰਤੀ ਕਰ ਕੇ ਕੋਈ ਉਦੇਸ਼ ਹੱਲ ਨਹੀਂ ਹੋਇਆ, ਜਿਸ ਦੇ ਸਿਧਾਂਤ ਹਿੰਦੂ ਧਰਮ ਦਾ ਵਿਰੋਧ

---

1. ਫ਼ਾਰੇਨ ਪੁਲਿਟੀਕਲ (ਏ), ਫ਼ਰਵਰੀ, 1872, ਕੌਂਸ. 39-49
2. -ਉਹੀ-
3. -ਉਹੀ-

ਕਰਦੇ ਹਨ। ਹੁਣ ਇਸੇ ਸੰਪਰਦਾਇ ਦੇ ਵਿਅਕਤੀਆਂ ਵੱਲੋਂ ਕਸਾਈਆਂ ਦੇ ਕਤਲ ਕਰਨ ਦੀ ਖ਼ੁਫ਼ੀਆ ਰਿਪੋਰਟ ਮਿਲੀ ਹੈ, ਮਹਾਰਾਜਾ ਨੇ ਦੀਵਾਨ ਕਿਰਪਾ ਰਾਮ ਦੀ ਦੂਰਅੰਦੇਸ਼ੀ ਦੀ ਸ਼ਲਾਘਾ ਕੀਤੀ ਹੈ ਤੇ ਸਾਰੇ ਕੂਕਿਆਂ ਨੂੰ ਬਰਤਰਫ਼ ਕਰਨ ਦੇ ਹੁਕਮ ਦਿੱਤੇ ਹਨ, ਜੋ ਇਸ ਵੇਲੇ ਮੁਜ਼ੱਫ਼ਰਾਬਾਦ ਤੇ ਗਿਲਗਿਤ ਆਦਿ 'ਚ ਤਾਇਨਾਤ ਹਨ[1]।''

ਉਂਝ, ਅੰਤਿਮ ਵਿਸ਼ਲੇਸ਼ਣ 'ਚ ਨਾ ਤਾਂ ਦੀਵਾਨ ਕਿਰਪਾ ਰਾਮ ਦਾ ਕੋਈ ਪ੍ਰਭਾਵ ਤੇ ਨਾ ਹੀ ਕੋਈ ਹੋਰ ਕਾਰਣ ਮੁੱਖ ਵਜ੍ਹਾ ਵਜੋਂ ਸਾਹਮਣੇ ਆਇਆ। ਦਰਅਸਲ, ਇਸ ਲਈ ਮਹਾਰਾਜੇ ਦਾ ਪਾਰੇ ਵਰਗਾ ਵਿਵਹਾਰ ਜ਼ਿੰਮੇਵਾਰ ਸੀ, ਜੋ ਇਸ ਅਹੁਦੇ ਦੀ ਪੁਸ਼ਤੈਨੀ ਕਮਜ਼ੋਰੀ ਸੀ, ਜੇ ਇੰਝ ਆਖ ਲਈਏ ਕਿ ਉਸ ਵੇਲੇ ਸਾਰੇ ਹੀ ਭਾਰਤੀ ਹਾਕਮਾਂ ਦੀ ਪੁਜ਼ੀਸ਼ਨ ਇਹੋ ਜਿਹੀ ਬਣੀ ਹੋਈ ਸੀ। ਉਹ ਵੀ ਭਾਰਤ ਦੇ ਆਪਣੇ ਅਨੇਕ ਸਾਥੀ ਰਾਜਕੁਮਾਰਾਂ ਵਾਂਗ ਭਾਰਤ ਦੀ ਉਸ ਵੇਲੇ ਦੀ ਤਾਕਤਵਰ ਸਰਕਾਰ ਦੀ ਆਪਣੀ ਖ਼ੁਦਮੁਖ਼ਤਿਆਰੀ 'ਚ ਵਧਦੀ ਜਾ ਰਹੀ ਦਖ਼ਲਅੰਦਾਜ਼ੀ ਤੋਂ ਬਹੁਤ ਖ਼ਫ਼ਾ ਸੀ ਅਤੇ ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨ ਲਈ ਕਿਸੇ ਬ੍ਰਿਟਿਸ਼-ਵਿਰੋਧੀ ਨਾਲ ਨੇੜਤਾ ਕਾਇਮ ਕਰਨ ਤੋਂ ਪਿੱਛੇ ਨਹੀਂ ਹਟਦਾ ਸੀ ਪਰ ਇਸ ਦੇ ਨਾਲ ਹੀ ਅੰਗਰੇਜ਼ਾਂ ਤੋਂ ਇੰਨਾ ਜ਼ਿਆਦਾ ਡਰਦਾ ਸੀ ਕਿ ਜੇ ਕਦੇ ਕੋਈ ਅੰਗਰੇਜ਼ ਐਵੇਂ ਅਚਨਚੇਤ ਹੀ ਕਦੇ ਕੋਈ ਨਾਖ਼ੁਸ਼ੀ ਦਾ ਪ੍ਰਗਟਾਵਾ ਕਰ ਦਿੰਦਾ ਸੀ, ਤਦ ਵੀ ਉਸ ਨੂੰ ਅੰਦਰਖਾਤੇ ਕਾਂਬਾ ਛਿੜ ਜਾਂਦਾ ਸੀ। ਕੂਕਿਆਂ ਨਾਲ ਉਸ ਦਾ ਭਾਈਚਾਰਾ ਉਦੋਂ ਤੱਕ ਹੀ ਨਿਭਿਆ, ਜਦੋਂ ਤੱਕ ਉਸ ਨੂੰ ਲੱਗਦਾ ਰਿਹਾ ਕਿ ਇਹ ਸਭ ਅੰਗਰੇਜ਼ਾਂ ਦੀਆਂ ਅੱਖਾਂ ਤੋਂ ਉਹਲੇ ਹੋ ਰਿਹਾ ਹੈ। ਜਿਸ ਛਿਣ ਉਸ ਨੂੰ ਅਹਿਸਾਸ ਹੋਇਆ ਕਿ ਉਸ ਦਾ ਭੇਤ ਖੁੱਲ੍ਹ ਗਿਆ ਹੈ, ਉਸ ਨੇ ਤੁਰੰਤ ਸਾਰੇ ਕੂਕੇ ਬਰਖ਼ਾਸਤ ਕਰ ਦਿੱਤੇ ਕਿਉਂਕਿ ਉਹ ਵੀ ਹੋਰਨਾਂ ਵਾਂਗ ਇਹੋ ਦਰਸਾਉਣਾ ਚਾਹੁੰਦਾ ਸੀ ਕਿ ਉਹ ਮਹਾਮਹਿਮ ਮਹਾਰਾਣੀ ਵਿਕਟੋਰੀਆ ਦਾ ਸਭ ਤੋਂ ਵੱਧ ਵਫ਼ਾਦਾਰ ਹੈ।

ਜਿੱਥੋਂ ਤੱਕ ਕੂਕਿਆਂ ਦਾ ਸਬੰਧ ਹੈ, ਉਨ੍ਹਾਂ ਦੇ ਉੱਦਮਾਂ ਨੂੰ ਕੋਈ ਬਹੁਤੀ ਸਫ਼ਲਤਾ ਨਹੀਂ ਮਿਲੀ। ਕੁਝ ਹੱਦ ਤੱਕ ਉਹ ਇਸ ਲਈ ਖ਼ੁਦ ਜ਼ਿੰਮੇਵਾਰ ਸਨ। ਉਨ੍ਹਾਂ ਆਪਣਾ ਵਿਰੋਧ ਥੋੜ੍ਹਾ ਗ਼ੈਰ-ਪਰਪੱਕ ਢੰਗ ਨਾਲ ਪਹਿਲਾਂ ਹੀ ਸ਼ੁਰੂ ਕਰ ਲਿਆ ਸੀ, ਜਿਸ ਕਰਕੇ ਉਨ੍ਹਾਂ ਦੀ ਮਨਸ਼ਾ ''ਬਹੁਤ ਛੇਤੀ ਜੱਗ ਜ਼ਾਹਿਰ ਹੋ ਗਈ, ਜਿਸ ਕਾਰਣ ਕਸ਼ਮੀਰੀ ਖੇਤਰ ਵਿੱਚ ਉਨ੍ਹਾਂ ਦਾ ਫ਼ੌਜੀ ਇਕੱਠ ਜਾਂ ਬਲ ਟੁੱਟ ਕੇ ਰਹਿ ਗਿਆ; ਨਹੀਂ ਤਾਂ ਇਹ ਗਿਣਤੀ ਬਹੁਤ ਜ਼ਿਆਦਾ ਹੋਣੀ ਸੀ[2]।'' ਪਰ ਭਾਵੇਂ ਇਹ ਨਾਕਾਮ ਹੀ ਰਿਹਾ – ਅੰਗਰੇਜ਼ਾਂ ਦੇ ਅਥਾਹ ਵਸੀਲਿਆਂ ਸਾਹਮਣੇ, ਇਸ ਦੇ ਸਫ਼ਲ ਹੋਣ ਦੀ ਸੰਭਾਵਨਾ ਬਹੁਤ ਘੱਟ ਸੀ, ਭਾਵੇਂ ਕਿ ਇਸ ਵਿੱਚ ਸਮੇਂ ਤੋਂ ਪਹਿਲਾਂ ਗੜਬੜੀ ਨਾ ਵੀ ਹੁੰਦੀ –

1. ਹੋਮ ਜੁਡੀਸ਼ੀਅਲ, 13 ਜਨਵਰੀ 1872, ਪ੍ਰੋਗਸ. 52-63. ਇੱਥੇ ਚਿੱਠੀ ਅਨੁਵਾਦ 'ਚ ਦਿੱਤੀ ਜਾਂਦੀ ਹੈ।
2. ਹੋਮ ਜੁਡੀਸ਼ੀਅਲ, 13 ਜਨਵਰੀ, 1872, ਪ੍ਰੋਗਸ. 52-63


ਇਸ ਗੱਲ ਦਾ ਮਹੱਤਵ ਇਸ ਵਿੱਚ ਨਹੀਂ ਕਿ ਇਹ ਲਹਿਰ ਨਾਕਾਮ ਰਹੀ, ਸਗੋਂ ਇਸ ਵਿੱਚ ਹੈ ਕਿ ਕੋਈ ਕੋਸ਼ਿਸ਼ ਤਾਂ ਕੀਤੀ ਗਈ ਸੀ। ਇਸ ਨਾਲ ਕੂਕਾ ਲਹਿਰ ਨਾਲ ਇੱਕ ਨਵਾਂ ਪਾਸਾਰ ਜੁੜ ਗਿਆ ਹੈ: ਇਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਸਿਆਸੀ ਯੋਜਨਾਵਾਂ ਦੀ ਤਿਆਰੀ ਕਿਸ ਹੱਦ ਤੱਕ ਸੀ।

ਇੱਥੇ ਇਹ ਵਰਨਣ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਫ਼ੌਜ ਦੀਆਂ ਕੂਕਾ ਕੰਪਨੀਆਂ ਨੂੰ ਭੰਗ ਕੀਤੇ ਜਾਣ ਦੇ ਬਾਵਜੂਦ ਕੂਕਿਆਂ ਤੇ ਕਸ਼ਮੀਰ ਦੇ ਮਹਾਰਾਜਾ ਵਿਚਾਲੇ ਸੰਬੰਧ ਖ਼ਤਮ ਨਹੀਂ ਹੋਏ ਸਨ। ਦੋਵੇਂ ਧਿਰਾਂ ਕੁਝ ਗੁਪਤ ਤਰੀਕੇ ਨਾਲ ਇਹ ਸੰਬੰਧ ਕਾਇਮ ਰੱਖਣ ਦੀਆਂ ਚਾਹਵਾਨ ਸਨ। ਅੰਗਰੇਜ਼ਾਂ ਤੋਂ ਮਹਾਰਾਜਾ ਤਾਂ ਦੁਖੀ ਹੈ ਹੀ ਸੀ, ਉਸ ਨੇ ਰੂਸੀਆਂ ਨਾਲ ਗੁਪਤ ਸੰਪਰਕ ਰੱਖਣੇ ਸ਼ੁਰੂ ਕਰ ਦਿੱਤੇ। ਸਾਨੂੰ ਗੁਲਾਬ ਖ਼ਾਨ ਦੇ ਦਸਤਾਵੇਜ਼ਾਂ[1] ਤੋਂ ਇਹ ਪਤਾ ਲੱਗਦਾ ਹੈ ਕਿ ਕਰਮ ਚੰਦ ਤੇ ਮਨਸੁਖ ਨਾਂਅ ਦੇ ਉਸ ਦੇ ਕੁਝ ਏਜੰਟ ਉਸ ਲਈ ਕੇਂਦਰੀ ਏਸ਼ੀਆ 'ਚ ਰੂਸੀ ਅਧਿਕਾਰੀਆਂ ਨਾਲ ਵਿਚਰਦੇ ਰਹੇ ਸਨ। ਹੁਣ ਕੂਕਿਆਂ ਦੀ ਵੀ ਕਿਉਂਕਿ ਬ੍ਰਿਟਿਸ਼ ਸਰਕਾਰ ਨਾਲ ਸਿੱਧੀ ਟੱਕਰ ਸੀ, ਇਸੇ ਲਈ ਉਨ੍ਹਾਂ ਨੇ ਵੀ ਰੂਸੀਆਂ ਨਾਲ ਦੋਸਤਾਨਾ ਸਬੰਧ ਵਿਕਸਤ ਕਰਨੇ ਚਾਹੇ ਸਨ। ਦੋਵਾਂ ਦੇ ਹਿੱਤ ਸਾਂਝੇ ਹੋਣ ਕਾਰਣ ਮਹਾਰਾਜਾ ਤੇ ਕੂਕੇ ਇੱਕ-ਦੂਜੇ ਨੂੰ ਦੋਸਤ ਹੀ ਮੰਨਦੇ ਸਨ। ਇਹ ਬਾਬਾ ਬੁੱਧ ਸਿੰਘ ਦੀਆਂ ਲਿਖਤਾਂ ਤੋਂ ਸਪੱਸ਼ਟ ਹੋ ਸਕਦਾ ਹੈ, ਜਿਹੜੀ ਇੱਕ ਚਿੱਠੀ ਉਨ੍ਹਾਂ ਤੁਰਕਿਸਤਾਨ ਦੇ ਗਵਰਨਰ ਨੂੰ ਲਿਖੀ ਸੀ ਕਿ "ਪਹਾੜੀ ਰਾਜਾ ਸਾਡਾ ਦੋਸਤ ਹੈ[2]," ਇਹ ਗੱਲ ਇਸ ਤੱਥ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ 1880 'ਚ ਸੂਬਾ ਗੁਰਚਰਨ ਸਿੰਘ ਰੂਸੀਆਂ ਤੋਂ ਮਹਾਰਾਜਾ ਲਈ ਇੱਕ ਚਿੱਠੀ ਲਿਆਏ ਸਨ[3]।

## ਨੇਪਾਲ 'ਚ ਕੂਕਾ ਦੂਤਾਵਾਸ

ਜਿਵੇਂ ਕਿ ਪਹਿਲਾਂ ਨੋਟ ਕੀਤਾ ਗਿਆ ਸੀ ਕਿ ਨੇਪਾਲ ਦੇ ਦਰਬਾਰ 'ਚ ਸਿੱਖਾਂ ਦੀ ਸੇਵਾ ਸਦਕਾ ਕੂਕਿਆਂ ਦੇ ਉਸ ਦੇਸ਼ ਨਾਲ ਸੰਪਰਕ ਕਾਇਮ ਹੋਏ ਸਨ। ਉਨ੍ਹਾਂ ਦੀ ਗਿਣਤੀ 16 ਸੀ। ਉਨ੍ਹਾਂ 'ਚੋਂ ਇੱਕ ਗੋਰਖਾ ਰੈਜੀਮੈਂਟ ਦਾ ਸਹਾਇਕ ਸੀ ਅਤੇ ਇੱਕ ਕੋਲ ਜਮਾਦਾਰ ਦਾ ਰੈਂਕ ਸੀ। ਉਨ੍ਹਾਂ 'ਚੋਂ ਹਰੀ ਸਿੰਘ, ਕ੍ਰਿਪਾਲ ਸਿੰਘ, ਬੀਰ ਸਿੰਘ, ਬਿਸ਼ਨ ਸਿੰਘ, ਨਿਹਾਲ ਸਿੰਘ ਤੇ ਆਸਾ ਸਿੰਘ ਨੂੰ ਨੇਪਾਲ ਦੇ ਅਧਿਕਾਰੀ ਵਰਗ ਵਿੱਚ ਸਾਰੇ ਚੰਗੀ ਤਰ੍ਹਾਂ ਜਾਣਦੇ ਸਨ। ਆਖ਼ਰੀ ਦੋ ਨਾਵਾਂ ਵਾਲੇ ਸਿੱਖ ਰਾਣਾ ਜੰਗ ਬਹਾਦੁਰ ਦੇ ਨਿੱਜੀ ਸਟਾਫ਼ 'ਚ ਸ਼ਾਮਲ ਸਨ। ਉਂਝ ਉਹ ਅਸਲ 'ਚ ਕੂਕੇ ਨਹੀਂ ਸਨ। ਪਰ ਹੌਲੀ-ਹੌਲੀ ਉਹ ਇਨ੍ਹਾਂ ਤਿੰਨ ਕਾਰਣਾਂ ਕਰਕੇ ਕੂਕਾਵਾਦ ਦੇ ਨੇੜੇ ਆਉਣੇ ਸ਼ੁਰੂ ਹੋ ਗਏ ਸਨ: (1) ਉਹ ਫ਼ੌਜੀ ਸਨ, ਜਿਹੜੇ ਕਿਸੇ ਵਾਲੇ ਲਾਹੌਰ ਦੀ ਖ਼ਾਲਸਾ ਆਰਮੀ 'ਚ

1. ਵਿਦੇਸ਼ ਵਿਭਾਗ (ਸੀਕ੍ਰਟ.), ਜਨਵਰੀ 1882, ਕੌਂਸ. 558-599
2. ਵਿਦੇਸ਼ ਵਿਭਾਗ (ਸੀਕ੍ਰਟ.ਈ), ਜਨਵਰੀ 1884, ਕੌਂਸ. 40-95
3. ਵਿਦੇਸ਼ ਵਿਭਾਗ (ਸੀਕ੍ਰਟ), ਜਨਵਰੀ 1882, ਕੌਂਸ. 558-599



ਕਰਨਲ ਹੀਰਾ ਸਿੰਘ ਸਢੌਰਾ

ਸੇਵਾ ਨਿਭਾਅ ਚੁੱਕੇ ਸਨ ਤੇ ਬ੍ਰਿਟਿਸ਼ ਵਿਰੁੱਧ ਜੰਗਾਂ 'ਚ ਹਿੱਸਾ ਲਿਆ ਸੀ ਅਤੇ ਇਸੇ ਕਾਰਨ ਉਹ ਕੂਕਿਆਂ ਦੇ ਦੇਸ਼-ਭਗਤੀ ਵਾਲੇ ਸੱਦੇ ਨੂੰ ਪਸੰਦ ਕਰਦੇ ਸਨ; (2) ਆਪਣੀਆਂ ਛੁੱਟੀਆਂ ਵੇਲੇ ਉਹ ਪੰਜਾਬ 'ਚ ਕੂਕਾਵਾਦ ਦੇ ਤੇਜ਼ੀ ਨਾਲ ਉਭਾਰ ਨੂੰ ਵੇਖਦੇ ਸਨ ਤੇ ਇਸ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ; (3) 1868 ਤੋਂ ਨੇਪਾਲ 'ਚ ਕੂਕਾਵਾਦ ਦਾ ਪ੍ਰਚਾਰ ਕੂਕਾ ਕਿਸ਼ਨ ਸਿੰਘ (ਜਿਨ੍ਹਾਂ ਨੂੰ ਹਰੀ ਸਿੰਘ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ) ਕਰਦੇ ਰਹੇ ਸਨ ਤੇ ਉਸ ਦਾ ਵੀ ਡੂੰਘਾ ਪ੍ਰਭਾਵ ਉਨ੍ਹਾਂ 'ਤੇ ਪਿਆ ਸੀ।

ਜਦੋਂ ਰਾਣਾ ਜੰਗ ਬਹਾਦੁਰ ਨੂੰ ਕੂਕਾਵਾਦ ਦੀ ਵਧਦੀ ਹਰਮਨ ਪਿਆਰਤਾ ਦਾ ਪਤਾ ਲੱਗਾ, ਤਾਂ ਉਸ ਨੇ ਬਾਬਾ ਰਾਮ ਸਿੰਘ ਜੀ 'ਚ ਦਿਲਚਸਪੀ ਵਿਖਾਈ ਤੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ। ਕੂਕਾ ਲੀਡਰ ਨੂੰ ਤੁਰੰਤ ਦੱਸਿਆ ਗਿਆ, ਜਿਨ੍ਹਾਂ ਤੁਰੰਤ ਨੇਪਾਲ 'ਚ ਇੱਕ ਮਿਸ਼ਨ ਭੇਜਣ ਦਾ ਫ਼ੈਸਲਾ ਕੀਤਾ, ਜਿਸ 'ਚ ਉਨ੍ਹਾਂ ਦੇ ਸਭ ਤੋਂ ਵੱਧ ਅਹਿਮ ਸੂਬੇ ਸਾਹਿਬ ਸਿੰਘ ਤੇ ਕਾਹਨ ਸਿੰਘ ਸ਼ਾਮਲ ਸਨ।

ਨੇਪਾਲ ਦੇ ਹਾਕਮ ਕੋਲ ਇੱਕ ਦੂਤ ਭੇਜਣ'' ਦੇ ਬਾਬਾ ਰਾਮ ਸਿੰਘ ਜੀ ਦੇ ਦ੍ਰਿੜ੍ਹ ਇਰਾਦੇ ਦੇ ਹਵਾਲੇ ਨਾਲ ਸਾਲ 1870 ਲਈ ਕੂਕਾ ਸੰਪਰਦਾਇ ਬਾਰੇ ਪੰਜਾਬ ਪੁਲਿਸ ਦੀ ਰਿਪੋਰਟ 'ਚ ਲਿਖਿਆ ਹੈ: ''ਕੂਕਿਆਂ 'ਚ ਇਹ ਕਹਾਣੀ ਕੁਝ ਇੰਝ ਪ੍ਰਚੱਲਿਤ ਹੈ ਕਿ ਮਹਾਰਾਣਾ ਨੇ ਬਾਬਾ ਰਾਮ ਸਿੰਘ ਜੀ ਨੂੰ ਪੱਤਰ ਲਿਖਿਆ ਤੇ ਉਨ੍ਹਾਂ ਨੂੰ ਨੇਪਾਲ ਦੀਆਂ ਰੈਜਿਮੈਂਟਸ ਲਈ ਕੁਝ ਜਵਾਨ ਭੇਜਣ ਲਈ ਕਿਹਾ। ਇਸ 'ਤੇ ਬਾਬਾ ਰਾਮ ਸਿੰਘ ਜੀ ਨੇ ਇਹ ਜਵਾਬ ਦਿੱਤਾ – ''ਮੈਂ ਨਾ ਤਾਂ ਕੋਈ ਕੂਕੇ ਭੇਜਾਂਗਾ ਤੇ ਨਾ ਮੈਂ ਆਪ ਆਵਾਂਗਾ ਪਰ ਮੈਂ ਇਹ ਤੋਹਫ਼ਾ[1] ਭੇਜਦਾ ਹਾਂ।''

ਮਹਾਰਾਣਾ ਲਈ ਦੋ ਪੰਜਾਬੀ ਮੱਝਾਂ ਤੇ ਖੱਚਰਾਂ ਨੂੰ ਤੋਹਫ਼ੇ ਵਜੋਂ ਲੈ ਕੇ ਕੂਕਾ ਦੂਤਾਵਾਸ 1870-71 ਦੀਆਂ ਸਰਦੀਆਂ ਦੇ ਮੌਸਮ 'ਚ ਨੇਪਾਲ ਪੁੱਜਾ ਅਤੇ ਸਰ ਜੰਗ ਬਹਾਦੁਰ ਨਾਲ ਕਈ ਵਿਚਾਰ-ਵਟਾਂਦਰੇ ਕੀਤੇ। ਮਹਾਰਾਣਾ ਨੇ ਉਨ੍ਹਾਂ ਦੇ ਰਹਿਨੁਮਾ ਬਾਬਾ ਰਾਮ ਸਿੰਘ ਜੀ, ਪੰਜਾਬ 'ਚ ਉਨ੍ਹਾਂ ਦੀ ਗਿਣਤੀ ਤੇ ਸਥਿਤੀ ਬਾਰੇ ਕੂਕਾ ਆਗੂਆਂ ਤੋਂ ਕਈ ਸੁਆਲ ਪੁੱਛੇ ਅਤੇ ਉਨ੍ਹਾਂ ਦੀ ਗਿਣਤੀ ਤੇ ਦੇਸ਼ 'ਚ ਉਨ੍ਹਾਂ ਵੱਲੋਂ ਹਾਸਲ ਕੀਤੇ ਰੁਤਬੇ ਤੋਂ ਉਹ ਕਾਫ਼ੀ ਪ੍ਰਭਾਵਿਤ ਜਾਪੇ[2]। ਖ਼ੁਦ ਰਾਣਾ ਦੇ ਆਪਣੇ ਸ਼ਬਦਾਂ 'ਚ ਇਸ ਮਿਸ਼ਨ ਦਾ ਉਦੇਸ਼ ''ਇਹ ਨਿਸ਼ਚਤ ਕਰਨਾ ਸੀ ਕਿ ਕੀ ਗੋਰਖਾ ਦੀ ਥਲ ਸੈਨਾ 'ਚ ਉਨ੍ਹਾਂ ਲਈ ਕੋਈ ਰਾਹ ਖੁੱਲ੍ਹਦਾ ਹੈ ਕਿ ਨਹੀਂ[3]।'' ਸਪੱਸ਼ਟ ਤੌਰ 'ਤੇ ਕੂਕਾ ਲੀਡਰ ਹਰ ਪੱਖੋਂ ਸੰਤੁਸ਼ਟ ਸਨ। ਉਨ੍ਹਾਂ ਦਾ ਹਰ ਪੱਖੋਂ ਆਦਰ ਕੀਤਾ ਗਿਆ ਤੇ ਉੱਥੋਂ ਰਵਾਨਗੀ ਪਾਉਣ ਸਮੇਂ ਉਨ੍ਹਾਂ ਨੂੰ ਤਹਿ ਦਿਲੋਂ ਵਿਦਾਇਗੀ ਦਿੱਤੀ ਤੇ ਬਾਬਾ ਰਾਮ ਸਿੰਘ

---

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284, ਅੰਤਿਕਾ 5, ਪੰਨਾ 2470.
2. ਲਈ ਪੋਲ. (ਏ), ਫ਼ਰਵਰੀ 1872, ਕੌਂਸ. 39-49, ਕਰਨਲ ਆਰ.ਸੀ. ਲਾਰੈਂਸ, ਬ੍ਰਿਟਿਸ਼ ਨਾਗਰਿਕ, ਨੇਪਾਲ ਵੱਲੋਂ ਭਾਰਤ ਸਰਕਾਰ ਦੇ ਸਕੱਤਰ ਸੀ.ਯੂ. ਆਲਚਿਸਨ ਨੂੰ, ਮਿਤੀ 22 ਨਵੰਬਰ, 1871.
3. -ਉਹੀ-

ਜੀ ਲਈ 500 ਰੁਪਏ ਨਕਦ, ਸੋਨੇ ਦਾ ਇੱਕ ਹਾਰ, ਇੱਕ ਦੁਸ਼ਾਲਾ, ਇੱਕ ਘੋੜਾ ਤੇ ਦੋ ਖੁਖਰੀਆਂ ਜਿਹੇ ਵਡਮੁੱਲੇ ਤੋਹਫ਼ੇ ਭੇਟ ਕੀਤੇ ਗਏ।

ਨੇਪਾਲ ਦੇ ਹਾਕਮ ਤੱਕ ਕੂਕਿਆਂ ਦੀ ਪਹੁੰਚ ਤੋਂ ਬ੍ਰਿਟਿਸ਼ ਹਾਕਮਾਂ ਦਾ ਖ਼ਫ਼ਾ ਹੋਣਾ ਸੁਭਾਵਕ ਸੀ। ਉਹ ਇਹ ਜਾਣਨ ਲਈ ਡਾਢੇ ਉਤਸੁਕ ਸਨ ਕਿ ਕੂਕਾ ਸੂਬਿਆਂ ਤੇ ਰਾਣਾ ਵਿਚਾਲੇ ਕਿਹੜੀ ਖਿਚੜੀ ਪੱਕੀ ਹੈ। ਇਸ ਉਦੇਸ਼ ਲਈ ਕਾਸ਼ੀਪੁਰ ਦੇ ਰਾਜਾ ਸ਼ਿਵਰਾਜ ਸਿੰਘ ਨੂੰ ਨੇਪਾਲ ਭੇਜਿਆ ਗਿਆ ਕਿ ਤਾਂ ਜੋ ਉੱਥੋਂ ਕੋਈ ਗੁਪਤ ਜਾਣਕਾਰੀ ਮਿਲ ਸਕੇ। ਭਾਵੇਂ ਉਸ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਤਸੱਲੀਬਖ਼ਸ਼ ਨਹੀਂ ਸੀ। ਤਦ ਭਾਰਤ ਸਰਕਾਰ ਨੇ 23 ਅਕਤੂਬਰ 1871 ਨੂੰ ਕਾਠਮੰਡੂ 'ਚ ਆਪਣੇ ਰੈਜ਼ੀਡੈਂਟ ਨੂੰ ਇੱਕ ਗੁਪਤ ਚਿੱਠੀ ਭੇਜ ਕੇ ਪੁੱਛਿਆ ਕਿ ਉਹ ਇਸ ਬਾਰੇ ਖ਼ੁਦ ਹਾਕਮ ਤੋਂ ਹੀ ਜਾਣਕਾਰੀ ਹਾਸਲ ਕਰੇ। ਰਾਣਾ ਨਾਲ ਗੱਲਬਾਤ ਤੋਂ ਬਾਅਦ ਉਸ ਰੈਜ਼ੀਡੈਂਟ ਨੇ ਭਾਰਤ ਸਰਕਾਰ ਨੂੰ ਲਿਖੀ ਚਿੱਠੀ 'ਚ ਆਪਣੀ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਕਿ ਰਾਣਾ ਨੇ ਕਿਵੇਂ ਖੁੱਲ੍ਹ ਕੇ ਕੂਕਾ ਮਿਸ਼ਨ ਦੇ ਉਦੇਸ਼ ਅਤੇ ਕੂਕਾਵਾਦ ਦੇ ਸੰਭਾਵੀ ਖ਼ਤਰੇ ਬਾਰੇ ਗੱਲ ਕੀਤੀ। ਉਦਾਹਰਣ ਵਜੋਂ ਰਾਣਾ ਨੇ ਕੁਝ ਇੰਝ ਗੱਲਬਾਤ ਕੀਤੀ: "ਜੇ ਉਨ੍ਹਾਂ 'ਤੇ ਨਜ਼ਰ ਨਾ ਰੱਖੀ ਗਈ, ਤਾਂ ਉਹ (ਕੂਕੇ) ਸ਼ਾਇਦ ਬ੍ਰਿਟਿਸ਼ ਸਰਕਾਰ ਲਈ ਮੁਸੀਬਤ ਖੜ੍ਹੀ ਕਰ ਸਕਦੇ ਹਨ[1]।" ਰੈਜ਼ੀਡੈਂਟ ਨੇ ਲਿਖਿਆ,"ਮਹਾਰਾਣਾ ਨੇ ਪੂਰੇ ਆਤਮ ਵਿਸ਼ਵਾਸ ਨਾਲ ਕਿਹਾ ਕਿ ਇਹ ਨਵਾਂ ਸੰਪਰਦਾਇ ਜੋ ਪਿੱਛੇ ਜਿਹੇ ਪੰਜਾਬ 'ਚ ਉੱਭਰਿਆ ਹੈ ਤੇ ਜਿਸ ਦੀ ਗਿਣਤੀ ਲਗਭਗ 3,00,000 ਸ਼ਰਧਾਲੂਆਂ ਤੱਕ ਪੁੱਜ ਚੁੱਕੀ ਹੈ, ਉਹ ਸਾਰੇ ਆਪਣੇ ਗੁਰੂ 'ਚ ਅਟੁੱਟ ਵਿਸ਼ਵਾਸ ਰੱਖਦੇ ਹਨ ਤੇ ਉਹ ਉਨ੍ਹਾਂ ਦੇ ਕਹਿਣ 'ਤੇ ਚੰਗਾ ਜਾਂ ਮਾੜਾ ਸਭ ਕੁਝ ਕਰਨ ਲਈ ਤਿਆਰ ਹਨ[2]।" ਰਾਣਾ ਦੀ ਖੁੱਲ੍ਹੀ ਗੱਲਬਾਤ ਤੋਂ ਰੈਜ਼ੀਡੈਂਟ ਨੇ ਇਹੋ ਸਿੱਟਾ ਕੱਢਿਆ ਕਿ "ਬੇਸ਼ੱਕ ਸਮੀਖਿਆ ਅਧੀਨ ਵਿਅਕਤੀ ਸਰ ਜੰਗ ਬਹਾਦੁਰ ਨੂੰ ਸਿਰਫ਼ ਮੱਝਾਂ ਦੇਣ ਲਈ ਹੀ ਨਹੀਂ ਆਏ ਸਨ, ਸਗੋਂ ਉਨ੍ਹਾਂ ਦਾ ਕੋਈ ਹੋਰ ਅਸਲ ਮੰਤਵ ਵੀ ਹੋ ਸਕਦਾ ਹੈ, ਮੈਨੂੰ ਇਸ ਬਾਰੇ ਕਾਫ਼ੀ ਸ਼ੱਕ ਹੈ ਕਿ ਉਨ੍ਹਾਂ ਇੱਥੋਂ ਕੁਝ ਹਾਸਲ ਕੀਤਾ ਹੈ ਜਾਂ ਨਹੀਂ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਸੁਰੱਖਿਅਤ ਢੰਗ ਨਾਲ ਇਹ ਆਖ ਸਕਦਾ ਹਾਂ ਕਿ ਉਨ੍ਹਾਂ ਨੂੰ ਕੋਈ ਹੱਲਾਸ਼ੇਰੀ ਨਹੀਂ ਦਿੱਤੀ ਗਈ।"

ਆਪਣੇ ਇਸ ਵਿਚਾਰ ਦੇ ਸਮਰਥਨ 'ਚ ਉਸ ਨੇ ਇਹ ਦਲੀਲ ਦਿੱਤੀ ਕਿ "ਨਿਪਾਲ ਦਰਬਾਰ ਇਸ ਨੀਤੀ ਦੇ ਖ਼ਿਲਾਫ਼ ਹੈ ਕਿ ਗੋਰਖਾ ਆਰਮੀ ਦੇ ਰੈਂਕਾਂ ਨਾਲ ਕੋਈ ਵਿਦੇਸ਼ੀਆਂ ਦੀ ਭਰਤੀ ਹੋਵੇ ਅਤੇ ਉਹ ਸਿਰਫ਼ ਅਜਿਹੇ ਵਿਦੇਸ਼ੀ ਹੀ ਭਰਤੀ ਕਰਦੇ ਹਨ, ਜਿਹੜੇ ਡ੍ਰਿਲ ਇੰਸਟਰੱਕਟਰ ਜਾਂ ਉਨ੍ਹਾਂ ਦੇ ਅਸਲਾਖ਼ਾਨੇ ਵਿਚ ਦਸਤਕਾਰ ਵਜੋਂ ਕੰਮ ਕਰਨ ਦੇ ਯੋਗ ਹੁੰਦੇ ਹਨ[3]।"

---

1. -ਉਹੀ-
2. -ਉਹੀ-
3. -ਉਹੀ-

ਰੈਜ਼ੀਡੈਂਟ ਦੇ ਇਸ ਪੱਤਰ (ਉਪਰੋਕਤ ਵਰਣਿਤ) ਦੀ ਇੱਕ ਕਾਪੀ ਤੇ ਇਸ ਦੇ ਜਵਾਬੀ ਪੱਤਰ ਦੀ ਇੱਕ ਕਾਪੀ ਬਾਕਾਇਦਾ 30 ਨਵੰਬਰ, 1871 ਨੂੰ ਸਕੱਤਰ ਐਚਿਨਸਨ ਦੀ ਇਸ ਟਿੱਪਣੀ ਨਾਲ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ ਕਿ "ਸਰ ਜੰਗ ਬਹਾਦੁਰ ਨੇ ਉਸ ਨੂੰ ਸੋਨਪੁਰ 'ਚ ਦੱਸਿਆ ਕਿ ਉਸ ਦੀ ਸੇਵਾ 'ਚ ਲਗਭਗ 16 ਸਿੱਖ ਹਨ ਤੇ ਉਸ ਨੇ ਉਨ੍ਹਾਂ ਸਾਰਿਆਂ ਨੂੰ ਬਰਤਰਫ਼ ਕਰ ਦਿੱਤਾ ਹੈ[1]।"

ਰੈਜ਼ੀਡੈਂਟ ਦੀ ਚਿੱਠੀ ਦੇ ਵੇਰਵੇ ਤੇ ਸਕੱਤਰ ਦਾ ਨੋਟ, ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਉਸ ਨਾਲ ਮਲੌਦ ਤੇ ਮਾਲੇਰ ਕੋਟਲਾ ਦੇ ਹਮਲਿਆਂ ਤੋਂ ਬਾਅਦ ਬ੍ਰਿਟਿਸ਼ ਆਰਮੀ ਦੇ ਕਮਾਂਡਰ-ਇਨ-ਚੀਫ਼ ਨੂੰ ਆਪਣੀਆਂ ਨਿੱਜੀ ਸੇਵਾਵਾਂ ਦੇਣ ਦੀ ਟਿੱਕਾ ਬਾਬਰ ਜੰਗ ਬਹਾਦਰ ਦੀ ਸਵੈ-ਇੱਛੁਕ ਪੇਸ਼ਕਸ਼[2] ਨਾਲ ਜੋੜੀ ਗਈ ਸੀ, ਇਸ ਤੋਂ ਕੂਕਿਆਂ ਪ੍ਰਤੀ ਨੇਪਾਲ ਦੇ ਹਾਕਮ ਦਾ ਵਤੀਰਾ ਕੁਝ ਭੰਬਲਭੂਸਾ-ਪਾਊ ਜਾਪਦਾ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾਣੀ ਬਣਦੀ ਹੈ ਕਿ ਰਾਣੇ ਹੁਰੀਂ ਬ੍ਰਿਟਿਸ਼ ਹਾਕਮਾਂ ਨਾਲ ਉਂਝ ਹੀ ਚਾਲਾਕ ਬਣਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਜਾਂ ਕਸ਼ਮੀਰ ਦੇ ਮਹਾਰਾਜੇ ਵਾਂਗ ਉਂਝ ਹੀ ਆਪਣੀ ਕਮਜ਼ੋਰ ਸਥਿਤੀ ਦੇ ਪੁਸ਼ਤੈਨੀ ਆਪਾ-ਵਿਰੋਧਾਂ ਦਾ ਇਜ਼ਹਾਰ ਕਰ ਰਹੇ ਸਨ। ਉਂਝ ਇਹ ਆਖਿਆ ਜਾ ਸਕਦਾ ਹੈ ਕਿ ਬ੍ਰਿਟਿਸ਼ ਪ੍ਰਤੀ ਨੇਪਾਲ ਦੀ ਨੀਤੀ ਬਹੁਤੇ ਭਾਰਤੀ ਰਾਜਾਂ ਤੇ ਰਿਆਸਤਾਂ ਵਰਗੀ ਹੀ ਸੀ, ਦੋਗਲੇਪਣ ਦੀ ਨੀਤੀ ਤਦ ਕਾਫ਼ੀ ਸੀ ਕਿਉਂਕਿ ਉਸ ਵੇਲੇ ਦੇ ਹਾਲਾਤ ਹੀ ਕੁਝ ਅਜਿਹੇ ਸਨ। ਤਦ ਸਾਮਰਾਜੀ ਤਾਕਤ ਦਾ ਤਾਨਾਸ਼ਾਹੀ ਰਵੱਈਆ ਇੱਕ ਸਰਾਪ ਸੀ ਪਰ ਉਸ ਨੂੰ ਰੋਕਣ ਲਈ ਲੋੜੀਂਦੀ ਤਾਕਤ ਕਿਸੇ ਕੋਲ ਨਹੀਂ ਸੀ। ਇਸੇ ਕਾਰਣ ਤਦ ਮਾਨਸਿਕ ਸਥਿਤੀ ਹੀ ਕੁਝ ਦੋਗਲੀ ਨੀਤੀਆਂ ਤੇ ਅਜਿਹੇ ਪ੍ਰਗਟਾਵਿਆਂ ਵਾਲੀ ਬਣ ਕੇ ਰਹਿ ਗਈ ਸੀ।

## ਰੂਸੀ ਮਦਦ ਲਈ ਕੂਕਾ ਕੋਸ਼ਿਸ਼ਾਂ

ਕੇਵਲ ਇੱਕੋ-ਇੱਕ ਅਜਿਹਾ ਹਵਾਲਾ ਮਿਲਦਾ ਹੈ ਕਿ "ਮਹੰਤ ਗੁਰਚਰਨ ਸਿੰਘ ਦੇ ਚੇਲੇ ਬਿਸ਼ਨ ਸਿੰਘ ਨੂੰ ਬਾਬਾ ਰਾਮ ਸਿੰਘ ਜੀ ਨੂੰ ਡੀਪੋਰਟ ਕਰਨ ਤੋਂ ਪਹਿਲਾਂ ਰੂਸ ਭੇਜਿਆ ਗਿਆ ਸੀ" ਅਤੇ ਉਹ "ਕੂਕਿਆਂ ਲਈ ਮਦਦ ਵਾਸਤੇ ਗੁਰੂ ਰਾਮ ਸਿੰਘ ਜੀ ਦੀ ਇੱਛਾ ਅਨੁਸਾਰ ਹੀ ਰੂਸੀ ਸੇਵਾ 'ਚ ਸ਼ਾਮਲ ਹੋਏ ਸਨ[1], ਬ੍ਰਿਟਿਸ਼ ਹਾਕਮਾਂ ਵਿਰੁੱਧ "ਰੂਸੀ ਸਹਾਇਤਾ ਵਾਸਤੇ ਕੂਕਾ ਕੋਸ਼ਿਸ਼ਾਂ" ਜ਼ਿਆਦਾਤਰ ਸਾਲ 1872 ਤੋਂ ਬਾਅਦ ਦੇ ਸਮੇਂ ਨਾਲ ਹੀ ਸੰਬੰਧਿਤ ਹਨ। ਇਹ ਕੋਸ਼ਿਸ਼ਾਂ ਪਹਿਲਾਂ ਕਸ਼ਮੀਰ ਤੇ ਨੇਪਾਲ ਨਾਲ ਜੁੜਨ ਦੇ ਯਤਨਾਂ ਤੋਂ ਕੁਝ ਵੱਖ ਸਨ ਕਿਉਂਕਿ ਇਹ ਸਿਰਫ਼

---

1. -ਉਹੀ-
2. ਵਿਦੇਸ਼ ਵਿਭਾਗ (ਬੀ), ਫ਼ਰਵਰੀ 1872, ਕੌਂਸ., 132-133
3. ਵਿਦੇਸ਼ ਵਿਭਾਗ (ਸੀਕ੍ਰੇਟ-ਐਫ਼), ਅਗਸਤ 1889, 'ਕਾਬੁਲ ਦੇ ਕੂਕਾ ਸੂਬਾ ਬਿਸ਼ਨ ਸਿੰਘ', ਕੌਂਸ 114-115

ਅੰਗਰੇਜ਼ਾਂ ਨੂੰ ਭਾਰਤ ਤੋਂ ਬਾਹਰ ਕੱਢਣ ਲਈ ਰੂਸ ਦੀ ਹਥਿਆਰਬੰਦ ਤਾਕਤ ਦਾ ਉਪਯੋਗ ਕਰਨ ਦੀ ਇੱਛਾ ਸੀ ਅਤੇ ਕੂਕਾ ਫ਼ੌਜੀਆਂ ਲਈ ਸਿਖਲਾਈ ਸਹੂਲਤਾਂ ਹਾਸਲ ਕਰਨ ਦਾ ਕੋਈ ਮੰਤਵ ਨਹੀਂ ਸੀ, ਜਿਵੇਂ ਕਿ ਕਸ਼ਮੀਰ ਤੇ ਨੇਪਾਲ ਦੇ ਮਾਮਲਿਆਂ 'ਚ ਰਿਹਾ ਸੀ।

ਰੂਸੀ ਸਹਾਇਤਾ ਦੇ ਸੰਬੰਧ 'ਚ ਕੂਕਾ ਕੋਸ਼ਿਸ਼ਾਂ ਦਾ ਸਹੀ ਤਰੀਕੇ ਮੁਲਾਂਕਣ ਕਰਨਾ ਹੋਵੇਗਾ; ਇਨ੍ਹਾਂ ਦਾ ਜ਼ਰੂਰ ਹੀ ਇਨ੍ਹਾਂ ਦੋ ਪੱਖਾਂ ਦੇ ਸੰਦਰਭ ਤੋਂ ਨਿਰੀਖਣ ਕਰਨਾ ਹੋਵੇਗਾ: (1) 1872 ਤੋਂ ਬਾਅਦ ਕੂਕਾ ਸਮੱਸਿਆ; (2) ਇਸ ਕਾਲ ਦੌਰਾਨ ਇੰਗਲੈਂਡ-ਰੂਸ ਸਬੰਧ।

ਪਹਿਲਾਂ ਕੂਕਾ ਸਮੱਸਿਆ ਲੈਂਦੇ ਹਾਂ। 1872 ਦੌਰਾਨ ਵੱਡੇ ਪੱਧਰ 'ਤੇ ਮੌਤ ਦੀਆਂ ਸਜ਼ਾਵਾਂ ਤੇ ਜਲਾਵਤਨੀ ਤੋਂ ਬਾਅਦ ਸਭ ਤੋਂ ਵੱਡੀ ਸਮੱਸਿਆ ਤਾਂ ਇਹੋ ਸੀ ਕਿ ਸੰਗਠਨ ਨੂੰ ਮੁੜ ਕਿਵੇਂ ਖੜ੍ਹਾ ਕੀਤਾ ਜਾਵੇ, ਤਾਂ ਜੋ ਇਸ ਦੇ ਪੈਰੋਕਾਰਾਂ ਦਾ ਮਨੋਬਲ ਕਾਇਮ ਰਹਿ ਸਕੇ। ਕੂਕਾ ਸੰਗਠਨ ਦੇ ਪੁਨਰਗਠਨ 'ਚ ਫ਼ੈਸਲਾਕੁੰਨ ਭੂਮਿਕਾ ਬਾਬਾ ਰਾਮ ਸਿੰਘ ਜੀ ਦੇ ਛੋਟੇ ਭਰਾ ਬਾਬਾ ਬੁੱਧ ਸਿੰਘ ਦੀ ਸੀ। ਉਨ੍ਹਾਂ ਚੁੱਪ-ਚੁਪੀਤੇ ਭੈਣੀ ਸਾਹਿਬ ਵਿਖੇ ਬਾਬਾ ਰਾਮ ਸਿੰਘ ਜੀ ਦੀ ਹਿਰਾਸਤ ਕਾਰਣ ਪੈਦਾ ਹੋਇਆ ਖ਼ਲਾਅ ਭਰ ਦਿੱਤਾ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉੱਥੇ ਸਥਾਈ ਪੁਲਿਸ ਚੌਕੀ ਦੇ ਬਾਵਜੂਦ ਅਤੇ ਹਰ ਕਿਸਮ ਦੇ ਅੜਿੱਕਿਆਂ[1] ਤੇ ਪਾਬੰਦੀਆਂ ਦੇ ਬਾਵਜੂਦ ਭੈਣੀ ਸਾਹਿਬ ਜਾਣ ਦੀ ਖਿੱਚ ਮਜ਼ਬੂਤ ਬਣੀ ਰਹੀ, ਭਾਵੇਂ ਇਹ ਪਹਿਲਾਂ ਜਿੰਨੀ ਮਜ਼ਬੂਤ ਤਾਂ ਨ੍ਹੀਂ ਸੀ। ਫਿਰ ਵੀ ਕੁਝ ਕੂਕਾ ਸ਼ਰਧਾਲੂ ਬਾਬਾ ਬੁੱਧ ਸਿੰਘ ਜੀ ਦੇ ਦਰ 'ਤੇ ਆਉਂਦੇ ਰਹੇ। ਉਹ ਕੁਝ ਵਾਰ ਭੇਸ ਵਟਾ ਕੇ ਆਉਂਦੇ ਤੇ ਉਹ ਬਾਬਾ ਜੀ ਨੂੰ ਬਾਹਰ ਖੇਤਾਂ 'ਚ ਮਿਲ ਲੈਂਦੇ ਸਨ ਤੇ ਕਈ ਵਾਰ ਪਿੰਡ 'ਚ ਹੋਰ ਕੂਕਿਆਂ ਦੇ ਮਹਿਮਾਨ ਵਜੋਂ ਆ ਜਾਂਦੇ ਸਨ ਤੇ ਰਾਤ ਦੇ ਹਨੇਰੇ 'ਚ ਚੁੱਪ-ਚੁਪੀਤੇ ਬਾਬਾ ਜੀ ਦੇ ਘਰ 'ਚ ਚਲੇ ਜਾਂਦੇ ਸਨ। ਉਹ ਸਾਰੇ ਆਪਣੇ ਰਹਿਨੁਮਾ ਲਈ ਭੇਟਾਂ ਵੀ ਲੈ ਕੇ ਆਉਂਦੇ ਸਨ। ਉਨ੍ਹਾਂ ਵਿਚਾਲੇ ਤਦ ਸਭ ਤੋਂ ਅਹਿਮ ਵਿਚਾਰ-ਚਰਚਾ ਭਾਈਚਾਰੇ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਹੀ ਹੁੰਦੀ ਸੀ। ਪੰਜਾਬ ਪੁਲਿਸ ਵੱਲੋਂ ਤਿਆਰ ਕੀਤੀ ਗਈ ਇੱਕ ਖ਼ੁਫ਼ੀਆ ਰਿਪੋਰਟ[2] ਅਨੁਸਾਰ 12 ਮਾਰਚ ਤੋਂ ਲੈ ਕੇ 2 ਅਪ੍ਰੈਲ (1881) ਤੱਕ ਦੇ ਤਿੰਨ ਹਫ਼ਤਿਆਂ ਦੌਰਾਨ ਬਾਬਾ ਬੁੱਧ ਸਿੰਘ ਜੀ ਕੋਲ 173 ਮੁਲਾਕਾਤੀ ਮਿਲਣ ਲਈ ਆਏ ਤੇ ਉਨ੍ਹਾਂ ਤੋਂ ਕੁੱਲ ਤਿੰਨ ਸੌ ਉਨੀਂ ਰੁਪਏ ਚੌਦਾਂ ਆਨੇ ਭੇਟਾਂ ਵਜੋਂ ਪ੍ਰਾਪਤ ਕੀਤੇ। ਰਿਪੋਰਟ 'ਚ ਅੱਗੇ ਲਿਖਿਆ ਹੈ ਕਿ "ਇਸ ਰਕਮ ਵਿੱਚ ਬਾਬਾ ਬੁੱਧ ਸਿੰਘ ਜੀ ਦੀ ਅਸਲ ਹਫ਼ਤਾਵਾਰੀ ਆਮਦਨ ਦਾ ਕੋਈ ਅੰਦਾਜ਼ਾ ਨਹੀਂ ਹੁੰਦਾ। ਉਨ੍ਹਾਂ ਨੂੰ 200 ਰੁਪਏ ਤੋਂ ਲੈ ਕੇ 300 ਰੁਪਏ ਤੱਕ ਰੋਜ਼ਾਨਾ (?) ਅਦਾ

---

1. 1872 ਤੋਂ ਬਾਅਦ ਅੱਤਿਆਚਾਰਾਂ ਦੇ ਵੇਰਵਿਆਂ ਲਈ ਵੇਖੋ ਹੋਮ ਜੁਡੀਸ਼ੀਅਲ (ਬੀ), ਅਪ੍ਰੈਲ 1881, ਪ੍ਰੋਗਸ. 186-189 'ਚ ਕੂਕਿਆਂ ਦੀ ਸੂਚੀ; ਐਮ.ਐਮ. ਆਹਲੂਵਾਲੀਆ, -ਉਹੀ-, ਪੰਨਾ 190-203 ਵੀ।
2. ਵਿਦੇਸ਼ ਵਿਭਾਗ (ਸੀਕ੍ਰੇਟ), ਜਨਵਰੀ 1882, ਕੌਂਸ. 558-599

ਹੁੰਦੇ ਸਨ ਅਤੇ ਹਰੇਕ ਛਮਾਹੀ ਦੇ ਅੰਤ 'ਤੇ ਹਰੇਕ ਕੂਕਾ ਉਨ੍ਹਾਂ ਨੂੰ ਆਪਣੀ ਆਮਦਨ ਵਿੱਚੋਂ ਆਪਣਾ ਦਸਵੰਧ ਨਕਦੀ ਤੇ ਅਨਾਜ ਦੇ ਰੂਪ ਵਿੱਚ ਭੇਟ ਕਰਦਾ ਸੀ। ਇਨ੍ਹਾਂ ਅੰਕੜਿਆਂ 'ਚ ਇਸ ਸੰਪਰਦਾਇ ਦੇ ਮੈਂਬਰਾਂ ਦੀ ਤਰਫ਼ੋਂ ਬਾਬਾ ਜੀ ਨੂੰ ਭੇਟ ਕੀਤੇ ਫੁਟਕਲ ਭੁਗਤਾਨ ਸ਼ਾਮਲ ਨਹੀਂ ਹਨ...।"

ਸੰਗਠਨ ਦੇ ਮੁਖੀ ਤੋਂ ਬਾਅਦ ਮਹੱਤਵ ਸੂਬਿਆਂ ਦਾ ਸੀ। ਇਹ ਬਹੁਤ ਜ਼ਰੂਰੀ ਸੀ ਕਿ ਉਨ੍ਹਾਂ 'ਚੋਂ ਅਹਿਮ ਸੂਬਿਆਂ ਨੂੰ ਜੇਲ੍ਹ ਭੇਜ ਦਿੱਤੇ ਜਾਣ ਕਾਰਣ ਖ਼ਾਲੀ ਹੋਈਆਂ ਥਾਂਵਾਂ ਤੁਰੰਤ ਪੁਰ ਕੀਤੀਆਂ ਜਾਂਦੀਆਂ। ਇਸੇ ਲਈ ਨਵੇਂ ਸੂਬਿਆਂ ਦੀ ਨਿਯੁਕਤੀ ਕੀਤੀ ਗਈ ਸੀ, ਜਿਨ੍ਹਾਂ 'ਚੋਂ ਸਭ ਤੋਂ ਵੱਧ ਅਹਿਮ ਇਹ ਸਨ[1]:

1. ਸੂਬਾ ਹਰਨਾਮ ਸਿੰਘ, ਮੰਡੀ (ਪਟਿਆਲਾ)
2. ਸੂਬਾ ਸਮੁੰਦ ਸਿੰਘ, ਖੋਟੇ (ਫ਼ਿਰੋਜ਼ਪੁਰ ਜ਼ਿਲ੍ਹਾ)
3. ਸੂਬਾ ਫੂਲਾ ਸਿੰਘ, ਚੌਗਾਵਾਂ (ਅੰਮ੍ਰਿਤਸਰ ਜ਼ਿਲ੍ਹਾ)
4. ਸੂਬਾ ਕਾਹਨ ਸਿੰਘ, ਬਾਜਾ (ਫ਼ਰੀਦਕੋਟ)
5. ਸੂਬਾ ਗੁਰਦਿੱਤ ਸਿੰਘ ਉਰਫ਼ ਗੁਰਦਾਸ ਸਿੰਘ, ਨਾਈਵਾਲਾ (ਪਟਿਆਲਾ)
6. ਸੂਬਾ ਖ਼ਜ਼ਾਨ ਸਿੰਘ, ਲੁਧਿਆਣਾ
7. ਸੂਬਾ ਨੱਥਾ ਸਿੰਘ, ਗਾਦੜੀਵਾਲਾ (ਫ਼ਿਰੋਜ਼ਪੁਰ ਜ਼ਿਲ੍ਹਾ)
8. ਸੂਬਾ ਖ਼ੁਸ਼ਹਾਲ ਸਿੰਘ, ਥਰਾਜਵਾਲਾ (ਸਿਰਸਾ)
9. ਸੂਬਾ ਫ਼ਤਹਿ ਸਿੰਘ, ਵਲਟੋਹਾ।

ਇਸੇ ਤਰ੍ਹਾਂ, ਜਿੱਥੇ ਵੀ ਜ਼ਰੂਰੀ ਸੀ, ਸੂਬਿਆਂ ਦੇ ਕੰਮ 'ਚ ਮਦਦ ਲਈ ਨਾਇਬ ਸੂਬੇ ਨਿਯੁਕਤ ਕੀਤੇ ਗਏ ਸਨ।

ਇਸ 'ਚ ਕੋਈ ਸ਼ੱਕ ਨਹੀਂ ਕਿ ਉਪਰੋਕਤ ਵਰਣਿਤ ਕਦਮਾਂ ਨਾਲ 1872 'ਚ ਸਰਕਾਰ ਦੀ ਸਖ਼ਤ ਤੇ ਵਧੀਕੀਆਂ ਭਰਪੂਰ ਕਾਰਵਾਈ ਕਾਰਣ ਹੋਏ ਭਾਰੀ ਨੁਕਸਾਨ ਦੀ ਭਰਪਾਈ ਕਰਨ 'ਚ ਕਾਫ਼ੀ ਮਦਦ ਮਿਲੀ। ਇਨ੍ਹਾਂ ਕਦਮਾਂ ਨੇ ਕੂਕਿਆਂ ਦੇ ਹਿੱਲੇ ਮਨੋਬਲ ਨੂੰ ਹੌਲੀ-ਹੌਲੀ ਬਹਾਲ ਕੀਤਾ। ਪਰ ਸ਼ਾਇਦ ਇਸ ਇੱਕ ਗੱਲ ਨੇ ਬਾਕੀ ਸਾਰੀਆਂ ਗੱਲਾਂ ਨਾਲੋਂ ਵੱਧ ਮਦਦ ਕੀਤੀ, ਉਹ ਸੀ ਜਲਾਵਤਨ ਰਹਿਨੁਮਾ ਬਾਬਾ ਰਾਮ ਸਿੰਘ ਜੀ ਵੱਲੋਂ ਲਗਾਤਾਰ ਆਉਣ ਵਾਲੀਆਂ ਚਿੱਠੀਆਂ। ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਭੇਜਣ ਦਾ ਸਭ ਤੋਂ ਅਹਿਮ ਕਾਰਣ ਇਹੋ ਸੀ ਕਿ ਉਨ੍ਹਾਂ ਦਾ ਆਪਣੇ ਅਨੇਕ ਪੈਰੋਕਾਰਾਂ ਵਿਚਾਲੇ ਕੋਈ ਸੰਪਰਕ ਬਾਕੀ ਨਾ ਰਹੇ। ਇਸ ਵਿੱਚ ਸਰਕਾਰ ਗ਼ਲਤ ਸਾਬਤ ਹੋਈ ਕਿਉਂਕਿ ਗੁਰੂ ਜੀ ਤੇ ਉਨ੍ਹਾਂ ਦੇ ਚੇਲਿਆਂ ਵਿਚਾਲੇ ਗੱਲਬਾਤ ਦਾ ਚੈਨਲ ਬੰਦ ਨਾ ਹੋ ਸਕਿਆ: ਵਫ਼ਾਦਾਰ ਸ਼ਰਧਾਲੂਆਂ ਨੂੰ ਨਾ ਤਾਂ ਬਿਖੜੇ ਪੈਂਡੇ ਦੀਆਂ ਔਕੜਾਂ, ਨਾ ਅਕਾਊ ਤੇ ਥਕਾਊ ਸਫ਼ਰ ਤੇ ਨਾ ਹੀ ਰਾਹ 'ਚ ਪੇਸ਼ ਆਉਣ ਵਾਲੇ ਅਨੇਕ ਅੜਿੱਕੇ ਕੁਝ ਵੀ ਬਰਮਾ ਜਾਣ ਤੋਂ ਰੋਕ ਨਾ ਸਕਿਆ। ਬਾਬਾ ਰਾਮ ਸਿੰਘ ਜੀ ਦੀਆਂ

1. -ਉਹੀ- ਹੋਮ ਜੁਡੀਸ਼ੀਅਲ (ਬੀ), ਅਪ੍ਰੈਲ 1881, ਪ੍ਰੋਗਸ. 186-189 'ਚ ਵੀ ਕੂਕਿਆਂ ਦੀ ਸੂਚੀ ਵੇਖੋ।

ਚਿੱਠੀਆਂ[1] ਭਾਵੇਂ ਵੱਖੋ-ਵੱਖਰੇ ਵਿਅਕਤੀਆਂ ਨੂੰ ਸੰਬੋਧਤ ਹੁੰਦੀਆਂ ਸਨ ਪਰ ਉਹ ਆਮ ਤੌਰ 'ਤੇ ਸਮੁੱਚੇ ਭਾਈਚਾਰੇ 'ਚ ਭੇਜੀਆਂ ਜਾਣ ਵਾਲੀਆਂ ਹੁੰਦੀਆਂ ਸਨ। ਉਨ੍ਹਾਂ ਨੇ ਬਿਨਾ ਕਿਸੇ ਤਬਦੀਲੀ ਦੇ ਕੂਕਿਆਂ ਨੂੰ ਉੱਚ ਮਿਆਰੀ ਰੂਹਾਨੀ ਤੇ ਨੈਤਿਕ ਜੀਵਨ ਮੁੱਲਾਂ ਨਾਲ ਭਰਪੂਰ ਕੀਤਾ। ਈਸ਼ਵਰ ਪ੍ਰਤੀ ਸਮਰਪਣ, ਧਰਮ-ਗ੍ਰੰਥਾਂ 'ਚੋਂ ਅਹਿਮ ਸਲੋਕਾਂ ਨੂੰ ਕੰਠ ਕਰਨਾ, ਸਵੈ-ਅਨੁਸ਼ਾਸਨ, ਸ਼ੁੱਧਤਾ, ਪਵਿੱਤਰਤਾ, ਦਾਨ ਕਰਨ ਦੀ ਪਿਰਤ, ਪ੍ਰਾਹੁਣਚਾਰੀ, ਦਿਆਲਤਾ ਤੇ ਸਮਾਜਕ ਸੇਵਾ ਦੀ ਭਾਵਨਾ ਦੇ ਗੁਣਾਂ ਨੂੰ ਖ਼ਾਸ ਤੌਰ 'ਤੇ ਸਭ 'ਚ ਭਰਿਆ। ਨਿੱਕੀਆਂ ਬੱਚੀਆਂ ਨੂੰ ਜਾਨੋਂ ਮਾਰ ਦੇਣਾ, ਲਾੜੀਆਂ ਨੂੰ ਵੇਚਣਾ ਤੇ ਉਨ੍ਹਾਂ ਦਾ ਵਟਾਂਦਰਾ ਕਰਨ ਜਿਹੀਆਂ ਸਮਾਜਕ ਬੁਰਾਈਆਂ ਦਾ ਵੀ ਪਹਿਲਾਂ ਵਾਂਗ ਖ਼ਾਤਮਾ ਕਰਨਾ ਸੀ। ਇੱਕ ਹੋਰ ਨੁਕਤਾ, ਜਿਸ ਉੱਤੇ ਵਾਰ-ਵਾਰ ਜ਼ੋਰ ਦਿੱਤਾ ਜਾਂਦਾ ਹੈ, ਹਰ ਲੜਕੇ ਤੇ ਲੜਕੀ ਨੂੰ ਬਚਪਨ ਤੋਂ ਹੀ ਗੁਰਮੁਖੀ ਅੱਖਰ ਸਿੱਖਣੇ ਚਾਹੀਦੇ ਹਨ[2]। ਬਾਬਾ ਰਾਮ ਸਿੰਘ ਜੀ ਦੇ ਪੱਤਰਾਂ 'ਚ ਪਿਆਰ ਭਰੀ ਸੁਰ ਤੇ ਛੇਤੀ ਸਮਝ ਆਉਣ ਵਾਲੀ ਸ਼ੈਲੀ ਨੇ ਕੂਕਿਆਂ 'ਤੇ ਅਮਿੱਟ ਛਾਪ ਛੱਡੀ।

ਪਰ ਲੋਕਾਂ ਦੇ ਮਨੋਬਲ ਵਿੱਚ ਕਿੰਨਾ ਵੀ ਸੁਧਾਰ ਕਿਉਂ ਨਾ ਆਇਆ ਹੋਵੇ, ਸਰਕਾਰ ਦੀ ਬੇਹਦ ਸਖ਼ਤੀ ਨਾਲ ਕੀਤੀ ਕਾਰਵਾਈ ਤੋਂ ਬਾਅਦ ਕੂਕਿਆਂ ਲਈ ਸਰਕਾਰ ਦੀ ਅਥਾਹ ਤਾਕਤ ਨੂੰ ਖੁੱਲ੍ਹੇਆਮ ਚੁਣੌਤੀ ਦੇਣਾ ਅਸੰਭਵ ਸੀ। ਸਾਲ 1872 ਦੀ ਨੈਤਿਕ ਸਿੱਖਿਆ ਇੰਨੀ ਸਪੱਸ਼ਟ ਸੀ ਕਿ ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਕੂਕਿਆਂ ਨੂੰ ਵੀ ਕਦੇ ਡਰਾ ਕੇ ਸਰਕਾਰ ਅੱਗੇ ਚੁੱਪ-ਚੁਪੀਤੇ ਝੁਕਾਇਆ ਨਹੀਂ ਜਾ ਸਕਿਆ। ਉਨ੍ਹਾਂ ਦੀ ਮਾਨਸਿਕਤਾ ਕਿਉਂਕਿ ਇੱਕ ਖ਼ਾਸ ਤਰੀਕੇ ਅਨੁਸਾਰ ਢਲ਼ ਚੁੱਕੀ ਸੀ, ਉਹ ਕਦੇ ਵੀ ਬ੍ਰਿਟਿਸ਼ ਹਾਕਮਾਂ ਪ੍ਰਤੀ ਵਫ਼ਾਦਾਰੀ ਵਾਲੀ ਭੂਮਿਕਾ ਨਿਭਾਉਣ ਲਈ ਸਮਝੌਤਾ ਨਹੀਂ ਕਰ ਸਕੇ।

ਨਿਰੀਖਣ ਅਧੀਨ ਸੰਦਰਭ ਨਾਲ ਸੰਬੰਧਿਤ ਹੋਰ ਪੱਖ ਸੀ ਸਾਲ 1872 ਤੋਂ ਬਾਅਦ ਦੇ ਸਮੇਂ ਦੌਰਾਨ ਇੰਗਲੈਂਡ ਤੇ ਰੂਸ ਵਿਚਾਲੇ ਸਬੰਧ। ਰੂਸ ਦੇਸ਼ ਪਿਛਲੇ ਲੰਮੇ ਸਮੇਂ ਤੋਂ ਕੇਂਦਰੀ ਏਸ਼ੀਆ ਵਿੱਚ ਆਪਣਾ ਪਾਸਾਰਾ ਕਰਦਾ ਆ ਰਿਹਾ ਸੀ। ਇਸ ਪਾਸਾਰ ਨਾਲ ਦੋ ਦੇਸ਼ਾਂ ਦੇ ਏਸ਼ੀਆਈ ਸਾਮਰਾਜਾਂ ਗ੍ਰੇਟ ਬ੍ਰਿਟੇਨ ਤੇ ਰੂਸ ਵਿਚਾਲੇ ਦੂਰੀ ਘਟਣ ਦਾ ਰੁਝਾਨ ਬਣਿਆ ਹੋਇਆ ਸੀ, ਬ੍ਰਿਟਿਸ਼ ਇਸ ਗੱਲ ਤੋਂ ਡਾਢਾ ਖ਼ਫ਼ਾ ਸੀ। ਇਹ ਰੋਸ ਇੱਕ ਡਰ ਵਿੱਚ ਤਬਦੀਲ ਹੋ ਗਿਆ, ਜਦੋਂ ਰੂਸ ਨੇ 1865 ਤੇ 1868 'ਚ ਕ੍ਰਮਵਾਰ ਤਾਸ਼ਕੰਦ ਤੇ ਸਮਰਕੰਦ 'ਤੇ ਕਬਜ਼ਾ ਕਰ ਲਿਆ ਸੀ। ਸਾਲ 1867 'ਚ ਜਨਰਲ ਕੌਫ਼ਮੈਨ ਨੂੰ ਤੁਰਕਿਸਤਾਨ ਦਾ ਗਵਰਨਰ ਜਨਰਲ ਨਿਯੁਕਤ ਕੀਤਾ ਗਿਆ

---

1. ਬਾਬਾ ਰਾਮ ਸਿੰਘ ਜੀ ਦੇ ਨਾਂਅ ਹੇਠ ਅਨੇਕ ਪੱਤਰ ਵੇਖੇ ਜਾਂਦੇ ਹਨ। ਇਹ ਸਾਰੇ ਅਸਲੀ ਨਹੀਂ ਹਨ। ਇਸ ਲਈ ਇਹ ਅਹਿਮ ਹੈ ਕਿ ਅਸਲੀ ਪੱਤਰਾਂ ਨੂੰ ਨਕਲੀਆਂ ਤੋਂ ਵੱਖ ਕੀਤਾ ਜਾਵੇ। ਇੰਝ ਜਾਪਦਾ ਹੈ ਕਿ ਕੁਝ ਸ਼ਰਾਰਤੀ ਦਿਮਾਗ਼ਾਂ ਨੇ ਆਪਣੇ ਸੌੜੇ ਸੁਆਰਥੀ ਹਿਤਾਂ ਦੀ ਪੂਰਤੀ ਲਈ ਅਸਲ ਪੱਤਰਾਂ ਨਾਲ ਛੇੜਖਾਨੀ ਕੀਤੀ ਹੈ।
2. ਪੱਤਰ ਨੰ. 58, ਡਾ. ਗੰਡਾ ਸਿੰਘ, ਉਪਰੋਕਤ ਵਰਣਿਤ, ਪੰਨਾ 318; ਹੋਮ ਜੁਡੀਸ਼ੀਅਲ (ਬੀ), ਅਕਤੂਬਰ 1881, ਪ੍ਰੋਗਸ. 188-195.

ਸੀ। ਕੇਂਦਰੀ ਏਸ਼ੀਆ 'ਚ ਇੱਕ ਜਰਨੈਲ ਦੀ ਇੰਨੇ ਉੱਚੇ ਅਹੁਦੇ 'ਤੇ ਨਿਯੁਕਤੀ ਤੋਂ ਬ੍ਰਿਟਿਸ਼ ਨੂੰ ਇਹੋ ਜਾਪਿਆ ਕਿ ਰੂਸ ਇਸ ਤੋਂ ਹੋਰ ਵੀ ਅਗਾਂਹ ਵਧਦਾ ਜਾਵੇਗਾ। ਇਹ ਗੱਲ ਠੀਕ ਹੀ ਸਿੱਧ ਹੋਈ ਕਿਉਂਕਿ ਖੀਵਾ ਰਾਜ 'ਤੇ ਉਨ੍ਹਾਂ 1873 'ਚ ਕਬਜ਼ਾ ਕਰ ਲਿਆ ਸੀ। ਖੀਵਾ ਦੀ ਜਿੱਤ ਨਾਲ ਆਮੂ ਦਰਿਆ (ਓਕਸਸ) ਦੇ ਉਤਰੀ ਕੰਢਿਆਂ ਤੱਕ ਦੇ ਪਾਸਾਰ ਦੀ ਪ੍ਰਕਿਰਿਆ ਮੁਕੰਮਲ ਹੋ ਗਈ ਸੀ ਅਤੇ ਰੂਸੀ ਸਾਮਰਾਜ ਇੱਕ ਲੰਮੀ ਪੱਟੀ 'ਤੇ ਅਫ਼ਗ਼ਾਨਿਸਤਾਨ ਦੇ ਰਾਜ ਨਾਲ ਛੋਹਣ ਲੱਗ ਪਿਆ ਸੀ। ਖੀਵਾ ਦੀ ਅਜ਼ਾਦੀ ਬਰਬਾਦ ਹੋ ਕੇ ਰਹਿ ਗਈ ਸੀ ਤੇ ਖ਼ਾਨ ਦੀ ਰਾਜਧਾਨੀ ਦੇ ਦੋ ਮਾਰਚਾਂ ਦੀ ਦੂਰੀ 'ਤੇ ਓਕਸਸ ਦੇ ਕਿਲ੍ਹੇ ਵਿੱਚ ਭਾਰੀ ਗਿਣਤੀ 'ਚ ਰੂਸੀ ਫ਼ੌਜ ਨੇ ਆਪਣੇ ਡੇਰੇ ਜਮਾ ਲਏ ਸਨ। ਇਸ ਦੇ ਛੇਤੀ ਪਿੱਛੋਂ ਬੁਖਾਰਾ ਨਾਲ ਸੰਧੀ ਵਿੱਚ ਸੋਧ ਕੀਤੀ ਗਈ ਤੇ ਫਿਰ ਕੋਈ ਬਹੁਤਾ ਸਮਾਂ ਨਹੀਂ ਬੀਤਿਆ ਸੀ ਜਦੋਂ ਖੋਖੰਦ ਨੂੰ ਰੂਸੀ ਸਾਮਰਾਜ 'ਚ ਸ਼ਾਮਲ ਕਰ ਲਿਆ ਗਿਆ। ਸਾਲ 1875 ਤੱਕ ਦੇ ਵਿਕਾਸ ਕ੍ਰਮਾਂ ਨੇ ਰੂਸੀ ਜ਼ਾਰ ਨੂੰ ਕੇਂਦਰੀ ਖੇਤਰਾਂ ਦਾ ਮਾਲਕ ਬਣਾ ਦਿੱਤਾ ਸੀ। ਇਸ ਸਭ ਕਰਕੇ ਰੂਸ ਤੇ ਗ੍ਰੇਟ ਬ੍ਰਿਟੇਨ ਵਿਚਾਲੇ ਤਣਾਅ ਵਧ ਗਿਆ।

ਹਾਲਤ ਨੂੰ ਹੋਰ ਵਿਗੜਨ ਤੋਂ ਬਚਾਉਣ ਲਈ, ਗ੍ਰੇਟ ਬ੍ਰਿਟੇਨ ਨੇ ਅਫ਼ਗ਼ਾਨਿਸਤਾਨ ਦੇ ਅਮੀਰ 'ਤੇ ਹਰ ਸੰਭਵ ਹੱਦ ਤੱਕ ਵੱਧ ਤੋਂ ਵੱਧ ਦਬਾਅ ਬਣਾ ਕੇ ਉਸ ਨੂੰ ਕਿਹਾ ਸੀ ਕਿ ਉਹ ਕੁਝ ਕੂਟਨੀਤਕ ਤੇ ਫ਼ੌਜੀ ਛੋਟਾਂ ਹਾਸਲ ਕਰ ਲਵੇ, ਜਿਸ ਨਾਲ ਉਹ ਰੂਸੀ ਚੁਣੌਤੀ ਦਾ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰ ਸਕੇਗਾ। ਅਮੀਰ ਨਹੀਂ ਚਾਹੁੰਦਾ ਸੀ ਕਿ ਉਹ ਬ੍ਰਿਟਿਸ਼ ਦੀ ਬੇਨਤੀ ਨੂੰ ਪ੍ਰਵਾਨ ਕਰੇ ਅਤੇ ਉਸ ਹਾਲਤ 'ਚ 1878 ਦੌਰਾਨ ਉਸ ਦੇ ਦੇਸ਼ 'ਤੇ ਹਮਲਾ ਕਰ ਦਿੱਤਾ ਗਿਆ। ਅਫ਼ਗ਼ਾਨਿਸਤਾਨ ਦੀ ਜਿੱਤ ਨਾਲ ਮੁਸੀਬਤ ਖੜ੍ਹੀ ਹੋ ਗਈ। ਹਾਕਮ ਅਮੀਰ ਸ਼ੇਰ ਅਲੀ ਤਾਂ ਨੱਸ ਗਿਆ ਤੇ ਤੁਰਕਿਸਤਾਨ 'ਚ ਰੂਸੀਆਂ ਕੋਲ ਹੀ ਪਨਾਹ ਲੈ ਲਈ, ਜਿੱਥੇ ਛੇਤੀ ਹੀ ਉਸ ਦੀ ਮੌਤ ਵੀ ਹੋ ਗਈ। ਨਵਾਂ ਅਮੀਰ ਯਾਕੂਬ ਖਾਨ ਬ੍ਰਿਟਿਸ਼ ਸਰਕਾਰ ਵੱਲੋਂ ਨਾਮਜ਼ਦ ਕੀਤਾ ਗਿਆ ਸੀ ਤੇ ਉਸ ਨਾਲ 1879 'ਚ ਗੰਡਾਮਕ ਦੀ ਸੰਧੀ ਕੀਤੀ ਗਈ ਅਤੇ ਇੰਝ ਲਾਰਡ ਲਿਟਨ ਦੀ ਅਫ਼ਗ਼ਾਨ ਨੀਤੀ ਸਿਖ਼ਰਲਾ ਬਿੰਦੂ ਮਾਰਕ ਕੀਤਾ ਗਿਆ। ਪਰ ਇਹ ਖ਼ੁਸ਼ਗਵਾਰ ਮਾਹੌਲ ਕੋਈ ਬਹੁਤਾ ਚਿਰ ਨਹੀਂ ਰਿਹਾ ਕਿਉਂਕਿ ਵਿਦੇਸ਼ੀ ਹਮਲੇ ਤੋਂ ਬਾਅਦ ਅਫ਼ਗ਼ਾਨ ਰਾਸ਼ਟਰਵਾਦ ਭੜਕ ਪਿਆ, ਫਿਰ ਖੇਡ ਸ਼ੁਰੂ ਹੋ ਗਈ। ਬ੍ਰਿਟਿਸ਼ ਰੈਜ਼ੀਡੈਂਟ ਤੇ ਉਸ ਦੇ ਗਾਰਡ ਸਮੇਤ ਸਾਰੇ ਹੀ ਕਤਲ ਕਰ ਦਿੱਤੇ ਗਏ। ਸਮੁੱਚੇ ਦੇਸ਼ 'ਚ ਗੜਬੜੀ ਫੈਲ ਗਈ। ਲਾਰਡ ਲਿਟਨ ਨੂੰ ਅਜਿਹੇ ਹਾਲਾਤ 'ਤੇ ਕਾਬੂ ਪਾਉਣ 'ਚ ਕਾਫ਼ੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਿਆ ਪਰ ਉਸ ਦਾ ਵੀ ਕੋਈ ਫ਼ਾਇਦਾ ਨਾ ਹੋਇਆ। ਅਫ਼ਗ਼ਾਨਿਸਤਾਨ ਦੇ ਹਾਕਮ ਪਰਿਵਾਰ ਦਾ ਇੱਕ ਦੂਰ ਦਾ ਰਿਸ਼ਤੇਦਾਰ ਅਬਦੁਰ ਰਹਿਮਾਨ, ਜੋ ਰੂਸੀ ਖੇਤਰ 'ਚ ਆਪਣਾ ਸਮਾਂ ਬਿਤਾ ਰਿਹਾ ਸੀ, ਨੇ ਅਜਿਹੇ ਗੜਬੜ ਗ੍ਰਸਤ ਹਾਲਾਤ ਦਾ ਲਾਹਾ ਲਿਆ ਤੇ ਉਹ ਨਵਾਂ ਹਾਕਮ ਬਣ ਗਿਆ। ਉਹ ਪੂਰੀ ਤਰ੍ਹਾਂ ਸਫ਼ਲ ਰਿਹਾ ਤੇ ਬ੍ਰਿਟਿਸ਼ ਸਰਕਾਰ ਵੀ (1880 'ਚ ਕਨਜ਼ਰਵੇਟਿਵ

ਸਰਕਾਰ ਡਿੱਗਣ ਤੋਂ ਬਾਅਦ) ਉਸ ਦੀਆਂ ਸ਼ਰਤਾਂ ਮੰਨਣ ਲਈ ਮਜਬੂਰ ਹੋ ਗਈ।

ਪਰ ਅਫ਼ਗ਼ਾਨ ਦੀ ਇਸ ਹੰਗਾਮਾ-ਭਰਪੂਰ ਹਾਲਾਤ ਦੇ ਅੰਤ 'ਚ ਰੂਸ ਤੇ ਇੰਗਲੈਂਡ ਵਿਚਾਲੇ ਸਬੰਧਾਂ ਵਿੱਚ ਕੋਈ ਸੁਧਾਰ ਦਰਜ ਨਾ ਹੋਇਆ। ਉਨ੍ਹਾਂ ਦੇ ਸੰਬੰਧ ਪਹਿਲਾਂ ਵਾਂਗ ਹੀ ਤਣਾਅਪੂਰਨ ਬਣੇ ਰਹੇ। ਉਨ੍ਹਾਂ ਵਿਚਾਲੇ ਅਫ਼ਗ਼ਾਨਿਸਤਾਨ ਤੇ ਰੂਸ ਵਿਚਾਲੇ ਸਰਹੱਦ ਨੂੰ ਲੈ ਕੇ ਵਿਵਾਦ ਸਨ। ਰੂਸ ਦਾ ਮਰਵ 'ਤੇ ਕਬਜ਼ਾ ਹੋ ਗਿਆ, ਤਦ ਜ਼ੁਲਫ਼ਿਕਾਰ ਦੱਰਾ ਤੇ ਫਿਰ ਪੰਜਦੇਹ ਪਿੰਡ 'ਤੇ ਕਬਜ਼ਾ ਨੇ ਅੰਗਰੇਜ਼ਾਂ ਦੇ ਮਨਾਂ 'ਚ ਦਹਿਸ਼ਤ ਭਰ ਦਿੱਤੀ। ਖ਼ਾਸ ਕਰਕੇ ਪੰਜਦੇਹ ਦੀ ਘਟਨਾ ਨੇ, ਜਿਸ ਵਿੱਚ ਅਫ਼ਗ਼ਾਨ ਫ਼ੌਜੀਆਂ ਉਤੇ ਰੂਸੀ ਫ਼ੌਜ ਨੇ ਹਮਲਾ ਕਰ ਦਿੱਤਾ ਸੀ ਤੇ 1885 'ਚ ਇਸ ਮਾਮਲੇ ਨੂੰ ਲੈ ਕੇ ਲਗਭਗ ਜੰਗ ਛਿੜ ਗਈ ਸੀ। ਇਹ ਚਿਰੋਕਣਾ ਸਰਹੱਦੀ ਵਿਵਾਦ 1887 ਤੱਕ ਨਿੱਬੜ ਨਹੀਂ ਸਕਿਆ ਸੀ। ਉਸ ਤੋਂ ਬਾਅਦ ਵੀ ਇੰਗਲੈਂਡ ਤੇ ਰੂਸ ਦੇ ਆਪਸੀ ਸ਼ੱਕ ਵਾਲੀ ਸਥਿਤੀ ਜਾਰੀ ਰਹੀ ਤੇ ਇਹ ਸਭ 1907 ਦੇ ਇੰਗਲੈਂਡ ਤੇ ਰੂਸ ਸਮਝੌਤੇ ਤੱਕ ਜਾਰੀ ਰਿਹਾ।

ਅਸੀਂ ਪਹਿਲਾਂ ਉਸ ਸੰਦਰਭ ਦਾ ਇੱਕ ਸੰਖੇਪ ਜਿਹਾ ਵਿਚਾਰ ਜਾਣਿਆ ਹੈ, ਜਿਸ ਵਿੱਚ ਕੂਕਾ ਆਗੂਆਂ ਨੇ 1872 ਤੋਂ ਬਾਅਦ ਕੰਮ ਕੀਤਾ ਸੀ। ਉਨ੍ਹਾਂ ਨੇ ਆਪਣੀ ਬ੍ਰਿਟਿਸ਼-ਵਿਰੋਧੀ ਲਹਿਰ 'ਚ ਹੋਰ ਜੋਸ਼ ਭਰਨ ਲਈ ਦੋ ਪ੍ਰਮੁੱਖ ਸਿਆਸੀ ਵਿਚਾਰਾਂ ਬਾਰੇ ਸੋਚਿਆ। ਇੱਕ ਸੀ ਕਿ ਸਰਕਾਰ ਨੂੰ ਕੁਝ ਨਾ ਆਖਿਆ ਜਾਵੇ। ਉਸ ਦੀਆਂ ਸਾਰੀਆਂ ਪੇਸ਼ਕਸ਼ਾਂ ਜਾਂ ਲਾਲਚ ਪੂਰੀ ਤਰ੍ਹਾਂ ਰੱਦ ਕਰ ਦਿੱਤੇ ਗਏ ਸਨ। ਇਹ ਮਹਿਸੂਸ ਕਰਦਿਆਂ ਕਿ ਸਰਕਾਰ ਕੂਕਿਆਂ ਨੂੰ ਖ਼ਰੀਦਣ ਦੀ ਕੋਸ਼ਿਸ਼ ਕਰ ਸਕਦੀ ਹੈ ਤੇ ਇੰਝ ਉਨ੍ਹਾਂ ਦੀ ਤਾਕਤ ਘਟ ਸਕਦੀ ਹੈ, ਬਾਬਾ ਰਾਮ ਸਿੰਘ ਜੀ ਨੇ ਬਰਮਾ ਦੀ ਜੇਲ੍ਹ ਤੋਂ ਵਾਰ-ਵਾਰ ਇਹੋ ਸੁਨੇਹੇ ਭੇਜੇ ਕਿ ਸਰਕਾਰ ਅਧੀਨ ਸੇਵਾ ਵਾਲੇ ਕਿਸੇ ਵਿਅਕਤੀ ਨੂੰ ਪ੍ਰਵਾਨ ਨਾ ਕੀਤਾ ਜਾਵੇ। ਉਦਾਹਰਣ ਵਜੋਂ, ਆਪਣੀ ਇੱਕ ਚਿੱਠੀ 'ਚ ਉਨ੍ਹਾਂ ਲਿਖਿਆ[1]। "ਕੋਈ ਵੀ ਸ਼ਰਧਾਲੂ ਸਰਕਾਰੀ ਸੇਵਾ 'ਚ ਦਾਖ਼ਲ ਨਾ ਹੋਵੇ। ਜੋ ਵੀ ਅਜਿਹਾ ਕਰੇਗਾ, ਉਸ ਨੂੰ ਬਹੁਤ ਦੁੱਖ ਤੇ ਦਰਦ ਝੱਲਣਾ ਪਵੇਗਾ। ਯਕੀਨ ਕਰੋ ਇਹ ਸੱਚ ਹੋਵੇਗਾ। ਮੈਂ ਝੂਠ ਨਹੀਂ ਲਿਖਿਆ। ਹੁਣ ਸਮਾਂ ਬਦਲ ਗਿਆ ਹੈ। ਹੁਣ ਬ੍ਰਿਟਿਸ਼ ਹਕੂਮਤ ਦੀ ਤਬਾਹੀ ਦਾ ਸਮਾਂ ਹੈ। ਗੁਰੂ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਅੰਤ ਹੁਣ ਨੇੜੇ ਹੀ ਹੈ।" ਉਨ੍ਹਾਂ ਦੀ ਇੱਕ ਹੋਰ ਚਿੱਠੀ 'ਚ ਚੇਤਾਵਨੀ ਦਿੱਤੀ ਗਈ ਸੀ[2]: "ਹੇ ਭਰਾਵੋ! ਤੁਹਾਡੇ 'ਚੋਂ ਕੋਈ ਵੀ ਉਨ੍ਹਾਂ ਦੀ ਸੇਵਾ 'ਚ ਨਾ ਰਹੇ; ਜੇ ਕੋਈ ਕਰਦਾ ਹੈ, ਤਾਂ ਉਸ ਨੂੰ ਬਹੁਤ ਮੁਸੀਬਤਾਂ ਝੱਲਣੀਆਂ ਪੈਣਗੀਆਂ"।

ਦੂਜਾ ਵਿਚਾਰ ਸੀ ਦੇਸ਼ ਦੇ ਵਿਦੇਸ਼ੀ ਹਾਕਮਾਂ ਵਿਰੁੱਧ ਲੜਨ ਲਈ ਰੂਸੀ ਮਦਦ ਲਈ ਜਾਵੇ। ਉਹ ਆਪਣੇ ਸਿਆਸੀ ਉਦੇਸ਼ ਦੀ ਪੂਰਤੀ ਲਈ ਵਿਦੇਸ਼ੀ ਮਦਦ ਲੈਣ

---

1. ਪੱਤਰ ਨੰ. 31 – ਡਾ. ਗੰਡਾ ਸਿੰਘ, ਉਪਰੋਕਤ ਵਰਣਿਤ 'ਚ ਉਧ੍ਰਿਤ. ਪੰਨਾ 381; ਹੋਮ ਜੁਡੀਸ਼ੀਅਲ (ਬੀ), ਅਕਤੂਬਰ 1881, ਪ੍ਰੋਗਸ. 188-195.
2. ਹੋਮ ਜੁਡੀਸ਼ੀਅਲ, ਅਕਤੂਬਰ 1881, ਪ੍ਰੋਗਸ. 188-195



ਸੂਬਾ ਗੁਰਚਰਨ ਸਿੰਘ

’ਚ ਕੋਈ ਗ਼ਲਤ ਗੱਲ ਨਹੀਂ ਸਮਝਦੇ ਸਨ। ਕਿਸੇ ਬਾਹਰੀ ਤਾਕਤ ਤੋਂ ਫ਼ੌਜੀ ਮਦਦ ਸੱਦਣ ’ਚ ਖ਼ਤਰਾ ਸੀ ਕਿਉਂਕਿ ਰੂਸ ਤਾਂ ਭਾਰਤ ਦੇ ਹਾਕਮਾਂ ਦਾ ਕੱਟੜ ਦੁਸ਼ਮਣ ਸੀ। ਉਸ ਵੇਲੇ ਗ੍ਰੇਟ ਬ੍ਰਿਟੇਨ ਤੇ ਰੂਸ ਵਿਚਾਲੇ ਤਣਾਅਪੂਰਨ ਸਬੰਧਾਂ ਕਾਰਨ ਉਹ ਇਹ ਮੰਨਣ ਲਈ ਉਤਸ਼ਾਹਿਤ ਹੋਏ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਪੈ ਸਕਦਾ ਹੈ।

ਸੰਪਰਕ ਕਾਇਮ ਕਰਨ ਤੇ ਰੂਸੀਆਂ ਨਾਲ ਗੱਲਬਾਤ ਕਰਨ ’ਚ ਪ੍ਰਮੁੱਖ ਭੂਮਿਕਾਵਾਂ ਸੂਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਨਿਭਾ ਰਹੇ ਸਨ। ਉਨ੍ਹਾਂ ਦੀ ਇਸ ਗੁਪਤ ਮੁਹਿੰਮ ਨੇ ਇਸ ਵਧੀਆ ਕਾਰਜ ਲਈ ਕੰਮ ਕਰ ਰਹੇ ਵਿਅਕਤੀਆਂ ’ਚ ਜੋਸ਼ ਤੇ ਸਮਰਪਣ ਦੀ ਭਾਵਨਾ ਨੂੰ ਉਜਾਗਰ ਕੀਤਾ। ਉਨ੍ਹਾਂ ਨੂੰ ਜਾਸੂਸ ਕਹਿਣਾ ਗ਼ਲਤ ਸੀ ਕਿਉਂਕਿ ਉਹ ਕਿਸੇ ਸਰਕਾਰ ਵਾਸਤੇ ਕੋਈ ਧਨ ਹਾਸਲ ਕਰਨ ਲਈ ਤਾਂ ਕੰਮ ਨਹੀਂ ਕਰ ਰਹੇ ਸਨ, ਜਿਵੇਂ ਕਿ ਗੁਲਾਬ ਖ਼ਾਨ ਤੇ ਸ਼ੰਕਰ ਰਾਏ ਦੀਆਂ ਉਦਾਹਰਣਾਂ ਹਨ। ਉਹ ਉੱਚ ਪੱਧਰੀ ਕੂਕਾ ਆਗੂਆਂ ਬਾਬਾ ਬੁੱਧ ਸਿੰਘ ਤੇ ਬਾਬਾ ਰਾਮ ਸਿੰਘ ਜੀ ਦੀਆਂ ਹਦਾਇਤ ਅਧੀਨ ਸਿਰਫ਼ ਦੇਸ਼-ਭਗਤੀ ਲਈ ਹੀ ਕੰਮ ਕਰ ਰਹੇ ਸਨ।

ਦੋਵੇਂ ਸੂਬਿਆਂ ਦੀ ਗੱਲ ਕਰੀਏ, ਤਾਂ ਸੂਬਾ ਗੁਰਚਰਨ ਸਿੰਘ ਪਿੰਡ ਚੱਕ ਪਿਰਾਣਾ (ਸਿਆਲਕੋਟ ਜ਼ਿਲ੍ਹਾ) ਦੇ ਵਿਰਕ ਜੱਟ ਸਨ, ਜੋ ਪਹਿਲਾਂ ਖ਼ਾਲਸਾ ਆਰਮੀ ’ਚ ਘੁੜਸਵਾਰ ਫ਼ੌਜੀ ਜਵਾਨ ਵਜੋਂ ਸੇਵਾਵਾਂ ਦੇ ਚੁੱਕੇ ਸਨ ਅਤੇ ਉਨ੍ਹਾਂ ਨੂੰ 1849 ’ਚ ਪੰਜਾਬ ਦੇ ਰਲ਼ੇਵੇਂ ਸਮੇਂ ਖ਼ਾਲਸਾ ਰਾਜ ਵਿੱਚ ਬਿਨਾਂ ਰੁਕੇ 16 ਸਾਲ ਲਗਾਤਾਰ ਸੇਵਾ ਨਿਭਾਉਣ ਦਾ ਮਾਣ ਹਾਸਲ ਸੀ। ਸੂਬਾ ਜੋਤਾ ਸਿੰਘ ਨੇ ਉਨ੍ਹਾਂ ਨੂੰ ਲਗਭਗ ਸਾਲ 1870 ’ਚ ਕੂਕਾਵਾਦ ’ਚ ਸ਼ਾਮਲ ਕਰ ਲਿਆ ਸੀ ਅਤੇ ਛੇਤੀ ਹੀ ਬਾਬਾ ਰਾਮ ਸਿੰਘ ਜੀ ਨੇ ਉਨ੍ਹਾਂ ਨੂੰ ਇੱਕ ਸੂਬਾ ਨਿਯੁਕਤ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਮਿਸ਼ਨਰੀ ਕਾਰਜਾਂ ’ਚ ਡਾਢੀ ਦਿਲਚਸਪੀ ਸੀ। ਬਾਬਾ ਰਾਮ ਸਿੰਘ ਜੀ ਨੂੰ ਪੰਜਾਬ ਤੋਂ ਬਾਹਰ ਭੇਜੇ ਜਾਣ ਤੋਂ ਬਾਅਦ “ਉਸ ਨੇ ਦੂਰ-ਦੁਰਾਡੇ ਘੁੰਮ-ਘੁੰਮ ਕੇ ਕੂਕਿਆਂ ਦੀਆਂ ਮੀਟਿੰਗਾਂ ਕੀਤੀਆਂ ਤੇ ਨਵੇਂ ਕੂਕੇ ਬਣਾਏ[1]।” ਰੂਸ ਵੱਲੋਂ ਕੇਂਦਰੀ ਏਸ਼ੀਆ ’ਚ ਖ਼ੁਦ ਨੂੰ ਸਥਾਪਤ ਕਰ ਲਏ ਜਾਣ ਤੋਂ ਬਾਅਦ, ਗੁਰਚਰਨ ਸਿੰਘ ਨੂੰ ਉਨ੍ਹਾਂ ਨਾਲ ਸੰਪਰਕ ਕਰਨ ਦੀ ਹਦਾਇਤ ਜਾਰੀ ਹੋਈ ਸੀ ਕਿ ਤਾਂ ਜੋ ਭਾਰਤ ’ਚ ਬ੍ਰਿਟਿਸ਼ ਸਰਕਾਰ ਵਿਰੁੱਧ ਮਦਦ ਦੇ ਸੁਆਲ ’ਤੇ ਉਨ੍ਹਾਂ ਨਾਲ ਗੱਲਬਾਤ ਹੋ ਸਕੇ। ਉਹ ਇਸ ਕੰਮ ਲਈ ਪੂਰੀ ਤਰ੍ਹਾਂ ਫ਼ਿੱਟ ਸਨ: ਉਹ ਪਸ਼ਤੋ ਤੇ ਫ਼ਾਰਸੀ ਜਾਣਦੇ ਸਨ: ਉਹ ਅਫ਼ਗ਼ਾਨਿਸਤਾਨ ਦੇ ਚੱਪੇ-ਚੱਪੇ ਤੋਂ ਵੀ ਵਾਕਿਫ਼ ਸਨ ਅਤੇ ਸ਼ਾਇਦ ਉਸ ਤੋਂ ਅਗਾਂਹ ਦੇ ਖੇਤਰਾਂ ਦੇ ਵੀ ਉਹ ਭੇਤੀ ਸਨ ਕਿਉਂਕਿ ਪਹਿਲਾਂ ਕਈ ਵਾਰ ਕਾਬੁਲ ਜਾ ਚੁੱਕੇ ਸਨ ਤੇ ਉੱਥੇ ਉਨ੍ਹਾਂ ਦੇ ਭਾਈ ਪਰਾਣਾ[2] ਦੇ ਵੰਸ਼ਜ

---

1. ਵਿਦੇਸ਼ ਵਿਭਾਗ (ਸੀਕ੍ਰੇਟ), ਜਨਵਰੀ 1882, ਕੌਂਸ. 558-599
2. ਭਾਈ ਪਰਾਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਿਸ਼ ਸਨ। ਉਨ੍ਹਾਂ ਕੰਧਾਰ, ਗ਼ਜ਼ਨੀ, ਕਾਬੁਲ ਤੇ ਬੁਖਾਰਾ ਸਮੇਤ ਸਮੁੱਚੇ ਅਫ਼ਗ਼ਾਨਿਸਤਾਨ ਦੀਆਂ ਯਾਤਰਾਵਾਂ ਕੀਤੀਆਂ ਸਨ ਅਤੇ ਉਨ੍ਹਾਂ ਨੇ ਅਰੋੜਿਆਂ ਤੇ ਸੁਨਿਆਰਿਆਂ ’ਚੋਂ ਨਵੇਂ ਸ਼ਰਧਾਲੂਆਂ ਨੂੰ ਕੂਕਾ ਸੰਪਰਦਾਇ ਨਾਲ ਜੋੜਨ ’ਚ ਵਰਨਣਯੋਗ ਸਫ਼ਲਤਾ ਹਾਸਲ ਕੀਤੀ ਸੀ। ਕਾਬੁਲ ’ਚ ਉਨ੍ਹਾਂ ਇੱਕ ਧਰਮਸ਼ਾਲਾ (ਆਰਾਮ ਘਰ) ਬਣਵਾਈ ਸੀ, ਜੋ ਹਾਲੇ ਵੀ ਉਨ੍ਹਾਂ ਦੇ ਨਾਂਅ ਨਾਲ ‘ਪਿਰਾਣਾ ਸਾਹਿਬ ਕੀ ਧਰਮਸ਼ਾਲਾ’ ਅਖਵਾਉਂਦੀ ਹੈ।

ਵਜੋਂ ਕਈ ਚੇਲੇ ਸਨ ਅਤੇ ਆਪਣੇ ਬਜ਼ੁਰਗੀ ਦੇ ਆਲਮ ਦੇ ਬਾਵਜੂਦ ਉਹ ਪੂਰੀ ਤਰ੍ਹਾਂ ਤੰਦਰੁਸਤ[1] ਸਨ ਤੇ ਲੰਮੇਰੀਆਂ ਅਤੇ ਔਖੀਆਂ ਯਾਤਰਾਵਾਂ ਕਰਨ ਦੇ ਸਮਰੱਥ ਸਨ ਅਤੇ ਉਨ੍ਹਾਂ ਦਾ ਦਿਮਾਗ਼ ਬਹੁਤ ਤੇਜ਼ ਚੱਲਦਾ ਸੀ।

ਸਾਨੂੰ ਇਹ ਜਾਣਕਾਰੀ ਨਹੀਂ ਹੈ ਕਿ ਉਹ ਪਹਿਲਾਂ ਕਿੰਨੀ ਵਾਰ ਰੂਸੀਆਂ ਨੂੰ ਮਿਲੇ ਸਨ ਤੇ ਕਿੰਨੇ ਕੁ ਸਫ਼ਲ ਰਹੇ ਸਨ, ਭਾਵੇਂ ਇਸ ਵਾਰ ਥੋੜ੍ਹਾ ਸ਼ੱਕ ਹੈ ਕਿ ਉਹ ਪਹਿਲਾਂ ਕਦੇ ਗਏ ਵੀ ਸਨ ਕਿ ਨਹੀਂ। ਕੇਂਦਰੀ ਏਸ਼ੀਆ 'ਚ ਸਾਲ 1879 ਦੌਰਾਨ ਉਨ੍ਹਾਂ ਦੇ ਜਾਣ ਬਾਰੇ ਪੁਖ਼ਤਾ ਜਾਣਕਾਰੀ ਮਿਲਦੀ ਹੈ। ਕਾਬੁਲ ਸਥਿਤ ਬ੍ਰਿਟਿਸ਼ ਰੈਜ਼ੀਡੈਂਟ ਲੂਇਸ ਕਵਨਰੀ ਨੂੰ ਇੰਗਲੈਂਡ ਦੇ ਇੱਕ ਜਾਸੂਸ ਗੁਲਾਬ ਖ਼ਾਨ ਨੇ ਇੱਕ ਪੱਤਰ[2] ਲਿਖਿਆ ਸੀ, ਜਿਸ ਵਿੱਚ ਕੁਝ ਇੰਝ ਜ਼ਿਕਰ ਸੀ ਕਿ ਕੂਕਾ ਗੁਰਚਰਨ ਸਿੰਘ 1 ਮਈ, 1879 ਨੂੰ ਭਾਰਤ ਤੋਂ ਕੱਟਾ ਕੁਰਗ਼ਾਨ ਪੁੱਜੇ ਸਨ। ਉਨ੍ਹਾਂ ਕੋਲ "ਹਿੰਦੀ (ਗੁਰਮੁਖੀ) 'ਚ ਲਿਖੀ ਇੱਕ ਚਿੱਠੀ ਸੀ, ਜੋ ਕੂਕਾ ਰਹਿਨੁਮਾ ਬਾਬਾ ਰਾਮ ਸਿੰਘ ਜੀ ਦੀ ਲਿਖੀ ਹੋਈ ਸੀ ਤੇ ਉਸ 'ਤੇ ਹੋਰ ਕਈਆਂ ਦੇ ਵੀ ਦਸਤਖ਼ਤ ਸਨ।" ਇਹ ਚਿੱਠੀ "ਰੂਸ ਦੇ ਸਮਰਾਟ, ਗਵਰਨਰ ਜਨਰਲ ਤੇ ਹੋਰ ਅਧਿਕਾਰੀਆਂ ਨੂੰ ਸਲਾਮ ਤੋਂ ਸ਼ੁਰੂ ਹੁੰਦੀ ਸੀ ਅਤੇ ਉਸ 'ਚ ਅੱਗੇ ਲਿਖਿਆ ਸੀ ਕਿ ਬਾਬਾ ਰਾਮ ਸਿੰਘ ਜੀ 3,15,000 ਕੂਕਿਆਂ ਦੇ ਰੂਹਾਨੀ ਰਹਿਨੁਮਾ ਹਨ, ਸਾਰੇ ਹੀ ਬਹਾਦਰ ਫ਼ੌਜੀ ਜਵਾਨ ਹਨ ਅਤੇ ਤਾਨਾਸ਼ਾਹੀ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਰੰਗੂਨ ਦੀ ਜੇਲ੍ਹ 'ਚ ਕੈਦ ਕਰ ਕੇ ਰੱਖਿਆ ਹੋਇਆ ਹੈ ਪਰ ਉਨ੍ਹਾਂ ਦੇ ਲੁਧਿਆਣਾ 'ਚ ਰਹਿੰਦੇ ਛੋਟੇ ਭਰਾ ਨੂੰ ਮੁਕੰਮਲ ਜਾਣਕਾਰੀ ਹੈ, ਜੋ ਕੁਝ ਵੀ ਚੱਲ ਰਿਹਾ ਹੈ: ਹੁਣ ਬ੍ਰਿਟਿਸ਼ ਸਰਕਾਰ ਨੂੰ ਇਹ ਡਰ ਹੈ ਕਿ ਕੂਕੇ ਕਿਤੇ ਉਨ੍ਹਾਂ ਹੱਥੋਂ ਪੰਜਾਬ ਨੂੰ ਖੋਹ ਨਾ ਲੈਣ; ਪਰ ਪਵਿੱਤਰ ਗ੍ਰੰਥ ਸਾਹਿਬ 'ਚ ਦਰਜ ਹੈ ਕਿ ਰੂਸੀ ਭਾਰਤ ਜਾਣਗੇ ਅਤੇ ਅੰਗ੍ਰੇਜ਼ਾਂ ਨੂੰ ਬਾਹਰ ਕੱਢਣ 'ਚ ਖ਼ਾਲਸਾ ਉਨ੍ਹਾਂ ਦੀ ਮਦਦ ਕਰੇਗਾ ਅਤੇ ਫਿਰ ਰੂਸੀ ਤੇ ਖ਼ਾਲਸਾ ਦੋਵੇਂ ਮਿਲ ਕੇ ਸਮੁੱਚੇ ਭਾਰਤ 'ਤੇ ਰਾਜ ਕਰਨਗੇ।"

ਇਸ ਚਿੱਠੀ ਦਾ ਰੂਸੀ ਭਾਸ਼ਾ 'ਚ ਅਨੁਵਾਦ ਕੀਤਾ ਗਿਆ ਤੇ ਗਵਰਨਰ ਜਨਰਲ ਨੂੰ ਭੇਜੀ ਗਈ। ਗਵਰਨਰ ਜਨਰਲ ਨੇ ਗੁਰਚਰਨ ਸਿੰਘ ਨੂੰ ਸਮਰਕੰਦ ਵਿਖੇ ਭੇਜਣ ਲਈ ਟੈਲੀਗ੍ਰਾਮ ਕੀਤੀ। ਗੁਲਾਬ ਖ਼ਾਨ ਦੇ ਉਪਰੋਕਤ ਪੱਤਰ ਅਨੁਸਾਰ ਗੁਰਚਰਨ ਸਿੰਘ "ਦਾ ਰੂਸੀਆਂ ਨੇ ਬਹੁਤ ਆਦਰ-ਮਾਣ ਨਾਲ ਸੁਆਗਤ ਕੀਤਾ ਅਤੇ 12 ਜੂਨ ਨੂੰ ਉਨ੍ਹਾਂ ਨੂੰ ਰੂਸੀ ਕਰੰਸੀ ਨੋਟਾਂ ਦੇ ਲਗਭਗ 700 ਰੁਪਏ ਅਤੇ ਸਿਲਕ ਦੇ ਤਿੰਨ ਚੋਗ਼ੇ ਭੇਟ ਕੀਤੇ ਗਏ। ਜਵਾਲਾ ਨਾਂਅ ਦੇ ਸ਼ਿਕਾਰਪੁਰੀ ਵਪਾਰੀ ਨੂੰ ਹੁਕਮ ਦਿੱਤਾ ਗਿਆ ਕਿ ਉਹ ਗੁਰਚਰਨ ਸਿੰਘ ਦੇ ਮਨੋਰੰਜਨ ਦਾ ਪੂਰਾ ਇੰਤਜ਼ਾਮ ਕਰੇ।"

---

1. ਅਧਿਕਾਰਤ ਰਿਕਾਰਡਾਂ 'ਚ ਉਨ੍ਹਾਂ ਦੀ ਭੂਮਿਕਾ ਦਾ ਵਰਣਨ ਇੰਝ ਕੀਤਾ ਗਿਆ ਹੈ: ਰੰਗ ਸਾਫ਼, ਵੱਡੀਆਂ ਅੱਖਾਂ, ਨੱਕ ਥੋੜ੍ਹੀ ਅੱਗੇ ਨੂੰ ਮੁੜੀ ਹੋਈ, ਦਾੜ੍ਹੀ-ਮੁੱਛਾਂ ਚਿੱਟੀਆਂ - ਕੱਦ ਲਗਭਗ 5 ਫ਼ੁੱਟ 11 ਇੰਚ, ਉਮਰ - 75 ਸਾਲ , ਆਮ ਦਿੱਖ - ਇੱਕ ਵਧੀਆ ਤੇ ਚੁਸਤ-ਤੰਦਰੁਸਤ ਸਿੱਖ। ਵਿਦੇਸ਼ ਵਿਭਾਗ (ਸੀਕ੍ਰੇਟ), ਜਨਵਰੀ 1882, ਕੌਂਸ. 558-599
2. ਵਿਦੇਸ਼ ਵਿਭਾਗ (ਸੀਕ੍ਰੇਟ), ਜਨਵਰੀ 1882, ਕੌਂਸ. 558-599

ਗੁਲਾਬ ਸਿੰਘ ਨੇ 20 ਜਨਵਰੀ, 1880 ਨੂੰ ਲਿਖੀ ਇੱਕ ਹੋਰ ਚਿੱਠੀ ਵਿੱਚ ਬ੍ਰਿਟਿਸ਼ ਸਰਕਾਰ ਨੂੰ ਸੂਚਿਤ ਕੀਤਾ ਕਿ 1 ਅਕਤੂਬਰ 1879 ਨੂੰ ਗੁਰਚਰਨ ਸਿੰਘ ਨੂੰ ਰੂਸੀਆਂ ਨੇ ਦੋਬਾਰਾ ਸਨਮਾਨਿਤ ਕੀਤਾ ਤੇ 2,500 ਟੈਂਗਸ ਤੇ 7 ਚੋਗ਼ੇ ਦਿੱਤੇ ਗਏ ਅਤੇ ਉਨ੍ਹਾਂ ਨੂੰ "ਪੰਜਾਬ ਪਰਤ ਕੇ ਰੂਸੀਆਂ ਤੇ ਕੂਕਿਆਂ ਦੀ ਦੋਸਤੀ ਨੂੰ ਹੋਰ ਮਜ਼ਬੂਤ ਕਰਨ ਲਈ ਆਖਿਆ।"

ਹੁਣ ਗੁਰਚਰਨ ਸਿੰਘ ਦੇ ਕੇਂਦਰੀ ਏਸ਼ੀਆ ਦੇ ਉਪਰੋਕਤ ਯਾਤਰਾ ਬਾਰੇ ਬਿਲਕੁਲ ਕੋਈ ਸ਼ੱਕ ਨਹੀਂ ਹੈ ਕਿਉਂਕਿ ਉਜ਼ਬੇਕ ਸੋਸ਼ਲਿਸਟ ਸੋਵੀਅਤ ਰੀਪਬਲਿਕ ਦੇ ਆਰਕਾਈਵਜ਼ 'ਚੋਂ ਇੱਕ ਦਸਤਾਵੇਜ਼ ਦੀ ਖੋਜ ਨੇ ਇਸ ਤੱਥ ਦੀ ਪੂਰੀ ਤਰ੍ਹਾਂ ਪੁਸ਼ਟੀ ਕਰ ਦਿੱਤੀ ਹੈ। ਇਸ ਦਸਤਾਵੇਜ਼ ਦਾ ਸਿਰਲੇਖ ਹੈ 'ਪੰਜਾਬ ਦੇ ਸਿੱਖ ਧਾਰਮਿਕ ਰਹਿਨੁਮਾਵਾਂ ਦਾ ਇੱਕ ਦੂਤ 1879 'ਚ ਪੁੱਜਾ ਸਮਰਕੰਦ' ਅਤੇ ਇਸ ਵਿੱਚ ਗੁਰਚਰਨ ਸਿੰਘ ਦੀ ਉਹ ਅਸਲ ਚਿੱਠੀ ਵੀ ਮੌਜੂਦ ਹੈ, ਜੋ ਉਨ੍ਹਾਂ ਰੂਸੀ ਦਰਬਾਰ 'ਚ ਪੇਸ਼ ਕੀਤੀ ਸੀ ਤੇ ਉਸ ਦਾ ਜਵਾਬ ਵੀ ਹੈ, ਜੋ ਗੁਰਚਰਨ ਸਿੰਘ ਰਾਹੀਂ ਹੀ ਭੇਜਿਆ ਗਿਆ ਸੀ। ਇਹ ਦਸਤਾਵੇਜ਼ 1957 'ਚ ਰੂਸ ਦੇ ਇੱਕ ਰਸਾਲੇ 'ਸੋਵਸਤਸਕੋ ਵੋਸਤੋਕੋਵੀਦੇਨੀ' ਨੰ. 2 'ਚ ਰੂਸ ਦੇ ਇੱਕ ਇਤਿਹਾਸਕਾਰ ਐੱਨ.ਏ. ਖ਼ਾਫ਼ਿਨ ਨੇ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਦਾ ਸਿਰਲੇਖ ਸੀ 'ਪੋਸੋਲਸਤਵੋ ਬਾਬਾ ਰਾਮ ਸਿੰਘ ਬੀ ਤੁਰਕੇਸਤਾਨ ਬੀ 1879 ਗੋਡੂ'[1]

ਉਪਰੋਕਤ ਵਰਣਿਤ ਦਸਤਾਵੇਜ਼ ਇਹ ਇੰਕਸ਼ਾਫ਼ ਕਰਦਾ ਹੈ ਕਿ 9 ਮਈ, 1879 ਨੂੰ ਰੂਸੀ ਤੁਰਕਿਸਤਾਨ ਦੇ ਇੱਕ ਸਰਹੱਦੀ ਨਗਰ ਕੱਟਾ ਕੁਰਗ਼ਾਨ ਦੇ ਨਾਗਰਿਕਾਂ ਨੇ ਭਾਰਤੀ ਨਾਗਰਿਕ ਗੁਰਚਰਨ ਸਿੰਘ ਨਾਲ ਮੁਲਾਕਾਤ ਕੀਤੀ ਸੀ। ਗੁਰਚਰਨ ਸਿੰਘ ਹੁਰਾਂ ਕੋਲ ਸਿੱਖਾਂ ਦੇ ਮੁੱਖ ਧਾਰਮਿਕ ਰਹਿਨੁਮਾ ਤੇ ਨੇਤਾ ਵੱਲੋਂ ਤੁਰਕਿਸਤਾਨ ਦੇ ਗਵਰਨਰ ਜਨਰਲ ਨੂੰ ਲਿਖੀ ਇੱਕ ਚਿੱਠੀ ਸੀ। ਉਹ ਚਿੱਠੀ ਗੁਰਮੁਖੀ ਲਿਪੀ 'ਚ ਲਿਖੀ ਹੋਈ ਸੀ ਤੇ ਉਸ ਉੱਤੇ ਭੇਜਣ ਵਾਲੇ ਦੇ ਹਸਤਾਖਰ ਨਹੀਂ ਸਨ। ਇਹ ਸੁਣ ਕੇ ਜਰਵਸ਼ਾਂਸਕ ਸਰਕਲ ਦੇ ਪ੍ਰਮੁੱਖ ਅਧਿਕਾਰੀ ਮੇਜਰ ਜਨਰਲ ਐੱਨ.ਏ. ਈਵਾਨੋਵ ਨੇ ਕੱਟਾ ਕੁਰਗ਼ਾਨ ਦੇ ਅਧਿਕਾਰੀਆਂ ਕੋਲ ਗੁਰਚਰਨ ਸਿੰਘ ਨੂੰ ਸਮਰਕੰਦ ਵਿਖੇ ਨਿੱਜੀ ਤੌਰ 'ਤੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਭਾਰਤੀ ਮੁਲਾਕਾਤੀ ਈਵਾਨੋਵ ਨੂੰ ਮਿਲਣ ਲਈ ਗਿਆ ਪਰ ਰੂਸੀ ਅਧਿਕਾਰੀ ਨੂੰ ਉਹ ਚਿੱਠੀ ਦੇਣਾ ਕੋਈ ਸੁਖਾਲ਼ਾ ਕੰਮ ਨਹੀਂ ਸੀ। ਖ਼ੁਸ਼ਕਿਸਮਤੀ ਨਾਲ ਭਾਰਤੀ ਵਪਾਰੀਆਂ 'ਚੋਂ ਇੱਕ ਅਜਿਹਾ ਵਿਅਕਤੀ ਸੀ, ਜੋ ਫ਼ਾਰਸੀ ਤੇ ਗੁਰਮੁਖੀ ਦੋਵੇਂ ਭਾਸ਼ਾਵਾਂ ਜਾਣਦਾ ਸੀ। ਉਸ ਨੇ ਉਹ ਚਿੱਠੀ ਫ਼ਾਰਸੀ ਭਾਸ਼ਾ 'ਚ ਅਨੁਵਾਦ ਕਰ ਕੇ ਦਿੱਤੀ। ਫਿਰ ਉਸ ਚਿੱਠੀ ਦਾ ਤਰਜਮਾ ਫ਼ਾਰਸੀ ਤੋਂ ਰੂਸੀ ਭਾਸ਼ਾ 'ਚ ਬਿਨਾ ਕਿਸੇ ਔਖਿਆਈ ਦੇ ਕਰ ਲਿਆ ਗਿਆ। ਅਨੁਵਾਦਿਤ ਚਿੱਠੀ ਕੁਝ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ[1]:

1. ਪੀ.ਸੀ. ਰਾਏ, 'ਗੁਰਚਰਨ ਸਿੰਘ ਦਾ ਕੇਂਦਰੀ ਏਸ਼ੀਆ 'ਚ ਮਿਸ਼ਨ' ਭਾਰਤੀ ਇਤਿਹਾਸਕ ਕਮਿਸ਼ਨ ਦੀਆਂ ਕਾਰਵਾਈਆਂ, ਭਾਗ 2, 1958. ਪੰਨਾ 87-88 'ਚ ਉਧ੍ਰਿਤ

"ਪਵਿੱਤਰ ਸੰਗਤ ਦੇ ਗੁਰੂ ਬਾਬਾ ਰਾਮ ਸਿੰਘ ਰੂਸ ਦੇ ਲਾਰਡ ਨੂੰ ਬੇਹੱਦ ਪਿਆਰ ਨਾਲ ਇਹ ਚਿੱਠੀ ਲਿਖ ਰਹੇ ਹਨ: ਮੈਂ ਆਪਣਾ ਇੱਕ ਯੁੱਧ-ਸਾਥੀ (ਇੱਕ ਸੂਬਾਈ ਮੁਖੀ) ਭੇਜ ਰਿਹਾ ਹਾਂ, ਤੁਹਾਨੂੰ ਉਸ ਤੋਂ ਸਾਰੀ ਸੰਬੰਧਿਤ ਜਾਣਕਾਰੀ ਮਿਲ ਜਾਵੇਗੀ। ਉਸ ਦਾ ਨਾਂਅ ਗੁਰਚਰਨ ਸਿੰਘ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਭਵਿੱਖਬਾਣੀ ਕੀਤੀ ਸੀ ਕਿ ਸੰਤ ਖ਼ਾਲਸਾ ਦਾ 1238 ਹਿਜ਼ਰੀ ਸੰਨ 'ਚ ਉਭਾਰ ਹੋਵੇਗਾ। ਤਦ ਅਸੀਂ ਔਰੰਗਜ਼ੇਬ ਤੋਂ ਤਾਂ ਆਜ਼ਾਦ ਹੋ ਚੁੱਕੇ ਹੋਵਾਂਗੇ ਪਰ ਅੰਗਰੇਜ਼ ਲੋਕ ਅਚਾਨਕ ਸਾਡੇ 'ਤੇ ਆਣ ਕੇ ਤਾਨਾਸ਼ਾਹੀਆਂ ਸ਼ੁਰੂ ਕਰ ਦੇਣਗੇ। ਫਿਰ ਰੂਸੀ ਲੋਕਾਂ ਦੇ ਜੱਥੇ ਆ ਕੇ ਅੰਗਰੇਜ਼ਾਂ ਨੂੰ ਇੱਥੋਂ ਭਜਾਉਣਗੇ। ਰੂਸੀ ਨਾਇਕ ਦੀ ਜਿੱਤ ਹੋਵੇਗੀ।"

ਇਸ ਤੋਂ ਬਾਅਦ ਕੁਝ ਖ਼ਾਸ ਭਵਿੱਖਬਾਣੀਆਂ ਦਿੱਤੀਆਂ ਗਈਆਂ ਹਨ, ਜੋ ਸ਼ਾਇਦ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀਆਂ ਗਈਆਂ ਹਨ। ਉਦਾਹਰਣ ਵਜੋਂ, ਇਹ ਵੀ ਕਿਹਾ ਗਿਆ ਹੈ: "ਗੁਰੂ ਬਾਬਾ ਨਾਨਕ ਸਾਹਿਬ ਦੀ ਭਵਿੱਖਬਾਣੀ ਫ਼ਰਮਾਉਂਦੀ ਹੈ: "ਤੁਸੀਂ ਜ਼ਰੂਰ ਸਾਡੀ ਰਾਖੀ ਕਰੋਗੇ, 3,15,000 ਸਿੱਖ ਤੁਹਾਡੀ ਕਮਾਂਡ ਅਧੀਨ ਹੋਣਗੇ। ਹੋਰ ਵੀ ਤੁਹਾਡੀ ਸੇਵਾ ਅਧੀਨ ਆਉਣਗੇ। ਜਦੋਂ ਤੁਸੀਂ ਪੁੱਜੋਗੇ, ਤਾਂ ਤੁਹਾਡੀ ਮਰਜ਼ੀ ਅਨੁਸਾਰ ਸਾਡੀ ਪੂਰੀ ਤਿਆਰੀ ਹੋਵੇਗੀ" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਿਹਾ ਗਿਆ ਸੀ: "ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪੁੱਛਿਆ ਗਿਆ ਕਿ ਉਪਰੋਕਤ ਵਰਣਿਤ ਜੰਗ ਕਿੱਥੇ ਲੜੀ ਜਾਵੇਗੀ, ਤਾਂ ਗੁਰੂ ਜੀ ਨੇ ਜਵਾਬ ਦਿੱਤਾ ਸੀ: "ਪਹਿਲੀ ਜੰਗ ਕਾਬੁਲ ਦੇ ਪਰਬਤਾਂ 'ਚ ਲੜੀ ਜਾਵੇਗੀ, ਦੂਜੀ ਵੀ ਕਾਬੁਲ 'ਚ ਹੀ ਹੋਵੇਗੀ, ਤੀਜੀ ਜਮਰੌਦ 'ਚ, ਚੌਥੀ ਪੇਸ਼ਾਵਰ, ਪੰਜਵੀਂ ਜੰਮੂ, ਛੇਵੀਂ ਲਾਹੌਰ, ਸੱਤਵੀਂ ਫ਼ਿਰੋਜ਼ਪੁਰ, ਅੱਠਵੀਂ ਜੰਗ ਲੁਧਿਆਣਾ 'ਚ ਲੜੀ ਜਾਵੇਗੀ।" ਇਹ ਪੂਰੀ ਚਿੱਠੀ ਇਸੇ ਸੁਰ 'ਚ ਸੀ।

ਦੂਰ-ਦੁਰਾਡੇ ਭਾਰਤ ਤੋਂ ਇੱਕ ਦੂਤ ਦਾ ਆ ਕੇ ਚਿੱਠੀ ਦੇਣ ਨਾਲ ਤੁਰਕਿਸਤਾਨ ਦੇ ਰੂਸੀ ਪ੍ਰਸ਼ਾਸਕਾਂ 'ਚ ਡੂੰਘੀ ਦਿਲਚਸਪੀ ਜਾਗ ਪਈ ਸੀ। ਜੇਰਾਵਸ਼ਾਂਸਕ ਸਰਕਲ ਦੇ ਸਹਾਇਕ ਮੁਖੀ ਐੱਨ.ਆਈ. ਕੋਰੋਲਕੋਵ ਨੇ ਗੁਰਚਰਨ ਸਿੰਘ ਨਾਲ ਲੰਮਾ ਵਿਚਾਰ-ਵਟਾਂਦਰਾ ਕੀਤਾ। ਉਸ ਗੱਲਬਾਤ ਤੋਂ ਬਾਅਦ ਕੋਰੋਲਕੋਵ ਨੇ ਇੱਕ ਨੋਟ ਲਿਖਿਆ, ਜਿਸ ਵਿੱਚ ਉਸ ਨੇ ਕਿਹਾ[2]: "ਗੁਰਚਰਨ ਸਿੰਘ ਨੂੰ ਬਿਨਾਂ ਝਿਜਕ ਇਹ ਯਕੀਨ ਹੈ ਕਿ ਭਾਰਤ 'ਚ ਬ੍ਰਿਟਿਸ਼ ਸ਼ਾਸਨ ਅਧੀਨ ਸੇਵਾਵਾਂ ਨਿਭਾ ਰਹੇ ਸਾਰੇ ਭਾਰਤੀ, ਭਾਵੇਂ ਉਹ ਕਿਸੇ ਵੀ ਧਰਮ ਜਾਂ ਨਸਲ ਨਾਲ ਸੰਬੰਧਿਤ ਹੋਣ, ਜਦੋਂ ਵੀ ਰੂਸੀ ਫ਼ੌਜਾਂ ਭਾਰਤ ਪੁੱਜਣਗੀਆਂ, ਉਹ ਸਾਰੇ ਰੂਸ ਵੱਲ ਹੋ ਜਾਣਗੇ। ਇਸ ਯਕੀਨ ਦੀ ਪ੍ਰੋੜ੍ਹਤਾ ਸੰਤ ਜੀ ਦੀ ਭਵਿੱਖਬਾਣੀ ਰਾਹੀਂ ਕੀਤੀ ਗਈ ਹੈ, ਜੋ ਫ਼ਿਰੰਗੀਆਂ (ਇੰਗਲੈਂਡ ਦੇ ਹਾਕਮਾਂ) ਦੇ ਪੰਜਾਬ ਆਉਣ ਤੋਂ ਬਹੁਤ ਪਹਿਲਾਂ ਕਰ ਦਿੱਤੀ ਗਈ ਸੀ।"

ਕੋਰੋਲਕੋਵ ਦਾ ਨੋਟ ਇਹ ਵੀ ਦੱਸਦਾ ਹੈ ਕਿ ਗੁਰਚਰਨ ਸਿੰਘ ਦਾ ਇਹ ਮੰਨਣਾ

---

1. -ਉਹੀ-
2. -ਉਹੀ-

ਸੀ, ਜੋ ਹੋਰ ਭਾਰਤੀ ਵੀ ਕੁਝ ਇੰਝ ਹੀ ਮੰਨਦੇ ਸਨ, ਕਿ ਰੂਸ ਦੀ ਭਾਰਤ ਉੱਤੇ ਹਕੂਮਤ ਕਰਨ ਦੀ ਕੋਈ ਮਨਸ਼ਾ ਨਹੀਂ ਹੈ। ਭਾਰਤ ਵੱਲ ਉਨ੍ਹਾਂ ਦਾ ਕੂਚ ਸਿਰਫ਼ ਅੰਗਰੇਜ਼ਾਂ ਨਾਲ ਕਿਰਪਾਨਾਂ ਦੇ ਭੇੜ ਕਰਨ ਤੋਂ ਇਲਾਵਾ ਹੋਰ ਕਿਸੇ ਇੱਛਾ ਤੋਂ ਪ੍ਰੇਰਿਤ ਨਹੀਂ ਸੀ, ਅੰਗਰੇਜ਼ਾਂ ਦਾ ਜੱਦੀ ਘਰ ਤਾਂ ਯੂਰੋਪ 'ਚ ਇੱਕ ਟਾਪੂ ਵਰਗਾ ਦੇਸ਼ ਹੀ ਹੈ, ਜੋ ਚਾਰੇ ਪਾਸਿਓਂ ਸਮੁੰਦਰ ਨਾਲ ਘਿਰਿਆ ਹੋਇਆ ਹੈ ਤੇ ਇਸੇ ਲਈ ਉਹ ਰੂਸੀਆਂ ਦੀ ਪਹੁੰਚ ਤੋਂ ਦੂਰ ਹੈ। ਇਹ ਵੀ ਮੰਨਿਆ ਜਾਂਦਾ ਸੀ ਕਿ ਇੰਗਲੈਂਡ ਦੇ ਇਨ੍ਹਾਂ ਅੰਗਰੇਜ਼ ਹਾਕਮਾਂ ਨੂੰ ਹਰਾਉਣ ਤੋਂ ਬਾਅਦ ਰੂਸੀ ਹਾਕਮ ਪੰਜਾਬ ਦਾ ਪ੍ਰਸ਼ਾਸਨ ਪੰਜਾਬ ਦੇ ਸਿਰਜਕ ਮਹਾਰਾਜਾ ਰਣਜੀਤ ਸਿੰਘ ਦੇ ਫ਼ਰਜ਼ੰਦ, ਦਲੀਪ ਸਿੰਘ ਦੇ ਹੱਥਾਂ 'ਚ ਸੌਂਪ ਦੇਣਗੇ।

ਇਸ ਤੋਂ ਬਾਅਦ ਮੇਜਰ ਜਨਰਲ ਈਵਾਨੋਵ ਨੇ ਗੁਰਚਰਨ ਸਿੰਘ ਨਾਲ ਗੱਲਬਾਤ ਕੀਤੀ ਸੀ, ਜਿਨ੍ਹਾਂ ਨੇ ਇੱਕ ਸੱਚੇ ਦੇਸ਼-ਭਗਤ ਵਾਂਗ ਉਸ ਨੂੰ ਵਿਸਥਾਰਪੂਰਬਕ ਦੱਸਿਆ ਕਿ ਕਿਵੇਂ ਅੰਗਰੇਜ਼ਾਂ ਦੀ ਗ਼ੁਲਾਮੀ ਕਰਕੇ ਸਮੂਹ ਭਾਰਤੀਆਂ ਨੂੰ ਜ਼ੁਲਮ ਝੱਲਣੇ ਪੈ ਰਹੇ ਹਨ ਤੇ ਸਵੈਮਾਣ ਪੂਰੀ ਤਰ੍ਹਾਂ ਵਲੂੰਧਰਿਆ ਗਿਆ ਹੈ। ਰੂਸ 'ਤੇ ਜਿਸ ਤਰ੍ਹਾਂ ਗੁਰਚਰਨ ਸਿੰਘ ਹੁਰਾਂ ਨੇ ਭਰੋਸਾ ਪ੍ਰਗਟਾਇਆ ਸੀ, ਇਸ ਤੋਂ ਈਵਾਨੋਵ ਨੂੰ ਵੀ ਇਸ ਵਿੱਚ ਵੱਡੀ ਸੁਹਿਰਦਤਾ[1] ਜਾਪੀ, ਜਿਸ ਵਿੱਚ ਕੋਈ ਗ਼ਲਤੀ ਵੀ ਨਹੀਂ ਸੀ। ਈਵਾਨੋਵ ਨੇ ਬਾਬਾ ਰਾਮ ਸਿੰਘ ਜੀ ਦੀ ਚਿੱਠੀ ਗੁਰਚਰਨ ਸਿੰਘ ਨਾਲ ਆਪਣੀ ਮੁਲਾਕਾਤ ਤੋਂ ਬਾਅਦ ਆਪਣੇ ਨੋਟਸ ਸਮੇਤ ਤੁਰਕਿਸਤਾਨ ਦੇ ਗਵਰਨਰ ਜਨਰਲ ਕੇਪੀ ਕੌਫ਼ਮੈਨ ਨੂੰ ਭੇਜ ਦਿੱਤੀ। ਕਿਸੇ ਅੰਤਿਮ ਫ਼ੈਸਲੇ 'ਤੇ ਪੁੱਜਣ ਤੋਂ ਪਹਿਲਾਂ ਕੌਫ਼ਮੈਨ ਪੰਜਾਬ ਦੀ ਸਹੀ-ਸਹੀ ਸਿਆਸੀ ਸਥਿਤੀ ਬਾਰੇ ਜਾਣਨਾ ਚਾਹੁੰਦਾ ਸੀ ਤੇ ਉਸ ਨੇ ਉਸ ਸਮੇਂ ਦੇ ਭਾਰਤੀ ਮਾਮਲਿਆਂ ਬਾਰੇ ਮਹਾਨ ਰੂਸੀ ਮਾਹਿਰ ਆਈ.ਪੀ. ਮਿਨੇਵ ਦਾ ਵਿਚਾਰ ਜਾਣਨਾ ਚਾਹਿਆ। ਮਿਨੇਵ ਨੇ ਕੂਕਾ ਸੰਪਰਦਾਇ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿਵੇਂ ਕੂਕਿਆਂ ਦਾ ਉਭਾਰ ਹੋਇਆ ਸੀ, ਕਿਵੇਂ ਬ੍ਰਿਟਿਸ਼ ਹਾਕਮਾਂ ਨੇ ਉਨ੍ਹਾਂ ਨੂੰ ਦਬਾਇਆ ਅਤੇ ਉਨ੍ਹਾਂ ਨੂੰ ਬੇਰਹਿਮੀ ਨਾਲ ਦਬਾਉਣ ਦੇ ਕਿਹੜੇ ਨਤੀਜੇ ਸਾਹਮਣੇ ਆਏ। ਉਸ ਦਾ ਇਹ ਵੀ ਮੰਨਣਾ ਸੀ ਕਿ ਕੂਕਿਆਂ ਵੱਲੋਂ ਅਜ਼ਾਦੀ ਦੇ ਸੰਘਰਸ਼ ਵਿੱਚ ਰੂਸੀ ਇਮਦਾਦ ਲਈ ਬਾਬਾ ਰਾਮ ਸਿੰਘ ਜੀ ਵੱਲੋਂ ਕਿਸੇ ਵਿਅਕਤੀ ਨੂੰ ਭੇਜਣਾ ਬੇਹੱਦ ਸੁਭਾਵਕ ਹੈ। ਉਸ ਨੇ ਇਹ ਨੁਕਤਾ ਵੀ ਉਭਾਰਿਆ ਕਿ ਸਿੱਖ ਧਰਮ ਦੇ ਬਾਨੀ ਬਾਬਾ ਨਾਨਕ 15ਵੀਂ ਸਦੀ 'ਚ ਸਨ ਅਤੇ ਉਹ ਰੂਸੀਆਂ ਦੀ ਆਮਦ ਬਾਰੇ ਭਵਿੱਖਬਾਣੀ ਕਿਵੇਂ ਕਰ ਸਕਦੇ ਹਨ। ਇਹ ਤਾਂ ਸਮਕਾਲੀਆਂ ਦੀ ਹੀ ਕਾਢ ਹੈ ਕਿ ਤਾਂ ਜੋ ਮੁਸ਼ਕਿਲ ਦੀ ਇਸ ਘੜੀ 'ਚੋਂ ਕਿਵੇਂ ਨਾ ਕਿਵੇਂ ਨਿਕਲਿਆ ਜਾ ਸਕੇ। ਜਨਰਲ ਕੌਫ਼ਮੈਨ ਨੇ ਇਸ ਮਾਮਲੇ 'ਚ ਥੋੜ੍ਹਾ ਸਾਵਧਾਨੀ ਨਾਲ ਅੱਗੇ ਵਧਣ ਦਾ ਫ਼ੈਸਲਾ ਕੀਤਾ। ਪਰ ਕੂਕਾ ਆਗੂ ਨੂੰ ਇੱਕ ਚਿੱਠੀ ਦਿੱਤੀ, ਜਿਸ ਵਿੱਚ ਲਿਖਿਆ ਸੀ[2]:

---

1. -ਉਹੀ-
2. -ਉਹੀ-

"ਕਮਾਂਡਰ-ਇਨ-ਚੀਫ਼ ਅਤੇ ਗਵਰਨਰ ਜਨਰਲ ਵੱਲੋਂ ਬਾਬਾ ਰਾਮ ਸਿੰਘ ਅਤੇ ਬਾਬਾ ਬੁੱਧ ਸਿੰਘ ਨੂੰ ਸ਼ੁਭਕਾਮਨਾਵਾਂ। ਇਹ ਚਿੱਠੀ ਬਾਕਾਇਦਾ ਗੁਰਚਰਨ ਸਿੰਘ ਵੱਲੋਂ ਪ੍ਰਾਪਤ ਕੀਤੀ ਗਈ ਹੈ, ਧਿਆਨਪੂਰਬਕ ਵਿਚਾਰ-ਚਰਚਾ ਹੋਈ ਹੈ ਤੇ ਸਾਰੇ ਵਿਸ਼ੇ ਤਸੱਲੀ ਨਾਲ ਨੋਟ ਕੀਤੇ ਗਏ ਹਨ। ਜਾਣਕਾਰੀ ਨਾਲ ਭਰਪੂਰ ਚਿੱਠੀ ਭੇਜਣ ਲਈ ਧੰਨਵਾਦ ਪਰ ਭਾਰਤ ਦੇ ਤਾਜ਼ਾ ਮਾਮਲਿਆਂ ਤੇ ਸਥਿਤੀ ਬਾਰੇ ਕੁਝ ਵਿਸਤ੍ਰਿਤ ਵੇਰਵੇ ਲੋੜੀਂਦੇ ਹਨ। ਜਾਣਕਾਰੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਭਵਿੱਖਬਾਣੀਆਂ ਨੂੰ ਵੀ ਜਾਣਕਾਰੀ ਹਿਤ ਨੋਟ ਕਰ ਲਿਆ ਗਿਆ ਹੈ। ਸਭ ਕੁਝ ਪਰਮਾਤਮਾ ਦੀ ਮਰਜ਼ੀ ਮੁਤਾਬਕ ਹੀ ਵਾਪਰੇਗਾ। ਭਵਿੱਖਬਾਣੀ ਕਰਨ ਵਾਲਿਆਂ ਨੂੰ ਪਤਾ ਹੋਵੇਗਾ ਕਿ ਉਹ ਬਿਹਤਰੀਨ ਸਮਾਂ ਕਦੋਂ ਆਵੇਗਾ।"

ਉਹ ਚਿੱਠੀ ਲੈਣ ਤੋਂ ਬਾਅਦ ਘਰ ਪਰਤਣ ਵਾਸਤੇ ਗੁਰਚਰਨ ਸਿੰਘ ਤਾਸ਼ ਕੁਰਗ਼ਾਨ ਪੁੱਜੇ। ਉੱਥੋਂ 4 ਦਸੰਬਰ, 1879 ਨੂੰ ਉਨ੍ਹਾਂ ਹਿੰਦੂ ਮਾਇਆ ਦੇ ਹੱਥ ਇੱਕ ਚਿੱਠੀ ਭੇਜੀ, ਜਿਸ ਵਿੱਚ ਰੂਸੀਆਂ ਨੂੰ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਬ੍ਰਿਟਿਸ਼ ਫ਼ੌਜਾਂ ਕਾਬੁਲ ਤੋਂ ਬਲਖ ਵੱਲ ਵਧ ਰਹੀਆਂ ਹਨ। ਮਾਇਆ ਦਾ ਸ਼ੁਕਰੀਆ ਅਦਾ ਕਰ ਕੇ ਉਸ ਨੂੰ 500 ਟਾਂਗਸ ਤੇ ਇੱਕ ਚੋਗ਼ਾ ਤੋਹਫ਼ੇ ਵਜੋਂ ਦਿੱਤੇ ਗਏ ਸਨ।

ਬਾਅਦ 'ਚ ਜਾਸੂਸ ਗੁਲਾਬ ਖ਼ਾਨ ਨੇ ਪੇਸ਼ਾਵਰ ਦੇ ਕਮਿਸ਼ਨਰ ਸਾਹਵੇਂ ਬਿਆਨ ਦਿੰਦਿਆਂ ਆਖਿਆ ਸੀ ਕਿ "9 ਅਪ੍ਰੈਲ, 1880 ਨੂੰ ਗੁਰਚਰਨ ਸਿੰਘ ਨੇ ਰਾਵਲਪਿੰਡੀ ਜ਼ਿਲ੍ਹੇ ਸਥਿਤ ਹਜ਼ਰੋ ਦੇ ਨਾਰਾਇਣ ਦਾਸ ਹੱਥ ਇੱਕ ਹੋਰ ਚਿੱਠੀ ਸਮਰਕੰਦ ਭੇਜੀ। ਇਹ ਬਾਬਾ ਰਾਮ ਸਿੰਘ ਜੀ ਦੀ ਚਿੱਠੀ ਸੀ ਪਰ ਇਹ ਉਨ੍ਹਾਂ ਦੇ ਛੋਟੇ ਭਰਾ ਵੱਲੋਂ ਹੱਥ ਨਾਲ ਲਿਖੀ ਹੋਈ ਸੀ।" ਇਸ ਵਿੱਚ ਲਿਖਿਆ ਗਿਆ ਸੀ ਕਿ "ਗੁਰਚਰਨ ਸਿੰਘ ਨੂੰ ਗੁਪਤ ਤਰੀਕੇ ਨਾਲ ਜਨਰਲ ਨਾਲ ਤਾਇਨਾਤ ਕੀਤਾ ਗਿਆ ਸੀ ਪਰ ਉਹ ਭੇਤ ਸਮੁੱਚੇ ਭਾਰਤ 'ਚ ਜ਼ਾਹਿਰ ਹੋ ਗਿਆ ਸੀ, ਇਸੇ ਲਈ ਗੁਰਚਰਨ ਸਿੰਘ ਪਰਤ ਨਾ ਸਕੇ[1]।"

1880 'ਚ ਜਦੋਂ ਗੁਰਚਰਨ ਸਿੰਘ ਪੇਸ਼ਾਵਰ ਪਰਤੇ ਅਤੇ ਅਸਥਾਈ ਤੌਰ 'ਤੇ ਕਿਲ੍ਹੇ ਦੀ ਸਰਾਏ 'ਚ ਠਹਿਰੇ ਹੋਏ ਸਨ, ਤਾਂ ਅੰਗਰੇਜ਼ਾਂ ਦਾ ਸੂਹੀਆ ਗੁਲਾਬ ਖ਼ਾਨ ਉਨ੍ਹਾਂ ਨੂੰ ਮਿਲਿਆ ਤੇ ਇਹ ਆਖ ਕੇ ਉਨ੍ਹਾਂ ਦਾ ਭਰੋਸਾ ਜਿੱਤ ਲਿਆ ਕਿ ਉਹ ਸੈਦ ਖ਼ਾਨ ਦਾ ਭਰਾ ਹੈ, ਜੋ ਉਸ ਵੇਲੇ ਕੇਂਦਰੀ ਏਸ਼ੀਆ 'ਚ ਰੂਸੀ ਸੇਵਾ ਵਿੱਚ ਸੀ। ਸ੍ਰੀ ਸੀ. ਬਰਾਊਨ ਸਾਹਮਣੇ ਦਿੱਤੇ ਬਿਆਨ 'ਚ ਗੁਲਾਬ ਖ਼ਾਨ ਨੇ ਕਿਹਾ, "ਗੁਰਚਰਨ ਸਿੰਘ ਨੂੰ ਇਹ ਜਚਾ ਕੇ ਕਿ ਮੈਂ ਕੱਟਾ ਕੁਰਗ਼ਾਨ ਵਾਪਸ ਜਾ ਰਿਹਾ ਹਾਂ, ਉਨ੍ਹਾਂ ਮੈਨੂੰ ਰੂਸੀ ਅਧਿਕਾਰੀਆਂ ਦੀਆਂ ਦੋ ਚਿੱਠੀਆਂ[2] ਦਿੱਤੀਆਂ, ਜੋ ਮੈਂ ਪੇਸ਼ਾਵਰ ਦੇ ਕਮਿਸ਼ਨਰ ਨੂੰ ਦੇ ਦਿੱਤੀਆਂ ਸਨ।" ਸੈਦ ਖ਼ਾਨ ਨੂੰ ਲਿਖੀ ਚਿੱਠੀ ਵਿੱਚ ਲਿਖਿਆ ਸੀ, "ਬਰਮਾ ਦੇ ਲੋਕ ਬਾਬਾ ਰਾਮ ਸਿੰਘ ਜੀ ਦੇ ਮੁਰੀਦ ਬਣ ਚੁੱਕੇ ਸਨ ਤੇ ਉਥੇ ਬਗ਼ਾਵਤ ਹੋ ਗਈ ਹੈ

---

1. -ਉਹੀ-

ਅਤੇ ਸਿੱਟੇ ਵਜੋਂ ਅੰਗਰੇਜ਼ਾਂ ਨੂੰ ਕਾਬੁਲ ਤੋਂ ਆਪਣੀਆਂ ਫ਼ੌਜਾਂ ਵਾਪਸ ਸੱਦਣੀਆਂ ਹੀ ਪੈਣਗੀਆਂ।'' ਦੂਜੀ ਚਿੱਠੀ ਜਨਰਲ ਕੌਫ਼ਮੈਨ ਦੇ ਨਾਂਅ ਸੀ, ਜਿਸ ਵਿੱਚ ਲਿਖਿਆ ਸੀ ਕਿ ''ਕੁਝ ਸ਼ਿਕਾਰਪੁਰੀਆਂ ਨੇ ਉਨ੍ਹਾਂ ਨਾਲ ਮਾੜਾ ਵਿਵਹਾਰ ਕੀਤਾ ਸੀ ਤੇ ਉਨ੍ਹਾਂ ਤੇ ਗੁਲਾਬ ਖ਼ਾਨ ਵਿਰੁੱਧ ਜਾਣਕਾਰੀ ਦਿੱਤੀ ਸੀ ਅਤੇ ਗੁਲਾਬ ਸਿੰਘ (ਬ੍ਰਿਟਿਸ਼ ਸਰਕਾਰ ਲਈ ਇੱਕ ਕੋਡ-ਸ਼ਬਦ) ਲਈ ਜਾਸੂਸਾਂ ਵਜੋਂ ਕਾਰਜ ਕੀਤਾ ਸੀ; ਜਦੋਂ ਰਾਜੇ ਦੀ ਫ਼ੌਜ ਪੰਜਾਬ ਆਵੇਗੀ, ਤਾਂ ਖ਼ਾਲਸਾ ਉਨ੍ਹਾਂ ਦੀ ਮਦਦ ਕਰੇਗਾ, ਇਹ ਵੀ ਕਿ ਬਾਬਾ (ਰਾਮ ਸਿੰਘ) ਜੀ ਨੇ ਪਹਿਲਾਂ ਹੀ ਆਖ ਦਿੱਤਾ ਸੀ ਕਿ ਇੱਕ ਮੁਸਲਮਾਨ ਪੱਛਮ ਤੋਂ ਆਵੇਗਾ ਤੇ ਇਨ੍ਹਾਂ ਟੋਪੀ ਵਾਲਿਆਂ ਨੂੰ ਹਰਾ ਦੇਵੇਗਾ ਤੇ ਉਹ ਮੁਸਲਿਮ ਬੇਸ਼ੱਕ ਅਬਦੁਰ ਰਹਿਮਾਨ ਸੀ।'' ਇਸ ਭਵਿੱਖਬਾਣੀ ਦੇ ਆਧਾਰ 'ਤੇ ਇਸ ਚਿੱਠੀ ਵਿੱਚ ਜਨਰਲ ਨੂੰ ਕਿਹਾ ਗਿਆ ਸੀ ''ਕੂਕਿਆਂ ਦੀਆਂ ਇਨ੍ਹਾਂ ਗੱਲਾਂ ਨੂੰ ਸੱਚ ਹੀ ਜਾਣਿਓ।'' ਇਹ ਚਿੱਠੀ ਇਸ ਵਾਅਦੇ ਨਾਲ ਸਮਾਪਤ ਕੀਤੀ ਗਈ ਸੀ ਕਿ ''ਉਹ ਰੂਸੀਆਂ ਦੀ ਚਿੱਠੀ ਬਾਬਾ ਸਾਹਿਬ ਨੂੰ ਦੇਣਗੇ ਤੇ ਜਵਾਬ ਹਾਸਲ ਕਰਨਗੇ।''

ਸੂਹੀਆ ਗੁਲਾਬ ਖ਼ਾਨ ਚਾਹੁੰਦਾ ਸੀ ਕਿ ਗੁਰਚਰਨ ਸਿੰਘ ਪੇਸ਼ਾਵਰ ਤੋਂ ਰਵਾਨਗੀ ਪਾਉਣ ਤੋਂ ਪਹਿਲਾਂ ਗ੍ਰਿਫ਼ਤਾਰ ਹੋ ਜਾਣ। ਉਸ ਨੇ ਬਾਅਦ 'ਚ ਸਰਕਾਰ ਨੂੰ ਇੱਕ ਲਿਖਤੀ ਨੋਟ[2] ਦਿੱਤਾ, ਜਿਸ ਵਿੱਚ ਉਸ ਨੇ ਡਾਢਾ ਅਫ਼ਸੋਸ ਪ੍ਰਗਟਾਇਆ ਕਿ ''ਅੰਗਰੇਜ਼ ਸਰਕਾਰ ਨੇ ਇਸ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਹੀ ਜਾਰੀ ਨਹੀਂ ਕੀਤਾ।'' ਗੁਲਾਬ ਖ਼ਾਨ ਨੇ ਕਿਹਾ,''ਉਹ ਮੇਰੇ ਨਾਲ ਸੀ, ਉਸ ਨੇ ਖ਼ੁਦ ਮੈਨੂੰ ਦੱਸਿਆ ਸੀ,''ਉਸ ਚਿੱਠੀ ਬਾਰੇ ਜੋ ਰੂਸੀ ਸਮਰਾਟ ਦੀ ਹੱਥ-ਲਿਖਤ ਸੀ ਤੇ ਬਾਬਾ ਰਾਮ ਸਿੰਘ ਨੂੰ ਸੰਬੋਧਿਤ ਸੀ। ਉਸ ਕੋਲ ਬਾਬਾ ਰਾਮ ਸਿੰਘ ਜੀ ਲਈ ਕੁਝ ਤੋਹਫ਼ੇ ਤੇ ਚਿੱਠੀਆਂ ਵੀ ਸਨ। ਇਨ੍ਹਾਂ ਚਿੱਠੀਆਂ 'ਚ ਉਹ ਹਦਾਇਤਾਂ ਦਰਜ ਸਨ ਕਿ ਕਿਹੜੇ ਪਤਿਆਂ 'ਤੇ ਚਿੱਠੀ ਲਿਖਣੀ ਚਾਹੀਦੀ ਹੈ।''

ਪੇਸ਼ਾਵਰ ਤੋਂ ਸੂਬਾ ਗੁਰਚਰਨ ਸਿੰਘ ਇੱਕ ਲੰਮੇ ਰੂਟ ਰਾਹੀਂ ਭੈਣੀ ਸਾਹਿਬ ਪੁੱਜੇ ਅਤੇ ਰੂਸੀ ਚਿੱਠੀ ਤੋਹਫ਼ਿਆਂ ਸਮੇਤ ਬਾਬਾ ਬੁੱਧ ਸਿੰਘ ਜੀ ਨੂੰ ਭੇਟ ਕੀਤੀ ਕਿ ਤਾਂ ਜੋ ਉਹ ਬਾਅਦ 'ਚ ਬਾਬਾ ਰਾਮ ਸਿੰਘ ਜੀ ਤੱਕ ਪੁੱਜ ਸਕੇ। ਉਹ ਬਾਬਾ ਜੀ ਨੂੰ ਰਾਤ ਸਮੇਂ ਗੁਪਤ ਤਰੀਕੇ ਮਿਲੇ। ਉਸ ਮੀਟਿੰਗ 'ਚ ਜੋ ਵੀ ਵਿਚਾਰ-ਚਰਚਾ ਹੋਈ, ਉਹ ਬਾਅਦ 'ਚ ਗੁਰਚਰਨ ਸਿੰਘ ਜੀ ਨੇ ਖ਼ੁਦ ਗੁਲਾਬ ਖਾਨ ਨੂੰ ਦੱਸੀ ਸੀ, ਜਦੋਂ ਦੋਵਾਂ ਦੀ ਮੁਲਾਕਾਤ ਇੱਕ ਰਾਤ ਨੂੰ ਇੱਕ ਕੋਠੜੀ 'ਚ ਹੋਈ ਸੀ[3]। ਕਹਾਣੀ ਬਿਆਨਦਿਆਂ ਉਨ੍ਹਾਂ ਦੱਸਿਆ ਸੀ ਕਿ ਉਨ੍ਹਾਂ ਨੇ ਬਾਬਾ ਬੁੱਧ ਸਿੰਘ ਜੀ ਨੂੰ ਰੂਸੀ ਪਰਵਾਨਾ ਦਿੱਤਾ, ''ਜੋ ਜ਼ਾਰ ਦੀ ਸੂਰਤ ਵਰਗਾ ਸੀ, ਜਿਸ ਵਿੱਚ ਇੱਕ ਕੰਨ ਲਟਕਦਾ ਜਾਪਦਾ ਸੀ।'' ਉਨ੍ਹਾਂ ਨੇ ਉਸ ਨੂੰ ਉਸ ਦੀ ਦੂਜੀ ਕਾਪੀ ਵੀ ਵਿਖਾਈ, ਜਿਸ ਬਾਰੇ ਉਨ੍ਹਾਂ ਦੱਸਿਆ ਕਿ ਉਹ

---

1. -ਉਹੀ-
2. ਇੰਡੀਅਨ ਹਿਸਟੋਰੀਕਲ ਕਮਿਸ਼ਨ ਦੀਆਂ ਕਾਰਵਾਈਆਂ, ਭਾਗ II, 1858, ਪੰਨਾ 57-88
3. -ਉਹੀ-


ਕਸ਼ਮੀਰ ਦੇ ਮਹਾਰਾਜਾ ਨੂੰ ਦੇਣਗੇ। ਉਨ੍ਹਾਂ ਬਾਬਾ ਜੀ ਨੂੰ ਅਨੇਕ ਅਹਿਮ ਦਸਤਾਵੇਜ਼ ਵੀ ਦਿੱਤੇ ''ਜਿਨ੍ਹਾਂ ਵਿੱਚੋਂ ਕੁਝ ਤੁਰਕਿਸਤਾਨ ਦੇ ਨਕਸ਼ੇ ਸਨ, ਰੂਸੀ ਥਲ ਸੈਨਾ ਨਾਲ ਸੰਬੰਧਿਤ ਕੁਝ ਵੇਰਵੇ ਸਨ ਤੇ ਸਮਰਕੰਦ, ਤਾਸ਼ ਕੁਰਗ਼ਾਨ ਆਦਿ ਦੇ ਹਿੰਦੂਆਂ ਦੀਆਂ ਚਿੱਠੀਆਂ ਸਨ।'' ਇਹ ਸਾਰੇ ਦਸਤਾਵੇਜ਼ ਛੇਤੀ ਹੀ ਸਾਵਧਾਨੀ ਵਜੋਂ ਸਾੜ ਦਿੱਤੇ ਗਏ ਸਨ। ਗੁਰਚਰਨ ਸਿੰਘ ਹੁਰਾਂ ਨੂੰ ਇਹੋ ਸਲਾਹ ਦਿੱਤੀ ਗਈ ਸੀ ਕਿ ਉਹ ਭਾਰਤ 'ਚ ਕਿਸੇ ਨੂੰ ਵੀ ਇਹ ਦਸਤਾਵੇਜ਼ ਨਾ ਸੌਂਪਣ ਕਿਉਂਕਿ ਅਜਿਹਾ ਕਰਨਾ ਖ਼ਤਰਨਾਕ ਹੋ ਸਕਦਾ ਸੀ ਅਤੇ ਨਾਲ ਹੀ ਉਨ੍ਹਾਂ ਨੂੰ ਤੁਰੰਤ ਕਾਬੁਲ ਚਲੇ ਜਾਣ ਤੇ ਉੱਥੇ ਪਟਿਆਲਾ ਦੇ ਜੱਸਾ ਰਾਮ ਤੇ ਤਿੰਨ ਹੋਰਨਾਂ (ਇੱਕ ਹਿੰਦੂ ਤੇ ਦੋ ਮੁਸਲਮਾਨਾਂ) ਨੂੰ ਹਜ਼ਰੋ ਦੇ ਮੰਗਲ ਸਿੰਘ ਦੇ ਘਰ 'ਚ ਮਿਲਣ ਲਈ ਆਖਿਆ ਗਿਆ ਸੀ। ਬਾਬਾ ਜੀ ਨੇ ਦੱਸਿਆ ਸੀ ਕਿ ਇਨ੍ਹਾਂ ਲੋਕਾਂ ਕੋਲ ''ਉਨ੍ਹਾਂ ਚਿੱਠੀਆਂ ਦੇ ਜਵਾਬ ਹਨ'', ਜੋ ਉਨ੍ਹਾਂ (ਗੁਰਚਰਨ ਸਿੰਘ ਨੇ) ''ਪਹਿਲਾਂ ਦਿਆਲ ਸਿੰਘ ਤੇ ਅਰੂੜ ਸਿੰਘ ਦੇ ਹੱਥੀਂ ਘੱਲੀਆਂ ਸਨ।'' ਇਸ ਦੇ ਨਾਲ ਹੀ ਬਾਬਾ ਬੁੱਧ ਸਿੰਘ ਜੀ ਨੇ ਗੁਰਚਰਨ ਸਿੰਘ ਹੁਰਾਂ ਨੂੰ ਇਹ ਵੀ ਦੱਸਿਆ ਸੀ[1] ਕਿ ਦਿਆਲ ਸਿੰਘ ਤੇ ਅਰੂੜ ਸਿੰਘ ਵੱਲੋਂ ਲਿਆਂਦੇ ਗਏ ਸਾਰੇ ਦਸਤਾਵੇਜ਼ਾਂ ਵਿੱਚ ਜ਼ਾਰ ਦੀ ਤਸਵੀਰ ਵੀ ਹੈ, ਜੋ ਗੁਰੂ ਰਾਮ ਸਿੰਘ ਜੀ ਨੂੰ ਸਰਹਾਲੀ ਦੇ ਸ਼ਾਮ ਸਿੰਘ ਹੱਥੀਂ ਭੇਜ ਦਿੱਤੀ ਗਈ ਹੈ, ਜੋ ਸ਼ੀਸ਼ੇ ਦੇ ਪਿੱਛੇ ਬਹੁਤ ਧਿਆਨ ਨਾਲ ਲੁਕੋਈ ਗਈ ਹੈ।

ਭੈਣੀ ਸਾਹਿਬ ਤੋਂ ਬਾਅਦ ਗੁਰਚਰਨ ਸਿੰਘ ਜਦੋਂ ਆਪਣੇ ਪਿੰਡ ਚੱਕ ਪਿਰਾਣਾ (ਜਾਂ ਚੱਕ ਰਾਮ ਦਾਸ) ਪੁੱਜੇ, ਤਾਂ ਗੁਲਾਬ ਖ਼ਾਨ ਦੀਆਂ ਗੁਪਤ ਸੂਹਾਂ ਦੇ ਆਧਾਰ 'ਤੇ ਸਰਕਾਰ ਨੇ ਉਨ੍ਹਾਂ ਨੂੰ ਅਚਾਨਕ ਹੀ ਪੁੱਜ ਕੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਪੁੱਛਗਿੱਛ ਲਈ ਲਾਹੌਰ ਦੀ ਨਿਆਂਇਕ ਹਿਰਾਸਤ 'ਚ ਰੱਖਿਆ ਗਿਆ। ਤਦ ਉਸੇ ਵੇਲੇ ਗੁਰਚਰਨ ਸਿੰਘ ਨੂੰ ਸ਼ੱਕ ਨਾ ਹੋਵੇ, ਇਸੇ ਲਈ ਸਾਜ਼ਿਸ਼ੀ ਚਾਲ ਚੱਲਦਿਆਂ ਗੁਲਾਬ ਖ਼ਾਨ ਨੂੰ ਵੀ ਗ੍ਰਿਫ਼ਤਾਰ ਕਰ ਕੇ ਇੱਕ ਰਾਤ ਲਈ ਉਨ੍ਹਾਂ ਦੀ ਹੀ ਕੋਠੜੀ 'ਚ ਡੱਕ ਦਿੱਤਾ ਗਿਆ। ਤਦ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਹ ਜਿਸ ਨੂੰ ਆਪਣਾ ਭਾਈਵਾਲ ਸਮਝ ਰਹੇ ਹਨ, ਉਹੀ ਉਨ੍ਹਾਂ ਦਾ ਸਭ ਤੋਂ ਭੈੜਾ ਦੁਸ਼ਮਣ ਹੈ, ਇਸੇ ਕਾਰਣ ਤਦ ਉਨ੍ਹਾਂ ਬਹੁਤ ਸਾਰੇ ਭੇਤ ਉਸ ਨੂੰ ਦੱਸ ਦਿੱਤੇ। ਉਨ੍ਹਾਂ ਉਸ ਨੂੰ ਆਪਣੇ ਪੇਸ਼ਾਵਰ ਤੋਂ ਰਵਾਨਗੀ ਵੇਲੇ ਤੋਂ ਆਪਣੀਆਂ ਸਾਰੀਆਂ ਗਤੀਵਿਧੀਆਂ ਬਾਰੇ ਖੁੱਲ੍ਹ ਕੇ ਸਾਰੀ ਜਾਣਕਾਰੀ ਦੇ ਦਿੱਤੀ। ਭੈਣੀ ਸਾਹਿਬ ਵਿਖੇ ਬਾਬਾ ਬੁੱਧ ਸਿੰਘ ਨਾਲ ਗੁਪਤ ਮੀਟਿੰਗ ਸੰਬੰਧੀ ਵੀ ਦੱਸ ਦਿੱਤਾ, ਜਿਸ ਬਾਰੇ ਅਸੀਂ ਪਹਿਲਾਂ ਜਾਣ ਚੁੱਕੇ ਹਾਂ। ਉਨ੍ਹਾਂ ਇਹ ਵੀ ਦੱਸ ਦਿੱਤਾ ਕਿ ਇੱਥੋਂ ਰਿਹਾਈ ਤੋਂ ਬਾਅਦ ਉਹ ''ਜੰਮੂ ਜਾਣਗੇ ਤੇ ਉਥੋਂ ਰੂਸੀਆਂ ਲਈ ਮਹਾਰਾਜੇ ਦੀ ਚਿੱਠੀ ਹਾਸਲ ਕਰਨਗੇ, ਜੋ ਬਾਬਾ ਬੁੱਧ ਸਿੰਘ ਜੀ ਦੇ ਜਵਾਬ ਸਮੇਤ ਉਹ ਕਾਬੁਲ

---

1. -ਉਹੀ- -- ''ਕੁਝ ਦਿਨਾਂ ਬਾਅਦ ਗੁਲਾਬ ਖਾਨ ਦੀ ਗੁਰਚਰਨ ਸਿੰਘ ਨਾਲ ਗੱਲਬਾਤ ਦੇ ਵੇਰਵੇ ਬਾਕਾਇਦਾ ਰਿਕਾਰਡ 'ਚ ਲਿਆਂਦੇ ਗਏ ਸਨ, ਇੱਕ ਰਿਪੋਰਟ ਬਰਮਾ ਤੋਂ ਮਿਲੀ ਸੀ ਕਿ ਮਰਗੋਈ 'ਚ ਗਾਰਡ ਨੇ ਸਰਹਾਲੀ ਦੇ ਸ਼ਾਮ ਸਿੰਘ ਦੇ ਸਪੁੱਤਰ ਮੀਹਾਂ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਨੂੰ ਗੁਰੂ ਰਾਮ ਸਿੰਘ ਜੀ ਵਾਲੀ ਜੇਲ੍ਹ 'ਚ ਹੀ ਰੱਖਿਆ ਗਿਆ ਹੈ।''


੧ਓ ਸਤਿਗੁਰ ਪ੍ਰਸਾਦਿ॥ ਲਿਖਿਆ ਸਾਖੀਆਂ ਸਿਖ
ਦਾ ਗੁਰਨਾਥ ਦੇਵ ਅਸਾ ਇਕ ਸੁਧਾਤੇ ਜੀਆ ਹੈ ਉਮਦੀ ਜਥਾਨੀ ਵਾ
ਤੇ ਮਸੂ ਲੈਣਾ॥ ਗੁਰ ਚਰਨਾਂ ਸਿਖ ਸੁਖੇ ਦਾਨੰ ਮੁਹੈ॥ ਗੁਰੂ ਗੋਬਿੰਦ ਸਿੰਘ
ਪਾਤਸਾਹਿ ਜੀ ਦਾ ਬਚਨ ਹੈ॥ ਜਬ ਬਾਰਾਂ ਸੈ ਅਠਤਾਲੀ ਜਰਗੀ ਸੰਮਤੁ ਆ
ਵੈਗਾ ਤਬ ਸੰਤ ਖਾਲਸਾ ਪ੍ਰਗਟ ਹੋਵੈਗਾ॥ ਨੁਰੰਗ ਜੋ ਬਾਲੂ ਬਚਨ ਹੋਇ
ਆ ਹੈ ਇਕ …ਸ ਦੂਖ ਦੇਵੈਗਾ ਨਾਮ ਧਾਰੀਆਂ ਨੂੰ ਤਬ ਅਗ੍ਰੇਸ ਆਦੇ
ਗਾ ਅੰਗ੍ਰੇਜ਼ ਨੂੰ ਦੂਰ ਕਰੈਗਾ॥ ਅਗ੍ਰੇਸ ਬਾਣ ਦੂਰ ਕੀ ਜੀਤ ਹੋਵੈਗੀ ਸਾ
ਰੂ ਬਾਬੇ ਨਾਨਕ ਸ਼ਾਹਿ ਜੀ ਦਾ ਬਚਨ ਹੈ ਅਵਤਾਰ ਧਾਰਾਗਾ ਏਕ
ਦ੍ਰ ਸ ਤਅਤੇ ਆਵੇ॥ ਕਰੈ ਜ਼ੁਲਮ ਬਹੁਤ ਦੁਖ ਅਚਾਵੇ॥ ਸੇਸਨਾਗ
ਹਿ ਅੰਤ ਕੋ ਪਾਵੈ॥ ਬ੍ਰਹਮਾ ਬੇਦ ਨ ਅੰਤੁ ਨ ਹੀ ਪਾਇਓ॥ ਨੇਤ ਨੇਤ
ਕਰ ਮੁਖ ਅਲਾਵੈ॥ ਸਪਤ ਦੀਪ ਕੇ ਰਾਜੇ ਜਾਨੇ॥ ਕਰਨ ਲਾਗਤ ਏ
ਕਠਿਆ ਨੇ॥ ਰਕਤ ਭਾਜੀ ਆਤੰਕਾ ਮਿਨੇ ਵਿਚ ਪਸੋਗ॥ ਖੰਡਾ
ਘੋੜਾ ਅਰ ਜੋ ਫੂਫ ਰਹੇ ਸਭ ਠੇਰ॥ ਲੋਹੇ ਸਹਕਤ ਬਹੋ ਸਿੰਗ॥
ਰਕਤ ਭਾਜੀ ਆਤ ਬਹੋ ਸੀਤ ਰਗ॥ ਰੇਜਰ ਪਈ ਜਾਨੈ ਕਰਗਾ ਬਸ
ਆਵੈ॥ ਗੁਰੂ ਨਾਨਕ ਸ਼ਾਹਿ ਜੀ ਦਾ ਹੁਕਮ ਹੈ ਨਾਮਧਾਰੀਆਂ ਦੇਗਾ
ਤਿਸ ਕੀ ਜੀਤ ਹੋਵੈਗੀ॥ ਤੈ ਲਖ ਪੰਦ੍ਰਾਂ ਹਜਾਰ ੩੧੫੦੦੦ ਸਿਖ
ਅੰਗ੍ਰੇਜ਼ਾਂ ਦੇ ਸਹੈ ਨਾਲ ਹੋਰ ਕੀ ਕੀਤੀ ਜਾਵੇਗੀ॥ ਪੰਜਾਬ ਉਜੜੇਗਾ
ਸਹਿਰ ਸੜੈਗੇ॥ ਅਠ ਜ਼ੁਲਮ ਹੋਵਣਗੇ॥ ਚੋਤੀ ਧੂਸ ਅੰਗਰੇ
ਜ ਰਹੈਗਾ ਹਿੰਦ ਦਾ ਧਿਰ॥ ਦੇਵ ਭਾਰੀ ਗਏ ਦੇਹੈਨਾ॥ ਉਤਰਾ ਨ
ਬਧੀਤਨ ਪੁਰਤੇ ਆਵੈਗਾ॥ ਹੋਰ ਪੰਜਾਬ ਦੇ ਵਿਚ ਰਾਣੀਆ
ਸਭ ਖਾਲੀ ਪਈਆਂ ਹੈਨ॥ ਅਨਾਸ ਪ੍ਰਾਦੇਸਾ ਕੀਤਾ ਹੈ ਅਸ
ਬਹੁਤੀ ਪਾਲਨਾ ਕੀਤੀ ਹੈ॥ ਇਕ ਸੂਬਾ ਸਿੰਘ ਬੇਗੁਸਾਹ ਹਾਏ


ਏਹੈਨੁਭਜਨਬੰਦਗੀਵਾਲਾਉਨਾਅਠਾਥੀਸਵਾਇਤੇਪ[illegible]
ਤ੍ਰਾਏਹੈਨਾ। ਤੁਸਾਨੂਹੁਕਮਬਾਬੇਗੁਰੂਨਾਨਕਸ਼ਾਹਿਬਜ[illegible]
ਜੋਆਸਾਡੀਰਾਛਿਆਕਰੋ। ਤ੨੫੦੦੦ ਤ੍ਰੈਲਖਪੰਦ੍ਰ[illegible]
ਸਿੰਘਤੁਸਾਡੀਮਰਹਾਵਸਤੈਤੇਆਰਹੈਨਹੋਰਭੀਜਮ[illegible]
ਜਾਏਗਾ। ਜਿਸਵਖਤਆਵੇਮਰਾਹੋਉਸੀਵਖਤ[illegible]
ਹੋਰਜੀਸਭਾਸਿੰਘਪਾਨੇਅਜਕੀਤੀਸੀਗੁਰੂਦਸਮੇਪਾਤ[illegible]
ਗੁਰੂਗੋਬਿੰਦਸਿੰਘਪਾਤਸ਼ਾਹਿਬਜੀਏਆਸਜੋਕਿਥੇਕਿਥੇਅ[illegible]
[illegible]ਜੀਕਰੋ। ਤਬਗੁਰਕਾਪਰਚਨਹੋਇਆ। ੧ਦੂਨਕਾ[illegible]
[illegible]ਚ। ੧ ਕਾਬਲਾਵਿਚ। ੧ ਜੰਮਰਦਾਵਿਚ। ੧[illegible]
[illegible]। ੧ ਜੰਮੂਵਿਚ। ੧ ਲਾਹੋਰਵਿਚ। ੧ ਪੋਜਪੁ[illegible]
[illegible]ਚ। ਹੋਰਜੋਮੁਲ[illegible]ਕਾਰਬਾਵਬੁ[illegible]
[illegible]ਵਿਚਰਹਦੇਹੈਨਾ। ਤ੫ ਪੈਰਈਏ[illegible]
[illegible]ਵਲੇਹੈਨਾ।

ਬਾਬਾ ਰਾਮ ਸਿੰਘ ਜੀ ਵੱਲੋਂ ਰੂਸ ਨੂੰ ਲਿਖੀ ਇੱਕ ਚਿੱਠੀ ਦੀ ਫ਼ੋਟੋ ਕਾਪੀ
(ਧੰਨਵਾਦ ਸਹਿਤ: ਸੋਵੀਅਤ ਗਣਰਾਜ ਦਾ ਦੂਤਾਵਾਸ, ਨਵੀਂ ਦਿੱਲੀ)

੧ਓ ਸਤਿਗੁਰਪ੍ਰਸਾਦਿ।

ਲਿਖਤੁ ਅਬਾਦੁ ਬਾਬਾ ਸਿੰਘ ਪੁਰਬੁਕਾਤੂ ਕਿਸਤਾਂ ਚੋ ਗੋਬਿੰਦ ਨਾਥ ਜੀ ਦੇ
ਵਾਸਤੇ ਤੁ ਬਾਹੇਰਾਂ ਅਰ ਕੈਦ ਵਿ ਲੇਜਾਂਗੇ ਲਈ ਵਾਸਤੇ ਜੀ ਨੂੰ।
ਨੂੰ ਆਗੇ ਵੈ ਜੋ ਚਿਠੀ ਤੁਸਾਂ ਸਤੇ ਗੁਰੂ ਬਾਬਾ ਦਾ ਰਾਮ ਸਿੰਘ ਜੀ ਦੇ
ਵਾਸਤੇ ਨਾਲ ਆਪਣੇ ਆਸੂਤਾ ਦੇ ਸੂ ਚੇ ਗੁਰੂ ਰਾਮ ਸਿੰਘ
[illegible]ਥਤੇ ਜੀ ।। ਜੋ ਤੁਸੇ ਬੁਲੀ ਤਕ ਪੁਖ[illegible] ਨਾਲ ਸਾਨੂੰ ਪ
[illegible]ਤੀਆ ਹੈ ਜੀ ਚਿਠੀ ਨੂੰ ਪੜ੍ਹ ਕੇ [illegible] ਅਨੂੰ [illegible]
[illegible]ਪੂਜਨ ਹੇ [illegible] ਜੀ [illegible] ਗੁਰ
[illegible] ਸਿੰਘ ਪੁਛੇ ਆਂ [illegible] ਦੀ ਬਾਰ ਤਾ [illegible] ਪੰਥ ਦ
ਆਸੂਾ ਦੇਆ ਹੋਰਾ ਸਿਖਾ ਨੂੰ [illegible] ਨੂੰ [illegible] ਦੀ ਖਬਰ ਸੂ
[illegible]ਸ ਤੁ ਖੁਸ ਹੋਏ ਹੈਨ ਇਸ ਬਾਰਤਾ ਨੂੰ ਸੁਣ ਕੇ ਸਭ ਨੇ ਸਾਨੂੰ ਦੇ
[illegible]ਹਾ ਦਿਤੀ ਕੇ ਜੋ ਤੁਸੀ ਚਿਠੀ ਗੁਰ ਰਾਮ ਸਿੰਘ ਨੂੰ ਲੈ ਆਏ ਹੋ
[illegible]ਤੇ ਗੁਰ ਬਾਣੀ ਦੀ ਪਾਤਸਾਹੀ ਰਾਂ [illegible] ਸਿੰਘ ਜੀ [illegible]
[illegible] ਆਪਣੇ ਇਤਰਣੇ [illegible]
[illegible] ਚੁਪ [illegible] ਲਿਖੇ ਕੋ [illegible]
[illegible] ਸਾਨੂੰ ਪੰਨਿਆ ਬਦਤੇ [illegible]
[illegible] ਗੁਰ ਦੀ ਕ੍ਰਿਪਾ ਨਾਲ ਸਭ [illegible] ਸਾਡੇ ਕੋਲ [illegible]
ਤੇ ਲਖ ਪੰਦਾ ਹਜਾਰ ਆਪਣੇ ਪੰਥ ਦੇ ਨੂੰ ਕੇ ਖਾਲਸਾ [illegible]



ਬਾਬਾ ਰਾਮ ਸਿੰਘ ਜੀ ਵੱਲੋਂ ਰੂਸ ਨੂੰ ਲਿਖੀ ਇੱਕ ਚਿੱਠੀ ਦੀ ਫ਼ੋਟੋ ਕਾਪੀ
(ਧੰਨਵਾਦ ਸਹਿਤ: ਨੈਸ਼ਨਲ ਆਰਕਾਈਵਜ਼, ਭਾਰਤ)

ਲੈ ਕੇ ਜਾਣਗੇ ਅਤੇ ਸੈਦ ਖ਼ਾਨ[1] ਨੂੰ ਦੇਣਗੇ।'' ਉਨ੍ਹਾਂ ਜੇਲ੍ਹ ਦੀ ਉਸ ਕੋਠੜੀ 'ਚ ਜੋ ਕੁਝ ਵੀ ਦੱਸਿਆ ਗੁਲਾਬ ਖ਼ਾਨ ਨੇ ਵਿਸ਼ਵਾਸਘਾਤੀ ਢੰਗ ਨਾਲ ਉਹ ਸਭ ਸਰਕਾਰ ਕੋਲ ਜਾ ਕੇ ਉਗਲ਼ ਦਿੱਤਾ।

ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਗੁਰਚਰਨ ਸਿੰਘ ਹੁਰਾਂ ਬਾਰੇ ਇੱਕ ਗੁਪਤ ਰਿਪੋਰਟ ਤਿਆਰ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੀਆਂ ਅਣਚਾਹੀਆਂ ਗਤੀਵਿਧੀਆਂ ਬਾਰੇ ਕੁਝ ਇੰਝ ਬਿਆਨ ਕੀਤਾ ਗਿਆ ਸੀ: ''ਗੁਰਚਰਨ ਸਿੰਘ ਯਕੀਨੀ ਤੌਰ 'ਤੇ ਬ੍ਰਿਟਿਸ਼ ਸਰਕਾਰ ਦੇ ਵਿਰੋਧੀ ਹਨ। ਭਾਵੇਂ ਉਹ ਬਜ਼ੁਰਗ ਹਨ ਪਰ ਉਹ ਸਰੀਰਕ ਤੌਰ 'ਤੇ ਬਹੁਤ ਮਜ਼ਬੂਤ ਹਨ ਤੇ ਭਾਰੀ ਥਕਾਵਟ ਵੀ ਝੱਲ ਲੈਂਦੇ ਹਨ। ਉਹ ਬਿਲਕੁਲ ਸਿੱਧੇ ਅਦਭੁਤ ਤਰੀਕੇ ਨਾਲ ਤਣ ਕੇ ਖਲੋਂਦੇ ਹਨ, ਤੇ ਇੱਕ ਸਿੱਖ ਫ਼ੌਜੀ ਜਵਾਨ ਦੀ ਬਹੁਤ ਵਧੀਆ ਮਿਸਾਲ ਹਨ... ਮਾਨਸਿਕ ਤੌਰ 'ਤੇ ਉਹ ਬਿਲਕੁਲ ਤੰਦਰੁਸਤ ਹਨ ਤੇ ਸਿਆਸੀ ਚਾਲਾਂ ਘੜ ਸਕਦੇ ਹਨ... ਜੇ ਉਨ੍ਹਾਂ ਨੂੰ ਖੁੱਲ੍ਹਾ ਰੱਖਿਆ ਗਿਆ, ਤਾਂ ਉਹ ਰੂਸੀਆਂ ਵੱਲੋਂ ਮਿਲੇ ਮਾਣ-ਤਾਣ ਮੋੜਨ ਦਾ ਕੋਈ ਮੌਕਾ ਨਹੀਂ ਛੱਡਣਗੇ ਅਤੇ ਜੇ ਕਿਤੇ ਪੰਜਾਬ 'ਤੇ ਰੂਸੀਆਂ ਨੇ ਕਬਜ਼ਾ ਕਰ ਲਿਆ, ਤਾਂ ਉਹ ਕੂਕਿਆਂ ਲਈ ਉਸ ਦਾ ਲਾਹਾ ਲੈਣ ਤੋਂ ਵੀ ਪਿੱਛੇ ਨਹੀਂ ਹਟਣਗੇ।''

ਇਹ ਰਿਪੋਰਟ 5 ਅਪ੍ਰੈਲ, 1881 ਨੂੰ ਭਾਰਤ ਸਰਕਾਰ ਕੋਲ ਭੇਜ ਦਿੱਤੀ ਗਈ। ਇਸ ਦੇ ਨਾਲ ਅਧਿਕਾਰੀਆਂ ਨੇ ਆਪਣੇ ਵਿਚਾਰਾਂ ਵਾਲੀ ਇੱਕ ਚਿੱਠੀ ਵੀ ਭੇਜੀ ਸੀ, ਜੋ ਕੁਝ ਇਸ ਤਰ੍ਹਾਂ ਸੀ[2]: ''ਆਪ ਜੀ ਨੂੰ ਸਮੇਂ-ਸਮੇਂ 'ਤੇ ਗੁਰਚਰਨ ਸਿੰਘ, ਪੁੱਤਰ ਅਤਰ ਸਿੰਘ, ਵਿਰਕ ਜੱਟ, ਨਿਵਾਸੀ ਸਿਆਲਕੋਟ ਜ਼ਿਲ੍ਹੇ 'ਚ ਚੱਕ ਪਿਰਾਣਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਰਹੀ ਹੈ, ਜਿਸ ਨੂੰ ਪਿਛਲੇ ਕਈ ਸਾਲਾਂ ਤੋਂ ਕੇਂਦਰੀ ਏਸ਼ੀਆ ਦੀਆਂ ਯਾਤਰਾਵਾਂ 'ਤੇ ਜਾਣ ਦੀ ਆਦਤ ਹੈ ਅਤੇ ਉਹ ਕੇਂਦਰੀ ਏਸ਼ੀਆ 'ਚ ਰੂਸੀ ਅਧਿਕਾਰੀਆਂ ਨੂੰ ਖ਼ੁਫ਼ੀਆ ਜਾਣਕਾਰੀ ਦਿੰਦਾ ਰਿਹਾ ਹੈ। ਗੁਰਚਰਨ ਸਿੰਘ ਪਿੱਛੇ ਜਿਹੇ ਆਪਣੀ ਅਜਿਹੀ ਇੱਕ ਯਾਤਰਾ ਤੋਂ ਪੰਜਾਬ ਪਰਤਿਆ ਹੈ ਅਤੇ ਗੁਪਤ ਵਿਭਾਗ ਨੂੰ ਇਸ ਬਾਰੇ ਜਾਣਕਾਰੀ ਮਿਲੀ ਸੀ, ਫਿਰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਸ ਵੇਲੇ ਉਹ ਲਾਹੌਰ ਦੀ ਜੇਲ੍ਹ 'ਚ ਹੈ। ਗੁਰਚਰਨ ਸਿੰਘ ਬਾਰੇ ਇਕੱਠੇ ਕੀਤੇ ਤੱਥਾਂ ਦੀ ਜਾਂਚ ਤੋਂ ਬਾਅਦ ਲੈਫ਼ਟੀਨੈਂਟ ਗਵਰਨਰ ਇਸ ਨਤੀਜੇ 'ਤੇ ਪੁੱਜੇ ਹਨ ਕਿ ਉਸ ਨੂੰ ਰਿਹਾਅ ਕਰਨਾ ਖ਼ਤਰੇ ਤੋਂ ਖਾਲੀ ਨਹੀਂ ਹੈ ਕਿਉਂਕਿ ਉਹ ਭਵਿੱਖ 'ਚ ਵੀ ਕੇਂਦਰੀ ਏਸ਼ੀਆ ਦੇ ਰੂਸੀ ਅਧਿਕਾਰੀਆਂ ਤੇ ਬੁਰੀ ਤਰ੍ਹਾਂ ਉੱਖੜ ਚੁੱਕੇ ਕੂਕਿਆ ਵਿਚਾਲੇ ਗੱਲਬਾਤ ਦਾ ਮਾਧਿਅਮ ਬਣਿਆ ਰਹੇਗਾ। ਸਰ ਰਾਬਰਟ ਦਾ ਮੰਨਣਾ ਹੈ ਕਿ ਸਰਕਾਰ ਨੂੰ ਉਸ ਬਾਰੇ ਜਿਹੜੇ ਵੀ ਸ਼ੰਕੇ ਸਨ, ਉਹ ਸਭ ਦਰੁਸਤ ਪਾਏ ਗਏ ਹਨ। ਇਨ੍ਹਾਂ ਹਾਲਾਤ 'ਚ ਮਾਣਯੋਗ ਲੈਫ਼ਟੀਨੈਂਟ ਗਵਰਨਰ ਇਹੋ ਸਿਫ਼ਾਰਸ਼ ਕਰਨਗੇ ਕਿ 1818 ਦੇ ਰੈਗੂਲੇਸ਼ਨ III ਦੀਆਂ ਵਿਵਸਥਾਵਾਂ ਅਧੀਨ ਗੁਰਚਰਨ ਸਿੰਘ

1. -ਉਹੀ-
2. -ਉਹੀ-

ਨੂੰ ਤਦ ਤੱਕ ਹਿਰਾਸਤ 'ਚ ਹੀ ਰੱਖਿਆ ਜਾਵੇ, ਜਦੋਂ ਤੱਕ ਕਿ ਕੌਂਸਲ 'ਚ ਮਹਾਮਹਿਮ ਗਵਰਨਰ ਜਨਰਲ ਸਰ ਰਾਬਰਟ ਈਗਰਟਨ ਇਹ ਫ਼ੈਸਲਾ ਨਹੀਂ ਦਿੰਦੇ ਕਿ ਕੀ ਉਸ ਨੂੰ ਲੰਮੇ ਸਮੇਂ ਤੱਕ ਹਿਰਾਸਤ 'ਚ ਰੱਖਣ ਦੀ ਲੋੜ ਹੈ ਜਾਂ ਨਹੀਂ ਪਰ ਗੁਰਚਰਨ ਸਿੰਘ ਦੇ ਕੂਕਿਆਂ ਨਾਲ ਸੰਪਰਕ ਲੰਮੇ ਸਮੇਂ ਤੱਕ ਤੋੜ ਕੇ ਰੱਖਣੇ ਚਾਹੀਦੇ ਹਨ ਤੇ ਕੇਂਦਰੀ ਏਸ਼ੀਆ ਨਾਲ ਉਸ ਦੀ ਨੇੜਤਾ 'ਚ ਵੀ ਦਖ਼ਲ ਦੇਣਾ ਜ਼ਰੂਰੀ ਹੈ, ਇਹ ਸਭ ਇਨ੍ਹਾਂ ਦਸਤਾਵੇਜ਼ਾਂ ਤੋਂ ਜ਼ਾਹਿਰ ਹੁੰਦਾ ਹੈ।''

ਪੰਜਾਬ ਸਰਕਾਰ ਦੀ ਇਹ ਸਿਫ਼ਾਰਸ਼ ਭਾਰਤ ਸਰਕਾਰ ਨੇ ਪ੍ਰਵਾਨ ਕਰ ਲਈ ਸੀ ਤੇ 1818 ਦੇ ਰੈਗੂਲੇਸ਼ਨ III ਅਧੀਨ ਗਵਰਨਰ ਜਨਰਲ ਦੀ ਇਸ ਖ਼ਾਸ ਹਦਾਇਤ ਨਾਲ ਇੱਕ ਵਾਰੰਟ ਜਾਰੀ ਕਰ ਦਿੱਤਾ ਗਿਆ ਸੀ ਕਿ ਉਹ ''ਕਿਸੇ ਕੂਕੇ ਨੂੰ ਕਿਸੇ ਹਿੰਸਕ ਕਾਰਵਾਈ ਲਈ ਭੜਕਾ ਨਾ ਸਕੇ[1],'' ਇਸ ਲਈ ਇਹੋ ਬਿਹਤਰ ਹੋਵੇਗਾ ਕਿ ਉਸ ਨੂੰ ਉਸ ਦੇ ਆਪਣੇ ਹੀ ਪਿੰਡ 'ਚ ਜਾਂ ਕਿਸੇ ਹੋਰ ਢੁੱਕਵੀਂ ਥਾਂ 'ਤੇ ਨਿਗਰਾਨੀ ਅਧੀਨ ਰੱਖਿਆ ਜਾਵੇ। ਪੰਜਾਬ ਸਰਕਾਰ ਨੇ ਫਿਰ ਕੁਝ ਧਿਆਨ ਨਾਲ ਸੋਚ-ਵਿਚਾਰ ਕਰਨ ਉਪਰੰਤ ਉਨ੍ਹਾਂ ਨੂੰ ਮੁਲਤਾਨ ਦੀ ਜੇਲ੍ਹ 'ਚ ਰੱਖਣ ਦਾ ਫ਼ੈਸਲਾ ਕੀਤਾ ਸੀ। ਕੋਈ ਸੁਣਵਾਈ ਨਹੀਂ ਕੀਤੀ ਗਈ ਸੀ ਕਿਉਂਕਿ ਕਾਨੂੰਨ ਦੀ ਸਿੱਧੀ ਪ੍ਰਕਿਰਿਆ ਰਾਹੀਂ ਨਿਯਮਤ ਅਦਾਲਤ 'ਚ ਤਾਂ ਉਨ੍ਹਾਂ ਵਿਰੁੱਧ ਕੁਝ ਵੀ ਸਿੱਧ ਨਹੀਂ ਕੀਤਾ ਜਾ ਸਕਦਾ ਸੀ। ਗੁਰਚਰਨ ਸਿੰਘ ਹੁਰਾਂ ਨੂੰ 1886 ਤੱਕ ਰਿਹਾਅ ਨਹੀਂ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਅੱਗੇ ਵਧੀਏ, ਕੇਂਦਰ ਸਰਕਾਰ ਦੇ ਮੈਂਬਰਾਂ ਵੱਲੋਂ ਨੋਟ ਕੀਤੀਆਂ ਕੁਝ ਟਿੱਪਣੀਆਂ ਦਾ ਜ਼ਿਕਰ ਕਰਨਾ ਠੀਕ ਰਹੇਗਾ। ਗਵਰਨਰ ਜਨਰਲ ਦੇ ਸਕੱਤਰ ਨੇ ਬਹੁਤ ਸੋਚ-ਵਿਚਾਰ ਕੇ ਉਮਰ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਕੀਤੀ ਸੀ। ਉਨ੍ਹਾਂ ਲਿਖਤੀ ਰੂਪ 'ਚ ਦੱਸਿਆ ਸੀ[2]: ''ਮੇਰੇ ਵਿਚਾਰ ਅਨੁਸਾਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਚਰਨ ਸਿੰਘ ਉੱਤੇ ਜਿਹੜੇ ਵੀ ਦੋਸ਼ ਲੱਗੇ ਹਨ, ਉਹ ਉਨ੍ਹਾਂ ਗਤੀਵਿਧੀਆਂ 'ਚ ਸ਼ਾਮਲ ਰਿਹਾ ਹੈ ਅਤੇ ਉਹ ਮਰਗੋਈ ਵਿਖੇ ਰੂਸੀਆਂ ਤੇ ਬਾਬਾ ਰਾਮ ਸਿੰਘ ਜੀ ਵਿਚਾਲੇ ਗੱਲਬਾਤ ਸ਼ੁਰੂ ਕਰਵਾਉਣ 'ਚ ਸਫ਼ਲ ਰਿਹਾ ਹੈ.. ਜੇ ਗੁਰਚਰਨ ਸਿੰਘ ਦੇ ਸੰਪਰਕ ਕੂਕਿਆਂ ਨਾਲੋਂ ਤੋੜਨ ਦੀ ਗੱਲ ਕਰੀਏ, ਤਾਂ ਇਹ ਵਿਅਰਥ ਜਾਪਦਾ ਹੈ। ਉਹ ਇੱਕ ਕੂਕਾ ਸੂਬਾ ਹੈ ਤੇ ਆਪਣੀ ਜ਼ਿੰਦਗੀ ਦੇ ਅੰਤ ਤੱਕ ਰਹੇਗਾ, ਉਸ ਹੈਸੀਅਤ ਨਾਲ ਉਹ ਸਾਡਾ ਨੁਕਸਾਨ ਕਰ ਚੁੱਕਾ ਹੈ, ਇਸ ਲਈ ਜੇ ਉਸ ਨੂੰ ਅਯੋਗ ਬਣਾਉਣਾ ਹੈ, ਤਾਂ ਸਾਨੂੰ ਉਸ ਨੂੰ ਉਮਰ ਕੈਦ 'ਚ ਰੱਖਣਾ ਹੋਵੇਗਾ। ਇਸ ਤੋਂ ਇਲਾਵਾ ਮੈਨੂੰ ਹੋਰ ਕੋਈ ਰਾਹ ਵਿਖਾਈ ਨਹੀਂ ਦਿੰਦਾ।'' ਗਵਰਨਰ ਜਨਰਲ ਦਾ ਨੋਟ ਕੁਝ ਨਰਮ ਤੇ ਸੰਤੁਲਿਤ ਸੀ। ਉਸ ਨੇ ਇਹ ਨਹੀਂ ਸੋਚਿਆ ਸੀ[3]

---

1. -ਉਹੀ-
2. -ਉਹੀ-
3. -ਉਹੀ-

ਕਿ ਉਨ੍ਹਾਂ ਨੂੰ ''ਰੂਸੀਆਂ ਨਾਲ ਗੁਰਚਰਨ ਸਿੰਘ ਦੀ ਗੱਲਬਾਤ ਸਦਕਾ ਕੋਈ ਤਕਲੀਫ਼ ਦੇਣ ਦੀ ਜ਼ਰੂਰਤ ਹੈ, ਕਿਉਂਕਿ ਰੂਸੀ ਕਦੇ ਅਜਿਹੇ ਇੱਕਾ-ਦੁੱਕਾ ਮੁਲਾਕਾਤੀਆਂ ਦੇ ਕਹਿਣ 'ਤੇ ਕੋਈ ਕਾਰਵਾਈ ਨਹੀਂ ਕਰ ਪਾਉਣਗੇ।'' ਪਰ ਉਸ ਨੇ ਇਹ ਮੰਨਿਆ ਕਿ ''ਅਜਿਹੇ ਕਿਸੇ ਮਹੱਤਵਹੀਣ ਵਿਚਾਰਾਂ ਦਾ ਕੂਕਿਆਂ ਉੱਤੇ ਅਸਰ ਪੈ ਸਕਦਾ ਹੈ ਕਿ ਰੂਸੀ ਉਨ੍ਹਾਂ ਦੀ ਮਦਦ ਕਰ ਸਕਦੇ ਹਨ, ਇਹ ਅਹਿਮ ਹੈ।''

ਥੋੜ੍ਹਾ ਪਹਿਲਾਂ ਸੂਬਾ ਗੁਰਚਰਨ ਸਿੰਘ ਦੀ ਬਾਬਾ ਬੁੱਧ ਸਿੰਘ ਜੀ ਨਾਲ ਗੁਪਤ ਮੁਲਾਕਾਤ ਦਾ ਜ਼ਿਕਰ ਕੀਤਾ ਗਿਆ ਸੀ। ਉਸ ਤੋਂ ਬਾਬਾ ਬੁੱਧ ਸਿੰਘ ਜੀ ਵੱਲੋਂ ਰੂਸੀ ਇਮਦਾਦ ਦੀਆਂ ਕੋਸ਼ਿਸ਼ਾਂ ਦਾ ਕੁਝ ਵਿਚਾਰ ਮਿਲ ਸਕਦਾ ਹੈ। ਕੁਝ ਹੋਰ ਤੱਥਾਂ ਦੇ ਜ਼ਿਕਰ ਨਾਲ ਇਸ ਮਾਮਲੇ 'ਤੇ ਹੋਰ ਰੌਸ਼ਨੀ ਪੈ ਸਕਦੀ ਹੈ। ਪਹਿਲਾ ਹਵਾਲਾ ਤਾਂ ਉਨ੍ਹਾਂ ਦੀ ਭੈਣੀ ਸਾਹਿਬ ਵਿਖੇ ਬਾਬਾ ਬੁੱਧ ਸਿੰਘ ਜੀ ਨਾਲ ਮੁਲਾਕਾਤ ਬਾਰੇ ਗੁਲਾਬ ਖ਼ਾਨ ਦੀ ਡਾਇਰੀ ਤੋਂ ਮਿਲਦਾ ਹੈ, ਜਿਸ ਵਿੱਚ ਕੁਝ ਇੰਝ ਲਿਖਿਆ ਹੈ[1]: ''ਅਗਲੇ ਦਿਨ (3 ਜਨਵਰੀ, 1881) ਮੈਂ ਬਾਬਾ ਬੁੱਧ ਸਿੰਘ ਜੀ ਨੂੰ ਜੰਗਲ 'ਚ ਮਿਲਿਆ ਸਾਂ। ਤਦ ਉਹ ਮੇਰੇ ਪ੍ਰਤੀ ਬਹੁਤ ਸਨਿਮਰ ਸਨ, ਉਨ੍ਹਾਂ ਮੈਨੂੰ ਕੁਝ ਧਨ ਤੇ ਕੱਪੜੇ ਦੇਣ ਦੀ ਪੇਸ਼ਕਸ਼ ਕਰਦਿਆਂ ਕਿਹਾ ਉਹ ਤੇ ਸਮੁੱਚਾ ਸੰਪਰਦਾਇ ਬਹੁਤ ਚਿੰਤਾਤੁਰ ਹੋ ਕੇ ਉਸ ਵੇਲੇ ਦੀ ਉਡੀਕ ਕਰ ਰਿਹਾ ਹੈ, ਜਦੋਂ ਰੂਸੀ ਆਮੂ ਦਰਿਆ (ਓਕਸਸ) ਪਾਰ ਕਰ ਕੇ ਆਉਣਗੇ, ਜਦੋਂ ਕੂਕਿਆਂ ਦੀ ਗਿਣਤੀ ਕਾਫ਼ੀ ਜ਼ਿਆਦਾ ਮਿਆਰੀ ਹੋ ਚੁੱਕੀ ਹੋਵੇਗੀ।'' ਇੱਕ ਹੋਰ ਵਰਣਨਯੋਗ ਤੱਥ ਉਹ ਸੁਨੇਹਾ ਹੈ, ਜੋ ਅਰੂੜ ਸਿੰਘ (ਸੂਬਾ ਗੁਰਚਰਨ ਸਿੰਘ ਦੇ ਪਿੰਡ ਤੋਂ ਉਨ੍ਹਾਂ ਦੇ ਹੀ ਪਰਿਵਾਰਕ ਮੈਂਬਰ) 18 ਜਨਵਰੀ, 1881 ਨੂੰ ਬਾਬਾ ਬੁੱਧ ਸਿੰਘ ਜੀ ਤੋਂ ਬ੍ਰਿਟਿਸ਼ ਸੂਹੀਏ ਗੁਲਾਬ ਖ਼ਾਨ ਲਈ ਲਿਆਏ ਸਨ ਕਿਉਂਕਿ ਤਦ ਉਸ ਨੂੰ ਗ਼ਲਤੀ ਨਾਲ ਦੋਸਤ ਸਮਝ ਲਿਆ ਗਿਆ ਸੀ। ਉਸ ਸੁਨੇਹੇ 'ਚ ਦੱਸਿਆ ਗਿਆ ਸੀ ਕਿ ਬਾਬਾ ਜੀ ''ਕੋਲ ਹੁਣ ਰੂਸੀਆਂ ਦੀ ਕੋਈ ਚਿੱਠੀ ਨਹੀਂ ਹੈ, ਉਸ ਚਿੱਠੀ ਦਾ ਜਵਾਬ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ, ਜਿਹੜੀ ਉਨ੍ਹਾਂ ਨੂੰ ਗੁਰਚਰਨ ਸਿੰਘ ਤੋਂ ਮਿਲੀ ਸੀ ਤੇ ਉਹ ਜਵਾਬ ਲੈ ਕੇ ਗਿਆ ਵਿਅਕਤੀ ਹੁਣ ਤੱਕ ਤਾਂ ਕਾਬੁਲ ਪੁੱਜ ਵੀ ਚੁੱਕਿਆ ਹੋਵੇਗਾ।'' ਗੁਲਾਬ ਖ਼ਾਨ ਨੇ ਉਸ ਹਰਕਾਰੇ ਤੱਕ ਪੁੱਜਣ ਲਈ ''ਕਾਬੁਲ ਜਾਣਾ ਸੀ ਤੇ ਫਿਰ ਹਜ਼ਰੋ ਦੇ ਮੰਗਲ ਸਿੰਘ ਨੂੰ ਲੱਭਣਾ ਸੀ ਤੇ ਉਸ ਨਾਲ ਬਹਾਰ ਦੇ ਮੌਸਮ ਤੱਕ ਰਹਿਣਾ ਸੀ, ਜਦੋਂ ਜੇ ਗੁਰਚਰਨ ਸਿੰਘ ਰਿਹਾਅ ਹੋ ਗਏ, ਤਾਂ ਉਹ ਤੇ ਦੋ ਹੋਰ ਜਣੇ ਚਿੱਠੀਆਂ ਤੇ ਤੋਹਫ਼ਿਆਂ ਨਾਲ ਰੂਸੀਆਂ ਕੋਲ ਭੇਜੇ ਜਾਣਗੇ;'' ਪਰ ਜੇ ਉਸ ਨੇ ਸਮਰਕੰਦ ਜਾਣਾ ਠੀਕ ਸਮਝਿਆ, ਤਾਂ ਉਹ ਅਜਿਹਾ ਕਰ ਸਕਦਾ ਹੈ, ''ਕਿਉਂਕਿ ਉਸ ਦੇ ਹਰਕਾਰਿਆਂ ਨੇ ਆਪਣਾ ਰਾਹ ਆਪੇ ਲੱਭਣਾ ਹੋਵੇਗਾ ਤੇ ਉਹ ਜੂਨ ਦੇ ਆਰੰਭ 'ਚ ਉੱਥੇ ਪੁੱਜਣਗੇ।'' ਉਹ ਸੁਨੇਹਾ ਰੂਸ ਦੇ ਉੱਘੇ ਅਧਿਕਾਰੀਆਂ ਦੀਆਂ ਸ਼ੁਭਕਾਮਨਾਵਾਂ ਨਾਲ ਖ਼ਤਮ ਹੁੰਦਾ ਹੈ।

1883 'ਚ ਸਾਲ 1880 ਦੀਆਂ ਦੋ ਚਿੱਠੀਆਂ ਸਰਕਾਰ ਨੇ ਰਾਹ 'ਚੋਂ ਫੜੀਆਂ

1. -ਉਹੀ-

ਸਨ, ਇੱਕ ਤਾਂ ਬਾਬਾ ਬੁੱਧ ਸਿੰਘ ਜੀ ਦੀ ਸੀ, ਜੋ ਤੁਰਕਿਸਤਾਨ ਦੇ ਰੂਸੀ ਗਵਰਨਰ ਤੇ ਜਨਰਲ ਈਵਾਨੌਫ਼ ਤੱਕ ਪੁੱਜਣੀ ਸੀ ਅਤੇ ਦੂਜੀ ਚਿੱਠੀ ਕੱਟਾ ਕੁਰਗ਼ਾਨ ਦੇ ਰੂਸੀ ਗਵਰਨਰ ਦੀ ਲਿਖੀ ਹੋਈ ਸੀ, ਜੋ ਬਾਬਾ ਬੁੱਧ ਸਿੰਘ ਤੇ ਜੱਸਾ ਰਾਮ[1] ਤੱਕ ਪੁੱਜਣੀ ਸੀ। ਇਹ ਚਿੱਠੀਆਂ ਸ਼ੰਕਰ ਰਾਏ ਨਾਂਅ ਦੇ ਵਿਅਕਤੀ ਤੋਂ ਮਿਲੀਆਂ ਸਨ, ਜੋ ਅਕਸਰ ਕੂਕਿਆਂ ਦਾ ਦੂਤ ਬਣ ਕੇ ਰੂਸੀਆਂ ਕੋਲ ਜਾਂਦਾ ਰਹਿੰਦਾ ਸੀ। ਪਹਿਲੀ ਚਿੱਠੀ ਗੁਰਮੁਖੀ 'ਚ ਸੀ। ਇਸ ਦੀ ਪ੍ਰਾਪਤੀ ਦਾ ਜਵਾਬ ਸੂਬਾ ਗੁਰਚਰਨ ਸਿੰਘ ਹੱਥੀਂ ਬਾਬਾ ਰਾਮ ਸਿੰਘ ਜੀ ਲਈ ਭੇਜੀ ਗਈ ਰੂਸੀ ਗਵਰਨਰ ਦੀ ਚਿੱਠੀ ਤੋਂ ਹੋ ਜਾਂਦਾ ਹੈ ਤੇ ਉਸ ਵਿੱਚ ਲਿਖਿਆ ਹੈ: "ਤੁਹਾਡੀ ਚਿੱਠੀ ਦੀ ਆਮਦ ਦੀ ਖ਼ੁਸ਼ਖ਼ਬਰੀ ਤੇ ਇਸ ਨੂੰ ਲਿਆਉਣ ਵਾਲੇ ਗੁਰਚਰਨ ਸਿੰਘ ਬਾਰੇ ਸੂਬਿਆਂ ਤੇ ਹੋਰ ਕੂਕਿਆਂ ਨੂੰ ਜਾਣਕਾਰੀ ਦੇ ਦਿੱਤੀ ਗਈ ਸੀ ਤੇ ਉਨ੍ਹਾਂ ਸਭ ਨੂੰ ਖ਼ੁਸ਼ੀ ਮਹਿਸੂਸ ਹੋਈ ਸੀ। ਉਨ੍ਹਾਂ ਨੇ ਸਾਨੂੰ ਸਲਾਹ ਦਿੱਤੀ ਹੈ ਕਿ ਤੁਹਾਡੀ ਚਿੱਠੀ ਸਤਿਗੁਰੂ ਜੀ ਅਤੇ 12ਵੇਂ ਪਾਤਸ਼ਾਹ ਬਾਬਾ ਰਾਮ ਸਿੰਘ ਜੀ ਤੱਕ ਪੁੱਜਦੀ ਕੀਤੀ ਜਾਵੇ ਅਤੇ ਤਹਾਡੇ ਤੱਕ ਇੱਕ ਸੂਝਵਾਨ ਵਿਅਕਤੀ ਨੂੰ ਚਿੱਠੀ ਦੇ ਕੇ ਨਿਮਨਲਿਖਤ ਪ੍ਰਭਾਵ ਲਈ ਭੇਜਿਆ ਜਾਵੇ। ਸਾਨੂੰ ਤੁਹਾਡੇ ਧਨ ਜਾਂ ਹਥਿਆਰਾਂ ਤੇ ਗੋਲ਼ੀ-ਸਿੱਕੇ ਦੀ ਜ਼ਰੂਰਤ ਨਹੀਂ ਹੈ। ਸਤਿਗੁਰੂ ਦੀ ਕ੍ਰਿਪਾ ਨਾਲ, ਸਾਡੇ ਸਟੋਰਜ਼ 'ਚ ਸਭ ਕੁਝ ਤਿਆਰ ਪਿਆ ਹੈ। ਇੱਥੇ ਆਓ ਤੇ ਆਪਣੇ-ਆਪ ਨੂੰ ਦਰਸਾਓ। ਤਦ ਸਤਿਗੁਰੂ ਜੀ ਦੀ ਮਿਹਰ ਸਦਕਾ ਮਲੇਛ ਫ਼ਿਰੰਗੀਆਂ ਨੂੰ ਅਸੀਂ ਇੱਕ ਛਿਣ 'ਚ ਹੀ ਬਰਬਾਦ ਕਰ ਕੇ ਰੱਖ ਦੇਵਾਂਗੇ।" ਇਸ ਤੋਂ ਇਲਾਵਾ ਇਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਥਿਤ ਭਵਿੱਖਬਾਣੀਆਂ ਦਾ ਜ਼ਿਕਰ ਸੀ ਕਿ ਤਾਂ ਜੋ ਇਹ ਸਿੱਧ ਕੀਤਾ ਜਾ ਸਕੇ ਕਿ ਰੂਸੀਆਂ ਦਾ ਭਾਰਤ ਆਉਣਾ ਕਿਸੇ ਨਾ ਕਿਸੇ ਤਰ੍ਹਾਂ ਲਾਜ਼ਮੀ ਹੈ। ਚਿੱਠੀ ਦੇ ਅੰਤ 'ਚ ਇਹ ਭਰੋਸਾ ਦਿੱਤਾ ਗਿਆ ਸੀ ਕਿ ਜੇ ਰੂਸੀ ਭਾਰਤ ਆਉਣ ਦਾ ਰਾਹ ਚੁਣਦੇ ਹਨ, ਤਾਂ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਤਕਲੀਫ਼ ਨਹੀਂ ਹੋਵੇਗੀ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ "ਆਪਣੇ ਮਨ 'ਚ ਕਿਸੇ ਕਿਸਮ ਦੀ ਚਿੰਤਾ ਨਾ ਰੱਖਣਾ। ਗੁਰੂ ਜੀ ਦੀ ਮਿਹਰ ਸਦਕਾ ਕੂਕਿਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਪਹਾੜੀ ਰਾਜਾ ਸਾਡਾ ਦੋਸਤ ਹੈ। ਸਾਰੇ ਲੋਕ ਹੀ ਇਨ੍ਹਾਂ ਮਲੇਛਾਂ ਤੋਂ ਡਾਢੇ ਦੁਖੀ ਹਨ।" ਭਵਿੱਖ ਦੀ ਚਿੱਠੀ-ਪੱਤਰੀ ਲਈ ਸੁਫ਼ੇਦ ਸਿੰਘ ਤੇ ਲਾਲ ਸਿੰਘ ਕੋਡ ਨਾਮ ਸੁਝਾਏ ਗਏ ਸਨ।

ਦੂਜੀ ਚਿੱਠੀ ਫ਼ਾਰਸੀ ਭਾਸ਼ਾ 'ਚ ਸੀ ਤੇ ਉਸ ਉੱਤੇ ਕੱਟਾ ਕੁਰਗ਼ਾਨ ਦੇ ਰੂਸੀ ਗਵਰਨਰ ਦੀ ਮੋਹਰ ਵੀ ਲੱਗੀ ਹੋਈ ਸੀ। ਇਸ ਵਿੱਚ ਲਿਖਿਆ ਗਿਆ ਸੀ ਕਿ ਇਸ ਪੱਤਰ ਨੂੰ ਲਿਆਉਣ ਵਾਲਾ "ਤਾਕਤਵਰ, ਕੁਲੀਨ ਤੇ ਸ਼ਕਤੀਸ਼ਾਲੀ ਰਾਜਾ ਬੁੱਧ ਸਿੰਘ ਤੇ ਸੂਬੇਦਾਰ ਜੱਸਾ ਰਾਮ ਦੀਆਂ ਗੱਲਾਂ-ਬਾਤਾਂ ਬਾਰੇ ਉੱਚ ਅਧਿਕਾਰੀਆਂ ਨੂੰ ਹਰ ਤਰ੍ਹਾਂ ਦਾ ਜਵਾਬ ਦੇਵੇਗਾ" ਅਤੇ ਦਿੱਤੇ ਸੁਨੇਹੇ ਬਾਰੇ ਤੁਰੰਤ ਕਾਰਵਾਈ ਪਾਉਣ ਦੀ ਬੇਨਤੀ ਕੀਤੀ ਗਈ ਸੀ।

ਇਨ੍ਹਾਂ ਦੋਵੇਂ ਚਿੱਠੀਆਂ ਦਾ ਨਿਰੀਖਣ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ

---

1. ਵਿਦੇਸ਼ ਵਿਭਾਗ (ਸੀਕ੍ਰੇਟ-ਈ), ਕੌਨਸ. ਜਨਵਰੀ 1884, ਨੰਬਰ 48-95

ਸੀ। ਤਦ ਇਸ ਬਾਰੇ ਕੋਈ ਪੱਕੇ ਫ਼ੈਸਲੇ 'ਤੇ ਨਹੀਂ ਪੁੱਜਿਆ ਜਾ ਸਕਿਆ ਸੀ ਕਿ ਕੀ ਇਹ ਚਿੱਠੀਆਂ ਅਸਲੀ ਵੀ ਹਨ ਜਾਂ ਨਹੀਂ। ਸਰ ਚਾਰਲਸ ਐਚਿਸਨ ਨੇ ਉਨ੍ਹਾਂ ਨੂੰ ਕੋਈ ਬਹੁਤੀ ਅਹਿਮੀਅਤ ਨਹੀਂ ਦਿੱਤੀ ਸੀ ਤੇ ਇਹੋ ਸੋਚਿਆ ਸੀ ਕਿ "ਇਹ ਸੰਭਵ ਹੈ ਕਿ ਸੈਦ ਖ਼ਾਨ ਤੇ ਗੁਲਾਬ ਖ਼ਾਨ ਧਨ ਹਾਸਲ ਕਰਨ ਲਈ ਅਜਿਹੀਆਂ ਚਿੱਠੀਆਂ ਆਪੇ ਹੀ ਨਾ ਤਿਆਰ ਕਰਦੇ ਹੋਣ[1]।" ਲੈਫ਼ਟੀਨੈਂਟ ਗਵਰਨਰ ਨੇ ਕਿਹਾ ਕਿ ਫਿਰ ਵੀ ਇਹ ਮਾਮਲਾ "ਸ਼ੱਕ ਤੋਂ ਬਾਹਰ ਨਹੀਂ ਹੈ, ਇਹ ਸੰਭਵ ਹੈ ਕਿ ਸ਼ੰਕਰ ਰਾਏ ਕੋਲੋਂ ਮਿਲੇ ਦਸਤਾਵੇਜ਼ "ਅਸਲ ਦਸਤਾਵੇਜ਼[2] ਵੀ ਹੋ ਸਕਦੇ ਹਨ," ਜਿਸ ਦੇ ਇਹ ਦੋ ਕਾਰਣ ਹੋ ਸਕਦੇ ਹਨ: (1) ਸੈਦ ਖ਼ਾਨ ਅਨੁਸਾਰ ਮੋਹਰ ਅਸਲੀ ਹੈ; (2) ਸ਼ੰਕਰ ਰਾਏ ਪਹਿਲਾਂ ਵੀ "ਕੂਕਾ ਲੀਡਰਾਂ ਤੇ ਰੂਸੀ ਅਧਿਕਾਰੀਆਂ ਵਿਚਾਲੇ ਗੁਪਤ ਚਿੱਠੀਆਂ ਇੱਧਰ-ਉਧਰ ਲਿਜਾਂਦਾ ਰਿਹਾ ਹੈ।" ਪਰ ਤਦ ਇਹ ਮਾਮਲਾ ਨਿਸ਼ਚਤ ਨਹੀਂ ਸੀ, ਤਦ ਕੋਈ ਕਾਰਵਾਈ ਜ਼ਰੂਰੀ ਨਹੀਂ ਸਮਝੀ ਗਈ ਸੀ ਜਾਂ ਇਨ੍ਹਾਂ ਚਿੱਠੀਆਂ ਦੇ ਆਧਾਰ 'ਤੇ ਕੂਕਿਆਂ ਵਿਰੁੱਧ ਕਾਰਵਾਈ ਦੀ ਕੋਈ ਸਿਫ਼ਾਰਸ਼ ਨਹੀਂ ਕੀਤੀ ਗਈ ਸੀ। ਕੇਂਦਰ ਸਰਕਾਰ ਨੂੰ ਦੱਸਿਆ ਗਿਆ ਸੀ ਕਿ ਲੈਫਟੀਨੈਂਟ ਗਵਰਨਰ ਦਾ ਮੰਨਣਾ ਸੀ ਕਿ "ਚਿੱਠੀਆਂ 'ਚ ਪਾਈਆਂ ਜਾਣ ਵਾਲੀਆਂ ਅਜਿਹੀਆਂ ਭੇਤ ਭਰੀਆਂ ਸ਼ੁਭ-ਕਾਮਨਾਵਾਂ ਤੋਂ ਕੋਈ ਗੰਭੀਰ ਨੁਕਸਾਨ ਨਹੀਂ ਹੋ ਸਕਦਾ[3]।"

1881 'ਚ ਸੂਬਾ ਗੁਰਚਰਨ ਸਿੰਘ ਦੀ ਗ੍ਰਿਫ਼ਤਾਰੀ ਤੇ ਉਪਰੋਕਤ ਚਿੱਠੀਆਂ ਦਾ ਇਸ ਤਰੀਕੇ ਫੜੇ ਜਾਣਾ ਭਾਵੇਂ ਰੂਸੀਆਂ ਨਾਲ ਕੂਕਿਆਂ ਦੀ ਗੁਪਤ ਗੱਲਬਾਤ ਨੂੰ ਕੋਈ ਗੰਭੀਰ ਝਟਕੇ ਤਾਂ ਨਹੀਂ ਸਨ, ਫਿਰ ਵੀ ਕੂਕਾ ਆਗੂਆਂ ਦਾ ਉਤਸ਼ਾਹ ਬਿਲਕੁਲ ਵੀ ਮੱਠਾ ਪਿਆ ਨਹੀਂ ਜਾਪਦਾ ਸੀ। ਕੰਮ ਪਹਿਲਾਂ ਵਾਲੇ ਜੋਸ਼ ਨਾਲ ਹੀ ਜਾਰੀ ਸੀ। ਜਿਸ ਵਿਅਕਤੀ ਨੇ ਇਸ ਕੰਮ ਨੂੰ ਤਾਕਤ ਤੇ ਨਿਰੰਤਰਤਾ ਬਖ਼ਸ਼ੀ, ਉਹ ਸਨ ਬਹੁਤ ਹੀ ਮਿਸ਼ਨਰੀ ਉਤਸ਼ਾਹ ਵਾਲੇ ਕੂਕਾ ਸੂਬਾ ਬਿਸ਼ਨ ਸਿੰਘ। ਉਹ ਇੱਕ ਅਮੀਰ ਅਰੋੜਾ ਕਾਰੋਬਾਰੀ ਸਨ, ਜਿਨ੍ਹਾਂ ਦੀਆਂ ਪੇਸ਼ਾਵਰ, ਕਾਬੁਲ, ਬੁਖਾਰਾ ਤੇ ਰੂਸੀ ਇਲਾਕਿਆਂ 'ਚ ਵੀ ਏਜੰਸੀਆਂ ਸਨ, ਉਹ ਆਸਾਨੀ ਨਾਲ ਕੇਂਦਰੀ ਏਸ਼ੀਆ 'ਚ ਰੂਸੀ ਅਧਿਕਾਰੀਆਂ ਨਾਲ ਸੰਬੰਧ ਮਜ਼ਬੂਤ ਕਰ ਸਕਦੇ ਸਨ ਤੇ ਉਹ ਬਾਬਾ ਬੁੱਧ ਸਿੰਘ ਜੀ ਤੇ ਉਨ੍ਹਾਂ ਵਿਚਾਲੇ ਗੱਲਬਾਤ ਦੇ ਮਾਧਿਅਮ ਵਜੋਂ ਵਿਚਰ ਸਕਦੇ ਸਨ। ਸੂਬਾ ਬਿਸ਼ਨ ਸਿੰਘ ਹੁਰਾਂ ਦਾ ਅਧਿਕਾਰਤ ਖਾਤਾ ਦਰਸਾਉਂਦਾ ਹੈ ਕਿ ਬਾਬਾ ਰਾਮ ਸਿੰਘ ਜੀ ਨੇ ਆਪਣੀ ਜਲਾਵਤਨੀ ਤੋਂ ਪਹਿਲਾਂ "ਆਪਣੇ ਪੈਰੋਕਾਰਾਂ ਨਾਲ ਇਹ ਗੱਲ ਸਾਂਝੀ ਕੀਤੀ ਸੀ ਕਿ ਸਭ ਤਰ੍ਹਾਂ ਦੀਆਂ ਔਕੜਾਂ ਦੇ ਹੱਲ ਲਈ ਰੂਸ ਨਾਲ ਮਿਲ ਕੇ ਕੋਈ ਵੱਡੀ ਯੋਜਨਾ ਉਲੀਕੀ ਜਾਣੀ ਚਾਹੀਦੀ ਹੈ" ਅਤੇ ਇਸ ਮੰਤਵ ਲਈ ਉਨ੍ਹਾਂ ਬਿਸ਼ਨ ਸਿੰਘ ਹੁਰਾਂ ਦੀ ਡਿਊਟੀ ਲਾਈ ਸੀ[4]। ਸਾਲ 1880 ਤੋਂ 1888 ਦੇ ਕਾਲ ਦੌਰਾਨ ਦੀਆਂ ਸੂਬਾ ਬਿਸ਼ਨ

1. -ਉਹੀ-, ਭਾਰਤ ਸਰਕਾਰ ਨੂੰ ਪੰਜਾਬ ਸਰਕਾਰ ਵੱਲੋਂ, ਮਿਤੀ 30 ਮਈ, 1883
2. -ਉਹੀ-
3. -ਉਹੀ- ਭਾਰਤ ਸਰਕਾਰ ਨੂੰ ਪੰਜਾਬ ਸਰਕਾਰ ਵੱਲੋਂ, ਮਿਤੀ 30 ਨੰਬਰ, 1883
4. ਵਿਦੇਸ਼ ਵਿਭਾਗ (ਸੀਕ੍ਰੇਟ-ਐੱਫ਼), ਅਗਸਤ 1889, ਕੌਂਸ. 114-115

ਸਿੰਘ ਦੀਆਂ ਅਨੇਕ ਗਤੀਵਿਧੀਆਂ ਦਾ ਬਾਕਾਇਦਾ ਜ਼ਿਕਰ ਸੀਕ੍ਰੇਟ ਵਿਭਾਗ ਦੇ ਸਰਕਾਰੀ ਰਿਕਾਰਡਾਂ 'ਚ ਮਿਲਦਾ ਹੈ ਪਰ 1880 ਤੋਂ ਪਹਿਲਾਂ ਦੀਆਂ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਇਹ ਰਿਕਾਰਡ ਚੁੱਪ ਹਨ। ਇਸ ਤੋਂ ਪਤਾ ਲਗਦਾ ਹੈ ਕਿ ਤਦ ਜਾਂ ਤਾਂ ਉਹ ਸਰਗਰਮ ਨਹੀਂ ਸਨ ਜਾਂ ਸਰਕਾਰ ਦੀ ਉਨ੍ਹਾਂ 'ਤੇ ਨਜ਼ਰ ਨਹੀਂ ਸੀ। ਅਜਿਹਾ ਸੰਭਵ ਹੈ ਕਿਉਂਕਿ ਰੂਸ ਤੇ ਗ੍ਰੇਟ ਬ੍ਰਿਟੇਨ ਵਿਚਾਲੇ ਦੂਰੀਆਂ ਵਧਦੀਆਂ ਜਾ ਰਹੀਆਂ ਸਨ, ਅਫ਼ਗਾਨ ਸੰਕਟ ਵੀ ਵਧਦਾ ਜਾ ਰਿਹਾ ਸੀ ਤੇ ਨਾਲ ਹੀ ਸੂਬਾ ਗੁਰਚਰਨ ਸਿੰਘ ਦਾ ਪ੍ਰਭਾਵ ਵੀ, ਜਿਸ ਕਰ ਕੇ ਉਹ ਸਰਗਰਮ ਹੋਏ ਤੇ ਫਿਰ ਸਭ ਦੇ ਸਾਹਮਣੇ ਆਏ।

ਇੱਕ ਹੋਰ ਪੱਖ ਨੇ ਵੀ ਉਨ੍ਹਾਂ ਦੇ ਮਨ ਨੂੰ ਖਿੱਚਿਆ ਹੋ ਸਕਦਾ ਹੋਵੇਗਾ। ਹੋ ਸਕਦਾ ਹੈ ਕਿ ਅਜਿਹਾ ਉਸ ਭਵਿੱਖਬਾਣੀ ਕਰਕੇ ਹੋਇਆ, ਜੋ ਉਨ੍ਹਾਂ ਜਨਮ-ਸਾਖੀਆਂ 'ਤੇ ਆਧਾਰਤ ਸੀ, ਜੋ 1876 'ਚ ਸਿਰਸਾ ਜ਼ਿਲ੍ਹੇ ਦੇ ਹਰੀਪੁਰ ਸਥਿਤ ਬੱਡ ਤੀਰਥ ਤਾਲਾਬ 'ਚੋਂ ਮਿਲੀ ਸੀ, ਜਿਸ ਵਿੱਚ ਲਿਖਿਆ ਸੀ ਕਿ ਬਿਸ਼ਨ ਸਿੰਘ "ਪੰਜਾਬ ਵਿੱਚ ਉੱਤਰ-ਪੱਛਮੀ ਮੋਰਚੇ 'ਤੇ ਇੱਕ ਮੁਸਲਿਮ ਫ਼ੌਜ ਦੀ ਅਗਵਾਈ ਕਰੇਗਾ[1]।" ਇੱਕ ਵਾਰ ਉਹ ਉਤਸ਼ਾਹ-ਭਰਪੂਰ ਹੈ, ਤਾਂ ਫਿਰ ਇੰਝ ਜਾਪਦਾ ਹੈ ਕਿ ਉਨ੍ਹਾਂ ਫਿਰ ਆਪਣੀਆਂ ਯੋਜਨਾਵਾਂ ਨੂੰ ਸਫ਼ਲ ਬਣਾਉਣ ਦੀਆਂ ਕੋਸ਼ਿਸ਼ਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਉਹ ਸੂਬਾ ਗੁਰਚਰਨ ਸਿੰਘ ਹੁਰਾਂ ਵਾਂਗ ਮਹਿਜ਼ ਇੱਕ ਦੂਤ ਹੀ ਨਹੀਂ ਸਨ। ਉਨ੍ਹਾਂ ਕੂਕਿਆ ਦੀ ਇੱਕ ਕੋਰ ਵੀ ਸਥਾਪਤ ਕੀਤੀ ਸੀ, ਜੋ ਹੌਲੀ-ਹੌਲੀ ਬੈਚਾਂ ਵਿੱਚ ਉਨ੍ਹਾਂ ਨਾਲ ਜੁੜਦੀ ਜਾ ਰਹੀ ਸੀ, ਇਸੇ ਲਈ 1884 'ਚ ਗੁਰਦਾਸਪੁਰ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਇਸ ਬਾਰੇ ਰਿਪੋਰਟ ਕਰਨ ਯੋਗ ਹੋਏ[2]: "ਇਹ ਕਿਹਾ ਜਾਂਦਾ ਹੈ ਕਿ ਸੂਬਾ ਬਿਸ਼ਨ ਸਿੰਘ ਦੇ ਨਾਲ 300 ਪੈਰੋਕਾਰ ਸਨ ਤੇ ਉਹ ਹਫ਼ਤੇ 'ਚ ਦੋ ਵਾਰ ਬੁਖਾਰਾ ਦੇ ਹਾਕਮ ਨੂੰ ਮਿਲਣ ਲਈ ਜਾਇਆ ਕਰਦੇ ਸਨ, ਜੋ ਦਰਅਸਲ ਰੂਸੀ ਸਰਕਾਰ ਦਾ ਹੀ ਨੁਮਾਇੰਦਾ ਸੀ।" ਕੁਝ ਸਾਲਾਂ ਬਾਅਦ 2 ਜੂਨ, 1888 ਨੂੰ ਲੁਧਿਆਣਾ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੇ ਸੂਚਿਤ ਕੀਤਾ ਸੀ, "ਕਿ ਰੂਸੀ ਸੇਵਾ 'ਚ ਸੂਬਾ ਬਿਸ਼ਨ ਸਿੰਘ ਕੋਲ ਕਈ ਰੈਜਿਮੈਂਟਸ ਦੀ ਕਮਾਂਡ ਸੀ ਅਤੇ ਉਨ੍ਹਾਂ ਨਾਲ ਦੇ ਕੁਝ ਕੂਕਿਆਂ ਕੋਲ ਉੱਚ ਅਹੁਦੇ ਸਨ[3]।" ਇਸ ਤੋਂ ਸੰਕੇਤ ਮਿਲਦਾ ਹੈ ਕਿ ਬਿਸ਼ਨ ਸਿੰਘ ਕੇਂਦਰੀ ਏਸ਼ੀਆ 'ਚ ਕੂਕਿਆ ਦੀ ਕਾਫ਼ੀ ਗਿਣਤੀ ਇਕੱਠੀ ਕਰਨ ਪਿੱਛੋਂ ਹੀ ਰੂਸੀ ਫ਼ੌਜੀ ਸੇਵਾ 'ਚ ਭਰਤੀ ਹੋਏ ਸਨ। ਉਂਝ ਇਸ ਤੱਥ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਇਸ ਦੀ ਪੁਸ਼ਟੀ ਰੂਸੀ ਸਰੋਤਾਂ ਤੋਂ ਕਰ ਲੈਣ ਦੀ ਲੋੜ ਹੈ।

ਅਜਿਹੇ ਬਹੁਤ ਸਾਰੇ ਸੁਨੇਹੇ ਵੀ ਪੰਜਾਬ ਪੁੱਜਦੇ ਰਹੇ ਸਨ ਕਿ ਸੂਬਾ ਬਿਸ਼ਨ ਸਿੰਘ ਨੂੰ ਸ਼ਾਇਦ ਭਾਰਤ ਭੇਜਿਆ ਜਾ ਰਿਹਾ ਹੈ, ਅਜਿਹਾ ਇੱਕ ਸੰਦੇਸ਼ 1883 'ਚ

---

1. -ਉਹੀ-
2. -ਉਹੀ-
3. -ਉਹੀ-

ਮਿਲਿਆ ਸੀ ਕਿ "ਰੂਸੀ ਜੰਗ ਵਰਗੀਆਂ ਤਿਆਰੀਆਂ ਕਰ ਰਹੇ ਹਨ ਤੇ ਉਨ੍ਹਾਂ ਦੀ ਮਨਸ਼ਾ ਸੰਮਤ 1941 (1884-85 ਈ.)[1] 'ਚ ਕਰਨ ਦੀ ਮਨਸ਼ਾ ਹੈ।" ਲੁਧਿਆਣਾ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਦੀ ਮਿਤੀ 8 ਸਤੰਬਰ, 1883 ਦੀ ਰਿਪੋਰਟ ਅਨੁਸਾਰ ਇਹ ਜਾਣਕਾਰੀ ਹੀਰਾ ਸਿੰਘ ਤੋਂ ਹਾਸਲ ਕੀਤੀ ਗਈ ਸੀ, ਜੋ ਸੂਬਾ ਬਿਸ਼ਨ ਸਿੰਘ ਦੇ ਚਚੇਰੇ ਭਰਾ ਸਨ।

1887 'ਚ ਮਹਾਰਾਜਾ ਦਲੀਪ ਸਿੰਘ ਦੀ ਰੂਸ ਆਮਦ ਨਾਲ ਹਾਲਾਤ ਨੇ ਨਾਟਕੀ ਮੋੜ ਲਿਆ ਸੀ। ਸੂਬਾ ਬਿਸ਼ਨ ਸਿੰਘ ਬਾਰੇ ਅਧਿਕਾਰਤ ਦਸਤਾਵੇਜ਼ਾਂ ਤੋਂ ਸਾਨੂੰ ਇਹ ਮੰਨਣਾ ਪੈਂਦਾ ਹੈ ਕਿ ਜਦੋਂ ਮਹਾਰਾਜਾ ਰੂਸ ਆਏ ਸਨ, ਤਦ ਉਨ੍ਹਾਂ ਨੇ ਬਿਸ਼ਨ ਸਿੰਘ ਜੀ ਨਾਲ ਆਮ ਗੱਲਬਾਤ ਕੀਤੀ ਸੀ ਅਤੇ ਦੋਵੇਂ ਪੰਜਾਬ 'ਤੇ ਹਮਲਾ ਕਰਨ ਦੇ ਮੰਤਵ ਨਾਲ ਰੂਸੀ ਸਹਾਇਤਾ ਦਾ ਇੰਤਜ਼ਾਮ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਰਹੇ ਸਨ[2]। ਇਹ ਮਾਮਲਾ ਪਹਿਲਾਂ 1886 'ਚ ਭਾਰਤ ਕੋਲ ਉਠਾਇਆ ਗਿਆ ਸੀ ਤੇ ਤਦ ਅਜਿਹੀਆਂ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਗਿਆ ਸੀ ਕਿ ਸਾਲ 1887 'ਚ ਕੋਈ ਹਮਲਾ ਹੋ ਸਕਦਾ ਹੈ।

1887 'ਚ ਸੂਬਾ ਗੁਰਚਰਨ ਸਿੰਘ ਨੇ ਇੱਕ ਵਾਰ ਫਿਰ ਰੂਸ ਜਾਣ ਬਾਰੇ ਸੋਚਿਆ। ਤਦ ਉਹ 80 ਵਰ੍ਹਿਆਂ ਦੇ ਸਨ। ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਪਾਬੰਦੀਆਂ ਸਨ ਕਿਉਂਕਿ ਉਨ੍ਹਾਂ ਨੂੰ 1886 'ਚ ਇਸੇ ਸ਼ਰਤ 'ਤੇ ਰਿਹਾਅ ਕੀਤਾ ਗਿਆ ਸੀ ਕਿ ਉਹ ਆਪਣਾ ਜੱਦੀ ਜ਼ਿਲ੍ਹਾ ਛੱਡ ਕੇ ਕਿਤੇ ਹੋਰ ਨਹੀਂ ਜਾਣਗੇ। ਪਰ ਉਨ੍ਹਾਂ ਅੰਦਰਲੇ ਕੂਕਾਵਾਦ ਨੂੰ ਨਾ ਤਾਂ ਉਮਰ ਅਤੇ ਨਾ ਹੀ ਸਰਕਾਰੀ ਪਾਬੰਦੀਆਂ ਦਬਾ ਸਕੀਆਂ। ਅਧਿਕਾਰੀਆਂ ਦੀ ਹੁਕਮ-ਅਦੂਲੀ ਦਾ ਫਿਰ ਭਾਵੇਂ ਕੋਈ ਵੀ ਨਤੀਜਾ ਭੁਗਤਣਾ ਪਵੇ, ਉਨ੍ਹਾਂ ਭਾਰਤ ਤੋਂ ਬਾਹਰ ਜਾ ਕੇ ਮਹਾਰਾਜਾ ਦਲੀਪ ਸਿੰਘ ਤੇ ਬਿਸ਼ਨ ਸਿੰਘ ਨੂੰ ਮਿਲਣ ਲਈ ਤਿਆਰੀ ਖਿੱਚ ਲਈ। ਪਰ ਇਸ ਤੋਂ ਪਹਿਲਾਂ ਕਿ ਉਹ ਕੁਝ ਕਰ ਸਕਦੇ, ਇਸ ਬਾਰੇ ਸਰਕਾਰ ਕੋਲ ਗੁਪਤ ਰਿਪੋਰਟਿੰਗ ਹੋ ਗਈ। ਤਦ ਸਿਆਲਕੋਟ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਤੁਰੰਤ ਹਦਾਇਤ ਜਾਰੀ ਹੋ ਗਈ ਕਿ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਕੁਝ ਵੀ ਕਰਨੋਂ ਰੋਕਣਾ ਹੈ[3]। 1889 'ਚ ਇੱਕ ਵਾਰ ਫਿਰ ਅਜਿਹੀ ਇੱਕ ਡੀ.ਓ. ਚਿੱਠੀ ਕੇਂਦਰ ਸਰਕਾਰ ਦੇ ਸ੍ਰੀ ਕਨਿੰਘਮ ਵੱਲੋਂ ਪੰਜਾਬ ਸਰਕਾਰ ਦੇ ਅਧਿਕਾਰੀ ਸ੍ਰੀ ਸੀ.ਆਈ. ਟੱਪਰ ਨੂੰ ਭੇਜੀ ਗਈ ਸੀ। ਨੀਮ-ਅਧਿਕਾਰਤ ਜਵਾਬ 'ਚ ਕੇਂਦਰ ਸਰਕਾਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਸਿਆਲਕੋਟ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੂੰ ਹਦਾਇਤ ਕਰ ਦਿੱਤੀ ਗਈ ਸੀ ਕਿ "ਗੁਰਚਰਨ ਸਿੰਘ ਦੇ ਪੰਜਾਬ ਤੋਂ ਬਾਹਰ ਜਾਣ ਦੀ ਹਰੇਕ ਕੋਸ਼ਿਸ਼ ਨਾਕਾਮ ਕਰਨੀ ਹੈ[4]।"

---

1. -ਉਹੀ-
2. -ਉਹੀ-
3. ਵਿਦੇਸ਼ ਵਿਭਾਗ (ਸੀਕ੍ਰਟ-ਐੱਫ਼), ਕੌਂਸ. ਅਗਸਤ 1889, ਨੰਬਰ 114-115
4. -ਉਹੀ-

## ਅਧਿਆਇ 8


# ਇੱਕ ਹੋਰ ਤੂਫ਼ਾਨ ਦੇ ਸੰਕੇਤ

1876 ਤੋਂ ਬਾਅਦ ਕੂਕੇ ਬਹੁਤ ਜ਼ਿਆਦਾ ਜੋਸ਼ੀਲੇ ਹੋ ਗਏ ਸਨ। ਭਦੌੜ ਦੇ ਅਤਰ ਸਿੰਘ ਨੇ 1876 'ਚ ਲਿਖਿਆ ਸੀ,"ਜੇ ਕੂਕਾ ਸੰਪਰਦਾਇ ਨੂੰ ਦਬਾਇਆ ਨਾ ਜਾਂਦਾ, ਤਾਂ ਇਸ ਦੇ ਸਿਧਾਂਤਾਂ ਨੇ ਹੋਰ ਫੈਲ ਜਾਣਾ ਸੀ ਤੇ ਫਿਰ ਬਗ਼ਾਵਤਾਂ ਨੇ ਪਿਛਲੀ ਦੇ ਮੁਕਾਬਲੇ ਕਿਤੇ ਜ਼ਿਆਦਾ ਹਿੰਸਕ ਤੇ ਗੰਭੀਰ ਹੋਣਾ ਸੀ[1]।" ਅਜਿਹਾ ਸਿਰਫ਼ ਇਸ ਕਰਕੇ ਨਹੀਂ ਸੀ ਕਿ ਇੰਗਲੈਂਡ ਤੇ ਅਫ਼ਗ਼ਾਨਿਸਤਾਨ ਵਿਚਾਲੇ ਦੁਸ਼ਮਣੀ ਵਧਦੀ ਜਾ ਰਹੀ ਸੀ, ਭਾਵੇਂ ਇਸ ਤੱਥ ਦਾ ਕਾਫ਼ੀ ਪ੍ਰਭਾਵ ਪਿਆ ਸੀ, ਪਰ ਕੁਝ ਖ਼ਾਸ ਭਵਿੱਖਬਾਣੀਆਂ ਵੀ ਵੱਡਾ ਕਾਰਣ ਬਣੀਆਂ ਸਨ, ਖ਼ਾਸ ਕਰਕੇ ਸੋਹਾਵਾ ਵਾਲੀ। ਸੋਹਾਵਾ ਦੀ ਸਾਖੀ ਨੇ ਕੂਕਿਆਂ ਦੇ ਮਨਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਸੀ, ਜਿਸ ਦਾ ਵਰਣਨ ਅਤਰ ਸਿੰਘ ਨੇ ਨਿਮਨਲਿਖਤ ਅਨੁਸਾਰ ਕੀਤਾ ਹੈ[2]।

"ਸੋਹਾਵਾ 'ਚ ਇੱਕ ਵੱਡੇ ਸਾਰੇ ਪਿੱਪਲ ਦੇ ਰੁੱਖ ਨੇ ਜੰਡ ਦੇ ਇੱਕ ਹੋਰ ਦਰੱਖ਼ਤ ਨੂੰ ਘੇਰਾ ਪਾਇਆ ਹੋਇਆ ਸੀ ਤੇ ਉਹ ਰੋਜ਼ਾਨਾ ਇਸ ਨੂੰ ਪੂਰੀ ਤਰ੍ਹਾਂ ਹੋਰ ਵੀ ਘੁੱਟਦਾ ਜਾ ਰਿਹਾ ਸੀ। ਉਸ ਨੂੰ ਵੇਖ ਕੇ ਹੀ ਕੂਕੇ ਇਹ ਮਹਿਸੂਸ ਕਰਦੇ ਸਨ ਕਿ ਹੁਣ ਸਮਾਂ ਨੇੜੇ ਆ ਰਿਹਾ ਹੈ, ਇਸੇ ਲਈ ਉਹ ਅਕਸਰ ਸੋਹਾਵਾ ਜਾਇਆ ਕਰਦੇ ਸਨ ਤੇ ਉਸ ਪਿੱਪਲ ਦੇ ਹੋਏ ਹੋਰ ਵਾਧੇ ਨੂੰ ਨੋਟ ਕਰਦੇ ਸਨ। 'ਅਫ਼ਸੋਸ!' ਉਹ ਰੁੱਖਾਂ ਨੂੰ ਵੇਖ ਕੇ ਆਖਦੇ,"ਪਿੱਪਲ ਨੇ ਹਾਲੇ ਜੰਡ ਨੂੰ ਪੂਰੀ ਤਰ੍ਹਾਂ ਘੇਰਾ ਨਹੀਂ ਪਾਇਆ। ਹੀਰਾ ਸਿੰਘ ਤੇ ਹੋਰਨਾਂ ਨੇ ਸਾਡੇ ਗੁਰੂ ਜੀ ਦੀ ਹੁਕਮ-ਅਦੂਲੀ ਕੀਤੀ ਤੇ ਬਹੁਤ ਜ਼ਿਆਦਾ ਕਾਹਲ਼ੇ ਪੈ ਗਏ ਤੇ ਸਾਡੇ ਉੱਤੇ ਇਹ ਸਾਰੀ ਬਿਪਤਾ ਆਣ ਪਈ। ਪਰ ਸਾਡਾ ਗੁਰੂ ਕਦੇ ਅਜਿਹੀ ਗ਼ਲਤੀ ਨਹੀਂ ਕਰਦਾ। ਜਦੋਂ ਇਹ ਪਿੱਪਲ, ਜੰਡ ਦੇ ਰੁੱਖ ਨੂੰ ਪੂਰੀ ਤਰ੍ਹਾਂ ਢੱਕ ਲਵੇਗਾ, ਤਾਂ ਉਹ ਭਾਰਤ ਪਰਤਣਗੇ ਤੇ ਇਸ 'ਤੇ ਜਿੱਤ ਹਾਸਲ ਕਰਨਗੇ।"[3]

---

1. ਅਤਰ ਸਿੰਘ, ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਦਾਸੀਆਂ, ਜਾਣ-ਪਛਾਣ (vi).
2. -ਉਹੀ-
3. ਵਿਦੇਸ਼ ਵਿਭਾਗ (ਸੀਕ੍ਰੇਟ-ਐੱਫ਼), ਕੌਂਸ. ਅਗਸਤ 1889, ਨੰਬਰ 114-115, ਹੋਮ ਜੁਡੀਸ਼ੀਅਲ (ਬੀ), ਅਗਸਤ 1887, ਪ੍ਰੋਗਸ. 217-18



ਰੂਸ ਤੋਂ ਰਾਜਾ (ਬਾਬਾ) ਬੁੱਧ ਸਿੰਘ ਨੂੰ ਭੇਜੀ ਇੱਕ ਚਿੱਠੀ ਦੀ ਫ਼ੋਟੋ-ਕਾਪੀ
ਧੰਨਵਾਦ ਸਹਿਤ: ਨੈਸ਼ਨਲ ਆਰਕਾਈਵਜ, ਭਾਰਤ

1876 'ਚ ਸਾਖੀਆਂ (ਭਵਿੱਖਬਾਣੀਆਂ) ਦੀ ਇੱਕ ਪੋਥੀ ਸਿਰਸਾ ਜ਼ਿਲ੍ਹੇ ਦੇ ਹਰੀਪੁਰ ਸਥਿਤ ਪਹਿਲਾਦ ਸਾਗਰ ਜਾਂ ਬੱਡ ਤੀਰਥ ਤਾਲਾਬ 'ਚੋਂ ਲੱਭੇ ਜਾਣ ਦਾ ਐਲਾਨ ਕੀਤਾ ਗਿਆ ਸੀ। ਇਸ ਬਾਰੇ ਦੱਸਿਆ ਗਿਆ ਸੀ ਕਿ ਇਸ ਪੋਥੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਭਵਿੱਖਬਾਣੀਆਂ ਦਰਜ ਹਨ, ਸ਼ਾਇਦ ਇਹ ਕਿਸੇ ਚੁਸਤ ਦਿਮਾਗ਼[1] ਦੀ ਉਪਜ ਸੀ। ਪਰ ਇਸ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਕਿਉਂਕਿ ਕੂਕਿਆਂ ਦਾ ਸਾਖੀਆਂ 'ਚ ਯਕੀਨ ਸੀ। ਇਸ ਤੋਂ ਇਲਾਵਾ, ਇਹ ਭਾਵੇਂ ਕਿਸੇ ਵੱਲੋਂ ਸੋਚੀ-ਸਮਝੀ ਘਾੜਤ ਸੀ, ਫਿਰ ਵੀ ਇਸ ਤੋਂ ਉਸ ਵੇਲੇ ਦੇ ਕੂਕਿਆਂ ਦੇ ਮਨੋਵਿਗਿਆਨ ਦੀ ਸ਼ਾਨਦਾਰ ਝਲਕ ਮਿਲ ਸਕਦੀ ਹੈ ਅਤੇ ਇਸ ਤੋਂ ਉਨ੍ਹਾਂ ਦੀ ਬ੍ਰਿਟਿਸ਼ ਹਕੂਮਤ ਤੋਂ ਅਜ਼ਾਦੀ ਲਈ ਵੱਡੀ ਇੱਛਾ ਜਾਂ ਅਜਿਹੇ ਰਾਜ ਤੋਂ ਅਸੰਤੁਸ਼ਟੀ ਬਾਰੇ ਜਾਣਕਾਰੀ ਮਿਲਦੀ ਹੈ। ਇਨ੍ਹਾਂ ਸਾਖੀਆਂ 'ਚ ਦਰਜ ਹੈ ਕਿ ਬਾਬਾ ਰਾਮ ਸਿੰਘ ਜੀ ਜਲਾਵਤਨੀ ਤੋਂ ਛੇਤੀ ਪਰਤ ਆਉਣਗੇ, ਉੱਤਰ-ਪੱਛਮੀ ਭਾਰਤ 'ਚ ਇੱਕ ਮੁਸਲਿਮ ਮੁਖੀ ਉੱਭਰੇਗਾ, ਸੂਬਾ ਬਿਸ਼ਨ ਸਿੰਘ ਦੀ ਕਮਾਂਡ ਹੇਠ ਪੰਜਾਬ 'ਤੇ ਰੂਸੀ ਹਮਲਾ ਹੋਵੇਗਾ ਤੇ ਦੇਸ਼ 'ਚੋਂ ਅੰਗਰੇਜ਼ ਸਰਕਾਰ ਦਾ ਖ਼ਾਤਮਾ ਹੋਵੇਗਾ। ਇਨ੍ਹਾਂ ਸਾਖੀਆਂ ਨੂੰ ਤਿਆਰ ਕਰਕੇ ਚੁਪਾਸੇ ਫੈਲਾਉਣ ਦੀ ਚਿਣਗ ਬਾਬਾ ਰਾਮ ਸਿੰਘ ਜੀ ਦੀਆਂ ਕੁਝ ਚਿੱਠੀਆਂ ਨੇ ਲਾਈ ਸੀ, ਜਿਨ੍ਹਾਂ 'ਚ ਕੁਝ ਭਵਿੱਖਬਾਣੀਆਂ ਦਾ ਜ਼ਿਕਰ ਸੀ। ਉਨ੍ਹਾਂ ਦੀ ਵਿਆਖਿਆ 'ਚ ਹੀ ਅਜਿਹਾ ਕੀਤਾ ਹੋ ਸਕਦਾ ਹੈ ਕਿ 1878 'ਚ[2] ਉਨ੍ਹਾਂ ਦੀ ਇੱਕ ਚਿੱਠੀ ਸਰਕਾਰ ਦੇ ਹੱਥ ਲੱਗ ਗਈ ਸੀ, ਉਸ 'ਚੋਂ ਕੁਝ ਹਵਾਲੇ ਲਏ ਗਏ ਹੋ ਸਕਦੇ ਹਨ।

"ਇਹ ਗੁਰੂ ਜੀ ਦਾ ਹੁਕਮ ਹੈ ਕਿ 34ਵੇਂ ਵਰ੍ਹੇ ਦੀ ਸ਼ੁਰੂਆਤ (3 ਅਪ੍ਰੈਲ, 1878 ਭਾਵ ਦੇਸੀ ਮਹੀਨੇ ਅਨੁਸਾਰ 1 ਚੇਤ, 1935) ਮੌਕੇ ਗੜਬੜੀਆਂ ਸ਼ੁਰੂ ਹੋਣਗੀਆਂ ਤੇ ਵੱਖੋ-ਵੱਖਰੇ ਦੇਸ਼ਾਂ 'ਚ ਇਨਕਲਾਬ ਆਉਣਗੇ। ਵਿਚਾਰ ਕਰੋ, ਓ ਖ਼ਾਲਸਾ! ਕਿ ਗੜਬੜੀਆਂ 34ਵੇਂ ਸਾਲ 'ਚ ਸ਼ੁਰੂ ਹੋ ਚੁੱਕੀਆਂ ਹਨ (ਰੂਸ ਤੇ ਤੁਰਕੀ ਵਿਚਾਲੇ ਜੰਗ)। ਇਹ ਸਾਰੀਆਂ ਭਵਿੱਖਬਾਣੀਆਂ 'ਸੱਚੇ ਪਾਤਿਸ਼ਾਹ ਕਲਗੀਆਂ ਵਾਲੇ' (ਗੁਰੂ ਗੋਬਿੰਦ ਸਿੰਘ ਜੀ) ਦੀਆਂ ਕੀਤੀਆਂ ਹੋਈਆਂ ਹਨ ਤੇ ਉਹ ਪੂਰੀਆਂ ਹੋਣਗੀਆਂ; ਇਸ ਗੱਲ 'ਤੇ ਭਰੋਸਾ ਰੱਖੋ। ਵਧੇਰੇ ਕੁਝ ਲਿਖਣ ਦੀ ਜ਼ਰੂਰਤ ਨਹੀਂ ਹੈ; ਤੁਸੀਂ ਆਪੇ ਸਮਝ ਸਕਦੇ ਹੋ। ਬਾਕੀ ਦੀਆਂ ਭਵਿੱਖਬਾਣੀਆਂ ਹਾਕਮਾਂ ਦੀ ਤਬਾਹੀ ਤੇ ਬਰਬਾਦੀ ਨਾਲ ਸੰਬੰਧਿਤ ਹਨ: 34ਵੇਂ ਵਰ੍ਹੇ ਤੋਂ ਮਿਲ ਰਹੀਆਂ ਨਿਸ਼ਾਨੀਆਂ। ਸੰਖੇਪ 'ਚ ਇਹੋ ਕਿ ਆਖੀ ਗਈ ਹਰ ਗੱਲ ਜ਼ਰੂਰ ਪੂਰੀ ਹੋਣੀ ਹੈ। ਮੈਂ ਸਦਾ ਕਿਹਾ ਹੈ ਕਿ ਜੋ ਕੁਝ ਵੀ 34ਵੇਂ ਵਰ੍ਹੇ ਉਲੀਕ ਲਿਆ ਗਿਆ, ਉਹ ਜ਼ਰੂਰ ਅਮਲ 'ਚ ਲਿਆਂਦਾ ਜਾਵੇਗਾ।"

---

1. ਭਦੌੜ ਦੇ ਸ. ਅਤਰ ਸਿੰਘ ਅਨੁਸਾਰ ਇਨ੍ਹਾਂ ਸਾਖੀਆਂ ਦੀ ਕਾਢ ਕਾਹਨ ਸਿੰਘਵਾਲਾ ਦੇ ਵਰਿਆਮ ਸਿੰਘ ਕੂਕਾ ਵੱਲੋਂ ਕੱਢੀ ਗਈ ਸੀ। -ਉਹੀ-
2. ਹੋਮ ਜੁਡੀਸ਼ੀਅਲ, ਅਕਤੂਬਰ 1881, ਪ੍ਰੋਗਸ. ਨੰਬਰ 188-195, ਹਵਾਲਾ ਅਧੀਨ ਚਿੱਠੀ ਕੂਕਾ ਨੈਣਾ ਸਿੰਘ ਨੇ 1877 'ਚ ਰੰਗੂਨ (ਨਵਾਂ ਨਾਂਅ ਯੈਂਗਨ) ਤੋਂ ਲਿਆਂਦੀ ਸੀ।

"ਓ ਭਾਈ ਦਿਆ ਸਿੰਘ (ਬਾਬਾ ਬੁੱਧ ਸਿੰਘ ਜੀ ਲਈ ਨਕਲੀ ਨਾਮ)[1], ਹੁਣ ਵੇਲਾ ਆ ਗਿਆ ਹੈ, ਸਮਾਂ ਅਗਾਂਹ ਨੱਸਿਆ ਜਾ ਰਿਹਾ ਹੈ। ਗੁਰੂ ਜੀ ਹਰ ਥਾਂ ਮੌਜੂਦ ਹਨ; ਉਨ੍ਹਾਂ ਦੇ ਕਾਰਜ ਉਨ੍ਹਾਂ ਨੂੰ ਹੀ ਬਿਹਤਰ ਪਤਾ ਹਨ। ਹਾਕਮ ਤੇ ਹੋਰ ਵਿਸ਼ੇ ਸਭ ਮਿੱਟੀ 'ਚ ਮਿਲ ਕੇ ਰਹਿ ਜਾਣਗੇ; ਬਿਲਕੁਲ ਦਲ਼ੀਏ ਵਾਂਗ। ਸੰਤ ਖ਼ਾਲਸਾ ਦੀ ਰਾਖੀ ਲਈ ਇੱਕ ਮੁਸਲਿਮ ਪੱਛਮ ਤੋਂ ਆਵੇਗਾ ਤੇ ਸਭ ਨੂੰ ਇੱਕਜੁਟ ਕਰ ਕੇ ਮਲੇਛ ਪੰਥ (ਅੰਗਰੇਜ਼) ਦਾ ਖ਼ਾਤਮਾ ਕਰ ਦੇਵੇਗਾ।"

ਬਾਬਾ ਰਾਮ ਸਿੰਘ ਜੀ ਦੀ ਪੰਜਾਬ ਵਾਪਸੀ ਬਾਰੇ ਇੱਕ ਚਿੱਠੀ 'ਚ ਜ਼ਿਕਰ ਹੈ ਕਿ ਉਹ "ਝਾੜੂ ਫੇਰਨ, ਸਬਜ਼ ਸੋਹਰੀ ਮੌਕੇ (ਭਾਵ ਸਰਕਾਰ ਦਾ ਖ਼ਾਤਮਾ ਹੋਣ ਪਿੱਛੋਂ) ਪਰਤ ਆਉਣਗੇ," ਇੱਕ ਹੋਰ ਸਾਖੀ 'ਚ ਲਿਖਿਆ ਸੀ: "ਮੇਰੇ ਜੱਦੀ ਵਤਨ 'ਚ ਮੇਰੀ ਵਾਪਸੀ ਦੀ ਭਵਿੱਖਬਾਣੀ ਹੁਣ ਪੂਰੀ ਹੋਵੇਗੀ। ਮੈਂ ਸਵਾ ਛੇ ਸਾਲਾਂ ਬਾਅਦ ਆਪਣੀ ਸੰਗਤ ਨੂੰ ਮਿਲਾਂਗਾ[2]।"

ਬਾਬਾ ਰਾਮ ਸਿੰਘ ਜੀ ਦੀਆਂ ਇਨ੍ਹਾਂ ਸਾਰੀਆਂ ਟਿੱਪਣੀਆਂ ਨੇ ਉਨ੍ਹਾਂ ਦੇ ਸ਼ਰਧਾਲੂਆਂ 'ਚ ਵੱਡੀਆਂ ਆਸਾਂ ਜਗਾ ਦਿੱਤੀਆਂ ਸਨ। ਉਨ੍ਹਾਂ ਦੋਬਾਰਾ ਹਮਲੇ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਅਤੇ ਦਰਅਸਲ ਉਨ੍ਹਾਂ ਆਪਣੇ ਰਹਿਨੁਮਾ ਤੋਂ ਇਹ ਪੁੱਛਿਆ ਸੀ ਕਿ "ਗੜਬੜੀ ਫੈਲਣ ਦੀ ਹਾਲਤ 'ਚ ਉਨ੍ਹਾਂ ਨੂੰ ਕਿੱਥੇ ਹਮਲਾ ਕਰਨਾ ਚਾਹੀਦਾ ਹੈ[3]।" ਬਾਬਾ ਰਾਮ ਸਿੰਘ ਜੀ ਦਾ ਜਵਾਬ ਸੀ: "ਗੜਬੜੀ ਫੈਲਣ ਦੀ ਹਾਲਤ 'ਚ ਸਭ ਨੂੰ ਇੱਕਜੁਟ ਹੋ ਜਾਣਾ ਚਾਹੀਦਾ ਹੈ ਤੇ ਤਿਆਰੀ ਪਰਪੱਕ ਹੋਣ ਤੋਂ ਬਾਅਦ ਸਭ ਤੋਂ ਵੱਧ ਢੁਕਵੀਂ ਥਾਂ 'ਤੇ ਹਮਲਾ ਬੋਲਣਾ ਚਾਹੀਦਾ ਹੈ।"

ਕੂਕੇ ਜੋਸ਼ੀਲੇ ਰੌਂਅ 'ਚ ਸਨ ਤੇ ਇੱਕ ਵਾਰ ਕਿਸਮਤ ਨਾਲ ਟੱਕਰ ਲੈਣੀ ਚਾਹੁੰਦੇ ਸਨ, ਇਹ ਗੱਲ ਲੁਧਿਆਣਾ ਜ਼ਿਲ੍ਹਾ ਪੁਲਿਸ ਦੇ ਸੁਪਰਇੰਟੈਂਡੈਂਟ ਸ੍ਰੀ ਵਾਰਬਰਟਨ ਵੱਲੋਂ 31 ਅਗਸਤ, 1878 ਨੂੰ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਕਰਨਲ ਐੱਚ.ਐੱਨ. ਮਿੱਲਰ ਨੂੰ ਲਿਖੀ ਇੱਕ ਡੀ.ਓ. ਚਿੱਠੀ ਤੋਂ ਜ਼ਾਹਿਰ ਹੋਈ ਸੀ। ਵਾਰਬਰਟਨ ਨੇ ਲਿਖਿਆ ਸੀ: "ਮੈਂ ਸਮਝਦਾ ਹਾਂ ਕਿ ਇਹ ਤੱਥ ਅੱਗੇ ਲਿਆਉਣਾ ਮੇਰੀ ਜ਼ਿੰਮੇਵਾਰੀ ਹੈ ਕਿ ਕੂਕਿਆਂ ਤੋਂ ਸਿਆਸੀ ਖ਼ਤਰਾ ਹੈ। ਭਾਵੇਂ ਮੁਕਾਬਲਤਨ ਉਨ੍ਹਾਂ ਦੀ ਗਿਣਤੀ ਇਸ ਵੇਲੇ ਘੱਟ ਹੈ ਪਰ ਮੈਨੂੰ ਯਕੀਨ ਹੈ ਕਿ ਉਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਉਹ ਤੇਜ਼ੀ ਨਾਲ ਲੋਕਾਂ ਦਾ ਧਰਮ-ਪਰਿਵਰਤਨ ਕਰਵਾ ਕੇ ਉਨ੍ਹਾਂ ਨੂੰ ਕੂਕੇ ਬਣਾਉਂਦੇ ਜਾ ਰਹੇ ਹਨ। ਜਦ ਤੋਂ ਇੱਕ ਵਾਰੀ 'ਚ 10 ਕੂਕਿਆਂ ਨੂੰ ਬਾਬਾ ਬੁੱਧ ਸਿੰਘ ਜੀ ਨੂੰ ਮਿਲਣ ਦੀ ਪ੍ਰਵਾਨਗੀ ਮਿਲੀ ਹੈ, ਸਾਰੇ ਖੇਤਰਾਂ ਤੋਂ ਕੂਕੇ ਭੈਣੀ ਵਿਖੇ ਆਉਂਦੇ ਹਨ ਤੇ ਆਂਢ-ਗੁਆਂਢ ਤੇ ਭੈਣੀ ਸਾਹਿਬ ਦੇ ਬਾਹਰ ਇਕੱਠੇ ਹੁੰਦੇ ਹਨ। ਰਾਤਾਂ ਨੂੰ ਪਟਿਆਲਾ ਖੇਤਰ ਦੇ ਪਿੰਡ ਲੱਲਾਂ 'ਚ ਇੱਕ ਧਾਰਮਿਕ ਅਸਥਾਨ 'ਤੇ ਕਦੀ-ਕਦਾਈਂ

1. ਹਰੀ ਸਿੰਘ ਇੱਕ ਹੋਰ ਨਾਂਅ ਸੀ, ਜਿਹੜਾ ਬਾਬਾ ਰਾਮ ਸਿੰਘ ਜੀ ਵੱਲੋਂ ਆਪਣੀਆਂ ਚਿੱਠੀਆਂ 'ਚ ਬਾਬਾ ਬੁੱਧ ਸਿੰਘ ਹੁਰਾਂ ਲਈ ਵਰਤਿਆ ਗਿਆ ਸੀ।
2. ਹੋਮ ਜੁਡੀਸ਼ੀਅਲ, ਅਕਤੂਬਰ 1881, ਪ੍ਰੋਗਸ. ਨੰਬਰ 188-195
3. -ਉਹੀ-

ਬਾਬਾ ਬੁੱਧ ਸਿੰਘ ਜੀ ਦੀ ਪ੍ਰਧਾਨਗੀ ਹੇਠ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦਾ ਖ਼ਬਰਾਂ ਤੇ ਹਦਾਇਤਾਂ ਦਾ ਤੇਜ਼ੀ ਨਾਲ ਇੱਧਰ-ਉੱਧਰ ਭੇਜਣਾ ਇੱਕ ਮੁਕੰਮਲ ਵਿਧੀ ਹੈ।'' ਚੇਤਾਵਨੀ ਦੇ ਲਹਿਜੇ 'ਚ ਉਸ ਨੇ ਅੱਗੇ ਕਿਹਾ ਹੈ: ''ਔਕੜ ਪੇਸ਼ ਹੋਣ ਦੀ ਹਾਲਤ 'ਚ ਜਾਂ ਕੀ ਸਾਨੂੰ ਕਿਸੇ ਜੰਗ 'ਚ ਕਦੇ ਪਿੱਛੇ ਹਟਣਾ ਚਾਹੀਦਾ ਹੈ, ਇਨ੍ਹਾਂ ਕੂਕਿਆਂ ਨੇ ਵਿਰੋਧ ਕਰਨਾ ਹੀ ਕਰਨਾ ਹੈ। ਸਾਡੀ ਨੀਤੀ ਇਹੋ ਹੋਣੀ ਚਾਹੀਦੀ ਹੈ ਕਿ ਹੁਣ ਤੋਂ ਬਾਅਦ ਅਸੀਂ ਹਰ ਉਚਿਤ ਢੰਗ-ਤਰੀਕੇ ਨਾਲ ਉਨ੍ਹਾਂ ਨੂੰ ਅਯੋਗ ਬਣਾਉਂਦੇ ਰਹੀਏ, ਤਾਂ ਜੋ ਉਹ ਕਦੇ ਕੋਈ ਗ਼ਲਤੀ ਨਾ ਕਰ ਸਕਣ। ਜੇ ਹਾਰਨ ਲੱਗੇ ਤੇ ਕੂਕਿਆਂ ਦਾ ਉਭਾਰ ਵਧਣ ਲੱਗਾ, ਤਾਂ ਮੈਨੂੰ ਪੱਕਾ ਯਕੀਨ ਹੈ ਕਿ ਅਗਿਆਨੀ ਕਿਸਮ ਦੇ ਕਿਸਾਨ ਤੇ ਲਗਭਗ ਮਾੜੀ ਮਨਸ਼ਾ ਵਾਲੇ ਸਾਰੇ ਲੋਕਾਂ ਦਾ ਵੱਡਾ ਹਿੱਸਾ ਬਾਬਾ ਰਾਮ ਸਿੰਘ ਦੀਆਂ ਗੱਲਾਂ 'ਤੇ ਹੀ ਯਕੀਨ ਕਰ ਕੇ ਉਸ ਸੰਪਰਦਾਇ 'ਚ ਸ਼ਾਮਲ ਹੋ ਜਾਵੇਗਾ।''

ਇਸ ਦੇ ਹੱਲ ਲਈ ਵਾਰਬਰਟਨ ਨੇ ਸਿਫ਼ਾਰਸ਼ ਕੀਤੀ: ''ਮੈਨੂੰ ਆਸ ਹੈ ਕਿ ਬਾਬਾ ਰਾਮ ਸਿੰਘ ਜੀ ਦੀਆਂ ਰਾਜ-ਧਰੋਹੀ ਸਿੱਖਿਆਵਾਂ ਦਾ ਕੋਈ ਦਸਤਾਵੇਜ਼ੀ ਸਬੂਤ ਸਾਨੂੰ ਮਿਲ ਜਾਵੇਗਾ। ਮੈਨੂੰ ਲੱਗਦਾ ਹੈ, ਕਿ ਜਿਨ੍ਹਾਂ ਨੇ ਜੁਰਮ ਕੀਤਾ ਹੈ, ਉਨ੍ਹਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ, ਉਨ੍ਹਾਂ ਨੂੰ ਚੁੱਕ ਕੇ ਕਿਤੇ ਬਾਹਰ ਭੇਜ ਦੇਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਹੋਣੀਆਂ ਚਾਹੀਦੀਆਂ ਹਨ। ਇਸ ਕਿਸਮ ਦਾ ਸਖ਼ਤ ਕਦਮ ਚੁੱਕਣਾ ਹੀ ਇਸ ਦਾ ਹੱਲ ਹੈ ਤੇ 'ਸਹਿਯੋਗ ਦੀ ਥਾਂ ਵਖਰੇਵੇਂ ਦੀ ਭਾਵਨਾ' ਖ਼ਤਮ ਕਰਨ ਲਈ ਇਹੋ ਰਾਹ ਵਧੇਰੇ ਪ੍ਰਭਾਵੀ ਰਹੇਗਾ ਕਿਉਂਕਿ ਵਫ਼ਾਦਾਰੀ ਦੀ ਅਣਹੋਂਦ ਨੇ ਸਾਰੇ ਕੂਕਿਆਂ ਦੇ ਦਿਲਾਂ 'ਚ ਘਰ ਕਰ ਲਿਆ ਹੈ। ਉਨ੍ਹਾਂ ਦੇ ਰਾਜ-ਧਰੋਹੀ ਵਿਚਾਰ-ਵਟਾਂਦਰਿਆਂ ਦਾ ਪਤਾ ਲਾਉਣ ਲਈ ਖ਼ਾਸ ਇੰਤਜ਼ਾਮ ਕਰਨੇ ਪੈ ਸਕਦੇ ਹਨ ਅਤੇ ਜੇ ਲੋੜ ਪਵੇ ਤਾਂ ਕਿਸੇ ਖ਼ਾਸ ਨਿਸ਼ਚਤ ਤਰੀਕ ਨੂੰ ਹਥਿਆਰਾਂ ਤੇ ਦਸਤਾਵੇਜ਼ਾਂ ਦੀ ਭਾਲ਼ ਲਈ ਸੂਬੇ ਦੇ ਸਾਰੇ ਕੂਕਿਆਂ ਦੀ ਤਲਾਸ਼ੀ ਮੁਹਿੰਮ ਛੇੜੀ ਜਾਵੇ।'' ਇਸ ਚਿੱਠੀ ਦੇ ਅੰਤ 'ਚ ਸੰਕੇਤ ਦਿੱਤਾ ਗਿਆ ਸੀ ਕਿ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਵੇਕਫ਼ੀਲਡ ''1872-73 ਵਰਗੇ ਕੁਝ ਪਾਬੰਦੀਆਂ ਵਾਲੇ ਕਦਮ ਚੁੱਕਣ ਦੇ ਇੱਛੁਕ ਸਨ,'' ਬਸ਼ਰਤੇ ਕਿ ਸਰਕਾਰ ਉਨ੍ਹਾਂ ਦੀ ਇਸ ਕਾਰਵਾਈ ਨੂੰ ਪ੍ਰਵਾਨਗੀ ਦਾ ਭਰੋਸਾ ਦੇਵੇ।

ਵੇਕਫ਼ੀਲਡ ਤੇ ਵਾਰਬਰਟਨ ਦੀਆਂ ਇੱਛਾਵਾਂ ਦੇ ਬਹੁਤ ਜ਼ਿਆਦਾ ਉਲਟ ਸਰਕਾਰ ਨੇ 'ਉਡੀਕੋ ਤੇ ਵੇਖੋ' ਦੀ ਨੀਤੀ ਨੂੰ ਤਰਜੀਹ ਦਿੱਤੀ। ਦਮਨ ਤੇ ਜ਼ੁਲਮ ਤਾਂ ਪਹਿਲਾਂ ਹੀ ਬਥੇਰੇ ਕੀਤੇ ਜਾ ਚੁੱਕੇ ਸਨ। ਇਸ ਸਭ ਦੇ ਬਾਵਜੂਦ ਜੇ ਕੂਕਿਆਂ ਦੇ ਮੁੜ-ਉਭਾਰ ਦੇ ਚਿੰਨ੍ਹ ਵਿਖਾਈ ਦੇ ਰਹੇ ਹਨ, ਤਾਂ ਕਾਹਲ਼ੀ 'ਚ ਚੁੱਕੇ ਗਏ ਕਦਮਾਂ ਨਾਲ ਸਮੱਸਿਆ ਹੱਲ ਨਹੀਂ ਹੋਣੀ। ਸਰਕਾਰ ਨੇ ਸੋਚਿਆ ਕਿ ਵਾਰਬਰਟਨ ਵੱਲੋਂ ਸੁਝਾਏ ਅਨੇਕ ਕਦਮ ਤੁਰੰਤ ਚੁੱਕਣ ਦੀ ਕੋਈ ਜ਼ਰੂਰਤ ਨਹੀਂ ਹੈ। ਹਾਲ ਦੀ ਘੜੀ ਇੰਨਾ ਹੀ ਕਾਫ਼ੀ ਹੈ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਹੋਣ

ਵਾਲੀ ਗੱਲਬਾਤ ਬੰਦ ਕਰਵਾਉਣੀ ਚਾਹੀਦੀ ਹੈ, ਇਸ ਲਈ ਉਨ੍ਹਾਂ ਨੂੰ ਰੰਗੂਨ ਤੋਂ ਮਰਗੋਈ[1] ਭੇਜ ਦਿੱਤਾ ਜਾਵੇ। ਪਰ ਕੀ ਇਸ ਕਦਮ ਨਾਲ ਸਫ਼ਲਤਾ ਮਿਲੀ ? ਜਵਾਬ 'ਨਾਂਹ' 'ਚ ਹੈ ਕਿਉਂਕਿ ਇਹ ਗੱਲਬਾਤ ਵੀ ਨਹੀਂ ਰੁਕੀ ਤੇ ਦੂਜੇ ਪਾਸੇ ਕੂਕਿਆਂ ਦੇ ਮਨਾਂ 'ਚ ਕੜਵਾਹਟ ਵੱਖਰੀ ਵਧ ਗਈ।

ਅਫ਼ਗਾਨਿਸਤਾਨ 'ਚੋਂ ਅੰਗਰੇਜ਼ਾਂ ਦੇ ਪਿਛਾਂਹ ਹਟਣ ਤੇ ਗੁਰਚਰਨ ਸਿੰਘ ਤੇ ਬਿਸ਼ਨ ਸਿੰਘ ਵੱਲੋਂ ਰੂਸੀ ਦੋਸਤੀ ਦੀਆਂ ਰਿਪੋਰਟਾਂ ਲਿਆਉਣ ਨਾਲ ਸਗੋਂ ਕੂਕਿਆਂ 'ਚ ਉਤਸ਼ਾਹ ਵਧ ਗਿਆ ਸੀ।

1880 ਦੇ ਸਾਰਾ ਸਾਲ ਹੀ ਕਈ ਜ਼ਿਲ੍ਹਿਆਂ, ਲੁਧਿਆਣਾ 'ਚ ਸਭ ਤੋਂ ਵੱਧ, ਤੋਂ ਅਜਿਹੀਆਂ ਰਿਪੋਰਟਾਂ ਆਉਂਦੀਆਂ ਰਹੀਆਂ ਕਿ ਕੂਕਿਆਂ 'ਚ ਹੁਣ ਕੁਝ ਵੱਧ ਜੋਸ਼[2] ਵੇਖਿਆ ਜਾ ਰਿਹਾ ਹੈ। ਅਪ੍ਰੈਲ 1880 'ਚ ਲੁਧਿਆਣਾ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੇ ਰਿਪੋਰਟ ਕੀਤੀ: "ਕੂਕੇ ਇਸ ਵੇਲੇ ਪੂਰੇ ਜੋਸ਼ 'ਚ ਹਨ; ਉਹ ਲਗਾਤਾਰ ਵਿਚਾਰ-ਵਟਾਂਦਰੇ ਕਰ ਰਹੇ ਹਨ ਅਤੇ ਦੂਰ-ਦੁਰਾਡੇ ਤੋਂ ਲੋਕ ਭੈਣੀ ਆ ਕੇ ਬਾਬਾ ਬੁੱਧ ਸਿੰਘ ਜੀ ਨੂੰ ਮਿਲ ਰਹੇ ਹਨ।" ਅਗਸਤ 'ਚ ਫ਼ਿਰੋਜ਼ਪੁਰ ਤੋਂ ਇਹ ਰਿਪੋਰਟ ਆਈ ਕਿ "ਕੂਕਾ ਸੰਪਰਦਾਇ 'ਚ ਇਹ ਆਮ ਆਖਿਆ ਜਾਂਦਾ ਹੈ ਕਿ ਹੁਣ ਰੂਸੀਆਂ ਦੇ ਕਾਬੁਲ ਰਸਤੇ ਭਾਰਤ 'ਤੇ ਹਮਲਾ ਕਰਨ ਦਾ ਵੇਲਾ ਆ ਗਿਆ ਹੈ।" 9 ਅਕਤੂਬਰ ਨੂੰ ਲੁਧਿਆਣਾ ਤੋਂ ਇਹ ਰਿਪੋਰਟ ਆਈ ਕਿ "ਗੁੰਮਟੀ ਦੇ ਲਾਲ ਸਿੰਘ ਨੇ ਦੱਸਿਆ ਹੈ ਕਿ ਬਾਬਾ ਬੁੱਧ ਸਿੰਘ ਜੀ ਨੇ ਉਸ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਬਿਸ਼ਨ ਸਿੰਘ ਤੋਂ ਇੱਕ ਚਿੱਠੀ ਮਿਲੀ ਹੈ ਕਿ ਰੂਸੀਆਂ ਨੇ ਹੁਣ ਇੰਗਲੈਂਡ ਦਾ ਵਿਰੋਧ ਕਰਨ ਦਾ ਵਤੀਰਾ ਅਖ਼ਤਿਆਰ ਕਰ ਲਿਆ ਹੈ।" ਨਵੰਬਰ ਮਹੀਨੇ ਦੌਰਾਨ ਸੰਘੇੜਾ ਦਾ ਦੇਵਾ ਸਿੰਘ ਸਾਖੀਆਂ ਅਨੁਸਾਰ ਇਹ ਪ੍ਰਚਾਰ ਕਰਦਾ ਪਾਇਆ ਗਿਆ ਕਿ ਰੂਸੀ ਸੰਮਤ 1939 (1882 ਈ.) 'ਚ ਭਾਰਤ 'ਤੇ ਹਮਲਾ ਕਰਨਗੇ।

ਅਗਸਤ 1872 ਤੋਂ ਲੈ ਕੇ ਮਾਰਚ 1881 ਦੇ ਵਿਚਕਾਰ ਬਾਬਾ ਰਾਮ ਸਿੰਘ ਜੀ ਦੀਆਂ ਕਈ ਚਿੱਠੀਆਂ ਸਰਕਾਰ ਨੇ ਫੜੀਆਂ। ਅਪ੍ਰੈਲ 1881 'ਚ ਉਨ੍ਹਾਂ ਬਾਰੇ ਇੱਕ ਪੁਸਤਿਕਾ ਛਾਪੀ ਗਈ ਸੀ, ਜਿਸ ਵਿੱਚ ਵਾਰਬਰਟਨ ਵੱਲੋਂ ਸਮੇਂ-ਸਮੇਂ 'ਤੇ ਲਿਖੀਆਂ ਡੀ.ਓ. ਚਿੱਠੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ। ਇਸ ਦੀ 'ਜਾਣ-ਪਛਾਣ' ਪੰਜਾਬ ਪੁਲਿਸ ਦੀ ਸਪੈਸ਼ਲ ਬ੍ਰਾਂਚ ਦੇ ਇੰਸਪੈਕਟਰ ਜਨਰਲ ਦੇ ਸਹਾਇਕ ਸ੍ਰੀ ਸੀ. ਬਰਾਊਨ ਨੇ ਲਿਖੀ ਸੀ। ਚਿੱਠੀਆਂ 'ਚੋਂ ਮਿਲਦੇ ਪ੍ਰਭਾਵ ਬਾਰੇ ਸੰਖੇਪ ਵਿੱਚ ਉਸ ਨੇ ਬਾਬਾ ਰਾਮ ਸਿੰਘ ਵੱਲੋਂ ਆਪਣੇ ਪੈਰੋਕਾਰਾਂ ਦੀਆਂ ਭਾਵਨਾਵਾਂ ਨੂੰ ਉਕਸਾਉਣ 'ਚ ਨਿਭਾਈ ਜਾ ਰਹੀ ਭੂਮਿਕਾ ਬਾਰੇ ਆਪਣੇ ਵਿਚਾਰ ਪ੍ਰਗਟਾਏ ਸਨ। ਉਸ ਨੇ ਲਿਖਿਆ[3], "ਜਿਵੇਂ ਕਿ ਮੈਂ ਪਿਛਲੇ ਵਰ੍ਹੇ ਨਵੰਬਰ 'ਚ ਰਿਪੋਰਟ ਕੀਤਾ ਸੀ ਕਿ ਬਾਬਾ

1. ਇਹ ਵੀ ਤੁਰੰਤ ਨਹੀਂ ਕੀਤਾ ਗਿਆ ਸੀ।
2. ਵਿਦੇਸ਼ ਵਿਭਾਗ (ਸੀਕ੍ਰੇਟ-ਐੱਫ਼), ਅਗਸਤ 1889, ਕੌਂਸ. 114-115
3. ਹੋਮ ਜੁਡੀਸ਼ੀਅਲ, ਅਕਤੂਬਰ 1881, ਪ੍ਰੋਗਸ. 188-195

ਰਾਮ ਸਿੰਘ ਜੀ ਦੀਆਂ ਚਿੱਠੀਆਂ ਵਿੱਚ ਕੋਈ ਵੀ ਨਿਸ਼ਚਤ ਯੋਜਨਾ ਕਿਤੇ ਨਹੀਂ ਲੱਭਦੀ, ਫਿਰ ਵੀ ਸਾਲ 34-40 ਦੌਰਾਨ ਗੜਬੜੀਆਂ ਨਾਲ ਸੰਬੰਧਿਤ ਭਵਿੱਖਬਾਣੀਆਂ ਦੇ ਹਵਾਲੇ ਨਿਰੰਤਰ ਦੇਣਾ, ਗਊ-ਹੱਤਿਆਵਾਂ ਦਾ ਜ਼ਿਕਰ ਕਰੀ ਜਾਣਾ, ਰੂਸੀਆਂ ਦਾ ਵਰਨਣ ਕਰਨਾ ਤੇ ਅਜਿਹਾ ਬਿਆਨ ਕਿ ਬਾਬਾ ਰਾਮ ਸਿੰਘ ਜੀ ਤਦ ਹੀ ਆਪਣੇ ਦੇਸ਼ ਪਰਤਣਗੇ ਜਦੋਂ ਮਲੇਛ ਇੱਥੋਂ ਭਜਾ ਦਿੱਤੇ ਜਾਣਗੇ; ਅਜਿਹੀਆਂ ਸਾਰੀਆਂ ਟਿੱਪਣੀਆਂ ਤੋਂ ਮੈਨੂੰ ਲੱਗਦਾ ਹੈ ਕਿ ਕੂਕਿਆਂ ਨੂੰ ਇਹ ਅਹਿਸਾਸ ਕਰਵਾਉਣਾ ਹੈ ਕਿ ਇਸ ਵੇਲੇ ਉਨ੍ਹਾਂ ਲਈ ਮੌਕਾ ਹੈ।''

ਸਾਲ 1881 ਦੌਰਾਨ ਦੇਸ਼ 'ਚ ਕੂਕਿਆਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪੰਜਾਬ ਪੁਲਿਸ ਦੇ ਖ਼ੁਫ਼ੀਆ ਵਿਭਾਗ[1] ਤੋਂ ਲਈ ਜਾ ਸਕਦੀ ਹੈ। ਇਸ ਅਨੁਸਾਰ 17 ਮਾਰਚ ਨੂੰ ਪਿੰਡ ਲਾਟੋਂ (ਜੋ ਭੈਣੀ ਸਾਹਿਬ ਤੋਂ ਬਹੁਤਾ ਦੂਰ ਨਹੀਂ ਹੈ) ਲਾਗਲੇ ਢੱਕੀ ਜੰਗਲ 'ਚ 150 ਕੂਕਿਆਂ ਨੇ ਇੱਕ ਗੁਪਤ ਮੀਟਿੰਗ ਕੀਤੀ ਸੀ। ਸੂਹ ਮਿਲਣ 'ਤੇ ਪੁਲਿਸ ਉਸ ਥਾਂ 'ਤੇ ਪੁੱਜੀ ਤੇ ਮੌਕੇ ਤੇ ਹੀ ਉਨ੍ਹਾਂ 'ਚੋਂ 39 ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨ੍ਹਾਂ ਨੂੰ ਬਾਅਦ 'ਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਭੈਣੀ ਸਾਹਿਬ ਵਿਖੇ ਬਾਜਾ ਦੇ ਸੂਬਾ ਕਾਹਨ ਸਿੰਘ ਅਤੇ ਜੈਮਲ ਸਿੰਘ ਨੇ ਪੁਲਿਸ ਮੁਲਾਜ਼ਮਾਂ ਨੂੰ ਬੁਰਾ-ਭਲਾ ਕਿਹਾ, ਉਸ ਬਦਲੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਦੋਵਾਂ ਨੂੰ ਇੱਕ-ਇੱਕ ਹਜ਼ਾਰ ਰੁਪਏ ਦੀ ਜ਼ਮਾਨਤ ਰਾਸ਼ੀ ਜਮ੍ਹਾ ਕਰਵਾਉਣ ਲਈ ਕਿਹਾ ਗਿਆ। 28 ਮਾਰਚ ਨੂੰ ਨਾਈਵਾਲਾ ਦੇ ਸੂਬਾ ਗੁਰਦਾਸ ਸਿੰਘ, ਖ਼ੁਸ਼ਹਾਲ ਸਿੰਘ ਤੇ ਨੱਥਾ ਸਿੰਘ ਨੂੰ ਉਨ੍ਹਾਂ ਦੀਆਂ ਅਣਚਾਹੀਆਂ ਗਤੀਵਿਧੀਆਂ ਲਈ ਇੱਕ ਸਾਲ ਵਾਸਤੇ ਇੱਕ-ਇੱਕ ਹਜ਼ਾਰ ਰੁਪਏ ਦੀ ਜ਼ਮਾਨਤ ਰਾਸ਼ੀ ਜਮ੍ਹਾ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਦੇ ਨਾਲ ਹੀ ਇੱਕ ਕੂਕਾ ਪਿੰਡ-ਪਿੰਡ ਜਾ ਕੇ ਆਪਣੇ ਸੰਪਰਦਾਇ ਦੇ ਮੈਂਬਰਾਂ ਨੂੰ ਇਹ ਸੁਨੇਹਾ ਲਾਉਂਦਾ ਪਾਇਆ ਗਿਆ ਕਿ ਉਹ ਸਾਰੇ ਭੈਣੀ ਸਾਹਿਬ ਪੁੱਜਣ ਕਿਉਂਕਿ ਗੁਰੂ ਰਾਮ ਸਿੰਘ ਜੀ ਵੱਲੋਂ ਕੀਤੀ ਭਵਿੱਖਬਾਣੀ ਅਨੁਸਾਰ ਉਹ ਸਮਾਂ ਆ ਗਿਆ ਹੈ, ਉਸ ਤੋਂ ਬਾਅਦ ਉਨ੍ਹਾਂ 'ਚੋਂ ਕੁਝ ਨੂੰ ਸਾਹਨੇਵਾਲ ਦੇ ਰੇਲਵੇ ਸਟੇਸ਼ਨ 'ਤੇ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਉਹ ਭੈਣੀ ਸਾਹਿਬ ਜਾ ਰਹੇ ਸਨ। ਉਨ੍ਹਾਂ ਦੀ ਜਦੋਂ ਤਲਾਸ਼ੀ ਲਈ ਗਈ, ਤਾਂ ਉਨ੍ਹਾਂ 'ਚੋਂ ਇੱਕ ਕੋਲ਼ ''ਬਾਬਾ ਰਾਮ ਸਿੰਘ ਜੀ ਵੱਲੋਂ ਲਿਖਿਆ ਇੱਕ ਰਾਜ-ਧਰੋਹੀ ਪੱਤਰ ਦਾ ਇੱਕ ਹਿੱਸਾ'' ਬਰਾਮਦ ਹੋਇਆ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਵਿਅਕਤੀਆਂ ਮਹੰਤ ਨੈਣਾਂ ਸਿੰਘ ਨਿਵਾਸੀ ਵਰਿਆਂਹ ਤੇ ਭਗਵਾਨ ਸਿੰਘ ਵੱਲੋਂ 1877 'ਚ ਰੰਗੂਨ ਤੋਂ ਲਿਆਂਦੀ ਚਿੱਠੀ ਦਾ ਸੀ।'' ਉਨ੍ਹਾਂ ਸਾਰਿਆਂ ਨੂੰ ਇੱਕ ਸਾਲ ਲਈ ਇੱਕ-ਇੱਕ ਹਜ਼ਾਰ ਰੁਪਏ ਦੀ ਜ਼ਮਾਨਤ ਰਾਸ਼ੀ ਜਮ੍ਹਾ ਕਰਵਾਉਣ ਲਈ ਆਖਿਆ ਗਿਆ।

1882 ਤੋਂ 1888 ਤੱਕ ਕੂਕੇ ਬਹੁਤ ਉਤਸ਼ਾਹੀ ਤੇ ਕੁਝ ਕਰ ਗੁਜ਼ਰਨ ਵਾਲੇ

---

1. ਵਿਦੇਸ਼ ਵਿਭਾਗ (ਸੀਕ੍ਰੇਟ), ਕੌਂਸ. 558-599.

ਰੌਂਅ 'ਚ ਸਨ। ਸਭ ਦੀਆਂ ਨਜ਼ਰਾਂ ਰੂਸ ਤੇ ਬਿਸ਼ਨ ਸਿੰਘ ਅਤੇ ਬਾਅਦ 'ਚ ਮਹਾਰਾਜਾ ਦਲੀਪ ਸਿੰਘ 'ਤੇ ਲੱਗੀਆਂ ਹੋਈਆਂ ਸਨ। ਫ਼ਰਵਰੀ 1882 'ਚ ਲੁਧਿਆਣਾ ਦੇ ਜ਼ਿਲ੍ਹਾ ਪੁਲਿਸ ਸੁਪਰਇੰਟੈਂਡੈਂਟ ਨੇ ਇੱਕ ਅਜਿਹੀ ਅਫ਼ਵਾਹ ਦਾ ਜ਼ਿਕਰ ਕੀਤਾ, ਜਿਸ ਵਿੱਚ ਕਿਹਾ ਜਾ ਰਿਹਾ ਸੀ ਕਿ ਬਾਬਾ ਰਾਮ ਸਿੰਘ ਜੀ ਸਾਖੀਆਂ ਵਿੱਚ ਦਰਜ ਵੇਰਵੇ ਅਨੁਸਾਰ ਬਿਸ਼ਨ ਸਿੰਘ ਨਾਲ ਮਿਲ ਗਏ ਹਨ ਤੇ ਉਹ ਰੂਸ ਦੀ ਫ਼ੌਜ ਨੂੰ ਹਿੰਦੁਸਤਾਨ ਆਉਣ ਲਈ ਹਦਾਇਤ ਜਾਰੀ ਕਰਨਗੇ। ਉਸ ਵਰ੍ਹੇ ਦੀਆਂ ਹੋਰ ਰਿਪੋਰਟਾਂ[1] ਕ੍ਰਮਵਾਰ 25 ਮਾਰਚ, 29 ਅਪ੍ਰੈਲ, 28 ਅਗਸਤ ਤੇ 5 ਜੁਲਾਈ ਦੀਆਂ ਹਨ। ਪਹਿਲੀਆਂ ਤਿੰਨ ਲੁਧਿਆਣਾ ਤੋਂ ਆਈਆਂ ਸਨ ਤੇ ਆਖ਼ਰੀ ਗੁਰਦਾਸਪੁਰ ਤੋਂ ਸੀ। ਲੁਧਿਆਣਾ ਦੀਆਂ ਰਿਪੋਰਟਾਂ 'ਚ ਇਹ ਲਿਖਿਆ ਹੋਇਆ ਸੀ: (ੳ) ਚਾਰ ਕੂਕੇ ਜੰਮੂ ਲਈ ਰਵਾਨਾ ਹੋ ਗਏ ਹਨ, ਜੋ ਰੂਸ 'ਚ ਬਿਸ਼ਨ ਸਿੰਘ ਹੁਰਾਂ ਨੂੰ ਮਿਲਣਗੇ; (ਅ) ਕਮਾਲਪੁਰ ਦੇ ਗੁਲਾਬ ਸਿੰਘ ਨਾਂਅ ਦੇ ਵਿਅਕਤੀ ਦਾ ਬਿਆਨ ਕਿ ਰੂਸ ਹੁਣ ਭਾਰਤ 'ਤੇ ਛੇਤੀ ਹਮਲੇ ਦੀਆਂ ਤਿਆਰੀਆਂ ਕਰ ਰਿਹਾ ਹੈ; ਅਤੇ (ੲ) ਕਾਹਨ ਸਿੰਘ ਤੇ ਕਮਾਲਪੁਰ ਦੇ ਗੁਲਾਬ ਸਿੰਘ ਵਿਚਾਲੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਬਾਰੇ ਹੋਈ ਕੋਈ ਗੱਲਬਾਤ। ਗੁਰਦਾਸਪੁਰ ਤੋਂ ਆਈ ਰਿਪੋਰਟ 'ਚ ਦੱਸਿਆ ਗਿਆ ਸੀ ਕਿ "ਸੰਪਰਦਾਇ ਦੇ ਮੈਂਬਰ ਗਤੀਵਿਧੀਆਂ ਦੇ ਸੰਕੇਤ ਦੇ ਰਹੇ ਸਨ" ਅਤੇ "ਅਜਿਹਾ ਆਮ ਵਿਸ਼ਵਾਸ ਪਾਇਆ ਜਾਣਾ ਕਿ ਰੂਸ ਉਨ੍ਹਾਂ ਦੀ ਮਦਦ ਕਰੇਗਾ।"

1883 ਤੋਂ ਲੈ ਕੇ 1886 ਤੱਕ ਦੀਆਂ ਰਿਪੋਰਟਾਂ ਤੋਂ ਵੀ ਇਹੋ ਜਿਹਾ ਪ੍ਰਭਾਵ ਸਿਰਜਦਾ ਹੈ। ਅਜਿਹੇ ਜ਼ਿਕਰ ਆਮ ਸੁਣਨ ਨੂੰ ਮਿਲਦੇ ਰਹੇ ਕਿ ਕੂਕੇ ਹੁਣ ਕਸ਼ਮੀਰ ਤੇ ਕਾਸ਼ਗਰ ਜਾਂ ਕਾਬੁਲ ਦੇ ਰਸਤਿਓਂ ਭਾਰਤ ਤੋਂ ਰੂਸ ਵੱਲ ਨੂੰ ਨਿਕਲਦੇ ਜਾ ਰਹੇ ਹਨ। ਗੰਗਾ ਸਿੰਘ ਤੇ ਉਸ ਦਾ ਪੁੱਤਰ ਗੁਰਬਖ਼ਸ਼ ਸਿੰਘ, ਰਾਮਕੀ (ਗੁੱਜਰਾਂਵਾਲਾ ਜ਼ਿਲ੍ਹਾ) ਦੇ ਅਰੋੜੇ, ਜੋ ਜੰਮੂ ਰਾਜ ਦੇ ਮੁਲਾਜ਼ਮ ਸਨ, ਉਹ ਜ਼ਿਆਦਾਤਰ ਉਨ੍ਹਾਂ ਲੋਕਾਂ ਨੂੰ ਰੂਸੀ ਸਰਹੱਦ ਤੱਕ ਪਹੁੰਚਣ ਲਈ ਮਾਰਗ-ਦਰਸ਼ਨ ਕਰਦੇ ਸਨ, ਜਿਨ੍ਹਾਂ ਨੂੰ ਬਾਬਾ ਬੁੱਧ ਸਿੰਘ ਜੀ ਭੇਜਦੇ ਸਨ, ਜਦ ਕਿ ਹਜ਼ਰੋ ਦੇ ਬਾਬਾ ਕਾਹਨ ਸਿੰਘ ਕਾਬੁਲ ਰਸਤੇ ਕੂਕਿਆਂ ਨੂੰ ਰੂਸ 'ਚ ਬਿਸ਼ਨ ਸਿੰਘ ਹੁਰਾਂ ਕੋਲ ਭੇਜਣ ਦਾ ਇੰਤਜ਼ਾਮ ਕਰਦੇ ਸਨ। ਸਾਲ 1884 ਦੇ ਬਹਾਰ ਦੇ ਮੌਸਮ ਦੌਰਾਨ ਅੰਮ੍ਰਿਤਸਰ ਵਿਖੇ ਹੋਏ ਵਿਸਾਖੀ ਦੇ ਸਾਲਾਨਾ ਮੇਲੇ ਮੌਕੇ 'ਬਾਰਾਂ ਮਾਹ' ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸ਼ਹਿਬਾਜ਼ਪੁਰ ਵਾਸੀ ਦੇਵਾ ਸਿੰਘ ਨੇ ਗਾਇਆ ਸੀ। ਸਰੋਤੇ ਉਸ ਨੂੰ ਸੁਣ ਕੇ ਡਾਢੇ ਉਤਸ਼ਾਹੀ ਹੋ ਗਏ ਸਨ ਕਿਉਂਕਿ ਇਸ ਵਿੱਚ ਅੰਮ੍ਰਿਤਸਰ 'ਚ ਹੋਏ ਕਸਾਈਆਂ ਦੇ ਕਤਲਾਂ ਦੇ ਨਾਲ-ਨਾਲ 1872 ਦੀ ਕੂਕਾ ਬਗ਼ਾਵਤ ਤੇ ਬਾਬਾ ਰਾਮ ਸਿੰਘ ਜੀ ਦੀ ਜਲਾਵਤਨੀ ਦਾ ਜ਼ਿਕਰ ਸੀ। ਇਸ ਕਵਿਤਾ 'ਚ ਬਿਸ਼ਨ ਸਿੰਘ ਹੁਰਾਂ ਨੂੰ "ਗੁਰੂ ਜੀ ਦਾ ਕੀਮਤੀ ਹੀਰਾ ਤੇ ਸ਼ਹੀਦ ਕਰਾਰ ਦਿੱਤਾ ਗਿਆ ਸੀ, ਜਿਨ੍ਹਾਂ ਦੀ ਵੱਡੀ ਮਾਨਤਾ ਹੈ, ਜਿਨ੍ਹਾਂ ਨੇ ਹੋਰਨਾਂ ਨਾਲ ਗੱਲਬਾਤ ਕੀਤੀ ਹੈ, ਜਿਹੜੇ ਉਨ੍ਹਾਂ ਨਾਲ ਸ਼ਾਮਲ ਹੋਣ ਲਈ ਤਿਆਰ ਹਨ[2]।

1. ਵਿਦੇਸ਼ ਵਿਭਾਗ (ਸੀਕ੍ਰੇਟ-ਐੱਫ਼), ਅਗਸਤ 1889, ਕੌਂਸ. 114-115
2. -ਉਹੀ-, ਵੇਰਵਿਆਂ ਲਈ ਵੇਖੋ ਹੋਮ ਜੁਡੀਸ਼ੀਅਲ (ਬੀ), ਜੁਲਾਈ 1884, ਪ੍ਰੋਗ. 272-274.

ਕੂਕਾ ਵਿਰੋਧ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਨਵਰੀ 1883 'ਚ ਭੈਣੀ ਸਾਹਿਬ ਵਿਖੇ ਤਾਇਨਾਤ ਕੀਤੀ ਪੁਲਿਸ ਚੌਕੀ ਦੇ ਇੱਕ ਕਾਂਸਟੇਬਲ ਦਾ ਕਤਲ ਅੜਬੰਗੀ ਦਾਸ[1] (ਭਗਵਾਨ ਸਿੰਘ) ਨਾਂਅ ਦੇ ਇੱਕ ਕੂਕੇ ਹੱਥੋਂ ਹੋ ਗਿਆ ਸੀ।''

1885 'ਚ ਬਾਬਾ ਰਾਮ ਸਿੰਘ ਜਲਾਵਤਨੀ ਦੌਰਾਨ ਹੀ ਮਰਗੋਈ ਵਿਖੇ ਜੋਤੀ-ਜੋਤ ਸਮਾ ਗਏ। ਕੂਕਿਆਂ ਲਈ ਇਹ ਵੱਡਾ ਝਟਕਾ ਹੋ ਸਕਦਾ ਸੀ ਪਰ ਉਨ੍ਹਾਂ ਇਸ ਖ਼ਬਰ 'ਤੇ ਯਕੀਨ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਦੇ ਗੁਰੂ ਨੇ ਹਾਲੇ ਇਸ ਜਹਾਨ ਤੋਂ ਕੂਚ ਨਹੀਂ ਕੀਤਾ, ਸਗੋਂ ਉਹ ਹਿਰਾਸਤ 'ਚੋਂ ਫ਼ਰਾਰ ਹੋ ਗਏ ਹਨ। ਦਰਅਸਲ, ਉਨ੍ਹਾਂ ਦਾ ਇਹ ਵਿਸ਼ਵਾਸ ਹਾਲੇ ਤੱਕ ਵੀ ਕਾਇਮ ਹੈ ਤੇ ਉਹ ਇਹੋ ਸਮਝਦੇ ਹਨ ਕਿ ਉਹ ਹੁਣ ਵੀ ਜਿਊਂਦੇ ਹਨ ਤੇ ਉਹ 250 ਸਾਲਾਂ ਦੀ ਉਮਰ ਤੱਕ ਜਿਊਣਗੇ।

ਇਸ ਦੌਰਾਨ ਮਹਾਰਾਜਾ ਦਲੀਪ ਸਿੰਘ ਦਾ ਬ੍ਰਿਟਿਸ਼ ਸਰਕਾਰ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਗਿਆ ਸੀ ਅਤੇ ਉਹ ਸ਼ਰੇਆਮ ਆਪਣੇ ਨਾਲ ਹੋਏ ਅਨਿਆਂਪੂਰਨ ਤੇ ਬੇਈਮਾਨਾ ਵਿਵਹਾਰ ਦੀ ਨਿੰਦਾ ਕਰ ਰਹੇ ਸਨ। 1886 ਦੇ ਆਰੰਭ 'ਚ ਉਨ੍ਹਾਂ ਬਿਹਤਰੀ ਲਈ ਇੰਗਲੈਂਡ ਛੱਡ ਕੇ ਜਾਣ ਤੇ ਆਪਣੇ ਜੱਦੀ ਦੇਸ਼ 'ਚ ਜਾ ਕੇ ਸੈਟਲ ਹੋਣ ਦਾ ਫ਼ੈਸਲਾ ਕਰ ਲਿਆ ਸੀ। ਇਸ ਤੋਂ ਸਮੁੱਚੇ ਕੂਕਾ ਸਿੱਖਾਂ ਦੇ ਸੰਗਠਨ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ ਸੀ। ਪੰਜਾਬ ਸਰਕਾਰ[2] ਦੇ ਸ਼ਬਦਾਂ 'ਚ ਉਨ੍ਹਾਂ ''ਦਲੀਪ ਸਿੰਘ ਦੀ ਆਮਦ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਸੀ[3]।'' ਜਦੋਂ ਉਨ੍ਹਾਂ ਸੁਣਿਆ ਕਿ ਉਹ ਭਾਰਤ ਆ ਰਹੇ ਹਨ, ਚਾਰ ਕੂਕੇ ਤਾਂ ਤੁਰੰਤ ਉਨ੍ਹਾਂ ਨੂੰ ਮਿਲਣ ਲਈ ਬੰਬਈ ਰਵਾਨਾ ਹੋ ਗਏ। ਪੰਜਾਬ ਸਰਕਾਰ ਦੀ 15 ਮਈ, 1886 ਦੀ ਚਿੱਠੀ[4] ਅਨੁਸਾਰ ਉਨ੍ਹਾਂ ਦਾ ਮੰਨਣਾ ਸੀ ਕਿ ''ਬਾਬਾ ਰਾਮ ਸਿੰਘ ਜੀ ਦੀ ਆਤਮਾ ਦਲੀਪ ਸਿੰਘ ਹੁਰਾਂ 'ਚ ਸਮਾ ਗਈ ਸੀ।''

ਇਸ ਸੰਬੰਧੀ ਉਰਦੂ ਦੀ ਇੱਕ ਕਿਤਾਬ 'ਖ਼ੁਰਸ਼ੀਦ-ਏ-ਖ਼ਾਲਸਾ'[5] 'ਚ ਹੋਏ ਜ਼ਿਕਰ ਵੀ ਜ਼ਰੂਰ ਕੀਤਾ ਜਾਣਾ ਬਣਦਾ ਹੈ। ਇਸ ਕਿਤਾਬ ਦੇ ਲੇਖਕ ਸਨ ਬਾਵਾ ਨਿਹਾਲ ਸਿੰਘ। ਉਹ ਖ਼ਾਲਸਾ ਰਾਜ ਵੇਲੇ ਥਾਣੇਦਾਰ ਹੁੰਦੇ ਸਨ ਤੇ ਉਹ ਤੇ ਉਨ੍ਹਾਂ ਦਾ ਭਰਾ ਸਰਮੁਖ ਸਿੰਘ ਕਿਸੇ ਵੇਲੇ ਕੂਕਾ ਸੰਪਰਦਾਇ ਦੇ ਐਲਾਨੀਆ ਮੈਂਬਰ ਸਨ। ਉਹ ਹੁਣ ਵੀ ਦਿਲੋਂ ਕੂਕੇ ਹੀ ਹਨ, ਭਾਵੇਂ ਉਨ੍ਹਾਂ ਨੇ ਹੁਣ ਸਾਵਧਾਨੀ ਵਜੋਂ ਆਪਣੇ ਮੱਤ ਦੇ

---

1. ਵਿਦੇਸ਼ ਵਿਭਾਗ, ਸੀਕ੍ਰੇਟ-1, ਕੌਂਸ. ਜੂਨ 1886, ਨੰਬਰ 12-196.
2. -ਉਹੀ- ਵੇਰਵਿਆਂ ਲਈ ਵੇਖੋ ਹੋਮ ਜੁਡੀਸ਼ੀਅਲ (ਬੀ), ਜੁਲਾਈ 1884, ਪ੍ਰੋਗਸ. 272-274.
3. ਵਿਦੇਸ਼ ਵਿਭਾਗ, ਸੀਕ੍ਰੇਟ-ਜ਼, ਕੌਂਸ. ਜੂਨ 1886, ਨੰਬਰ 12-196
4. -ਉਹੀ-
5. -ਉਹੀ- ਇਸ ਪੁਸਤਕ ਉੱਤੇ ਖ਼ਾਲਸਾ ਦੀਵਾਨ, ਲਾਹੌਰ ਨੇ ਦੋ ਕਾਰਣਾਂ ਕਰਕੇ ਇਤਰਾਜ਼ ਪ੍ਰਗਟਾਇਆ ਸੀ: (1) ਇਹ ਬ੍ਰਿਟਿਸ਼-ਵਿਰੋਧੀ ਸੀ; (2) ਇਸ 'ਚ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਆਖਿਆ ਗਿਆ ਸੀ। ਇਸ ਲਈ ਬਾਵਾ ਨਿਹਾਲ ਸਿੰਘ ਨੂੰ ਪੰਥ (ਸਿੱਖ ਕੌਮ) 'ਚੋਂ ਛੇਕ ਦਿੱਤਾ ਗਿਆ ਸੀ।

ਕੁਝ ਬਾਹਰ ਦਿਸਣ ਵਾਲੇ ਨਿਸ਼ਾਨ ਹਟਾ ਦਿੱਤੇ ਸਨ। ਉਹ ਦੋਵੇਂ ਸੰਧਾਂਵਾਲੀਆ ਧੜੇ ਨਾਲ ਸੰਬੰਧਿਤ ਸਨ, ਜਿਸ ਦੇ ਮੁਖੀ ਸ. ਠਾਕੁਰ ਸਿੰਘ ਸਨ। 'ਖ਼ੁਰਸ਼ੀਦ-ਏ-ਖ਼ਾਲਸਾ' 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਸਿੱਖਾਂ ਦਾ ਸੰਖੇਪ ਇਤਿਹਾਸ ਦਿੱਤਾ ਗਿਆ ਸੀ। ਕੂਕਿਆਂ ਦਾ ਜ਼ਿਕਰ ਕਰਦਿਆਂ, ਇਸ ਪੁਸਤਕ 'ਚ ਉਨ੍ਹਾਂ ਦੇ ਰਹਿਨੁਮਾ ਦੀ ਡਾਢੀ ਸ਼ਲਾਘਾ ਕੀਤੀ ਗਈ ਸੀ ਤੇ ਉਨ੍ਹਾਂ ਨੂੰ ਗੁਰੂ ਰਾਮ ਸਿੰਘ ਲਿਖਿਆ ਗਿਆ ਹੈ। ਇਹ ਕਿਤਾਬ ਮਹਾਰਾਜਾ ਦਲੀਪ ਸਿੰਘ ਅਧੀਨ ਖ਼ਾਲਸਾ ਰਾਜ ਦੀ ਬਹਾਲੀ ਦੀ ਗੱਲ ਵੀ ਕਰਦੀ ਹੈ। ਕੂਕੇ ਸੁਭਾਵਕ ਤੌਰ 'ਤੇ ਇਸ ਪੁਸਤਕ ਦੇ ਪ੍ਰਕਾਸ਼ਨ ਤੋਂ ਡਾਢੇ ਖ਼ੁਸ਼ ਸਨ। ਇਸ ਕਿਤਾਬ ਦੇ ਛਾਪਕ ਵੀ ਲਾਹੌਰ ਦੇ ਇੱਕ ਕੂਕਾ ਦੀਵਾਨ ਬੂਟਾ ਸਿੰਘ, ਜੋ ਆਫ਼ਤਾਬ-ਏ-ਪੰਜਾਬ ਪ੍ਰੈੱਸ ਦੇ ਮਾਲਕ ਸਨ।

ਪਰ ਮਹਾਰਾਜਾ ਦਲੀਪ ਸਿੰਘ ਨੂੰ ਭਾਰਤ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਨ੍ਹਾਂ ਨੂੰ ਰਾਹ 'ਚ ਅਦਨ ਵਿਖੇ ਹੀ ਹਿਰਾਸਤ 'ਚ ਲੈ ਲਿਆ ਗਿਆ ਸੀ। ਉਥੋਂ ਫਿਰ ਉਹ ਯੂਰੋਪ ਪਰਤ ਗਏ ਸਨ। ਉਹ ਕੁਝ ਸਮਾਂ ਫ਼ਰਾਂਸ ਠਹਿਰੇ ਸਨ ਤੇ ਫਿਰ ਬਰਾਸਤਾ ਜਰਮਨੀ ਰੂਸ ਚਲੇ ਗਏ ਸਨ।

1886 ਦੇ ਅੰਤ ਤੱਕ ਸੂਬਾ ਬਿਸ਼ਨ ਸਿੰਘ ਤੋਂ (ਅਫ਼ਵਾਹਾਂ 'ਤੇ ਆਧਾਰਤ) ਜਾਣਕਾਰੀ ਮਿਲੀ ਸੀ ਕਿ ਮਹਾਰਾਜਾ ਦਲੀਪ ਸਿੰਘ ਰੂਸ ਆ ਗਏ ਸਨ। ਇਸ ਨਾਲ ਕੂਕਿਆਂ ਦੀਆਂ ਆਸਾਂ ਤੁਰੰਤ ਆਕਾਸ਼ ਨੂੰ ਛੋਹਣ ਲੱਗ ਪਈਆਂ ਸਨ। ਹੁਣ ਉਨ੍ਹਾਂ ਨੂੰ ਪੂਰੀ ਆਸ ਹੋ ਗਈ ਸੀ ਕਿ ਉਹ ਹੁਣ ਮਲੇਛ ਫ਼ਿਰੰਗੀਆਂ ਦੀ ਹਕੂਮਤ ਤੋਂ ਆਜ਼ਾਦ ਹੋ ਜਾਣਗੇ। ਇਸੇ ਖ਼ੁਸ਼ੀ 'ਚ 23 ਜੁਲਾਈ, 1887 ਨੂੰ ਕੂਕਿਆਂ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚੌਹੜਾ ਵਿਖੇ ਇੱਕ ਮੇਲਾ ਵੀ ਰੱਖਿਆ ਸੀ, ਜਿੱਥੇ ਹੋਰਨਾਂ ਗੱਲਾਂ ਤੋਂ ਇਲਾਵਾ ਇਹ ਜ਼ਿਕਰ ਵੀ ਕੀਤਾ ਗਿਆ ਸੀ ਕਿ "ਸੂਬਾ ਬਿਸ਼ਨ ਸਿੰਘ ਰੂਸ 'ਚ ਦਲੀਪ ਸਿੰਘ ਹੁਰਾਂ ਨੂੰ ਮਿਲੇ ਸਨ ਤੇ ਮਹਾਰਾਜਾ ਦਲੀਪ ਸਿੰਘ ਪੰਜਾਬ ਦੇ ਹਮਲੇ ਲਈ ਮਦਦ ਦਾ ਇੰਤਜ਼ਾਮ ਕਰ ਰਹੇ ਸਨ[1]।" ਮਹਾਰਾਜਾ ਦਲੀਪ ਸਿੰਘ ਦੀ ਗੱਲ ਕਰਦੇ ਸਮੇਂ ਕੂਕੇ ਡਾਢੇ ਜੋਸ਼ 'ਚ ਆ ਜਾਂਦੇ ਸਨ ਤੇ ਚੰਡੀ ਪਾਠ ਕਰਨ ਲੱਗਦੇ ਸਨ, ਜਿਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਹੋਰ ਵੀ ਬਲ ਮਿਲਦਾ ਸੀ। ਫਿਰ ਕੁਝ ਸਮੇਂ ਬਾਅਦ, ਕੁਝ ਕੂਕਿਆਂ ਨੂੰ ਰੂਸ 'ਚ ਪੁੱਜੇ ਮਹਾਰਾਜੇ ਤੋਂ ਤੋਹਫ਼ੇ ਅਤੇ ਪੱਤਰ ਮਿਲੇ ਸਨ। ਉਹ ਜਦੋਂ ਮੇਸ਼ੇਦ 'ਚੋਂ ਲੰਘ ਰਹੇ ਸਨ, ਤਦ ਜਨਰਲ ਮੈਕਲੀਨ ਨੇ ਉਨ੍ਹਾਂ ਨੂੰ ਵੇਖ ਲਿਆ ਸੀ ਅਤੇ ਉਸ ਨੇ ਇਸ ਬਾਰੇ ਭਾਰਤ ਸਰਕਾਰ ਨੂੰ ਜਾਣਕਾਰੀ ਦੇ ਦਿੱਤੀ ਸੀ।

ਇਸ 'ਤੇ ਸ੍ਰੀ ਏ.ਐੱਸ. ਨੂੰ ਉਨ੍ਹਾਂ ਦਾ ਖੁਰਾ-ਖੋਜ ਲੱਭਣ ਲਈ ਭੇਜਿਆ ਗਿਆ ਸੀ। ਇਹ ਉਹ ਵਿਅਕਤੀ ਸੀ, ਜੋ ਆਪਣੀ ਸੂਹੀਏ ਦੀ ਨੌਕਰੀ ਦੌਰਾਨ ਇੱਕ ਸੱਚਾ ਕੂਕਾ ਬਣ ਕੇ ਭੈਣੀ ਸਾਹਿਬ ਗਿਆ ਸੀ ਤੇ ਉੱਥੇ ਬਾਬਾ ਬੁੱਧ ਸਿੰਘ ਜੀ ਤੋਂ ਕੂਕਿਆਂ

---

1. ਵਿਦੇਸ਼ ਵਿਭਾਗ, (ਸੀਕ੍ਰੇਟ-ਐੱਫ਼), ਅਗਸਤ 1889, ਕੌਂਸ. 114-115.



ਮਹਾਰਾਜਾ ਦਲੀਪ ਸਿੰਘ

ਦੀ ਰੂਸ ਨਾਲ ਗੱਲਬਾਤ ਬਾਰੇ ਕੁਝ ਵਡਮੁੱਲੇ ਭੇਤ[1] ਹਾਸਲ ਕਰ ਲਏ ਸਨ। ਉਸ ਨਾਲ ਕਿਉਂਕਿ ਇੱਕ ਪ੍ਰਸਿੱਧ ਕੂਕਾ ਸੂਬਾ ਖ਼ੁਸ਼ਹਾਲ ਸਿੰਘ, ਹਜ਼ਰੋ ਦੇ ਬਾਬਾ ਕਾਹਨ ਸਿੰਘ ਤੇ ਹੋਰ ਵੀ ਕਈ ਕੂਕੇ ਮੌਜੂਦ ਸਨ, ਤਦ ਉਸ ਨੇ ਉਹ ਤਰੀਕਾ ਵੀ ਜਾਣ ਲਿਆ ਸੀ ਕਿ ਉਹ ਰੂਸ 'ਚ ਆਪਣੇ ਲੋਕਾਂ ਨੂੰ ਤੇ ਚਿੱਠੀਆਂ ਕਿਵੇਂ ਭੇਜਦੇ ਰਹੇ ਸਨ। ਏ.ਐੱਸ. ਨੂੰ ਇੱਥੇ ਹੀ ਪਤਾ ਲੱਗਾ ਸੀ ਕਿ ਮਹੰਤ ਗੁਰਚਰਨ ਸਿੰਘ[2] ਕਾਬੁਲ ਜਾਣ ਲਈ ਹਜ਼ਰੋ ਗਏ ਸਨ ਪਰ ਬਾਬਾ ਕਾਹਨ ਸਿੰਘ ਨੇ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਸੀ ਕਿਉਂਕਿ ਪੇਸ਼ਾਵਰ ਤੋਂ ਕਾਬੁਲ ਨੂੰ ਜਾਣ ਵਾਲੀ ਸੜਕ ਅਸੁਰੱਖਿਅਤ ਸੀ ਤੇ ਇਹ ਵੀ ਕਿ ਉਹ ਛੇਤੀ ਹੀ "ਜ਼ਾਰ ਤੋਂ ਮਦਦ ਮੰਗਣ ਲਈ ਰੂਸ ਜਾਂਦੇ ਸਮੇਂ" ਦੋਬਾਰਾ ਕਾਬੁਲ ਜਾਣਗੇ। ਸ਼ਾਇਦ ਉਸੇ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਸਰਕਾਰ ਨੇ ਤਾਜ਼ਾ ਹਦਾਇਤਾਂ ਜਾਰੀ ਕਰਦਿਆਂ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੂੰ ਹੁਕਮ ਦਿੱਤੇ ਸਨ ਕਿ ਗੁਰਚਰਨ ਸਿੰਘ ਦੀਆਂ ਗਤੀਵਿਧੀਆਂ ਉੱਤੇ ਬਹੁਤ ਨੇੜਿਓਂ ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾਵੇ।

ਮਹਾਰਾਜਾ ਦਲੀਪ ਸਿੰਘ ਨਵੰਬਰ 1888 ਤੱਕ ਰੂਸ ਰਹੇ ਸਨ। ਉਨ੍ਹਾਂ ਖ਼ੁਦ ਨੂੰ "ਆਜ਼ਾਦ ਸਿੱਖ ਰਾਸ਼ਟਰ ਦਾ ਰਾਜਾ ਅਤੇ ਇੰਗਲੈਂਡ ਦਾ ਮਾਣਮੱਤਾ ਤੇ ਕਦੇ ਵੀ ਸਾਥ ਨਾ ਦੇਣ ਵਾਲਾ ਦੁਸ਼ਮਣ[3]" ਐਲਾਨ ਦਿੱਤਾ ਸੀ, ਉਨ੍ਹਾਂ ਮਾਸਕੋ 'ਚ ਆਪਣਾ ਘਰ ਵੀ ਬਣਾ ਲਿਆ ਸੀ ਤੇ ਉਨ੍ਹਾਂ ਨੂੰ ਕੂਕਿਆਂ ਤੇ ਹੋਰਨਾਂ ਸਿੱਖਾਂ ਬਾਰੇ ਗੁਪਤ ਸੂਚਨਾ ਮਿਲਦੀ ਰਹਿੰਦੀ ਸੀ। ਭਾਰਤ ਦੀ ਜਨਤਾ ਨੂੰ ਇੱਕ ਅਪੀਲ ਜਾਰੀ ਕੀਤੀ ਗਈ ਸੀ ਤੇ ਕੁਝ ਨਿਸ਼ਚਤ ਭਰੋਸੇ ਦੇ ਕੇ ਮਦਦ ਮੰਗੀ ਗਈ ਸੀ। ਇਸ ਅਪੀਲ ਦਾ ਇੱਕ ਖ਼ੁਲਾਸਾ ਬਾਅਦ 'ਚ 5 ਅਗਸਤ, 1889 ਦੇ 'ਦਿ ਟਾਈਮਜ਼' 'ਚ ਛਪਿਆ ਸੀ, ਜਿਸ ਵਿੱਚ ਲਿਖਿਆ ਸੀ: "ਭਵਿੱਖਬਾਣੀ ਦੇ ਮੱਦੇਨਜ਼ਰ ਤੇ ਆਪਣੇ ਸ਼ਾਹੀ ਵੰਸ਼ ਕਰਕੇ ਉਨ੍ਹਾਂ 25,00,00,000 (25 ਕਰੋੜ) ਲੋਕਾਂ 'ਚੋਂ ਹਰੇਕ ਤੋਂ ਇੱਕ ਪੈਸੇ ਤੇ ਪੰਜਾਬ ਦੇ ਹਰੇਕ ਨਾਗਰਿਕ ਤੋਂ ਇੱਕ ਆਨੇ ਦੀ ਮਦਦ ਮੰਗੀ ਸੀ। ਭਾਰਤ ਦਾ ਜਨਤਕ ਕਰਜ਼ਾ (ਇਸ ਦਸਤਾਵੇਜ਼ 'ਚ) ਰੱਦ ਹੋ ਜਾਵੇਗਾ; ਟੈਕਸਾਂ ਦੇ ਭੁਗਤਾਨ ਨੂੰ ਰੋਕ ਦਿੱਤਾ ਜਾਵੇਗਾ; ਗਊ-ਹੱਤਿਆ 'ਤੇ ਪਾਬੰਦੀ ਹੋਵੇਗੀ; ਕੈਦੀਆਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਬ੍ਰਿਟਿਸ਼ ਸਰਕਾਰ ਦੀ ਤਾਨਾਸ਼ਾਹੀ ਤੇ ਅਨਿਆਂ ਦੇ ਸ਼ਿਕਾਰ ਸਾਰੇ ਲੋਕਾਂ ਦੇ ਅਧਿਕਾਰ ਬਹਾਲ ਹੋ ਜਾਣਗੇ। ਉਨ੍ਹਾਂ ਨੇ ਭਾਰਤ 'ਚ ਯੂਰੋਪੀਅਨ ਫ਼ੌਜ ਨਾਲ ਦਾਖ਼ਲ ਹੋਣਾ ਸੀ ਤੇ ਰੂਸ ਨੇ ਹੋਰ ਲੋੜੀਂਦੀ ਮਾਲ-ਅਸਬਾਬ ਦੀ ਮਦਦ ਦੇਣੀ ਸੀ।"

ਪਰ ਮਹਾਰਾਜਾ ਸਫ਼ਲ ਨਹੀਂ ਹੋ ਸਕੇ। ਰੂਸੀ ਕੂਟਨੀਤੀ ਦਰਅਸਲ ਮਹਾਰਾਜੇ ਦੇ ਹਿੱਤਾਂ ਨੂੰ ਵੇਖ ਕੇ ਨਹੀਂ, ਸਗੋਂ ਰੂਸੀਆਂ ਦੇ ਮਾਰਗ-ਦਰਸ਼ਨ ਨਾਲ ਚੱਲਦੀ ਸੀ। ਉਨ੍ਹਾਂ ਦੇ ਆਪਣੇ ਕੋਈ ਵੀ ਆਰਥਿਕ ਵਸੀਲੇ ਨਹੀਂ ਸਨ। ਇਸ ਤੋਂ ਇਲਾਵਾ, ਉਨ੍ਹਾਂ

1. -ਉਹੀ- ਵਿਦੇਸ਼ ਮੰਤਰੀ ਵੱਲੋਂ ਨੋਟ
2. -ਉਹੀ-
3. ਐੱਲ. ਗ੍ਰਿਫ਼ਿਨ ਨੂੰ ਡਾ. ਲੀਟਨਰ ਵੱਲੋਂ, 1893, ਏਸ਼ੀਆਟਿਕ ਕੁਆਰਟਰਲੀ, 1894

ਦੇ ਆਪਣੇ ਦੇਸ਼-ਵਾਸੀਆਂ, ਖ਼ਾਸ ਕਰਕੇ ਗ਼ੈਰ-ਕੂਕਾ ਸਿੱਖਾਂ ਤੋਂ ਮਿਲਣ ਵਾਲੀਆਂ ਆਸਾਂ ਬਹੁਤ ਨਿਰਾਸ਼ਾਜਨਕ ਸਨ, ਜਦੋਂ ਲਾਹੌਰ ਸਥਿਤ ਖ਼ਾਲਸਾ ਦੀਵਾਨ ਨੇ ਉਨ੍ਹਾਂ ਨੂੰ ਰੋਹ-ਭਰਪੂਰ ਦਾਅਵਾ-ਤਿਆਗ ਭੇਜ ਦਿੱਤਾ ਸੀ।

ਅਸੀਂ ਇੱਥੇ ਰੁੱਕ ਰਹੇ ਹਾਂ, ਕਹਾਣੀ ਨੂੰ 1890 ਜਾਂ ਇਸ ਦੇ ਨੇੜੇ-ਤੇੜੇ ਤੱਕ ਖਿੱਚ ਲਿਆਏ ਹਾਂ। ਸਪੱਸ਼ਟ ਤੌਰ 'ਤੇ ਇਹ ਕਹਾਣੀ ਹਾਲੇ ਮੁਕੰਮਲ ਨਹੀਂ ਹੈ। ਅਜ਼ਾਦੀ ਲਈ ਕੂਕਿਆਂ ਦਾ ਸੰਘਰਸ਼ 1890 'ਚ ਖ਼ਤਮ ਨਹੀਂ ਹੋ ਗਿਆ ਸੀ। ਬ੍ਰਿਟਿਸ਼ ਹਾਕਮਾਂ ਪ੍ਰਤੀ ਉਨ੍ਹਾਂ ਦਾ ਵਿਰੋਧ ਕਦੇ ਵੀ ਖ਼ਤਮ ਨਹੀਂ ਹੋ ਸਕਦਾ ਸੀ ਤੇ ਸਾਡੇ ਅਧਿਐਨ ਦੇ ਕਾਲ ਦੇ ਅੰਤ ਤੋਂ ਵੀ ਅਗਾਂਹ ਤੱਕ ਜਾਰੀ ਰਹਿਣ ਵਾਲਾ ਸੀ। ਦਰਅਸਲ, ਉਨ੍ਹਾਂ ਭਾਰਤ 'ਚ ਬ੍ਰਿਟਿਸ਼ ਹਕੂਮਤ ਨਾਲ ਕਦੇ ਕੋਈ ਸਮਝੌਤਾ ਨਹੀਂ ਕੀਤਾ। ਸਾਰੇ ਕੂਕੇ ਹੀ ਉਨ੍ਹਾਂ ਦੀਆਂ ਨਜ਼ਰਾਂ 'ਚ ਸ਼ੱਕੀ ਸਨ। ਕਦੀ-ਕਦਾਈਂ ਉਨ੍ਹਾਂ ਦੇ ਦਿਲ ਜਿੱਤਣ ਲਈ ਉਨ੍ਹਾਂ ਨੂੰ ਲਾਲਚ ਦਿੱਤੇ ਜਾਂਦੇ ਸਨ ਪਰ ਉਹ ਹਰ ਵਾਰ ਇਸ ਲਈ ਕੋਰੀ ਨਾਂਹ ਕਰ ਦਿੰਦੇ ਸਨ। ਉਨ੍ਹਾਂ ਧਾਰਮਿਕ ਮਾਮਲਿਆਂ ਤੇ ਕੱਟੜਵਾਦ 'ਚ ਆਪਣੇ-ਆਪ ਨੂੰ ਇਕੱਲੇ ਪਾਇਆ। ਜਦੋਂ ਵੀ ਕਦੇ ਧਾਰਮਿਕ ਮਾਮਲਿਆਂ ਦੀ ਗੱਲ ਤੁਰਦੀ ਹੈ, ਤਾਂ ਉਨ੍ਹਾਂ ਆਪਣੇ-ਆਪਣੇ ਨੂੰ ਕੱਟੜਤਾ ਨਾਲ ਲਗਭਗ ਇਕੱਲੇ-ਕਾਰੇ ਤੇ ਵੱਖਰੇ ਹੀ ਰੱਖਿਆ। ਇਕੱਲੇ ਤੇ ਵੱਖਰੇ ਰਹਿਣ ਦੀ ਨੀਤੀ ਸਦਕਾ ਉਨ੍ਹਾਂ ਨੂੰ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ। ਉਹ ਸਿੱਖਿਆ ਪੱਖੋਂ ਪਿੱਛੇ ਰਹਿ ਗਏ ਤੇ ਆਰਥਿਕ ਪੱਖੋਂ ਵੀ ਪ੍ਰਭਾਵਿਤ ਹੋਏ ਪਰ ਉਨ੍ਹਾਂ ਇੱਕ ਵਾਰ ਜਿਹੜਾ ਰਾਹ ਚੁਣ ਲਿਆ, ਉਸ ਨੂੰ ਉਨ੍ਹਾਂ ਕਦੇ ਨਾ ਤਿਆਗਿਆ। ਉਨ੍ਹਾਂ ਲਈ ਰਾਸ਼ਟਰੀ ਅਜ਼ਾਦੀ ਤੇ ਸਵੈ-ਮਾਣ ਦੀ ਬਹਾਲੀ ਲਈ ਕੋਈ ਵੀ ਕੁਰਬਾਨੀ ਵੱਡੀ ਨਹੀਂ ਸੀ।

## ਅਧਿਆਇ 9

# ਆਮ ਮੁਲਾਂਕਣ

19ਵੀਂ ਸਦੀ ਦੇ ਦੂਜੇ ਅੱਧ ਦੇ ਵਰਨਣਯੋਗ ਭਾਰਤੀ ਅੰਦੋਲਨਾਂ 'ਚੋਂ ਕੂਕਾ ਲਹਿਰ ਵਰਨਣਯੋਗ ਰਹੀ ਸੀ। ਇਸ ਦੀ ਸ਼ੁਰੂਆਤ 1857 ਦੀ ਬਗ਼ਾਵਤ ਦੇ ਪਰਛਾਵੇਂ ਹੇਠ ਹੀ ਹੋਈ ਸੀ। ਉਹ ਬਗ਼ਾਵਤ ਭਾਰਤ 'ਚ ਬ੍ਰਿਟਿਸ਼ ਹਕੂਮਤ ਦੇ ਆਰੰਭ ਦੇ ਬਾਅਦ ਤੋਂ ਸਭ ਤੋਂ ਵੱਡੀ ਸੀ ਅਤੇ ਫਿਰ ਜੇਤੂ ਸਾਮਰਾਜੀਆਂ ਨੇ ਕਿਸ ਤਰ੍ਹਾਂ ਬੇਹੱਦ ਭਿਆਨਕ ਢੰਗ ਨਾਲ ਬਦਲੇ ਲਏ, ਉਸ ਦੀ ਵੀ ਹੋਰ ਕੋਈ ਮਿਸਾਲ ਨਹੀਂ ਮਿਲਦੀ।

ਸਿਰਫ਼ ਕੁਝ ਮਿਸਾਲਾਂ ਦੇਣੀਆਂ ਹੀ ਕਾਫ਼ੀ ਹੋਣਗੀਆਂ। ਲਾਰਡ ਐਲਫ਼ਿਨਸਟੋਨ ਨੇ ਦਿੱਲੀ 'ਚੋਂ ਅੰਗਰੇਜ਼ਾਂ ਦੇ ਨਿਕਲਣ ਬਾਰੇ ਸਰ ਜੌਨ ਲਾਰੈਂਸ ਨੂੰ ਕੁਝ ਇੰਝ ਲਿਖਿਆ[1] ਸੀ: "ਜਦੋਂ ਘੇਰਾਬੰਦੀ ਖ਼ਤਮ ਹੋ ਗਈ ਸੀ, ਸਾਡੀ ਫ਼ੌਜ ਵੱਲੋਂ ਕੀਤਾ ਗਿਆ ਹਿੰਸਾਤਮਕ ਹੰਗਾਮਾ ਦਿਲ ਨੂੰ ਹਿਲਾ ਕੇ ਰੱਖ ਦੇਣ ਵਾਲਾ ਤੇ ਦੁਖਦਾਈ ਸੀ। ਵੱਡੇ ਪੱਧਰ 'ਤੇ ਬਦਲਾ-ਲਊ ਕਾਰਵਾਈ ਦੋਸਤ ਜਾਂ ਦੁਸ਼ਮਣ ਦਾ ਕੋਈ ਫ਼ਰਕ ਕੀਤੇ ਬਗ਼ੈਰ ਕੀਤੀ ਜਾ ਰਹੀ ਹੈ। ਲੁੱਟਮਾਰ ਦੇ ਮਾਮਲੇ 'ਚ ਅਸੀਂ ਨਾਦਿਰ ਸ਼ਾਹ ਨੂੰ ਪਛਾੜ ਦਿੱਤਾ।" 'ਕੈਸਰ-ਉਲ-ਤਵਾਰੀਖ਼' ਦਾ ਲੇਖਕ ਲਿਖਦਾ ਹੈ ਕਿ "ਦਿੱਲੀ 'ਚ 27,000 ਲੋਕਾਂ ਦੇ ਕਤਲ[2] ਹੋਏ ਸਨ। ਬ੍ਰਿਟਿਸ਼ ਦੇ ਕਬਜ਼ੇ ਤੋਂ ਬਾਅਦ ਲਖਨਊ ਸ਼ਹਿਰ ਬਿਲਕੁਲ ਉਸੇ ਤਰ੍ਹਾਂ ਖ਼ੂਨ ਨਾਲ ਜਿਵੇਂ ਨਹਾ ਗਿਆ ਸੀ। ਜਨਰਲ ਨੀਲ ਜਦੋਂ ਬਨਾਰਸ, ਅਲਾਹਾਬਾਦ ਤੇ ਕਾਨਪੁਰ ਦੇ ਵਿਚਕਾਰਲੇ ਦਿਹਾਤੀ ਇਲਾਕਿਆਂ 'ਚੋਂ ਲੰਘਿਆ ਸੀ, ਤਦ ਉੱਥੇ ਕੀ ਕੁਝ ਵਾਪਰਿਆ ਸੀ, ਉਸ ਬਾਰੇ ਕਾਏ ਅਤੇ ਮੈਲੇਸਨ ਕੁਝ ਇਸ ਤਰ੍ਹਾਂ ਲਿਖਦੇ ਹਨ[3]: ਲੋਕਾਂ ਨੂੰ ਫਾਹੇ ਟੰਗਣ ਵਾਲੇ ਲੋਕ ਜ਼ਿਲ੍ਹਿਆਂ 'ਚ ਇੱਧਰ-ਉੱਧਰ ਘੁੰਮਦੇ ਆਮ ਵੇਖੇ ਜਾ ਸਕਦੇ ਸਨ ਅਤੇ ਕੱਚੀ ਉਮਰ ਦੇ ਜੱਲਾਦਾਂ ਦੀ ਗਿਣਤੀ ਇਸ ਮੌਕੇ ਘੱਟ ਨਹੀਂ ਸੀ। ਇੱਕ ਭੱਦਰ-ਪੁਰਸ਼ ਸ਼ੇਖ਼ੀ ਮਾਰਦਾ ਹੋਇਆ ਆਪਣੇ ਹੱਥੋਂ ਮਰੇ ਲੋਕਾਂ ਦੀ ਗਿਣਤੀ ਨੂੰ ਬੜੇ ਕਲਾਮਈ ਢੰਗ ਨਾਲ ਬਿਆਨ ਕਰ ਰਿਹਾ ਸੀ, ਉਹ ਫਾਂਸੀ ਦੇ ਤਖ਼ਤੇ ਨੂੰ ਅੰਬ ਦਾ ਰੁੱਖ ਤੇ ਫਾਹੇ ਟੰਗਣ ਵਾਲਿਆਂ ਨੂੰ ਹਾਥੀ ਦੱਸ ਰਿਹਾ ਸੀ। ਇਸ

---

1. ਐਚਿਸਨ, ਲਾਰੈਂਸ ਦਾ ਜੀਵਨ, ਜਿਲਦ 2, ਪੰਨਾ 262
2. -ਉਹੀ-, ਪੰਨਾ 454
3. ਭਾਰਤੀ ਬਗ਼ਾਵਤ ਦਾ ਇਤਿਹਾਸ, ਜਿਲਦ 2, ਪੰਨਾ 177

ਜੰਗਲੀ ਨਿਆਂ ਦੇ ਪੀੜਤ ਬੀਤੇ ਸਮੇਂ 'ਚ 8 ਅੰਕ ਦੇ ਰੂਪ ਵਿੱਚ ਵਾਪਰੀਆਂ ਘਟਨਾਵਾਂ ਤੋਂ ਬਹੁਤ ਘਬਰਾਏ ਹੋਏ ਸਨ।''

ਪੰਜਾਬ ਵੀ ਤਦ ਅੰਗਰੇਜ਼ਾਂ ਦੇ ਰੋਹ-ਭਰਪੂਰ ਬਦਲੇ ਤੋਂ ਬਚਿਆ ਨਹੀਂ ਸੀ। ਅੰਬਾਲਾ ਤੇ ਦਿੱਲੀ ਦੇ ਵਿਚਕਾਰ ''ਸੈਂਕੜੇ ਭਾਰਤੀਆਂ ਨੂੰ ਥੋੜ੍ਹੇ-ਥੋੜ੍ਹੇ ਸਮੇਂ ਅੰਦਰ ਹੀ ਕੋਰਟ-ਮਾਰਸ਼ਲ ਕਰ ਕੇ ਫਾਹੇ ਟੰਗਿਆ ਜਾ ਰਿਹਾ ਸੀ ਅਤੇ ਉਨ੍ਹਾਂ 'ਤੇ ਬਹੁਤ ਵਹਿਸ਼ੀਆਨਾ ਤੇ ਅਣਮਨੁੱਖੀ ਤਸ਼ੱਦਦ ਢਾਹੇ ਜਾ ਰਹੇ ਸਨ, ਫਾਂਸੀ ਦੇਣ ਲਈ ਥਾਂ-ਥਾਂ 'ਤੇ ਲੋੜੀਂਦੇ ਮੰਚ ਉਸਾਰੇ ਗਏ ਸਨ। ਗੁੱਛਿਆਂ ਦੇ ਰੂਪ ਵਿੱਚ ਉਨ੍ਹਾਂ ਦੇ ਸਿਰਾਂ ਦੇ ਵਾਲ਼ ਖਿੱਚੇ ਜਾਂਦੇ ਸਨ, ਬੰਦੂਕਾਂ ਦੀਆਂ ਸੰਗੀਨਾਂ ਨਾਲ ਉਨ੍ਹਾਂ ਦੇ ਸਰੀਰ ਪਾੜੇ ਜਾਂਦੇ ਸਨ ਤੇ ਫਿਰ ਉਨ੍ਹਾਂ ਨੂੰ ਬਚਣ ਲਈ ਕਿਹਾ ਜਾਂਦਾ ਸੀ ਤੇ ਉਹ ਪੀੜਤ ਲੋਕਾਂ ਲਈ ਤਦ ਮੌਤ ਜਾਂ ਤਸ਼ੱਦਦ ਵਿਚਾਲੇ ਕੋਈ ਫ਼ਰਕ ਨਹੀਂ ਰਹਿ ਜਾਂਦਾ ਸੀ - ਬਰਛਿਆਂ ਤੇ ਸੰਗੀਨਾਂ ਦੀਆਂ ਨੋਕਾਂ 'ਤੇ ਗਊ ਦਾ ਮਾਸ ਫਸਾ ਕੇ ਗ਼ਰੀਬ ਤੇ ਮਾਸੂਮ ਹਿੰਦੂ ਪਿੰਡ ਵਾਸੀਆਂ ਦੇ ਮੂੰਹਾਂ 'ਚ ਘੁਸੇੜਿਆ ਜਾਂਦਾ ਸੀ[1]।''

ਸਰਕਾਰ ਵੱਲੋਂ ਜਿਸ ਢੰਗ ਨਾਲ ਵਧੀਕੀਆਂ ਕਰ-ਕਰ ਕੇ ਬਦਲੇ ਲਏ ਗਏ ਸਨ, ਉਸ ਦੇ ਨਤੀਜੇ ਵਜੋਂ ਭਾਰਤ, ਖ਼ਾਸ ਤੌਰ 'ਤੇ ਉੱਤਰੀ ਭਾਰਤ ਦੇ ਲੋਕ ਦਹਿਸ਼ਤ 'ਚ ਆ ਗਏ ਸਨ। ਉਨ੍ਹਾਂ ਨੂੰ ਕੁਝ ਸੋਚਣ, ਕੋਈ ਗੱਲਬਾਤ ਤੇ ਕੰਮ ਕਰਨ ਲਈ ਵੀ ਅਤੇ ਅਧਿਕਾਰੀਆਂ ਦੀ ਹੁਕਮ-ਅਦੂਲੀ ਕਰਨ ਲਈ ਵੱਡੇ ਹੌਸਲੇ ਦੀ ਲੋੜ ਸੀ, ਜੋ ਤਦ ਵਿਲੱਖਣ ਤੇ ਦੁਰਲੱਭ ਹੋ ਗਿਆ ਸੀ। ਪਰ ਕੂਕਿਆਂ ਨੇ ਇਹ ਸਭ ਕੀਤਾ ਤੇ ਇੰਝ ਕਰਦੇ ਸਮੇਂ ਉਨ੍ਹਾਂ ਨੇ ਨਾ ਸਿਰਫ਼ ਮਨੁੱਖੀ ਭਾਵਨਾ ਨੂੰ ਕਦੇ ਦਬਣ ਦਿੱਤਾ, ਸਗੋਂ ਰਾਸ਼ਟਰੀ ਨਾਇਕਵਾਦ ਦੀ ਇੱਕ ਰਵਾਇਤ ਵੀ ਕਾਇਮ ਕੀਤੀ ਤੇ ਨਾਲ ਹੀ ਅਜ਼ਾਦੀ ਦੀ ਮਸ਼ਾਲ ਵੀ ਬੁਲੰਦ ਕੀਤੀ, ਜੋ ਸਮੇਂ ਦੇ ਨਾਲ-ਨਾਲ ਸਗੋਂ ਹੋਰ ਵੀ ਜ਼ਿਆਦਾ ਤਿੱਖੀ ਤੇ ਚਮਕਦਾਰ ਹੁੰਦੀ ਚਲੀ ਗਈ।

ਕੂਕਾਵਾਦ ਦੇ ਆਰੰਭ ਤੇ ਬਾਅਦ 'ਚ ਇਸ ਦੇ ਵਿਕਾਸ ਵਿੱਚ ਕੂਕਿਆਂ ਦੀ ਲਹਿਰ ਧਾਰਮਿਕ, ਸਮਾਜਿਕ ਤੇ ਸਿਆਸੀ ਸੀ ਪਰ ਫਿਰ ਇਹ ਸਭ ਉਦੇਸ਼ ਇੱਕਜੁਟ ਹੋ ਗਏ ਸਨ। ਇਨ੍ਹਾਂ ਸਾਰੇ ਪੱਖਾਂ ਨੂੰ ਪਰਸਪਰ ਪੂਰਕ ਸਮਝਿਆ ਗਿਆ ਤੇ ਇਨ੍ਹਾਂ ਉੱਤੇ ਬਾਕਾਇਦਾ ਜ਼ੋਰ ਦਿੱਤਾ ਗਿਆ। ਧਾਰਮਿਕ ਤੇ ਸਮਾਜਿਕ ਪੱਖਾਂ ਨੂੰ ਬੁਨਿਆਦੀ ਮਹੱਤਵ ਵਾਲੇ ਕਰਾਰ ਦਿੱਤਾ ਗਿਆ ਤੇ ਸਿਆਸਤ ਉਨ੍ਹਾਂ ਵਿੱਚੋਂ ਕਿਰ ਗਈ, ਇਹ ਮੰਨਿਆ ਜਾਂਦਾ ਸੀ, ਸਿਰਫ਼ ਛੋਟੇ ਦਿਮਾਗ਼ ਵਾਲਿਆਂ ਦੀਆਂ ਸਾਜ਼ਿਸ਼ਾਂ। ਨੈਤਿਕਤਾ ਤੇ ਸਿਆਸਤ ਦਾ ਅੰਤਰ-ਸਬੰਧ ਸਿੱਖਾਂ (ਜੇ ਕਹਿ ਲਈਏ ਭਾਰਤੀਆਂ) ਦੇ ਸਿਆਸੀ ਫ਼ਲਸਫ਼ੇ ਲਈ ਇੱਕ ਪੁਰਾਣਾ ਸਿਧਾਂਤ ਸੀ। ਇਸ ਤੋਂ ਸਿੱਟਾ ਕਢਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਧਰਮ ਅਤੇ ਨੈਤਿਕਤਾ, ਮਾਨਸਿਕ ਸ਼ਾਂਤੀ ਤੇ ਖ਼ੁਸ਼ੀ ਦੇ ਸਰੋਤ ਤੋਂ ਇਲਾਵਾ, ਤਾਕਤ ਦਾ ਵੀ ਇੱਕ ਯਕੀਨੀ ਫ਼ੁਹਾਰਾ ਹਨ। ਉਨ੍ਹਾਂ 'ਚ ਵਾਧੇ

1. ਭਾਰਤੀ ਅਜ਼ਾਦੀ ਦੀ ਜੰਗ ਵਿੱਚ ਵੀਰ ਸਾਵਰਕਰ ਵੱਲੋਂ ਉੱਧ੍ਰਿਤ, ਪੰਨਾ 134.

ਨਾਲ ਦਲੇਰੀ ਤੇ ਤਾਕਤ ਮਿਲਦੀ ਹੈ, ਜੇ ਇਨ੍ਹਾਂ ਦੀ ਇੱਜ਼ਤ ਨਾ ਕੀਤੀ ਜਾਵੇ, ਤਾਂ ਨੁਕਸਾਨ ਹੁੰਦਾ ਹੈ।

ਧਾਰਮਿਕ ਤੇ ਸਮਾਜਿਕ ਤੌਰ 'ਤੇ ਕੂਕਾ ਅੰਦੋਲਨ ਲਗਾਤਾਰ ਸਰਗਰਮ ਸੀ, ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਵੇਲਿਆਂ 'ਚ ਹਜ਼ਰੋ ਦੇ ਬਾਬਾ ਬਾਲਕ ਸਿੰਘ ਵੱਲੋਂ ਆਰੰਭੀ ਲਹਿਰ ਦਾ ਇੱਕ ਤਰਕਪੂਰਨ ਵਿਕਾਸ ਸੀ। ਬਾਬਾ ਰਾਮ ਸਿੰਘ ਜੀ ਬਾਬਾ ਬਾਲਕ ਸਿੰਘ ਜੀ ਦੇ ਚੇਲੇ ਸਨ ਤੇ ਉਨ੍ਹਾਂ ਦੇ ਅਸਥਾਨ 'ਤੇ ਕਈ ਵਾਰ ਜਾ ਆਏ ਸਨ। ਬਾਬਾ ਰਾਮ ਸਿੰਘ ਜੀ ਨੇ ਧਾਰਮਿਕ ਤੇ ਸਮਾਜਿਕ ਸੁਧਾਰਾਂ ਸੰਬੰਧੀ ਉਨ੍ਹਾਂ ਦੇ ਵਿਚਾਰਾਂ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰ ਲਿਆ ਸੀ ਅਤੇ ਫਿਰ ਉਹਨਾਂ ਆਪਣੇ ਰੂਹਾਨੀ ਗੁਰੂ ਦੇ ਸਿੱਖਿਆ ਤੇ ਨਿਰਦੇਸ਼ਾਂ ਅਨੁਸਾਰ ਅਮਲ ਵੀ ਕੀਤੇ, ਵਾਹਿਗੁਰੂ ਦੇ ਪ੍ਰੇਮ, ਨਿਸ਼ਕਾਮ ਸਮਾਜ ਸੇਵਾ, ਸ਼ੁੱਧ ਕਿਸਮ ਦਾ ਜੀਵਨ ਬਤੀਤ ਕਰਨ, ਆਦਤਾਂ 'ਚ ਸਾਦਗੀ, ਦਾਨੀ ਰੁਚੀ ਤੇ ਸੱਚਾਈ ਜਿਹੇ ਗੁਣਾਂ ਨੂੰ ਆਪਣੇ ਅੰਦਰ ਜਜ਼ਬ ਕੀਤਾ। ਭੈੜੀਆਂ ਸਮਾਜਿਕ ਕੁਰੀਤਾਂ, ਅਰਥਹੀਣ ਤੇ ਜਟਿਲ ਕਿਸਮ ਦੇ ਰਿਵਾਜਾਂ, ਜ਼ਾਲਮਾਨਾ ਸਮਾਜਕ ਰੀਤਾਂ ਜਿਵੇਂ ਕਿ ਨਿੱਕੀਆਂ ਬੱਚੀਆਂ ਦੀ ਹੱਤਿਆ, ਬਾਲ-ਵਿਆਹ ਤੇ ਲਾਲਚੀ ਕਿਸਮ ਦੀਆਂ ਕੁਰਹਿਤਾਂ ਜਿਵੇਂ ਕਿ ਵਿਆਹ 'ਚ ਪਤਨੀਆਂ ਦੀ ਵਿਕਰੀ, ਨਸ਼ੀਲੇ ਪਦਾਰਥਾਂ ਦੀ ਵਰਤੋਂ ਤੇ ਪਸ਼ੂਆਂ ਦਾ ਮਾਸ ਖਾਣ ਜਿਹੀਆਂ ਬੁਰਾਈਆਂ ਦਾ ਖ਼ਾਤਮਾ ਕਰਨ ਲਈ ਬਾਕਾਇਦਾ ਮੁਹਿੰਮਾਂ ਚਲਾਈਆਂ। ਇਸੇ ਤਰ੍ਹਾਂ ਅੰਧ-ਵਿਸ਼ਵਾਸ ਨਾਲ ਕਬਰਾਂ ਦੀ ਪੂਜਾ, ਮੜ੍ਹੀਆਂ, ਮਕਬਰੇ ਤੇ ਸਮਾਧਾਂ ਦਾ ਬੇਰਹਿਮੀ ਨਾਲ ਵਿਰੋਧ ਕੀਤਾ ਗਿਆ। ਜਦੋਂ ਅਜਿਹੇ ਲੋਕ ਕੂਕੇ ਬਣਦੇ ਸਨ, ਤਾਂ ਉਨ੍ਹਾਂ ਨੂੰ ਸਖ਼ਤੀ ਨਾਲ ਇਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਲਈ ਆਖਿਆ ਜਾਂਦਾ ਸੀ। ਇਸ ਦੇ ਨਤੀਜੇ ਵਜੋਂ ਬਾਕੀ ਦੇ ਭਾਈਚਾਰੇ ਦੇ ਮੁਕਾਬਲੇ ਇੱਕ ਉਚੇਰੇ ਜੀਵਨ ਦੀ ਰਹਿਣੀ-ਬਹਿਣੀ ਕਾਇਮ ਹੋ ਗਈ। ਇੱਕ ਸਮਕਾਲੀ ਭਾਰਤੀ ਇਤਿਹਾਸਕਾਰ ਮੌਲਵੀ ਗ਼ੁਲਾਮ ਭੀਖ ਜਲੰਧਰੀ ਨੇ ਕੂਕਿਆਂ ਦੇ ਉੱਚ ਕਿਸਮ ਦੇ ਚਰਿੱਤਰ ਬਾਰੇ ਨਿਮਨਲਿਖਤ ਸ਼ਬਦਾਂ 'ਚ ਬਿਆਨ ਕੀਤਾ ਹੈ[1]: "ਉਨ੍ਹਾਂ ਨੇ ਹਰੇਕ ਬੁਰਾਈ ਦਾ ਇੱਕ ਪਾਪ ਵਜੋਂ ਤਿਆਗ ਕਰ ਦਿੱਤਾ। ਚੋਰੀ, ਵਿਭਚਾਰ, ਸ਼ਰਾਬ ਪੀਣ, ਹੋਰ ਸਾਰੀਆਂ ਬੁਰਾਈਆਂ, ਮਾਸ ਖਾਣ ਤੇ ਝੂਠ ਬੋਲਣ ਦੀ ਉਨ੍ਹਾਂ ਸਾਰਿਆਂ 'ਤੇ ਪਾਬੰਦੀ ਲਾਗੂ ਹੁੰਦੀ ਸੀ। ਜੋ ਵੀ ਵਿਅਕਤੀ ਕੂਕਾ ਬਣ ਜਾਂਦਾ ਹੈ, ਉਸ ਨੂੰ ਗੁਰੂ ਜੀ ਦੇ ਹੁਕਮਾਂ ਤੇ ਸਿਧਾਂਤਾਂ ਦੀ ਪਾਲਣਾ ਸਖ਼ਤੀ ਨਾਲ ਕਰਨੀ ਪੈਂਦੀ ਹੈ ਅਤੇ ਘੱਟ-ਖ਼ਰਚੀਲਾ ਤੇ ਸਵੈ-ਬਲੀਦਾਨ ਵਾਲਾ ਜੀਵਨ ਜਿਊਣਾ ਪੈਂਦਾ ਹੈ। ਉਨ੍ਹਾਂ ਦਾ ਸਭ ਤੋਂ ਮੁੱਖ ਸਿਧਾਂਤ ਹੈ: ਮਰਨ ਲਈ ਤਿਆਰ ਰਹੋ, ਜੀਵਨ ਜਿਊਣ ਦੀ ਕੋਈ ਇੱਛਾ ਨਾ ਰੱਖੋ, ਆਪਣੇ ਆਪ ਨੂੰ ਇੰਨੇ ਸਨਿਮਰ ਬਣਾ ਕੇ ਰੱਖੋ ਕਿ ਖ਼ੁਦ ਨੂੰ ਧੂੜ ਸਮਝੋ, ਸਿਰਫ਼ ਤੇ ਸਿਰਫ਼ ਤਦ ਹੀ ਕੋਈ ਵਿਅਕਤੀ ਕੂਕਾ ਬਣ ਸਕਦਾ ਹੈ। ਜ਼ਿੰਦਗੀ ਭਰ ਇਨ੍ਹਾਂ ਸਿਧਾਂਤਾਂ ਨਾਲ ਜੁੜ ਕੇ ਚੱਲਣਾ ਪੈਂਦਾ ਹੈ। ਕੂਕਾ

1. ਤਾਰੀਖ਼-ਏ-ਵਕਰੀ (ਉਰਦੂ, 1882 'ਚ ਮੁਕੰਮਲ ਹੋਈ), ਪੰਨਾ 142-148

ਸੰਪਰਦਾਇ 'ਚ ਸ਼ੈਤਾਨ ਜਾਂ ਭ੍ਰਿਸ਼ਟ ਕਿਸਮ ਦਾ ਵਿਅਕਤੀ ਕਦੇ ਨਹੀਂ ਵੇਖਿਆ ਜਾਂਦਾ।''

ਕੂਕਿਆਂ ਦੇ ਉਪਰੋਕਤ ਸੁਧਾਰਾਂ ਦੀ ਉਪਯੋਗਤਾ ਜਾਂ ਮਹੱਤਵ ਦਾ ਜ਼ਰੂਰ ਹੀ ਉਨ੍ਹਾਂ ਸਮਿਆਂ ਦੇ ਸੰਦਰਭ 'ਚ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ, ਜਦੋਂ ਇਹ ਲਾਗੂ ਕੀਤੇ ਗਏ ਸਨ। ਉਸ ਵੇਲੇ ਸਾਡੀਆਂ ਧਾਰਮਿਕ ਤੇ ਸਮਾਜਿਕ ਕਦਰਾਂ-ਕੀਮਤਾਂ ਹਰ ਪਾਸਿਓਂ ਬਹੁਤ ਹੇਠਲੇ ਪੱਧਰ 'ਤੇ ਚਲੀਆਂ ਗਈਆਂ ਸਨ। ਧਾਰਮਿਕ ਖੇਤਰ 'ਚ ਅਸੀਂ ਪਦਾਰਥ ਨਾਲੋਂ ਰੂਪ ਨੂੰ ਵਧੇਰੇ ਮਹੱਤਵ ਦਿੱਤਾ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਲੋਕ ਰੀਤਾਂ-ਰਿਵਾਜਾਂ ਦੀ ਜਿੱਲ੍ਹਣ 'ਚ ਫਸ ਕੇ ਰਹਿ ਗਏ, ਜਿਨ੍ਹਾਂ ਸਦਕਾ ਉਹ ਸੱਚਮੁਚ ਪੁਜਾਰੀਵਾਦ ਦੇ ਗ਼ੁਲਾਮ ਬਣ ਕੇ ਰਹਿ ਗਏ। ਇਸੇ ਤਰ੍ਹਾਂ ਸਮਾਜਿਕ ਖੇਤਰ 'ਚ ਵੀ ਕਈ ਤਰ੍ਹਾਂ ਦੀਆਂ ਘੋਰ ਬੁਰਾਈਆਂ ਸਨ। ਔਰਤਾਂ ਦਾ ਰੁਤਬਾ ਹੀ ਜਿਵੇਂ ਸਮਾਜ 'ਚੋਂ ਮਨਫ਼ੀ ਕਰ ਦਿੱਤਾ ਗਿਆ ਸੀ; ਵਿਆਹ ਪ੍ਰਣਾਲੀ 'ਚ ਕਈ ਤਰ੍ਹਾਂ ਦੇ ਮਾੜੇ ਅਭਿਆਸ ਸਨ; ਤੇ ਜਾਤ-ਪਾਤ ਦੀ ਪ੍ਰਣਾਲੀ ਬਹੁਤ ਜ਼ਿਆਦਾ ਘੁੰਮਣਘੇਰੀਆਂ 'ਚ ਫਸ ਕੇ ਰਹਿ ਗਈ ਸੀ। ਜਿੱਥੋਂ ਤੱਕ ਸਿੱਖਾਂ ਦਾ ਸੰਬੰਧ ਸੀ, ਉਹ ਤੇਜ਼ੀ ਨਾਲ ਆਪਣਾ ਸੁਧਰਿਆ ਵਿਲੱਖਣ ਚਰਿੱਤਰ ਗੁਆਉਂਦੇ ਜਾ ਰਹੇ ਸਨ ਤੇ ਵਧੇਰੇ ਪ੍ਰਚਲਿਤ ਹਿੰਦੂਵਾਦ ਵਿੱਚ ਮੁੜ ਧਸਦੇ ਜਾ ਰਹੇ ਸਨ। ਤਦ ਕੂਕਾਵਾਦ ਆਪਣੇ ਧਾਰਮਿਕ-ਸਮਾਜਕ ਪੱਖਾਂ ਨਾਲ ਪ੍ਰਗਤੀ ਤੇ ਪੁਨਰ-ਸੁਰਜੀਤੀ ਦੀ ਨੁਮਾਇੰਦਗੀ ਕਰਦਾ ਹੋਇਆ ਅੱਗੇ ਵਧਿਆ।

ਸਿਆਸੀ ਤੌਰ 'ਤੇ ਕੂਕਾ ਲਹਿਰ ਨੂੰ ਬਾਬਾ ਬਾਲਕ ਸਿੰਘ ਜੀ ਦੀ ਜਿਗਿਆਸੀ ਅਭਿਆਸੀ ਮੁਹਿੰਮ ਨਾਲੋਂ ਭਾਈ ਮਹਾਰਾਜ ਸਿੰਘ ਦੇ ਖ਼ਾਲਸਾ ਰਾਸ਼ਟਰਵਾਦ ਦੀ ਲੜੀ 'ਚ ਰੱਖ ਕੇ ਵਧੇਰੇ ਵੇਖਿਆ ਜਾ ਸਕਦਾ ਹੈ। ਇਹ ਸੰਭਵ ਹੈ ਕਿ ਬਾਬਾ ਬਾਲਕ ਸਿੰਘ ਜੀ ਦੇ ਵੀ ਸਿਆਸੀ ਵਿਚਾਰ ਸਨ ਪਰ ਮੰਦੇਭਾਗੀਂ ਉਨ੍ਹਾਂ ਬਾਰੇ ਹੁਣ ਕੋਈ ਪੱਕੀ ਜਾਣਕਾਰੀ ਨਹੀਂ ਹੈ। ਜਦੋਂ ਤੱਕ ਉਨ੍ਹਾਂ ਦਾ ਪਤਾ ਨਹੀਂ ਲੱਗਦਾ (ਅਤੇ ਉਸ ਤੋਂ ਬਾਅਦ ਵੀ), ਤਦ ਤੱਕ ਅਜਿਹਾ ਸੋਚਣਾ ਵਧੇਰੇ ਵਾਜਬ ਹੋਵੇਗਾ ਕਿ ਮਹਾਰਾਜ ਸਿੰਘ ਵਰਗੇ ਵਿਅਕਤੀਆਂ ਦੀ ਲੀਡਰਸ਼ਿਪ ਅਧੀਨ ਪੰਜਾਬ 'ਤੇ ਬ੍ਰਿਟਿਸ਼ ਕਬਜ਼ੇ ਤੋਂ ਠੀਕ ਪਹਿਲਾਂ ਖ਼ਾਲਸਾ ਰਾਸ਼ਟਰਵਾਦ ਦੇ ਉਭਾਰ ਦਾ ਕੂਕਾ ਲਹਿਰ ਦੇ ਰਹਿਨੁਮਾ ਬਾਬਾ ਰਾਮ ਸਿੰਘ ਜੀ ਉੱਤੇ ਡੂੰਘੇਰਾ ਪ੍ਰਭਾਵ ਸੀ। ਉਹ ਖ਼ੁਦ ਉਨ੍ਹਾਂ ਦਿਨਾਂ 'ਚੋਂ ਲੰਘੇ ਸਨ ਅਤੇ ਭਾਵੇਂ ਉਨ੍ਹਾਂ ਤਦ ਉਸ ਵੇਲੇ ਸਰਗਰਮੀ ਨਾਲ ਭਾਗ ਨਹੀਂ ਲਿਆ ਸੀ ਪਰ ਉਹ ਸਾਧਨਾਵਾਂ 'ਚ ਜਜ਼ਬ ਹੋ ਗਏ ਸਨ, ਉਹ ਆਪਣੇ ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਪ੍ਰਤੀ ਅਣਜਾਣ ਨਹੀਂ ਸਨ। ਉਨ੍ਹਾਂ ਦੀਆਂ ਚਿੱਠੀਆਂ 'ਚ ਭਾਈ ਮਹਾਰਾਜ ਸਿੰਘ ਦਾ ਜ਼ਿਕਰ ਅਕਸਰ ਮਿਲਦਾ ਹੈ, ਇਸ ਲਈ ਅਸੀਂ ਇਹ ਨਤੀਜਾ ਕੱਢ ਸਕਦੇ ਹਾਂ ਕਿ ਬਾਬਾ ਰਾਮ ਸਿੰਘ ਜੀ ਦੇ ਮਨ 'ਚ ਉਨ੍ਹਾਂ ਦੀ ਬਹੁਤ ਇੱਜ਼ਤ ਸੀ।

ਪੰਜਾਬ ਦੇ ਬਾਕੀ ਦੇ ਭਾਰਤ ਨਾਲ ਰਲੇਵੇਂ ਤੋਂ ਬਾਅਦ ਸਿੱਖਾਂ ਲਈ ਬਹੁਤ ਔਖੇ ਸਮੇਂ ਸਨ। ਉਨ੍ਹਾਂ ਦੇ ਸਾਰੇ ਆਗੂ, ਜੋ ਪਿਛਲੀ ਜੰਗ 'ਚ ਲੜੇ ਸਨ, ਹੁਣ ਜਲਾਵਤਨ

ਕਰ ਦਿੱਤੇ ਗਏ ਸਨ। ਚਤਰ ਸਿੰਘ, ਸ਼ੇਰ ਸਿੰਘ, ਅਵਤਾਰ ਸਿੰਘ (ਸਾਰੇ ਅਟਾਰੀ ਦੇ), ਲਾਲ ਸਿੰਘ ਮੋਰਾਰੀਆ, ਮਹਿਤਾਬ ਸਿੰਘ ਮਜੀਠੀਆ, ਹਕੀਮ ਰਾਏ, ਕੰਵਰ ਕਿਸ਼ਨ ਸਿੰਘ, ਅਰਜਨ ਸਿੰਘ ਤੇ ਦੀਵਾਨ ਮੂਲ ਰਾਜ ਨੂੰ ਪੱਕੇ ਤੌਰ 'ਤੇ ਹਿਰਾਸਤ 'ਚ ਰੱਖਣ ਲਈ ਅਲਾਹਾਬਾਦ ਦੇ ਕਿਲੇ 'ਚ ਭੇਜ ਦਿੱਤਾ ਗਿਆ ਸੀ। ਦੀਵਾਨ ਮੂਲ ਰਾਜ ਨੂੰ ਬਾਅਦ 'ਚ ਹੋਰ ਵੀ ਦੂਰ ਕਲਕੱਤਾ ਭੇਜ ਦਿੱਤਾ ਗਿਆ ਸੀ। ਬ੍ਰਿਟਿਸ਼ ਵਿਰੁੱਧ ਰਾਸ਼ਟਰੀ ਸੰਘਰਸ਼ ਪਿਛਲੀ ਮੁੱਖ ਤਾਕਤ ਭਾਈ ਮਹਾਰਾਜ ਸਿੰਘ ਕੁਝ ਸਮਾਂ ਤਾਂ ਰੂਪੋਸ਼ ਰਹੇ, ਮਹਾਰਾਜਾ ਦਲੀਪ ਸਿੰਘ ਜਿਹੀ ਸ਼ਖ਼ਸੀਅਤ ਨੂੰ ਵਾਪਸ ਲਿਆਉਣ ਅਤੇ ਅਜ਼ਾਦੀ ਦੀ ਇੱਕ ਹੋਰ ਦਲੇਰਾਨਾ ਕੋਸ਼ਿਸ਼ ਦੀਆਂ ਤਿਆਰੀਆਂ ਵਿੱਚ ਰੁੱਝੇ ਰਹੇ। ਪਰ 1849 'ਚ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਨੂੰ ਦੇਸ਼-ਨਿਕਾਲਾ ਦੇ ਦਿੱਤਾ ਗਿਆ ਸੀ। ਤਦ ਲੀਡਰਸ਼ਿਪ ਦਾ ਖ਼ਾਤਮਾ ਹੋ ਗਿਆ ਸੀ ਤੇ ਸਰਕਾਰ ਲਈ ਜਗੀਰਾਂ ਬਖ਼ਸ਼ ਕੇ ਤੇ ਹੋਰ ਤੋਹਫ਼ੇ ਦੇ ਕੇ ਨਵੇਂ ਅਮੀਰਾਂ ਨੂੰ ਸਾਹਮਣੇ ਲਿਆਉਣ ਵਾਸਤੇ ਮੈਦਾਨ ਬਿਲਕੁਲ ਖਾਲੀ ਪਿਆ ਸੀ। ਨਵੇਂ ਕੁਲੀਨ ਵਰਗ ਨੂੰ ਕੁਦਰਤੀ ਤੌਰ 'ਤੇ ਸਿੱਖ ਰਾਸ਼ਟਰਵਾਦ ਦੇ ਉਦੇਸ਼ਾਂ ਤੇ ਮੰਤਵਾਂ ਨਾਲ ਕੋਈ ਹਮਦਰਦੀ ਨਹੀਂ ਸੀ। ਉਨ੍ਹਾਂ 'ਤੇ ਆਪਣੇ ਹੀ ਛੋਟੇ-ਮੋਟੇ ਸੁਆਰਥੀ ਹਿੱਤ ਭਾਰੂ ਸਨ ਤੇ ਉਹ ਵੀ ਤਦ ਵਫ਼ਾਦਾਰੀ ਨਿਭਾ ਸਕਦੇ ਸਨ, ਜਦੋਂ ਉਨ੍ਹਾਂ ਦੀ ਆਪਣੀ ਕੌਮ ਜਾਂ ਦੇਸ਼ ਦੇ ਆਪਣੇ ਅਹਿਮ ਹਿੱਤਾਂ ਦੀ ਗੱਲ ਹੋਵੇ। ਇਸ ਤੋਂ ਇਲਾਵਾ, ਹਾਕਮਾਂ ਵੱਲੋਂ ਸਿੱਖਾਂ ਵਿੱਚੋਂ ਰਾਸ਼ਟਰਵਾਦ ਦੀ ਭਾਵਨਾ ਦਾ ਖ਼ਾਤਮਾ ਕਰਨ ਲਈ ਕਈ ਹੋਰ ਕਦਮ ਵੀ ਚੁੱਕੇ ਗਏ ਸਨ। ਕੁਝ ਭਾੜੇ ਦੇ ਫ਼ੌਜੀਆਂ ਨੂੰ ਛੱਡ ਕੇ ਉਨ੍ਹਾਂ ਸਭਨਾਂ ਨੂੰ ਹੀ ਹਥਿਆਰਬੰਦ ਫ਼ੌਜਾਂ 'ਚੋਂ ਕੱਢ ਦਿੱਤਾ ਗਿਆ ਸੀ। ਕਿਰਪਾਨ ਸਮੇਤ ਹਰ ਤਰ੍ਹਾਂ ਦੇ ਘਾਤਕ ਹਥਿਆਰ ਰੱਖਣ ਤੇ ਲਿਜਾਣ ਉੱਤੇ ਮੁਕੰਤਲ ਪਾਬੰਦੀ ਲਾ ਦਿੱਤੀ ਗਈ ਸੀ, ਜਦ ਕਿ ਇਹ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਪੰਜ ਲਾਜ਼ਮੀ ਕਕਾਰਾਂ 'ਚੋਂ ਇੱਕ ਸੀ। ਸਿੱਖਾਂ ਨੂੰ ਹੋਰ ਕਮਜ਼ੋਰ ਕਰਨ ਲਈ ਪੰਜਾਬ ਦੇ ਮੁਸਲਮਾਨਾਂ ਨੂੰ ਆਪਣੇ ਵੱਲ ਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਸਨ ਜਾਂ ਕੁਝ ਜਨਤਕ ਕਾਰਜਾਂ ਜਾਂ ਕਾਨੂੰਨ ਤੇ ਵਿਵਸਥਾ ਨੂੰ ਸਖ਼ਤੀ ਨਾਲ ਲਾਗੂ ਕਰਨ ਜਿਹੀਆਂ ਕੁਝ ਖ਼ਾਸ ਮੱਦਾਂ ਰਾਹੀਂ ਲੋਕਾਂ 'ਚ ਸੰਤੁਸ਼ਟੀ ਦੀ ਭਾਵਨਾ ਦੇਣ ਦੇ ਜਤਨ ਕੀਤੇ ਗਏ ਸਨ।

ਇਨ੍ਹਾਂ ਸਾਰੇ ਕਦਮਾਂ ਦਾ ਕੀ ਅਸਰ ਪਿਆ? ਕੀ ਸਿੱਖਾਂ 'ਚੋਂ ਰਾਸ਼ਟਰਵਾਦ ਦੀ ਭਾਵਨਾ ਕੱਢੀ ਜਾ ਸਕੀ? ਬ੍ਰਿਟਿਸ਼ ਸਰਕਾਰ ਨੂੰ ਕਿੰਨੀ ਕੁ ਸਫ਼ਲਤਾ ਮਿਲ ਸਕੀ? ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਿੱਖਾਂ ਦੀ ਸਰਕਾਰੀ ਨੀਤੀ ਕਾਰਣ ਕੌਮੀਅਤ ਦੀ ਭਾਵਨਾ ਦੇ ਮਾਮਲੇ 'ਚ ਵੱਡੀ ਤੇ ਗੰਭੀਰ ਕਿਸਮ ਦੀ ਢਾਹ ਲੱਗੀ। ਸਿੱਖ ਰਾਸ਼ਟਰਵਾਦ ਦੀ ਧਾਰ ਖੁੰਢੀ ਹੋ ਗਈ ਸੀ, ਭਾਵੇਂ ਇਹ ਸਭ ਆਰਜ਼ੀ ਹੀ ਸੀ; ਉਨ੍ਹਾਂ ਤੋਂ ਦੇਸ਼-ਭਗਤੀ ਦੀ ਲੀਡਰਸ਼ਿਪ ਖੁੱਸ ਗਈ ਸੀ ਤੇ ਹੋਰ ਵੀ ਭੈੜੀ ਗੱਲ ਇਹ ਸੀ ਕਿ ਲੋਕਾਂ ਦੀਆਂ ਬੁਨਿਆਦੀ ਭਾਵਨਾਵਾਂ ਨੂੰ ਟੁੰਬਣ ਲਈ ਕਈ ਕਿਸਮ ਦੇ ਲਾਲਚ ਦਿੱਤੇ ਜਾਂਦੇ ਸਨ। ਪਰ ਕੌਮੀਅਤ ਦੀ ਭਾਵਨਾ ਵੀ ਜੜ੍ਹੋਂ ਉੱਖੜ ਚੁੱਕੀ ਸੀ ਤੇ ਉਸ ਦਾ

ਆਸਾਨੀ ਨਾਲ ਖ਼ਾਤਮਾ ਹੋ ਸਕਦਾ ਸੀ। ਭਾਵੇਂ ਉਸ ਵੇਲੇ ਕੁਝ ਨਿਰਾਸ਼ਾ ਦਾ ਮਾਹੌਲ ਸੀ, ਜੇ ਲੱਖਾਂ 'ਚ ਨਹੀਂ ਤਾਂ ਹਜ਼ਾਰਾਂ ਦੇ ਕਰੀਬ ਸਿੱਖਾਂ 'ਚ ਅੰਗਰੇਜ਼ਾਂ ਪ੍ਰਤੀ ਵਿਰੋਧ ਦੀ ਭਾਵਨਾ ਮੌਜੂਦ ਸੀ ਤੇ ਉਹ ਆਪਣਾ ਖ਼ੁਦ ਦਾ ਇੱਕ ਆਜ਼ਾਦ ਰਾਜ ਚਾਹੁੰਦੇ ਸਨ।

ਇੱਥੇ ਇਹ ਸੁਆਲ ਪੁੱਛਿਆ ਜਾ ਸਕਦਾ ਹੈ: ਫਿਰ 1857 'ਚ ਉਨ੍ਹਾਂ ਨੇ ਬ੍ਰਿਟਿਸ਼ ਦੀ ਮਦਦ ਕਿਉਂ ਕੀਤੀ ਤੇ ਬਗ਼ਾਵਤ ਸਦਕਾ ਮੁਹੱਈਆ ਹੋਏ ਮਹਾਨ ਮੌਕੇ ਦਾ ਉਨ੍ਹਾਂ ਨੇ ਫ਼ਾਇਦਾ ਕਿਉਂ ਨਹੀਂ ਉਠਾਇਆ? ਇਹ ਨਿਸ਼ਚਤ ਕਰਨ ਲਈ ਕਿ ਉਨ੍ਹਾਂ ਅੰਗਰੇਜ਼ਾਂ ਦੀ ਮਦਦ ਕਿਉਂ ਕੀਤੀ, ਪਹਿਲਾਂ ਇਹ ਪੁੱਛਣਾ ਜ਼ਰੂਰੀ ਹੈ ਕਿ ਇੰਝ ਕਿਸ ਨੇ ਕੀਤਾ ਸੀ। ਮੁੱਖ ਸਿੱਖ ਸਹਾਇਤਾ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਦੇ ਹਾਕਮਾਂ ਤੋਂ ਹੀ ਆਈ ਸੀ। ਇੰਝ ਉਨ੍ਹਾਂ ਦੀ ਇਸ ਮਦਦ ਨੂੰ ਮਹਾਰਾਜਿਆਂ ਤੋਂ ਆਈ ਕਰਾਰ ਦੇਣਾ ਚਾਹੀਦਾ ਹੈ ਨਾ ਕਿ ਸਿੱਖ ਕੌਮ ਦੇ ਮੈਂਬਰਾਂ ਤੋਂ। ਉਨ੍ਹਾਂ ਦਾ ਵਿਵਹਾਰ ਤਦ ਬਿਲਕੁਲ ਉਹੋ ਜਿਹਾ ਹੀ ਸੀ, ਜਿਹੋ ਜਿਹਾ ਬਾਕੀ ਦੇ ਜ਼ਿਆਦਾਤਰ ਭਾਰਤੀ ਹਾਕਮਾਂ ਦਾ ਸੀ। ਜਿੱਥੋਂ ਤੱਕ ਹੋਰਨਾਂ ਦਾ ਸੁਆਲ ਹੈ, ਬਗ਼ਾਵਤ ਕਰਨ ਵਾਲਿਆਂ ਜਾਂ ਬੈਠ ਕੇ ਇਹ ਸਭ ਵੇਖਣ ਵਾਲਿਆਂ ਦੀ ਗਿਣਤੀ ਮਦਦਗਾਰਾਂ ਨਾਲੋਂ ਵੱਧ ਸੀ। ਜੇ ਹੌਡਸਨ ਤੇ ਕੌਰਟਲੈਂਡ ਦੀ ਮਦਦ ਕਰਨ ਵਾਲੇ ਸਿੱਖ ਸਨ, ਤਾਂ ਅਜਿਹੇ ਸਿੱਖ ਵੀ ਹੈ ਸਨ ਜਿਨ੍ਹਾਂ ਨੂੰ ਅੰਗਰੇਜ਼ ਹਾਕਮਾਂ ਨੇ ਕੁਚਲ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਸਰਕਾਰ ਵਿਰੁੱਧ ਬਗ਼ਾਵਤ ਕੀਤੀ ਸੀ। ਮਦਦ ਕਰਨ ਵਾਲੇ ਸਿੱਖ ਭਾੜੇ ਦੇ ਫ਼ੌਜੀ ਸਨ, ਜਿਹੜੇ ਫ਼ੌਜਾਂ 'ਚ ਭਰਤੀ ਹੋਏ ਸਨ; ਉਨ੍ਹਾਂ ਦੇ ਮਨਾਂ 'ਚ ਬ੍ਰਿਟਿਸ਼ ਲਈ ਕੋਈ ਪਿਆਰ ਨਹੀਂ ਸੀ ਨਾ ਹੀ ਪੂਰਬੀਆ ਸਿਪਾਹੀ ਲਈ ਕਿਸੇ ਕਿਸਮ ਦੀ ਨਫ਼ਰਤ ਸੀ ਕਿਉਂਕਿ ਇਹ ਸਭ ਧਨ ਦੇ ਲਾਲਚ ਕਾਰਣ ਸੀ। ਉਨ੍ਹਾਂ ਦੇ ਅਜਿਹੇ ਨਾਅਰਿਆਂ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਣਾ ਚਾਹੀਦਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਭਵਿੱਖਬਾਣੀ ਪੂਰੀ ਕਰਨ ਲਈ ਅੰਗਰੇਜ਼ਾਂ ਦੀ ਮਦਦ ਕਰਨਾ ਸਿੱਖਾਂ ਦਾ ਧਾਰਮਿਕ ਫ਼ਰਜ਼ ਹੈ ਤੇ ਤਾਨਾਸ਼ਾਹ ਤੈਮੂਰੀ ਖ਼ਾਨਦਾਨ ਵਿਰੁੱਧ ਜੰਗ ਲੜਨੀ ਹੈ ਕਿਉਂਕਿ ਅੰਗਰੇਜ਼ਾਂ ਨੇ ਚਾਲਾਕੀ ਨਾਲ ਉਨ੍ਹਾਂ 'ਚ ਜੋਸ਼ ਭਰ ਦਿੱਤਾ ਸੀ ਅੰਗਰੇਜ਼ ਭਲੀਭਾਂਤ ਜਾਣਦੇ ਸਨ ਕਿ ਇੱਕ ਭਾਰਤੀ ਭਾਈਚਾਰੇ ਨੂੰ ਦੂਜੇ ਨਾਲ ਕਿਵੇਂ ਲੜਾਉਣਾ ਹੈ।

ਜਿਹੜੀ ਸਹਾਇਤਾ ਰਿਆਸਤਾਂ ਨੇ ਉਨ੍ਹਾਂ ਨੂੰ ਦਿੱਤੀ ਸੀ, ਉਹ ਇੰਨੀ ਜ਼ਿਆਦਾ ਨਹੀਂ ਸੀ, ਜਿੰਨੀ ਵਧਾ-ਚੜ੍ਹਾ ਕੇ ਪੇਸ਼ ਕੀਤੀ ਗਈ ਹੈ। ਕਾਰਣ ਇਹ ਹੈ ਕਿ ਵਰਨਣਯੋਗ ਮਦਦ ਸਤਲੁਜ ਲਾਗਲੇ ਰਾਜਾਂ ਵੱਲੋਂ ਦਿੱਤੀ ਗਈ ਸੀ ਪਰ ਇਸ ਲਈ ਇਸ ਨੂੰ ਓਨੇ ਵੱਡੇ ਅਨੁਪਾਤਾਂ 'ਚ ਨਹੀਂ ਮੰਨ ਲੈਣਾ ਚਾਹੀਦਾ, ਜਿੰਨੇ 'ਚ ਇਹ ਹੁਣ ਹੈ। ਜਦੋਂ ਬਗ਼ਾਵਤ ਸ਼ੁਰੂ ਹੋਈ ਸੀ, ਸਿੱਖਾਂ ਦਾ ਪਹਿਲਾ ਪ੍ਰਤੀਕਰਮ ਇਹੋ ਸੀ ਕਿ "ਉਡੀਕੋ ਤੇ ਵੇਖੋ।" ਇਹ ਬਿਲਕੁਲ ਕੁਦਰਤੀ ਸੀ ਕਿਉਂਕਿ ਇਸ ਦੀ ਸ਼ੁਰੂਆਤ ਉਨ੍ਹਾਂ ਪੂਰਬੀਆਂ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਲਈ ਸਿੱਖਾਂ ਦੇ ਮਨਾਂ 'ਚ ਬੇਸ਼ੱਕ ਪੱਖਪਾਤ ਦੀ ਭਾਵਨਾ ਘਰ ਕਰੀ ਬੈਠੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਹ ਜਾਣਕਾਰੀ ਵੀ ਨਹੀਂ ਸੀ ਕਿ ਪੂਰਬੀਏ ਹੁਣ ਕੀ ਤੇ ਕਿਉਂ ਕਰਨ ਜਾ ਰਹੇ ਹਨ ਕਿਉਂਕਿ ਸਿੱਖਾਂ ਨੂੰ ਇਸ

ਮਾਮਲੇ 'ਚ ਭਰੋਸੇ 'ਚ ਨਹੀਂ ਲਿਆ ਗਿਆ ਸੀ। ਪਰ ਉਹੀ "ਉਡੀਕੋ ਤੇ ਵੇਖੋ" ਦੀ ਨੀਤੀ ਬਹੁਤ ਅਹਿਮ ਸਿੱਧ ਹੋਈ ਕਿਉਂਕਿ ਇਸ ਨਾਲ ਸਰਕਾਰ ਨੂੰ ਸਾਵਧਾਨੀ ਵਜੋਂ ਚੁੱਕੇ ਜਾਣ ਵਾਲੇ ਸਾਰੇ ਕਦਮਾਂ ਲਈ ਸਮਾਂ ਮਿਲ ਗਿਆ ਸੀ।

ਫਿਰ ਵੀ ਜੇ ਵਾਜਬ ਲੀਡਰਸ਼ਿਪ ਹੁੰਦੀ, ਤਾਂ ਕੁਝ ਤਾਂ ਕੀਤਾ ਹੀ ਜਾ ਸਕਦਾ ਸੀ। ਜਿੱਥੋਂ ਤੱਕ ਉਸ ਵੇਲੇ ਦੇ ਸਿੱਖਾਂ ਦੀਆਂ ਭਾਵਨਾਵਾਂ ਦਾ ਸਬੰਧ ਹੈ, ਉਨ੍ਹਾਂ ਦਾ ਸਾਲ 1859[1] ਦੇ ਸੰਸਦੀ ਦਸਤਾਵੇਜ਼ 'ਚ ਸੋਹਣੇ ਤਰੀਕੇ ਵਰਣਨ ਕੀਤਾ ਗਿਆ ਹੈ।

"ਜਿੱਥੋਂ ਤੱਕ ਸਿੱਖਾਂ ਦਾ ਸਬੰਧ ਹੈ, ਹਾਲੇ ਸਿਰਫ਼ ਇੱਕ ਦਹਾਕਾ ਹੀ ਬੀਤਿਆ ਹੈ ਜਦੋਂ ਉਨ੍ਹਾਂ ਕੋਲ ਪੰਜਾਬ 'ਚ ਵੱਡੀ ਤਾਕਤ ਸੀ। ਉਹ ਉਚੇਰੀ ਫ਼ੌਜੀ ਨਸਲ ਹਨ। ਉਨ੍ਹਾਂ ਦੇ ਪੱਖਪਾਤ ਮੁਕਾਬਲਤਨ ਘੱਟ ਹਨ ਪਰ ਉਨ੍ਹਾਂ ਦਾ ਧਰਮ ਏਕਤਾ ਦਾ ਇੱਕ ਮਜ਼ਬੂਤ ਬੰਧਨ ਹੈ; ਭਾਵੇਂ ਸਿਆਸੀ ਤਬਾਹੀ ਕਾਰਣ ਉਹ ਨਿਰਾਸ਼ ਹਨ, ਫਿਰ ਵੀ ਨਵੇਂ ਸਿੱਖ ਬਣ ਰਹੇ ਹਨ, ਜਿਸ ਕਰਕੇ ਹਾਲੇ ਵੀ ਤਾਕਤ ਅਤੇ ਪਾਸਾਰ ਦੀ ਸੰਭਾਵਨਾ ਹੈ। ਇਹ ਹਾਲਾਤ 'ਚ ਕਿਸੇ ਕਿਸਮ ਦੀ ਤਬਦੀਲੀ ਰਾਹੀਂ ਇੱਕ ਛਿਣ 'ਚ ਪੁਨਰ-ਸੁਰਜੀਤ ਹੋ ਸਕਦੀ ਹੈ ਤੇ ਵੱਡੇ ਪੱਧਰ 'ਤੇ ਫੈਲ ਸਕਦੀ ਹੈ। ਖ਼ਾਲਸਾ ਜਾਂ ਸਿੱਖ ਕੌਮਨਵੈਲਥ ਦੀ ਭਾਵਨਾ ਸੌਂ ਤਾਂ ਸਕਦੀ ਹੈ ਪਰ ਇਹ ਮਰ ਨਹੀਂ ਸਕਦੀ। ਹਜ਼ਾਰਾਂ ਸਿੱਖਾਂ ਦੇ ਮਨਾਂ ਤੇ ਦਿਲਾਂ 'ਚ ਹਾਲੇ ਵੀ ਕੌਮੀਅਤ ਤੇ ਫ਼ੌਜੀ ਉਦੇਸ਼ ਦੀ ਭਾਵਨਾ ਜਿਊਂਦੀ ਹੈ। ਅਜਿਹਾ ਮੰਨ ਲੈਣਾ ਫ਼ਜ਼ੂਲ ਹੋਵੇਗਾ ਕਿ ਭਵਿੱਖ ਦੀਆਂ ਜਿੱਤਾਂ ਤੇ ਭਵਿੱਖ ਦੀ ਅਜ਼ਾਦੀ ਇਨ੍ਹਾਂ ਲੋਕਾਂ ਦੀ ਲੋਕਾਂ ਤੋਂ ਪਾਰ ਨਹੀਂ ਜਾਵੇਗੀ[2]; 1857 ਦੀਆਂ ਗਰਮੀਆਂ ਦੇ ਮੌਸਮ ਦੌਰਾਨ ਖ਼ਾਲਸਾ ਨੂੰ ਬਹਾਲ ਕਰਨ ਦੀਆਂ ਇੱਛਾਵਾਂ ਦਾ ਜੋਸ਼ ਨਹੀਂ ਉੱਠਿਆ ਸੀ... ਪੰਜਾਬ 'ਚ ਬਗ਼ਾਵਤ ਵਿਆਪਕ ਪੱਧਰ 'ਤੇ ਫੈਲ ਜਾਣੀ ਸੀ ਜੇ ਦਿੱਲੀ ਸਾਡੇ ਹੱਥਾਂ 'ਚ ਨਾ ਆਈ ਹੁੰਦੀ।"

ਬਾਵਜੂਦ ਇਸ ਦੇ ਜੇ ਇਹ ਸਭ ਨਹੀਂ ਵਾਪਰਿਆ, ਗ਼ਲਤੀ ਤਾਂ ਯਕੀਨੀ ਤੌਰ 'ਤੇ ਲੀਡਰਸ਼ਿਪ ਜਾਂ ਉਸ ਦੀ ਘਾਟ ਦੀ ਹੀ ਹੋਣੀ ਚਾਹੀਦੀ ਹੈ। ਉਸੇ ਸੰਸਦੀ ਦਸਤਾਵੇਜ਼[3] 'ਚ ਲਿਖਿਆ ਗਿਆ ਹੈ,"ਤਦ ਖ਼ੁਸ਼ਕਿਸਮਤੀ ਨਾਲ ਉਨ੍ਹਾਂ ਵਿਅਕਤੀਆਂ ਦਾ ਵਰਗ ਜੋ ਕਦੇ ਸੰਘਰਸ਼ ਸਮੇਂ ਲੀਡਰ ਹੁੰਦੇ ਸਨ ਅਤੇ ਜਿਨ੍ਹਾਂ ਦੁਆਲੇ ਨਾਰਾਜ਼ ਲੋਕ ਖੜ੍ਹੇ ਹੋ ਸਕਦੇ ਹਨ, ਪੰਜਾਬ 'ਚ ਬਹੁਤ ਘੱਟ ਪਾਏ ਗਏ ਸਨ।"

---

1. ਨੰ. 238, ਪੰਨਾ 18
2. ਨਿਮਨਲਿਖਤ ਤੱਥ ਦਾ ਵਰਣਨ ਸ੍ਰੀ ਟੀ.ਡੀ. ਫ਼ੋਰਸਾਈਥ ਵੱਲੋਂ ਭਾਰਤ ਸਰਕਾਰ ਨੂੰ ਲਿਖੀ ਆਪਣੀ 6 ਜੁਲਾਈ, 1872 ਦੀ ਚਿੱਠੀ ਵਿੱਚ ਕੀਤਾ ਗਿਆ ਹੈ:
   ਜਦੋਂ 1857 'ਚ ਬਗ਼ਾਵਤ ਸ਼ੁਰੂ ਹੋਈ, ਤਾਂ "ਰੋਪੜ ਦੇ ਇੱਕ ਸਿੱਖ ਨੇ ਆਪਣੇ ਸਾਥੀ ਸਿੱਖਾਂ ਨੂੰ ਸੱਦਾ ਦਿੱਤਾ ਕਿ ਗਊ-ਹੱਤਿਆ ਦੇ ਖ਼ਾਤਮੇ ਅਤੇ ਖ਼ਾਲਸਾ ਰਾਜ ਦਾ ਐਲਾਨ ਕੀਤਾ ਜਾਵੇ। ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਉਸ ਦੀ ਸੁਣਵਾਈ ਹੋਈ ਤੇ ਉਸ ਨੂੰ ਤੁਰੰਤ ਫਾਂਸੀ ਦੇ ਦਿੱਤੀ ਗਈ ਸੀ ਤੇ ਇਸ ਪ੍ਰਕਾਰ ਖ਼ਤਰਨਾਕ ਤੱਤਾਂ ਦਾ ਖ਼ਾਤਮਾ ਕਰ ਦਿੱਤਾ ਗਿਆ ਸੀ।" ਹੋਮ ਜੁਡੀਸ਼ੀਅਲ (ਏ), ਜੁਲਾਈ 1872, ਪ੍ਰੋਗਸ. 212-228
3. -ਉਹੀ-, ਪੰਨਾ 17

ਬਹੁਤ ਜ਼ਿਆਦਾ ਲੋੜੀਂਦੀ ਲੀਡਰਸ਼ਿਪ ਦਾ ਖੱਪਾ ਕੂਕਾ ਲਹਿਰ ਨੇ ਪੂਰਿਆ ਸੀ। ਪਰ ਕਿਉਂਕਿ ਇਹ ਸਿਰਫ਼ 1857 'ਚ ਹੀ ਸ਼ੁਰੂ ਹੋਈ ਸੀ, ਇਸ ਦਾ ਅਸਰ ਬਗ਼ਾਵਤ ਦੇ ਦਿਨਾਂ ਦੌਰਾਨ ਨਹੀਂ, ਰਤਾ ਠਹਿਰ ਕੇ ਵਿਖਾਈ ਦਿੱਤਾ। ਕੋਈ ਇਹੋ ਆਸ ਰੱਖਦਾ ਹੈ ਕਿ ਕਾਸ਼ ਕਿ ਪਹਿਲਾਂ ਸ਼ੁਰੂ ਹੋ ਗਈ ਹੁੰਦੀ ਤਾਂ ਕੌਮ ਨੂੰ ਸਹੀ ਮਾਰਗ ਤਾਂ ਮਿਲ ਜਾਂਦਾ। ਸਾਡੇ ਇਤਿਹਾਸਕ ਵਿਦਵਾਨਾਂ ਨੇ ਇਹ ਲਗਭਗ ਮੰਨ ਲਿਆ ਹੈ ਕਿ 1857 ਦਾ ਗ਼ਦਰ ਸਹੀ ਅਰਥਾਂ 'ਚ ਰਾਸ਼ਟਰੀ ਪੱਧਰ ਦਾ ਨਹੀਂ ਸੀ। ਫਿਰ ਵੀ ਤਦ ਵੱਡਾ ਮੌਕਾ ਸੀ ਜੋ ਦੇਸ਼-ਭਗਤ ਤੱਤਾਂ ਨੇ ਖੁੰਝਾ ਦਿੱਤਾ। ਤਦ ਸਭ ਕੁਝ ਲੋੜੀਂਦਾ ਮੌਜੂਦ ਸੀ। ਤਦ ਸਿਰਫ਼ ਲੋੜ ਸੀ ਤਾਂ ਇੱਕ ਦ੍ਰਿੜ੍ਹ ਤੇ ਕਲਪਨਾਸ਼ੀਲ ਆਗੂ ਦੀ ਜੋ ਉਸ ਵੇਲੇ ਦੇ ਹਿਸਾਬ ਨਾਲ ਫ਼ੈਸਲਾ ਲੈ ਕੇ ਕੌਮ ਨੂੰ ਅੱਗੇ ਵਧਾਉਂਦਾ, ਜੇ ਅਜਿਹਾ ਕਰਨਾ ਸੰਭਵ ਹੁੰਦਾ ਤਾਂ ਸਹੀ ਨਤੀਜਾ ਸਾਹਮਣੇ ਆਉਣਾ ਸੀ। ਜੇ ਕਿਤੇ ਇਹ ਸਾਰੇ ਮੌਕੇ ਸਪੱਸ਼ਟ ਤੌਰ 'ਤੇ ਨਾ ਹੁੰਦੇ, ਜੇ ਸਿੱਖਾਂ 'ਚੋਂ ਆਪਣੀ ਅਜ਼ਾਦੀ ਮੁੜ ਹਾਸਲ ਕਰਨ ਦੀ ਕੌਮੀ ਇੱਛਾ ਗ਼ਾਇਬ ਨਾ ਹੋਈ ਹੁੰਦੀ, ਤਾਂ ਬਾਬਾ ਰਾਮ ਸਿੰਘ ਜੀ ਵਰਗੀ ਹਸਤੀ ਇੱਕ ਦਹਾਕੇ ਦੇ ਇੰਨੇ ਥੋੜ੍ਹੇ ਸਮੇਂ ਅੰਦਰ ਕਿਵੇਂ ਸਾਹਮਣੇ ਆਉਂਦੀ ਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਲੱਖਾਂ 'ਚ ਕਿਵੇਂ ਹੁੰਦੀ? ਬਾਬਾ ਜੀ ਦੇ ਵਿਚਾਰਾਂ ਨੂੰ ਅਦਭੁਤ ਕਿਸਮ ਦੇ ਹੁੰਗਾਰੇ ਤੋਂ ਇਹੋ ਅਨੁਮਾਨ ਲੱਗਦਾ ਹੈ ਕਿ ਉਸ ਵੇਲੇ ਇਸ ਧਰਤੀ 'ਤੇ ਅਨੁਕੂਲ ਉਦੇਸ਼ਮੁਖੀ ਸਥਿਤੀਆਂ ਮੌਜੂਦ ਸਨ।

ਭਾਵੇਂ ਧਾਰਮਿਕ ਖੇਤਰ ਹੋਵੇ ਤੇ ਚਾਹੇ ਸਮਾਜਿਕ ਜਾਂ ਰਾਜਨੀਤਿਕ, ਹਰ ਮਾਮਲੇ 'ਚ ਪ੍ਰੇਰਣਾ ਗੁਰੂ ਸਾਹਿਬਾਨ, ਖ਼ਾਸ ਤੌਰ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਹੀ ਮਿਲਦੀ ਰਹੀ ਹੈ। ਪੱਛਮੀ ਵਿਚਾਰਧਾਰਾ ਪਹਿਲਾਂ ਹੀ ਦੇਸ਼ 'ਚ ਵੱਡੇ ਪੱਧਰ 'ਤੇ ਪ੍ਰਚਲਿਤ ਸੀ ਤੇ ਕੂਕਿਆਂ ਦੀ ਉਸ ਵਿੱਚ ਭੋਰਾ ਵੀ ਦਿਲਚਸਪੀ ਨਹੀਂ ਸੀ ਕਿਉਂਕਿ ਸਿਰਫ਼ ਇੱਕੋ ਈਸ਼ਵਰ, ਆਪਸੀ ਭਾਈਚਾਰੇ, ਲਿੰਗਕ ਸਮਾਨਤਾ ਤੇ ਅਜ਼ਾਦੀ ਜਿਹੀਆਂ ਜਿਹੜੀਆਂ ਗੱਲਾਂ ਨੂੰ ਪੱਛਮੀ ਸੱਭਿਅਤਾ ਦਾ ਤੋਹਫ਼ੇ ਸਮਝਿਆ ਜਾਂਦਾ ਹੈ, ਉਹ ਸਿੱਖ ਧਰਮ 'ਚ ਪਹਿਲਾਂ ਤੋਂ ਹੀ ਮੌਜੂਦ ਸਨ। ਇਸੇ ਲਈ ਉਨ੍ਹਾਂ ਦਾ ਮੰਨਣਾ ਸੀ ਕਿ ਸਮੇਂ ਦੀ ਲੋੜ ਯੂਰੋਪੀਅਨ ਵਿਚਾਰਧਾਰਾ ਪਿੱਛੇ ਲੱਗਣਾ ਨਹੀਂ, ਸਗੋਂ ਇੱਕਜੁਟ ਹੋਣਾ ਤੇ ਉਸੇ ਦਾ ਅਭਿਆਸ ਕਰਨਾ ਜੋ ਪਹਿਲਾਂ ਤੋਂ ਹੀ ਸਾਡੇ ਕੋਲ ਹੈ। ਜੇ ਵਿਆਪਕ ਪੱਧਰ 'ਤੇ ਗੱਲ ਕਰੀਏ, ਤਾਂ ਕੂਕਾਵਾਦ ਦੇ ਇਹ ਚਾਰ ਕੇਂਦਰੀ ਨੁਕਤੇ ਸਨ; ਨਾਮ ਜਪਣਾ, ਸਮਾਜਿਕ ਸਮਾਨਤਾ, ਖ਼ਾਲਸਾ ਦਾ ਫ਼ਰਮਾਨ ਤੇ ਸਿੱਖ ਕੌਮੀਅਤ। ਪਹਿਲੇ ਦੋ ਤਾਂ ਕੇਂਦਰੀ ਸੂਤਰ ਸਨ, ਜੋ ਸਮੁੱਚੇ ਸਿੱਖ ਧਾਰਮਿਕ ਤੇ ਸਮਾਜਿਕ ਸਿਧਾਂਤਾਂ 'ਚ ਨਿਰੰਤਰ ਚੱਲਦੇ ਹਨ ਤੇ ਸਾਰੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਸੰਬੰਧਿਤ ਹਨ। ਆਖ਼ਰੀ ਦੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਸ ਤੋਹਫ਼ੇ ਸਨ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਲਾਏ ਗਏ ਰੁੱਖ ਦੇ ਫ਼ਲਾਂ ਦੀ ਨੁਮਾਇੰਦਗੀ ਕਰਦੇ ਸਨ। ਜਿਸ ਢੰਗ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੀ ਨਵੀਂ ਵਿਵਸਥਾ ਸਿਰਜੀ ਸੀ, ਉਸ ਨੂੰ 'ਸੰਤ ਖ਼ਾਲਸਾ' ਕਿਹਾ ਜਾਂਦਾ ਹੈ। ਅੰਮ੍ਰਿਤ ਛਕਣ ਦੀ ਵਿਧੀ ਨੂੰ 'ਖੰਡੇ ਦਾ

ਅੰਮ੍ਰਿਤ' ਕਿਹਾ ਜਾਂਦਾ ਹੈ, ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ ਅਤੇ ਉਸ ਨੂੰ ਲੰਮੇ ਸਮੇਂ ਤੋਂ ਅੱਖੋਂ ਪ੍ਰੋਖੇ ਕੀਤਾ ਜਾਂਦਾ ਰਿਹਾ ਸੀ, ਜਦ ਤੋਂ ਇਸ ਨੂੰ ਮੁੜ ਲਾਗੂ ਕੀਤਾ ਗਿਆ ਸੀ। ਨਵੇਂ ਅੰਮ੍ਰਿਤਧਾਰੀ ਸਿੱਖਾਂ ਨੂੰ ਆਰੰਭ ਤੋਂ ਹੀ ਸਖ਼ਤ ਅਨੁਸ਼ਾਸਨੀ ਜ਼ਾਬਤੇ ਦੀ ਪਾਲਣਾ ਕਰਨੀ ਪੈਂਦੀ ਸੀ। ਇਸ ਤੋਂ ਇਲਾਵਾ ਕੁਝ ਨਵੀਆਂ ਵਿਸ਼ੇਸ਼ਤਾਵਾਂ ਸੰਤ ਖ਼ਾਲਸਾ ਦੇ ਮੈਂਬਰਾਂ ਨੂੰ ਵਿਲੱਖਣ ਚਰਿੱਤਰ ਦੇਣ ਲਈ ਜੋੜੀਆਂ ਗਈਆਂ ਸਨ, ਤਾਂ ਜੋ ਬਾਕੀ ਦੇ ਭਾਈਚਾਰੇ 'ਚੋਂ ਉਹ ਨਿਵੇਕਲੇ ਦਿਸਣ। ਇਨ੍ਹਾਂ 'ਚੋਂ ਪ੍ਰਮੁੱਖ ਵਿਸ਼ੇਸ਼ਤਾ ਸੀ ਉੱਨ ਦੀ ਮਾਲਾ, ਸਿਰ ਤੋਂ ਪੈਰ ਤੱਕ ਸਫ਼ੇਦ ਕੱਪੜੇ ਤੇ ਸਿੱਧੀ ਦਸਤਾਰ। ਇਸ ਦੇ ਨਾਲ ਹੀ ਕੂਕੇ ਆਪਣੇ ਰਹਿਨੁਮਾ ਬਾਬਾ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਅਵਤਾਰ ਮੰਨਦੇ ਸਨ, ਉਨ੍ਹਾਂ ਤੋਂ ਆਪਣੇ ਕੰਨਾਂ 'ਚ ਇੱਕ ਗੁਪਤ ਗੁਰਮੰਤਰ ਲੈਂਦੇ ਸਨ ਤੇ ਉਸ ਦੀ ਇੰਨ੍ਹ-ਬਿੰਨ੍ਹ ਪਾਲਣਾ ਕਰਦੇ ਸਨ। ਪਰ ਕੂਕਾਵਾਦ ਦੀਆਂ ਇਹ ਨਿਵੇਕਲੀਆਂ ਖ਼ਾਸੀਅਤਾਂ ਭਾਵੇਂ ਮਨੋਵਿਗਿਆਨਕ ਤੇ ਸੰਗਠਨਾਤਮਕ ਤੌਰ 'ਤੇ ਦਰੁਸਤ ਹਨ ਪਰ ਸਿੱਖ ਪੁਜਾਰੀਵਾਦ 'ਚ ਉਨ੍ਹਾਂ ਪ੍ਰਤੀ ਰੋਹ ਉਪਜਣ ਲੱਗਾ ਅਤੇ ਇਸ ਕਾਰਣ ਕੂਕਿਆਂ ਨੂੰ ਵਿਅਕਤੀਗਤ ਤੇ ਸਮੂਹਕ ਦੋਵੇਂ ਤਰ੍ਹਾਂ ਅਨੇਕ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। ਪਰ ਅਸ਼ਕੇ ਉਨ੍ਹਾਂ ਦੇ ਕਿ ਉਨ੍ਹਾਂ ਸਾਰੇ ਤੂਫ਼ਾਨਾਂ ਦਾ ਬਹਾਦਰੀ ਨਾਲ ਟਾਕਰਾ ਕੀਤਾ ਤੇ ਆਪਣੇ ਵਿਸ਼ਵਾਸਾਂ 'ਤੇ ਸਦਾ ਡਟੇ ਰਹੇ, ਨਾ ਕਦੇ ਪਿੱਛੇ ਹਟੇ ਤੇ ਨਾ ਹੀ ਕਦੇ ਕਮਜ਼ੋਰ ਪਏ, ਭਾਵੇਂ ਆਮ ਸਿੱਖਾਂ ਨੇ ਉਨ੍ਹਾਂ ਨੂੰ ਕਦੇ ਵੀ ਦਿਆਲਤਾ ਨਾਲ ਨਹੀਂ ਵੇਖਿਆ। ਜਿਥੋਂ ਤੱਕ ਸਿੱਖ ਕੌਮੀਅਤ ਦੇ ਵਿਚਾਰ ਦਾ ਸੰਬੰਧ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਦੇ ਮੈਂਬਰਾਂ ਵਾਂਗ ਕੂਕਿਆਂ ਨੇ ਖ਼ੁਦ ਨੂੰ ਸਿੱਖ ਪਰਜਾ-ਤੰਤਰ ਦੇ ਹਿੱਤਾਂ ਦੇ ਰਾਖੇ ਕਰਾਰ ਦਿੱਤਾ। ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਤੇ ਉਨ੍ਹਾਂ ਜਾਨਸ਼ੀਨਾਂ ਦੀ ਹਕੂਮਤ ਨੂੰ ਖ਼ਾਲਸਾ ਰਾਜ ਵਜੋਂ ਵੇਖਿਆ। ਪੰਜਾਬ ਦਾ ਰਾਜ ਅੰਗਰੇਜ਼ਾਂ ਕੋਲ ਚਲੇ ਜਾਣ ਨੂੰ ਉਨ੍ਹਾਂ ਬਹੁਤ ਸੰਵੇਦਨਸ਼ੀਲਤਾ ਨਾਲ ਵੇਖਿਆ ਤੇ ਇਸ ਨੂੰ ਵੱਡਾ ਨੁਕਸਾਨ ਮੰਨਿਆ ਤੇ ਉਹ ਇਸ ਰਾਜ ਨੂੰ ਵਾਪਸ ਲਿਆਉਣ ਲਈ ਬੇਚੈਨ ਹੋ ਗਏ। ਇਸ ਨੁਕਸਾਨ ਨੂੰ ਮੁੱਖ ਤੌਰ 'ਤੇ ਖ਼ੁਦ ਸਿੱਖਾਂ ਦੇ ਆਪਣੇ ਚਰਿੱਤਰ ਦੇ ਪਤਨ ਨਾਲ ਜੋੜ ਕੇ ਵੀ ਵੇਖਿਆ ਗਿਆ। ਸਿਆਸੀ ਅਜ਼ਾਦੀ ਮੁੜ ਹਾਸਲ ਕਰਨ ਲਈ ਰੂਹਾਨੀ ਤੇ ਨੈਤਿਕ ਸੁਧਾਰ ਉੱਤੇ ਵਧੇਰੇ ਜ਼ੋਰ ਪੈ ਗਿਆ। ਜਿਵੇਂ ਕਿ ਉੱਪਰ ਵਿਚਾਰਾਂ ਤੇ ਸਿਧਾਂਤਾਂ ਦੇ ਮਾਮਲੇ ਵਿੱਚ ਨੋਟ ਕੀਤਾ ਗਿਆ ਹੈ, ਵਿਧੀਆਂ ਨੂੰ ਲਾਗੂ ਕਰਨ ਲਈ ਕੂਕਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਵਾਪਸ ਪ੍ਰੇਰਨਾ ਲਈ। ਗੁਰੂ ਸਾਹਿਬ ਵਾਂਗ ਉਨ੍ਹਾਂ ਵੀ ਧਾਰਮਿਕ ਤੇ ਨਿਆਂਪੂਰਨ ਕਾਰਜਾਂ ਲਈ ਫ਼ੌਜੀ ਸਿਖਲਾਈ ਅਤੇ ਤਾਕਤ ਦੀ ਵਰਤੋਂ ਉੱਤੇ ਜ਼ੋਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਪਣੇ ਸ਼ਬਦਾਂ ਅਨੁਸਾਰ ਕਿਰਪਾਨ "ਬਹਾਦਰ ਦੀ ਪ੍ਰਤੀਕ," "ਸੰਤਾਂ ਦੀ ਰੱਖਿਅਕ" ਅਤੇ "ਮਾੜੇ ਲੋਕਾਂ ਲਈ ਵਿਨਾਸ਼[1]" ਹੈ। ਭਾਵੇਂ ਇਸ ਦੀ

1. ਬਚਿੱਤਰ ਨਾਟਕ, 1; ਸਿੱਖਾਂ ਦੀਆਂ ਪਵਿੱਤਰ ਲਿਖਤਾਂ, ਪੰਨਾ 270

ਵਰਤੋਂ ਦੀ ਸਿਰਫ਼ ਕੇਵਲ ਤਦ ਹੀ ਇਜਾਜ਼ਤ ਹੈ, ਜਦੋਂ ਹੋਰ ਕੋਈ ਰਾਹ ਨਾ ਬਚੇ, ਕਿਉਂਕਿ ਗੁਰੂ ਸਾਹਿਬ ਨੇ ਜ਼ਫ਼ਰਨਾਮਾ[1] 'ਚ ਕਿਹਾ ਹੈ: "ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ" ਭਾਵ (ਜਦੋਂ ਹੋਰ ਸਾਰੇ ਸਾਧਨ ਪ੍ਰਭਾਵਹੀਣ ਹੋ ਜਾਣ, ਤਦ ਕਿਰਪਾਨ ਚੁੱਕਣਾ ਦਰੁਸਤ ਹੈ)। 'ਪ੍ਰੇਮ ਸੁਮਾਰਗ' ਅਨੁਸਾਰ ਗੁਰੂ ਜੀ ਨੇ ਖ਼ਾਲਸਾ ਨੂੰ ਤਦ ਨਿਰਦੇਸ਼ ਦਿੱਤਾ ਸੀ: "ਉਸ ਨੂੰ ਜ਼ਰੂਰ ਹੀ ਕਿਰਪਾਨ ਧਾਰਨ ਕਰ ਕੇ ਰੱਖਣੀ ਹੋਵੇਗੀ। ਉਸ ਦਾ ਵਿਵਹਾਰ ਇੱਕ ਭੱਦਰ-ਪੁਰਸ਼ ਵਾਂਗ ਰਹੇਗਾ ਪਰ ਜਦੋਂ ਕਿਤੇ ਉਸ ਨੂੰ ਇਹ ਲੱਗੇ ਕਿ ਕੋਈ ਜ਼ਾਲਮ ਸੁਧਰ ਨਹੀਂ ਰਿਹਾ ਤੇ ਜਦੋਂ ਨਿਆਂਇਕਤਾ ਤੇ ਧਾਰਮਿਕਤਾ ਦਾ ਸੁਆਲ ਉੱਠ ਖਲੋਵੇ ਜਾਂ ਜਦੋਂ ਰਾਜਾ ਨਿਆਂ ਦਾ ਰਾਹ ਤਿਆਗ ਦੇਵੇ, ਤਾਂ ਉਹ ਹਾਲਾਤ ਦੀ ਜ਼ਰੂਰਤ ਅਨੁਸਾਰ ਕਿਰਪਾਨ ਦੀ ਵਰਤੋਂ ਕਰ ਸਕਦਾ ਹੈ ਪਰ ਕੇਵਲ ਤਦ ਜਦੋਂ ਹੋਰ ਕੋਈ ਰਾਹ ਬਾਕੀ ਨਾ ਰਿਹਾ ਹੋਵੇ[2]।" ਕੂਕਿਆਂ ਦਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਨ੍ਹਾਂ ਸਿੱਖਿਆਵਾਂ 'ਤੇ ਅਟੁੱਟ ਵਿਸ਼ਵਾਸ ਹੈ। ਜੇ ਉਹ ਬਾਬਾ ਰਾਮ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਅਵਤਾਰ ਮੰਨਣ ਲਈ ਸੁਹਿਰਦ ਸਨ, ਤਾਂ ਇਸ ਦਾ ਕੋਈ ਹੋਰ ਮਤਲਬ ਨਹੀਂ ਕੱਢ ਲੈਣਾ ਚਾਹੀਦਾ। ਨਾ ਹੀ ਇਸ ਮਾਮਲੇ 'ਚ ਕਿਸੇ ਤਰ੍ਹਾਂ ਦੇ ਸ਼ੱਕ ਦੀ ਕੋਈ ਗੁੰਜਾਇਸ਼ ਹੈ ਕਿਉਂਕਿ ਉਨ੍ਹਾਂ ਵੱਲੋਂ ਕਈ ਮੌਕਿਆਂ 'ਤੇ ਤਾਕਤ ਦੀ ਵਰਤੋਂ ਕੀਤੀ ਗਈ ਸੀ।

ਜਿਹੜੇ ਬਦਲੇ ਹੋਏ ਹਾਲਾਤ ਵਿੱਚ ਕੂਕਿਆਂ ਨੂੰ ਅੱਗੇ ਵਧਣਾ ਪਿਆ ਸੀ, ਉਨ੍ਹਾਂ ਉੱਤੇ ਕੁਝ ਖ਼ਾਸ ਗੱਲਾਂ ਠੋਸ ਦਿੱਤੀਆਂ ਗਈਆਂ ਸਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫ਼ਰਮਾਨਾਂ ਅਨੁਸਾਰ ਨਹੀਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਿਆਂ ਵੇਲੇ ਹਥਿਆਰਾਂ ਦੀ ਵਰਤੋਂ ਦੀ ਸਿਖਲਾਈ, ਅਭਿਆਸ ਲਈ ਨਕਲੀ ਲੜਾਈਆਂ ਲੜਨ ਜਾਂ ਖ਼ਤਰਨਾਕ ਹਥਿਆਰ ਲਿਜਾਣ 'ਚ ਕਿਤੇ ਕੋਈ ਔਖਿਆਈ ਨਹੀਂ ਸੀ। ਇੱਥੋਂ ਤੱਕ ਕਿ ਉਹ ਵੱਡੇ ਕਿਲ੍ਹੇ ਤੱਕ ਵੀ ਉਸਾਰ ਸਕਦੇ ਸਨ ਪਰ ਕਿਸੇ ਅਧਿਕਾਰੀ ਦੇ ਕਿਸੇ ਹੁਕਮ ਦੀ ਕੋਈ ਉਲੰਘਣਾ ਨਹੀਂ ਹੁੰਦੀ ਸੀ। ਪਰ ਕੂਕਿਆਂ ਦੇ ਸਮੇਂ ਇਹ ਸਭ ਅਸੰਭਵ ਸੀ। ਦੈਂਤ ਵਰਗੀਆਂ ਅੱਖਾਂ ਰੱਖਣ ਵਾਲੇ ਅੰਗਰੇਜ਼ ਹਾਕਮਾਂ ਦੀ ਚੌਕਸੀ ਦੇ ਚੱਲਦਿਆਂ ਅਜਿਹਾ ਕੁਝ ਵੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਸੀ। ਆਰੰਭ 'ਚ ਉਹ ਰਾਤ ਦੇ ਹਨੇਰੇ 'ਚ ਅਜਿਹਾ ਕੋਈ ਅਭਿਆਸ ਜ਼ਰੂਰ ਕਰ ਲੈਂਦੇ ਸਨ। ਇੱਕ ਵਾਰ ਸੀਆਈਡੀ ਦੇ ਲੋਕਾਂ ਨੇ ਇਸ ਸਬੰਧੀ ਸਰਕਾਰ ਕੋਲ ਰਿਪੋਰਟ ਭੇਜ ਦਿੱਤੀ ਸੀ। ਉਸ ਤੋਂ ਬਾਅਦ ਅਜਿਹੇ ਅਭਿਆਸ ਰੋਕਣੇ ਪਏ ਸਨ। ਬਾਅਦ 'ਚ ਭਾਰਤੀ ਰਿਆਸਤਾਂ ਦੀਆਂ ਫ਼ੌਜਾਂ 'ਚ ਕੁਝ ਵਿਅਕਤੀਆਂ ਨੂੰ ਸਿੱਖਿਅਤ ਕਰਨ ਦੀ ਯੋਜਨਾ ਉਲੀਕੀ ਗਈ। ਇਸ ਸਬੰਧੀ ਕੁਝ ਕਦਮ ਚੁੱਕੇ ਗਏ ਸਨ ਪਰ ਇੱਥੇ ਵੀ ਸਰਕਾਰ ਦੀ ਅੰਤਾਂ ਦੀ ਚੌਕਸੀ ਉਨ੍ਹਾਂ ਦੇ ਰਾਹ ਦਾ ਵੱਡਾ ਅੜਿੱਕਾ ਬਣੀ।

---

1. -ਉਹੀ- ਸੰਤ ਕ੍ਰਿਪਾਲ ਸਿੰਘ ਵੱਲੋਂ ਸੰਪਾਦਿਤ, ਪੰਨਾ 8
2. ਡਾ. ਭਾਈ ਜੋਧ ਸਿੰਘ, ਗੁਰਮਤਿ ਨਿਰਣੈ, ਪੰਨਾ 285

ਇੱਕ ਹੋਰ ਯੋਜਨਾ ਇਹ ਸੀ ਕਿ ਕੂਕਿਆਂ ਨੂੰ ਸਰਕਾਰ ਦੀਆਂ ਫ਼ੌਜੀ ਤੇ ਪੁਲਿਸ ਸੇਵਾਵਾਂ 'ਚ ਸ਼ਾਮਲ ਕੀਤਾ ਜਾਵੇ। ਪਰ ਅਜਿਹਾ ਵੀ ਬਹੁਤਾ ਲੰਮਾ ਸਮਾਂ ਨਹੀਂ ਚੱਲ ਸਕਿਆ। ਇਸ ਤੋਂ ਇਲਾਵਾ ਹਥਿਆਰਾਂ ਦੀ ਔਖ ਸਭ ਤੋਂ ਵੱਧ ਸੀ ਤੇ ਕੂਕਿਆਂ ਨੂੰ ਇਸ 'ਚ ਵੀ ਰੁਕਾਵਟ ਮਹਿਸੂਸ ਹੋਈ, ਵਾਰ-ਵਾਰ ਇਨ੍ਹਾਂ ਦੀ ਕਮੀ ਹੁੰਦੀ ਰਹੀ। ਅੰਮ੍ਰਿਤਸਰ ਦੇ ਕਸਾਈਆਂ ਉੱਤੇ ਹਮਲੇ ਲਈ ਉਨ੍ਹਾਂ ਨੇ ਅੰਮ੍ਰਿਤਸਰ ਪੁਲਿਸ ਦੇ ਇੱਕ ਕਾਂਸਟੇਬਲ ਤੋਂ ਕੁਝ ਕਿਰਪਾਨਾਂ ਗੁਪਤ ਤਰੀਕੇ ਹਾਸਲ ਕੀਤੀਆਂ ਸਨ। ਇਸੇ ਤਰ੍ਹਾਂ ਮਾਲੇਰ ਕੋਟਲਾ 'ਤੇ ਹਮਲੇ ਲਈ ਉਨ੍ਹਾਂ ਪਹਿਲਾਂ ਮਲੌਦ ਦੇ ਬਦਨ ਸਿੰਘ ਦੇ ਘਰ 'ਤੇ ਹਮਲਾ ਕੀਤਾ। ਮਾਲੇਰ ਕੋਟਲਾ 'ਤੇ ਵੀ ਉਨ੍ਹਾਂ ਹਮਲਾ ਇਸੇ ਆਸ ਨਾਲ ਕੀਤਾ ਸੀ ਕਿ ਉਨ੍ਹਾਂ ਨੂੰ ਕੁਝ ਹਥਿਆਰ ਮਿਲ ਜਾਣਗੇ। ਹਥਿਆਰਾਂ ਨਾਲ ਸੰਬੰਧਿਤ ਕਾਨੂੰਨ ਲਾਗੂ ਹੋਣ ਕਾਰਣ ਹਥਿਆਰ ਕਿਤੇ ਵੀ ਲਿਜਾਣਾ ਅਸੰਭਵ ਸੀ, ਉਨ੍ਹਾਂ ਨੂੰ ਬਣਾਉਣਾ ਤਾਂ ਬਹੁਤ ਦੂਰ ਦੀ ਗੱਲ ਸੀ। ਇੱਥੋਂ ਤੱਕ ਅੰਮ੍ਰਿਤਧਾਰੀ ਸਿੰਘਾਂ ਨੂੰ ਗੁਰੂ ਜੀ ਦੇ ਆਦੇਸ਼ ਅਨੁਸਾਰ ਪੰਜ ਕਕਾਰਾਂ ਵਿੱਚੋਂ ਇੱਕ 'ਕਿਰਪਾਨ' ਦੀ ਥਾਂ ਕੂਕਿਆਂ ਨੂੰ ਆਪਣੇ ਕੋਲ ਲਾਠੀਆਂ ਹੀ ਰੱਖਣੀਆਂ ਪੈਂਦੀਆਂ ਸਨ।

ਅਜਿਹੇ ਹਾਲਾਤ 'ਚ ਇਹ ਜ਼ਰੂਰੀ ਸੀ ਕਿ ਕੂਕਾ ਸੰਗਠਨ ਗੁਪਤ ਢੰਗ ਨਾਲ ਹੀ ਕੰਮ ਕਰੇ। ਇਸ ਮੰਤਵ ਲਈ ਪਹਿਲੀ ਜ਼ਰੂਰਤ ਸੀ ਇੱਕ ਸੁਤੰਤਰ ਡਾਕ ਸੇਵਾ। ਕਈ ਤਰ੍ਹਾਂ ਦੀਆਂ ਪਾਬੰਦੀਆਂ ਦੇ ਡਰੋਂ ਸਰਕਾਰੀ ਡਾਕ ਸੇਵਾਵਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਸੁਨੇਹੇ ਇੱਧਰ-ਉੱਧਰ ਪਹੁੰਚਾਉਣ ਲਈ ਕੂਕਿਆਂ ਦੇ ਆਪਣੇ ਖ਼ੁਦ ਦੇ ਇੰਤਜ਼ਾਮ ਬਹੁਤ ਵਧੀਆ ਢੰਗ ਨਾਲ ਚੱਲੇ। ਸੁਨੇਹੇ ਕਦੇ ਵੀ ਲਿਖਤੀ ਰੂਪ 'ਚ ਨਹੀਂ ਭੇਜੇ ਜਾਂਦੇ ਸਨ - ਸਰਕਾਰੀ ਅਧਿਕਾਰੀਆਂ ਦੇ ਦਖ਼ਲ ਦਾ ਇੰਨਾ ਡਰ ਸੀ। ਕੋਈ ਅਧਿਕਾਰੀ ਕਿਤੇ ਕੂਕਾ ਹਰਕਾਰਿਆਂ ਨੂੰ ਤੰਗ-ਪਰੇਸ਼ਾਨ ਨਾ ਕਰੇ, ਇਸ ਲਈ ਹੌਲੀ-ਹੌਲੀ ਉਨ੍ਹਾਂ ਹਾਈਵੇਅਜ਼ 'ਤੋਂ ਦੀ ਯਾਤਰਾ ਕਰਨੀ ਛੱਡ ਦਿੱਤੀ। ਸੁਰੱਖਿਆ ਲਈ ਸੜਕਾਂ ਤੇ ਰੇਲ-ਗੱਡੀਆਂ ਤੋਂ ਇਲਾਵਾ ਹੋਰ ਰੂਟਾਂ ਨੂੰ ਅਪਣਾਇਆ ਗਿਆ। ਕੂਕਿਆਂ ਦੇ ਗੁਪਤ ਤਰੀਕਿਆਂ (ਲਾਰਡ ਨੇਪੀਅਰ ਦੇ ਸ਼ਬਦਾਂ 'ਚ ਏਸ਼ੀਆਟਿਕ *ਫ਼ੇਨੀਅਨਜ਼[1]) ਨੇ ਅਧਿਕਾਰੀਆਂ ਦੇ ਸ਼ੱਕ 'ਚ ਹੋਰ ਵਾਧਾ ਕਰ ਦਿੱਤਾ ਪਰ ਉਹ ਕੁਝ ਨਾ ਕਰ ਸਕੇ। ਤਦ ਇਕੱਲੀ ਸੁਤੰਤਰ ਡਾਕ ਸੇਵਾ ਹੀ ਨਹੀਂ ਸੀ। ਸਹੂਲਤ, ਆਰਥਿਕਤਾ, ਸਵੈ-ਮਾਣ ਤੇ ਸਮੇਂ ਦੀ ਜ਼ਰੂਰਤ ਜਿਹੇ ਕਾਰਣਾਂ ਕਰ ਕੇ ਇੱਕ ਆਜ਼ਾਦ ਨਿਆਂਇਕ ਸੇਵਾ ਵੀ ਆਰੰਭ ਕੀਤੀ ਗਈ ਸੀ। ਬ੍ਰਿਟਿਸ਼ ਸਰਕਾਰ ਵੱਲੋਂ ਸਥਾਪਤ ਕੀਤੀਆਂ ਅਦਾਲਤਾਂ 'ਚ ਨਿਆਂ ਬਹੁਤ ਮਹਿੰਗਾ, ਸਮੇਂ ਦੀ ਬਰਬਾਦੀ ਵਾਲਾ ਤੇ ਅਪਮਾਨਜਨਕ ਸੀ। ਇਸੇ ਲਈ ਸਾਰੇ ਕੂਕਿਆਂ ਨੂੰ ਇਨ੍ਹਾਂ ਅਦਾਲਤਾਂ 'ਚ ਜਾਣ ਦੀ ਮਨਾਹੀ ਸੀ ਤੇ ਉਨ੍ਹਾਂ ਨੂੰ ਆਪਣੇ ਝਗੜੇ ਆਪੇ ਆਪਣੀਆਂ ਪੰਚਾਇਤਾਂ ਕਾਇਮ ਕਰ ਕੇ ਜਾਂ ਆਪਣੇ ਸੂਬਿਆਂ ਦੀ ਮਦਦ ਨਾਲ ਨਿਬੇੜ ਲੈਣ ਲਈ ਆਖਿਆ ਗਿਆ ਸੀ।

---

1. ਹੋਮ ਜੁਡੀਸ਼ੀਅਲ (ਏ), ਅਪ੍ਰੈਲ 1872, ਪ੍ਰੋਗਸ. 153-156.

* ਆਇਲੈਂਡ ਦੇ ਉਹਨਾਂ ਗੁਪਤ ਵਿਚਰਦੇ ਸੂਰਮਿਆਂ ਨੂੰ ਜੋ ਬਰਤਾਨਵੀ ਹਕੂਮਤ ਖਤਮ ਕਰਨ ਲਈ ਉਨ੍ਹੀਵੀਂ ਸਦੀ ਵਿਚ ਜੂਝ ਰਹੇ ਸਨ, ਫ਼ੇਨੀਅਨ ਕਿਹਾ ਜਾਂਦਾ ਸੀ। (ਅਨੁਵਾਦਕ)

ਇਹ ਇੰਤਜ਼ਾਮ ਵੀ ਜ਼ਰੂਰੀ ਸੀ ਕਿਉਂਕਿ ਕੂਕਿਆਂ ਨਾਲ ਸੰਬੰਧਿਤ ਸਾਰੇ ਮਾਮਲੇ ਅਧਿਕਾਰਤ ਨਿਆਂਇਕ ਸੇਵਾ ਪ੍ਰਣਾਲੀ 'ਚ ਹੀ ਦਿੱਤੇ ਜਾਂਦੇ ਸਨ, ਉੱਥੇ ਉਨ੍ਹਾਂ ਦੇ ਸੰਗਠਨ ਦੇ ਭੇਤ ਜੱਗ ਜ਼ਾਹਿਰ ਹੋਣ ਦਾ ਖ਼ਦਸ਼ਾ ਸੀ।

ਕੂਕਿਆਂ ਵੱਲੋਂ ਕਾਇਮ ਕੀਤੀਆਂ ਸੁਤੰਤਰ ਡਾਕ ਤੇ ਨਿਆਂਇਕ ਸੇਵਾਵਾਂ ਤੋਂ ਜਿਵੇਂ ਇੱਕ ਸਮਾਨੰਤਰ ਸਰਕਾਰ ਦਾ ਭੁਲੇਖਾ ਪੈਂਦਾ ਸੀ, ਜੋ ਸੰਗਠਨ ਵੱਲੋਂ ਬਹੁਤ ਧਿਆਨ ਤੇ ਸੂਝਵਾਨ ਢਾਂਚੇ ਰਾਹੀਂ ਚਲਾਈਆਂ ਜਾਂਦੀਆਂ ਸਨ। ਸੂਬੇ ਦਾ ਸਮੁੱਚਾ ਸਿੱਖ ਹਿੱਸਾ "ਜ਼ਿਲ੍ਹਿਆਂ ਤੇ ਸਬ-ਡਿਵੀਜ਼ਨਾਂ 'ਚ ਵੰਡਿਆ ਹੋਇਆ ਸੀ, ਜਿਨ੍ਹਾਂ ਦੇ ਇੰਚਾਰਜ ਸੂਬੇ ਸਨ, ਜੋ ਸਿੱਧੇ ਗੁਰੂ ਜੀ ਦੇ ਅਧੀਨ ਹੁੰਦੇ ਸਨ, ਜਦ ਕਿ ਕੂਕੇ ਦੂਤ ਤੇ ਏਜੰਟ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਤੇ ਲਾਗਲੀਆਂ ਸਰਹੱਦੀ ਰਿਆਸਤਾਂ 'ਚ ਤਾਇਨਾਤ ਸਨ[1]।" "ਇਸ ਦੇ ਸੰਗਠਨ ਦੀ ਸੰਪੂਰਨਤਾ" ਦੇ ਨਤੀਜੇ ਵਜੋਂ, ਪੰਜਾਬ ਸਰਕਾਰ ਦੇ ਇੱਕ ਗੁਪਤ ਦਸਤਾਵੇਜ਼[2] 'ਚ ਕਿਹਾ ਗਿਆ ਸੀ ਕਿ "ਕੂਕਾ ਸੰਪਰਦਾਇ ਦੀ ਤਾਕਤ 'ਚ ਬਹੁਤ ਜ਼ਿਆਦਾ ਵਾਧਾ ਹੋ ਗਿਆ ਹੈ।"

ਉਪਰੋਕਤ ਤੋਂ ਸਪੱਸ਼ਟ ਹੈ ਕਿ ਕੂਕੇ ਹਰ ਸੰਭਵ ਹੱਦ ਤੱਕ ਬਾਈਕਾਟ ਦੇ ਸਿਧਾਂਤ ਤੋਂ ਬਚ ਨਹੀਂ ਸਕਦੇ ਸਨ। ਇਹ ਸਿਧਾਂਤ ਉਪਰੋਕਤ ਵਰਣਿਤ ਸੁਤੰਤਰ ਡਾਕ ਤੇ ਨਿਆਂਇਕ ਪ੍ਰਣਾਲੀਆਂ ਦੀ ਸਥਾਪਨਾ 'ਚ ਨਿਹਿਤ ਸੀ। 1872 ਤੋਂ ਬਾਅਦ ਇਹ ਸਭ ਸਰਕਾਰੀ ਸੇਵਾ ਅਧੀਨ ਕੀਤਾ ਜਾਣ ਲੱਗਾ ਸੀ ਕਿਉਂਕਿ ਤਦ ਅਜਿਹਾ ਖ਼ਤਰਾ ਸੀ ਕਿ ਸਰਕਾਰ ਕੂਕਿਆਂ ਨੂੰ ਕੁਝ ਖ਼ਾਸ ਲਾਲਚ ਦੇ ਕੇ ਖ਼ਰੀਦਣ ਦੀ ਕੋਸ਼ਿਸ਼ ਕਰ ਸਕਦੀ ਸੀ। ਇਸੇ ਤਰ੍ਹਾਂ ਸਰਕਾਰ ਦੇ ਵਿਦਿਅਕ ਸੰਸਥਾਨਾਂ ਤੋਂ ਵੀ ਬਚਿਆ ਜਾਂਦਾ ਸੀ। ਪਰ ਇੱਥੇ ਇਤਰਾਜ਼ ਸਰਕਾਰੀ ਸਕੂਲਾਂ ਤੇ ਕਾਲਜਾਂ 'ਚ ਦਾਖ਼ਲੇ ਲੈਣ ਦੀ ਸਿਰਫ਼ ਇੱਛਾ ਨਾਲੋਂ ਕਿਤੇ ਜ਼ਿਆਦਾ ਡੂੰਘਾ ਸੀ। ਕੂਕੇ ਸਿੱਖਿਆ ਦਾ ਕੋਈ ਵਿਰੋਧ ਨਹੀਂ ਕਰ ਰਹੇ ਸਨ ਕਿਉਂਕਿ ਬਾਬਾ ਰਾਮ ਸਿੰਘ ਜੀ ਨੇ ਆਪਣੀ ਖ਼ੁਦ ਦੀ ਲਿਪੀ 'ਚ ਮਾਂ-ਬੋਲੀ ਪੰਜਾਬੀ ਪੜ੍ਹਾਉਣ ਤੇ ਧਾਰਮਿਕ ਹਦਾਇਤਾਂ ਦੇਣ 'ਤੇ ਸਭ ਤੋਂ ਜ਼ਿਆਦਾ ਜ਼ੋਰ ਦਿੱਤਾ ਸੀ। ਉਹ ਵਿਦੇਸ਼ੀ ਹਾਕਮਾਂ ਵੱਲੋਂ ਆਰੰਭ ਕੀਤੀ ਨਵੀਂ ਵਿਦਿਅਕ ਪ੍ਰਣਾਲੀ ਦਾ ਵਿਰੋਧ ਕਰ ਰਹੇ ਸਨ। ਉਹ ਇਸ ਦੀ ਪਦਾਰਥਵਾਦੀ ਪਹੁੰਚ ਤੇ ਵਿਸ਼ਾ-ਵਸਤੂ ਨੂੰ ਨਾਪਸੰਦ ਕਰਦੇ ਸਨ ਅਤੇ ਸੋਚਦੇ ਸਨ ਕਿ ਇਸ ਨਾਲ ਫ਼ਾਇਦਾ ਨਹੀਂ, ਸਗੋਂ ਨੁਕਸਾਨ ਹੋਵੇਗਾ। ਇਹੋ ਕਾਰਣ ਹੈ ਕਿ ਪੱਛਮੀ ਤਰਜ਼ 'ਤੇ ਬਣਾਏ ਸਾਰੇ ਸਰਕਾਰੀ ਜਾਂ ਨਿੱਜੀ ਵਿਦਿਅਕ ਅਦਾਰਿਆਂ ਤੋਂ ਬਚਿਆ ਜਾਂਦਾ ਸੀ। ਇਸ ਸਭ ਦਾ ਨਤੀਜਾ ਇਹ ਨਿਕਲਿਆ ਕਿ ਲੰਮੇ ਸਮੇਂ 'ਚ ਜਾ ਕੇ ਉਹ ਵਿਦਿਅਕ ਪੱਖੋਂ ਪੱਛੜ ਗਏ। ਪਰ ਮਲੇਛ ਭਾਵ ਬ੍ਰਿਟਿਸ਼ ਹਾਕਮਾਂ ਲਈ ਉਨ੍ਹਾਂ ਦੀ ਨਫ਼ਰਤ ਨੇ ਉਨ੍ਹਾਂ ਨੂੰ ਦੂਜੇ ਤਰੀਕੇ ਸੋਚਣ ਤੋਂ ਰੋਕੀ ਰੱਖਿਆ। ਕੂਕਿਆਂ ਨੇ ਆਪਣੇ ਬਾਈਕਾਟਾਂ ਦੀ ਸੂਚੀ ਵਿੱਚ ਇੰਗਲੈਂਡ ਤੋਂ

---

1. ਹੋਮ ਜੁਡੀਸ਼ੀਅਲ (ਏ), ਜੂਨ 1872, ਪ੍ਰੋਗਸ. 107-111 – ਪੰਜਾਬ ਦੇ ਲੈਫਟੀਨੈਂਟ ਗਵਰਨਰ ਵੱਲੋਂ ਕਾਰਵਾਈ, ਮਿਤੀ 26 ਫ਼ਰਵਰੀ, 1872
2. -ਉਹੀ-

ਤਿਆਰ ਹੋ ਕੇ ਆਉਣ ਵਾਲੇ ਕੱਪੜਿਆਂ ਨੂੰ ਵੀ ਸ਼ਾਮਲ ਕੀਤਾ ਹੋਇਆ ਸੀ। ਬੇਸ਼ੱਕ ਉਹ ਜ਼ਿਆਦਾਤਰ ਸਾਡੇ ਸਮਿਆਂ 'ਚ ਦੇਸ਼ ਅੰਦਰ ਬਣਿਆ ਖੱਦਰ ਹੀ ਪਹਿਨਦੇ ਸਨ। ਪਰ ਕੀ ਉਨ੍ਹਾਂ ਨੇ ਇਹ ਸਿਧਾਂਤਕ ਪੱਖੋਂ ਕੀਤਾ ਜਾਂ ਕਿਸੇ ਹੋਰ ਕਾਰਣ ਕਰਕੇ, ਇਸ ਦਾ ਸਾਡੇ ਕੋਲ ਕੋਈ ਪੁਖ਼ਤਾ ਸਬੂਤ ਨਹੀਂ ਹੈ। ਇਹ ਸੰਭਵ ਹੈ ਕਿ ਇੱਕ ਸਿਆਸੀ ਸਿਧਾਂਤ ਵਜੋਂ ਇਸ ਦੇ ਮਹੱਤਵ ਨੂੰ ਕੇਵਲ ਤਦ ਮਾਨਤਾ ਮਿਲੀ, ਜਦੋਂ 'ਸਵਦੇਸ਼ੀ' ਵਿਚਾਰ ਦੇਸ਼ 'ਚ ਹਰਮਨ ਪਿਆਰਾ ਹੋਇਆ।

ਕੂਕਾ ਬਾਈਕਾਟ ਦਾ ਧਿਆਨ ਨਾਲ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਅਜਿਹਾ ਕਰਨਾ ਉਨ੍ਹਾਂ ਔਖੇ ਹਾਲਾਤ ਦੀ ਜ਼ਰੂਰਤ ਸੀ, ਜਿਨ੍ਹਾਂ ਅਧੀਨ ਕੂਕਿਆਂ ਨੂੰ ਵਿਚਰਨਾ ਪੈਂਦਾ ਸੀ। ਇੰਝ ਇਹ ਉਸ ਵੇਲੇ ਦੀ ਜ਼ਰੂਰਤ ਸੀ, ਉਨ੍ਹਾਂ ਆਪਣੀ ਮਰਜ਼ੀ ਨਾਲ ਚੁਣ ਕੇ ਅਜਿਹਾ ਰਾਹ ਅਖ਼ਤਿਆਰ ਨਹੀਂ ਕੀਤਾ ਅਤੇ ਇਹ ਉਨ੍ਹਾਂ ਲਈ ਸਿਆਸੀ ਸੰਘਰਸ਼ ਦਾ ਕੋਈ ਚੇਤੰਨ ਔਜ਼ਾਰ ਨਹੀਂ ਰਿਹਾ। ਪਰ ਅਜਿਹਾ ਹੁੰਦਾ ਸੀ ਤੇ ਇਸ ਦੇ ਮਹੱਤਵ ਨੂੰ ਸਿਰਫ਼ ਇਸ ਲਈ ਘਟਾ ਕੇ ਨਹੀਂ ਵੇਖਣਾ ਚਾਹੀਦਾ ਕਿਉਂਕਿ ਬਾਅਦ 'ਚ ਕਾਂਗਰਸ ਪਾਰਟੀ ਨੇ ਇਸ ਨੂੰ ਕੁਝ ਵੱਖਰੇ ਢੰਗ ਨਾਲ ਅਪਣਾਇਆ ਸੀ। ਕਾਰਣ ਇਹ ਹੈ ਕਿ ਵੱਖੋ-ਵੱਖਰੇ ਬਾਈਕਾਟਾਂ ਨੇ ਕੂਕਿਆਂ ਦੀ ਇੱਕ ਆਮ ਦਿੱਖ ਕਾਇਮ ਕਰਨ ਵਿੱਚ ਕੋਈ ਘੱਟ ਭੂਮਿਕਾ ਨਹੀਂ ਨਿਭਾਈ। ਇਹ ਸੱਚ ਹੈ ਕਿ ਉਨ੍ਹਾਂ ਨੇ ਬ੍ਰਿਟਿਸ਼ ਹਾਕਮਾਂ ਵਿਰੁੱਧ ਆਪਣੇ ਸੰਘਰਸ਼ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਹੁੰਚ ਤੇ ਵਿਧੀਆਂ ਦੀ ਵਰਤੋਂ ਕੀਤੀ ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੇ ਵੱਖੋ-ਵੱਖਰੇ ਬਾਈਕਾਟਾਂ ਸਦਕਾ ਉਨ੍ਹਾਂ 'ਤੇ ਇੱਕ ਖ਼ਾਸ ਮੋਹਰ ਲੱਗ ਚੁੱਕੀ ਸੀ। ਇਸੇ ਕਰਕੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭਾਵ ਸਦਕਾ ਹੀ ਅਜਿਹਾ ਹੋਇਆ ਕਿ ਲੁਧਿਆਣਾ ਦੇ ਜ਼ਿਲ੍ਹਾ ਗਜ਼ਟੀਅਰ ਨੇ ਲਿਖਿਆ: "ਇਹ ਸੱਚਾਈ ਹੈ ਕਿ ਕੂਕੇ ਕਦੇ ਬ੍ਰਿਟਿਸ਼ ਸਰਕਾਰ ਪ੍ਰਤੀ ਵਫ਼ਾਦਾਰ ਨਹੀਂ ਹੋ ਸਕਦੇ[1]।"

ਕੂਕਿਆਂ ਦੇ ਸਿਆਸੀ ਵਿਧੀ-ਵਿਗਿਆਨ ਦੀ ਚਰਚਾ ਕਰਦਿਆਂ ਇਹ ਜ਼ਰੂਰੀ ਹੈ ਕਿ ਧਾਰਮਿਕ ਭਾਵਨਾਵਾਂ ਪ੍ਰਤੀ ਉਨ੍ਹਾਂ ਦੀ ਅਪੀਲ 'ਤੇ ਝਾਤ ਪਾ ਲਈ ਜਾਵੇ। ਉਹ ਵਾਰ-ਵਾਰ 'ਸੌ ਸਾਖੀਆਂ[2]' 'ਚ ਮੌਜੂਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਦੀਆਂ ਦੱਸੀਆਂ ਜਾਂਦੀਆਂ ਭਵਿੱਖਬਾਣੀਆਂ ਦਾ ਜ਼ਿਕਰ ਕਰਦੇ

---

1. -ਉਹੀ- (1883), ਪੰਨਾ 69
2. ਮੈਕਨਬ ਨੇ 4 ਨਵੰਬਰ, 1872 ਨੂੰ ਲਿਖਿਆ: "ਅੰਤ 'ਚ, ਪੜ੍ਹਿਆ-ਲਿਖਿਆ ਹਰੇਕ ਕੂਕਾ ਕੋਲ ਲਾਹੌਰ ਦੇ ਇੱਕ ਮੰਨੇ-ਪ੍ਰਮੰਨੇ ਰਾਜ-ਧਰੋਹੀ ਚਰਿੱਤਰ ਵਾਲੇ ਦੀਵਾਨ ਬੂਟਾ ਸਿੰਘ ਵੱਲੋਂ ਛਾਪੀ ਕਿਤਾਬ ਹੈ। ਇਸ ਕਿਤਾਬ ਵਿੱਚ ਜੰਗ ਨੂੰ ਭੜਕਾਉਣ ਨਾਲ ਸਬੰਧਤ ਗ੍ਰੰਥ ਸਾਹਿਬ ਦੇ ਉਹ ਸਾਰੇ ਹਿੱਸੇ ਭਾਵ 'ਗੂਰ (ਉਗਰ) ਦੰਤੀ' ਅਤੇ 'ਚੰਡੀ-ਪਾਠ' ਮੌਜੂਦ ਹਨ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰੰਥ ਸਾਹਿਬ 'ਚੋਂ ਲਏ ਗਏ ਹਨ। ਤਿੰਨ ਹੋਰ ਕਿਤਾਬਾਂ 'ਸੌ ਸਾਖੀਆਂ,' 'ਬਾਬਾ ਅਜਿਤਾ ਕਾ ਗੋਸ਼ਟਿ' ਅਤੇ 'ਕਰਨੀ ਨਾਮਾ' ਹਨ। ਇਹ ਤਿੰਨ ਕਿਤਾਬਾਂ ਕੂਕਿਆਂ ਕੋਲ ਆਮ ਤੌਰ 'ਤੇ ਨਹੀਂ ਹੁੰਦੀਆਂ ਪਰ ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰੇਗਾ ਕਿ ਉਹ ਬਾਬਾ ਰਾਮ ਸਿੰਘ ਜੀ ਵੱਲੋਂ ਮਾਨਤਾ-ਪ੍ਰਾਪਤ ਕੂਕਾ ਸੰਪਰਦਾਇ ਨਾਲ ਸਬੰਧਤ ਹਨ।" - ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132

ਹਨ। ਬਾਬਾ ਜੀ, ਈਸ਼ਵਰ ਦੀ ਸਾਧਨਾ ਕਰਨ ਵਾਲੇ ਮਹਾਂਪੁਰਖ ਹਨ, ਜਿਨ੍ਹਾਂ ਕੋਲ ਚਮਤਕਾਰੀ ਤਾਕਤਾਂ ਹਨ ਤੇ ਜੋ ਭਵਿੱਖ ਬਾਰੇ ਪਹਿਲਾਂ ਹੀ ਦੱਸ ਸਕਦੇ ਹਨ; ਅਜਿਹੀਆਂ ਸਾਰੀਆਂ ਕੋਸ਼ਿਸ਼ਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ 'ਚ ਜੋਸ਼ ਭਰਨ ਲਈ ਕੀਤੀਆਂ ਜਾਂਦੀਆਂ ਸਨ। ਇਸੇ ਵਰਗ ਨਾਲ ਹੀ ਉਨ੍ਹਾਂ ਦੇ ਗਊ-ਹੱਤਿਆ ਅਤੇ ਚੰਡੀ-ਪਾਠ ਨਾਲ ਸੰਬੰਧਿਤ ਹਵਾਲੇ ਹਨ; ਚੰਡੀ-ਪਾਠ ਇੱਕ ਧਾਰਮਿਕ ਰਸਮ ਹੈ ਜੋ ਫ਼ੌਜੀ ਗੁਣਾਂ 'ਚ ਵਾਧਾ ਕਰਨ ਵੱਲ ਰੁਚਿਤ ਹੈ। ਸ਼ਬਦ 'ਮਲੇਛ' ਅੰਗਰੇਜ਼ਾਂ ਭਾਵ ਬ੍ਰਿਟਿਸ਼ ਲਈ ਵਰਤਿਆ ਜਾਂਦਾ ਸੀ, ਇਸ ਸ਼ਬਦ ਨਾਲ ਸਮਕਾਲੀ ਰਿਕਾਰਡ ਭਰੇ ਹੋਏ ਹਨ ਤੇ ਇਸ ਦੀ ਧਾਰਮਿਕ ਵਿਆਖਿਆ ਵੀ ਹੈ। ਕਿਸੇ ਸਿਆਸੀ ਮੰਤਵ ਲਈ ਧਾਰਮਿਕ ਅਪੀਲ ਕਰਦਿਆਂ ਕੂਕਾ ਲੀਡਰਸ਼ਿਪ ਭਾਰਤੀ ਲੋਕਾਂ ਦੇ ਮਨੋਵਿਗਿਆਨ ਨੂੰ ਬਹੁਤ ਹੀ ਵਧੀਆ ਤੇ ਬਿਲਕੁਲ ਸਹੀ ਤਰੀਕੇ ਸਮਝਦੀ ਤੇ ਪੜ੍ਹਦੀ ਜਾਪਦੀ ਹੈ ਅਤੇ ਇਸ ਤੋਂ ਇੱਕ ਅਜਿਹੇ ਰਾਹ ਦਾ ਸੰਕੇਤ ਮਿਲਦਾ ਹੈ, ਜਿਸ ਦੀ ਵਰਤੋਂ ਬਾਅਦ ਦੇ ਸਮਿਆਂ ਦੌਰਾਨ ਬਿਪਿਨ ਚੰਦਰ ਪਾਲ, ਅਰਬਿੰਦੋ ਘੋਸ਼, ਬਾਲ ਗੰਗਾਧਰ ਤਿਲਕ ਤੇ ਗਾਂਧੀ ਜੀ ਆਦਿ ਰਾਸ਼ਟਰਵਾਦੀਆਂ ਨੇ ਕੀਤੀ ਸੀ।

ਜਿੱਥੋਂ ਤੱਕ ਅਜ਼ਾਦੀ ਬਾਰੇ ਕੂਕਿਆਂ ਦੀ ਧਾਰਨਾ ਹੈ, ਉਨ੍ਹਾਂ ਦਾ ਉਦੇਸ਼ ਪੰਜਾਬ ਵਿੱਚ ਖ਼ਾਲਸਾ ਰਾਜ ਦੀ ਮੁੜ ਸਥਾਪਨਾ ਹੈ, ਜਿਸ ਨੂੰ ਭਾਰਤ ਦੇ ਵਿਕਾਸ ਦੇ ਵਰ੍ਹਿਆਂ ਦੌਰਾਨ ਉਸ ਇਤਿਹਾਸਕ ਪੜਾਅ ਦੇ ਸੰਦਰਭ 'ਚ ਸਮਝਣ ਦੀ ਜ਼ਰੂਰਤ ਹੈ। ਜੇ ਅੱਜ ਅਸੀਂ ਇਸ ਨੂੰ 20ਵੀਂ ਸਦੀ ਦੀਆਂ ਸਥਿਤੀਆਂ ਦੀਆਂ ਮੱਦਾਂ 'ਚ ਸਮਝੀਏ, ਤਾਂ ਇਹ ਸੌੜੀ ਸੋਚ ਹੋਵੇਗੀ ਪਰ ਜਦੋਂ ਕੂਕਾ ਲਹਿਰ ਦਾ ਆਗ਼ਾਜ਼ ਹੋਇਆ ਸੀ, ਤਦ ਉਸ ਵੇਲੇ ਅਜਿਹੀ ਕੋਈ ਧਾਰਨਾ ਮੌਜੂਦ ਨਹੀਂ ਸੀ, ਜਿਸ ਨੂੰ ਅੱਜ ਅਸੀਂ 'ਰਾਸ਼ਟਰਵਾਦ' ਕਹਿੰਦੇ ਹਾਂ। ਲੋਕਾਂ ਨੇ ਤਦ ਇਸ ਨੂੰ ਇੱਕ ਸਮੁੱਚੇ ਰਾਸ਼ਟਰ ਵਜੋਂ ਨਹੀਂ, ਸਗੋਂ ਖੇਤਰਾਂ ਤੇ ਭਾਈਚਾਰਿਆਂ ਦੀਆਂ ਮੱਦਾਂ 'ਚ ਸਮਝਿਆ ਸੀ। ਭਾਰਤੀ ਰਾਸ਼ਟਰਵਾਦ ਦਾ ਆਪਣੇ ਚੇਤੰਨ ਤੇ ਕਾਰਜਾਤਮਕ ਰੂਪ 'ਚ ਉਭਾਰ ਉਸ ਤੋਂ ਬਾਅਦ ਦਾ ਵਿਕਾਸਕ੍ਰਮ ਸੀ, ਉਹ ਵੀ ਤਦ ਜਦੋਂ ਇਹ ਪੂਰੀ ਤਰ੍ਹਾਂ ਸਾਹਮਣੇ ਆ ਚੁੱਕਾ ਸੀ, ਇਸ ਦਾ ਵਿਕਾਸ ਬਹੁਤ ਮੱਠੀ ਪ੍ਰਕਿਰਿਆ ਰਹੀ ਹੈ। ਇਸ ਲਈ ਕੂਕਾ ਉਦੇਸ਼ ਪੂਰੀ ਤਰ੍ਹਾਂ ਉਚਿਤ ਸੀ , ਜੋ ਉਨ੍ਹਾਂ ਦੇ ਉਭਾਰ ਦੇ ਕਾਲ ਦੌਰਾਨ ਬਿਲਕੁਲ ਆਮ ਗੱਲ ਸੀ ਅਤੇ ਫਿਰ ਵੀ ਇੰਨਾ ਵਿਆਪਕ ਸੀ ਜਿੰਨਾ ਵੀ ਲੋਕ ਇਸ ਨੂੰ ਸਮਝ ਸਕਣ। ਬਾਅਦ 'ਚ ਜਦੋਂ ਭਾਰਤੀ ਰਾਸ਼ਟਰਵਾਦ ਇੱਕ ਹਕੀਕਤ ਬਣ ਗਿਆ, ਤਦ ਵੀ ਕੂਕਿਆਂ ਨੇ ਰਾਸ਼ਟਰਵਾਦ ਦੀ ਮੁੱਖਧਾਰਾ 'ਚ ਸ਼ਾਮਲ ਹੋਣ ਵਿੱਚ ਕੋਈ ਝਿਜਕ ਨਹੀਂ ਵਿਖਾਈ। ਅਜਿਹਾ ਇਸ ਲਈ ਸੀ ਕਿਉਂਕਿ ਉਨ੍ਹਾਂ ਦੀ ਸਾਮਰਾਜ ਵਿਰੋਧੀ ਤਾਕਤਾਂ ਨਾਲ ਲੰਮੇਰੀ ਪ੍ਰੰਪਰਾ ਰਹੀ ਸੀ ਤੇ ਇਸੇ ਲਈ ਉਨ੍ਹਾਂ ਨੂੰ ਅਜਿਹੀਆਂ ਤਾਕਤਾਂ ਨਾਲ ਕੰਮ ਕਰਨ ਵਿੱਚ ਕੋਈ ਔਖ ਮਹਿਸੂਸ ਨਹੀਂ ਹੋਈ, ਜੋ ਦੇਸ਼ ਦੀ ਅਜ਼ਾਦੀ ਲਈ ਕੰਮ ਕਰ ਰਹੀਆਂ ਸਨ। ਉਨ੍ਹਾਂ ਦੇ ਮਨਾਂ ਦਾ ਪਾਸਾਰ ਹੋ ਗਿਆ ਸੀ ਤੇ ਉਨ੍ਹਾਂ ਦੇ ਦਿਸਹੱਦੇ ਚੌੜੇ ਹੋ ਗਏ ਸਨ ਕਿਉਂਕਿ ਰਾਸ਼ਟਰ ਆਪਣੇ ਵਿਕਾਸ ਦੇ ਮਾਰਗ 'ਤੇ ਨਵੇਂ ਮੀਲ-ਪੱਥਰ ਗੱਡਦਾ ਜਾ ਰਿਹਾ ਸੀ।

1857 ਦਾ ਗ਼ਦਰ ਕਿਉਂਕਿ ਮੁੱਖ ਤੌਰ 'ਤੇ ਇੱਕ ਜਗੀਰਦਾਰੀ ਬਗ਼ਾਵਤ ਸੀ ਪਰ ਇਸ ਦੇ ਉਲਟ ਕੂਕਾ ਲਹਿਰ ਆਮ ਜਨਤਾ ਨਾਲ ਜੁੜਿਆ ਮਾਮਲਾ ਸੀ। ਦਿਹਾਤੀ ਇਲਾਕਿਆਂ ਦੇ ਹੇਠਲੇ ਵਰਗਾਂ ਦੇ ਲੋਕ ਇਸ ਦੇ ਮੈਂਬਰ ਬਣ ਰਹੇ ਸਨ। ਇਸ ਤੋਂ ਬਾਅਦ "ਅਨੇਕ ਛੋਟੇ ਸਰਦਾਰ ਤੇ ਪਰਿਵਾਰਕ ਆਦਮੀ" ਬੇਸ਼ੱਕ ਪੂਰੇ ਦ੍ਰਿੜ ਸੰਕਲਪ ਨਾਲ ਕੂਕਾ ਸੰਪਰਦਾਇ 'ਚ ਆਏ[1]," ਪਰ ਇਸ ਦੇ ਢਾਂਚੇ ਦੀ ਆਮ ਪੱਧਤੀ ਉਤੇ ਇਸ ਦਾ ਕੋਈ ਭੌਤਿਕ ਅਸਰ ਨਹੀਂ ਪਿਆ, ਫਿਰ ਵੀ ਸਰਕਾਰ ਇਸ ਤੋਂ ਵੀ ਫ਼ਿਕਰਮੰਦ ਹੋ ਗਈ। ਭੰਗ ਕੀਤੀ ਗਈ ਖ਼ਾਲਸਾ ਆਰਮੀ ਦੇ ਅਤੇ 1857 ਦੇ ਗ਼ਦਰ ਦੀਆਂ ਰੈਜਿਮੈਂਟਸ ਦੇ ਕਈ ਭਗੌੜੇ ਜਵਾਨ ਕੂਕੇ ਬਣ ਗਏ। ਉਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਨੂੰ ਇੱਥੇ ਆਪਣੀਆਂ ਦਲੇਰਾਨਾ ਭਾਵਨਾਵਾਂ ਦੀ ਪੂਰਤੀ ਲਈ ਢੁੱਕਵੀਂ ਜਗ੍ਹਾ ਮਿਲੇਗੀ। ਪਰ ਉਹ ਵੀ ਆਮ ਤੌਰ 'ਤੇ ਲੋਕਾਂ ਦੇ ਸਾਧਾਰਣ ਵਰਗ ਤੋਂ ਹੀ ਆਏ ਸਨ।

ਵੱਡੇ ਭਾਵੇਂ ਛੋਟੇ ਸਾਰੇ ਹੀ ਕੂਕੇ ਦਿਹਾਤੀ ਖੇਤਰਾਂ ਤੋਂ ਆਏ ਸਨ ਤੇ ਉਹ ਸਾਰੇ ਹੀ ਖੇਤੀਬਾੜੀ 'ਤੇ ਨਿਰਭਰ ਸਨ। ਉਨ੍ਹਾਂ 'ਚੋਂ ਬਹੁਤੇ ਜੱਟ-ਸਿੱਖ ਸਨ। ਇਸ ਤੱਥ ਬਾਰੇ ਲੁਧਿਆਣਾ ਜ਼ਿਲ੍ਹੇ ਦੇ ਗਜ਼ਟੀਅਰ (1883) 'ਚ ਬੜਾ ਸਪੱਸ਼ਟ ਕੁਝ ਇੰਝ ਲਿਖਿਆ ਹੈ: "ਇਹ ਕਹਿਣਾ ਸਹੀ ਹੈ ਜਾਂ ਨਹੀਂ ਕਿ ਕੂਕਿਆਂ ਦੀ ਬਹੁ-ਗਿਣਤੀ ਨਿਮਨ ਵਰਗ ਦੀ ਹੈ, ਇਸ ਬਾਰੇ ਦ੍ਰਿੜਤਾ ਨਾਲ ਕੁਝ ਨਹੀਂ ਆਖਿਆ ਜਾ ਸਕਦਾ ਕਿਉਂਕਿ ਇਸ ਸੰਪਰਦਾਇ ਦੀ ਵਧੇਰੇ ਪ੍ਰਗਤੀ ਹੋਰਨਾਂ ਦੇ ਮੁਕਾਬਲੇ ਜੱਟ ਸਿੱਖਾਂ[2] 'ਚ ਹੋਈ ਹੈ।" ਇਹ ਸਾਰੇ ਜੱਟ-ਸਿੱਖ ਕਿਸਾਨ ਸਨ। ਦੂਜੇ ਵੀ ਭਾਵੇਂ ਕਿਸਾਨ ਨਹੀਂ ਸਨ ਪਰ ਉਨ੍ਹਾਂ ਦੀ ਖੇਤੀਬਾੜੀ 'ਚ ਡੂੰਘੀ ਦਿਲਚਸਪੀ ਸੀ। ਫਿਰ ਖੇਤੀਬਾੜੀ ਦਾ ਕੀ ਹੋਇਆ, ਉਸ ਤੋਂ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਅਜਿਹਾ ਨਹੀਂ ਜਾਪਦਾ ਕਿ ਕੂਕਾ ਅੰਦੋਲਨ ਦਾ ਕੋਈ ਆਰਥਿਕ ਪੱਖ ਸੀ। ਫਿਰ ਵੀ ਅਜਿਹਾ ਸੋਚਣਾ ਸੰਭਵ ਹੈ ਕਿ ਲੋਕਾਂ ਦੀਆਂ ਆਰਥਿਕ ਔਕੜਾਂ ਕਾਰਣ ਉਨ੍ਹਾਂ ਦੇ ਮਨਾਂ 'ਚ ਸਰਕਾਰ ਵਿਰੁੱਧ ਰੋਹ ਜਾਗ ਪਿਆ ਹੋਵੇ। ਇਸ ਸੰਦਰਭ 'ਚ ਉਸ ਵੇਲੇ ਦੇ ਖੇਤੀ ਨਾਲ ਸੰਬੰਧਿਤ ਸਮਾਜ ਦੀ ਆਰਥਿਕ ਹਾਲਾਤ ਦਾ ਅਧਿਐਨ ਅਹਿਮ ਹੋ ਜਾਂਦਾ ਹੈ।

ਉਸ ਵੇਲੇ ਜ਼ਮੀਨ ਤੇ ਜ਼ਮੀਨੀ-ਮਾਲੀਏ ਦੀਆਂ ਪ੍ਰਣਾਲੀਆਂ ਵਿੱਚ ਤੇਜ਼ੀ ਨਾਲ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਸਨ। ਪੰਜਾਬ ਦੇ ਰਲੇਵੇਂ ਤੋਂ ਤੁਰੰਤ ਬਾਅਦ ਆਮ ਧਨ ਮੁਲਾਂਕਣ ਉੱਤੇ ਕੱਚੀਆਂ ਤੇ ਤਿਆਰ ਜਿਨਸ ਆਧਾਰਤ ਥੋੜ੍ਹ-ਚਿਰੇ ਤੁਰੰਤ ਬੰਦੋਬਸਤ ਕੀਤੇ ਜਾ ਰਹੇ ਸਨ। ਲੋਕਾਂ ਨੂੰ ਡਾਢੀ ਔਖ ਪੇਸ਼ ਆ ਰਹੀ ਸੀ ਕਿਉਂਕਿ ਮੰਗ ਬਹੁਤ ਜ਼ਿਆਦਾ ਸੀ ਤੇ ਅਦਾਇਗੀ ਨਕਦੀ 'ਚ ਕਰਨੀ ਸੀ। 1851 'ਚ ਕੀਮਤਾਂ 50% ਡਿੱਗ ਗਈਆਂ ਸਨ, ਤਦ ਮਾਲੀਏ ਦਾ ਭੁਗਤਾਨ ਕਰਨ ਵਾਲਿਆਂ

---

1. ਹੋਮ ਜੁਡੀਸ਼ੀਅਲ (ਏ), ਅਪ੍ਰੈਲ 1872, ਪ੍ਰੋਗਸ. 107-111.
2. ਪੰਨਾ 69; ਪੰਜਾਬ ਜ਼ਿਲ੍ਹਾ ਗਜ਼ਟੀਅਰਜ਼, ਜਿਲਦ 15(ਏ); ਲੁਧਿਆਣਾ ਜ਼ਿਲ੍ਹਾ ਤੇ ਮਾਲੇਰ ਕੋਟਲਾ ਰਿਆਸਤ ਗਜ਼ਟੀਅਰ (1904), ਪੰਨਾ 85

ਨੂੰ ਸਰਕਾਰੀ ਮੰਗ ਆਪਣੇ ਸਾਧਨਾਂ ਤੋਂ ਕਿਤੇ ਵੱਧ ਜਾਪ ਰਹੀ ਸੀ। 1851 ਤੋਂ ਲੰਮੇ ਸਮੇਂ ਦੀਆਂ ਨਿਯਮਤ ਬੰਦੋਬਸਤ ਦੀ ਸ਼ੁਰੂਆਤ ਹੋ ਗਈ ਸੀ, ਜੋ 1860 ਤੱਕ ਵੀ ਮੁਕੰਮਲ ਨਹੀਂ ਹੋਇਆ ਸੀ। ਬ੍ਰਿਟਿਸ਼ ਹਕੂਮਤ ਦੇ ਮੁੱਢਲੇ ਦਿਨਾਂ ਦੀਆਂ ਔਖਿਆਈਆਂ ਜਾਰੀ ਸਨ। ਕਦੀ-ਕਦਾਈ ਕਟੌਤੀਆਂ ਕੀਤੀਆਂ ਜਾਂਦੀਆਂ ਸਨ ਪਰ ਉਨ੍ਹਾਂ ਨਾਲ ਲੋਕਾਂ ਦੇ ਦੁੱਖਾਂ ਦੇ ਮਾਮਲੇ 'ਚ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਦਾ ਸੀ। 1863 ਤੋਂ ਬੰਦੋਬਸਤ ਦਾ ਇੱਕ ਨਵਾਂ ਚੱਕਰ ਸ਼ੁਰੂ ਕੀਤਾ ਗਿਆ ਸੀ, ਜੋ 1875 ਤੱਕ ਜਾਰੀ ਰਿਹਾ ਸੀ। ਫਿਰ ਦੋਬਾਰਾ ਇਹ ਪਾਇਆ ਗਿਆ ਕਿ ਸਰਕਾਰੀ ਮੰਗ ਬਹੁਤ ਜ਼ਿਆਦਾ ਸੀ। ਲੋਕਾਂ ਦੇ ਦੁੱਖ ਘਟਾਉਣ ਲਈ ਦੋਬਾਰਾ ਕੁਝ ਕਟੌਤੀਆਂ ਕੀਤੀਆਂ ਗਈਆਂ ਸਨ ਪਰ ਕੁੱਲ ਬੋਝ ਵਧਦਾ ਜਾ ਰਿਹਾ ਸੀ ਤੇ ਉਹ ਘਟਣ ਦਾ ਨਾਂਅ ਨਹੀਂ ਸੀ ਲੈ ਰਿਹਾ ਕਿਉਂਕਿ ਤਦ ਮਾਲੀਏ ਦੀ ਮੰਗ ਦੇ ਕਈ ਨਵੇਂ ਮਾਮਲੇ ਹੋਰ ਆ ਕੇ ਜੁੜ ਗਏ ਸਨ। ਇਸ ਤੋਂ ਇਲਾਵਾ 1860-61 ਅਤੇ 1868-69 'ਚ ਕਈ ਅਕਾਲ਼ ਪਏ ਸਨ।

ਫਿਰ ਖ਼ਾਲੀ ਪਈਆਂ ਜ਼ਮੀਨਾਂ ਤੇ ਕਿਰਾਇਆ-ਮੁਕਤ ਪੱਟਿਆਂ ਦਾ ਮੁਲਾਂਕਣ ਹੋਣ ਲੱਗਾ, ਜਿਸ ਨੇ ਹਰ ਹਾਲਤ 'ਚ ਉਨ੍ਹਾਂ ਲੋਕਾਂ 'ਤੇ ਮਾੜਾ ਅਸਰ ਪਾਇਆ, ਜਿਹੜੇ ਉਨ੍ਹਾਂ 'ਤੇ ਨਿਰਭਰ ਸਨ। ਪੱਟੇਦਾਰਾਂ ਦੀ ਹਾਲਾਤ ਵੀ ਵਿਗੜਦੀ ਜਾ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਵਾਰ-ਵਾਰ ਜ਼ਮੀਨਾਂ ਤੋਂ ਹਟਾ ਦਿੱਤਾ ਜਾਂਦਾ ਸੀ, ਜਿਸ ਨਾਲ ਉਹ ਉਸ ਸੁਰੱਖਿਆ ਨੂੰ ਗੁਆ ਬੈਠੇ, ਜਿਸ ਦਾ ਉਹ ਕਦੇ ਅਨੰਦ ਮਾਣਦੇ ਸਨ।

ਜਿਵੇਂ ਕਿ ਲੋਕਾਂ ਦੀ ਕਿਸੇ ਲਹਿਰ ਨਾਲ ਸੁਭਾਵਕ ਤੌਰ 'ਤੇ ਹੁੰਦਾ ਹੈ, ਇਹ ਆਰੰਭ 'ਚ ਬਹੁਤ ਹਰਮਨ ਪਿਆਰੀ ਤੇ ਤੇਜ਼ੀ ਨਾਲ ਵਧਣ ਵਾਲੀ ਮੁਹਿੰਮ ਸੀ। ਬ੍ਰਿਟਿਸ਼ ਸਰਕਾਰ ਲਈ ਇਹ ਵਰਤਾਰਾ ਵੱਡੀ ਚਿੰਤਾ ਦਾ ਸਰੋਤ ਸੀ। ਗਵਰਨਰ ਜਨਰਲ ਨੂੰ ਲਿਖੀ ਆਪਣੀ ਇੱਕ ਚਿੱਠੀ ਵਿੱਚ ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਲਿਖਿਆ ਸੀ[1]: "ਉਸ ਸਿਧਾਂਤ ਦਾ ਅਸਲ ਖ਼ਤਰਾ ਇਸ ਸ਼ਕਲ 'ਚ ਹੈ ਕਿ ਇਹ ਸਥਾਨਕ ਭਾਈਚਾਰੇ ਦੇ ਗ਼ੈਰ-ਕੂਕਾ ਵੱਡੇ ਵਰਗ ਦੀਆਂ ਹਮਦਰਦੀਆਂ ਲਈ ਮਜ਼ਬੂਤੀ ਨਾਲ ਅਪੀਲ ਕਰਦਾ ਹੈ[1]।" ਗਊ-ਹੱਤਿਆਵਾਂ ਦੀ ਨਿੰਦਾ ਅਤੇ ਰਾਏਕੋਟ ਤੇ ਅੰਮ੍ਰਿਤਸਰ ਦੇ ਕਸਾਈਆਂ ਵਿਰੁੱਧ ਚੁੱਕੇ ਕਦਮਾਂ ਸਦਕਾ ਚੰਗੇ ਅਮੀਰ ਹਿੰਦੂਆਂ ਦੀ ਹਮਦਰਦੀ ਵੀ ਉਨ੍ਹਾਂ ਨਾਲ ਹੋ ਗਈ ਸੀ; ਜਦ ਕਿ ਖ਼ਾਲਸਾ ਰਾਜ ਦੀ ਬਹਾਲੀ ਦੀਆਂ ਭਵਿੱਖਬਾਣੀਆਂ ਦੀਆਂ ਅਪੀਲਾਂ ਨਾਲ ਉਨ੍ਹਾਂ ਸਾਰੇ ਸਿੱਖਾਂ ਦੀ ਹਮਦਰਦੀ ਉਨ੍ਹਾਂ ਨੂੰ ਮਿਲ ਜਾਂਦੀ ਹੈ, ਜਿਹੜੇ ਬੀਤੇ ਦੀਆਂ ਪ੍ਰੰਪਰਾਵਾਂ ਨੂੰ ਹਾਲੇ ਭੁੱਲੇ ਨਹੀਂ ਹਨ। ਬੇਸ਼ੱਕ ਇਹ ਦਰਸਾਉਣ ਲਈ ਇੱਥੇ ਸਬੂਤ ਹੈ ਕਿ ਇਸ ਵੇਲੇ ਕੱਟੜ ਸਿੱਖਾਂ ਤੇ ਕੂਕਿਆਂ ਵਿਚਾਲੇ ਕਿਸੇ ਤਰ੍ਹਾਂ ਦਾ ਕੋਈ ਆਮ ਗੱਠਜੋੜ ਨਹੀਂ ਹੈ; ਪਰ ਇਸ ਗੱਲ ਦਾ ਵੀ ਸਬੂਤ ਹੈ ਕਿ ਇਨ੍ਹਾਂ ਸੰਪਰਦਾਵਾਂ ਵਿਚਾਲੇ ਵਿਰੋਧੀ ਭਾਵਨਾਵਾਂ ਪਹਿਲਾਂ ਦੇ ਮੁਕਾਬਲੇ ਘੱਟ ਤਿੱਖੀਆਂ ਹਨ

1. ਹੋਮ ਜੁਡੀਸ਼ੀਅਲ (ਏ), ਜੂਨ 1872, ਪ੍ਰੋਗਸ. 107-111, ਭਾਰਤ ਸਰਕਾਰ ਨੂੰ ਪੰਜਾਬ ਸਰਕਾਰ ਵੱਲੋਂ, ਮਿਤੀ ਲਾਹੌਰ 22 ਫ਼ਰਵਰੀ, 1872.

ਕਿਉਂਕਿ ਪਿਛਲੇ ਕੁਝ ਸਮੇਂ ਦੌਰਾਨ ਵੱਡੀ ਗਿਣਤੀ 'ਚ ਨਵੇਂ ਬਣਨ ਵਾਲੇ ਕੂਕੇ ਸਿੱਖਾਂ 'ਚੋਂ ਹੀ ਹਨ...,'' ਉਹੀ ਅਧਿਕਾਰੀ ਆਪਣੀ ਕਾਰਵਾਈ 'ਚ ਅੱਗੇ ਲਿਖਦਾ ਹੈ, ''ਜਿਹੜੇ ਲੋਕ ਉਨ੍ਹਾਂ (ਬਾਬਾ ਰਾਮ ਸਿੰਘ ਜੀ) ਦੇ ਝੂਠੇ ਦਾਅਵਿਆਂ ਵੱਲ ਕੋਈ ਧਿਆਨ ਨਹੀਂ ਦਿੰਦੇ, ਉਹ ਵੀ ਇਹ ਕਬੂਲ ਕਰਦੇ ਹਨ ਕਿ ਸਾਰੇ ਚੰਗੇ ਹਿੰਦੂ ਗਊ-ਹੱਤਿਆਵਾਂ ਦੀ ਪਵਿੱਤਰ ਦਹਿਸ਼ਤ ਨਾਲ ਉਨ੍ਹਾਂ ਦੇ ਨਾਲ ਖੜ੍ਹੇ ਹਨ। ਉਹ ਆਪਣੇ ਪ੍ਰਚਾਰ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੰਗਜੂ ਸਿਧਾਂਤਾਂ ਨੂੰ ਪ੍ਰਮੁੱਖਤਾ ਦਿੰਦੇ ਹਨ, ਜਿਸ ਨਾਲ ਉਨ੍ਹਾਂ 'ਚ ਦਲੇਰਾਨਾ ਤੇ ਉਤਸ਼ਾਹੀ ਭਾਵਨਾਵਾਂ ਪੁਨਰ-ਸੁਰਜੀਤ ਹੁੰਦੀਆਂ ਹਨ, ਜੋ ਆਪਣੇ ਪੁਰਖਿਆਂ ਨੂੰ ਜ਼ਿਮੀਂਦਾਰਾਂ ਤੋਂ ਦੋਬਾਰਾ ਸਰਦਾਰ ਬਣਾਉਣਾ ਚਾਹੁੰਦੇ ਹਨ। ਇੱਕ ਸਾਂਝਾ ਧਰਮ, ਕੌਮੀਅਤ ਤੇ ਉਦੇਸ਼ ਜਮਨਾ ਤੇ ਜਿਹਲਮ ਵਿਚਕਾਰਲੇ ਇਲਾਕਿਆਂ 'ਚ ਨਵੇਂ ਗੁਰੂ ਦੀ ਆਪਣੇ ਖ਼ੁਦ ਦੇ ਪੁਰਾਣੇ ਰਹੱਸਵਾਦ ਦੀ ਆਤਮ-ਨਿਰਭਰ ਪੁਨਰ-ਦ੍ਰਿੜ੍ਹਤਾ ਗ਼ੈਰ-ਮੁਸਲਿਮ ਜਨਤਾ ਦੀਆਂ ਗੁਪਤ ਹਮਦਰਦੀਆਂ ਹਾਸਲ ਕਰ ਲੈਂਦਾ ਹੈ; ਅਤੇ ਉਹ ਵਿਸ਼ਵਾਸ ਨਾਲ ਉਨ੍ਹਾਂ ਦੇ ਵਿਵਹਾਰਕ ਇਕਬਾਲ ਉੱਤੇ ਹੈਰਾਨੀ ਭਰੇ ਆਦਰ ਤੇ ਸ਼ਲਾਘਾ ਦੀਆਂ ਮੁਸੀਬਤਜ਼ਦਾ ਭਾਵਨਾਵਾਂ ਨਾਲ ਵਿਚਾਰ ਕਰਦੇ ਹਨ।''

ਸਰਕਾਰ ਇਕੱਲੀ ਹੀ ਕੂਕਾ ਅੰਦੋਲਨ ਦੇ ਵਿਰੁੱਧ ਨਹੀਂ ਸੀ। ਭਾਰਤੀ ਸਮਾਜ ਦੇ ਅੰਦਰ ਵੀ ਕੁਝ ਖ਼ਾਸ ਵਰਗਾਂ ਨੇ ਵੀ ਇਸ ਦਾ ਵਿਰੋਧ ਕੀਤਾ ਸੀ ਤੇ ਸਰਕਾਰ ਨੂੰ ਇਸ ਨੂੰ ਦਬਾਉਣ ਲਈ ਆਖਿਆ ਸੀ। ਉਨ੍ਹਾਂ 'ਚ ਪੰਜਾਬ ਦੀਆਂ ਰਿਆਸਤਾਂ ਦੇ ਮਹਾਰਾਜੇ, ਉੱਘੇ ਮੁਖੀ ਤੇ ਜਗੀਰਦਾਰ, ਸਰਕਾਰੀ ਅਧਿਕਾਰੀ, ਸਰਕਲਾਂ ਤੇ ਪਿੰਡਾਂ ਦੇ ਜ਼ੈਲਦਾਰ ਤੇ ਨੰਬਰਦਾਰ, ਸੋਢੀ, ਬੇਦੀ, ਗੁਰਦੁਆਰਾ ਸਾਹਿਬਾਨ ਦੇ ਮਹੰਤ ਤੇ ਬ੍ਰਾਹਮਣ ਸ਼ਾਮਲ ਸਨ। ਇਨ੍ਹਾਂ ਸਾਰੇ ਲੋਕਾਂ ਦੇ ਸੌੜੇ ਹਿੱਤ ਸਨ ਅਤੇ ਉਨ੍ਹਾਂ ਦੀ ਅਜਿਹੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਸੀ, ਜਿਨ੍ਹਾਂ ਨੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਸਨ। ਉਹ ਆਮ ਤੌਰ 'ਤੇ ਆਪਣੇ ਨਿੱਜੀ ਹਿੱਤਾਂ ਦੀ ਰਾਖੀ ਲਈ ਸਰਕਾਰ ਨਾਲ ਖੜ੍ਹੇ ਸਨ ਤੇ ਆਪਣੇ ਲਈ ਕੋਈ ਸਰਕਾਰੀ ਫ਼ਾਇਦਾ ਲੈ ਕੇ ਆਪਣਾ ਭਵਿੱਖ ਸੁਆਰਨਾ ਚਾਹੁੰਦੇ ਸਨ। ਸਮਾਜ 'ਚ ਉਨ੍ਹਾਂ ਦੇ ਅਜਿਹੇ ਸਟੈਂਡ ਤੇ ਅਧਿਕਾਰੀਆਂ ਪ੍ਰਤੀ ਚੰਗੇ ਵਿਵਹਾਰ ਸਦਕਾ ਉਨ੍ਹਾਂ ਸ਼ਰੀਫ਼ ਲੋਕਾਂ ਦਾ ਇੱਕ ਵਰਗ ਬਣ ਗਿਆ। ਸਰਕਾਰ ਵੀ ਆਪਣੇ ਵੱਲੋਂ ਲਗਾਤਾਰ ਇਸੇ ਕੁਲੀਨ ਵਰਗ ਉੱਤੇ ਆਪਣੀ ਕ੍ਰਿਪਾ-ਦ੍ਰਿਸ਼ਟੀ ਰੱਖ ਰਹੀ ਸੀ ਕਿ ਤਾਂ ਜੋ ਇਹ ਲੋਕ ਆਪਣੇ ਹਿੱਤਾਂ ਸਦਕਾ ਹੀ ਉਸ ਨਾਲ ਜੁੜੇ ਰਹਿਣ ਤੇ ਲੋੜ ਪੈਣ 'ਤੇ ਹਰਮਨ ਪਿਆਰੀਆਂ ਤਾਕਤਾਂ ਵਿਰੁੱਧ ਬਚਾਅ ਵਜੋਂ ਉਨ੍ਹਾਂ ਨੂੰ ਵਰਤਿਆ ਜਾ ਸਕੇ। ਜਿੱਥੋਂ ਤੱਕ ਕੂਕਿਆਂ ਦਾ ਸੰਬੰਧ ਹੈ, ਇਹ ਲੋਕ ਉਨ੍ਹਾਂ ਦੀ ਜਾਸੂਸੀ ਕਰਦੇ ਸਨ, ਉਨ੍ਹਾਂ ਬਾਰੇ ਗੁਪਤ ਰਿਪੋਰਟਾਂ ਅਧਿਕਾਰੀਆਂ ਨੂੰ ਭੇਜਦੇ ਸਨ ਤੇ ਸਰਕਾਰ ਦੇ ਪੱਖ 'ਚ ਆਮ ਜਨਤਾ ਦੇ ਵਿਚਾਰ ਕਾਇਮ ਕਰਦੇ ਸਨ। ਉਦਾਹਰਣ ਵਜੋਂ, ਉਨ੍ਹਾਂ 'ਚੋਂ ਬਹੁਤਿਆਂ ਨੇ 1872 'ਚ ਮਾਲੇਰ ਕੋਟਲਾ 'ਚ ਕੂਕਾ

1. -ਉਹੀ- ਪੰਜਾਬ ਦੇ ਲੈ. ਗਵਰਨਰ ਵੱਲੋਂ ਕਾਰਵਾਈ, ਮਿਤੀ 26 ਫ਼ਰਵਰੀ, 1872.
2. ਵੇਖੋ ਅੰਤਿਕਾ II; ਹੋਮ ਜੁਡੀਸ਼ੀਅਲ (ਏ), ਪ੍ਰੋਗਸ. ਜਨਵਰੀ 1873, ਨੰ. 124-126 ਵੀ

ਕੈਦੀਆ ਨੂੰ ਤੋਪਾਂ ਨਾਲ ਉਡਾ ਦੇਣ ਦੀਆਂ ਕਾਵਨ ਤੇ ਫ਼ੋਰਸਾਈਥ ਦੀਆਂ ਕਾਰਵਾਈਆਂ ਦਾ ਬਚਾਅ ਕਰਨ ਲਈ ਆਪਣੀਆਂ ਅਰਜ਼ੀਆਂ[1] ਭੇਜੀਆਂ ਸਨ ਕਿਉਂਕਿ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਸਰਕਾਰ ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਕਰਕੇ ਉਨ੍ਹਾਂ ਤੋਂ ਨਾਖ਼ੁਸ਼ ਹੈ। ਇਸੇ ਤਰ੍ਹਾਂ ਜਦੋਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਦੇਸ਼-ਨਿਕਾਲਾ ਦਿੱਤਾ ਗਿਆ ਸੀ, ਇਸੇ ਕੁਲੀਨ ਵਰਗ ਦੇ ਮੈਂਬਰਾਂ ਵੱਲੋਂ ਸਰਕਾਰ ਦੀ ਇਸ ਕਾਰਵਾਈ ਦੇ ਪੱਖ 'ਚ ਬਹੁਤ ਸਾਰੇ ਮਤੇ ਪਾਸ ਕੀਤੇ ਗਏ ਸਨ। ਉਨ੍ਹਾਂ 'ਚੋਂ ਇੱਕ ਨਿਮਨਲਿਖਤ ਅਨੁਸਾਰ ਹੈ[1]:

"ਅੰਮ੍ਰਿਤਸਰ ਦੇ ਸਾਰੇ ਵਰਗਾਂ ਦੇ ਸਿੱਖ ਸਰਬਸੰਮਤੀ ਨਾਲ ਆਪ ਦੀ ਖ਼ਿਦਮਤ 'ਚ ਇਹ ਬੇਨਤੀ ਕਰਦੇ ਹਨ ਕਿ ਸਾਡਾ ਕੂਕਿਆਂ ਨਾਲ ਕੋਈ ਸਬੰਧ ਨਹੀਂ ਹੈ ਤੇ ਨਾ ਹੀ ਕੋਈ ਹਮਦਰਦੀ ਹੈ। ਅਸੀਂ ਖ਼ੁਸ਼ ਹਾਂ ਕਿ ਸਰਕਾਰ ਨੇ ਇਸ ਭੈੜੇ ਤੇ ਗੁੰਮਰਾਹਕੁੰਨ ਸੰਪਰਦਾਇ ਲਈ ਬਹੁਤ ਹੀ ਵਾਜਬ ਤੇ ਸ਼ਾਨਦਾਰ ਕਦਮ ਚੁੱਕੇ ਹਨ। ਉਹ ਆਪਣੇ ਦੁਰਾਚਾਰ ਤੇ ਭੈੜੀਆਂ ਚਾਲਾਂ ਕਰਕੇ ਸਾਡੇ ਕੱਟੜ ਦੁਸ਼ਮਣ ਹਨ, ਉਨ੍ਹਾਂ ਨੇ ਸਰਕਾਰ ਦੀਆਂ ਨਜ਼ਰਾਂ 'ਚ ਸਾਡੇ ਮਾਣ ਨੂੰ ਠੇਸ ਪਹੁੰਚਾਈ ਹੈ। ਅਸੀਂ ਇਨ੍ਹਾਂ ਸਾਰੇ ਕਦਮਾਂ ਲਈ ਸਰਕਾਰ ਦੇ ਧੰਨਵਾਦੀ ਹਾਂ, ਜੋ ਵੀ ਹੁਣ ਚੁੱਕੇ ਗਏ ਹਨ ਤੇ ਇੰਝ ਸਾਡੀ ਦਿਲੀ ਇੱਛਾ ਪੂਰੀ ਹੋ ਗਈ ਹੈ।" ਮਿਤੀ 22 ਮਾਰਚ, 1872.

ਇਸ 'ਤੇ ਹੋਰਨਾਂ ਤੋਂ ਇਲਾਵਾ ਬਖ਼ਸ਼ੀਸ਼ ਸਿੰਘ ਤੇ ਠਾਕਰ ਸਿੰਘ ਸੰਧਾਵਾਲੀਆ, ਭਗਵਾਨ ਸਿੰਘ ਤੇ ਦਿਆਲ ਸਿੰਘ ਮਜੀਠੀਆ, ਜ਼ਫ਼ਰਵਾਲ ਦੇ ਜਵਾਹਰ ਸਿੰਘ, ਮੰਗਲ ਸਿੰਘ ਰਾਮਗੜ੍ਹੀਆ, ਗੁਲਾਬ ਸਿੰਘ ਭਾਗੋਵਾਲੀਆ ਤੇ ਅਟਾਰੀ ਦੇ ਅਜੀਤ ਸਿੰਘ ਦੇ ਦਸਤਖ਼ਤ ਸਨ – ਇਹ ਸਭ ਉੱਪਰਲੇ ਕੁਲੀਨ ਵਰਗ ਨਾਲ ਸੰਬੰਧਿਤ ਸਨ। ਅਜਿਹੇ ਲੋਕਾਂ ਦੇ ਹਵਾਲੇ ਨਾਲ ਹੀ 1872 'ਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਲਿਖਿਆ ਸੀ[2]: "ਇਸ ਤੋਂ ਇਲਾਵਾ ਵਫ਼ਾਦਾਰ ਤੇ ਸੂਝਵਾਨ ਨਾਗਰਿਕਾਂ ਦਾ ਇਹ ਸਰਬਸੰਮਤ ਵਿਚਾਰ ਹੈ ਕਿ ਕੂਕਾ ਅੰਦੋਲਨ ਅਜਿਹਾ ਹੈ, ਜਿਸ ਪ੍ਰਤੀ ਸਰਕਾਰ ਕਦੇ ਉਦਾਸੀਨ ਨਹੀਂ ਰਹਿ ਸਕਦੀ।" ਕੂਕਿਆਂ ਵਿਰੁੱਧ ਸਰਕਾਰੀ ਕਾਰਵਾਈ ਪ੍ਰਤੀ ਉਨ੍ਹਾਂ ਦੇ ਪ੍ਰਤੀਕਰਮ ਦੀ ਵਿਆਖਿਆ ਉਸ ਨੇ ਬਹੁਤ ਭਾਵਪੂਰਤ ਢੰਗ ਨਾਲ ਕੁਝ ਇੰਝ ਕੀਤੀ ਹੈ[3]। "ਗੁਰੂ ਜੀ ਦੀਆਂ ਗਤੀਵਿਧੀਆਂ ਤੋਂ ਬਿਨਾਂ ਸ਼ੱਕ ਸਭ ਨੂੰ ਚਿੰਤਾ ਹੋ ਰਹੀ ਸੀ, ਇਸੇ ਲਈ ਸਮਾਜ ਦੇ ਹਰ ਵਰਗ ਦੇ ਕੁਲੀਨ ਵਰਗ ਨੇ ਨਾ ਸਿਰਫ਼ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸੂਬਿਆਂ

---

1. ਜਸਵੰਤ ਸਿੰਘ, ਉੱਪਰ ਵਰਣਿਤ, ਪੰਨਾ 133 'ਤੇ ਉਧ੍ਰਿਤ (22 ਦਸੰਬਰ, 1872) ਉਸੇ ਦਿਨ ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਨਿਮਨਲਿਖਤ ਤਾਰ ਭੇਜੀ ਸੀ "ਅੱਜ ਅੰਮ੍ਰਿਤਸਰ 'ਚ ਦਰਬਾਰ ਸਜਿਆ, ਜੋ ਹਿਜ਼ ਰਾਇਲ ਹਾਈਨੈੱਸ ਪ੍ਰਿੰਸ ਆੱਫ਼ ਵੇਲਜ਼ ਦੀ ਰੀਕਵਰੀ ਨੂੰ ਸਮਰਪਿਤ ਸੀ, ਸਿੱਖਾਂ ਦੇ ਸਾਰੇ ਮੁਖੀਆਂ ਨੇ ਸੁਭਾਵਕ ਤੌਰ 'ਤੇ ਸੰਬੋਧਨ ਕਰਦਿਆਂ ਕੂਕਿਆਂ ਤੇ ਉਨ੍ਹਾਂ ਦੇ ਸਿਧਾਂਤਾਂ ਦਾ ਵਿਰੋਧ ਕੀਤਾ ਤੇ ਸਰਕਾਰ ਵੱਲੋਂ ਉਨ੍ਹਾਂ ਦੇ ਦਮਨ ਲਈ ਚੁੱਕੇ ਕਦਮਾਂ ਨੂੰ ਤਹਿ-ਦਿਲੋਂ ਪ੍ਰਵਾਨ ਕੀਤਾ।" ਹੋਮ (ਜੁਡੀਸ਼ੀਅਲ-ਏ), ਪ੍ਰੋਗਸ. ਮਾਰਚ 1872, ਨੰ. 235
2. ਹੋਮ ਜੁਡੀਸ਼ੀਅਲ (ਏ), ਜੂਨ 1872, ਪ੍ਰੋਗਸ. 107-111
3. -ਉਹੀ-

ਨੂੰ ਪੰਜਾਬ ਤੋਂ ਬਾਹਰ ਭੇਜਣ 'ਤੇ ਆਮ ਰਾਹਤ ਮਹਿਸੂਸ ਕੀਤੀ, ਸਗੋਂ ਉਹ ਕੋਟਲਾ 'ਚ ਵੱਡੇ ਪੱਧਰ 'ਤੇ ਦਿੱਤੀਆਂ ਦਹਿਸ਼ਤਜ਼ਦਾ ਮੌਤ ਦੀਆਂ ਸਜ਼ਾਵਾਂ ਦੇ ਵੀ ਹੱਕ 'ਚ ਹਨ। ਉਨ੍ਹਾਂ ਨੂੰ ਹੁਣ ਇੰਝ ਜਾਪ ਰਿਹਾ ਹੈ ਕਿ ਜਿਵੇਂ ਕੋਈ ਵਹਿਸ਼ੀ ਅਜਗਰ ਮਾਰਿਆ ਗਿਆ ਹੋਵੇ, ਸਭ ਨੂੰ ਰਾਹਤ ਮਿਲੀ ਹੈ, ਜੇ ਇਹ ਸਭ ਜਾਰੀ ਰਹਿਣ ਦਿੱਤਾ ਜਾਂਦਾ, ਤਾਂ ਇਸ ਨਾਲ ਦੇਸ਼ ਵਿੱਚ ਹੋਰ ਵੀ ਵੱਡੇ ਪੱਧਰ 'ਤੇ ਖ਼ੂਨ-ਖ਼ਰਾਬਾ ਹੋ ਸਕਦਾ ਸੀ।''

ਕੂਕਾ ਅੰਦੋਲਨ ਨੂੰ ਸ਼ੁਰੂ ਕਰਨ ਦਾ ਪ੍ਰਮੁੱਖ ਉਦੇਸ਼ ਸਿਆਸੀ ਸੀ, ਭਾਵੇਂ ਜ਼ਿਆਦਾ ਵਜ਼ਨ ਧਾਰਮਿਕ ਤੇ ਸਮਾਜਿਕ ਪੁਨਰ-ਸੁਰਜੀਤੀ ਨੂੰ ਦਿੱਤਾ ਗਿਆ ਸੀ, ਜੋ ਚੁਣੇ ਗਏ ਸਿਆਸੀ ਨਿਸ਼ਾਨੇ ਦੀ ਪ੍ਰਾਪਤੀ ਲਈ ਬਹੁਤ ਜ਼ਰੂਰੀ ਸਮਝਿਆ ਗਿਆ ਸੀ। ਫਿਰ ਵੀ, ਇਸ ਅੰਦੋਲਨ ਦੀਆਂ ਸਿਆਸੀ ਪ੍ਰਤੀਬੱਧਤਾਵਾਂ ਇਸ ਦੇ ਆਰੰਭ ਤੋਂ ਬਾਅਦ ਕੁਝ ਸਮੇਂ ਲਈ ਬਹੁਤ ਸਪੱਸ਼ਟ ਨਹੀਂ ਸਨ। ਇਸ ਨਾਲ ਕੁਝ ਲੋਕ ਗੁੰਮਰਾਹ ਹੋ ਕੇ ਆਰੰਭ 'ਚ ਇਹੋ ਸਮਝਣ ਲੱਗੇ ਕਿ ਇਹ ਕੋਈ ਸਿਆਸੀ ਲਹਿਰ ਨਹੀਂ ਹੈ। ਅਜਿਹੇ ਵਿਚਾਰ ਨੂੰ ਉਸ ਵੇਲੇ ਦੇ ਹਾਲਾਤ ਦੇ ਤੱਥ ਨਕਾਰਦੇ ਹਨ। ਇਸ ਦੀ ਸ਼ੁਰੂਆਤ ਦੇ ਕੁਝ ਹੀ ਸਾਲਾਂ ਬਾਅਦ ਗੜਬੜੀ ਹੋ ਗਈ ਸੀ - ਅਤੇ ਇਹ ਪੂਰੀ ਤਰ੍ਹਾਂ ਗ਼ੈਰ-ਵਾਜਬ ਨਹੀਂ ਹੋ ਸਕਦਾ ਸੀ ਭਾਵੇਂ ਕਿ ਇਸ ਬਾਰੇ ਕਾਫ਼ੀ ਕੁਝ ਵਧਾ-ਚੜ੍ਹਾ ਕੇ ਕਿਹਾ ਗਿਆ ਹੋਵੇ - ਉਸੇ ਕਰਕੇ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਗਤੀਵਿਧੀਆਂ 'ਤੇ ਸਖ਼ਤ ਪਾਬੰਦੀਆਂ ਲਾਈਆਂ ਗਈਆਂ ਸਨ। ਇਨ੍ਹਾਂ ਪਾਬੰਦੀਆਂ ਨਾਲ ਇਸ ਅੰਦੋਲਨ ਵਿੱਚ ਇੱਕ ਨਵਾਂ ਜੋਸ਼ ਭਰਿਆ। ਸਾਲ 1872 ਤੱਕ ਸਰਕਾਰ ਤੇ ਇਸ ਦੇ ਹਮਾਇਤੀਆਂ ਦੇ ਮਨਾਂ 'ਚ ਕੂਕਾ ਬਗ਼ਾਵਤ ਦੇ ਸਿਆਸੀ ਚਰਿੱਤਰ ਪ੍ਰਤੀ ਬਿਲਕੁਲ ਵੀ ਅਜਿਹਾ ਕੋਈ ਸ਼ੱਕ ਨਹੀਂ ਸੀ ਰਿਹਾ। ਭਾਰਤ ਸਰਕਾਰ ਨੂੰ ਲਿਖੀ ਪੰਜਾਬ ਸਰਕਾਰ ਦੀ ਚਿੱਠੀ ਵਿੱਚ ਲਿਖਿਆ ਸੀ[1]: ''ਲੈਫਟੀਨੈਂਟ ਗਵਰਨਰ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਕੋਲ ਪੇਸ਼ ਕੀਤੇ ਗਏ ਦਸਤਾਵੇਜ਼ ਦਰਸਾਉਂਦੇ ਹਨ ਕਿ ਕੂਕਾ ਸਿਧਾਂਤ ਦਾ ਮੂਲ ਰੁਝਾਨ ਭਾਵੇਂ ਕੁਝ ਵੀ ਰਿਹਾ ਹੋਵੇ ਪਰ ਹੁਣ ਉਹ ਸਿਆਸੀ ਚਰਿੱਤਰ ਅਖ਼ਤਿਆਰ ਕਰ ਚੁੱਕਾ ਹੈ, ਇਸ ਦੇ ਲੀਡਰਾਂ ਦੀਆਂ ਯੋਜਨਾਵਾਂ, ਜੋ ਉਨ੍ਹਾਂ ਦੇ ਪੈਰੋਕਾਰ ਸਮਝਦੇ ਹਨ, ਸਿਰਫ਼ ਪੰਜਾਬ ਵਿੱਚ ਸਿੱਖ ਤਾਕਤ ਦੀ ਬਹਾਲੀ ਦੀ ਕੋਸ਼ਿਸ਼ ਵੱਲ ਹੀ ਸੇਧਤ ਹਨ।''

1872 'ਚ ਮਾਲੇਰ ਕੋਟਲਾ 'ਤੇ ਹਮਲੇ ਨੂੰ ਕੁਝ ਕੱਟੜਪੰਥੀਆਂ ਵੱਲੋਂ ਪਾਗਲਪਣ 'ਚ ਕੀਤੀ ਗਈ ਕਾਰਵਾਈ ਕਰਾਰ ਦਿੱਤਾ ਗਿਆ ਸੀ, ਜੋ ਵੱਡੇ ਪੱਧਰ ਦੀ ਬਗ਼ਾਵਤ 'ਚ ਤਬਦੀਲ ਹੋ ਸਕਦੀ ਸੀ। ਭਾਰਤ ਸਰਕਾਰ ਨੂੰ 26 ਫ਼ਰਵਰੀ 1872 ਨੂੰ ਭੇਜੀ ਆਪਣੀ ਕਾਰਵਾਈ 'ਚ ਲੈਫ਼ਟੀਨੈਂਟ ਗਵਰਨਰ ਨੇ ਬਹੁਤ ਸਪੱਸ਼ਟ ਲਿਖਿਆ ਸੀ[2]: ''ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ (ਇਹ ਜ਼ਿਕਰ ਉਸ ਦੀ 7 ਫ਼ਰਵਰੀ ਵਾਲੀ ਚਿੱਠੀ ਦਾ ਹੈ) ਮੈਂ ਲੁਧਿਆਣਾ ਆ ਗਿਆ ਹਾਂ ਤੇ ਮੈਨੂੰ ਲੋਕਾਂ ਦੇ ਸਾਰੇ ਵਰਗਾਂ, ਖ਼ਾਸ ਤੌਰ 'ਤੇ ਸਿੱਖਾਂ ਤੇ ਮੁਸਲਮਾਨਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ

1. ਹੋਮ ਜੁਡੀਸ਼ੀਅਲ (ਏ), ਜੂਨ 1872, ਪ੍ਰੋਗਸ. 107-111
2. -ਉਹੀ-

ਜਾਣਨ ਦਾ ਮੌਕਾ ਮਿਲਿਆ ਹੈ; ਮੈਨੂੰ ਕੂਕਿਆਂ ਦੇ ਮੌਜੂਦਾ ਵਤੀਰੇ ਬਾਰੇ ਪੁਲਿਸ ਵਿਭਾਗ ਤੋਂ ਵੀ ਕਈ ਚਿੱਠੀਆਂ ਮਿਲੀਆਂ ਹਨ। ਇਸ ਜਾਣਕਾਰੀ ਦੇ ਰੁਝਾਨ ਬਾਰੇ ਹੋਰ ਅੱਗੇ ਵਧ ਕੇ ਪਤਾ ਕੀਤਾ ਗਿਆ ਹੈ ਕਿ ਤਾਂ ਜੋ ਇਸ ਵਿਚਾਰ ਨੂੰ ਹੋਰ ਮਜ਼ਬੂਤੀ ਮਿਲ ਸਕੇ, ਜੋ ਮੈਂ ਪਹਿਲਾਂ ਇਸ ਸਾਜ਼ਿਸ਼ ਦੇ ਖ਼ਤਰਨਾਕ ਚਰਿੱਤਰ ਬਾਰੇ ਪ੍ਰਗਟਾਇਆ ਸੀ। ਮੈਨੂੰ ਸ੍ਰੀ ਕਾਵਨ ਦੇ ਉਸ ਵਿਚਾਰ ਦੀ ਦਰੁਸਤਗੀ ਵਿੱਚ ਸ਼ੱਕ ਦਾ ਕੋਈ ਕਾਰਣ ਨਹੀਂ ਦਿਸਦਾ, ਜਿਸ ਵਿੱਚ ਉਸ ਨੇ ਕਿਹਾ ਸੀ ਕਿ "ਇੱਕ ਗੰਭੀਰ ਕਿਸਮ ਦੀ ਬਗ਼ਾਵਤ ਦੀ ਮਨਸ਼ਾ ਸੀ" ਅਤੇ ਮੈਨੂੰ ਇਹ ਆਖਣ 'ਚ ਵੀ ਕੋਈ ਝਿਜਕ ਨਹੀਂ ਹੈ ਕਿ ਕੂਕਿਆਂ ਵੱਲੋਂ ਬਗ਼ਾਵਤ ਕੀਤੇ ਜਾਣ ਦੇ ਠੋਸ ਆਧਾਰ ਮਜ਼ਬੂਤ ਹਨ।"

ਕਦੀ-ਕਦਾਈਂ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਵਿਚਾਲੇ ਇੱਕ ਲਕੀਰ ਖਿੱਚ ਕੇ ਇਹ ਕਿਹਾ ਜਾਂਦਾ ਹੈ ਕਿ ਕੂਕਾ ਅੰਦੋਲਨ ਦੇ ਸਿਆਸੀ ਅੰਦੋਲਨ ਲਈ ਸਿਰਫ਼ ਸੂਬੇ ਹੀ ਜ਼ਿੰਮੇਵਾਰ ਸਨ ਤੇ ਬਾਬਾ ਰਾਮ ਸਿੰਘ ਜੀ ਦਾ ਉਸ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਕਿਉਂਕਿ ਉਨ੍ਹਾਂ ਦੀ ਦਿਲਚਸਪੀ ਧਾਰਮਿਕ ਤੇ ਸਮਾਜਿਕ ਸੁਧਾਰਾਂ 'ਚ ਸੀ। ਬੇਸ਼ੱਕ, ਇਹ ਵਿਚਾਰ ਮੁੱਢਲੇ ਸਮੇਂ ਦੌਰਾਨ ਕੁਝ ਚਿਰ ਲਈ ਪ੍ਰਚੱਲਿਤ ਰਿਹਾ ਸੀ। ਇੰਸਪੈਕਟਰ ਫ਼ਜ਼ਲ ਹੁਸੈਨ ਨੇ 1866 'ਚ ਲਿਖਿਆ ਸੀ[1]: "ਬਾਬਾ ਰਾਮ ਸਿੰਘ ਜੀ ਨਾਲ ਨਿੱਜੀ ਗੱਲਬਾਤ ਤੋਂ ਬਾਅਦ ਮੇਰਾ ਵਿਚਾਰ ਬਣਿਆ ਹੈ ਕਿ ਉਹ ਕਿਸੇ ਵੀ ਤਰ੍ਹਾਂ ਬ੍ਰਿਟਿਸ਼ ਸਰਕਾਰ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੇ। ਪਰ ਉਨ੍ਹਾਂ ਦੇ ਕੁਝ ਸੂਬੇ (ਲੈਫ਼ਟੀਨੈਂਟ) ਮਾੜੇ ਵਿਅਕਤੀ ਹਨ, ਜੋ ਉਨ੍ਹਾਂ ਦੀ ਸਾਖ਼ ਖ਼ਰਾਬ ਕਰਦੇ ਹਨ।" ਇਹੋ ਵਿਚਾਰ ਕੁਝ ਹੋਰ ਲੋਕਾਂ ਨੇ ਵੀ ਪ੍ਰਗਟਾਇਆ ਸੀ। ਪਰ ਬਾਅਦ 'ਚ ਇਹ ਵਿਚਾਰ ਪੂਰੀ ਤਰ੍ਹਾਂ ਤਿਆਗ ਦਿੱਤਾ ਗਿਆ ਸੀ।ਸਾਲ 1871 ਤੇ ਉਸ ਤੋਂ ਬਾਅਦ ਦੇ ਸਾਰੇ ਸਰਕਾਰੀ ਦਸਤਾਵੇਜ਼ਾਂ ਵਿੱਚ ਕਿਤੇ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਵਿਚਾਲੇ ਕੋਈ ਭਿੰਨਤਾ ਸੀ। ਇਸ ਦੇ ਉਲਟ ਕੂਕਾ ਅੰਦੋਲਨ ਨੂੰ ਇੱਕ ਸਮੁੱਚੇ ਰੂਪ ਵਿੱਚ ਲਿਆ ਗਿਆ ਸੀ, ਜਿਸ ਦੀ ਅਗਵਾਈ ਬਾਬਾ ਰਾਮ ਸਿੰਘ ਜੀ ਕੋਲ ਸੀ ਤੇ ਜੋ ਉਨ੍ਹਾਂ ਤੇ ਉਨ੍ਹਾਂ ਦੇ ਸੂਬਿਆਂ ਦੀਆਂ ਹਦਾਇਤਾਂ ਤੇ ਕੰਟਰੋਲ ਅਨੁਸਾਰ ਚੱਲਦਾ ਸੀ। ਪੰਜਾਬ ਸਰਕਾਰ ਨੇ 7 ਫ਼ਰਵਰੀ, 1872 ਨੂੰ ਭਾਰਤ ਸਰਕਾਰ ਨੂੰ ਲਿਖਿਆ ਸੀ[2]: "ਹਾਲੀਆ ਬਗ਼ਾਵਤ 'ਚ ਬਾਬਾ ਰਾਮ ਸਿੰਘ ਜੀ ਦੇ ਪੈਰੋਕਾਰਾਂ ਵੱਲੋਂ ਕੀਤੀ ਗਈ ਕਾਰਵਾਈ 'ਚੋਂ ਬਾਬਾ ਜੀ ਨੂੰ ਪਰ੍ਹਾਂ ਰੱਖਣਾ ਨਾਮੁਮਕਿਨ ਹੈ। ਇਸ ਗੱਲ 'ਤੇ ਵਾਰ-ਵਾਰ ਜ਼ੋਰ ਦਿੱਤਾ ਜਾ ਚੁੱਕਾ ਹੈ ਕਿ ਇਨ੍ਹਾਂ ਪੈਰੋਕਾਰਾਂ ਦਾ ਆਪਣੇ ਰਹਿਨੁਮਾ 'ਚ ਅਥਾਹ ਵਿਸ਼ਵਾਸ ਹੈ ਅਤੇ ਜੇ ਕਿਤੇ ਬਾਬਾ ਜੀ ਨੇ ਉਨ੍ਹਾਂ ਦੀ ਇਸ ਕਾਰਵਾਈ ਨੂੰ ਪਹਿਲਾਂ ਨਾਮਨਜ਼ੂਰ ਕੀਤਾ ਹੁੰਦਾ, ਤਾਂ ਉਨ੍ਹਾਂ ਕਦੇ ਵੀ ਇਹ ਕਦਮ ਨਹੀਂ ਚੁੱਕਣਾ ਸੀ। ਬਾਬਾ ਜੀ ਦੇ ਉਦੇਸ਼ਮੁਖੀ ਸੂਬਿਆਂ ਦੇ ਹੱਥਾਂ 'ਚ ਕੋਈ ਇੰਨੇ ਵੀ

1. ਹੋਮ ਜੁਡੀਸ਼ੀਅਲ, ਅਗਸਤ 1872, ਪ੍ਰੋਗਸ. 273-284 – ਅੰਤਿਕਾ 1, ਪੰਨਾ 2461, ਵਿਦੇਸ਼ ਵਿਭਾਗ (ਸਿਆਸੀ-ਏ), ਫ਼ਰਵਰੀ 1868, ਕੌਂਸ 202-203
2. ਹੋਮ ਜੁਡੀਸ਼ੀਅਲ, ਜੂਨ 1872, ਪ੍ਰੋਗਸ. 112-132.

ਸੁਵਿਧਾਜਨਕ ਔਜ਼ਾਰ ਨਹੀਂ ਬਣੇ ਹੋਏ ਸਨ, ਇਹ ਗੱਲ ਸਪੱਸ਼ਟ ਤੌਰ ਉੱਤੇ ਸ੍ਰੀ ਮੈਕਨਬ ਨੇ ਕੂਕਾ ਅੰਦੋਲਨ ਦੀ ਪ੍ਰਗਤੀ ਬਾਰੇ ਕੁਝ ਇੰਝ ਬਿਆਨ ਕੀਤੀ ਹੈ ਕਿਉਂਕਿ ਉਨ੍ਹਾਂ ਦੀ ਇਸ ਮਾਮਲੇ 'ਚ ਨਿਰੰਤਰ ਦਿਲਚਸਪੀ ਰਹੀ ਹੈ[1]: ਜਿਸ ਕਿਸੇ ਵਿਅਕਤੀ ਨੇ ਵੀ ਬਾਬਾ ਰਾਮ ਸਿੰਘ ਜੀ ਨਾਲ ਕਦੇ ਗੱਲਬਾਤ ਕੀਤੀ ਹੈ, ਉਹ ਇਹ ਗੱਲ ਜ਼ਰੂਰ ਨੋਟ ਕਰੇਗਾ ਕਿ ਉਹ ਬਹੁਤ ਸੂਝਵਾਨ, ਦ੍ਰਿੜ੍ਹ ਇਰਾਦੇ ਤੇ ਫ਼ੈਸਲਾਕੁੰਨ ਚਰਿੱਤਰ ਵਾਲੇ ਹਨ ਤੇ ਉਨ੍ਹਾਂ ਦਾ ਆਤਮ-ਸੰਜਮ ਕਮਾਲ ਦਾ ਹੈ; ਇਹ ਸਭ ਕਿਸੇ ਅਜਿਹੀ ਸ਼ਖ਼ਸੀਅਤ 'ਚ ਨਹੀਂ ਹੋ ਸਕਦਾ, ਜੋ ਸਿਰਫ਼ ਇੱਕ ਧਾਰਮਿਕ ਉਤਸ਼ਾਹੀ ਹੋਵੇ ਤੇ ਅਜਿਹਾ ਵਿਅਕਤੀ ਇੱਕ ਕਠਪੁਤਲੀ ਵੀ ਨਹੀਂ ਹੋ ਸਕਦਾ।''

ਕੂਕਾ ਅੰਦੋਲਨ ਆਪਣੇ ਸਿਆਸੀ ਉਦੇਸ਼ ਦੀ ਪ੍ਰਾਪਤੀ 'ਚ ਸਫ਼ਲ ਨਹੀਂ ਹੋਇਆ। ਪਰ ਇਸ 'ਚ ਕੋਈ ਹੈਰਾਨੀ ਪ੍ਰਗਟਾਉਣ ਦੀ ਜ਼ਰੂਰਤ ਨਹੀਂ ਹੈ ਕਿਉਕਿ ਕੂਕਿਆਂ ਨੂੰ ਬਹੁਤ ਜ਼ਿਆਦਾ ਪਾਬੰਦੀਆਂ ਤੇ ਸੀਮਾਵਾਂ 'ਚ ਰਹਿ ਕੇ ਆਪਣੇ ਕੰਮ ਕਰਨੇ ਪਏ ਸਨ। ਉਨ੍ਹਾਂ ਦੇ ਭੌਤਿਕ ਵਸੀਲੇ ਬਹੁਤ ਹੀ ਸੀਮਤ ਸਨ। ਉਨ੍ਹਾਂ ਕੋਲ ਤਾਂ ਸਾਧਾਰਨ ਕਿਰਪਾਨਾਂ ਦੀ ਸਪਲਾਈ ਵੀ ਪੂਰੀ ਨਹੀਂ ਸੀ, ਉਨ੍ਹਾਂ ਕੋਲ ਕਿਥੋ ਹੋਣਾ ਸੀ ਅਸਲਾ ਤੇ ਉਨ੍ਹਾਂ ਦਾ ਮੁਕਾਬਲਾ ਇੱਕ ਬੇਹੱਦ ਤਾਕਤਵਰ ਸਰਕਾਰ ਨਾਲ ਸੀ, ਜਿਸ ਕੋਲ ਅਥਾਹ ਵਸੀਲੇ ਸਨ। ਉਹ ਮੁੱਖ ਤੌਰ 'ਤੇ ਆਪਣੀ ਮੁਹਿੰਮ ਨੂੰ ਧਾਰਮਿਕ ਰੰਗਤ ਦੇ ਕੇ ਲੋਕਾਂ ਦੀਆਂ ਦੇਸ਼-ਭਗਤੀ ਦੀਆਂ ਭਾਵਨਾਵਾਂ ਜਗਾਉਣ 'ਤੇ ਨਿਰਭਰ ਸਨ ਪਰ ਇੰਝ ਉਹ ਬਹੁਤੀ ਦੂਰ ਨਾ ਜਾ ਸਕੇ ਕਿਉਂਕਿ ਦੇਸ਼ 'ਚ ਸਿਆਸੀ ਚੇਤੰਨਤਾ ਦਾ ਆਮ ਪੱਧਰ ਬਹੁਤ ਨੀਵਾਂ ਸੀ। ਫਿਰ ਸਰਕਾਰ ਦੀ ਉਨ੍ਹਾਂ 'ਤੇ ਪੂਰੀ ਚੌਕਸ ਨਜ਼ਰ ਸੀ, ਜਿਸ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਸੀ। ਇਹ 1857 ਦੇ ਗ਼ਦਰ ਦੇ ਤੁਰੰਤ ਬਾਅਦ ਦਾ ਕਾਲ ਸੀ, ਜਦੋਂ ਸਰਕਾਰ ਹਰ ਤਰ੍ਹਾਂ ਦਾ ਰਾਜ-ਧਰੋਹ ਬਹੁਤ ਸਖ਼ਤੀ ਨਾਲ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਸੀ। 1872 'ਚ ਜਿਸ ਤਰ੍ਹਾਂ ਦੀ ਡਾਢੀ ਸਖ਼ਤੀ ਵਰਤੀ ਗਈ ਸੀ, ਉਸ ਤੋਂ ਹੀ ਸਰਕਾਰ ਦੇ ਗੰਭੀਰ ਕਿਸਮ ਦੇ ਇਰਾਦੇ ਦਾ ਅਨੁਮਾਨ ਲੱਗ ਜਾਂਦਾ ਹੈ। ਇਸ ਤੋਂ ਬਾਅਦ, ਕੂਕਿਆਂ 'ਚ ਉਹ ਪੁਰਾਣਾ ਉਤਸ਼ਾਹ ਕਦੇ ਵਾਪਸ ਨਾ ਆ ਸਕਿਆ।

ਫਿਰ ਵੀ ਇਹ ਅੰਦੋਲਨ ਪੂਰੀ ਤਰ੍ਹਾਂ ਨਾਕਾਮ ਨਹੀਂ ਹੋਇਆ ਸੀ। 1872 ਤੋਂ ਬਾਅਦ ਕੂਕਾ ਆਗੂਆਂ ਨੇ ਆਪਣੇ ਦਾਅ ਪੇਚ ਬਦਲ ਲਏ ਸਨ ਤੇ ਉਨ੍ਹਾਂ ਖ਼ੁਦ ਨੂੰ ਪੂਰੀ ਤਰ੍ਹਾਂ ਇੰਗਲੈਂਡ ਵਿਰੁੱਧ ਭਾਰਤ ਦੀ ਮਦਦ ਲਈ ਰੂਸੀਆਂ ਨੂੰ ਆਉਣ ਵਾਸਤੇ ਤਿਆਰ ਕਰਨ ਵੱਲ ਸਮਰਪਿਤ ਕਰ ਲਿਆ ਸੀ। ਇੱਥੇ ਵੀ ਉਨ੍ਹਾਂ ਨੂੰ ਸਫ਼ਲਤਾ ਹੱਥ ਨਾ ਲੱਗੀ ਕਿਉਂਕਿ ਰੂਸ ਵਰਗਾ ਦੇਸ਼ ਕੂਕਿਆਂ ਨੂੰ ਖ਼ੁਸ਼ ਕਰਨ ਲਈ ਆਪਣੇ ਰਾਹ ਤੋਂ ਲਾਂਭੇ ਹੋ ਜਾਂਦਾ। ਪਰ ਇਸ ਤੋਂ ਉਹ ਨਿਰਾਸ਼ ਨਹੀਂ ਹੋਏ, ਸਗੋਂ ਆਪਣੇ ਯਤਨ ਲਗਾਤਾਰ ਪਹਿਲਾਂ ਵਾਂਗ ਹੀ ਆਪਣੇ ਰਾਸ਼ਟਰੀ ਮਿਸ਼ਨ ਲਈ ਜਾਰੀ ਰੱਖੇ। ਇਸ ਵਿੱਚ ਉਨ੍ਹਾਂ ਨੂੰ ਮਹਾਨ ਸਫ਼ਲਤਾ ਮਿਲੀ ਕਿਉਂਕਿ ਉਨ੍ਹਾਂ ਬਿਨਾਂ ਰੁਕੇ ਤੇ ਬਿਨਾਂ ਝੁਕੇ ਸਰਕਾਰ ਦਾ ਵਿਰੋਧ ਜਾਰੀ ਰੱਖਿਆ ਤੇ ਇੰਝ ਦੇਸ਼-ਭਗਤੀ ਦੀ ਇੱਕ ਸ਼ਾਨਦਾਰ ਰਵਾਇਤ ਕਾਇਮ ਕੀਤੀ,

1. -ਉਹੀ-

ਜਿਸ ਦਾ ਸਾਡੇ ਅਜ਼ਾਦੀ ਸੰਘਰਸ਼ ਵਿੱਚ ਸਨਮਾਨਜਨਕ ਤਰੀਕੇ ਨਾਲ ਵਰਣਨ ਹੁੰਦਾ ਰਹੇਗਾ। ਆਪਣੀ ਇਸ ਰਵਾਇਤ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੂੰ ਅਥਾਹ ਤਸੀਹੇ ਝੱਲਣੇ ਪਏ, ਜੇ ਕਿਤੇ ਘੱਟ-ਦ੍ਰਿੜ੍ਹ ਲੋਕ ਹੁੰਦੇ, ਤਾਂ ਉਨ੍ਹਾਂ ਨੇ ਆਪਣੇ ਹੌਸਲੇ ਢਾਹ ਲੈਣੇ ਸਨ। ਅਜਿਹੀਆਂ ਔਕੜਾਂ ਦੇ ਬਾਵਜੂਦ ਇੱਕ ਵਾਰ ਬਾਲ਼ੀ ਗਈ ਮਸ਼ਾਲ ਬਾਬਾ ਹਰੀ ਸਿੰਘ (ਬਾਬਾ ਬੁੱਧ ਸਿੰਘ) ਜੀ ਅਤੇ ਉਨ੍ਹਾਂ ਦੇ ਵਿਲੱਖਣ ਫ਼ਰਜ਼ੰਦਾਂ ਮਹਾਰਾਜ ਪ੍ਰਤਾਪ ਸਿੰਘ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਨੇ ਸਦਾ ਬਲ਼ਦੀ ਰੱਖੀ। ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਨੇ ਖ਼ੁਦ ਨੂੰ ਪੂਰੀ ਤਰ੍ਹਾਂ ਕਾਂਗਰਸ ਦੇ ਅੰਦੋਲਨ ਵਿੱਚ ਸਮਰਪਿਤ ਕਰ ਦਿੱਤਾ। ਮਹਾਰਾਜਾ ਨਿਹਾਲ ਸਿੰਘ[1] ਦੀ ਸਮਰਪਣ ਦੀ ਭਾਵਨਾ ਨੂੰ ਵੇਖਦਿਆਂ ਹੀ ਉਨ੍ਹਾਂ ਨੂੰ 1930 'ਚ ਪੰਜਾਬ ਖੇਤਰ ਲਈ ਸਿਵਲ ਨਾਫ਼ਰਮਾਨੀ ਲਹਿਰ ਦਾ ਡਿਕਟੇਟਰ ਨਿਯੁਕਤ ਕੀਤਾ ਗਿਆ ਸੀ। ਹੌਲੀ-ਹੌਲੀ ਦੇਸ਼ 'ਚ ਹੋਰ ਸਿਆਸੀ ਤਾਕਤਾਂ ਉੱਠ ਖਲੋਈਆਂ, ਜਿਨ੍ਹਾਂ ਨੇ ਕੂਕਿਆ ਤੋਂ ਪ੍ਰੇਰਨਾ ਹਾਸਲ ਕੀਤੀ। ਉਨ੍ਹਾਂ 'ਚੋਂ ਸਭ ਤੋਂ ਵੱਧ ਵਰਨਣਯੋਗ 20ਵੀਂ ਸਦੀ ਦੇ ਅਰੰਭਲਿਆਂ ਦੀ ਗ਼ਦਰ ਲਹਿਰ ਸੀ। ਗ਼ਦਰ ਲਹਿਰ ਦੇ ਮੋਢੀ ਤੇ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਰਾਸ਼ਟਰਵਾਦ ਦੀ ਜਾਗ ਇੱਕ ਕੂਕਾ ਆਗੂ ਬਾਬਾ ਕੇਸਰ ਸਿੰਘ ਜੀ ਤੋਂ ਲੱਗੀ ਸੀ, ਜੋ ਪਿੰਡ ਮੁਹਾਵਾ ਦੇ ਜੰਮਪਲ਼ ਸਨ। ਉਹ ਆਪਣੀ ਸਵੈ-ਜੀਵਨੀ 'ਚ ਲਿਖਦੇ ਹਨ[2]: ''ਬ੍ਰਿਟਿਸ਼ ਅਦਾਲਤਾਂ, ਸੇਵਾਵਾਂ, ਡਾਕ ਵਿਵਸਥਾਵਾਂ, ਇੱਥੋਂ ਤੱਕ ਕਿ ਰੇਲਵੇਜ਼ ਦਾ ਮੁਕੰਮਲ ਬਾਈਕਾਟ ਜੋ ਮੈਂ ਨਾਮਧਾਰੀਆਂ 'ਚ ਨੋਟ ਕੀਤਾ ਸੀ, ਉਸ ਦੇ ਮੁਕਾਬਲੇ ਕਾਂਗਰਸ ਦੀ ਨਾਫ਼ਰਮਾਨੀ ਲਹਿਰ ਕਿਤੇ ਨਹੀਂ ਖੜ੍ਹਦੀ। ਮੈਂ 1896 ਤੋਂ ਲੈ ਕੇ 1906 ਤੱਕ ਬਾਬਾ ਜੀ (ਕੇਸਰ ਸਿੰਘ) ਦੀ ਸੰਗਤ 'ਚ ਸਾਂ। ਸੱਚਾਈ ਇਹ ਹੈ ਕਿ ਜਿਹੜਾ ਜੀਵਨ ਮੈਂ ਅੱਜ ਬਤੀਤ ਕਰ ਰਿਹਾ ਹਾਂ, ਉਹ ਉਸੇ ਸ਼ਾਨਦਾਰ ਸੰਗਤ ਸਦਕਾ ਹੀ ਹੈ।''

ਸਿਆਸੀ ਖੇਤਰ ਵਾਂਗ ਸਮਾਜਿਕ ਤੇ ਧਾਰਮਿਕ ਖੇਤਰਾਂ 'ਚ ਵੀ ਕੂਕਾ ਅੰਦੋਲਨ ਨੇ ਇੱਕ ਪ੍ਰਗਤੀਸ਼ੀਲ ਤਾਕਤ ਵਜੋਂ ਨੁਮਾਇੰਦਗੀ ਕੀਤੀ ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਇਸ ਨੇ ਬਾਅਦ ਦੀ ਸਿੰਘ ਸਭਾ ਲਹਿਰ ਲਈ ਰਾਹ ਪੱਧਰਾ ਕੀਤਾ। ਇਹ ਆਖਣਾ ਇਤਿਹਾਸਕ ਗ਼ਲਤੀ ਹੋਵੇਗੀ ਕਿ ਸਿੱਖ ਸਮਾਜ 'ਚ ਚੁਪਾਸੇ ਹਨੇਰਾ ਸੀ, ਜਦੋਂ ਸਿੰਘ ਸਭਾ ਲਹਿਰ ਸ਼ੁਰੂ ਹੋਈ ਸੀ। ਅਸਲ 'ਚ ਇਹੋ ਆਖਣਾ ਨਿਆਂਪੂਰਨ ਹੈ ਕਿ ਸਿਰਫ਼ ਕੂਕਾ ਅੰਦੋਲਨ ਵੱਲੋਂ ਸ਼ੁਰੂ ਕੀਤਾ ਕਾਰਜ ਹੀ ਅੱਗੇ ਵਧਾਇਆ ਗਿਆ ਸੀ, ਜਿਸ ਨਾਲ ਪੱਛਮੀ ਪ੍ਰਭਾਵਾਂ ਦੀ ਰੌਸ਼ਨੀ 'ਚ ਸਿੱਖ ਸਿਧਾਂਤ ਨੂੰ ਇੱਕ ਨਵੀਂ ਵਿਆਖਿਆ ਮਿਲੀ।

---

1. ਕੌਮੀ ਅੰਦੋਲਨ 'ਚ ਉਨ੍ਹਾਂ ਦੀ ਦਿਲਚਸਪੀ ਤਦ ਤੱਕ ਬੇਰੋਕ ਜਾਰੀ ਰਹੀ, ਜਦੋਂ ਤੱਕ ਕਿ 1947 'ਚ ਦੇਸ਼ ਆਜ਼ਾਦ ਨਹੀਂ ਹੋ ਗਿਆ। ਹੁਣ ਉਨ੍ਹਾਂ ਦੀ ਉਮਰ 70 ਸਾਲ ਤੋਂ ਵੱਧ ਹੈ ਪਰ ਉਹ ਹਾਲੇ ਵੀ ਰਾਸ਼ਟਰੀ ਕਾਰਜਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ। (ਉਨ੍ਹਾਂ ਦਾ ਦਿਹਾਂਤ 7 ਮਾਰਚ, 1969 ਨੂੰ ਹੋ ਗਿਆ ਸੀ)
2. ਮੇਰੀ ਜੀਵਨ ਕਹਾਣੀ, ਸਤੰਬਰ 1963 'ਚ 'ਦੇਸ਼ ਭਗਤ' (ਇੱਕ ਮਾਸਿਕ) 'ਚ ਛਪੀ।

## ਅੰਤਿਕਾ 1

# ਮਹਾਰਾਜਾ ਦਲੀਪ ਸਿੰਘ

ਮਹਾਰਾਜਾ ਦਲੀਪ ਸਿੰਘ ਦੇ ਰੂਸ ਦੌਰੇ ਤੇ ਉੱਥੇ ਉਨ੍ਹਾਂ ਦੇ ਠਹਿਰਾਅ ਤੇ ਕੂਕਿਆਂ ਨਾਲ ਉਨ੍ਹਾਂ ਦੀ ਨੇੜਤਾ ਦੇ ਪਿਛੋਕੜ 'ਚ ਇੱਥੇ ਸੰਖੇਪ 'ਚ ਅੰਗਰੇਜ਼ਾਂ ਨਾਲ ਉਨ੍ਹਾਂ ਦੇ ਤੋੜ-ਵਿਛੋੜੇ ਬਾਰੇ ਬਿਆਨ ਕਰਨ ਦੀ ਵੱਡੀ ਕੀਮਤ ਹੋਵੇਗੀ।

ਪੰਜਾਬ 29 ਮਾਰਚ, 1849 ਨੂੰ ਆਪਣਾ ਸੁਤੰਤਰ ਪ੍ਰਭੂਸੱਤਾ ਸੰਪੰਨ ਰੁਤਬਾ ਗੁਆ ਬੈਠਾ ਸੀ ਕਿਉਂਕਿ ਤਦ ਬ੍ਰਿਟਿਸ਼ ਫ਼ੌਜਾਂ ਨੇ ਦੂਜੀ ਐਂਗਲੋ-ਸਿੱਖ ਜੰਗ ਵਿੱਚ ਸਿੱਖਾਂ ਨੂੰ ਹਰਾ ਦਿੱਤਾ ਸੀ। ਲਾਹੌਰ ਦੀ ਦੂਜੀ ਸੰਧੀ ਰਾਹੀਂ ਪੰਜਾਬ ਦਾ ਰਲ਼ੇਵਾਂ ਲਾਗੂ ਹੋਇਆ ਸੀ, ਉਸ ਵਿੱਚ ਇੰਝ ਲਿਖਿਆ ਸੀ:

1. ਮਹਾਮਹਿਮ ਮਹਾਰਾਜਾ ਦਲੀਪ ਸਿੰਘ ਖ਼ੁਦ, ਆਪਣੇ ਵਾਰਸਾਂ ਤੇ ਹੋਰ ਜਾਨਸ਼ੀਨਾਂ, ਖ਼ਿਤਾਬ ਤੇ ਪੰਜਾਬ ਦੀ ਪ੍ਰਭੂਸੱਤਾ ਅਤੇ ਹੋਰ ਵੀ ਕੋਈ ਆਜ਼ਾਦ ਸ਼ਕਤੀ ਲਈ, ਜੇ ਕੋਈ ਹੋਵੇ, 'ਤੇ ਆਪਣੇ ਦਾਅਵੇ ਤੋਂ ਅਸਤੀਫ਼ਾ ਦੇਣਗੇ।
2. ਰਾਜ ਦੀ ਸਾਰੀ ਜਾਇਦਾਦ, ਉਸ ਦਾ ਵਰਨਣ ਜੋ ਵੀ ਹੋਵੇ ਤੇ ਕਿਤੇ ਵੀ ਕੁਝ ਪਾਇਆ ਜਾਵੇ, ਉਹ ਸਾਰਾ ਮਾਣਯੋਗ ਈਸਟ ਇੰਡੀਆ ਕੰਪਨੀ ਕੋਲ ਲਾਹੌਰ ਰਿਆਸਤ ਦੇ ਬਕਾਇਆ ਕਰਜ਼ਿਆਂ ਤੇ ਜੰਗ ਦੇ ਖ਼ਰਚਿਆਂ ਦੇ ਅੰਸ਼ਕ ਭੁਗਤਾਨ ਵਜੋਂ ਬ੍ਰਿਟਿਸ਼ ਸਰਕਾਰ ਕੋਲ ਜ਼ਬਤ ਹੋ ਜਾਵੇਗਾ।
3. ਕੋਹਿਨੂਰ ਨਾਂਅ ਦਾ ਜਿਹੜਾ ਹੀਰਾ ਮਹਾਰਾਜਾ ਰਣਜੀਤ ਸਿੰਘ ਵੱਲੋਂ ਸ਼ਾਹ ਸ਼ੁਜਾਹ-ਉਲ-ਮੁਲਕ ਤੋਂ ਲਿਆ ਗਿਆ ਸੀ, ਉਹ ਲਾਹੌਰ ਦੇ ਮਹਾਰਾਜਾ ਵੱਲੋਂ ਇੰਗਲੈਂਡ ਦੀ ਮਹਾਰਾਣੀ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।
4. ਮਹਾਮਹਿਮ ਦਲੀਪ ਸਿੰਘ ਨੂੰ ਮਾਣਯੋਗ ਈਸਟ ਇੰਡੀਆ ਕੰਪਨੀ ਤੋਂ ਉਨ੍ਹਾਂ ਖ਼ੁਦ, ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਰਾਜ ਦੇ ਸੇਵਕਾਂ ਲਈ ਪੈਨਸ਼ਨ ਮਿਲੇਗੀ ਜੋ ਕੰਪਨੀ ਦੇ ਚਾਰ ਲੱਖ ਤੋਂ ਘੱਟ ਤੇ ਪੰਜ ਲੱਖ ਰੁਪਏ ਸਾਲਾਨਾ ਤੋਂ ਵੱਧ ਨਹੀਂ ਹੋਵੇਗੀ।
5. ਮਹਾਮਹਿਮ ਦੇ ਆਦਰ-ਮਾਣ ਦਾ ਪੂਰਾ ਖ਼ਿਆਲ ਰੱਖਿਆ ਜਾਵੇਗਾ। ਉਨ੍ਹਾਂ ਕੋਲ ਮਹਾਰਾਜਾ ਦਲੀਪ ਸਿੰਘ ਬਹਾਦਰ ਦਾ ਖ਼ਿਤਾਬ ਕਾਇਮ ਰਹੇਗਾ ਅਤੇ ਉਨ੍ਹਾਂ ਨੂੰ ਆਪਣਾ ਪੂਰਾ ਜੀਵਨ ਉਪਰੋਕਤ ਵਰਣਿਤ ਪੈਨਸ਼ਨ ਦਾ ਹਿੱਸਾ ਜਾਰੀ ਰਹੇਗਾ ਜੋ ਉਨ੍ਹਾਂ ਨੂੰ ਖ਼ੁਦ ਅਲਾਟ ਕੀਤਾ ਜਾ ਸਕਦਾ ਹੈ, ਬਸ਼ਰਤੇ ਉਹ ਬ੍ਰਿਟਿਸ਼

ਸਰਕਾਰ ਪ੍ਰਤੀ ਆਗਿਆਕਾਰ ਰਹਿਣ ਤੇ ਉਸੇ ਸਥਾਨ ’ਤੇ ਰਹਿਣ, ਜੋ ਭਾਰਤ ਦੇ ਗਵਰਨਰ ਜਨਰਲ ਚੁਣ ਸਕਦੇ ਹਨ।

ਫ਼ਰਵਰੀ 1850 ’ਚ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਤੋਂ ਹਟਾ ਕੇ ਫ਼ਤਹਿਗੜ੍ਹ ਲਿਜਾਂਦਾ ਗਿਆ ਸੀ, ਜਿੱਥੇ ਉਹ 1854 ਤੱਕ ਰਹੇ। 1853 ’ਚ ਡਾ. (ਬਾਅਦ ’ਚ ਸਰ ਜੌਨ) ਲੌਗਿਨ ਨੇ ਉਨ੍ਹਾਂ ਦਾ ਧਰਮ-ਪਰਿਵਰਤਨ ਕਰ ਕੇ ਈਸਾਈ ਬਣਾ ਦਿੱਤਾ। ਲਾਰਡ ਡਲਹੌਜ਼ੀ ਨੇ ਬਾਅਦ ’ਚ ਉਨ੍ਹਾਂ ਨੂੰ ਇੱਕ ਬਾਈਬਲ ਭੇ ਟ ਕੀਤੀ, ਜਿਸ ਉੱਤੇ ਉਨ੍ਹਾਂ ਲਿਖਿਆ:

> ‘‘ਮਹਾਮਹਿਮ ਮਹਾਰਾਜਾ ਦਲੀਪ ਸਿੰਘ ਨੂੰ। ਇਹ ਪਵਿੱਤਰ ਪੁਸਤਕ, ਜਿਸ ਵਿੱਚ ਉਨ੍ਹਾਂ ਨੂੰ ਪਰਮੇਸ਼ਵਰ ਦੀ ਮਿਹਰ ਨਾਲ ਸਾਰੇ ਦੁਨਿਆਵੀ ਰਾਜਾਂ ਤੋਂ ਕਿਤੇ ਵੱਧ ਅਮੀਰ ਵਿਰਾਸਤ ਮਿਲੇਗੀ, ਜਿਸ ਨੂੰ 5 ਅਪ੍ਰੈਲ, 1854 ਨੂੰ ਉਨ੍ਹਾਂ ਦੇ ਵਿਸ਼ਵਾਸਪਾਤਰ ਦੋਸਤ[1] ਡਲਹੌਜ਼ੀ ਵੱਲੋਂ ਸਤਿਕਾਰ ਤੇ ਮਾਣ ਨਾਲ ਭੇਟ ਕੀਤਾ ਜਾਂਦਾ ਹੈ।’’

ਮਾਰਚ 1854 ’ਚ ਦਲੀਪ ਸਿੰਘ ਭਾਰਤ ਤੋਂ ਇੰਗਲੈਂਡ ਚਲੇ ਗਏ। ਕੁਝ ਸਮੇਂ ਬਾਅਦ ਉਨ੍ਹਾਂ ਲਈ ਗਲੂਸੈਸਟਰਸ਼ਾਇਰ ’ਚ ਹੇਦਰੋਪ ਦੀ ਐਸਟੇਟ ਖ਼ਰੀਦੀ ਗਈ, ਜੋ ਭਾਰਤੀ ਦਫ਼ਤਰ ਨੇ 185,000 ਪੌਂਡ ’ਚ ਖ਼ਰੀਦੀ ਸੀ। ਉੱਥੇ ਲੱਗੀ ਸਮੁੱਚੀ ਰਾਸ਼ੀ ਮਹਾਰਾਜਾ ਦੇ ਖਾਤੇ ਵਿਖਾਈ ਗਈ। ਪਰ ਦਲੀਪ ਸਿੰਘ ਨੂੰ ਇਹ ਐਸਟੇਟ ਠੀਕ ਨਹੀਂ ਜਾਪੀ। ਫਿਰ ਸਰਕਾਰ ਦੀ ਸਹਿਮਤੀ ਨਾਲ, ਜਿਸ ਨੇ 110,000 ਪੌਂਡ ਪੇਸ਼ਗੀ ਵਜੋਂ ਦਿੱਤੇ, ਦਲੀਪ ਸਿੰਘ ਨੇ ਸਫ਼ੋਕ ਵਿਖੇ ਐਲਵੀਡੋਨ ਐਸਟੇਟ ਖ਼ਰੀਦੀ, ਜੋ ਉਨ੍ਹਾਂ ਆਪਣੇ ਦਿਹਾਂਤ ਤੱਕ ਆਪਣੇ ਕੋਲ ਰੱਖੀ। ਉਪਰੋਕਤ ਦੋਵੇਂ ਸੌਦਿਆਂ ਨਾਲ ਮਹਾਰਾਜਾ ਉੱਤੇ ਵੱਡਾ ਕਰਜ਼ਾ ਚੜ੍ਹ ਗਿਆ, ਜਿਸ ਕਾਰਨ ਬਾਅਦ ’ਚ ਉਨ੍ਹਾਂ ਲਈ ਵੱਡੀਆਂ ਵਿੱਤੀ ਚਿੰਤਾਵਾਂ ਖੜ੍ਹੀਆਂ ਹੋ ਗਈਆਂ।

1860 ’ਚ ਉਹ ਭਾਰਤ ਆਏ ਤੇ ਕਲਕੱਤਾ ਦੇ ਸਪੈਂਸ ਹੋਟਲ ’ਚ ਠਹਿਰੇ, ਜਿੱਥੇ ਉਨ੍ਹਾਂ ਆਪਣੀ ਮਾਂ ਮਹਾਰਾਣੀ ਜਿੰਦਾਂ ਦੇ ਨੇਪਾਲ ਤੋਂ ਆਉਣ ਤੱਕ ਉਡੀਕ ਕੀਤੀ। ਮਹਾਰਾਣੀ ਪਧਾਰੇ ਤੇ ਫਿਰ ਉਹ ਦੋਵੇਂ ਇੰਗਲੈਂਡ ਚਲੇ ਗਏ। ਉਨ੍ਹਾਂ ਨੂੰ ਆਪਣੀ ਮਾਂ ਨਾਲ ਬਹੁਤ ਪਿਆਰ ਸੀ ਅਤੇ ਉਹ ਉੱਥੇ ਸੰਤੁਸ਼ਟ ਨਹੀਂ ਸਨ, ਫਿਰ ਮਾਂ ਨੇ ਹੀ ਉਨ੍ਹਾਂ ਨੂੰ ਇੰਗਲੈਂਡ ’ਚ ਰਹਿਣ ਲਈ ਸਮਝਾਇਆ। ਉਸ ਵੇਲੇ ਉਹ ਆਪਣੇ ਦੇਸ਼ ਜਾਣ ਲਈ ਤਾਂਘ ਰਹੇ ਸਨ, ਜਿੱਥੇ ਉਹ ਪੰਜਾਬ ’ਚ ਜਲਾਵਤਨ ਮਹਾਰਾਜਾ ਦੇ ਨਾਂਅ ਨਾਲ ਜਾਣੇ ਜਾਂਦੇ ਸਨ, ਉਹ ਉੱਥੇ ਜਾਣਾ ਚਾਹੁੰਦੇ ਸਨ, ਤਾਂ ਜੋ ਉਹ ਦੁਖੀ ਲੋਕਾਂ ਦੀਆਂ ਅੱਖਾਂ ’ਚ ਖ਼ੁਸ਼ੀ ਵੇਖ ਸਕਣ; ਪਰ ਲਾਰਡ ਕੈਨਿੰਗ ਨਹੀਂ ਚਾਹੁੰਦੇ ਸਨ ਕਿ ਕੋਈ ਹੋਰ ਬਗ਼ਾਵਤ ਹੋਵੇ ਕਿਉਂਕਿ ਉਹ ਪਹਿਲਾਂ ਹੀ ਇੱਕ ਬਗ਼ਾਵਤ ਦਾ ਖ਼ਾਤਮਾ ਕਰ ਚੁੱਕੇ

---

1. ਪਰ ਇਸ ਵਿਸ਼ਵਾਸਪਾਤਰ ਦੋਸਤ ਨੂੰ ਬਾਅਦ ’ਚ ਮਹਾਰਾਜਾ ਨੇ ਆਪਣੀ ਟਿੱਪਣੀ ’ਚ ‘ਸਵਰਗੀ ਨਿਰੰਤਰ ਦੁਸ਼ਟ ਮਾਰਕੁਈਸ ਅੱਫ਼ ਡਲਹੌਜ਼ੀ’ ਕਰਾਰ ਦਿੱਤਾ ਸੀ। ਲੇਡੀ ਲੌਗਿਨ’ਜ਼ ਰੀਕੁਲੈਕਸ਼ਨਜ਼, ਪੰਨਾ 268

ਸਨ। ਇਸੇ ਲਈ ਉਨ੍ਹਾਂ ਦੇ ਪੰਜਾਬ ਜਾਣ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਮਹਾਰਾਜਾ ਕਲਕੱਤਾ ਤੋਂ ਅਗਾਂਹ ਨਹੀਂ ਜਾ ਸਕੇ''[1]।

1864 'ਚ ਮਹਾਰਾਣੀ ਜਿੰਦਾਂ ਦਾ ਦਿਹਾਂਤ ਹੋ ਗਿਆ ਤੇ ਉਨ੍ਹਾਂ ਦੀ ਆਖ਼ਰੀ ਇੱਛਾ ਅਨੁਸਾਰ ਦਲੀਪ ਸਿੰਘ ਆਪਣੀ ਮਾਂ ਦੀਆਂ ਅਸਥੀਆਂ ਭਾਰਤ ਲਿਆਏ ਤੇ ਉਨ੍ਹਾਂ ਨੂੰ ਪਵਿੱਤਰ ਨਦੀ ਨਰਬਦਾ ਦੇ ਜਲ 'ਚ ਪ੍ਰਵਾਹ ਕਰ ਦਿੱਤਾ।

ਇੰਗਲੈਂਡ ਪਰਤਦੇ ਸਮੇਂ ਉਹ ਮਿਸਰ 'ਚ ਇੱਕ ਜਰਮਨ ਔਰਤ ਨੂੰ ਮਿਲੇ, ਜੋ ਅਲੈਕਸਾਂਦਰੀਆ ਦੇ ਇੱਕ ਵਪਾਰੀ ਦੀ ਧੀ ਸੀ। ਉਨ੍ਹਾਂ ਉਸ ਨਾਲ ਵਿਆਹ ਰਚਾ ਲਿਆ ਤੇ ਉਸ ਤੋਂ ਉਨ੍ਹਾਂ ਦੇ ਕਈ ਬੱਚੇ ਪੈਦਾ ਹੋਏ। ਉਨ੍ਹਾਂ ਦਾ ਨਾਂਅ ਸੀ ਮਹਾਰਾਣੀ ਬੌਂਬਾ, ਜਿਸ ਦਾ ਦਿਹਾਂਤ 1887 'ਚ ਹੋ ਗਿਆ ਅਤੇ ਉਸ ਤੋਂ ਬਾਅਦ ਉਨ੍ਹਾਂ ਇੱਕ ਅੰਗਰੇਜ਼ ਔਰਤ ਐਡਾ ਡਗਲਸ ਵੈਦਰਿਲ ਨਾਲ ਵਿਆਹ ਰਚਾਇਆ।

ਆਪਣੇ ਵਿਦੇਸ਼ ਕਿਆਮ ਦੇ ਮੁੱਢਲੇ ਸਾਲਾਂ ਦੌਰਾਨ ਮਹਾਰਾਜਾ ਮਹਾਰਾਣੀ ਵਿਕਟੋਰੀਆ ਪ੍ਰਤੀ ਵਫ਼ਾਦਾਰ ਜਾਪਦੇ ਰਹੇ ਤੇ ਉਹ ਆਪਣੇ ਨਵੇਂ ਧਰਮ ਪ੍ਰਤੀ ਡਾਢੇ ਉਤਸ਼ਾਹੀ ਵੀ ਦਿਸੇ। ਖ਼ੈਰ, ਉਨ੍ਹਾਂ ਬਾਰੇ ਇਹ ਗੱਲ 1869 'ਚ ਡਾ. ਲੀਟਨਰ ਨੇ ਜ਼ਾਹਿਰ ਕੀਤੀ ਸੀ ਕਿ ਮਹਾਰਾਜਾ ਦਲੀਪ ਸਿੰਘ ਪੰਜਾਬ ਯੂਨੀਵਰਸਿਟੀ (ਤਦ ਉਸ ਦੀ ਸਥਾਪਨਾ ਬਾਰੇ ਵਿਚਾਰ ਹੋ ਰਿਹਾ ਸੀ) ਨੂੰ ਹਰ ਸਾਲ ਇੱਕ ਹਜ਼ਾਰ ਰੁਪਏ ਭੇਜਣ ਲਈ ਤਿਆਰ ਸਨ ''ਬਸ਼ਰਤੇ ਉੱਥੇ ਬਾਈਬਲ ਪੜ੍ਹਾਈ ਜਾਵੇ, ਤਾਂ ਜੋ ਹਨੇਰੇ 'ਚ ਰਹਿ ਰਹੇ ਉਨ੍ਹਾਂ ਦੇ ਸਾਥੀ ਦੇਸ਼ ਵਾਸੀਆਂ 'ਚ ਵੀ ਸੁਸਮਾਚਾਰ ਫੈਲੇ[2]।'' ਇਹ ਦੱਸਿਆ ਜਾਂਦਾ ਹੈ ਕਿ ਉਸ ਕਾਲ ਦੌਰਾਨ ਉਹ ਬਿਲਕੁਲ ਇੰਗਲੈਂਡ ਦੇਸ਼ ਦੇ ਹੀ ਨਾਗਰਿਕ ਜਾਪਦੇ ਹੁੰਦੇ ਸਨ ਤੇ ਉਨ੍ਹਾਂ ਨੂੰ ਖੇਡਾਂ ਵਿੱਚ ਦਿਲਚਸਪੀ ਸੀ।

ਹੌਲੀ-ਹੌਲੀ ਉਨ੍ਹਾਂ ਦਾ ਮੋਹ ਭੰਗ ਹੋਣ ਲੱਗਾ। ਇਹ ਸਭ ਉਨ੍ਹਾਂ ਦੀਆਂ ਵਿੱਤੀ ਔਕੜਾਂ ਕਾਰਨ ਸ਼ੁਰੂ ਹੋਇਆ ਸੀ। ਪਹਿਲਾ ਉਨ੍ਹਾਂ ਦਾ ਭੱਤਾ 12,000 ਪੌਂਡ[3] ਸਾਲਾਨਾ ਤੈਅ ਕੀਤਾ ਗਿਆ ਸੀ। 1856 'ਚ ਉਹ ਵਧਾ ਕੇ 15,000 ਪੌਂਡ ਕਰ ਦਿੱਤਾ ਗਿਆ ਸੀ, ਜਦੋਂ ਉਹ 18 ਸਾਲਾਂ ਦੇ ਸਨ। ਫਿਰ 1862 'ਚ ਉਹ ਭੱਤਾ ਵਧਾ ਕੇ 25,000 ਪੌਂਡ ਕਰ ਦਿੱਤਾ ਗਿਆ ਸੀ। ਫਿਰ ਉਹ ਨਾਕਾਫ਼ੀ ਸੀ। ਇਸ ਲਈ ਭਾਰਤੀ ਦਫ਼ਤਰ ਵੱਲੋਂ ਮਹਾਰਾਜਾ ਦੀਆਂ ਫ਼ਜ਼ੂਲਖ਼ਰਚੀ ਦੀਆਂ ਆਦਤਾਂ ਨੂੰ ਦੋਸ਼ੀ ਠਹਿਰਾਇਆ ਗਿਆ। ਪਰ ਇਹ ਪੂਰੀ ਸੱਚਾਈ ਨਹੀਂ ਸੀ। ਜਿਵੇਂ ਕਿ ਅਸੀਂ ਪਹਿਲਾਂ ਵੇਖਿਆ ਕਿ ਆਰੰਭ ਤੋਂ ਹੀ ਉਨ੍ਹਾਂ ਦੀਆਂ ਐਸਟੇਟਸ ਖ਼ਰੀਦਣ ਲਈ ਸਰਕਾਰ ਨੇ ਉਨ੍ਹਾਂ ਨੂੰ ਵੱਡੇ ਕਰਜ਼ਿਆਂ ਦੇ ਬੋਝ ਹੇਠਾਂ ਦਬਾ ਦਿੱਤਾ ਸੀ। ਉਹ ਕਰਜ਼ਾ ਮੋੜਨਾ ਵੀ ਸੀ ਤੇ ਹਰ ਸਾਲ ਮਹਾਰਾਜਾ ਦੇ ਭੱਤੇ ਦਾ ਇੱਕ ਵੱਡਾ ਹਿੱਸਾ ਉਨ੍ਹਾਂ ਦੀਆਂ ਪੇਸ਼ਗੀਆਂ ਦੇ ਅੰਸ਼ਕ ਭੁਗਤਾਨ ਅਤੇ ਉਨ੍ਹਾਂ 'ਤੇ ਲੱਗਣ ਵਾਲੇ ਵਿਆਜ ਦੇ ਭੁਗਤਾਨ 'ਚ ਚਲਾ ਜਾਂਦਾ ਸੀ।

---

1. ਏਸ਼ੀਆਟਿਕ ਕੁਆਰਟਰੀ, 1894- ਐੱਲ. ਗ੍ਰਿਫ਼ਿਨ ਦਾ ਲੇਖ
2. -ਉਹੀ-
3. ਉਨ੍ਹੀਂ ਦਿਨੀਂ 10,000 ਪੌਂਡ ਦਾ ਵਟਾਂਦਰਾ ਅਨੁਪਾਤ ਇੱਕ ਲੱਖ ਰੁਪਏ ਦੇ ਬਰਾਬਰ ਸੀ।

1880 'ਚ ਉਹ ਸੰਕਟ 'ਚ ਫਸ ਗਏ, ਜਦੋਂ ਸਰਕਾਰ ਨੇ ਉਨ੍ਹਾਂ ਦਾ ਬਾਰੀਕੀ ਨਾਲ ਨਿਰੀਖਣ ਕਰਨਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਨੂੰ ਕਰਜ਼ੇ ਅਦਾ ਕਰਨ ਲਈ ਕਿਹਾ ਗਿਆ ਅਤੇ ਫਿਰ ਇਸ ਸ਼ਰਤ 'ਤੇ ਉਨ੍ਹਾਂ ਨੂੰ ਪੇਸ਼ਗੀ ਰਕਮਾਂ ਦਿੱਤੀਆਂ ਗਈਆਂ ਕਿ ਉਨ੍ਹਾਂ ਦੀਆਂ ਐਸਟੇਟਸ ਨੂੰ ਪਿਤਾ-ਪੁਰਖੀ ਨਹੀਂ ਸਮਝਿਆ ਜਾਵੇਗਾ, ਸਗੋਂ ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਨੂੰ ਵੇਚ ਦਿੱਤਾ ਜਾਵੇਗਾ। ਦਲੀਪ ਸਿੰਘ ਨੇ ਇਸ 'ਤੇ ਕਾਫ਼ੀ ਰੋਹ ਪ੍ਰਗਟ ਕੀਤਾ ਸੀ। ਤਦ ਉਨ੍ਹਾਂ ਵਕੀਲਾਂ ਨਾਲ ਸਲਾਹ-ਮਸ਼ਵਰਾ ਵੀ ਕੀਤਾ ਸੀ ਕਿ ਤਾਂ ਜੋ ਉਹ ਸਰਕਾਰ ਖ਼ਿਲਾਫ਼ ਕੇਸ ਦਾਇਰ ਕਰ ਸਕਣ। ਫਿਰ ਛੇਤੀ ਮਗਰੋਂ ਸ਼ਿਕਾਇਤਾਂ ਦੀ ਇੱਕ ਪੁਸਤਕ ਛਾਪੀ ਗਈ। ਉਨ੍ਹਾਂ ਉਸ 'ਚ ਦਾਅਵਾ ਕੀਤਾ ਕਿ ਸਾਲਾਨਾ ਪੈਨਸ਼ਨ ਦੇ ਮਾਮਲੇ 'ਚ ਉਨ੍ਹਾਂ ਨਾਲ ਨਿਆਂਪੂਰਨ ਵਿਵਹਾਰ ਨਹੀਂ ਹੋਇਆ। ਉਨ੍ਹਾਂ ਨੂੰ 1849 ਦੀ ਸੰਧੀ ਦੇ ਵਾਅਦੇ ਤੋਂ ਕਿਤੇ ਘੱਟ ਸਾਲਾਨਾ ਪੈਨਸ਼ਨ ਦਿੱਤੀ ਜਾਂਦੀ ਸੀ। ਉਨ੍ਹਾਂ ਇੰਡੀਆ ਆਫ਼ਿਸ ਵੱਲੋਂ ਕੀਤੀ ਵਿਆਖਿਆ ਨੂੰ ਚੁਣੌਤੀ ਦਿੱਤੀ ਤੇ ਕਿਹਾ ਕਿ ਇਹ ਸਭ ਉਨ੍ਹਾਂ ਦੇ ਪਾਲਣ-ਪੋਸ਼ਣ ਤੋਂ ਉਲਟ ਸੀ ਤੇ ਉਨ੍ਹਾਂ ਇਸ ਪ੍ਰਸ਼ਨ 'ਤੇ ਸਾਲਸੀ ਦੀ ਮੰਗ ਕੀਤੀ। ਉਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਪੈਨਸ਼ਨਰ ਰਿਸ਼ਤੇਦਾਰਾਂ ਤੇ ਸੇਵਕਾਂ ਦੇ ਦਿਹਾਂਤ 'ਤੇ ਸਾਰੇ ਲੈਪਸਜ਼ ਉਨ੍ਹਾਂ ਦੇ ਖਾਤੇ ਪਾਏ ਜਾਣ। ਇਸ ਦੇ ਨਾਲ ਹੀ ਉਹ ਇਹ ਵੀ ਚਾਹੁੰਦੇ ਸਨ ਕਿ ਉਨ੍ਹਾਂ ਦੀ ਪੈਨਸ਼ਨ ਨੂੰ ਪਿਤਾ-ਪੁਰਖੀ ਮੰਨਿਆ ਜਾਵੇ। ਸਰਕਾਰ ਨੇ ਇਸ ਮਾਮਲੇ 'ਚ ਇੱਕ ਸੌੜਾ ਜਿਹਾ ਕਾਨੂੰਨੀ ਵਿਚਾਰ ਲਿਆ ਤੇ ਉਨ੍ਹਾਂ ਦੇ ਸਾਰੇ ਦਾਅਵੇ ਤੇ ਬੇਨਤੀਆਂ ਨੂੰ ਮੁੱਢੋਂ ਰੱਦ ਕਰ ਦਿੱਤਾ। ਫਿਰ ਉਨ੍ਹਾਂ ਆਪਣੇ ਪਿਤਾ ਦੀ ਨਿੱਜੀ ਜਾਇਦਾਦ ਦੀ ਵਿਰਾਸਤ ਦਾ ਮੁੱਦਾ ਉਠਾਇਆ। ਇਸ ਮਾਮਲੇ 'ਚ ਵੀ ਉਨ੍ਹਾਂ ਨੂੰ ਕੋਈ ਕਾਮਯਾਬੀ ਨਾ ਮਿਲੀ। ਇੰਡੀਆ ਆਫ਼ਿਸ ਤੋਂ ਲਗਾਤਾਰ ਨਿਰਾਸ਼ ਹੋਣ ਤੋਂ ਬਾਅਦ ਉਨ੍ਹਾਂ 1849 ਦੀ ਦੂਜੀ ਲਾਹੌਰ ਸੰਧੀ ਦੀ ਵੈਧਤਾ 'ਤੇ ਹੀ ਸੁਆਲ ਉਠਾ ਦਿੱਤਾ। ਉਨ੍ਹਾਂ ਨੇ ਤੇ ਉਨ੍ਹਾਂ ਦੇ ਸਲਾਹਕਾਰਾਂ ਨੇ ਐਲਾਨ ਕਰ ਦਿੱਤਾ ਕਿ ਅਜਿਹਾ "ਤਾਕਤ ਦੀ ਮਿਲੀਭੁਗਤ ਨਾਲ ਕੀਤਾ ਗਿਆ, ਤਾਂ ਜੋ ਕਮਜ਼ੋਰ ਧਿਰ ਦੇ ਮੁਕਾਬਲੇ ਮਜ਼ਬੂਤ ਧਿਰ ਨੂੰ ਚੋਖਾ ਫ਼ਾਇਦਾ ਪੁੱਜ ਸਕੇ, ਜਦੋਂ ਕਿ ਕਿਸੇ ਸੰਧੀ ਦੀ ਕੋਈ ਪ੍ਰਮਾਣਿਕਤਾ ਨਹੀਂ ਸੀ ਜਾਂ ਕੌਮਾਂਤਰੀ ਕਾਨੂੰਨ ਅਨੁਸਾਰ ਅਜਿਹਾ ਕਰਨ ਦਾ ਅਧਿਕਾਰ ਨਹੀਂ ਸੀ।" ਲੌਗਿਨਜ਼ ਤੇ ਹੋਰ ਬਹੁਤਿਆਂ ਨੇ ਮਹਾਰਾਜਾ ਦੇ ਸੰਧੀ ਬਾਰੇ ਵਿਚਾਰ ਨੂੰ ਵੈਧ ਕਰਾਰ ਦਿੱਤਾ ਪਰ ਇਹ ਮਹਿਜ਼ ਇੰਡੀਆ ਆਫ਼ਿਸ ਪ੍ਰਤੀ ਇੱਕ ਅਸੰਤੁਸ਼ਟ ਦਿਮਾਗ਼ ਦੀ ਉਪਜ ਤੋਂ ਬਿਹਤਰ ਨਹੀਂ ਸੀ, ਜਿਸ ਨੇ ਇੱਕ ਹੰਕਾਰੀ ਤੇ ਅਪਮਾਨਿਤ ਵਿਅੰਗ ਨਾਲ ਸਭ ਕੁਝ ਖ਼ਾਰਜ ਕਰ ਦਿੱਤਾ। ਸ੍ਰੀ ਐੱਲ. ਗ੍ਰਿਫ਼ਿਨ ਦੇ ਸ਼ਬਦਾਂ 'ਚ "ਸਰਕਾਰੀ ਦਲੀਲ ਕਾਨੂੰਨੀ ਸੀ ਪਰ ਦਿਆਲਤਾਹੀਣ ਸੀ ਤੇ ਦੂਰਅੰਦੇਸ਼ ਨਹੀਂ ਸੀ, ਇਸੇ ਲਈ ਦਲੀਪ ਸਿੰਘ ਅਸੰਤੁਸ਼ਟ ਸਨ।" ਇੰਡੀਆ ਆਫ਼ਿਸ ਦੇ ਮਹਾਰਾਜਾ ਦਲੀਪ ਸਿੰਘ ਪ੍ਰਤੀ "ਦਿਆਲਤਾਹੀਣ ਵਤੀਰੇ" ਕਾਰਣ ਆਫ਼ਿਸ ਦੀ ਡਾਢੀ ਨਿੰਦਾ ਹੋਈ[1]।

ਪਰ ਹਰੇਕ ਬੱਦਲ 'ਚੋਂ ਕਿਤੋਂ ਨਾ ਕਿਤੋਂ ਸੂਰਜ ਦੀ ਕੋਈ ਨਾ ਕੋਈ ਕਿਰਨ

1. ਏਸ਼ੀਆਟਿਕ ਕੁਆਰਟਰਲੀ, 1894

ਕਿਤੋਂ ਵਿਖਾਈ ਦੇ ਹੀ ਜਾਂਦੀ ਹੈ। ਔਖਿਆਈਆਂ ਅਤੇ ਔਕੜਾਂ ਨੇ ਮਹਾਰਾਜਾ ਨੂੰ ਦੇਸ਼-ਭਗਤ ਬਣਾ ਦਿੱਤਾ। ਹੁਣ ਉਹ ਆਪਣੇ ਦੇਸ਼ ਤੇ ਸਾਥੀ ਦੇਸ਼ ਵਾਸੀਆਂ ਬਾਰੇ ਸੋਚਣ ਤੇ ਲੰਮੇਰੀ ਦੂਰੀ ਦਾ ਦਰਦ ਮਹਿਸੂਸ ਕਰਨ ਲੱਗੇ, ਜਿਨ੍ਹਾਂ ਤੋਂ ਉਹ ਜੁਦਾ ਹੋ ਗਏ ਸਨ। ਉਨ੍ਹਾਂ ਆਪਣੇ ਖ਼ੁਦ ਤੋਂ ਇਲਾਵਾ ਆਪਣੇ ਦੇਸ਼ ਦੀਆਂ ਸਮੱਸਿਆਵਾਂ ਬਾਰੇ ਸੋਚਣਾ ਸ਼ੁਰੂ ਕੀਤਾ ਤੇ ਤਦ ਉਨ੍ਹਾਂ ਇੰਗਲੈਂਡ ਪ੍ਰਤੀ ਸਮਰਪਣ ਤਿਆਗਣਾ ਸ਼ੁਰੂ ਕੀਤਾ ਤੇ ਉਸ ਦੇਸ਼ ਦੇ ਦੁਸ਼ਮਣਾਂ ਨਾਲ ਆਪਣੇ ਹਿਤ ਸਾਂਝੇ ਸਮਝਣ ਲੱਗੇ, ਈਸਾਈ ਧਰਮ ਦੀ ਨਿੰਦਾ ਕਰਨ ਲੱਗੇ ਤੇ ਸਿੱਖਾਂ ਨੂੰ ਉਨ੍ਹਾਂ ਦੇ ਲੀਡਰ ਤੇ ਰਾਜੇ ਵਜੋਂ ਅਪੀਲ ਕਰਨ ਲੱਗੇ। ਗ੍ਰਿਫ਼ਿਨ ਲਿਖਦੇ ਹਨ[1]: "ਮਹਾਰਾਜਾ ਦਲੀਪ ਸਿੰਘ ਇਸ ਤੋਂ ਬਾਅਦ ਨੌਰਥਬਰੁੱਕ ਕਲੱਬ 'ਚ ਖੁੱਲ੍ਹ ਕੇ ਬਿਲਕੁਲ ਉਸੇ ਤਰੀਕੇ ਗੱਲਬਾਤ ਕਰਨ ਲੱਗੇ, ਜਿਸ ਤਰ੍ਹਾਂ ਜੇਕਬ ਘਰਾਣੇ ਦੇ ਲੋਕ ਅਕਸਰ ਕਿਸੇ ਢੋਂਗੀ ਨੂੰ ਪਾਣੀ 'ਤੇ ਭੁੰਨਦੇ ਸਨ।" ਡਾ. ਲੀਟਨਰ[2] ਨੇ ਇਸ ਦਾ ਗੰਭੀਰ ਨੋਟਿਸ ਲਿਆ ਤੇ 1884 'ਚ "ਕੁਝ ਪੰਜਾਬੀ ਵਿਦਿਆਰਥੀਆਂ ਨੂੰ ਝਾੜ ਪਾਈ, ਜੋ ਪੜ੍ਹਨ ਦੀ ਥਾਂ "ਮਹਾਮਹਿਮ ਮਹਾਰਾਜਾ ਦਲੀਪ ਸਿੰਘ" ਆਖਦੇ ਸਨ ਤੇ ਉਹ ਵਿਦਿਆਰਥੀ ਇੰਡੀਅਨ ਕਲੱਬ ਦੀ ਉਸ ਮੀਟਿੰਗ 'ਚ ਵੀ ਸ਼ਾਮਲ ਹੋ ਕੇ ਆਏ ਸਨ, ਜਿੱਥੇ ਇਹ ਐਲਾਨ ਕੀਤਾ ਗਿਆ ਸੀ ਕਿ ਦਲੀਪ ਸਿੰਘ ਅਗਲੇ ਵਰ੍ਹੇ ਰੂਸੀ ਫ਼ੌਜ ਦੀ ਮਦਦ ਨਾਲ ਪੰਜਾਬ 'ਤੇ ਹਮਲਾ ਕਰਨਗੇ।"

ਮਹਾਰਾਜਾ ਦਲੀਪ ਸਿੰਘ ਦੇ ਇਸ ਨਵੇਂ ਰੌਂਅ ਨੇ ਪੰਜਾਬ ਦੇ ਸਿਆਸੀ ਜੀਵਨ ਦੇ ਸ਼ਾਂਤ ਖੜ੍ਹੇ ਪਾਣੀ 'ਚ ਜਿਵੇਂ ਕਈ ਲਹਿਰਾਂ ਉਠਾ ਦਿੱਤੀਆਂ। ਪੰਜਾਬ ਦੇ ਬਹੁਤ ਸਾਰੇ ਅਣਜਾਣ ਚਿਹਰੇ ਲੰਦਨ 'ਚ ਵਿਖਾਈ ਦੇਣ ਲੱਗੇ। ਉਨ੍ਹਾਂ 'ਚ ਸਰਦਾਰ ਠਾਕੁਰ ਸਿੰਘ ਵੀ ਸਨ, ਜੋ ਸੰਧਾਂਵਾਲੀਆ ਪਰਿਵਾਰ ਦੇ ਸਭ ਤੋਂ ਵੱਡੀ ਉਮਰ ਦੇ ਜਿਊਂਦੇ ਮੈਂਬਰ ਸਨ, ਮਹਾਰਾਜਾ ਰਣਜੀਤ ਸਿੰਘ ਵੀ ਇਸੇ ਪਰਿਵਾਰ ਦੀ ਸੰਤਾਨ ਸਨ। ਉਨ੍ਹਾਂ 1869 'ਚ ਡਾ. ਲੀਟਨਰ ਰਾਹੀਂ ਦਲੀਪ ਸਿੰਘ ਨੂੰ ਕੁਝ ਤੋਹਫ਼ੇ ਤੇ ਪ੍ਰਸ਼ੰਸਾ ਨਾਲ ਭਰਪੂਰ ਇੱਕ ਚਿੱਠੀ ਭੇਜੀ ਸੀ। ਉਨ੍ਹਾਂ ਮਹਾਰਾਜਾ ਦਲੀਪ ਸਿੰਘ ਦੀਆਂ ਨਵੀਆਂ ਉੱਠੀਆਂ ਦੇਸ਼-ਭਗਤੀ ਨਾਲ ਓਤ-ਪ੍ਰੋਤ ਭਾਵਨਾਵਾਂ ਦਾ ਸੁਆਗਤ ਕਰਦਿਆਂ ਸ਼ੁਭਕਾਮਨਾ ਦਿੱਤੀ ਕਿ ਉਹ ਸਫ਼ਲ ਹੋਣ। ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਗਿਆ ਤੇ ਪੰਜਾਬ ਦੇ ਸਿੱਖ ਕਿਸਾਨ ਇਹ ਸਭ ਸੁਣ ਕੇ ਜਿਵੇਂ ਝੂਮ ਉੱਠੇ। ਸਾਲ 1885 'ਚ ਉਨ੍ਹਾਂ ਕਿਸਾਨਾਂ ਦੀ ਇੱਕ ਪਾਰਟੀ ਜਦੋਂ ਇੱਕ ਕੇਸ ਦੇ ਸਿਲਸਿਲੇ 'ਚ ਲਾਹੌਰ ਸਥਿਤ ਚੀਫ਼ ਕੋਰਟ ਗਈ, ਤਾਂ ਉਸ ਨੇ ਡਾ. ਲੀਟਨਰ ਤੋਂ ਪੁੱਛਿਆ ਕਿ "ਦਲੀਪ ਸਿੰਘ ਪੰਜਾਬ ਕਦੋਂ ਆ ਰਹੇ ਸਨ ਤੇ ਤਦ ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਈਵੈਂਟ ਟੈਕਸਾਂ ਤੇ ਗਊ-ਹੱਤਿਆਵਾਂ ਦਾ ਖ਼ਾਤਮਾ ਹੋ ਜਾਵੇਗਾ[3]।" ਡਾ. ਲੀਟਨਰ ਦੀ ਟਿੱਪਣੀ ਸੀ[4] ਕਿ "ਸਥਾਨਕ

1. -ਉਹੀ-
2. -ਉਹੀ-, ਉਹ ਸਰਕਾਰੀ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ। ਇਹ ਸਾਰੀ ਜਾਣਕਾਰੀ ਰਸਾਲੇ 'ਏਸ਼ੀਆਟਿਕ ਕੁਆਰਟਰਲੀ', 1894 ਤੋਂ ਲਈ ਗਈ ਹੈ।
3. -ਉਹੀ-
4. -ਉਹੀ-

ਅਖ਼ਬਾਰਾਂ ਨੇ ਅਸੂਲੀ ਤੌਰ 'ਤੇ ਉਨ੍ਹਾਂ (ਦਲੀਪ ਸਿੰਘ) ਨਾਲ ਹਮਦਰਦੀ ਪ੍ਰਗਟਾਈ ਕਿਉਂਕਿ ਉਨ੍ਹਾਂ ਦੀਆਂ ਕਈ ਸ਼ਿਕਾਇਤਾਂ ਸਨ ਤੇ ਉਨ੍ਹਾਂ ਦਾ ਇੱਕ ਨਾਮ ਵੀ ਸੀ। ਭਾਰਤੀ ਅਖ਼ਬਾਰਾਂ ਦੀਆਂ ਇਨ੍ਹਾਂ ਖ਼ਬਰਾਂ ਦੇ ਕੁਝ ਵਾਜਬ ਅੰਸ਼ 1885 ਦੇ ਸਿਵਲ ਤੇ ਮਿਲਟਰੀ ਗਜ਼ਟ 'ਚ ਪ੍ਰਕਾਸ਼ਿਤ ਕੀਤੇ ਗਏ ਸਨ।

ਦੇਸ਼-ਭਗਤੀ ਦੇ ਆਪਣੇ ਨਵੇਂ ਰੌਅ 'ਚ, ਦਲੀਪ ਸਿੰਘ ਨੂੰ ਇਸ ਗੱਲ 'ਤੇ ਸ਼ਰਮ ਆਉਣ ਲੱਗੀ ਕਿ ਉਨ੍ਹਾਂ ਆਪਣੇ ਪੁਰਖਿਆਂ ਦਾ ਧਾਰਮਿਕ ਸਿਧਾਂਤ ਮੂਰਖਤਾਵੱਸ ਤਿਆਗ ਦਿੱਤਾ ਸੀ। ਉਸ ਵਰ੍ਹੇ ਉਨ੍ਹਾਂ ਭਾਰਤ ਤੋਂ ਇੱਕ ਪਰਿਵਾਰਕ ਗ੍ਰੰਥੀ ਦੀਆਂ ਸੇਵਾਵਾਂ ਲਈਆਂ, ਜੋ ਉਨ੍ਹਾਂ ਨੂੰ ਸਿੱਖ ਧਰਮ ਬਾਰੇ ਪੜ੍ਹਾਉਂਦੇ ਸਨ ਤੇ ਉਨ੍ਹਾਂ ਆਪਣੇ ਇੱਕ ਪਾਰਸੀ ਦੋਸਤ ਮਨੋਕਜੀ ਕਰਸਟਜੀ ਨੂੰ ਚਿੱਠੀ ਲਿਖ ਕੇ ਉਸ ਨੂੰ ਦੱਸਿਆ ਕਿ ਉਹ "ਈਸਾਈ ਧਰਮ ਹੁਣ ਬਦਲ ਕੇ ਸਿੱਖ ਧਰਮ ਨੂੰ ਅਖ਼ਤਿਆਰ ਕਰ ਰਹੇ ਹਨ ਕਿਉਂਕਿ ਈਸਾਈਅਤ ਤਾਂ ਲੁਟੇਰਿਆਂ ਤੇ ਠੱਗਾਂ ਅਤੇ ਚੰਗੇ ਕਾਰਜਾਂ ਦੇ ਉਲੰਘਣਾਕਾਰਾਂ ਦਾ ਧਰਮ ਹੈ[1]।"

ਆਖ਼ਰ 1886 'ਚ ਮਹਾਰਾਜਾ ਦਲੀਪ ਸਿੰਘ ਨੇ ਖ਼ੁਦ ਹੀ ਭਾਰਤ ਜਾਣ ਤੇ ਆਪਣੇ ਵਿਸ਼ਵਾਸਪਾਤਰ ਲੋਕਾਂ ਦੇ ਮੁਖੀ ਵਜੋਂ ਵਿਚਰਨ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਇਹ ਐਲਾਨ ਕਰਨ ਪਿੱਛੇ ਦਰਅਸਲ ਉਨ੍ਹਾਂ ਦੀ ਮਨਸ਼ਾ ਪੂਰਨ ਰਹਿਤ ਮਰਿਆਦਾ ਅਨੁਸਾਰ ਇੱਕ ਵਾਰ ਫਿਰ ਸਿੱਖ ਸਜਣਾ ਸੀ। ਆਪਣੇ ਰਿਸ਼ਤੇਦਾਰ ਸੰਤ ਸਿੰਘ ਨੂੰ 7 ਅਕਤੂਬਰ, 1885 ਨੂੰ ਲਿਖੀ ਚਿੱਠੀ 'ਚ ਉਨ੍ਹਾਂ ਇਹ ਗੱਲ ਸਪੱਸ਼ਟ ਕੀਤੀ ਸੀ ਕਿ ਉਹ ਹੁਣ ਇੰਗਲੈਂਡ ਛੱਡਣਾ ਚਾਹੁੰਦੇ ਹਨ ਕਿਉਂਕਿ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨਾਲ ਇਨਸਾਫ਼ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ ਤੇ ਉਹ ਹੁਣ ਚੁੱਪ-ਚੁਪੀਤੇ ਆਪਣੀ ਰਿਹਾਇਸ਼ ਦਿੱਲੀ 'ਚ ਰੱਖਣੀ ਚਾਹੁੰਦੇ ਹਨ ਕਿਉਂਕਿ ਉਹ ਹੁਣ ਗ਼ਰੀਬ ਹੋ ਚੁੱਕੇ ਹਨ। ਪਰ ਸਰਕਾਰ ਉਨ੍ਹਾਂ ਨੂੰ ਬਿਹਤਰ ਜਾਣਦੀ ਸੀ। ਜਦੋਂ ਇਸ ਮਾਮਲੇ 'ਤੇ ਸਲਾਹ ਲਈ ਗਈ ਤਾਂ ਸ੍ਰੀ ਗ੍ਰਿਫ਼ਿਨ ਨੇ ਵਿਦੇਸ਼ ਮੰਤਰੀ ਨੂੰ ਸਲਾਹ ਦਿੱਤੀ ਕਿ ਦਲੀਪ ਸਿੰਘ ਹੁਰਾਂ ਨੂੰ ਇੰਗਲੈਂਡ ਤੋਂ ਬਾਹਰ ਜਾਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਉਸ ਨੇ ਮੰਤਰੀ ਨੂੰ ਕਿਹਾ,"ਦਲੀਪ ਸਿੰਘ ਹੁਣ ਕੋਈ ਵੀ ਗ਼ਲਤ ਕੰਮ ਕਰਨ ਲਈ ਤਿਆਰ ਹਨ, ਇਸੇ ਲਈ ਉਨ੍ਹਾਂ ਨੂੰ ਇੰਗਲੈਂਡ ਤੋਂ ਜਾਣ ਦੀ ਇਜਾਜ਼ਤ ਦੇਣੀ ਠੀਕ ਨਹੀਂ ਹੋਵੇਗੀ; ਸਿੱਖ ਹੁਣ ਉਨ੍ਹਾਂ ਦੀ ਭੋਰਾ ਪਰਵਾਹ ਨਹੀਂ ਕਰਦੇ ਪਰ ਉਹ ਇੱਕ ਜੋਸ਼ੀਲੀ ਕੌਮ ਹੈ, ਅਜਿਹਾ ਕੋਈ ਵੀ ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਭਾਰਤ ਦੀ ਜਨਤਾ ਇਸ ਮਾਮਲੇ 'ਤੇ ਕਿਸ ਹਿਸਾਬ ਨਾਲ ਸੋਚੇਗੀ ਤੇ ਸਿਰਫ਼ ਸਨਕੀ ਲੋਕ ਹੀ ਬਾਰੂਦ ਨੂੰ ਅੱਗ ਵਿਖਾ ਸਕਦੇ ਹਨ[2]।" ਵਿਦੇਸ਼ ਮੰਤਰੀ ਇਹ ਸਲਾਹ ਪ੍ਰਵਾਨ ਨਹੀਂ ਕਰ ਸਕਦਾ ਸੀ ਕਿਉਂਕਿ ਇੰਗਲੈਂਡ ਦੇ ਕਾਨੂੰਨ ਅਧੀਨ ਦਲੀਪ ਸਿੰਘ ਨੂੰ ਦੇਸ਼ ਤੋਂ ਬਾਹਰ ਜਾਣ ਤੋਂ ਵਰਜਿਆ ਨਹੀਂ ਜਾ ਸਕਦਾ ਸੀ। ਪਰ ਉਸ ਨੇ ਇੰਨਾ ਜ਼ਰੂਰ ਕਿਹਾ

1. -ਉਹੀ-
2. ਏਸ਼ੀਆਟਿਕ ਕੁਆਰਟਰਲੀ, 1894

ਕਿ ਜੇ ਕਿਤੇ ਭਾਰਤ 'ਚ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ, ਤਾਂ ਭਾਰਤ ਸਰਕਾਰ ਮਹਾਰਾਜੇ ਨੂੰ ਆਪਣੇ ਦੇਸ਼ ਜਾਂ ਦੇਸ਼ ਦੇ ਕਿਸੇ ਹਿੱਸੇ 'ਚ ਦਾਖ਼ਲ ਹੋਣ ਤੋਂ ਜ਼ਰੂਰ ਰੋਕ ਸਕਦੀ ਹੈ।

ਅਪ੍ਰੈਲ 1886 'ਚ ਮਹਾਰਾਜਾ ਦਲੀਪ ਸਿੰਘ ਆਪਣੇ ਵਤਨ ਪਰਤਦੇ ਸਮੇਂ ਅਦਨ ਪੁੱਜੇ। ਉਥੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਕਿਉਂਕਿ ਉਨ੍ਹਾਂ ਦੀ ਆਪਣੀ ਮਾਤਭੂਮੀ 'ਤੇ ਵਾਪਸੀ ਦੀ ਖ਼ਬਰ ਫੈਲਦਿਆਂ ਹੀ ਪੰਜਾਬ ਵਿਚ ਕੁਝ ਗੜਬੜੀ ਹੋ ਗਈ ਸੀ ਕਿਉਂਕਿ ਲੋਕਾਂ 'ਚ ਇੱਕ ਨਵਾਂ ਜੋਸ਼ ਭਰ ਗਿਆ ਸੀ। ਅਜਿਹੇ ਹਾਲਾਤ 'ਚ ਵਫ਼ਾਦਾਰ ਸਿੱਖਾਂ - ਮੁਖੀ, ਸਿੰਘ ਸਭਾਵਾਂ ਦੇ ਮੈਂਬਰਾਂ, ਕਾਰਕੁੰਨਾਂ ਤੇ ਹੋਰ ਬਹੁਤ ਸਾਰਿਆਂ ਲਈ ਅੰਗਰੇਜ਼ ਸਰਕਾਰ ਪ੍ਰਤੀ ਵਫ਼ਦਾਰੀ ਵਿਖਾਉਣ ਦਾ ਮੌਕਾ ਜੁ ਮਿਲਣ ਲੱਗਾ ਸੀ। ਤਦ ਤੁਰੰਤ ਸਰਕਾਰੀ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਉਨ੍ਹਾਂ ਸਭਨਾਂ ਨੇ ਪਹਿਲਾਂ ਹੀ ਆਪਣੇ ਪੂਰੇ ਸਮਰਥਨ ਦੀ ਪੇਸ਼ਕਸ਼ ਕਰਦਿਆਂ ਕਿਹਾ ਕਿ ਮਹਾਰਾਜਾ ਦੇ ਪਰਤਣ 'ਤੇ ਵੱਡੇ ਖ਼ਤਰੇ ਦੀ ਸੰਭਾਵਨਾ ਹੈ, ਇਸ ਲਈ ਉਨ੍ਹਾਂ ਨੂੰ ਪਹਿਲਾਂ ਹੀ ਰੋਕਣਾ ਹੋਵੇਗਾ। ਜਿੱਥੋਂ ਤੱਕ ਮਹਾਰਾਜਾ ਦੇ ਸਿੱਖ ਪਾਹੁਲ ਹਾਸਲ ਕਰਨ ਦਾ ਸੁਆਲ ਸੀ, ਉਨ੍ਹਾਂ ਦੀ ਉਹ ਇੱਛਾ ਪੂਰੀ ਹੋ ਗਈ ਸੀ ਕਿਉਂਕਿ ਅਦਨ 'ਚ ਇਹ ਰਸਮ ਮੁਕੰਮਲ ਕਰ ਲੈਣ ਦਾ ਇੰਤਜ਼ਾਮ ਕਰ ਲਿਆ ਗਿਆ ਸੀ। ਮਹਾਰਾਜਾ ਉੱਥੇ ਕੁਝ ਸਮੇਂ ਲਈ ਰੁਕੇ ਰਹੇ ਪਰ ਫਿਰ ਮੰਦੇਭਾਗੀਂ ਬੀਮਾਰ ਪੈ ਗਏ ਤੇ ਉਨ੍ਹਾਂ ਦੀ ਸਿਹਤ ਕਾਫ਼ੀ ਵਿਗੜ ਗਈ।

ਮਹਾਰਾਜਾ 3 ਜੂਨ, 1886 ਨੂੰ ਅਦਨ ਤੋਂ ਮਰਸੇਲਸ ਲਈ ਰਵਾਨਾ ਹੋਏ। ਹੁਣ ਉਨ੍ਹਾਂ ਦੇ ਮਨ 'ਚ ਪੂਰੀ ਤਰ੍ਹਾਂ ਕੜਵਾਹਟ ਭਰੀ ਹੋਈ ਸੀ। ਸਰਕਾਰ ਦੀ ਹਾਲੀਆ ਕਾਰਵਾਈ ਕਾਰਣ ਉਹ ਬ੍ਰਿਟਿਸ਼ ਹਾਕਮਾਂ ਦੇ ਹੋਰ ਵੀ ਖ਼ਿਲਾਫ਼ ਹੋ ਗਏ ਸਨ। ਉਨ੍ਹਾਂ ਨੇ "ਉਨ੍ਹਾਂ ਨੇ ਆਪਣੇ ਮਨ 'ਚ ਵਾਇਸਰਾਇ, ਗਵਰਨਰਾਂ, ਮੰਤਰੀਆਂ ਤੇ ਭਾਰਤ ਦੇ ਹੋਰ ਅਜਿਹੇ ਉੱਚ ਅਧਿਕਾਰੀਆਂ ਪ੍ਰਤੀ ਆਪਣੀ ਨਫ਼ਰਤ ਸਦਾ ਜਾਰੀ ਰੱਖਣ ਦਾ ਸੰਕਲਪ ਲਿਆ।" ਇਸ ਬਾਰੇ ਸਪੱਸ਼ਟ ਸੰਕੇਤ ਨਿਮਨਲਿਖਤ ਟੈਲੀਗ੍ਰਾਮ (ਤਾਰ) ਤੋਂ ਮਿਲਦਾ ਹੈ, ਜੋ 5 ਜੁਲਾਈ, 1886 ਨੂੰ 'ਦਿ ਟਾਈਮਜ਼' 'ਚ ਛਪੀ ਸੀ[2]।

"ਮਹਾਰਾਜਾ ਦਲੀਪ ਸਿੰਘ ਨੇ 'ਦਿ ਟਾਈਮਜ਼ ਆੱਫ਼ ਇੰਡੀਆ' ਨੂੰ ਇੱਕ ਅਸਾਧਾਰਨ ਕਿਸਮ ਦੀ ਚਿੱਠੀ ਲਿਖੀ ਹੈ। ਉਹ ਕੁਝ ਇੰਝ ਸ਼ੁਰੂ ਕਰਦੇ ਹਨ ਕਿ ਇੰਗਲੈਂਡ ਤੋਂ ਰਵਾਨਗੀ ਪਾਉਣ ਤੋਂ ਪਹਿਲਾਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ 50,000 ਪੌਂਡ[3] ਦੀ ਪੇਸ਼ਕਸ਼ ਕੀਤੀ ਸੀ, ਬਸ਼ਰਤੇ ਜੇ ਉਹ ਕਦੇ ਵੀ ਭਾਰਤ ਨਾ ਪਰਤਣ। ਉਨ੍ਹਾਂ ਇਹ ਰਕਮ ਵੀ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੂੰ ਤਾਂ 500,000 ਪੌਂਡ ਵੀ

---

1. ਏਸ਼ੀਆਟਿਕ ਕੁਆਰਟਰਲੀ, 1894.
2. -ਉਹੀ-
3. ਲੇਡੀ ਲੌਗਿਨ ਅਨੁਸਾਰ, ਇਹ ਪੇਸ਼ਕਸ਼ ਵਿਦੇਸ਼ ਮੰਤਰੀ ਵੱਲੋਂ ਕਰਨਲ ਸਰ ਓਵੇਨ ਬਰਨੇ ਰਾਹੀਂ ਦਿੱਤੀ ਗਈ ਸੀ। ਇਹ ਇੱਕ ਤਰ੍ਹਾਂ ਗੁਪਤ ਤੌਰ 'ਤੇ ਦਿੱਤਾ ਧਨ ਤੇ ਦਿਲਾਸਾ ਪੁਰਸਕਾਰ ਸੀ। 'ਲੇਡੀ ਲੌਗਿਨ'ਜ਼ ਰੀਕੁਲੈਕਸ਼ਨਜ਼', 1916 'ਚ ਲੰਦਨ 'ਚ ਪ੍ਰਕਾਸ਼ਿਤ, ਪੰਨਾ 257

ਪ੍ਰਵਾਨ ਨਹੀਂ। ਅਦਨ 'ਚ ਰਹਿਣ ਦੌਰਾਨ ਉਨ੍ਹਾਂ ਦੀ ਸਿਹਤ ਖ਼ਰਾਬ ਹੋ ਗਈ ਸੀ, ਇਸੇ ਲਈ ਉਹ ਹੁਣ ਜਰਮਨੀ ਵਾਪਸ ਜਾ ਰਹੇ ਹਨ। ਪਰ ਉਨ੍ਹਾਂ ਨੂੰ ਪਹਿਲਾਂ ਹੀ ਬੰਬਈ 'ਚ ਜਾਣ ਤੋਂ ਰੋਕ ਦਿੱਤਾ ਗਿਆ ਹੈ, ਇਸ ਮਾਮਲੇ 'ਚ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਹੋਰ ਵੀ ਰਾਹ ਹਨ। ਜੇ ਉਨ੍ਹਾਂ ਨੇ ਪਰਤਣਾ ਹੋਵੇ ਤਾਂ ਉਹ ਗੋਆ ਜਾਂ ਪਾਂਡੀਚੇਰੀ ਕਿਤੋਂ ਵੀ ਭਾਰਤ 'ਚ ਦਾਖ਼ਲ ਹੋ ਸਕਦੇ ਹਨ ਜਾਂ ਰੂਸ ਰਸਤੇ ਪੰਜਾਬ 'ਚ ਦਾਖ਼ਲ ਹੋ ਸਕਦੇ ਹਨ।''

"ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰੋਕਣ ਲਈ ਹੁਣ ਪੂਰੀ ਭਾਰਤੀ ਫ਼ੌਜ ਵੀ ਭੇਜੀ ਜਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਹੈ ਕਿ ਭਾਰਤੀ ਟੈਕਸ-ਦਾਤੇ ਹੁਣ ਇਹ ਜਾਣ ਕੇ ਖ਼ੁਸ਼ ਹੋਣਗੇ ਕਿ ਉਨ੍ਹਾਂ ਨੇ ਪੰਜਾਬ ਦੇ ਰਲ਼ੇਵੇਂ ਮੌਕੇ ਕੀਤੀ ਅਨੈਤਿਕ ਸੰਧੀ ਅਧੀਨ ਮਿਲਣ ਵਾਲੀ ਘਿਨਾਉਣੀ ਰਕਮ ਲੈਣ ਤੋਂ ਹੁਣ ਮਨ੍ਹਾ ਕਰ ਦਿੱਤਾ ਹੈ। ਉਨ੍ਹਾਂ ਨੂੰ ਆਸ ਹੈ ਕਿ ਉਹ ਸਿਹਤ ਠੀਕ ਹੋਣ ਤੋਂ ਬਾਅਦ ਪੂਰਬ 'ਚ ਆਪਣੇ ਰਾਜਕੁਮਾਰ ਭਰਾਵਾਂ ਤੇ ਭਾਰਤ ਦੀ ਜਨਤਾ ਤੋਂ ਕੁਝ ਆਰਥਿਕ ਸਹਾਇਤਾ ਲਈ ਅਪੀਲ ਕਰਨਗੇ। ਉਂਝ ਜੇ ਇਹ ਸਰਕਾਰ ਮੇਰੇ 'ਤੇ ਕੀਤੀ ਜਾ ਰਹੀ ਆਪਣੀ ਦਿਆਲਤਾ ਤਿਆਗੇ, ਤਾਂ ਉਹ ਯੂਰੋਪ ਦੇ ਕਿਸੇ ਹੋਰ ਤਾਕਤਵਰ ਦੇਸ਼ 'ਚ ਰਹਿਣਾ ਚਾਹੁਣਗੇ, ਜਿੱਥੇ ਬੇਸ਼ੱਕ ਉਨ੍ਹਾਂ ਨੂੰ ਰਹਿਣ-ਸਹਿਣ ਜੋਗਾ ਖ਼ਰਚਾ ਦੇ ਹੀ ਦਿੱਤਾ ਜਾਵੇਗਾ।''

ਅਦਨ ਦੀ ਘਟਨਾ ਤੋਂ ਬਾਅਦ ਮਹਾਰਾਜਾ ਨੇ ਇੰਗਲੈਂਡ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ। ਉਹ ਆਪਣੇ ਗਹਿਣਿਆਂ ਦੀ ਪੈਰਿਸ 'ਚ ਜਨਤਕ ਨੀਲਾਮੀ ਕਰਨਗੇ ਤੇ ਫਿਰ ਇੰਗਲੈਂਡ ਪਰਤ ਜਾਣਗੇ ਤੇ ਫਿਰ ਬ੍ਰਿਟਿਸ਼ ਸਰਕਾਰ ਦੇ ਤਰਸ 'ਤੇ ਨਿਰਭਰ ਰਹਿਣਗੇ। ਲੇਡੀ ਲੌਗਿਨ ਨੇ ਇਸ ਬਾਰੇ ਲਿਖਿਆ, "ਆਪਣੇ ਅਪਮਾਨ ਤੋਂ ਡਾਢੇ ਰੋਹ 'ਚ ਆਏ ਮਹਾਰਾਜਾ ਨੇ ਆਪਣੀ ਪੈਨਸ਼ਨ ਸਰਕਾਰ ਦੇ ਮੂੰਹ 'ਤੇ ਵਗਾਹ ਕੇ ਮਾਰੀ, ਆਪਣੀ ਪਤਨੀ ਤੇ ਪਰਿਵਾਰ ਨੂੰ ਉਨ੍ਹਾਂ ਦੇ ਹੱਥਾਂ 'ਚ ਸੌਂਪ ਕੇ ਉਹ ਇੰਗਲੈਂਡ ਤੋਂ ਚਲੇ ਗਏ ਤੇ ਆਪਣੀ ਕਿਰਪਾਨ ਤੇ ਸੇਵਾਵਾਂ ਹੁਣ ਰੂਸ ਦੇ ਸਮਰਾਟ ਹਵਾਲੇ ਕਰਨ ਦੀ ਮਨਸ਼ਾ ਪ੍ਰਗਟਾਈ।[1]''

ਕੁਝ ਮਹੀਨੇ ਫ਼ਰਾਂਸ 'ਚ ਬਿਤਾਉਣ ਤੋਂ ਬਾਅਦ ਉਹ ਜਰਮਨੀ ਚਲੇ ਗਏ ਤੇ ਫਿਰ ਉੱਥੋਂ ਰੂਸ ਗਏ, ਜਿੱਥੇ ਉਨ੍ਹਾਂ ਦਾ "ਸ਼ਾਨਦਾਰ ਸੁਆਗਤ" ਹੋਇਆ। ਰੂਸੀ ਮਹਾਰਾਜ ਦੇ ਨਾਂਅ ਤੋਂ ਅਣਜਾਣ ਨਹੀਂ ਸਨ। ਉਨ੍ਹਾਂ ਨੂੰ ਹਰ ਵੇਲੇ ਇਸ ਗੱਲ ਦਾ ਬਹੁਤ ਅਫ਼ਸੋਸ ਰਿਹਾ ਕਿ "ਉਹ ਇੱਕ ਚੰਗੇ ਈਸਾਈ ਸਨ ਪਰ ਉਹ ਹੁਣ ਰੂਸੀਆਂ ਤੋਂ ਖੁੱਸ ਕੇ ਸਿੱਖਾਂ ਕੋਲ ਚਲੇ ਗਏ ਹਨ।" ਇਹ ਗੱਲ ਰਿਕਾਰਡ 'ਤੇ ਮੌਜੂਦ ਹੈ ਕਿ ਜਦੋਂ ਮਹਾਰਾਜਾ 1876 'ਚ ਸਤਰਾਸਬਰਗ ਰੇਲਵੇ ਸਟੇਸ਼ਨ 'ਤੇ ਸਨ, ਤਾਂ ਰੂਸੀ ਅਧਿਕਾਰੀਆਂ ਦੀ ਇੱਕ ਟੀਮ ਆਈ, ਜੋ ਭਾਰਤੀ ਮਾਮਲਿਆਂ ਬਾਰੇ ਉਤਸੁਕਤਾ ਵੱਸ ਵਿਚਾਰ-ਵਟਾਂਦਰਾ ਕਰਨ ਲੱਗੀ ਤੇ ਉਨ੍ਹਾਂ ਨੇ ਮਹਾਰਾਜਾ ਨਾਲ ਸੰਪਰਕ ਕਰ ਲੈਣਾ ਸੀ ਜੇ ਉੱਥੇ ਡਾ. ਲੀਟਨਰ ਨਾ ਹੁੰਦੇ।

1. ਲੇਡੀ ਲੌਗਿਨ'ਜ਼ ਰੀਕੁਲੈਕਸ਼ਨਜ਼, ਪੰਨਾ 258

ਉਹ 1887 ਦੇ ਆਰੰਭ 'ਚ ਰੂਸ ਪੁੱਜੇ। ਰੂਸ ਤੋਂ ਉਨ੍ਹਾਂ ਆਪਣੇ ਦੋਸਤਾਂ ਨੂੰ ਕਈ ਚਿੱਠੀਆਂ ਲਿਖੀਆਂ। ਉਨ੍ਹਾਂ 'ਚੋਂ ਦੋ ਚਿੱਠੀਆਂ ਇੱਕ ਫ਼ਰੈਂਚ ਦੋਸਤ ਨੂੰ ਲਿਖੀਆਂ ਗਈਆਂ ਸਨ, ਜੋ ਸੋਮਵਾਰ, 9 ਜਨਵਰੀ, 1888 ਨੂੰ 'ਦਿ ਟਾਈਮਜ਼' 'ਚ ਛਪੀਆਂ ਸਨ। ਉਹ ਇਸ ਲਈ ਅਹਿਮ ਹਨ ਕਿਉਂਕਿ ਉਨ੍ਹਾਂ ਤੋਂ ਦਲੀਪ ਸਿੰਘ ਦੀਆਂ ਭਵਿੱਖ ਦੀਆਂ ਯੋਜਨਾਵਾਂ ਤੇ ਉਨ੍ਹਾਂ ਨੂੰ ਰੂਸੀਆਂ ਤੋਂ ਮਿਲੇ ਹੁੰਗਾਰੇ ਬਾਰੇ ਜਾਣਕਾਰੀ ਮਿਲਦੀ ਹੈ। ਉਨ੍ਹਾਂ 'ਚੋਂ ਇੱਕ ਪੂਰੀ ਚਿੱਠੀ ਇੱਥੇ ਇੰਨ੍ਹ-ਬਿੰਨ੍ਹ ਦਿੱਤੀ ਜਾਂਦੀ ਹੈ[1]।

ਹੋਟਲ ਬਿੱਲੋ, ਮਾਸਕੋ, ਅਕਤੂਬਰ 28, 1887

ਮੌਨਸੀਅਰ ਲੀ ਕੋਮਤੇ,

ਮੈਂ ਤੁਹਾਡੀ ਇਸੇ ਮਹੀਨੇ ਦੀ 14 ਤਰੀਕ ਨੂੰ ਲਿਖੀ ਚਿੱਠੀ ਦਾ ਜੁਆਬ ਦੇਣ ਦੀ ਖ਼ੁਸ਼ੀ ਹਾਸਲ ਕਰ ਰਿਹਾ ਹਾਂ ਤੇ ਉਸ ਲਈ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਉਦੋਂ ਡਾਢੀ ਖ਼ੁਸ਼ੀ ਹੁੰਦੀ ਹੈ, ਜਦੋਂ ਕਿਸੇ ਅਜਿਹੇ ਵਿਅਕਤੀ ਨਾਲ ਜਾਣ-ਪਛਾਣ ਹੁੰਦੀ ਹੈ, ਜੋ ਅੰਗਰੇਜ਼ਾਂ ਨੂੰ ਮੇਰੇ ਜਿੰਨੀ ਹੀ ਨਫ਼ਰਤ ਕਰਦਾ ਹੋਵੇ। ਮੈਨੂੰ ਇਹ ਜਾਣਕਾਰੀ ਦਿੰਦਿਆਂ ਬੇਹੱਦ ਅਫ਼ਸੋਸ ਹੈ ਕਿ ਤੁਹਾਡੇ ਮਹਾਨ ਗਣਰਾਜ ਦੇ ਰਾਸ਼ਟਰਪਤੀ ਨੇ ਮੇਰੇ ਪ੍ਰਤੀ ਸੁਹਿਰਦ ਰਵੱਈਆ ਨਹੀਂ ਪ੍ਰਗਟਾਇਆ ਕਿਉਂਕਿ ਸ੍ਰੀ ਗ੍ਰੇਵੀ ਨੇ ਹਾਲੇ ਤੱਕ ਮੇਰੀ ਇੱਕ ਚਿੱਠੀ ਦਾ ਜੁਆਬ ਨਹੀਂ ਦਿੱਤਾ ਹੈ, ਜਦ ਕਿ ਮੈਂ ਪੈਰਿਸ ਤੋਂ ਰਵਾਨਾ ਹੋਣ ਤੋਂ ਕੁਝ ਮਹੀਨੇ ਪਹਿਲਾਂ ਉਨ੍ਹਾਂ ਤੋਂ ਫ਼ਰੈਂਚ ਸੁਰੱਖਿਆ ਮੰਗੀ ਸੀ, ਤਾਂ ਜੋ ਮੈਂ ਪਾਂਡੀਚੇਰੀ 'ਚ ਜਾ ਕੇ ਰਹਿ ਸਕਾਂ।

ਪਰ ਹੁਣ ਮੈਨੂੰ ਕੋਈ ਚਿੰਤਾ ਨਹੀਂ ਹੈ ਕਿਉਂਕਿ ਮੈਨੂੰ ਮੇਰੀ ਕਿਸਮਤ ਰੂਸ ਦੇ ਆਜ਼ਾਦ ਸਮਰਾਟ ਦੇ ਪੈਰਾਂ 'ਚ ਲੈ ਆਈ ਹੈ, ਜਿਨ੍ਹਾਂ ਦੀ ਮੈਂ ਸਾਰੀ ਉਮਰ ਸੇਵਾ ਕਰਾਂਗਾ, ਜੇ ਉਨ੍ਹਾਂ ਦੀ ਮੈਨੂੰ ਆਪਣੀ ਸੇਵਾ 'ਚ ਹਾਜ਼ਰ ਕਰਨ ਦੀ ਮਰਜ਼ੀ ਹੋਵੇਗੀ। ਮੇਰੇ ਦੇਸ਼ ਵਾਸੀਆਂ ਪ੍ਰਤੀ ਤੁਹਾਡੀ ਦਿਆਲਤਾ ਭਰੀ ਹਮਦਰਦੀ ਲਈ ਤੁਹਾਡਾ ਤਹਿ ਦਿਲੋਂ ਸ਼ੁਕਰੀਆ, ਮੈਨੂੰ ਆਸ ਹੈ ਕਿ ਮੈਂ ਇੱਕ ਦਿਨ ਮੇਰੇ ਬਾਰੇ ਕੀਤੀ ਗਈ ਉਸ ਭਵਿੱਖਬਾਣੀ[2] ਅਨੁਸਾਰ ਆਪਣੇ ਦੇਸ਼ ਵਾਸੀਆਂ ਨੂੰ ਜ਼ਰੂਰ ਮਿਲਾਂਗਾ, ਜੋ ਸਿੱਖਾਂ ਦੇ ਆਖ਼ਰੀ ਧਾਰਮਿਕ ਨੇਤਾਵਾਂ ਨੇ ਸਾਲ 1725 'ਚ ਲਿਖੀ ਸੀ।

ਤੁਹਾਡਾ ਵਿਸ਼ਵਾਸਪਾਤਰ ਦਲੀਪ ਸਿੰਘ, ਮਾਣਮੱਤਾ ਆਜ਼ਾਦ ਸਿੱਖ ਰਾਸ਼ਟਰ, ਇੰਗਲੈਂਡ ਦਾ ਕੱਟੜ ਦੁਸ਼ਮਣ।

ਦੂਜੀ ਚਿੱਠੀ 4 ਨਵੰਬਰ, 1887 ਨੂੰ ਲਿਖੀ ਗਈ ਸੀ, ਜੋ ਪੂਰੀ ਤਰ੍ਹਾਂ ਨਿੱਜੀ ਕਿਸਮ ਦੀ ਸੀ। ਉਸ ਤੋਂ ਕੁਝ ਹਲਕੇ ਜਿਹੇ ਢੰਗ ਨਾਲ ਮਹਾਰਾਜਾ ਦੇ ਆਪਣੇ ਦੋਸਤਾਂ ਪ੍ਰਤੀ ਵਿਵਹਾਰ ਬਾਰੇ ਜਾਣਕਾਰੀ ਮਿਲਦੀ ਹੈ। ਵਧੇਰੇ ਅਹਿਮ ਗੱਲ ਇਹ ਹੈ ਕਿ ਇਹ ਚਿੱਠੀ ਵੀ ਉਪਰੋਕਤ ਚਿੱਠੀ ਵਾਂਗ ਹੀ ਸਮਾਪਤ ਹੁੰਦੀ ਹੈ।

1. ਏਸ਼ੀਆਟਿਕ ਕੁਆਰਟਰਲੀ, 1894
2. ਇੱਥੇ ਉਨ੍ਹਾਂ 'ਤੇ ਕੂਕਾ ਪ੍ਰਭਾਵ ਵਿਖਾਈ ਦਿੰਦਾ ਹੈ।

ਰੂਸ 'ਚ ਉਨ੍ਹਾਂ ਦੀ ਆਮਦ ਦੇ ਕੁਝ ਸਮੇਂ ਬਾਅਦ ਦਲੀਪ ਸਿੰਘ ਨੇ ਇੱਕ ਐਲਾਨ ਕੀਤਾ, ਜੋ ਬਾਅਦ 'ਚ 5 ਅਗਸਤ, 1889 ਨੂੰ 'ਦਿ ਟਾਈਮਜ਼' 'ਚ ਛਪਿਆ। ਉਨ੍ਹਾਂ ਦੇ ਵਿਰੋਧੀਆਂ ਨੇ ਉਸ ਐਲਾਨ ਨੂੰ 'ਰਾਜ-ਧਰੋਹੀ ਐਲਾਨ' ਕਰਾਰ ਦੇ ਕੇ ਸਖ਼ਤ ਨਿੰਦਾ ਕੀਤੀ ਸੀ ਪਰ ਅਸਲ 'ਚ ਉਹੀ ਐਲਾਨ ਉਨ੍ਹਾਂ ਦੀ ਦੇਸ਼-ਭਗਤੀ ਦਾ ਸਮਾਰਕ ਹੈ। 'ਦਿ ਟਾਈਮਜ਼' ਨੇ ਉਸ ਦਾ ਖ਼ੁਲਾਸਾ ਕੁਝ ਇੰਝ ਕੀਤਾ ਸੀ:

"ਮਹਾਰਾਜਾ ਦਲੀਪ ਸਿੰਘ ਦੀ ਅਪੀਲ ਅਸਾਧਾਰਨ ਕਿਸਮ ਦੀ ਹੈ, ਜੋ ਉਨ੍ਹਾਂ ਭਾਰਤ ਦੀ ਜਨਤਾ ਨੂੰ ਕੀਤੀ ਹੈ ਤੇ ਪ੍ਰੈੱਸ 'ਚ ਛਾਪੀ ਜਾਂਦੀ ਹੈ। ਭਵਿੱਖ ਦੀ ਦੂਰਦਰਸ਼ਤਾ ਤੇ ਆਪਣੇ ਸ਼ਾਹੀ ਰੁਤਬੇ ਦੀ ਵਰਤੋਂ ਕਰਦਿਆਂ ਉਨ੍ਹਾਂ ਆਪਣੇ ਦੇਸ਼ ਦੇ 25 ਕਰੋੜ ਨਾਗਰਿਕਾਂ ਚੋਂ ਹਰੇਕ ਨੂੰ ਹਰ ਮਹੀਨੇ ਸਿਰਫ਼ ਇੱਕ ਪੈਸਾ ਪਰ ਪੰਜਾਬ ਦੇ ਹਰੇਕ ਵਿਅਕਤੀ ਨੂੰ ਇੱਕ ਆਨਾ ਦਾਨ ਕਰਨ ਦੀ ਅਪੀਲ ਕੀਤੀ ਹੈ। ਭਾਰਤ ਦਾ ਜਨਤਕ ਕਰਜ਼ਾ (ਇਸ ਦਸਤਾਵੇਜ਼ 'ਚ) ਮਾਫ਼ ਕੀਤਾ ਜਾਂਦਾ ਹੈ; ਟੈਕਸਾਂ ਦਾ ਭੁਗਤਾਨ ਰੋਕ ਦਿੱਤਾ ਗਿਆ ਹੈ, ਗਊ-ਹੱਤਿਆ 'ਤੇ ਪਾਬੰਦੀ ਲਾ ਦਿੱਤੀ ਗਈ ਹੈ, ਕੈਦੀਆਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ ਅਤੇ ਜਿਹੜੇ ਵੀ ਵਿਅਕਤੀ ਬ੍ਰਿਟਿਸ਼ ਸਰਕਾਰ ਦੀ ਤਾਨਾਸ਼ਾਹੀ ਤੇ ਅਨਿਆਂ ਹੱਥੋਂ ਪੀੜਤ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰ ਮਿਲਣਗੇ। ਉਹ ਯੂਰੋਪੀਅਨ ਫ਼ੌਜ ਨਾਲ ਰੂਸ ਦੀ ਭੌਤਿਕ ਮਦਦ ਨਾਲ ਭਾਰਤ 'ਚ ਦਾਖ਼ਲ ਹੋਣਗੇ[1]।"

ਮਹਾਰਾਜਾ ਦੀ ਇਸ ਅਪੀਲ ਦਾ ਸਿੱਖਾਂ ਤੋਂ ਕੋਈ ਵੀ ਹਾਂ-ਪੱਖੀ ਹੁੰਗਾਰਾ ਨਾ ਮਿਲਿਆ, ਹੋਰਨਾਂ ਤੋਂ ਤਾਂ ਬਹੁਤ ਘੱਟ ਮਿਲਿਆ ਪਰ ਕੂਕਿਆਂ ਤੋਂ ਜੋ ਕੁਝ ਮਿਲਿਆ, ਉਹ ਵਰਣਨਯੋਗ ਸੀ। ਕਿਸੇ ਮਦਦ ਦੇ ਵਾਅਦੇ ਦੀ ਥਾਂ ਸਗੋਂ ਰੋਹ ਭਰਪੂਰ ਦਾਅਵਾ-ਤਿਆਗ ਦਲੀਪ ਸਿੰਘ ਹੁਰਾਂ ਨੂੰ ਮਿਲਿਆ, ਜਿਸ ਵਿੱਚ ਸਿੱਖ ਮੁਖੀਆਂ ਤੇ ਸਿੰਘ ਸਭਾਵਾਂ ਦੇ ਆਗੂਆਂ ਨੇ 'ਖ਼ਾਲਸਾ' ਵਜੋਂ ਉਨ੍ਹਾਂ ਨੂੰ ਬਹੁਤ ਰੁੱਖੇ ਜਿਹੇ ਢੰਗ ਨਾਲ ਇਹੋ ਆਖਿਆ ਗਿਆ ਸੀ ਕਿ ਉਹ ਬ੍ਰਿਟਿਸ਼ ਸਰਕਾਰ ਵਿਰੁੱਧ ਉਨ੍ਹਾਂ ਦੀ ਮੂਰਖਾਨਾ ਬਗ਼ਾਵਤ ਵਿੱਚ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਨਗੇ।

ਦਲੀਪ ਸਿੰਘ ਨਵੰਬਰ 1888 ਤੱਕ ਰੂਸ 'ਚ ਰਹੇ ਤੇ ਉਨ੍ਹਾਂ ਰੂਸੀ ਮਦਦ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਪਰ ਸਫ਼ਲਤਾ ਦੀਆਂ ਸੰਭਾਵਨਾਵਾਂ ਜਿਵੇਂ ਹੋਰ ਦੂਰ ਤੇ ਹੋਰ ਦੂਰ ਜਾਂਦੀਆਂ ਰਹੀਆਂ। ਬਾਅਦ 'ਚ ਉਹ ਖ਼ਾਲਸਾ ਪੰਥ ਦੇ ਦਾਅਵਾ-ਤਿਆਗ ਦਾ ਝਟਕਾ ਕਦੇ ਵੀ ਭੁਲਾ ਨਾ ਸਕੇ। ਇਸ ਤੋਂ ਇਲਾਵਾ ਸਿੱਖ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਇਮਦਾਦ ਦੇਣ ਤੋਂ ਕੋਰੀ ਨਾਂਹ ਕਾਰਨ ਉਨ੍ਹਾਂ ਨੂੰ ਰੂਸ ਤੋਂ ਮਿਲਣ ਵਾਲੀ ਮਦਦ ਵੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਈ। ਇਹ ਕਾਰਣ ਵੀ ਹੋ ਸਕਦਾ ਸੀ ਕਿ 1887 'ਚ ਸਰਹੱਦੀ ਨਿਬੇੜਾ ਹੋਣ ਪਿੱਛੋਂ ਰੂਸੀਆਂ ਦਾ ਇੰਗਲੈਂਡ ਪ੍ਰਤੀ ਵਤੀਰਾ ਕੁਝ ਨਰਮ ਪੈ ਗਿਆ ਸੀ। ਇਸੇ ਲਈ ਮਹਾਰਾਜਾ ਨੂੰ ਡਾਢੀ ਨਿਰਾਸ਼ਾ 'ਚ ਰੂਸ ਤੋਂ ਪੈਰਿਸ ਜਾਣਾ ਪਿਆ। ਫਿਰ ਛੇਤੀ ਹੀ ਪਿੱਛੋਂ ਉਨ੍ਹਾਂ ਨੂੰ ਅਧਰੰਗ ਹੋ ਗਿਆ, ਜਿਸ ਕਾਰਨ ਮਜਬੂਰਨ ਉਨ੍ਹਾਂ ਆਪਣੀ ਅਗਲੀ ਸਾਰੀ ਉਮਰ ਫ਼ਰਾਂਸ 'ਚ

1. ਏਸ਼ੀਆਟਿਕ ਕੁਆਰਟਰਲੀ, 1894

ਹੀ ਬਿਤਾਉਣੀ ਪਈ। 22 ਅਕਤੂਬਰ, 1893 ਨੂੰ ਉਨ੍ਹਾਂ ਦਾ ਹੋਟਲ ਡੀ ਲਾ ਟ੍ਰੈਮੂਵਿਲਾ (ਪੈਰਿਸ) 'ਚ ਦਿਹਾਂਤ ਹੋ ਗਿਆ। ਉਨ੍ਹਾਂ ਨੂੰ ਅਚਾਨਕ ਅਧਰੰਗ ਦਾ ਦੌਰਾ ਪਿਆ। ਚਾਰ ਦਿਨਾਂ ਪਿੱਛੋਂ ਮਹਾਰਾਜੇ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੀ ਵਿਧਵਾ ਮਹਾਰਾਣੀ ਐਡਾ ਤੇ ਉਨ੍ਹਾਂ ਦੇ ਬੱਚੇ ਦਫ਼ਨਾਉਣ ਲਈ ਐਲਵੇਡੋਂਨ ਲੈ ਗਏ।

ਦਿਹਾਂਤ ਤੋਂ ਥੋੜ੍ਹਾ ਸਮਾਂ ਪਹਿਲਾਂ ਦਲੀਪ ਸਿੰਘ ਨੂੰ ਪੈਰਿਸ ਦੇ ਹੋਟਲ ਡੀ ਚੋਇਸਿਉਲ 'ਚ ਡਾ. ਲੀਟਨਰ ਨਾਲ ਮੁਲਾਕਾਤ ਦਾ ਮੌਕਾ ਮਿਲਿਆ। ਲੀਟਨਰ ਦਾ ਕਹਿਣਾ ਹੈ ਕਿ ਉਸ ਵੇਲੇ ਉਹ ਬਹੁਤ ਪ੍ਰੇਸ਼ਾਨ ਤੇ ਬਹੁਤ ਪਸ਼ਚਾਤਾਪੀ ਜਿਹੇ ਜਾਪੇ ਸਨ। ਪਰ ਬਿਨਾਂ ਕਿਸੇ ਨਖ਼ਰੇ ਦੇ ਉਨ੍ਹਾਂ ਆਪਣੇ ਈਸਾਈ ਦੋਸਤ ਨੂੰ ਕਿਹਾ: "ਮੈਂ ਤੁਹਾਡੇ ਈਸ਼ਵਰ ਨੂੰ ਛੱਡ ਦਿੱਤਾ ਹੈ। ਉਨ੍ਹਾਂ ਮੈਨੂੰ ਮਿੱਟੀ 'ਚ ਰੋਲ਼ ਦਿੱਤਾ ਹੈ, ਮੈਂ ਉਨ੍ਹਾਂ ਦੇ ਪਵਿੱਤਰ ਨਾਂਅ ਦੀ ਜੈ-ਜੈਕਾਰ ਕਰਦਾ ਹਾਂ। ਮੈਂ ਤਦ ਕਦੇ ਵੀ ਖ਼ੁਸ਼ ਨਹੀਂ ਸਾਂ, ਜਦੋਂ ਮੈਂ ਸਿਰਫ਼ ਕੁਝ ਫ਼ਰੈਂਕਾਂ ਨਾਲ ਰੂਸ ਦੇ ਇੱਕ ਹੋਟਲ 'ਚ ਗੁਜ਼ਾਰਾ ਕਰਦਾ ਸਾਂ[1]।" ਇਹ ਗੱਲ ਲੋਕਾਂ ਨੂੰ ਲੀਟਨਰ ਤੋਂ ਪਤਾ ਲੱਗੀ ਹੈ ਕਿ ਮਹਾਰਾਜਾ ਨੇ ਤਦ ਉਨ੍ਹਾਂ ਨਾਲ ਗੱਲਬਾਤ ਦੌਰਾਨ ਬਾਈਬਲ 'ਚੋਂ ਕਈ ਹਵਾਲੇ ਦਿੱਤੇ ਸਨ ਪਰ ਉਨ੍ਹਾਂ ਅਜਿਹਾ ਬਿਲਕੁਲ ਨਹੀਂ ਆਖਿਆ ਕਿ ਉਹ ਸਿੱਖ ਧਰਮ ਨੂੰ ਛੱਡ ਗਏ ਹਨ।

ਮਹਾਰਾਜਾ ਦੇ ਇੱਕ ਹੋਰ ਦੋਸਤ ਬੈਰਨ ਟੈਕਸਟਰ ਡੀ ਰਵਿਸੀ ਦਾ ਕਹਿਣਾ ਹੈ ਕਿ ਅੰਤ 'ਚ ਉਨ੍ਹਾਂ ਐਂਗਲੀਕਨ ਸਟੇਟ ਕਿਸਮ ਦੀ ਈਸਾਈਅਤ ਨੂੰ ਮੁੜ ਗ੍ਰਹਿਣ ਕਰ ਲਿਆ ਸੀ। ਲੀਵਨ ਦੇ ਅਰਲ ਪੈਰਿਸ 'ਚ ਉਨ੍ਹਾਂ ਨੂੰ ਮਿਲਣ ਲਈ ਗਏ ਸਨ, ਜਦੋਂ ਉਹ ਬੀਮਾਰ ਸਨ, ਉਨ੍ਹਾਂ ਵੀ ਬਿਲਕੁਲ ਇਹੋ ਗੱਲ ਆਖੀ ਸੀ। ਅਜਿਹਾ ਸੰਭਵ ਹੈ ਕਿ ਆਪਣੇ ਸਾਥੀ ਦੇਸ਼ ਵਾਸੀਆਂ ਵੱਲੋਂ ਉਨ੍ਹਾਂ ਪ੍ਰਤੀ ਵਿਖਾਏ ਮੋਹ-ਭੰਗ ਦੀ ਡਾਢੀ ਮਾਨਸਿਕ ਪਰੇਸ਼ਾਨੀ ਕਰ ਕੇ ਉਹ ਦਿਲ ਛੱਡ ਗਏ ਹੋਣ ਤੇ ਨਿਰਾਸ਼ਾ ਦੇ ਉਸ ਦੌਰ ਕਾਰਨ ਉਹ ਵਾਪਸ ਈਸਾਈਅਤ 'ਚ ਚਲੇ ਗਏ ਹੋਣ। ਇਹ ਵੀ ਸੰਭਵ ਹੈ ਕਿ ਉਨ੍ਹਾਂ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਦੇ ਦੋਸਤ ਬੈਰਨ ਟੈਕਸਟਰ ਕੁਝ ਦੁਨਿਆਵੀ ਤੇ ਹੋਰ ਕਾਰਨਾਂ ਕਰ ਕੇ ਉਨ੍ਹਾਂ ਦੀ ਵਿਧਵਾ ਤੇ ਬੱਚਿਆਂ ਨਾਲ ਸੰਪਰਕ ਕੀਤਾ ਹੋਵੇ, ਜਿਨ੍ਹਾਂ ਅੱਗੇ ਇਹ ਦੱਸਿਆ ਹੋਵੇ ਕਿ ਮਹਾਰਾਜਾ ਦਲੀਪ ਸਿੰਘ ਨੇ ਦੋਬਾਰਾ ਈਸਾਈ ਧਰਮ ਗ੍ਰਹਿਣ ਕਰ ਲਿਆ ਸੀ ਤੇ ਇੰਝ "ਮਹਾਰਾਣੀ ਵਿਕਟੋਰੀਆ ਪ੍ਰਤੀ ਆਪਣੀ ਵਫ਼ਾਦਾਰੀ ਤੇ ਪ੍ਰਿੰਸ ਆੱਫ਼ ਵੇਲਜ਼ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੋਵੇ।" ਖ਼ੈਰ, ਇਸ ਮਾਮਲੇ ਦਾ ਹੋਰ ਨਿਰੀਖਣ ਕੀਤਾ ਜਾ ਸਕਦਾ ਹੈ।

ਇੱਕ ਗੱਲ ਸਪੱਸ਼ਟ ਹੈ ਕਿ ਆਪਣੇ ਦਿਹਾਂਤ ਸਮੇਂ ਮਹਾਰਾਜੇ ਦੀ ਦਾੜ੍ਹੀ ਕੱਟੀ ਹੋਈ ਨਹੀਂ ਸੀ। ਇੱਕ ਹੋਰ ਗੱਲ ਜੋ ਇਸ ਸਬੰਧੀ ਚੇਤੇ ਰੱਖਣੀ ਲਾਹੇਵੰਦ ਹੋ ਸਕਦੀ ਹੈ ਕਿ ਉਹ ਅਕਸਰ ਅੰਗਰੇਜ਼ਾਂ ਨੂੰ ਵਿਅਕਤੀਆਂ ਦੇ ਤੌਰ 'ਤੇ ਅਤੇ ਅੰਗਰੇਜ਼ਾਂ ਨੂੰ ਇੱਕ ਰਾਸ਼ਟਰ ਵਜੋਂ ਨਿਖੇੜ ਕੇ ਹੀ ਵੇਖਿਆ ਕਰਦੇ ਸਨ। ਉਨ੍ਹਾਂ ਦਾ ਦੋਸਤ ਬੈਰਨ ਟੈਕਸਟਰ ਲਿਖਦਾ ਹੈ[2]: "ਉਨ੍ਹਾਂ ਸਾਦਗੀ ਨਾਲ ਇਸ ਗੱਲ 'ਤੇ ਹੈਰਾਨੀ ਪ੍ਰਗਟਾਈ ਸੀ ਕਿ ਜਿਹੜੇ

1. ਏਸ਼ੀਆਟਿਕ ਕੁਆਰਟਰਲੀ, 1894
2. -ਉਹੀ-

ਵਿਅਕਤੀਆਂ 'ਚ ਨਿੱਜੀ ਤੌਰ 'ਤੇ ਇੰਨੇ ਮਹਾਨ ਗੁਣ ਹੋਣ, ਉਹੀ ਇੱਕ ਰਾਸ਼ਟਰ ਵਜੋਂ ਹੋਰਨਾਂ ਲਈ ਇੰਨੇ ਖ਼ੁਦਗਰਜ਼ ਤੇ ਬੇਰਹਿਮ ਵੀ ਹੋ ਸਕਦੇ ਹਨ।'' ਮਹਾਰਾਣੀ ਵਿਕਟੋਰੀਆ ਨਾਲ ਉਨ੍ਹਾਂ ਦੇ ਸਬੰਧ ਸਦਾ ਸੁਖਾਵੇਂ ਹੀ ਰਹੇ। ਉਨ੍ਹਾਂ ਮਹਾਰਾਣੀ ਵਿਰੁੱਧ ਕਦੇ ਇੱਕ ਵੀ ਸਖ਼ਤ ਸ਼ਬਦ ਨਹੀਂ ਆਖਿਆ। ਪੈਰਿਸ 'ਚ ਆਪਣੇ ਅਧਰੰਗ ਦੇ ਦੌਰੇ ਵੇਲੇ ਉਨ੍ਹਾਂ ਮਹਾਰਾਣੀ ਨੂੰ ਇੱਕ ਬਹੁਤ ਮਿੱਠੀ ਜਿਹੀ ਚਿੱਠੀ ਲਿਖੀ ਸੀ। ਅਜਿਹੀ ਇੱਕ ਹੋਰ ਮਿੱਠੀ ਚਿੱਠੀ ਉਨ੍ਹਾਂ ਉਸ ਵੇਲੇ ਲੇਡੀ ਲੌਗਿਨ ਨੂੰ ਲਿਖੀ ਸੀ, ਜਿਸ ਨੂੰ ਉਨ੍ਹਾਂ ਇਹ ਆਖਿਆ ਸੀ ਕਿ ਜੇ ਕਦੇ ਮੈਦਾਨ-ਏ-ਜੰਗ 'ਚ ਉਸਦੇ ਕਿਸੇ ਰਿਸ਼ਤੇਦਾਰ ਨੂੰ ਮਿਲੇ, ਤਾਂ ਉਹ ਉਸ ਨੂੰ ਬਿਨਾਂ ਝਿਜਕ ਗੋਲ਼ੀ ਮਾਰ ਦੇਣਗੇ। ਪਰ ਇਨ੍ਹਾਂ ਚਿੱਠੀਆਂ ਦੀ ਵਿਆਖਿਆ ਕਿਵੇਂ ਕੀਤੀ ਜਾਵੇ, ਇਹ ਇੱਕ ਹੋਰ ਸਮੱਸਿਆ ਹੈ, ਜਿਸ ਦਾ ਨਿਰੀਖਣ ਕਰਨਾ ਹੋਵੇਗਾ। ਕੀ ਇਨ੍ਹਾਂ ਚਿੱਠੀਆਂ 'ਚ ਪ੍ਰਗਟਾਇਆ ਗਿਆ ਅਫ਼ਸੋਸ ਇਹ ਦਰਸਾਉਂਦਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਸ਼ਿਕਾਇਤਾਂ ਤੇ ਦੇਸ਼-ਭਗਤੀ ਦੇ ਕਦਮਾਂ ਨੂੰ ਗ਼ਲਤ ਸਮਝਿਆ ਗਿਆ ? ਜਾਂ ਇਹ ਮਹਿਜ਼ ਇੱਕ ਬੀਮਾਰ ਵਿਅਕਤੀ ਦਾ ਸੁਹਿਰਦ ਪ੍ਰਗਟਾਵਾ ਹੈ ? ਇਹ ਬਾਅਦ ਵਾਲੀ ਗੱਲ ਦੀ ਸੰਭਾਵਨਾ ਵੱਧ ਜਾਪਦੀ ਹੈ ਕਿਉਂਕਿ ਉਸ ਤੋਂ ਬਾਅਦ ਉਹ ਕਦੇ ਇੰਗਲੈਂਡ ਨਹੀਂ ਗਏ। ਉਨ੍ਹਾਂ ਨੂੰ ਪਏ ਅਧਰੰਗ ਦੇ ਦੌਰੇ ਤੇ ਦਿਹਾਂਤ ਵਿਚਾਲੇ ਤਿੰਨ ਸਾਲਾਂ ਦਾ ਫ਼ਰਕ ਹੈ। ਇਹ ਚਿੱਠੀਆਂ ਅਧਰੰਗ ਦਾ ਦੌਰਾ ਪੈਣ ਦੇ ਛੇਤੀ ਮਗਰੋਂ 1890 'ਚ ਲਿਖੀਆਂ ਗਈਆਂ ਸਨ। ਉਹ ਇੰਗਲੈਂਡ ਪਰਤ ਸਕਦੇ ਸਨ, ਜੇ ਉਹ ਚਾਹੁੰਦੇ। ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਕਿਉਂ ? ਅਜਿਹਾ ਨਾ ਕਰਨ ਦਾ ਕਾਰਨ ਬੀਮਾਰੀ ਦੱਸਣਾ ਇੱਕ ਮਾੜੀ ਵਿਆਖਿਆ ਹੈ ਕਿਉਂਕਿ ਉਨ੍ਹਾਂ ਨੂੰ ਲਿਜਾਇਆ ਜਾ ਸਕਦਾ ਸੀ, ਜੇ ਉਹ ਆਪ ਚੱਲ ਕੇ ਨਹੀਂ ਜਾ ਸਕਦੇ ਸਨ। ਫਿਰ ਉਨ੍ਹਾਂ ਨੂੰ ਬੀਮਾਰੀ ਤੋਂ ਕੁਝ ਰਾਹਤ ਵੀ ਮਿਲੀ ਸੀ। ਇਸ ਸਬੰਧੀ ਇੱਕ ਹੋਰ ਪ੍ਰਸ਼ਨ ਦਾ ਉੱਤਰ ਲੋੜੀਂਦਾ ਹੈ: ਇਨ੍ਹਾਂ ਚਿੱਠੀਆਂ ਦੇ ਆਧਾਰ 'ਤੇ ਕਿਸ ਹੱਦ ਤੱਕ ਇਹ ਨਤੀਜਾ ਕੱਢ ਸਕਦੇ ਹਾਂ ਕਿ ਉਨ੍ਹਾਂ ਸਿੱਖ ਧਰਮ ਨੂੰ ਤਿਆਗ ਦਿੱਤਾ ਸੀ, ਜਦ ਕਿ ਉਨ੍ਹਾਂ ਆਪਣਾ ਇਹ ਪੁਸ਼ਤੈਨੀ ਧਰਮ ਆਪ ਹੀ ਚੁਣਿਆ ਸੀ।

ਕੂਕਿਆਂ ਨਾਲ ਮਹਾਰਾਜਾ ਦੇ ਕੁਝ ਸੰਪਰਕਾਂ ਦੀ ਗੱਲ ਅਧਿਆਇ 8 'ਚ ਸਾਹਮਣੇ ਲਿਆਂਦੀ ਗਈ ਹੈ। ਅਜਿਹੇ ਇੱਕ ਹੋਰ ਸੰਪਰਕ ਦਾ ਵਰਨਣ ਕਰਨਾ ਇੱਥੇ ਲਾਹੇਵੰਦ ਹੋਵੇਗਾ। 1886 'ਚ ਇੰਗਲੈਂਡ ਨੂੰ ਛੱਡਣ ਤੋਂ ਪਹਿਲਾਂ ਇੱਕ ਕੂਕਾ ਬਨਾਰਸੀ ਦਾਸ ਉਨ੍ਹਾਂ ਨੂੰ ਉੱਥੇ ਮਿਲੇ ਸਨ। ਮਹਾਰਾਜਾ ਉਸ ਤੋਂ ਇੰਨੇ ਪ੍ਰਭਾਵਿਤ ਹੋਏ ਸਨ ਕਿ ਉਨ੍ਹਾਂ ਉਸ ਨੂੰ ਆਪਣੇ ਗੁਰੂ (ਮਾਰਗ-ਦਰਸ਼ਕ ਤੇ ਰਹਿਨੁਮਾ) ਵਜੋਂ ਅਪਣਾ ਲਿਆ ਸੀ। ਬਨਾਰਸੀ ਦਾਸ ਨੇ ਆਪਣੀ ਭਾਰਤ ਵਾਪਸੀ 'ਤੇ ਸਰਗਰਮੀ ਨਾਲ ਦਲੀਪ ਸਿੰਘ ਲਈ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਬਨਾਰਸੀ ਦਾਸ ਇੱਕ ਵਧੀਆ ਸ਼ਖ਼ਸੀਅਤ ਦੇ ਮਾਲਕ ਸਨ ਤੇ ਉੱਤਰੀ ਭਾਰਤ ਦੇ ਸ਼ਹਿਰਾਂ 'ਚ ਉਨ੍ਹਾਂ ਦਾ ਡਾਢਾ ਪ੍ਰਭਾਵ ਸੀ। ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਪਹਿਲੀ ਵਾਰ 1887 'ਚ ਕਲਕੱਤਾ ਪੁਲਿਸ ਨੇ ਆਪਣੀ ਰਿਪੋਰਟ 'ਚ ਲਿਖਿਆ ਸੀ[1]।

1. ਵਿਦੇਸ਼ ਵਿਭਾਗ 'ਚ ਭਾਰਤ ਸਰਕਾਰ ਦੀਆਂ ਕਾਰਵਾਈਆਂ, ਸੀਕ੍ਰੇਟ-1, ਅਕਤੂਬਰ 1887

### ਅੰਤਿਕਾ II*

# ਕੁਝ ਸਰਕਾਰ-ਪੱਖੀ ਦਸਤਾਵੇਜ਼

ਨੰ. 3422, ਮਿਤੀ 2 ਅਕਤੂਬਰ, 1872

ਵੱਲੋਂ: ਐੱਲ. ਗ੍ਰਿਫ਼ਿਨ, ਐਸਕੁਆਇਰ, ਪੰਜਾਬ ਸਰਕਾਰ ਨੂੰ ਕਾਰਜਕਾਰੀ ਸਕੱਤਰ ਵੱਲੋਂ

ਵੱਲ: ਐੱਚ.ਐੱਲ. ਡੈਂਪੀਅਰ, ਐਸਕੁਆਇਰ, ਭਾਰਤ ਸਰਕਾਰ ਦੇ ਕਾਰਜਕਾਰੀ ਸਕੱਤਰ

ਮੈਨੂੰ ਜਲੰਧਰ ਦੇ ਪਾਦਰੀ ਬੀ. ਗੋਲਕਨਾਥ ਵੱਲੋਂ 28 ਅਗਸਤ ਨੂੰ ਲਿਖੀ ਚਿੱਠੀ ਭੇਜਣ ਦਾ ਮਾਣਯੋਗ ਲੈਫ਼ਟੀਨੈਂਟ ਗਵਰਨਰ ਵੱਲੋਂ ਹੁਕਮ ਹੋਇਆ ਹੈ, ਜਿਸ ਨਾਲ ਟੀ.ਡੀ. ਫ਼ੋਰਸਾਈਥ, ਐਸਕ., ਸੀ.ਬੀ. ਨੂੰ ਹਟਾਉਣ ਵਿਰੁੱਧ ਸਥਾਨਕ ਭਾਸ਼ਾ 'ਚ ਲਿਖੀਆਂ ਅਰਜ਼ੀਆਂ ਵੀ ਭੇਜੀਆਂ ਜਾਂਦੀਆਂ ਹਨ, ਜਿਨ੍ਹਾਂ 'ਚ ਬੇਨਤੀ ਕੀਤੀ ਗਈ ਹੈ ਕਿ ਉਨ੍ਹਾਂ ਦੀ ਆਵਾਜ਼ ਕੌਂਸਲ 'ਚ ਮਹਾਮਹਿਮ ਗਵਰਨਰ-ਜਨਰਲ ਤੱਕ ਪੁੱਜਦੀ ਕੀਤੀ ਜਾਵੇ, ਉਨ੍ਹਾਂ ਅਰਜ਼ੀਆਂ ਦਾ ਅਨੁਵਾਦ ਵੀ ਨਾਲ ਨੱਥੀ ਕੀਤਾ ਜਾਂਦਾ ਹੈ।

2. ਨਾਲ ਮੌਜੂਦ ਮੈਮੋਰੀਅਲਜ਼ 'ਚ ਜਿਹੜੇ ਕੇਸ ਦਾ ਹਵਾਲਾ ਦਿੱਤਾ ਗਿਆ ਹੈ, ਉਸ ਨੂੰ ਭਾਰਤ ਸਰਕਾਰ ਤੇ ਮਹਾਰਾਣੀ ਦੇ ਵਿਦੇਸ਼ ਮੰਤਰੀ, ਲੈਫ਼ਟੀਨੈਂਟ ਗਵਰਨਰ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਫ਼ੈਸਲਾ ਕੀਤਾ ਸੀ ਕਿ ਤੁਹਾਡੇ ਪੱਤਰਾਂ ਨੰਬਰ 386-ਜੀ ਮਿਤੀ 4 ਅਪ੍ਰੈਲ, 1872 ਅਤੇ ਨੰਬਰ 820-ਜੀ ਮਿਤੀ 25 ਅਪ੍ਰੈਲ, 1872 ਵਿੱਚ ਦਰਜ ਹੁਕਮਾਂ ਦੇ ਵਿਸ਼ੇਸ਼ ਹਵਾਲੇ ਨਾਲ ਇਨ੍ਹਾਂ ਦਸਤਾਵੇਜ਼ਾਂ ਨੂੰ ਲੈ. ਆਰ. ਬਾਰਥਲਮਿਊ ਨੂੰ ਨਾ ਭੇਜਿਆ ਜਾਵੇ; ਪਰ ਮਾਣਯੋਗ ਅਧਿਕਾਰੀ ਦਾ ਹੁਣ ਵੀ ਇਹੋ ਕਹਿਣਾ ਹੈ ਕਿ ਕਿਸੇ ਮਹੱਤਵ ਦੇ ਮਾਮਲੇ 'ਚ, ਜਿਸ ਬਾਰੇ ਫ਼ੈਸਲਾ ਹੋ ਚੁੱਕਾ ਸੀ, ਉਨ੍ਹਾਂ ਵੱਲੋਂ ਨਹੀਂ, ਸਗੋਂ ਭਾਰਤ ਸਰਕਾਰ ਵੱਲੋਂ ਸੀ, ਉਨ੍ਹਾਂ ਕੋਲ ਹੋਰ ਕੋਈ ਬਦਲ ਨਹੀਂ, ਸਿਰਫ਼ ਸੰਬੰਧਿਤ ਅਧਿਕਾਰੀ ਦੇ ਨਿਆਂ 'ਚ, ਇਹ ਅਰਜ਼ੀਆਂ ਬਿਨਾਂ ਕਿਸੇ ਆਪਣੀ ਟਿੱਪਣੀ ਦੇ ਭਾਰਤ ਸਰਕਾਰ ਦੇ ਵਿਚਾਰ ਹਿੱਤ ਭੇਜੀਆਂ ਜਾਣ ਅਤੇ ਇਹ ਕਾਰਜ-ਵਿਧੀ, ਜੋ 25 ਅਪ੍ਰੈਲ ਦੀ ਤੁਹਾਡੀ ਚਿੱਠੀ ਵਿੱਚ ਦਰਸਾਈਆਂ ਹਦਾਇਤਾਂ ਅਨੁਸਾਰ ਅਖ਼ਤਿਆਰ ਅਧੀਨ ਆਉਂਦੀ ਹੈ, ਲੈਫ਼ਟੀਨੈਂਟ ਗਵਰਨਰ ਅਜਿਹੇ ਮਾਮਲਿਆਂ 'ਚ ਕੋਈ ਕਾਰਵਾਈ ਕਰਨ ਤੋਂ ਝਿਜਕ ਮਹਿਸੂਸ ਕਰਨਗੇ, ਜਿਨ੍ਹਾਂ ਬਾਰੇ ਫ਼ੈਸਲਾ ਪਹਿਲਾਂ ਭਾਰਤ ਸਰਕਾਰ ਵੱਲੋਂ ਕੀਤਾ ਜਾ ਚੁੱਕਾ ਹੈ।

---

* ਹੋਮ ਜੁਡੀਸ਼ੀਅਲ (ਏ), ਜਨਵਰੀ 1873, ਪ੍ਰੋਗਸ. ਨੰਬਰ 124-146

ਮਿਤੀ ਜਲੰਧਰ 28 ਅਗਸਤ, 1872.

ਵੱਲੋਂ: ਪਾਦਰੀ ਬੀ. ਗੋਲਕਨਾਥ,

ਵੱਲ: ਐੱਲ. ਗ੍ਰਿਫ਼ਿਨ, ਐਸਕ. ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ

ਬੀਤੇ ਮਈ ਮਹੀਨੇ ਇਸ ਸਥਾਨ ਅਤੇ ਹੋਰਨਾਂ ਥਾਂਵਾਂ ਦੇ ਕੁਝ ਭੱਦਰ-ਪੁਰਸ਼ਾਂ ਵੱਲੋਂ ਇੱਥੇ ਇੱਕ ਮੀਟਿੰਗ ਕੀਤੀ ਗਈ ਸੀ ਤੇ ਸਰਦਾਰ ਬਿਕਰਮ ਸਿੰਘ ਬਹਾਦਰ ਆਹਲੂਵਾਲੀਆ ਨੂੰ ਇਸ ਮੀਟਿੰਗ ਦੀ ਪ੍ਰਧਾਨਗੀ ਲਈ ਸੱਦਿਆ ਗਿਆ ਸੀ। ਇਸ ਮੀਟਿੰਗ ਦਾ ਉਦੇਸ਼ ਭਾਰਤ ਸਰਕਾਰ ਨੂੰ ਇਹ ਚੇਤੇ ਕਰਵਾਉਣਾ ਸੀ ਕਿ ਬੀਤੇ ਜਨਵਰੀ ਮਹੀਨੇ ਕੋਟਲਾ ਵਿਖੇ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਕਾਰਣ ਸਾਬਕਾ ਕਮਿਸ਼ਨਰ ਤੇ ਸੁਪਰਇੰਟੈਂਡੈਂਟ ਸ੍ਰੀ ਟੀ.ਡੀ. ਫ਼ੋਰਸਾਈਥ ਨੂੰ ਹਟਾ ਕੇ ਪੰਜਾਬ ਤੋਂ ਅਵਧ ਭੇਜਣ ਦੇ ਆਪਣੇ ਤਾਜ਼ਾ ਹੁਕਮਾਂ 'ਤੇ ਮੁੜ-ਵਿਚਾਰ ਕੀਤਾ ਜਾਵੇ।

ਇਸ ਮੀਟਿੰਗ 'ਚ ਮੌਜੂਦ ਮੈਂਬਰਾਂ ਇਸ ਗੱਲ ਲਈ ਆਪਣੇ ਹਾਕਮਾਂ ਦਾ ਸ਼ੁਕਰੀਆ ਅਦਾ ਕੀਤਾ ਕਿ ਉਨ੍ਹਾਂ ਲੋਕਾਂ ਦੀ ਭਲਾਈ ਲਈ ਦਿਆਲਤਾ ਭਰਪੂਰ ਦਿਲਚਸਪੀ ਤੇ ਮਾਪਿਆਂ ਵਰਗੀ ਦੇਖਭਾਲ ਕੀਤੀ ਹੈ, ਸਾਨੂੰ ਪਤਾ ਨਹੀਂ ਕਿ ਇਸ ਫ਼ੈਸਲੇ ਦੇ ਕਾਨੂੰਨੀ ਪੱਖ ਤੇ ਖ਼ਾਸ ਹਾਲਾਤ ਕੀ ਹਨ ਪਰ ਇਸ ਫ਼ੈਸਲੇ ਦੇ ਪ੍ਰਭਾਵ ਆਮ ਲੋਕਾਂ 'ਤੇ ਬਹੁਤ ਜ਼ਿਆਦਾ ਪੈਣਗੇ, ਖ਼ਾਸ ਤੌਰ 'ਤੇ ਉਨ੍ਹਾਂ ਲੋਕਾਂ ਉੱਤੇ ਜੋ ਅਸੰਤੁਸ਼ਟ ਹਨ ਤੇ ਜਿਨ੍ਹਾਂ ਦੇ ਮਨਾਂ 'ਚ ਮਾੜੇ ਵਿਚਾਰ ਹਨ ਤੇ ਅਜਿਹੇ ਹਾਲਾਤ ਦੇ ਭੈੜੇ ਨਤੀਜੇ ਨਿਕਲਣਗੇ।

ਦੂਜੇ ਪਾਸੇ ਮੀਟਿੰਗ 'ਚ ਬਹੁਤੇ ਮੈਂਬਰ ਕੂਕਿਆਂ ਦੇ ਅਸਲ ਚਰਿੱਤਰ ਤੇ ਉਨ੍ਹਾਂ ਦੀਆਂ ਚਾਲਾਂ ਤੋਂ ਭਲੀਭਾਂਤ ਵਾਕਿਫ਼ ਹਨ ਤੇ ਉਨ੍ਹਾਂ ਸਭ ਨੂੰ ਪਤਾ ਹੈ ਕਿ ਉਨ੍ਹਾਂ ਦੀ ਗਿਣਤੀ ਰੋਜ਼ਾਨਾ ਵਧਦੀ ਹੀ ਜਾ ਰਹੀ ਸੀ ਤੇ ਕੋਟਲਾ 'ਚ ਉਨ੍ਹਾਂ ਨੂੰ ਦਿੱਤਾ ਗਿਆ ਝਟਕਾ ਬਿਲਕੁਲ ਠੀਕ ਹੈ। ਇਸੇ ਮੀਟਿੰਗ 'ਚ ਬਾਅਦ 'ਚ ਆਏ ਆਦੇਸ਼ਾਂ ਬਾਰੇ ਜਾਣਕਾਰੀ ਮਿਲੀ, ਜਿਨ੍ਹਾਂ ਨੂੰ ਸੁਣ ਕੇ ਅਫ਼ਸੋਸ ਹੋਇਆ ਕਿ ਜਿਹੜੇ ਅਧਿਕਾਰੀਆਂ ਨੇ ਆਪਣੇ ਚੰਗੇ ਵਿਸ਼ਵਾਸ ਨਾਲ ਆਪਣੀ ਡਿਊਟੀ ਨੂੰ ਬਾਖ਼ੂਬੀ ਨਿਭਾਉਂਦਿਆਂ ਉਸ ਬਾਗ਼ੀਆਨਾ ਸੰਪਰਦਾਇ ਨੂੰ ਅੱਗੋਂ ਵਧਣ ਤੋਂ ਰੋਕਿਆ, ਜਿਨ੍ਹਾਂ ਦੀ ਪੰਜਾਬ 'ਚੋਂ ਬ੍ਰਿਟਿਸ਼ ਹਕੂਮਤ ਦਾ ਖ਼ਾਤਮਾ ਕਰਨ ਦੀ ਦ੍ਰਿੜ੍ਹ ਮਨਸ਼ਾ ਸੀ, ਉਨ੍ਹਾਂ ਹੀ ਅਧਿਕਾਰੀਆਂ ਨੂੰ ਸਜ਼ਾ ਦਿੱਤੀ ਗਈ ਹੈ ਤੇ ਸਮੁੱਚੇ ਦੇਸ਼ ਸਾਹਵੇਂ ਸ਼ਰਮਸਾਰ ਕੀਤਾ ਗਿਆ ਹੈ।

ਪ੍ਰਧਾਨ ਦੀ ਹਦਾਇਤ ਨਾਲ ਉਸ ਮੀਟਿੰਗ ਦੇ ਨਾਲ ਮੈਂ ਹੁਣ ਇਸ ਮੀਟਿੰਗ 'ਚ ਮੌਜੂਦ ਲੋਕਾਂ ਦੀਆਂ ਸਥਾਨਕ ਭਾਸ਼ਾ 'ਚ ਲਿਖੀਆਂ ਹਸਤਾਖਰ-ਯੁਕਤ ਅਰਜ਼ੀਆਂ ਵੀ ਇਸ ਬੇਨਤੀ ਨਾਲ ਭੇਜਣ ਦੀ ਖੁੱਲ੍ਹ ਲੈ ਰਿਹਾ ਹਾਂ ਕਿ ਇਨ੍ਹਾਂ ਨੂੰ ਪੰਜਾਬ ਦੇ ਮਾਣਯੋਗ ਲੈਫਟੀਨੈਂਟ ਗਵਰਨਰ ਸਾਹਵੇਂ ਰੱਖਿਆ ਜਾਵੇ, ਤਾਂ ਜੋ ਕੌਂਸਲ 'ਚ ਭਾਰਤ ਦੇ ਗਵਰਨਰ ਜਨਰਲ ਇਨ੍ਹਾਂ 'ਤੇ ਵਿਚਾਰ ਕਰ ਸਕਣ।

ਵੱਲ: ਪੰਜਾਬ ਦੇ ਮਾਣਯੋਗ ਲੈਫ਼ਟੀਨੈਂਟ ਗਵਰਨਰ।

ਇਸ ਚਿੱਠੀ ਨਾਲ ਮਾਣਯੋਗ ਨੂੰ ਖ਼ੁਸ਼ੀ ਮਿਲੇ! ਅਸੀਂ ਮਹਾਰਾਣੀ ਦੇ ਨਾਗਰਿਕ ਬੇਹੱਦ ਸਤਿਕਾਰ ਨਾਲ ਹੇਠ ਲਿਖੇ ਆਧਾਰ 'ਤੇ ਆਪਣੀ ਨਿਆਂਪੂਰਨ ਸਰਕਾਰ, ਖ਼ਾਸ ਤੌਰ 'ਤੇ ਲਾਰਡ ਨੌਰਥਬਰੁੱਕ ਨੂੰ ਉਸ ਹਾਲੀਆ ਹੁਕਮ ਵਿਰੁੱਧ ਬੇਨਤੀ ਕਰਨੀ ਚਾਹੁੰਦੇ ਹਾਂ, ਜਿਸ ਦੁਆਰਾ ਸ੍ਰੀ ਕਾਵਨ ਨੂੰ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ ਤੇ ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ੋਰਸਾਈਥ ਨੂੰ ਅਵਧ ਦਾ ਕਮਿਸ਼ਨਰਸ਼ਿਪ 'ਚ ਤਬਾਦਲਾ ਕਰ ਦਿੱਤਾ ਗਿਆ ਹੈ ਅਤੇ ਇਹ ਬੇਨਤੀ ਕਰਦੇ ਹਾਂ ਕਿ ਇਹ ਜ਼ੇਰੇ ਗ਼ੌਰ ਇਸ ਹੁਕਮ ਨੂੰ ਰੱਦ ਕਰ ਦਿੱਤਾ ਜਾਵੇ।

ਸਰਕਾਰ ਦੇ ਤਜ਼ਰਬੇਕਾਰ ਅਧਿਕਾਰ ਲਈ ਇਹ ਕੋਈ ਲੁਕਵਾਂ ਤੱਥ ਨਹੀਂ ਹੈ ਕਿ ਕੂਕਾ ਸੰਪਰਦਾਇ ਨੇ ਕਦੇ ਨਹੀਂ ਚਾਹਿਆ ਕਿ ਬ੍ਰਿਟਿਸ਼ ਪ੍ਰਸ਼ਾਸਨ ਸ਼ਾਂਤੀ ਨਾਲ ਆਪਣਾ ਕੰਮ ਜਾਰੀ ਰੱਖੇ, ਇਹ ਸਭ ਉਨ੍ਹਾਂ ਵੱਲੋਂ ਕੀਤੇ ਤੋਂ ਸਪੱਸ਼ਟ ਹੈ; ਉਹ ਤਿਉਹਾਰ ਮਨਾਉਣ ਦੇ ਬਹਾਨੇ ਮੇਲਿਆਂ 'ਚ ਵੱਡੀ ਗਿਣਤੀ ਵਿੱਚ ਇਕੱਠੇ ਹੁੰਦੇ ਹਨ ਤੇ ਅਜਿਹੇ ਸਥਾਨਾਂ 'ਤੇ ਧਾਰਮਿਕ ਵਿਵਾਦ ਖੜ੍ਹੇ ਕਰਦੇ ਹਨ; ਉਨ੍ਹਾਂ ਨੇ ਵੱਖੋ-ਵੱਖਰੀਆਂ ਥਾਂਵਾਂ 'ਤੇ ਹਥਿਆਰਬੰਦ ਸੂਬੇ ਨਿਯੁਕਤ ਕੀਤੇ ਸਨ; ਉਨ੍ਹਾਂ ਆਪਣੀ ਨਿੱਜੀ ਡਾਕ ਸੇਵਾ ਸਥਾਪਤ ਕੀਤੀ; ਉਹ ਹੇਠਾਂ ਦਿੱਤੇ ਵਰਗੇ ਸਲੋਕ (ਰਾਜ-ਧਰੋਹੀ) ਗਾਉਂਦੇ ਹਨ:

"ਖ਼ਾਲਸਾ ਜੀ ਕਾ ਰਾਜ ਹੋਸੀ,
ਉਨਕੇ ਆਗੇ ਰਹੇ ਨਾ ਕੋਸੀ,"
(ਖ਼ਾਲਸਾ ਜੀ ਦਾ ਰਾਜ ਰਹੇਗਾ
ਖ਼ਾਲਸਾ ਦੇ ਅੱਗੇ ਕੋਈ ਨਹੀਂ ਟਿਕੇਗਾ);

ਉਨ੍ਹਾਂ ਨੇ ਆਪਣੇ ਸਥਾਨਾਂ 'ਤੇ ਸਰਕਾਰੀ ਇੱਛਾਵਾਂ ਦੇ ਵਿਰੁੱਧ ਗੱਲਾਂ ਕੀਤੀਆਂ ਹਨ। ਅਜਿਹੀਆਂ ਗੱਲਾਂ ਕਰ ਕੇ ਸਰਕਾਰ ਨੇ ਸਦਾ ਉਨ੍ਹਾਂ 'ਤੇ ਨਜ਼ਰ ਰੱਖੀ, ਜਦੋਂ ਵੀ ਕਦੇ ਉਹ ਮੇਲਿਆਂ 'ਤੇ ਗਏ। ਆਰੰਭ 'ਚ ਉਨ੍ਹਾਂ ਸਰਕਾਰੀ ਨੀਤੀਗਤ ਢੰਗ ਨਾਲ ਸਰਕਾਰੀ ਮਨਸ਼ਾਵਾਂ 'ਤੇ ਹਮਲੇ ਕੀਤੇ ਅਤੇ ਫਿਰ ਉਨ੍ਹਾਂ ਚੁੱਪ ਰਹਿ ਕੇ ਇਹ ਵੇਖਿਆ ਕਿ ਉਹ ਨਿਆਇਕ ਪ੍ਰਕਿਰਿਆ 'ਚ ਕਿੰਨਾ ਕੁ ਫਸਦੇ ਹਨ। ਉਨ੍ਹਾਂ ਕਾਰਨ ਅੰਮ੍ਰਿਤਸਰ ਦੇ ਅਮੀਰ ਡਾਢੀ ਮੁਸੀਬਤ 'ਚ ਫਸ ਗਏ ਸਨ। ਆਖ਼ਰ ਜਦੋਂ ਇਹ ਸਿੱਧ ਹੋਇਆ ਕਿ ਅਪਰਾਧ ਕੂਕਿਆਂ ਨੇ ਕੀਤਾ ਸੀ, ਇਸ ਸੰਪਰਦਾਇ ਦੇ ਸਾਰੇ ਮੈਂਬਰ ਨਹੀਂ ਫਸੇ, ਉਨ੍ਹਾਂ 'ਚੋਂ ਸਿਰਫ਼ ਕੁਝ ਕੁ ਨੂੰ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। ਫਿਰ ਉਨ੍ਹਾਂ ਆਪਣੇ ਵੱਲੋਂ ਗਊ-ਹੱਤਿਆ ਦੀ ਧਾਰਮਿਕ ਭੜਕਾਹਟ ਪੈਦਾ ਕੀਤੀ ਗਈ, ਜਿਸ ਨਾਲ ਉਨ੍ਹਾਂ ਨੂੰ ਆਸ ਸੀ ਕਿ ਹਰੇਕ ਹਿੰਦੂ ਭੜਕ ਉੱਠੇਗਾ, ਉਨ੍ਹਾਂ ਨੇ ਅਜਿਹੇ ਵਿਅਕਤੀਆਂ ਉੱਤੇ ਹਮਲੇ ਕੀਤੇ, ਜਿਨ੍ਹਾਂ ਨੇ ਸਰਕਾਰ ਦੀ ਮਦਦ ਕੀਤੀ ਸੀ ਤੇ ਗੜਬੜੀ ਪੈਦਾ ਕੀਤੀ। ਇੰਝ ਆਪਣਾ ਸਿਰ ਚੁੱਕ ਕੇ ਉਨ੍ਹਾਂ ਹਰ ਸੈਕੰਡ ਸਰਕਾਰ ਦੀ ਪ੍ਰਸ਼ਾਸਕੀ ਤਾਕਤ ਨੂੰ ਪਰਖਿਆ; ਅਤੇ ਅਸੀਂ ਇਹ ਪੂਰੀ ਤਰ੍ਹਾਂ ਸਮਝਦੇ ਹਾਂ ਕਿ ਜੇ ਉਨ੍ਹਾਂ ਨੂੰ ਉਨ੍ਹਾਂ ਦੇ ਜੁਰਮਾਂ ਦੀ ਗੰਭੀਰਤਾ ਅਨੁਸਾਰ ਸਜ਼ਾਵਾਂ ਨਾ ਦਿੱਤੀਆਂ ਗਈਆਂ, ਤਾਂ ਅੰਮ੍ਰਿਤਸਰ 'ਚ ਪਿਛਲੇ ਮਾਮਲੇ ਵਿੱਚ ਸਾਡੀਆਂ ਸੰਪਤੀਆਂ, ਮਾਣ-ਸਨਮਾਨ ਤੇ

ਜਨਤਾ ਦੀਆਂ ਜਾਨਾਂ ਨੂੰ ਡਾਢਾ ਖ਼ਤਰਾ ਪੈਦਾ ਹੋ ਜਾਵੇਗਾ। ਪਰ ਜਿਵੇਂ ਕਿ ਸ੍ਰੀ ਫ਼ੋਰਸਾਈਥ ਇੱਕ ਤਜਰਬੇਕਾਰ ਅਧਿਕਾਰੀ ਸਨ ਤੇ ਲੋਕਾਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਵਾਕਿਫ਼ ਸਨ, ਉਹ ਇਨ੍ਹਾਂ ਖ਼ਦਸ਼ਿਆਂ ਨੂੰ ਸਮਝਦੇ ਸਨ; ਅਤੇ ਜਦੋਂ ਦੂਜੀ ਤਬਾਹੀ ਵਾਪਰੀ ਸੀ, ਤਦ ਉਹ ਉਸ ਜਗ੍ਹਾ ਮੌਜੂਦ ਸਨ, ਉਨ੍ਹਾਂ ਨੇ ਅਪਰਾਧੀ ਕੂਕਾ ਪਾਰਟੀ ਨੂੰ ਤੋਪਾਂ ਦੇ ਮੂੰਹਾਂ ਅੱਗੇ ਖੜ੍ਹਾ ਕੇ ਉਡਾ ਦਿੱਤਾ ਸੀ ਅਤੇ ਇੰਝ ਪੰਜਾਬ ਵਿੱਚ ਇਸ ਸੰਪਰਦਾਇ ਦੇ ਵੱਡੀ ਗਿਣਤੀ 'ਚ ਮੈਂਬਰਾਂ ਦੇ ਹੌਸਲੇ ਪਸਤ ਕੀਤੇ ਗਏ ਸਨ। ਜੋ ਉਤਸੁਕਤਾ ਵੱਸ ਨਤੀਜੇ ਦੀ ਉਡੀਕ ਕਰ ਰਹੇ ਸਨ। ਇੰਝ ਆਰੰਭ 'ਚ ਹੀ ਉਨ੍ਹਾਂ ਨੂੰ ਰੋਕ ਕੇ ਉਸ ਬੇਰੋਕ ਅੱਗ ਨੂੰ ਪਹਿਲਾਂ ਹੀ ਬੁਝਾ ਦਿੱਤਾ ਗਿਆ, ਜਿਸ ਨੇ ਸਮੁੱਚੇ ਪੰਜਾਬ ਨੂੰ ਆਪਣੀ ਲਪੇਟ 'ਚ ਲੈ ਲੈਣਾ ਸੀ। ਇੰਝ ਉਪਰੋਕਤ ਤੱਥਾਂ 'ਤੇ ਵਿਚਾਰ ਕਰਦਿਆਂ ਅਸੀਂ, ਜੋ ਆਪਣੇ ਦੇਸ਼ ਦੀ ਉਪਯੋਗਤਾ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ, ਜਦੋਂ ਅਸੀਂ ਸ੍ਰੀ ਫ਼ੋਰਸਾਈਥ ਵੱਲੋਂ ਕੀਤੀ ਕਾਰਵਾਈ ਦੀ ਸਾਡੀ ਰਵਾਇਤ ਨਾਲ ਤੁਲਨਾ ਕਰਦੇ ਹਾਂ, ਤਾਂ ਇਹੋ ਗੱਲ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਵੱਲੋਂ ਚੁੱਕੇ ਗਏ ਕਦਮ ਸਿਰਫ਼ ਸਾਡੇ ਮਾਣ ਦੀ ਰਾਖੀ ਲਈ ਹੀ ਸਨ। ਜਿੱਥੋਂ ਤੱਕ ਸਰਕਾਰ ਲਈ ਉਨ੍ਹਾਂ ਦੀਆਂ ਸੇਵਾਵਾਂ ਤੇ ਆਮ ਜਨਤਾ ਦੀ ਭਲਾਈ ਕਰਨ ਦਾ ਸਬੰਧ ਹੈ, ਸ੍ਰੀ ਫ਼ੋਰਸਾਈਥ ਦੀ ਨਿਖੇਧੀ ਕੀਤੀ ਜਾ ਚੁੱਕੀ ਹੈ, ਅਸੀਂ ਇਸ ਨਿਆਂਪੂਰਨ ਅਧਿਕਾਰੀ ਦੇ ਮਾਣ ਤੇ ਸਤਿਕਾਰ ਦਾ ਪ੍ਰਸ਼ਨ ਉਠਾਉਂਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਦੇ ਰਿਣੀ ਹਾਂ, ਕਿਉਂਕਿ ਉਨ੍ਹਾਂ ਨੇ ਜਨਤਕ ਭਲਾਈ ਲਈ ਜੋ ਕੁਝ ਵੀ ਕੀਤਾ, ਉਸ ਲਈ ਉਨ੍ਹਾਂ ਦੀ ਨਿੰਦਾ ਕੀਤੀ ਜਾ ਚੁੱਕੀ ਹੈ ਤੇ ਅਸੀਂ ਇਸ ਲਈ ਦੁੱਖ ਤੇ ਅਫ਼ਸੋਸ ਪ੍ਰਗਟਾਉਂਦੇ ਹਾਂ। ਜਿੱਥੇ ਸ੍ਰੀ ਫ਼ੋਰਸਾਈਥ ਦੀਆਂ ਪਿਛਲੀਆਂ ਸ਼ਲਾਘਾਯੋਗ ਸੇਵਾਵਾਂ ਉੱਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ, ਉੱਥੇ ਅਸੀਂ ਇਸ ਆਧਾਰ 'ਤੇ ਵੀ ਅਰਜ਼ ਕਰਦੇ ਹਾਂ ਕਿ ਸਰਕਾਰ ਸਾਡੀ ਅਪੀਲ ਮਨਜ਼ੂਰ ਕਰੇ ਕਿ ਕੋਈ ਵੀ ਵਿਅਕਤੀ ਇਸ ਅਧਿਕਾਰੀ ਦੀਆਂ ਮੌਜੂਦਾ ਸੇਵਾਵਾਂ ਨੂੰ ਸਥਾਨਕ ਪੱਧਰ ਦੇ ਦ੍ਰਿਸ਼ਟੀਕੋਣ ਤੋਂ ਅਜਿਹਾ ਨਹੀਂ ਸੋਚਦਾ, ਜਿਵੇਂ ਕਿ ਸਰਕਾਰ ਨੇ ਇਸ ਮਾਮਲੇ ਦੇ ਦਸਤਾਵੇਜ਼ਾਂ 'ਚ ਇੱਕ ਗ਼ਲਤੀ ਦੀ ਸ਼ਨਾਖ਼ਤ ਕੀਤੀ ਹੈ।

ਅਸੀਂ ਇੱਕ ਵੱਖਰੇ ਦਸਤਾਵੇਜ਼ 'ਤੇ ਆਪਣੇ ਨਾਵਾਂ ਦੇ ਦਸਤਖ਼ਤ ਕਰਦੇ ਹਾਂ। ਵੱਖਰੇ ਕਾਗਜ਼ ਉੱਤੇ ਇਨ੍ਹਾਂ ਦੇ ਹਸਤਾਖਰ ਹਨ:

ਹਰਨਾਮ ਸਿੰਘ ਆਹਲੂਵਾਲੀਆ,
ਬਿਕਰਮ ਸਿੰਘ ਆਹਲੂਵਾਲੀਆ,
ਸੁਚੇਤ ਸਿੰਘ ਆਹਲੂਵਾਲੀਆ,
ਗੋਲਕਨਾਥ, ਮਿਸ਼ਨਰੀ,

ਅਤੇ 437 ਹੋਰ, ਜੋ ਵੱਖੋ-ਵੱਖਰੇ ਕਸਬਿਆਂ ਤੇ ਪਿੰਡਾਂ ਦੇ ਜਗੀਰਦਾਰ, ਮਿਉਂਸਪਲ ਕਮੇਟੀਆਂ ਦੇ ਮੈਂਬਰ, ਜ਼ੈਲਦਾਰ, ਸ਼ਾਹੂਕਾਰ ਆਦਿ ਹਨ।

-------

ਵੱਲ ਪੰਜਾਬ ਦੇ ਮਾਣਯੋਗ ਲੈਫ਼ਟੀਨੈਂਟ ਗਵਰਨਰ।

ਇਸ ਚਿੱਠੀ ਰਾਹੀਂ ਮਾਣਯੋਗ ਨੂੰ ਖ਼ੁਸ਼ੀ ਮਿਲੇ: ਇਹ ਸਪੱਸ਼ਟ ਹੈ ਕਿ ਸਾਡੀ ਦਿਆਲੂ ਸਰਕਾਰ ਨੇ ਵੱਡੇ ਭਲੇ ਕਾਰਜਾਂ ਰਾਹੀਂ ਆਪਣੇ ਸਾਰੇ ਨਾਗਰਿਕਾਂ, ਖ਼ਾਸ ਤੌਰ 'ਤੇ ਅਖ਼ਬਾਰਾਂ ਦੇ ਲੇਖਕਾਂ ਨੂੰ ਇਸ ਵਿਚਾਰ ਨਾਲ ਅਜ਼ਾਦੀ ਬਖ਼ਸ਼ੀ ਹੈ ਕਿ ਜੇ ਉਨ੍ਹਾਂ ਨੂੰ ਦੇਸ਼ ਦੇ ਪ੍ਰਸ਼ਾਸਨ 'ਚ ਕਿਤੇ ਕੋਈ ਨੁਕਸ ਦਿਸਦਾ ਜਾਂ ਲੋਕਾਂ ਨਾਲ ਸੰਬੰਧਿਤ ਕਿਸੇ ਸਰਕਾਰੀ ਹੁਕਮਾਂ 'ਚ ਕੋਈ ਕਸਰ ਲੱਭਦੀ, ਤਾਂ ਉਨ੍ਹਾਂ ਨੇ ਬਿਨਾ ਕਿਸੇ ਡਰ ਦੇ ਆਪਣੇ ਵਿਚਾਰ ਤੇ ਇਤਰਾਜ਼ ਉਸੇ ਹਿਸਾਬ ਨਾਲ ਪ੍ਰਗਟ ਕਰ ਦੇਣੇ ਸਨ, ਜਿਸ ਨਾਲ ਸਰਕਾਰ ਨੂੰ ਅਜਿਹੇ ਨੁਕਸਾਂ ਦਾ ਪਤਾ ਲੱਗ ਜਾਂਦਾ ਤੇ ਉਸੇ ਹਿਸਾਬ ਨਾਲ ਮਸਲਿਆਂ ਦੇ ਹੱਲ ਲੱਭੇ ਜਾ ਸਕਦੇ। ਇਸ ਤਾਜ਼ਾ ਕੂਕਾ ਮਾਮਲੇ 'ਚ ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ ਦੇ ਸਬੰਧ 'ਚ ਅਖ਼ਬਾਰਾਂ ਦੇ ਸੰਪਾਦਕਾਂ ਵੱਲੋਂ ਬਹੁਤ ਸਾਰੇ ਇਤਰਾਜ਼ ਕੀਤੇ ਗਏ; ਅਤੇ ਅਸੀਂ, ਰਈਸ ਤੇ ਸਰਕਾਰ ਦੇ ਨਾਗਰਿਕਾਂ ਕੋਲ ਇਨ੍ਹਾਂ ਅਖ਼ਬਾਰੀ ਲੇਖਕਾਂ ਦੇ ਮੁਕਾਬਲੇ ਮਜ਼ਬੂਤ ਦਾਅਵੇ ਪ੍ਰਗਟਾਉਣ ਦੀ ਅਜ਼ਾਦੀ ਹੈ, ਇਸੇ ਲਈ ਜਦੋਂ ਵੀ ਅਸੀਂ ਕਦੇ ਦੇਸ਼ ਨਾਲ ਸੰਬੰਧਿਤ ਕਿਸੇ ਸੁਆਲ ਦੇ ਸੰਬੰਧ ਵਿੱਚ ਕੋਈ ਨੁਕਸ ਵੇਖਦੇ ਹਾਂ, ਤਾਂ ਅਸੀਂ ਉਸ ਬਾਰੇ ਸਰਕਾਰ ਤੱਕ ਆਪਣੀ ਗੱਲ ਪਹੁੰਚਾ ਸਕਦੇ ਹਾਂ। ਕੂਕਾ ਮਾਮਲੇ 'ਚ ਸਰਕਾਰੀ ਹੁਕਮਾਂ ਵਿਰੁੱਧ ਅਖ਼ਬਾਰੀ ਸੰਪਾਦਕਾਂ ਵੱਲੋਂ ਕੀਤੇ ਗਏ ਇਤਰਾਜ਼ ਸਾਡੇ ਵਿਚਾਰ ਅਨੁਸਾਰ ਸਹੀ ਤੇ ਵਾਜਬ ਹਨ, ਜਨਤਾ ਵੱਲੋਂ ਇੱਕ ਕਮੇਟੀ ਕਾਇਮ ਕੀਤੀ ਗਈ ਸੀ, ਜਿਨ੍ਹਾਂ ਦੇ ਨਾਂਅ ਜ਼ਿਲ੍ਹਿਆਂ ਅਨੁਸਾਰ ਅੰਤ 'ਤੇ ਵਿਖਾਈ ਦਿੰਦੇ ਹਨ, ਇਸ ਲਈ ਕਿ ਸਰਕਾਰ ਕੋਲ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਜਾਵੇਗੀ ਤੇ ਉਹ ਕਮੇਟੀ ਇਸ ਨਤੀਜੇ 'ਤੇ ਪੁੱਜੀ ਕਿ ਇਸ ਮਾਮਲੇ 'ਚ ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ 'ਤੇ ਸੱਚਮੁਚ ਮੁੜ-ਵਿਚਾਰ ਕੀਤੇ ਜਾਣ ਦੀ ਲੋੜ ਹੈ ਤੇ ਇਹ ਵੀ ਇਹ ਜ਼ਰੂਰੀ ਸੀ ਕਿ ਇਸ ਵਿਸ਼ੇ ਉੱਤੇ ਸਰਕਾਰ ਕੋਲ ਆਪਣਾ ਪੱਖ ਰੱਖਣਾ ਜ਼ਰੂਰੀ ਸੀ; ਕਿਉਂਕਿ ਅਸੀਂ ਹੋਰ ਕਿਸੇ ਵੀ ਵਰਗ ਤੋਂ ਜ਼ਿਆਦਾ ਦੇਸ਼ ਦੇ ਮਾਮਲਿਆਂ ਨੂੰ ਸਮਝਦੇ ਹਾਂ। ਸੰਸਦ 'ਚ ਇਸ ਬਾਰੇ ਪਹਿਲਾਂ ਹੀ ਕਬੂਲ ਕੀਤਾ ਜਾ ਚੁੱਕਾ ਹੈ। ਕੂਕਿਆਂ ਦਾ ਬਾਗ਼ੀਆਨਾ ਤੇ ਗ਼ਦਰੀ ਵਿਵਹਾਰ, ਜੋ ਧਰਮ ਤੇ ਈਸ਼ਵਰ ਦੇ ਸ਼ਰਧਾਲੂਆਂ ਦੇ ਬਹਾਨੇ ਕੀਤਾ ਗਿਆ, ਨੂੰ ਉਸ ਸੱਚੀ ਰੌਸ਼ਨੀ 'ਚ ਨਹੀਂ ਵੇਖਿਆ ਗਿਆ ਜਿਵੇਂ ਕਿ ਵੇਖਿਆ ਜਾਣਾ ਚਾਹੀਦਾ ਸੀ ਅਤੇ ਨਾ ਹੀ ਅਨੁਭਵੀ ਅਧਿਕਾਰੀ ਦੀਆਂ ਰਿਪੋਰਟਾਂ 'ਤੇ ਬਣਦਾ ਗ਼ੌਰ ਕੀਤਾ ਗਿਆ। ਹਿੰਦੁਸਤਾਨ ਤੇ ਪੰਜਾਬ ਦੇ ਨਾਗਰਿਕਾਂ ਦਾ ਇਹ ਮੰਨਣਾ ਸੀ ਕਿ ਜਦ ਤੋਂ ਕੂਕਿਆਂ ਦਾ ਇਹ ਸੰਪਰਦਾਇ ਕਾਇਮ ਹੋਇਆ ਹੈ, ਉਨ੍ਹਾਂ ਦਾ ਮੁੱਖ ਉਦੇਸ਼ ਹੀ ਦੇਸ਼ ਦੀ ਪ੍ਰਭੂਸੱਤਾ ਹਾਸਲ ਕਰਨਾ ਰਿਹਾ ਹੈ ਅਤੇ ਇਸ ਦੇ ਮੈਂਬਰ ਮੁੱਖ ਤੌਰ 'ਤੇ ਵਫ਼ਾਦਾਰ ਨਹੀਂ। ਉਨ੍ਹਾਂ ਨੂੰ ਕਦੇ ਵੀ ਬੇਪਰਵਾਹ ਫ਼ਕੀਰ ਜਾਂ ਸਤਿਗੁਰੂ ਦੇ ਸ਼ਰਧਾਲੂ ਨਹੀਂ ਸਮਝਿਆ ਗਿਆ। ਉਹ ਆਪਣੇ ਸਿਧਾਂਤ ਦੇ ਸਮਰਥਨ 'ਚ ਮਜ਼ਬੂਤ ਦਲੀਲਾਂ ਦਿੰਦੇ ਹਨ, ਜਿਨ੍ਹਾਂ ਬਾਰੇ ਇੱਥੇ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਤਦ ਇਸ ਪਟੀਸ਼ਨ ਦੇ ਬਹੁਤ ਜ਼ਿਆਦਾ ਲੰਮੇਰੀ ਹੋਣ ਦਾ ਖ਼ਦਸ਼ਾ ਹੈ ਪਰ ਉਨ੍ਹਾਂ ਦਾ ਸੁਭਾਅ

ਦਰਸਾਉਣ ਲਈ ਇੱਕ ਜਾਂ ਦੋ ਉਦਾਹਰਣਾਂ ਦਿੱਤੀਆਂ ਜਾਣਗੀਆਂ। ਕੂਕਾ ਸੰਪਰਦਾਇ ਦੀ ਨੀਤੀ ਸਵੈ-ਹਿੱਤਾਂ ਤੇ ਇਸ ਇਲਾਕੇ 'ਤੇ ਕਬਜ਼ਾ ਕਰਨ ਦੀ ਹੈ; ਬਾਹਰੋਂ ਦਿਖਾਵੇ ਲਈ ਉਹ ਸ਼ਰਾਬ ਪੀਣ ਤੋਂ ਮਨ੍ਹਾ ਕਰਦੇ ਹਨ ਅਤੇ ਚੋਰੀ ਕਰਨ, ਝੂਠ ਬੋਲਣ ਤੋਂ ਵਰਜਦੇ ਹਨ ਪਰ ਅਸਲ 'ਚ ਉਹ ਇੱਕ ਅਜਿਹੀ ਪ੍ਰਣਾਲੀ ਦੀ ਪਾਲਣਾ ਕਰਦੇ ਹਨ, ਜੋ ਪ੍ਰਸ਼ਾਸਕੀ ਨੀਤੀ ਨਾਲ ਮੇਲ ਖਾਂਦੀ ਹੈ; ਕਿਉਂਕਿ ਉਨ੍ਹਾਂ ਨੇ ਹਰੇਕ ਇੱਕ ਲੱਖ ਕੂਕਿਆਂ ਲਈ ਇੱਕ ਸੂਬਾ ਤੇ ਇੱਕ ਸਹਾਇਕ ਸੂਬਾ ਨਿਯੁਕਤ ਕੀਤੇ ਹਨ ਅਤੇ ਹੋਰਨਾਂ ਨੂੰ ਫ਼ੌਜੀ ਸਿਸਟਮ ਵਾਂਗ ਅਫ਼ਸਰਾਂ ਵਜੋਂ ਨਿਯੁਕਤ ਕੀਤਾ ਹੈ ਤੇ ਹਰੇਕ ਸੂਬਾ ਗੁਰੂ ਰਾਮ ਸਿੰਘ ਜੀ ਨੂੰ ਰੋਜ਼ਾਨਾ ਰਿਪੋਰਟ ਦਿੰਦਾ ਹੈ। ਜੇ ਕਦੇ ਮਾੜੇ ਹਾਲਾਤ ਕਾਰਨ ਇਸ ਸੰਪਰਦਾਇ ਦਾ ਕੋਈ ਮੈਂਬਰ ਗ਼ਰੀਬ ਹੋ ਜਾਂਦਾ ਹੈ, ਤਾਂ ਉਨ੍ਹਾਂ ਦੇ ਸਾਥੀ ਕੂਕੇ ਆਪੋ-ਆਪਣਾ ਅੰਸ਼ਦਾਨ ਪਾ ਕੇ ਉਸ ਦੀ ਮਦਦ ਕਰਦੇ ਹਨ - ਪਿੰਡ ਭੈਣੀ ਸਾਹਿਬ ਵਿਖੇ ਸਟੋਰ ਹਾਊਸ ਕਾਇਮ ਕੀਤੇ ਗਏ ਸਨ ਤੇ ਉਨ੍ਹਾਂ ਨੂੰ ਬਹੁਤ ਵਧੀਆ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ। ਕੂਕੇ ਦਸ ਗੁਰੂ ਸਾਹਿਬਾਨ ਜਾਂ ਰੂਹਾਨੀ ਰਹਿਨੁਮਾਵਾਂ ਨੂੰ ਮੰਨਦੇ ਹਨ, ਜਿਨ੍ਹਾਂ ਨੂੰ ਬਾਦਸ਼ਾਹ (ਸਮਰਾਟ) ਆਖਦੇ ਹਨ, ਜੋ ਗੁਜ਼ਰ ਚੁੱਕੇ ਹਨ ਤੇ ਉਨ੍ਹਾਂ 'ਚੋਂ ਕੁਝ ਨੇ ਭਵਿੱਖਬਾਣੀ ਕੀਤੀ ਸੀ ਕਿ 11ਵੇਂ ਗੁਰੂ ਦਾ ਜਨਮ ਦਰਿਆ ਸਤਲੁਜ ਲਾਗੇ ਕਿਤੇ ਹੋਵੇਗਾ ਤੇ ਤਦ ਹਰ ਕੋਈ ਖ਼ਾਲਸਾ ਦੀ ਸਰਬਉੱਚਤਾ ਨੂੰ ਮੰਨੇਗਾ, ਸਿੱਖਾਂ ਦੀਆਂ ਆਸਾਂ ਤਦ ਪੁਨਰ-ਸੁਰਜੀਤ ਹੋ ਗਈਆਂ ਸਨ ਜਦੋਂ ਕੂਕਾ ਸੰਪਰਦਾਇ ਦੇ ਬਾਨੀ ਬਾਬਾ ਰਾਮ ਸਿੰਘ ਜੀ ਸਾਹਮਣੇ ਆਏ ਅਤੇ ਉਨ੍ਹਾਂ ਇਹੋ ਸਮਝਿਆ ਕਿ ਇਹ ਉਹੀ ਗਿਆਰ੍ਹਵੇਂ ਗੁਰੂ ਹਨ ਜੋ ਇਸ ਵਿਸ਼ਵ 'ਚ ਆਖ਼ਰ 'ਚ ਆਏ ਹਨ ਤੇ ਉਨ੍ਹਾਂ ਮੰਨਿਆ ਕਿ ਉਨ੍ਹਾਂ ਦਾ ਅਧਿਕਾਰ ਅਤੇ ਧਰਮ ਦਾ ਬੋਲਬਾਲਾ ਹਰੇਕ ਸਥਾਨ 'ਤੇ ਹੋਵੇਗਾ ਅਤੇ ਬਾਕੀ ਦੇ ਸਾਰੇ ਧਰਮਾਂ ਦਾ ਇਸ ਦੁਨੀਆ ਤੋਂ ਨਾਮੋ ਨਿਸ਼ਾਨ ਖ਼ਤਮ ਹੋ ਜਾਵੇਗਾ। ਇਸ ਵਿਸ਼ੇ ਉੱਤੇ ਉਨ੍ਹਾਂ ਦੇ ਕਈ ਸੰਗ੍ਰਹਿ ਹਨ - ਉਹ ਇਹ ਇੱਕ ਗੱਲ ਆਖਦੇ ਹੁੰਦੇ ਹਨ "ਥੜੇ ਮਸੀਤਾਂ ਢਾਹੇ ਕੇ ਕਰੋ ਮੈਦਾਨਾ" (ਮੜੀਆਂ ਤੇ ਮਸੀਤਾਂ ਢਾਹ ਕੇ ਪੱਧਰੀਆਂ ਕਰ ਦੇਵੋ)। ਇਸ ਸਲੋਕ ਨੂੰ ਸਾਕਾਰ ਕਰਨ ਲਈ ਕੂਕਿਆਂ ਨੇ ਬਹੁਤ ਸਾਰੇ ਧਾਰਮਿਕ ਅਸਥਾਨਾਂ ਨੂੰ ਢਾਹਿਆ ਹੈ ਤੇ ਉਨ੍ਹਾਂ ਖ਼ਿਲਾਫ਼ ਅਜਿਹੇ ਬਹੁਤ ਸਾਰੇ ਕੇਸਾਂ ਦੀਆਂ ਫ਼ਾਈਲਾਂ ਕਈ ਜ਼ਿਲ੍ਹਿਆਂ 'ਚ ਮਿਲ ਜਾਣਗੀਆਂ, ਖ਼ਾਸ ਤੌਰ 'ਤੇ ਲੁਧਿਆਣਾ ਜ਼ਿਲ੍ਹੇ 'ਚ।

ਹੁਣ ਸਾਹਮਣੇ ਮੌਜੂਦ ਤੱਥਾਂ ਦੀ ਗੱਲ: ਕੁਝ ਸਮਾਂ ਪਹਿਲਾਂ ਤੋਂ ਉਨ੍ਹਾਂ ਵਿਸ਼ਾਲ ਮੇਲਿਆਂ ਮੌਕੇ ਵੱਡੀ ਗਿਣਤੀ 'ਚ ਇਕੱਠੇ ਹੋਣਾ ਸ਼ੁਰੂ ਕੀਤਾ ਸੀ; ਅਤੇ ਸਰਕਾਰ ਦਾ ਉਨ੍ਹਾਂ ਪ੍ਰਤੀ ਰਵੱਈਆ ਰਿਆਇਤੀ ਰਿਹਾ, ਉਨ੍ਹਾਂ ਬਗ਼ਾਵਤ ਦੀਆਂ ਖੁੱਲ੍ਹੀਆਂ ਤਿਆਰੀਆਂ ਕੀਤੀਆਂ ਤੇ ਗੜਬੜੀ ਫੈਲਾਈ। ਹੋਰਨਾਂ ਧਰਮਾਂ (ਮੁਸਲਮਾਨਾਂ ਤੇ ਅੰਗਰੇਜ਼ਾਂ - ਈਸਾਈਆਂ ਨੂੰ ਛੱਡ ਕੇ) ਦੇ ਲੋਕਾਂ ਨੂੰ ਲਾਲਚ ਦਿੱਤੇ ਜੋ ਗਊ-ਹੱਤਿਆ ਨੂੰ ਨਫ਼ਰਤ ਕਰਦੇ ਹਨ, ਤਾਂ ਜੋ ਉਹ ਉਨ੍ਹਾਂ ਨਾਲ ਜਾ ਜੁੜਨ, ਉਨ੍ਹਾਂ ਆਪਣੇ ਪੱਧਰ 'ਤੇ ਕਸਾਈਆਂ ਦੇ ਕਤਲ ਕਰਨੇ ਸ਼ੁਰੂ ਕਰ ਦਿੱਤੇ। ਗੁਰੂ ਰਾਮ ਸਿੰਘ ਜੀ ਵੱਲੋਂ ਸੂਬਾ ਗਿਆਨੀ ਸਿੰਘ

ਨੂੰ ਕਸਾਈਆਂ ਦੇ ਕਤਲਾਂ ਨੂੰ ਅੰਜਾਮ ਦੇਣ ਲਈ ਕਮਾਂਡਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਸੀ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਨੂੰ ਫਾਂਸੀ ਦੀ ਸਜ਼ਾ ਹੋ ਗਈ ਤੇ ਲੋਕ ਹੁਣ ਵੇਖ ਰਹੇ ਹਨ ਕਿ ਨੇੜ ਭਵਿੱਖ 'ਚ ਕੀ ਕੁਝ ਵਾਪਰਨ ਜਾ ਰਿਹਾ ਹੈ। ਉਨ੍ਹਾਂ ਦੇ ਪੈਰੋਕਾਰਾਂ ਨੇ ਐਲਾਨ ਕਰ ਦਿੱਤਾ ਕਿ ਉਹ ਉਸ ਦੀ ਮੌਤ ਦਾ ਬਦਲਾ ਲੈਣਗੇ; ਅਤੇ ਭਾਵੇਂ ਇਹ ਮੰਨਿਆ ਜਾ ਚੁੱਕਾ ਹੈ ਕਿ ਉਹ ਪਾਗ਼ਲ ਸਨ ਤੇ ਬਾਬਾ ਰਾਮ ਸਿੰਘ ਜੀ ਉਨ੍ਹਾਂ ਦੇ ਰੋਹ ਭਰਪੂਰ ਸਥਿਤੀ 'ਚ ਹੋਣ ਬਾਰੇ ਰਿਪੋਰਟ ਵੀ ਕੀਤੀ ਸੀ, ਉਨ੍ਹਾਂ ਸੂਬਿਆਂ ਰਾਹੀਂ ਸਮੂਹ ਕੂਕਿਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਤਿਆਰ ਰਹੋ ਕਿਉਂਕਿ ਵਿਚਾਰ-ਅਧੀਨ ਸਮਾਂ ਆ ਗਿਆ ਹੈ; ਅਤੇ ਇਹ ਗੱਲ ਸਿੱਧ ਹੋ ਚੁੱਕੀ ਹੈ। ਉਨ੍ਹਾਂ ਨੇ ਹਮਲੇ ਦੀ ਤਿਆਰੀ ਕੀਤੀ ਸੀ ਪਰ ਮਹਾਰਾਜਾ ਪਟਿਆਲਾ ਅਚਾਨਕ ਦਿੱਲੀ ਚਲੇ ਗਏ ਤੇ ਉਹ ਰਹਿ ਗਿਆ, ਮਾਲੇਰ ਕੋਟਲਾ ਰਿਆਸਤ ਦੇ ਮੁਖੀ ਦਾ ਦਿਹਾਂਤ ਹੋ ਚੁੱਕਾ ਹੈ ਤੇ ਹੁਣ ਉਸ ਦਾ ਕੋਈ ਮੁਖੀ ਨਹੀਂ ਹੈ ਤੇ ਨਾਭਾ ਦੇ ਰਾਜਾ ਦੀ ਨਵੀਂ ਨਿਯੁਕਤੀ ਹੋਈ ਹੈ। ਉਨ੍ਹਾਂ ਆਪਸ 'ਚ ਇਹ ਸਲਾਹ-ਮਸ਼ਵਰਾ ਕੀਤਾ ਸੀ ਕਿ ਉਨ੍ਹਾਂ ਨੂੰ ਪਹਿਲਾਂ ਮਾਲੇਰ ਕੋਟਲਾ ਰਿਆਸਤ 'ਤੇ ਕਬਜ਼ਾ ਕਰਨਾ ਚਾਹੀਦਾ ਹੈ ਤੇ ਉੱਥੋਂ ਹਥਿਆਰ, ਘੋੜੇ ਆਦਿ ਲੈਣੇ ਚਾਹੀਦੇ ਹਨ ਅਤੇ ਪਟਿਆਲਾ ਕਿਲ੍ਹੇ ਉੱਤੇ ਕਬਜ਼ਾ ਕਰਨਾ ਹੋਵੇਗਾ ਤੇ ਇੰਝ ਹੀ ਅਚਾਨਕ ਨਾਭਾ ਰਿਆਸਤ 'ਤੇ ਹਮਲਾ ਹੋਵੇਗਾ। ਉਨ੍ਹਾਂ ਪਹਿਲਾਂ ਮਲੌਦ ਐਸਟੇਟ 'ਤੇ ਹਮਲਾ ਕੀਤਾ ਤੇ ਫਿਰ ਮਾਲੇਰ ਕੋਟਲਾ 'ਤੇ ਧਾਵਾ ਬੋਲ ਦਿੱਤਾ। ਜੇ ਉਨ੍ਹਾਂ ਨੂੰ ਉੱਥੇ ਨਾ ਫੜਿਆ ਜਾਂਦਾ, ਤਾਂ ਉਨ੍ਹਾਂ ਦੇ ਸਾਥੀ ਕੂਕਿਆਂ ਨੇ ਹਰ ਪਾਸਿਓਂ ਉਨ੍ਹਾਂ ਦੀ ਮਦਦ ਲਈ ਆ ਕੇ ਉਸ ਰਿਆਸਤ 'ਤੇ ਚੜ੍ਹਾਈ ਕਰ ਦੇਣੀ ਸੀ; ਪਰ ਸ੍ਰੀ ਕਾਵਨ ਦੇ ਚੰਗੇ ਪ੍ਰਬੰਧਾਂ ਸਦਕਾ, ਜਿਨ੍ਹਾਂ ਨੇ ਖ਼ੁਦ ਉੱਦਮ ਕਰ ਕੇ ਲਾਗਲੀਆਂ ਰਿਆਸਤਾਂ ਤੋਂ ਫ਼ੌਜਾਂ ਇਕੱਠੀਆਂ ਕੀਤੀਆਂ ਤੇ ਬ੍ਰਿਟਿਸ਼ ਫ਼ੌਜ ਵੀ ਸੱਦੀ ਤੇ ਉਸ ਸਥਾਨ 'ਤੇ ਸ੍ਰੀ ਫ਼ੋਰਸਾਈਥ ਦੇ ਪੁੱਜਣ ਤੱਕ ਉਨ੍ਹਾਂ ਸਾਰਿਆਂ 'ਤੇ ਕਾਬੂ ਪਾ ਲਿਆ ਗਿਆ ਸੀ।

## ਅਖ਼ਬਾਰਾਂ ਤੋਂ ਸਰਕਾਰ ਦੀ ਤਿੱਖੀ ਆਲੋਚਨਾ ਦੇ ਜਵਾਬੀ ਅੰਸ਼

ਕੂਕਾ ਗੜਬੜੀ ਦੋ ਥਾਂਵਾਂ 'ਤੇ ਹੋਈ ਸੀ - ਪਹਿਲੀ ਤਾਂ ਮਲੌਦ ਦੇ ਮੁੱਖ ਅਮੀਰ ਸਰਦਾਰ (ਚੀਫ਼ਸ਼ਿਪ) 'ਤੇ ਹਮਲਾਵਰਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਉਨ੍ਹਾਂ ਦੀ ਸੈਸ਼ਨਜ਼ ਜੱਜ ਵੱਲੋਂ ਕਾਨੂੰਨ ਅਨੁਸਾਰ ਸੁਣਵਾਈ ਕੀਤੀ ਗਈ ਸੀ ਤੇ ਅਧਿਕਾਰੀ ਨੇ ਇਸ ਬਾਰੇ ਰਿਪੋਰਟ ਸਦਰ ਅਦਾਲਤ 'ਚ ਪੇਸ਼ ਕਰ ਦਿੱਤੀ ਸੀ ਤੇ ਇਸ ਵਿੱਚ ਕੁਝ ਵੀ ਗ਼ੈਰ-ਕਾਨੂੰਨੀ ਨਹੀਂ ਕੀਤਾ ਗਿਆ ਸੀ। ਦੂਜੀ ਗੜਬੜੀ ਆਜ਼ਾਦ ਰਿਆਸਤ ਮਾਲੇਰ ਕੋਟਲਾ 'ਚ ਹੋਈ ਸੀ ਤੇ ਪਟਿਆਲਾ ਖੇਤਰ 'ਚ ਸੰਬੰਧਿਤ ਕੂਕਿਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਸਨ, ਉਹ ਵੀ ਆਜ਼ਾਦ ਚੀਫ਼ਸ਼ਿਪ ਸੀ। ਜੇ ਇਸ ਸਭ ਬਾਰੇ ਗੱਲ ਨਾ ਵੀ ਕਰੀਏ, ਤਾਂ ਖ਼ੁਦ ਸ੍ਰੀ ਕਾਵਨ ਦਾ ਵੀ ਕਤਲ ਹੋ ਜਾਣਾ ਸੀ, ਜੇ ਉਨ੍ਹਾਂ ਨੂੰ ਬਚਾਇਆ ਨਾ ਜਾਂਦਾ। ਉਨ੍ਹਾਂ ਹਮਲਾਵਰਾਂ ਨੂੰ ਵੱਡੇ ਜੁਰਮ ਲਈ ਓਨੀ ਹੀ ਸਜ਼ਾ ਦੀ ਜ਼ਰੂਰਤ ਸੀ, ਜਿਵੇਂ ਕਿ ਰਿਆਸਤ ਦਾ ਨਿਯਮ ਹੈ - ਕਿ ਜਦੋਂ

ਮੁਖੀ ਕਿਸੇ ਵੇਲੇ ਕਿਸੇ ਅਪਰਾਧ ਦੀ ਜਾਂਚ ਕਰ ਰਿਹਾ ਹੁੰਦਾ ਹੈ ਤੇ ਉਹ ਸੋਚਦਾ ਹੈ ਕਿ ਅਪਰਾਧੀ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ, ਤਾਂ ਉਹ ਅਜਿਹੇ ਮਾਮਲੇ 'ਚ ਮੌਤ ਦੀ ਸਜ਼ਾ ਦੀ ਪੁਸ਼ਟੀ ਲਈ ਅੰਬਾਲਾ 'ਚ ਏਜੰਟ (ਲਾਗਲੀਆਂ ਸਤਲੁਜ ਰਿਆਸਤਾਂ) ਨੂੰ ਸੌਂਪ ਦਿੰਦਾ ਹੈ ਅਤੇ ਏਜੰਟ, ਰਈਸ ਦੀ ਸਜ਼ਾ ਨੂੰ ਭਾਰਤ ਸਰਕਾਰ ਦੇ ਸਕੱਤਰ ਦੇ ਪੱਤਰ ਨੰ. 2322 ਮਿਤੀ 7 ਅਕਤੂਬਰ, 1847 ਅਤੇ ਪੱਤਰ ਨੰ. 1110, ਮਿਤੀ 23 ਸਤੰਬਰ, 1870 ਦੀ ਭਾਵਨਾ ਅਨੁਸਾਰ ਪ੍ਰਵਾਨ ਕਰ ਦਿੰਦਾ ਹੈ ਅਤੇ ਅਪਰਾਧੀ ਨੂੰ ਫਾਂਸੀ ਦੇਣ ਦੀ ਸਜ਼ਾ ਨੂੰ ਮਨਜ਼ੂਰ ਕਰ ਦਿੰਦਾ ਹੈ। ਏਜੰਟ ਨੂੰ ਅਜਿਹੇ ਮਾਮਲਿਆਂ ਦੀ ਰਿਪੋਰਟ ਸਦਰ ਅਧਿਕਾਰੀਆਂ ਨੂੰ ਭੇਜਣ ਦੀ ਜ਼ਰੂਰਤ ਨਹੀਂ ਹੁੰਦੀ; ਅਤੇ ਨਾ ਹੀ ਅਜਿਹੀ ਕੋਈ ਹਦਾਇਤ ਹੈ ਕਿ ਅਪਰਾਧੀ ਨੂੰ ਸਿਰਫ਼ ਫਾਂਸੀ ਲਾ ਕੇ ਹੀ ਮੌਤ ਦੀ ਸਜ਼ਾ ਦੇਣੀ ਚਾਹੀਦੀ ਹੈ ਤੇ ਤੋਪ ਦੇ ਮੂੰਹ ਅੱਗੇ ਰੱਖ ਕੇ ਉਡਾਉਣਾ ਨਹੀਂ ਚਾਹੀਦਾ; ਨਾ ਹੀ ਭਾਰਤੀ ਦੰਡ ਸੰਘਤਾ ਤੇ ਕਾਨੂੰਨ XXV (1816 ਦਾ) ਦੀਆਂ ਵਿਵਸਥਾਵਾਂ 'ਚ ਅਜਿਹੀ ਕੋਈ ਹਦਾਇਤ ਹੈ; ਇਸ ਸਭ ਨੂੰ ਰਿਆਸਤਾਂ ਦੀਆਂ ਹੱਦਾਂ ਅੰਦਰ ਰਹਿ ਕੇ ਹੀ ਵੇਖਿਆ ਜਾਣਾ ਚਾਹੀਦਾ ਹੈ ਤੇ ਅੰਬਾਲਾ ਏਜੰਸੀ ਦੇ ਮੁਖੀਆਂ ਨੂੰ ਛੱਡ ਕੇ, ਜਿਨ੍ਹਾਂ 'ਤੇ ਕਿਸੇ ਵੀ ਅਪਰਾਧੀ ਨੂੰ ਕੋਈ ਨੁਕਸਾਨ 'ਤੇ ਪਾਬੰਦੀ ਹੈ। ਜਦੋਂ ਇਸ ਮਾਮਲੇ ਨਾਲ ਸੰਬੰਧਿਤ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਤਾਂ ਸ੍ਰੀ ਕਾਵਨ ਨੇ ਰਾਜ ਵਿੱਚ ਲਾਗੂ ਨਿਯਮਾਂ ਤੇ ਅਭਿਆਸ ਅਨੁਸਾਰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੀ ਕੰਮ ਕੀਤਾ ਸੀ, ਜੋ ਉਨ੍ਹਾਂ ਨੇ ਕਰਨਾ ਹੀ ਸੀ, ਜਿੱਥੇ ਗੜਬੜੀ ਵਾਪਰੀ, ਉਸ ਰਿਆਸਤ ਤੇ ਹੋਰਨਾਂ ਰਿਆਸਤਾਂ ਦੇ ਸਾਰੇ ਅਧਿਕਾਰੀ ਜਦੋਂ ਹਮਲਾਵਰਾਂ ਨੂੰ ਤੋਪਾਂ ਨਾਲ ਉਡਾ ਦਿੱਤੇ ਜਾਣ ਦੇ ਹੱਕ ਵਿੱਚ ਸਨ, ਤਾਂ ਉਨ੍ਹਾਂ ਕਮਿਸ਼ਨਰ ਨੂੰ ਚਿੱਠੀ ਲਿਖੀ ਤੇ ਉਵੇਂ ਹੀ ਕੀਤਾ ਜਿਵੇਂ ਫ਼ੈਸਲਾ ਕੀਤਾ ਗਿਆ ਸੀ। ਭਾਵੇਂ ਪ੍ਰਵਾਨਗੀ ਆਉਣ ਤੋਂ ਪਹਿਲਾਂ ਅਪਰਾਧੀਆਂ ਨੂੰ ਤੋਪਾਂ ਦੇ ਮੂੰਹ ਅੱਗੇ ਖੜ੍ਹੇ ਕਰ ਕੇ ਉਡਾ ਦਿੱਤਾ ਗਿਆ ਸੀ, ਪਰ ਉਨ੍ਹਾਂ ਕੋਲ ਉਹ ਅਧਿਕਾਰ ਸਨ ਕਿ ਜੋ ਹਾਲਾਤ ਮੁਤਾਬਕ ਉਹ ਦਰੁਸਤ ਸਮਝਦੇ ਹਨ ਤੇ ਉਨ੍ਹਾਂ ਦੀ ਕਾਰਵਾਈ ਉੱਤੇ ਕੋਈ ਖੁੱਲ੍ਹਾ ਇਤਰਾਜ਼ ਨਹੀਂ ਹੋਵੇਗਾ, ਤਾਂ ਉਹ ਆਪਣੀ ਕਾਰਵਾਈ ਨੂੰ ਅੰਜਾਮ ਦੇ ਸਕਦੇ ਹਨ।

ਕੂਕਿਆਂ ਦਾ ਅਪਰਾਧ ਮੌਤ ਦੀ ਸਜ਼ਾ ਦੇ ਕਾਬਿਲ ਸੀ ਤੇ ਰਾਜ ਵਿੱਚ ਅਜਿਹਾ ਕੋਈ ਹੁਕਮ ਜਾਰੀ ਨਹੀਂ ਹੋਇਆ ਹੈ ਕਿ ਅਪਰਾਧੀਆਂ ਨੂੰ ਤੋਪ ਦੇ ਮੂੰਹ ਅੱਗੇ ਖੜ੍ਹੇ ਕਰ ਕੇ ਉਡਾਉਣਾ ਨਹੀਂ ਹੈ; ਅਤੇ ਇਸ ਕਿਸਮ ਦੀ ਸਜ਼ਾ ਹੋਰਨਾਂ ਲਈ ਇੱਕ ਮਿਸਾਲ ਕਾਇਮ ਕਰਨ ਵਾਸਤੇ ਜ਼ਰੂਰੀ ਹੁੰਦੀ ਹੈ, ਸਜ਼ਾ ਦੀ ਇਹ ਵਿਧੀ ਰਿਆਸਤ ਦੇ ਅਧਿਕਾਰੀਆਂ ਦੇ ਵਿਚਾਰ ਅਨੁਸਾਰ ਹੀ ਅਪਣਾਈ ਗਈ ਸੀ। ਜੀਂਦ ਦੇ ਰਾਜੇ ਨੇ 1854 'ਚ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਦੋ ਪਿੰਡਾਂ ਨੂੰ ਤੋਪਾਂ ਨਾਲ ਉਡਾਇਆ ਸੀ, ਜਿਨ੍ਹਾਂ ਨੇ ਇੱਕ ਤਹਿਸੀਲਦਾਰ ਦਾ ਕਤਲ ਕਰ ਦਿੱਤਾ ਸੀ ਤੇ ਇੱਕ ਦਫ਼ਤਰੀ ਇਮਾਰਤ ਨੂੰ ਅੱਗ ਲਾ ਦਿੱਤੀ ਸੀ। ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਵੱਲੋਂ ਇਸ ਮਾਮਲੇ 'ਚ ਕੀਤੀ ਗਈ ਕਾਰਵਾਈ ਪ੍ਰਮਾਣਿਤ ਸੀ ਤੇ ਆਮ ਜਨਤਾ ਦੀ ਭਲਾਈ 'ਤੇ

ਆਧਾਰਿਤ ਸੀ। ਬਗ਼ਾਵਤ ਦੇ ਅਜਿਹੇ ਮਾਮਲਿਆਂ 'ਚ, ਜਿਸ ਨਾਲ ਪ੍ਰਸ਼ਾਸਨ ਨੂੰ ਠੇਸ ਪੁੱਜਦੀ ਹੋਵੇ, ਉੱਥੇ ਕਾਨੂੰਨ ਦੀਆਂ ਬਾਰੀਕੀਆਂ ਨੂੰ ਵਿਚਾਰ ਗੋਚਰੇ ਨਹੀਂ ਲਿਆਂਦਾ ਜਾਂਦਾ। ਪੇਸ਼ਾਵਰ ਡਿਵੀਜ਼ਨ, ਕੋਹਾਟ ਤੇ ਡੇਰਾਜਾਤ ਦੇ ਸੀਮਾਂਤਕ ਮਾਮਲੇ ਜ਼ਰੂਰ ਹੀ ਵਿਚਾਰ ਅਧੀਨ ਲਿਆਂਦੇ ਜਾਣੇ ਚਾਹੀਦੇ ਹਨ, ਜਿੱਥੇ ਕਾਨੂੰਨ ਨੂੰ ਹੀ ਪ੍ਰਵਾਨਗੀ ਨਹੀਂ ਹੈ। 1857 ਦੀਆਂ ਬਗ਼ਾਵਤਾਂ ਦੌਰਾਨ ਪਹਿਲਾਂ ਸਿਰਫ਼ ਚਾਰ ਜਾਂ ਪੰਜ ਫ਼ੌਜੀ ਹੀ ਦਿੱਲੀ 'ਚ ਦਾਖ਼ਲ ਹੋਏ ਸਨ; ਜੇ ਕਿਤੇ ਉਨ੍ਹਾਂ ਨੂੰ ਉਸੇ ਵੇਲੇ ਗ੍ਰਿਫ਼ਤਾਰ ਕਰ ਕੇ ਤੋਪ ਦੇ ਮੂੰਹਾਂ ਅੱਗੇ ਖੜ੍ਹਾ ਕੇ ਉਡਾ ਦਿੱਤਾ ਜਾਦਾ, ਤਾਂ ਉਨ੍ਹਾਂ ਦਿਨਾਂ 'ਚ ਸ਼ਾਇਦ ਗੜਬੜੀਆਂ ਇੰਨੇ ਵੱਡੇ ਪੱਧਰ 'ਤੇ ਨਾ ਫੈਲਦੀਆਂ, ਜਿਵੇਂ ਬਾਅਦ 'ਚ ਉਨ੍ਹਾਂ ਖਿਲਾਰਾ ਪਾ ਦਿੱਤਾ ਸੀ। ਇਹ ਕੂਕਾ ਗੜਬੜੀ ਵੀ 1857 ਦੀ ਬਗ਼ਾਵਤ ਵਰਗੀ ਹੀ ਸੀ ਤੇ ਜੇ ਉਸ ਨੂੰ ਰੋਕਣ 'ਚ ਥੋੜ੍ਹੀ ਜਿੰਨੀ ਵੀ ਢਿੱਲ ਹੋ ਜਾਂਦੀ, ਤਾਂ ਬਹੁਤ ਭਿਆਨਕ ਕਿਸਮ ਦਾ ਭੰਬਲ਼ਭੂਸਾ ਉਸਰਨਾ ਸੀ। ਅਸੀਂ ਸਮਝਦੇ ਹਾਂ ਕਿ ਸ੍ਰੀ ਫ਼ੋਰਸਾਈਥ ਦੇ ਦਫ਼ਤਰ ਵੱਲੋਂ ਇਸ ਗੜਬੜੀ ਨੂੰ ਦਬਾਇਆ ਜਾਣਾ ਇੱਕ ਆਮ ਮਾਮਲਾ ਸੀ ਤੇ ਇਹ ਸਭ ਏਜੰਸੀ ਦੇ ਨਿਯਮਾਂ ਦੇ ਖ਼ਿਲਾਫ਼ ਨਹੀਂ ਸੀ ਪਰ ਕੇਵਲ ਇੰਨਾ ਕੁ ਹੈ ਕਿ ਉਨ੍ਹਾਂ ਨੇ ਸਦਰ ਅਦਾਲਤ ਕੋਲ ਰਿਪੋਰਟ ਨਹੀਂ ਭੇਜੀ ਸੀ, ਜਦ ਕਿ ਨਿਯਮ ਅਨੁਸਾਰ ਉਪਰੋਕਤ ਦੱਸੇ ਪੱਤਰਾਂ ਵਿੱਚ ਦਰਜ ਨਿਯਮ ਅਨੁਸਾਰ ਅਜਿਹਾ ਕਰਨਾ ਜ਼ਰੂਰੀ ਸੀ ਤੇ ਇਸ ਮਾਮਲੇ 'ਚ ਅਜਿਹਾ ਵੀ ਖ਼ਦਸ਼ਾ ਸੀ ਕਿ ਜੇ ਕਿਤੇ ਦੇਰੀ ਹੋ ਜਾਂਦੀ, ਤਾਂ ਕੂਕਿਆਂ ਦੇ ਹੋਰ ਗਿਰੋਹਾਂ ਨੇ ਆਪਣੇ ਭਰਾਵਾਂ ਦੀ ਮਦਦ ਲਈ ਆ ਜਾਣਾ ਸੀ ਤੇ ਫਿਰ ਉਨ੍ਹਾਂ ਨੂੰ ਜ਼ਬਰਦਸਤੀ ਰਿਹਾਅ ਕਰਵਾ ਲੈਣਾ ਸੀ ਜਾਂ ਉਸ ਹਾਲਾਤ 'ਚ ਗੜਬੜੀ ਦੇਸ਼ ਦੇ ਹੋਰਨਾਂ ਹਿੱਸਿਆਂ ਤੱਕ ਵੀ ਫੈਲ ਜਾਂਦੀ।

ਮਾਮਲਿਆਂ ਨੂੰ ਇਸ ਤਰੀਕੇ ਨਾਲ ਨਿਬੇੜਨ 'ਤੇ ਕੂਕਾ ਸੰਪਰਦਾਇ ਦੇ ਮੈਂਬਰ ਇੰਨੇ ਜ਼ਿਆਦਾ ਦਹਿਸ਼ਤਜ਼ਦਾ ਹੋ ਗਏ ਕਿ ਅਜਿਹਾ ਵੀ ਮਾਹੌਲ ਬਣ ਗਿਆ ਸੀ ਕਿ ਹੁਣ ਕੋਈ ਵੀ ਇੰਝ ਆਪਣਾ ਸਿਰ ਨਹੀਂ ਚੁੱਕੇਗਾ। ਇਸ ਸੰਪਰਦਾਇ ਦੇ ਬਹੁਤ ਸਾਰੇ ਪੈਰੋਕਾਰ ਉਸ ਵਾਰਦਾਤ ਤੋਂ ਬਾਅਦ ਇਸ ਸਿਧਾਂਤ ਨੂੰ ਤਿਆਗ ਕੇ ਲਾਂਭੇ ਹੋ ਗਏ। ਪਰ ਜਦੋਂ ਸ੍ਰੀ ਕਾਵਨ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ, ਤਾਂ ਕਿਸੇ ਮੁਰਦੇ ਵਾਂਗ ਹੋ ਚੁੱਕੇ ਕੂਕਾਵਾਦ 'ਚ ਜਿਵੇਂ ਇੱਕ ਨਵੀਂ ਰੂਹ ਫੂਕੀ ਗਈ ਤੇ ਇਸ ਸੰਪਰਦਾਇ ਦੇ ਮੈਂਬਰਾਂ ਨੇ ਇਹੋ ਕਿਹਾ ਕਿ ਇਹ ਸਭ ਉਨ੍ਹਾਂ ਦੀ ਖ਼ੁਸ਼ਹਾਲੀ ਲਈ ਹੋਇਆ ਹੈ ਅਤੇ ਉਨ੍ਹਾਂ ਇਹ ਵੀ ਆਖਿਆ ਕਿ ਇਹ ਇੱਕ ਚਮਤਕਾਰ ਹੈ, ਜੋ ਉਨ੍ਹਾਂ ਦੇ ਗੁਰੂ ਨੇ ਕੀਤਾ ਹੈ, ਉਹ ਆਪ ਭਾਵੇਂ ਇਸ ਵੇਲੇ ਔਕੜਾਂ ਝੱਲ ਰਹੇ ਹਨ, ਤੇ ਉਹ ਅੰਤ 'ਚ ਜਿੱਤ ਹੋਵੇਗੀ ਜਿਵੇਂ ਕਿ ਪੁਰਾਣੇ ਸਮਿਆਂ ਦੇ ਰੂਹਾਨੀ ਗੁਰੂਆਂ ਦੀ ਹੁੰਦੀ ਰਹੀ ਸੀ। ਉਹ ਹੁਣ ਆਪਣੇ ਗੁਰੂ ਬਾਬਾ ਰਾਮ ਸਿੰਘ ਜੀ ਦੀ ਰਿਹਾਈ ਲਈ ਧਨ ਇਕੱਠਾ ਕਰ ਰਹੇ ਹਨ ਤੇ ਨੇਤਾ ਦੇ ਰੂਪ ਵਿਚ ਕਿਸੇ ਚੰਗੇ ਸੂਬੇ ਦੀ ਭਾਲ਼ 'ਚ ਹਨ।

ਅਸੀਂ ਉੱਪਰ ਦੱਸ ਚੁੱਕੇ ਹਾਂ ਕਿ ਕੂਕੇ ਪੂਰੇ ਦੇਸ਼ 'ਤੇ ਕਬਜ਼ਾ ਕਰਨ ਦੇ ਇੱਛੁਕ ਹਨ; ਅਤੇ ਜੇ ਸ੍ਰੀ ਕਾਵਨ ਤੇ ਸ੍ਰੀ ਫ਼ੋਰਸਾਈਥ ਦੇ ਸੰਬੰਧ 'ਚ ਜਾਰੀ ਹੁਕਮਾਂ 'ਚ ਸੋਧ

ਨਾ ਕੀਤੀ ਗਈ, ਤਾਂ ਸਾਨੂੰ ਅਜਿਹਾ ਖ਼ਦਸ਼ਾ ਹੈ ਕਿ ਪ੍ਰਸ਼ਾਸਕੀ ਅਥਾਰਟੀ ਕਮਜ਼ੋਰ ਪੈ ਜਾਵੇਗੀ, ਅਤੇ ਬਾਗ਼ੀਆਨਾ ਚਰਿੱਤਰ ਗ਼ਲਤ ਕੰਮ ਕਰਨ ਲਈ ਉਤਸ਼ਾਹਿਤ ਹੋਣਗੇ। ਜੇ ਇਹ ਵੀ ਮੰਨ ਲਿਆ ਜਾਵੇ ਕਿ ਇਨ੍ਹਾਂ ਦੋਵੇਂ ਅਧਿਕਾਰੀਆਂ ਨੇ ਆਪਣੀ ਕਾਰਵਾਈ ਕਰ ਕੇ ਕੋਈ ਗ਼ਲਤੀ ਕੀਤੀ ਵੀ ਹੈ, ਤਦ ਵੀ ਰੱਬ ਵੇਖਦਾ ਹੈ, ਅਜਿਹਾ ਉਨ੍ਹਾਂ ਆਪਣੇ ਨਿੱਜੀ ਹਿੱਤਾਂ ਜਾਂ ਕਿਸੇ ਪੱਖਪਾਤ ਅਧੀਨ ਨਹੀਂ ਕੀਤਾ।

ਅਸੀਂ ਸਰਕਾਰ ਦੇ ਨਾਗਰਿਕ ਕਿਸੇ ਇੱਕ ਧਿਰ ਦੇ ਹੱਕ 'ਚ ਅੱਗੇ ਨਹੀਂ ਆਏ ਹਾਂ ਜਾਂ ਸਾਡੇ 'ਚੋਂ ਕਿਸੇ ਦੇ ਵੀ ਇਸ ਮਾਮਲੇ 'ਚ ਆਪਣੇ ਕੋਈ ਹਿੱਤ ਨਹੀਂ ਜੁੜੇ ਹੋਏ ਪਰ ਅਸੀਂ ਸਤਿਕਾਰ ਨਾਲ ਦੋਵੇਂ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਇਸ ਮਾਮਲੇ 'ਚ ਜਾਰੀ ਕੀਤੇ ਹੁਕਮਾਂ 'ਚ ਸਾਡੀ ਚੰਗੀ ਸਰਕਾਰ ਸੋਧ ਕਰੇ ਜਾਂ ਇਨ੍ਹਾਂ ਨੂੰ ਰੱਦ ਕਰੇ ਅਤੇ ਇੰਝ ਸਾਡੀ ਖ਼ੁਸ਼ੀ ਲਈ ਸਾਨੂੰ ਸ਼ੁਭਚਿੰਤਕ ਬਣਾਇਆ ਜਾਵੇ।

ਪਟੀਸ਼ਨਰਾਂ ਦੇ ਹਸਤਾਖਰ ਵੱਖਰੇ ਕਾਗਜ਼ਾਂ 'ਤੇ ਇਸ ਪਟੀਸ਼ਨ ਦੇ ਨਾਲ ਨੱਥੀ ਕੀਤੇ ਜਾਂਦੇ ਹਨ।

# ਸਹਿ-ਪੱਤਰ

ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਫ਼ੋਰਸਾਈਥ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਕੂਕਿਆਂ ਵੱਲੋਂ ਕੀਤੀ ਗ਼ਲਤੀ ਤੇ ਗੜਬੜੀ ਨੂੰ ਦਬਾਉਣ ਲਈ ਸ਼ਲਾਘਾਯੋਗ ਤੇ ਪੂਰੀ ਸੂਝਬੂਝ ਨਾਲ ਕਦਮ ਚੁੱਕੇ ਸਨ ਤੇ ਇਸ ਬੇਪਰਵਾਹ ਸੰਪਰਦਾਇ ਨੂੰ ਮਿਸਾਲੀ ਸਜ਼ਾ ਦਿੱਤੀ ਹੈ; ਅਤੇ ਇਸ ਸੱਚਮੁਚ ਚੰਗੇ ਪ੍ਰਬੰਧ ਕਾਰਨ ਸਾਨੂੰ ਹੁਣ ਉਨ੍ਹਾਂ ਦੇ ਮਾੜੇ ਇਰਾਦਿਆਂ ਦੇ ਖ਼ਦਸ਼ੇ ਤੋਂ ਰਾਹਤ ਮਿਲੀ ਹੈ ਅਤੇ ਉਹ ਪੂਰੇ ਦੇਸ਼ 'ਤੇ ਕਾਬਜ਼ ਹੋਣਾ ਲੋਚਦੇ ਹਨ ਤੇ ਆਪ ਪੂਰੀ ਤਰ੍ਹਾਂ ਸੁਰੱਖਿਅਤ ਹਨ। ਭਾਵੇਂ ਇਨ੍ਹਾਂ ਅਧਿਕਾਰੀਆਂ ਦੀ ਕਾਰਵਾਈ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਸੀ ਪਰ ਇਸ ਦੇ ਉਲਟ ਨਾਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੀ ਕਾਰਵਾਈ 'ਤੇ ਇਤਰਾਜ਼ ਪ੍ਰਗਟਾਏ ਗਏ ਹਨ ਅਤੇ ਇਸ ਨਾਲ ਪ੍ਰਸ਼ਾਸਨ ਨੂੰ ਠੇਸ ਪੁੱਜਣ ਦੇ ਖ਼ਦਸ਼ੇ ਪੈਦਾ ਹੋ ਗਏ ਹਨ ਅਤੇ ਜਿਹੜਾ ਬਾਗ਼ੀਆਨਾ ਸੰਪਰਦਾਇ ਲੱਗਭਗ ਤਬਾਹ ਹੋ ਚੁੱਕਾ ਸੀ, ਉਹ ਪੁਨਰ-ਸੁਰਜੀਤ ਹੋ ਗਿਆ ਹੈ ਅਤੇ ਇੰਝ ਉਨ੍ਹਾਂ ਨੂੰ ਖ਼ੁਸ਼ਹਾਲੀ ਦੀ ਆਸ ਦਾ ਇੱਕ ਮੌਕਾ ਮਿਲ ਗਿਆ ਹੈ ਤੇ ਸਾਨੂੰ ਉਨ੍ਹਾਂ ਦੀਆਂ ਮਾੜੀਆਂ ਯੋਜਨਾਵਾਂ ਦੇ ਚੱਲਦਿਆਂ ਅਨਿਸ਼ਚਤਤਾ ਦੀ ਹਾਲਾਤ ਵਿੱਚ ਛੱਡ ਦਿੱਤਾ ਗਿਆ ਹੈ। ਅਸੀਂ ਇੱਕ ਪਟੀਸ਼ਨ ਤਿਆਰ ਕੀਤੀ ਹੈ, ਜਿਸ ਵਿੱਚ ਅਸੀਂ ਸਾਰੀਆਂ ਬੁਨਿਆਦੀ ਗੱਲਾਂ ਲਿਖੀਆਂ ਹਨ ਤੇ ਉਹ ਕਾਜ਼ੀ ਮੁਬਾਰਕ ਅਲੀ ਵੱਲੋਂ ਜਲੰਧਰ ਜ਼ਿਲ੍ਹੇ ਦੀ ਕਮੇਟੀ ਕੋਲ ਭੇਜੀ ਗਈ ਹੈ, ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਸਾਡੀ ਬੇਨਤੀ ਸਰਕਾਰ ਤੱਕ ਪੁੱਜ ਸਕੇ। ਇਹ ਪਟੀਸ਼ਨ ਸਰਕਾਰ ਕੋਲ ਭੇਜੀ ਗਈ ਹੈ, ਅਸੀਂ ਬੇਨਤੀ ਕਰਦੇ ਹਾਂ ਕਿ ਇਸ ਮਾਮਲੇ 'ਤੇ ਮੁੜ ਵਿਚਾਰ ਕੀਤਾ ਜਾਵੇ ਤੇ ਬਿਨੈਕਾਰਾਂ ਨੂੰ ਧੰਨਵਾਦੀ ਬਣਾਇਆ ਜਾਵੇ।

ਸਰਦਾਰ ਬਿਸ਼ਨ ਸਿੰਘ,
ਕਲਸੀਆਂ ਦਾ ਰਈਸ।

28 ਜੂਨ, 1872

ਕੂਕਿਆਂ ਵੱਲੋਂ ਕੀਤੀ ਗ਼ਲਤੀ ਤੇ ਗੜਬੜੀ ਨੂੰ ਦਬਾਉਣ ਲਈ ਅੰਬਾਲਾ ਦੇ ਕਮਿਸ਼ਨਰ ਸ੍ਰੀ ਫ਼ੋਰਸਾਈਥ ਅਤੇ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਵੱਲੋਂ ਚੁੱਕੇ ਗਏ ਸੂਝਬੂਝ ਭਰਪੂਰ ਕਦਮਾਂ ਤੇ ਫਿਰ ਉਨ੍ਹਾਂ ਨੂੰ ਮਿਸਾਲੀ ਸਜ਼ਾ ਦੇਣ ਕਾਰਣ ਸਮੁੱਚੇ ਦੇਸ਼ ਵਿੱਚ ਵਿਵਸਥਾ ਬਹਾਲ ਹੋਈ ਹੈ ਅਤੇ ਉਨ੍ਹਾਂ ਦੀਆਂ ਮਾੜੀਆਂ ਮਨਸ਼ਾਵਾਂ ਤੇ ਇੱਛਾਵਾਂ ਦੇ ਖ਼ਦਸ਼ਿਆਂ ਤੋਂ ਰਾਹਤ ਮਿਲੀ ਹੈ, ਉਹ ਇਸ ਖੇਤਰ 'ਤੇ ਆਪਣਾ ਕਬਜ਼ਾ ਲੋਚਦੇ ਸਨ, ਅਸੀਂ ਹੁਣ ਬੇਹੱਦ ਸੁਰੱਖਿਅਤ ਹੋ ਗਏ ਹਾਂ। ਇਨ੍ਹਾਂ ਅਧਿਕਾਰੀਆਂ ਨੇ ਜੋ ਵੀ ਕਦਮ ਚੁੱਕੇ ਹਨ, ਇਸ ਲਈ ਉਹ ਸਰਕਾਰ ਦੀ ਤਰਫ਼ੋਂ ਸ਼ਲਾਘਾ ਦੇ ਹੱਕਦਾਰ ਹਨ; ਉਨ੍ਹਾਂ ਜੋ ਵੀ ਕੀਤਾ ਹੈ, ਉਹ ਚੰਗੀ ਮਨਸ਼ਾ ਨਾਲ ਹੀ ਕੀਤਾ ਹੈ; ਪਰ ਇਸ ਦੇ ਉਲਟ ਉਨ੍ਹਾਂ ਦੀਆਂ ਕਾਰਵਾਈਆਂ ਪ੍ਰਤੀ ਨਾਖ਼ੁਸ਼ੀ ਦਾ

ਪ੍ਰਗਟਾਵਾ ਕੀਤਾ ਗਿਆ ਹੈ ਤੇ ਉਨ੍ਹਾਂ ਦੀ ਨਿਖੇਧੀ ਕੀਤੀ ਗਈ ਹੈ, ਜਿਸ ਕਾਰਣ ਕੂਕਾ ਸੰਪਰਦਾਇ ਪੁਨਰ-ਸੁਰਜੀਤ ਹੋ ਰਿਹਾ ਹੈ, ਜੋ ਕਿ ਇੰਝ ਜਾਪਣ ਲੱਗ ਪਿਆ ਸੀ ਕਿ ਜਿਵੇਂ ਇਸ ਧਰਤੀ ਤੋਂ ਉਸ ਦਾ ਸਫ਼ਾਇਆ ਹੋ ਚੁੱਕਾ ਹੈ ਪਰ ਹੁਣ ਉਨ੍ਹਾਂ ਦੀਆਂ ਆਸਾਂ ਮੁੜ ਜਾਗ ਪਈਆਂ ਹਨ ਤੇ ਉਹ ਆਪਣਾ ਸਮਾਂ ਆਉਣ ਦੀ ਉਡੀਕ ਕਰਨ ਲੱਗ ਪਏ ਹਨ। ਅਤੇ ਅਜਿਹਾ ਹੁਕਮ ਪ੍ਰਸ਼ਾਸਨ ਦੇ ਹਿੱਤਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ ਤੇ ਇੰਝ ਫਿਰ ਵੀ ਵੱਖੋ-ਵੱਖਰੀ ਕਿਸਮ ਦੇ ਖ਼ਦਸ਼ੇ ਪੈਦਾ ਹੋਣ ਲੱਗ ਪਏ ਹਨ। ਅਸੀਂ ਆਪਣੀ ਸੁਣਵਾਈ ਲਈ ਸਮੁੱਚੇ ਪੰਜਾਬ ਦੀ ਜਨਤਾ ਤੇ ਸਰਕਾਰ ਦੇ ਨਾਗਰਿਕਾਂ ਦੀ ਇੱਕ ਕਮੇਟੀ ਜਲੰਧਰ ਜ਼ਿਲ੍ਹੇ 'ਚ ਕਾਇਮ ਕੀਤੀ ਹੈ, ਜੋ ਸਰਕਾਰ ਨੂੰ ਇਸ ਸਬੰਧੀ ਸਾਡੀਆਂ ਅਰਜ਼ੀਆਂ ਭੇਜਦੀ ਹੈ ਅਤੇ ਇਸ ਸਬੰਧੀ ਇੱਕ ਵੱਡੀ ਪਟੀਸ਼ਨ ਤਿਆਰ ਕੀਤੀ ਗਈ ਹੈ, ਜਿਸ ਵਿੱਚ ਸਰਕਾਰ ਤੋਂ ਬੇਨਤੀ ਕੀਤੀ ਗਈ ਹੈ ਕਿ ਇਸ ਮਾਮਲੇ 'ਚ ਜਾਰੀ ਕੀਤੇ ਆਦੇਸ਼ਾਂ 'ਚ ਸੋਧ ਕੀਤੀ ਜਾਵੇ। ਇਹ ਪਟੀਸ਼ਨ ਅਸੀਂ ਕਰਨਾਲ ਜ਼ਿਲ੍ਹੇ ਦੇ ਰਈਸ ਤੇ ਆਮ ਲੋਕ ਭੇਜ ਰਹੇ ਹਾਂ, ਸਾਡੀ ਸਭ ਦੀ ਬੇਨਤੀ ਹੈ ਕਿ ਜਲੰਧਰ ਕਮੇਟੀ ਦੇ ਵਿਚਾਰਾਂ ਦੀ ਸੁਣਵਾਈ ਕੀਤੀ ਜਾਵੇ।

ਨਵਾਬ ਸ਼ਮਸ਼ੇਰ ਅਲੀ ਖ਼ਾਨ, ਕਰਨਾਲ ਦਾ ਇਸਤਮਰਦਾਰ  
'' ਮੁਹੰਮਦ ਅਲੀ ਖ਼ਾਨ, ਬਹਾਦਰ, ਰਈਸ ਤੇ ਕਰਨਾਲ ਦਾ ਇਸਤਮਰਦਾਰ  
'' ਮਿਹਰ ਇਲਾਹੀ ਖ਼ਾਨ, ਕਰਨਾਲ ਦਾ ਇਸਤਮਰਦਾਰ ਤੇ ਰਈਸ  
'' ਕਰਮ ਇਲਾਹੀ ਖ਼ਾਨ, ਸਪੁੱਤਰ ਨਵਾਬ ਗ਼ੁਲਾਮ ਸ਼ਰਫ਼ ਖ਼ਾਨ, ਬਹਾਦਰ, ਕਰਨਾਲ ਦਾ ਇਸਤਮਰਦਾਰ ਤੇ ਰਈਸ  
'' ਨਿਜਾਬਤ ਅਲੀ ਖ਼ਾਨ, ਕਰਨਾਲ ਦਾ ਇਸਤਮਰਦਾਰ  
'' ਕਮਰੁੱਦੀਨ ਖ਼ਾਨ, ਕਰਨਾਲ ਦਾ ਇਸਤਮਰਦਾਰ ਤੇ ਰਈਸ  
ਨੰਦੂ ਮੱਲ, ਮੈਂਬਰ ਨਗਰ ਪਾਲਿਕਾ ਤੇ ਕਰਨਾਲ ਦਾ ਰਈਸ  
ਨਾਰਾਇਣ ਦਾਸ, ਮੈਂਬਰ ਨਗਰ ਪਾਲਿਕਾ ਤੇ ਕਰਨਾਲ ਦਾ ਰਈਸ  
ਦੁਆਰਕਾ ਦਾਸ, ਕਰਨਾਲ ਦਾ ਸ਼ਾਹੂਕਾਰ  
ਜਵਾਹਰ ਸਿੰਘ, ਕਰਨਾਲ ਦਾ ਸ਼ਾਹੂਕਾਰ  
ਲਾਲਾ ਮੱਖਣ ਮੱਲ, ਮੈਂਬਰ ਨਗਰ ਪਾਲਿਕਾ ਤੇ ਕਰਨਾਲ ਦਾ ਰਈਸ  
ਜੁਗਲ ਕਿਸ਼ੋਰ, ਕਰਨਾਲ ਦਾ ਕਾਨੂੰਨਗੋ  
ਸਈਦ ਮੀਰ ਅਲੀ, ਕਰਨਾਲ ਦਾ ਰਈਸ  
ਸਈਦ ਵਜ਼ੀਰ ਅਲੀ, ਕਰਨਾਲ ਦਾ ਰਈਸ ਤੇ ਮੈਂਬਰ ਨਗਰ ਪਾਲਿਕਾ  
ਸਈਦ ਮੁਹੰਮਦ ਹਸਨ, ਕਰਨਾਲ ਦਾ ਰਈਸ  
ਸਈਦ ਇਨਾਇਤ ਅਲੀ, ਕਰਨਾਲ ਦਾ ਰਈਸ  
ਸ਼ਿਵਦਿਆਲ ਸਿੰਘ, ਮੈਂਬਰ ਨਗਰ ਪਾਲਿਕਾ ਤੇ ਕਰਨਾਲ ਦਾ ਰਈਸ  
ਸਈਦ ਹਸ਼ਮਤ ਅਲੀ, ਕਰਨਾਲ ਜ਼ਿਲ੍ਹੇ 'ਚ ਜਲਹਾਰ ਦਾ ਜ਼ਿਮੀਂਦਾਰ  
ਭੋਲਾ ਨਾਥ, ਮਹਾਜਨ, ਕਰਨਾਲ ਦਾ ਰਈਸ

ਇੱਕ ਹੋਰ ਦਸਤਾਵੇਜ਼, ਇਨ੍ਹਾਂ ਹੀ ਸ਼ਬਦਾਂ 'ਚ, ਜਿਸ ਉੱਤੇ ਜਗਾਧਰੀ ਤਹਿਸੀਲ ਇਲਾਕੇ ਦੇ ਸਥਾਨਕ ਭੱਦਰ-ਪੁਰਸ਼ਾਂ ਦੇ ਨਾਂਅ ਹਨ:

## ਅੰਤਿਕਾ

| | |
|---|---|
| ਬੰਸੀਲਾਲ, ਬੈਂਕਰ ਤੇ | ਜਗਾਧਰੀ ਦਾ ਰਈਸ |
| ਲਾਲਾ ਦੇਵੀ ਚੰਦ, | -ਉਹੀ- |
| '' ਬਲਦੇਵ ਸਿੰਘ | -ਉਹੀ- |
| '' ਪਰਕੰਠ ਰਾਏ | -ਉਹੀ- |
| '' ਜਗਾਧਰ ਮੱਲ, | -ਉਹੀ- |
| '' ਰਾਮਧਾਰੀ ਮੱਲ, | ਜਗਾਧਰੀ ਦਾ ਸ਼ਾਹੂਕਾਰ |
| '' ਕੇਵਲ ਮੱਲ | ਜਗਾਧਰੀ ਦਾ ਚੌਧਰੀ |
| '' ਦਾਨੀਆ ਲਾਲ, ਸ਼ਾਹੂਕਾਰ | -ਉਹੀ- |
| '' ਜਮਨਾ ਦਾਸ | -ਉਹੀ- |
| '' ਬਾਲੀ ਮੱਲ, | ਜਗਾਧਰੀ ਦਾ ਚੌਧਰੀ |
| '' ਕਸ਼ਮੀਰੀ ਦਾਸ, | ਜਗਾਧਰੀ ਦਾ ਚੌਧਰੀ |
| '' ਸ਼ਾਦੀ ਰਾਮ, ਚੌਧਰੀ | -ਉਹੀ- |
| '' ਨਾਨੂੰ ਮੱਲ, | ਮੈਂਬਰ ਨਗਰ ਪਾਲਿਕਾ, ਜਗਾਧਰੀ |
| '' ਕੇਵਲ ਰਾਮ, | ਜਗਾਧਰੀ ਦਾ ਸ਼ਾਹੂਕਾਰ |
| '' ਵਜ਼ੀਰੀ ਮੱਲ | -ਉਹੀ- |
| '' ਸ਼ੰਕਰ ਦਾਸ, ਚੌਧਰੀ | -ਉਹੀ- |
| '' ਦਵਾਰਕਾ ਮੱਲ, ਸ਼ਾਹੂਕਾਰ | -ਉਹੀ- |
| '' ਬਲਦੇਵ ਦਾਸ | -ਉਹੀ- |
| '' ਸੀਤਾ ਰਾਮ | -ਉਹੀ- |
| '' ਲੇਖਰਾਜ | -ਉਹੀ- |
| '' ਰਾਜਾ ਰਾਮ, | ਜਗਾਧਰੀ ਦਾ ਚੌਧਰੀ |
| '' ਨਾਥਨ ਮੱਲ | -ਉਹੀ- |
| '' ਗੋਪਾਲ ਸਹਾਏ, ਸ਼ਾਹੂਕਾਰ | -ਉਹੀ- |
| '' ਸਵਾਈ | -ਉਹੀ- |
| '' ਭਗਵਾਨ ਦਾਸ | -ਉਹੀ- |
| ਕੇਵਲ ਰਾਮ, | ਜਗਾਧਰੀ ਦੇ ਜ਼ਿਮੀਂਦਾਰ |
| ਲਾਲਾ ਚੁੰਨੀ ਲਾਲ, | ਜਗਾਧਾਰੀ ਦਾ ਸ਼ਾਹੂਕਾਰ |
| '' ਨਾਨਕ ਚੰਦ | -ਉਹੀ- |
| '' ਭਗਵਾਨ ਦਾਸ | -ਉਹੀ- |

| | |
|---|---|
| " ਬਨਵਾਰੀ ਦਾਸ, | ਜਗਾਧਰੀ |
| " ਮੂਲਰਾਜ | -ਉਹੀ- |
| " ਬੰਸੀ ਲਾਲ ਚੌਧਰੀ | -ਉਹੀ- |
| " ਰਾਮ ਸਰਨ | -ਉਹੀ- |
| " ਚੁੰਨੀ ਲਾਲ | -ਉਹੀ- |
| " ਹੀਰਾ ਲਾਲ, ਸ਼ਾਹੂਕਾਰ | -ਉਹੀ- |
| " ਰਾਮਜੀਦਾਸ | -ਉਹੀ- |
| " ਚੁੰਨੀ ਲਾਲ ਪੁੱਤਰ ਲਾਲਾ ਨਾਥਨ, | ਜਗਾਧਰੀ ਦਾ ਸ਼ਾਹੂਕਾਰ |
| " ਸਾਈਗੋਪਾਲ, | ਜਗਾਧਰੀ ਦਾ ਸ਼ਾਹੂਕਾਰ |
| " ਹਰਸ਼ਾਈ ਮੱਲ | -ਉਹੀ- |
| " ਨਾਹਰ ਸਿੰਘ | -ਉਹੀ- |
| " ਜ਼ਾਹਰੂ ਮੱਲ, ਸ਼ਾਹੂਕਾਰ | -ਉਹੀ- |
| " ਰਾਮਜੀਦਾਸ | -ਉਹੀ- |
| ਲਾਲਾ ਚਤਰ ਮੱਲ, | ਜਗਾਧਰੀ ਦਾ ਸ਼ਾਹੂਕਾਰ |
| " ਰਾਮਜੀਦਾਸ, ਨਿਵਾਸੀ | -ਉਹੀ- |
| ਗੁਲਾਬ ਸਿੰਘ ਜਗੀਰਦਾਰ | |
| ਲਾਲਾ ਠਾਕੁਰ ਦਾਸ, | ਜਗਾਧਰੀ ਦਾ ਸ਼ਾਹੂਕਾਰ |
| " ਬਿਹਾਰੀ ਲਾਲ | -ਉਹੀ- |
| " ਰਾਮਜੀਦਾਸ | -ਉਹੀ- |
| " ਮੁਰਲੀ ਲਾਲ | -ਉਹੀ- |
| ਜਮਨਾ ਦਾਸ, | ਬਲਾਸਪੁਰ ਦਾ ਸ਼ਾਹੂਕਾਰ |
| ਛੱਜੂ ਮੱਲ, | ਕਰੇਰਾਹ ਦਾ ਨੰਬਰਦਾਰ |
| ਮੁਰਤਜ਼ਾ ਖ਼ਾਨ, | ਬਲਾਸਪੁਰ ਦਾ ਨੰਬਰਦਾਰ |
| ਜੀਵਨ ਮੱਲ, | ਜਗਾਧਰੀ ਦਾ ਸ਼ਾਹੂਕਾਰ |
| ਮਲਖਾਨ, | ਨਿਵਾਸੀ ਸਰਨ। |
| ਸੋਹਦਾ, | ਕਟੜਾ ਕਲਾਂ ਦਾ ਨੰਬਰਦਾਰ |
| ਮੱਲਾਂ, | ਨਿਵਾਸੀ ਕਹੇੜੀ |
| ਤਾਲਬ, | ਨਿਵਾਸੀ -ਉਹੀ- |
| ਨਜਬ ਖ਼ਾਨ, | ਨੰਬਰਦਾਰ |
| ਅਲੀ ਬਖ਼ਸ਼, | -ਉਹੀ- |
| ਮਰਦਾਨ, | -ਉਹੀ- |
| ਨਬੀ ਬਖ਼ਸ਼ | |
| ਮਥਰਾ ਦਾਸ, | ਮੁਸਤਫ਼ਾਬਾਦ ਦਾ ਚੌਧਰੀ |

| | |
|---|---|
| ਲਾਲਾ ਘਾਸੀ ਰਾਮ | -ਉਹੀ- |
| '' ਦੌਲਤ ਰਾਮ | ਮੁਸਤਫ਼ਾਬਾਦ |
| '' ਚੁੰਨੀ ਲਾਲ | -ਉਹੀ- |
| ਸਰਦਾਰ ਤਿਲੋਕ ਸਿੰਘ, | ਰਈਸ ਨਿਵਾਸੀ -ਉਹੀ- |
| '' ਸੁੰਦਰ ਸਿੰਘ | -ਉਹੀ- |
| '' ਗੁਰਸ਼ਾਮ ਸਿੰਘ | -ਉਹੀ- |
| ਅਹਿਮਦ ਸਾਬਰ, | ਨੰਬਰਦਾਰ -ਉਹੀ- |
| ਨਬੀ ਬਖ਼ਸ਼, | ਨੰਬਰਦਾਰ -ਉਹੀ- |
| ਲਾਲਾ ਚੁੰਨੀ ਲਾਲ, | ਨਿਵਾਸੀ ਮੁਸਤਫ਼ਾਬਾਦ |
| ਮਹਿਤਾਬ ਸਿੰਘ, | ਨਿਵਾਸੀ ਖ਼ਾਨਪੁਰ |
| ਅਲੀ ਬਖ਼ਸ਼ | |
| ਮਹਾਨਜੀ, | ਨੰਬਰਦਾਰ |

ਬਿਲਕੁਲ ਅਜਿਹੀ ਪਟੀਸ਼ਨ, ਜਿਸ ਉੱਤੇ ਬੂੜੀਆ ਕਸਬੇ ਦੇ ਨਿਮਨਲਿਖਤ ਭੱਦਰ-ਪੁਰਸ਼ਾਂ ਦੇ ਹਸਤਾਖਰ ਹਨ:

| | |
|---|---|
| ਸਰਦਾਰ ਜੀਵਨ ਸਿੰਘ, | ਆਨਰੇਰੀ ਮੈਜਿਸਟ੍ਰੇਟ, ਬੂੜੀਆ ਦਾ ਰਈਸ |
| '' ਗੁਰਬਖ਼ਸ਼ ਸਿੰਘ | |
| ਹਰਦਿੱਤ ਸਿੰਘ, | ਦਿਆਲਗੜ੍ਹ ਦਾ ਰਈਸ |
| ਮੋਹਨ ਲਾਲ | |
| ਸਵਾਈ ਸਿੰਘ | |
| ਲਾਲਾ ਹਰਦਵਾਰੀ ਮੱਲ, | ਬੂੜੀਆ ਦਾ ਸ਼ਾਹੂਕਾਰ |
| '' ਕੁੰਦਨ ਲਾਲ | -ਉਹੀ- |
| '' ਦੀਨਾ ਮੱਲ | -ਉਹੀ- |
| '' ਜ਼ਹੋਰੂ ਮੱਲ | -ਉਹੀ- |
| ਭਵੰਤ, | ਚੌਧਰੀ |
| ਠਾਕੁਰ ਦਾਸ, | ਮਹਾਜਨ |
| ਕਾਜ਼ੀ ਜ਼ੀਆ-ਉਦ-ਦੀਨ, | ਮੈਂਬਰ, ਨਗਰ ਕੌਂਸਲ |
| ਸ਼ੰਭੂ ਨਾਥ, ਹਕੀਮ | |
| ਛੱਜੂ ਸਿੰਘ | |

ਇੱਕ ਹੋਰ ਪਟੀਸ਼ਨ, ਇਨ੍ਹਾਂ ਹੀ ਸ਼ਬਦਾਂ ਨਾਲ, ਜਿਸ ਉੱਤੇ ਹੇਠ ਲਿਖੇ ਭੱਦਰ-ਪੁਰਸ਼ਾਂ ਦੇ ਹਸਤਾਖਰ ਹਨ:

| | |
|---|---|
| ਸਰਦਾਰ ਪ੍ਰਤਾਪ ਸਿੰਘ | ਮਛਰੌਲੀ |

| | |
|---|---|
| '' ਇੰਦਰ ਸਿੰਘ, | ਨਿਵਾਸੀ ਨਰਵਾਹ ਕਲਾਂ |
| '' ਜੈ ਸਿੰਘ, | ਚੰਗੋਲੀ |
| '' ਸੰਤੋਖ ਸਿੰਘ, | ਜਗਧੋਲੀ ਦੇ ਜਗੀਰਦਾਰ |
| ਫ਼ਤਿਹ ਸਿੰਘ, | ਜਗੀਰਦਾਰ |
| ਸੰਤ ਸਿੰਘ | -ਉਹੀ- ਨਿਵਾਸੀ ਸਰਨ |
| ਕ੍ਰਿਪਾਲ ਸਿੰਘ | -ਉਹੀ- |
| ਇਬਾਨ (?) ਸਿੰਘ | -ਉਹੀ- |
| ਲਹਿਣਾ ਸਿੰਘ, | ਨਿਵਾਸੀ ਧਰਮਕੋਟ |

ਇੱਕ ਹੋਰ ਪਟੀਸ਼ਨ, ਇਨ੍ਹਾਂ ਹੀ ਸ਼ਬਦਾਂ 'ਚ, ਅੰਬਾਲਾ (ਜ਼ਿਲ੍ਹਾ) ਦੇ ਹੇਠ ਲਿਖੇ ਸਥਾਨਕ ਭੱਦਰ-ਪੁਰਸ਼ਾਂ ਤੋਂ:

| | |
|---|---|
| ਰਾਜਾ ਭਗਵਾਨ ਸਿੰਘ, | ਨਿਵਾਸੀ ਮਨੀ ਮਾਜਰਾ |
| ਰਾਜਾ ਹੀਰਾ ਸਿੰਘ, | ਨਿਵਾਸੀ ਪਭਾਤ |
| ਸਰਦਾਰ ਖੀਵਾ ਸਿੰਘ, | ਨਿਵਾਸੀ ਮਲੋਹਾ |
| ਫ਼ਤਿਹ ਸਿੰਘ, | ਜਗੀਰਦਾਰ |
| ਪਨੂੰ ਮੱਲ, | ਮਨੀਮਾਜਰਾ ਦਾ ਚੌਧਰੀ |
| ਜਵਾਹਰ ਲਾਲ, | ਨਿਵਾਸੀ ਕੁਰੋਲੀ |
| ਕਾਂਸ਼ੀ ਰਾਮ | -ਉਹੀ- |
| ਕਾਕਾ ਮੱਲ | -ਉਹੀ- |
| ਚੁੰਨੀ | -ਉਹੀ- |
| ਚੂਹੜ ਸਿੰਘ, | ਨੰਬਰਦਾਰ |
| ਭੋਲਾ ਸਿੰਘ, | -ਉਹੀ- |
| ਖ਼ੁਦਾ ਬਖ਼ਸ਼ | -ਉਹੀ- |
| ਕਾਲਾ ਸਿੰਘ | -ਉਹੀ- |
| ਚੌਧਰੀ ਵਰਤ ਸਿੰਘ | -ਉਹੀ- |
| '' ਤਖ਼ਤ ਸਿੰਘ | -ਉਹੀ- |
| ਹੀਰਾ ਲਾਲ | |
| ਦੇਵਾ ਸਿੰਘ | |
| ਕਾਹਨ ਸਿੰਘ | |
| ਸੰਤੂ ਮੱਲ | |
| ਚੌਧਰੀ ਬਹਾਦਰ ਸਿੰਘ | |
| '' ਚੜ੍ਹਤ ਸਿੰਘ'' ਵਜ਼ੀਰ ਸਿੰਘ | |
| '' ਨਿਵਾਸੀ ਮਲਕੜ੍ਹਾ (?) | |

| | |
|---|---|
| '' ਸੰਤ ਸਿੰਘ, | ਜਗੀਰਦਾਰ |
| ਬਿਸ਼ਨ ਸਿੰਘ | |
| ਈਸੜੀ, | ਸਾਲੇਹ ਦਾ ਨੰਬਰਦਾਰ |
| ਗੁਲਾਬ ਸਿੰਘ | -ਉਹੀ- |
| ਨੰਦ ਸਿੰਘ, | ਨਿਵਾਸੀ ਸਾਲਾਹ |
| ਰਾਮ ਜੱਸ | |
| ਸੰਦਲ, | ਨੰਬਰਦਾਰ |
| ਚਰਾਗ਼ਾ, | -ਉਹੀ- ਨਿਵਾਸੀ ਬਨੂੜ |
| ਮਧੂ, | -ਉਹੀ-, ਨਿਵਾਸੀ ਮਲੂ ਮਾਜਰਾ |

ਵੱਲ, ਪੰਜਾਬ ਦੇ ਮਾਣਯੋਗ ਲੈਫਟੀਨੈਂਟ ਗਵਰਨਰ

ਇਸ ਚਿੱਠੀ ਨਾਲ ਤੁਹਾਨੂੰ ਖ਼ੁਸ਼ੀ ਮਿਲੇ! ਅਸੀਂ ਪੰਜਾਬ ਦੇ ਨਿਮਨਹਸਤਾਖਰੀ ਰਾਜੇ, ਸਰਦਾਰ ਤੇ ਰਈਸ, ਬਹੁਤ ਸਤਿਕਾਰ ਨਾਲ ਡਿਪਟੀ ਕਮਿਸ਼ਨਰ ਸ੍ਰੀ ਕਾਵਨ ਅਤੇ ਕਮਿਸ਼ਨਰ ਸ੍ਰੀ ਫ਼ੋਰਸਾਈਥ ਸਬੰਧੀ ਜਾਰੀ ਹੁਕਮ ਦੇ ਵਿਰੁੱਧ ਬੇਨਤੀ ਕਰਨੀ ਚਾਹੁੰਦੇ ਹਾਂ ਮਾਣਯੋਗ ਜੀਓ, ਕ੍ਰਿਪਾ ਕਰ ਕੇ ਸਾਡੀ ਇਹ ਪਟੀਸ਼ਨ ਭਾਰਤ ਸਰਕਾਰ ਤੱਕ ਪੁੱਜਦੀ ਕੀਤੀ ਜਾਵੇ।

2. ਸਾਡੇ 'ਚੋਂ ਬਹੁਤਿਆਂ ਨੂੰ ਸ਼ਾਇਦ ਸ੍ਰੀ ਕਾਵਨ ਜਾਂ ਸ੍ਰੀ ਫ਼ੋਰਸਾਈਥ ਨੂੰ ਨਹੀਂ ਜਾਣਦੇ ਪਰ ਜਦ ਤੋਂ ਕੂਕਿਆ ਦੀ ਗੜਬੜੀ ਹੋਈ ਹੈ, ਤਦ ਤੋਂ ਕੋਈ ਉਨ੍ਹਾਂ ਦੇ ਮਾਮਲੇ ਨਾਲ ਸੰਬੰਧਤ ਵੇਰਵਿਆਂ ਤੋਂ ਅਣਜਾਣ ਨਹੀਂ ਰਹਿ ਸਕਦਾ ਸੀ। ਸਾਡੀ ਬੇਨਤੀ ਸਾਡੇ ਦੇਸ਼ ਦੇ ਭਵਿੱਖ ਦੇ ਕਲਿਆਣ ਉੱਤੇ ਵਿਚਾਰ ਕਰਨ ਉੱਪਰ ਆਧਾਰਿਤ ਹੈ ਤੇ ਇਸ ਵਿੱਚ ਕਿਸੇ ਦਾ ਕੋਈ ਸੁਆਰਥੀ ਹਿੱਤ ਨਹੀਂ ਹੈ; ਕਿਉਂਕਿ ਜਦੋਂ ਕੋਈ ਸੰਪਰਦਾਇ ਬਗ਼ਾਵਤ ਫੈਲਾਉਣ ਲਈ ਦੇਸ਼ 'ਚ ਗੜਬੜੀ ਫੈਲਾਉਂਦਾ ਹੈ, ਤਾਂ ਉਸ ਤੋਂ ਹੋਰ ਕਬੀਲੇ ਤੇ ਸਤਿਕਾਰਯੋਗ ਨਿਵਾਸੀ ਵੀ ਪ੍ਰਭਾਵਿਤ ਹੁੰਦੇ ਹਨ ਤੇ ਉਹ ਵੀ ਮੁਸੀਬਤ 'ਚ ਪੈ ਜਾਂਦੇ ਹਨ ਤੇ ਅਜਿਹੀਆਂ ਔਕੜਾਂ 'ਚ ਘਿਰ ਜਾਂਦੇ ਹਨ ਕਿ ਜਿਸ ਦਾ ਕੋਈ ਹੱਲ ਨਹੀਂ ਹੁੰਦਾ ਅਤੇ ਅਜਿਹੇ ਵੇਲੇ ਅਧਿਕਾਰੀ ਇਹੋ ਸੋਚਦੇ ਹਨ ਕਿ ਭਾਵੇਂ ਰਾਜ 'ਚ ਇੱਕੋ ਧਿਰ ਆਪਣਾ ਸਿਰ ਚੁੱਕ ਰਹੀ ਹੋਵੇ ਪਰ ਸਜ਼ਾ ਜ਼ਰੂਰ ਸਭ ਨੂੰ ਮਿਲਣੀ ਚਾਹੀਦੀ ਹੈ।

3. ਕੂਕਿਆਂ ਵੱਲੋਂ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲ ਕੀਤਿਆਂ ਨੂੰ ਹਾਲੇ ਬਹੁਤਾ ਸਮਾਂ ਨਹੀਂ ਬੀਤਿਆ, ਤਦ ਉਸ ਸ਼ਹਿਰ ਦੇ ਰਈਸ ਵੱਡੀਆਂ ਮੁਸੀਬਤਾਂ ਤੇ ਔਕੜਾਂ 'ਚ ਫਸ ਗਏ ਸਨ ਅਤੇ ਸਾਡੀ ਕਲਿਆਣਕਾਰੀ ਸਰਕਾਰ ਨੂੰ ਜ਼ਰੂਰ ਹੀ ਅਧਿਕਾਰੀਆਂ ਦੀਆਂ ਉਸ ਵਿਰੁੱਧ ਮਨਸ਼ਾਵਾਂ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਸਾਨੂੰ ਨਹੀਂ ਪਤਾ ਕਿ ਜੇ ਕੂਕਿਆਂ ਦੇ ਬਾਗ਼ੀਆਨਾ ਵਿਵਹਾਰ ਨੂੰ ਖ਼ਾਸ ਤੌਰ 'ਤੇ ਮਲੌਦ ਤੇ ਮਲੇਰਕੋਟਲਾ 'ਚ ਦਬਾਇਆ ਨਾ ਜਾਂਦਾ, ਤਾਂ ਪਤਾ ਨਹੀਂ ਸਮੁੱਚੇ ਪੰਜਾਬ ਦੀ ਜਨਤਾ ਨਾਲ ਕੀ ਕੁੱਝ ਵਾਪਰ ਜਾਣਾ ਸੀ।

4. ਇੱਕ ਨਿਆਂਪੂਰਨ ਸਰਕਾਰ ਇਹ ਵਿਚਾਰ ਕਰਦੀ ਹੈ ਕਿ ਕੂਕਿਆਂ ਨੂੰ ਮਲੌਂਦ ਤੇ ਮਲੇਰਕੋਟਲਾ 'ਚ ਕੀਤੀਆਂ ਗਈਆਂ ਗੜਬੜੀਆਂ ਲਈ ਸਜ਼ਾ ਸਖ਼ਤ ਸੀ; ਪਰ ਅਸੀਂ ਇਹ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਸਾਡਾ ਦੇਸ਼ ਇੱਕ ਅਜਿਹੇ ਦੌਰ 'ਚੋਂ ਲੰਘ ਰਿਹਾ ਹੈ ਕਿ ਨਿੱਤ ਦਿਨ ਅਜਿਹੇ ਖ਼ੂਨ-ਖ਼ਰਾਬੇ ਹੁੰਦੇ ਰਹਿੰਦੇ ਹਨ, ਅਤੇ ਬਹੁਤ ਸਾਰੇ ਜੰਗਲ਼ੀ ਕਬੀਲੇ ਸਰਹੱਦਾਂ 'ਤੇ ਰਹਿੰਦੇ ਹਨ, ਇੰਝ ਹੀ ਸਮੁੱਚੇ ਭਾਰਤ ਵਿੱਚ, ਅਸੀਂ ਨਹੀਂ ਸਮਝਦੇ ਅਜਿਹੇ ਵੇਲੇ ਸਜ਼ਾ ਸਖ਼ਤ ਹੈ, ਜੇ ਪਿਛਲੀਆਂ ਸਰਕਾਰਾਂ ਦੀ ਹਕੂਮਤ ਦੌਰਾਨ ਉਨ੍ਹਾਂ ਦੇ ਤਰੀਕਿਆਂ, ਉਨ੍ਹਾਂ ਦੇ ਚਰਿੱਤਰ ਤੇ ਕਰਵਾਈਆਂ ਨੂੰ ਵੇਖਿਆ ਜਾਵੇ; ਕਿਉਂਕਿ ਸਜ਼ਾ ਹਜ਼ਾਰਾਂ ਖ਼ੂਨ-ਖ਼ਰਾਬਿਆਂ ਨੂੰ ਰੋਕਦੀ ਹੈ ਤੇ ਦੇਸ਼ 'ਚ ਵਿਵਸਥਾ ਤੇ ਸ਼ਾਂਤੀ ਕਾਇਮ ਕਰਦੀ ਹੈ ਤੇ ਉੱਤਮ ਤੇ ਕੁਲੀਨ ਲੋਕਾਂ ਦੀ ਰਾਖੀ ਲਈ ਅਜਿਹੀ ਸਜ਼ਾ ਸਖ਼ਤ ਨਹੀਂ ਸਮਝੀ ਜਾਂਦੀ।

5. ਕੂਕਿਆਂ ਦਾ ਵਿਵਹਾਰ, ਵਿਚਾਰ ਤੇ ਤਰੀਕੇ ਬੇਸ਼ੱਕ ਗ਼ਲਤੀਆਂ ਨਾਲ ਭਰਪੂਰ ਸਨ ਤੇ ਉਨ੍ਹਾਂ ਦੀ ਬਾਗ਼ੀਆਨਾ ਭਾਵਨਾ ਸੀ ਅਤੇ ਬਿਨਾਂ ਸ਼ੱਕ ਉਨ੍ਹਾਂ ਨੇ ਕਿਸੇ ਵੇਲੇ ਜ਼ਰੂਰ ਵੱਡੀ ਬਗ਼ਾਵਤ ਕਰ ਦੇਣੀ ਸੀ ਅਤੇ ਜਿਸ ਨਾਲ ਦੇਸ਼ ਦਾ ਮਾਣ ਅਤੇ ਸ਼ਾਂਤੀ ਦੋਵੇਂ ਹੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਣੇ ਸਨ। ਅਸੀਂ ਉਨ੍ਹਾਂ ਦਾ ਵਿਵਹਾਰ ਨਿਮਨਲਿਖਤ ਕਾਰਨਾਂ ਕਰ ਕੇ ਬਾਗ਼ੀਆਨਾ ਸਮਝਦੇ ਹਾਂ:

ਪਹਿਲਾ, ਉਨ੍ਹਾਂ ਵੱਖੋ-ਵੱਖਰੇ ਸਥਾਨਾਂ 'ਤੇ ਸੂਬੇ ਨਿਯੁਕਤ ਕੀਤੇ ਹੋਏ ਹਨ ਤੇ ਉਨ੍ਹਾਂ ਦੇ ਅਧਿਕਾਰ-ਖੇਤਰ ਵੀ ਪਰਿਭਾਸ਼ਿਤ ਕੀਤੇ ਗਏ ਹਨ, ਤਾਂ ਜੋ ਕਿਸੇ ਇੱਕ ਸੂਬੇ ਦਾ ਦੂਜੇ ਸੂਬੇ ਦੇ ਅਧਿਕਾਰ-ਖੇਤਰ 'ਚ ਕੋਈ ਦਖ਼ਲ ਨਾ ਰਹੇ ਅਤੇ ਇਸ ਵਿਵਸਥਾ ਨਾਲ ਉਹ ਕਿਸੇ ਵੀ ਸਮੇਂ ਵਾਰਦਾਤ ਨੂੰ ਅੰਜਾਮ ਦੇ ਕੇ ਸਮੁੱਚੇ ਦੇਸ਼ ਵਿੱਚ ਗੜਬੜੀ ਫੈਲਾ ਸਕਦੇ ਸਨ; ਦੂਜੇ, ਉਹ ਆਪਣੇ ਭੇਤ ਕੁਝ ਇਸ ਤਰ੍ਹਾਂ ਗੁਪਤ ਰੱਖਦੇ ਹਨ ਕਿ ਹੋਰ ਧਰਮਾਂ ਦੇ ਲੋਕਾਂ ਨੂੰ ਕਦੇ ਉਨ੍ਹਾਂ ਬਾਰੇ ਕੁਝ ਪਤਾ ਹੀ ਨਹੀਂ ਲੱਗ ਸਕਦਾ ਤੇ ਉਨ੍ਹਾਂ ਦੀਆਂ ਡਾਕ ਵਿਵਸਥਾਵਾਂ ਬਿਲਕੁਲ ਸਰਕਾਰੀ ਡਾਕ ਵਾਂਗ ਹੀ ਹਨ; ਤੀਜੇ ਉਨ੍ਹਾਂ ਦੀ ਗਿਣਤੀ ਰੋਜ਼ਾਨਾ ਵਧਦੀ ਜਾ ਰਹੀ ਹੈ; ਆਰੰਭ 'ਚ ਭਾਵੇਂ ਉਨ੍ਹਾਂ ਦੀ ਗਿਣਤੀ ਕੁਝ ਸੌ 'ਚ ਸੀ ਪਰ ਹੁਣ ਉਹ ਵਧ ਕੇ ਲੱਖਾਂ ਤੱਕ ਪੁੱਜ ਚੁੱਕੀ ਹੈ; ਚੌਥੇ, ਜਦੋਂ ਉਨ੍ਹਾਂ ਵੇਖਿਆ ਕਿ ਉਹ ਲੱਖਾਂ 'ਚ ਹੋ ਗਏ ਹਨ, ਉਨ੍ਹਾਂ ਆਪਣੀਆਂ ਧਾਰਮਿਕ ਗਤੀਵਿਧੀਆਂ ਕੁਝ ਇਸ ਢੰਗ ਨਾਲ ਕੀਤੀਆਂ ਕਿ ਸਾਰੇ ਸਿੱਖ ਇਸ ਧਾਰਮਿਕ ਕਾਰਜਾਂ ਤੋਂ ਜੋਸ਼ 'ਚ ਭਰ ਜਾਣ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਅੰਮ੍ਰਿਤਸਰ 'ਚ ਕਸਾਈਆਂ ਦੇ ਕਤਲ ਕੀਤੇ, ਜਦ ਕਿ ਇਹ ਸ਼ਹਿਰ ਸਾਰੇ ਸਿੱਖ ਸਰਦਾਰਾਂ ਦਾ ਧਾਰਮਿਕ ਅਸਥਾਨ ਹੈ, ਉਨ੍ਹਾਂ ਇਹੋ ਸਮਝਿਆ ਸੀ ਕਿ ਅਜਿਹੀਆਂ ਧਾਰਮਿਕ ਕਾਰਵਾਈਆਂ ਨਾਲ ਸਾਰੇ ਹੀ ਸਿੱਖ ਉਨ੍ਹਾਂ ਵੱਲ ਆ ਜਾਣਗੇ ਤੇ ਉਹ ਉਨ੍ਹਾਂ ਦੀ ਮਦਦ ਕਰਨਗੇ ਕਿਉਂਕਿ ਕੂਕੇ ਇਹੋ ਸਮਝਦੇ ਹਨ ਕਿ ਉਹ ਜੋ ਕੁਝ ਵੀ ਕਰ ਰਹੇ ਹਨ, ਉਹ ਚੰਗਾ ਹੀ ਕਰ ਰਹੇ ਹਨ ਅਤੇ ਪੰਜਵਾਂ, ਉਹ ਇਹ ਸਲੋਕ ਗਾਉਂਦੇ ਹਨ।

"ਖ਼ਾਲਸਾ ਜੀ ਕਾ ਰਾਜ ਹੋਸੀ
ਉਨਕੇ ਆਗੇ ਰਹੇ ਨਾ ਕੋਸੀ"
(ਖ਼ਾਲਸਾ ਜੀ ਦਾ ਰਾਜ ਹੋਵੇਗਾ,
ਬਾਕੀ ਕੋਈ ਨਹੀਂ ਬਚੇਗਾ)

6. ਅੰਮ੍ਰਿਤਸਰ ਤੇ ਰਾਏਕੋਟ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਜਦੋਂ ਉਨ੍ਹਾਂ ਸੋਚਿਆ ਕਿ ਸਾਰੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਜੋਸ਼ ਨਾਲ ਭਰਪੂਰ ਹੋ ਜਾਣਗੀਆਂ, ਤਾਂ ਉਨ੍ਹਾਂ ਖੁੱਲ੍ਹੀ ਬਗ਼ਾਵਤ ਕਰ ਦਿੱਤੀ ਤੇ ਮਲੌਦ ਅਤੇ ਮਾਲੇਰ ਕੋਟਲਾ ਉੱਤੇ ਹੱਲਾ ਬੋਲ ਦਿੱਤਾ। ਇਹ ਹਮਲਾ ਅਜਿਹੇ ਵੇਲੇ ਕੀਤਾ ਗਿਆ, ਜਦੋਂ ਸਾਰੇ ਫ਼ੌਜੀ ਦਿੱਲੀ ਗਏ ਹੋਏ ਸਨ ਤੇ ਇਹ ਸਪੱਸ਼ਟ ਸੀ ਕਿ ਦੇਸ਼ ਦੇ ਸਾਰੇ ਭਾਗਾਂ 'ਚ ਸੂਬੇ ਤਾਇਨਾਤ ਕੀਤੇ ਗਏ ਹਨ, ਜੋ ਇੱਕੋ ਸਮੇਂ ਵੱਖੋ-ਵੱਖਰੇ ਸਥਾਨਾਂ 'ਤੇ ਕੰਮ ਕਰਦੇ ਹਨ, ਉਨ੍ਹਾਂ ਨੇ ਆਪਣੇ ਸਿਰ ਚੁੱਕ ਕੇ ਆਮ ਬਗ਼ਾਵਤ ਦਾ ਝੰਡਾ ਬੁਲੰਦ ਕਰ ਦੇਣਾ ਸੀ। ਪਰ ਛੇਤੀ ਹੀ ਢੁਕਵੇਂ ਕਦਮ ਚੁੱਕ ਲਏ ਗਏ ਅਤੇ ਹਮਲਾਵਰਾਂ ਨੂੰ ਮੌਕੇ 'ਤੇ ਹੀ ਵਾਜਬ ਸਜ਼ਾ ਦਿੱਤੀ ਗਈ, ਗੜਬੜੀ ਨੂੰ ਦਬਾ ਦਿੱਤਾ ਗਿਆ ਅਤੇ ਸਰਕਾਰ ਹੁਣ ਇਸ ਨੂੰ ਛੋਟਾ ਜਿਹਾ ਮਾਮਲਾ ਸਮਝਦੀ ਹੈ।

7. ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਕੁਝ ਵੀ ਨਹੀਂ ਸੀ ਕਰ ਸਕਣਾ, ਉਹ ਭਾਵੇਂ 10 ਲੱਖ ਦੀ ਗਿਣਤੀ 'ਚ ਵੀ ਕਿਉਂ ਨਾ ਆਏ ਹੁੰਦੇ; ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜੇ ਕਿਤੇ ਫੈਲੀ ਗੜਬੜ ਨੂੰ ਤੁਰੰਤ ਸਖ਼ਤੀ ਨਾਲ ਨਾ ਦਬਾਇਆ ਜਾਂਦਾ, ਤਾਂ ਹਜ਼ਾਰਾਂ ਜਾਨਾਂ ਜਾ ਸਕਦੀਆਂ ਸਨ।

8. ਅਸੀਂ ਵੇਖਦੇ ਹਾਂ ਕਿ ਸਰਕਾਰ ਇਹ ਮੰਨਦੀ ਹੈ ਕਿ ਇਨ੍ਹਾਂ ਦੋਵੇਂ ਅਧਿਕਾਰੀਆਂ ਦੇ ਫ਼ੈਸਲੇ ਪਿਛਲੀਆਂ ਮਨਸ਼ਾਵਾਂ ਸਹੀ ਸਨ ਪਰ ਸਾਨੂੰ ਇਹ ਦੱਸਦਿਆਂ ਅਫ਼ਸੋਸ ਹੁੰਦਾ ਹੈ ਕਿ ਅਜਿਹਾ ਹੁੰਦੇ ਹੋਏ ਵੀ ਉਨ੍ਹਾਂ ਨੂੰ ਸਖ਼ਤ ਸਜ਼ਾ ਦਿੱਤੀ ਗਈ ਹੈ ਤੇ ਕੂਕੇ ਤਾਂ ਇਹੋ ਸੋਚਣਗੇ ਕਿ ਉਨ੍ਹਾਂ ਨੂੰ ਇਹ ਸਜ਼ਾ ਉਨ੍ਹਾਂ ਦੇ ਗੁਰੂ ਦੇ ਸਰਾਪ ਕਾਰਣ ਮਿਲੀ ਹੈ ਤੇ ਇਹ ਦੇਸ਼ ਦੇ ਹਿੱਤਾਂ ਲਈ ਦਰੁਸਤ ਨਹੀਂ ਹੈ ਕਿ ਉਹ ਅਜਿਹੇ ਵਿਚਾਰ ਮਨਾਂ 'ਚ ਰੱਖਣ।

9. ਸ੍ਰੀ ਫ਼ੋਰਸਾਈਥ ਦਾ ਪੰਜਾਬ ਤੋਂ ਜਾਣਾ, ਜੋ 20 ਸਾਲਾਂ ਤੱਕ ਇਸ ਸੂਬੇ ਦੇ ਹਾਕਮ ਰਹੇ ਹਨ, ਜਿਨ੍ਹਾਂ ਨੂੰ ਦੇਸ਼ ਦੇ ਹਰੇਕ ਭਾਗ ਵਿੱਚ ਆਦਰ ਨਾਲ ਯਾਦ ਕੀਤਾ ਜਾਂਦਾ ਹੈ, ਜਿੱਥੇ ਕਿਤੇ ਵੀ ਉਨ੍ਹਾਂ ਕੰਮ ਕੀਤਾ, ਸਮੁੱਚੇ ਦੇਸ਼ ਦੀ ਜਨਤਾ ਉਨ੍ਹਾਂ ਨੂੰ ਆਪਣਾ ਸ਼ੁਭਚਿੰਤਕ ਤੇ ਦੋਸਤ ਮੰਨਦੀ ਹੈ ਕਿਉਂਕਿ ਉਹ ਆਪਣੀ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਦੇਸ਼ ਦੀ ਬਿਹਤਰੀ ਤੇ ਭਲਾਈ ਦੇ ਕੰਮਾਂ 'ਚ ਹੀ ਬਿਤਾ ਚੁੱਕੇ ਹਨ ਤੇ ਉਨ੍ਹਾਂ ਦੀਆਂ ਚੰਗੀਆਂ ਮਨਸ਼ਾਵਾਂ ਤੋਂ ਸਭ ਵਾਕਿਫ਼ ਹਨ, ਸਾਨੂੰ ਇਹ ਭਾਰੀ ਦੁੱਖ ਹੈ ਕਿ ਅਸੀਂ ਪੂਰੀ ਤਰ੍ਹਾਂ ਆਪਣੇ-ਆਪ ਨੂੰ ਪ੍ਰਗਟ ਨਹੀਂ ਕਰ ਸਕੇ। ਅਸੀਂ ਨਿਮਨਹਸਤਾਖਰੀ ਰਾਜੇ, ਸਰਦਾਰ, ਰਈਸ ਤੇ ਸਰਕਾਰ ਦੇ ਨਾਗਰਿਕ ਬੇਹੱਦ ਸਤਿਕਾਰ ਤੇ ਦੋਵੇਂ ਜੁੜੇ ਹੱਥਾਂ ਨਾਲ ਇਹ ਬੇਨਤੀ ਕਰਦੇ ਹਾਂ ਕਿ ਕੂਕਿਆਂ ਦੇ ਬਾਗ਼ੀਆਨਾ

ਵਿਵਹਾਰ ਤੇ ਮੈਸ. ਕਾਵਨ ਤੇ ਫ਼ੋਰਸਾਈਥ ਵੱਲੋਂ ਕੀਤੀ ਕਾਰਵਾਈ ਪਿਛਲੀ ਉਨ੍ਹਾਂ ਦੀ ਚੰਗੀ ਮਨਸ਼ਾ ਨੂੰ ਵਿਚਾਰ ਗੋਚਰੇ ਕੀਤਾ ਜਾਵੇ ਕਿਉਂਕਿ ਉਸੇ ਸਦਕਾ ਦੇਸ਼ ਬਰਬਾਦੀ ਤੋਂ ਬਚ ਸਕਿਆ ਹੈ, ਇਸ ਲਈ ਸਰਕਾਰ ਨੂੰ ਖ਼ੁਸ਼ੀ ਨਾਲ ਦੇਸ਼ ਦੇ ਭਵਿੱਖ ਦੀ ਖ਼ੁਸ਼ਹਾਲੀ ਲਈ ਉਨ੍ਹਾਂ ਬਾਰੇ ਜਾਰੀ ਕੀਤੇ ਹੁਕਮ ਵਿੱਚ ਸੋਧ ਕਰ ਦੇਣੀ ਚਾਹੀਦੀ ਹੈ।

ਰਾਜਾ ਹਮੀਦਉੱਲ੍ਹਾ ਖ਼ਾਨ, ਨਿਵਾਸੀ ਰਾਜੌਰੀ ਹੁਸ਼ਿਆਰਪੁਰ
ਅਮੀਨ ਚੰਦ, ਰਈਸ ਨਿਵਾਸੀ ਬਜਵਾੜਾ -ਉਹੀ-
ਪੰਡਿਤ ਹਰੀ ਸ਼ੰਕਰ, ਵਧੀਕ ਸਹਾਇਕ -ਉਹੀ-
ਸ਼ਿਵਪ੍ਰਸ਼ਾਦ, ਤਹਿਸੀਲਦਾਰ -ਉਹੀ-
ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ 140 ਹੋਰ, ਜ਼ੈਲਦਾਰ, ਨੰਬਰਦਾਰ ਆਦਿ

*22 ਜੂਨ, 1872* -- ਉਪਰੋਕਤ ਦਸਤਾਵੇਜ਼ ਅਨੰਦਪੁਰ ਦੇ ਸੋਢੀਆਂ ਤੇ ਰਈਸਾਂ ਦੀ ਕਮੇਟੀ ਸਾਹਵੇਂ ਰੱਖਿਆ ਗਿਆ ਸੀ, ਜਿੱਥੇ 500 ਵਿਅਕਤੀ ਮੌਜੂਦ ਸਨ, ਇਸ ਮੀਟਿੰਗ ਵਿੱਚ ਇਸ ਮਾਮਲੇ ਨੂੰ ਲੈ ਕੇ ਸਰਬਸੰਮਤੀ ਸੀ ਕਿ ਹੁਸ਼ਿਆਰਪੁਰ ਅੰਜਮਨ ਦੇ ਵਿਚਾਰਾਂ ਨਾਲ ਸਹਿਮਤੀ ਹੈ ਤੇ ਇਹ ਕਿਹਾ ਗਿਆ ਕਿ ਕੂਕਿਆਂ ਨੂੰ ਦਿੱਤੀ ਗਈ ਸਜ਼ਾ ਨਿਆਂਪੂਰਨ ਤੇ ਵਾਜਬ ਸੀ; ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਜੇ ਕਿਤੇ ਉਨ੍ਹਾਂ ਨੂੰ ਸਜ਼ਾ ਨਾ ਦਿੱਤੀ ਜਾਂਦੀ, ਤਾਂ ਉਨ੍ਹਾਂ ਨੇ ਬਾਅਦ ਵਿੱਚ ਕਿਸੇ ਸਮੇਂ ਕਿਸੇ ਵੱਡੀ ਗੜਬੜੀ ਨੂੰ ਅੰਜਾਮ ਦੇ ਦੇਣਾ ਸੀ।

ਬੇਦੀ ਸੁਜਾਨ ਸਿੰਘ,
ਜੈਮਲ ਸਿੰਘ, ਮੈਂਬਰ, ਨਗਰ ਕੌਂਸਲ
ਲਛਮਣਦਾਸ, ਸੈਟਲਮੈਂਟ ਦਾ ਸੁਪਰਇੰਟੈਂਡੈਂਟ, ਪਰਗਨਾ ਊਨਾ ਤੇ ਊਨਾ ਦੇ 40 ਹੋਰ ਜ਼ੈਲਦਾਰ, ਸ਼ਾਹੂਕਾਰ ਆਦਿ।

# ਪੁਸਤਕ ਸੂਚੀ

## ਅੰਗਰੇਜ਼ੀ ਰਿਕਾਰਡ (ਅਪ੍ਰਕਾਸ਼ਿਤ),
## ਭਾਰਤ ਦਾ ਨੈਸ਼ਨਲ ਆਰਕਾਈਵਜ਼

ਹੋਮ ਜੁਡੀਸ਼ੀਅਲ ਪ੍ਰੋਸੀਡਿੰਗਜ਼; ਜੁਲਾਈ 1871, ਜਨਵਰੀ 1872, ਫ਼ਰਵਰੀ 1872, ਅਪ੍ਰੈਲ 1872, ਜੂਨ 1872, ਜੁਲਾਈ 1872, ਅਗਸਤ 1872, ਅਕਤੂਬਰ 1872, ਜਨਵਰੀ 1873, ਅਪ੍ਰੈਲ 1881, ਅਕਤੂਬਰ 1881, ਜੁਲਾਈ 1884

ਵਿਦੇਸ਼ੀ ਸਿਆਸੀ ਕਾਰਵਾਈਆਂ: ਅਕਤੂਬਰ 1866, ਜਨਵਰੀ 1867, ਮਾਰਚ 1867, ਮਈ 1867, ਫ਼ਰਵਰੀ 1868, ਸਤੰਬਰ 1868, ਅਕਤੂਬਰ 1868, ਫ਼ਰਵਰੀ 1872.

ਵਿਦੇਸ਼ੀ ਗੁਪਤ ਕਾਰਵਾਈਆਂ: ਜਨਵਰੀ 1882, ਜਨਵਰੀ 1884, ਜੂਨ 1886, ਅਗਸਤ 1889.

## ਉਰਦੂ ਰਿਕਾਰਡਜ਼ (ਅਪ੍ਰਕਾਸ਼ਿਤ)
## ਪੰਜਾਬ ਆਰਕਾਈਵਜ਼, ਪਟਿਆਲਾ

ਜੀਂਦ ਰਿਕਾਰਡਜ਼: ਸੰਗੀਨ ਮੁਨਸ਼ੀਖਾਨਾ, ਫ਼ਾਈਲ ਨੰ. 741, ਸਾਲ 1872

ਨਾਭਾ ਰਿਕਾਰਡਜ਼: ਫ਼ਾਈਲ ਦਾ ਨਾਂਅ ਕੂਕਾ ਤਹਿਰੀਕਾਤ-ਏ-ਮਾਘਵੀਆਨਾ ਵਾ ਖ਼ਿਲਾਫ਼-ਏ-ਕ਼ੌਮ.

ਪਟਿਆਲਾ ਰਿਕਾਰਡਜ਼: ਵਿਦੇਸ਼ੀ ਸਿਆਸੀ ਵਿਭਾਗ, ਫ਼ਾਈਲ: ਕੂਕਾਜ਼ ਐੱਚ 92 ਐੱਮ, ਮਿਸਲ 238 ਰਜੂਆ 29 ਕੱਤਕ 1929 (1872)

## ਪ੍ਰਕਾਸ਼ਿਤ ਕੰਮ (ਅੰਗਰੇਜ਼ੀ)

ਆਹਲੂਵਾਲੀਆ, ਐੱਮ.ਐੱਮ., ਕੂਕਾਜ਼ - *ਦਿ ਫ਼੍ਰੀਡਮ ਫ਼ਾਈਟਰਜ਼ ਆੱਫ਼ ਦਿ ਪੰਜਾਬ*, ਅਲਾਇਡ ਪ੍ਰਕਾਸ਼ਕ, 1965.

ਏਚੀਸਨ, ਸੀ.ਯੂ., *ਲਾਰਡ ਲਾਰੈਂਸ*, ਆਕਸਫ਼ੋਰਡ, 1892.

ਅਤਰ ਸਿੰਘ, *ਦਿ ਟ੍ਰੈਵਲਜ਼ ਆਫ਼ ਗੁਰੂ ਤੇਗ ਬਹਾਦਰ ਐਂਡ ਗੁਰੂ ਗੋਬਿੰਦ ਸਿੰਘ*, ਲਾਹੌਰ, ਜਨਵਰੀ 1876. *ਸਾਖੀ ਬੁੱਕ* (ਅੰਗਰੇਜ਼ੀ 'ਚ ਅਨੁਵਾਦ), ਬਨਾਰਸ, 1873

*ਸੈਂਸਜ਼ ਰਿਪੋਰਟਸ*, ਪੰਜਾਬ 1868, 1881, 1891.

ਛਾਬੜਾ, ਜੀਐੱਸ., *ਐਡਵਾਂਸਡ ਹਿਸਟਰੀ ਆੱਫ਼ ਦਿ ਪੰਜਾਬ*, ਜਿਲਦ 2, ਲੁਧਿਆਣਾ 1960

ਕੌਟਨ, ਹੈਨਰੀ, *ਇੰਡੀਅਨ ਐਂਡ ਹੋਮ ਮੈਮੋਰੀਜ਼*, ਟੀ. ਫ਼ਿਸ਼ਰ ਉਨਵਿਨ, ਲੰਦਨ, 1911

ਐਲਸਮੀ, ਜੀ.ਆਰ., *ਥਰਟੀ ਫ਼ਾਈਵ ਈਅਰਜ਼ ਇਨ ਦਿ ਪੰਜਾਬ*, ਐਡਿਨਬਰਗ, 1908

ਫ਼ੌਜਾ ਸਿੰਘ ਬਾਜਵਾ, *ਮਿਲਟਰੀ ਸਿਸਟਮ ਆੱਫ਼ ਦਿ ਸਿੱਖਸ*, ਦਿੱਲੀ, ਮਾਰਚ 1964

ਫ਼ੋਰਸਾਈਥ, ਈਥਲ, *ਆਟੋਬਾਇਓਗ੍ਰਾਫ਼ੀ ਐਂਡ ਰੈਮਿਨੀਸੈਂਸਜ਼ ਆੱਫ਼ ਸਰ ਟੀ.ਡੀ. ਫ਼ੋਰਸਾਈਥ*, ਲੰਦਨ, 1887

*ਗਜ਼ਟੀਅਰ ਆੱਫ਼ ਲੁਧਿਆਣਾ ਡਿਸਟ੍ਰਿਕਟ ਐਂਡ ਮਲੇਰਕੋਟਲਾ ਸਟੇਟ*, 1903

ਗ੍ਰਿਫ਼ਿਨ, ਐੱਲ., *ਰਣਜੀਤ ਸਿੰਘ*, ਐੱਸ. ਚਾਂਦ ਐਂਡ ਕੰਪਨੀ, ਦਿੱਲੀ, 1857.

ਕਾਯੇ ਐਂਡ ਮੈਲੈਸਨ, *ਹਿਸਟਰੀ ਆੱਫ਼ ਦਿ ਇੰਡੀਅਨ ਮਿਊਟਿਨੀ*, 6 ਜਿਲਦਾਂ, 1890 'ਚ ਮੁਕੰਮਲ

ਕੂਕਾ ਆਊਟਬ੍ਰੇਕ, *ਪਾਰਲੀਮੈਂਟਰੀ ਪੇਪਰ*, 1872 ਦਾ ਨੰ. 356.

ਲਕਸ਼ਮਣ ਸਿੰਘ, ਭਗਤ, *ਆਟੋਬਾਇਓਗ੍ਰਾਫ਼ੀ*, ਕਲਕੱਤਾ, 1965

ਲਤੀਫ਼, ਸੱਯਾਦ ਮੁਹੰਮਦ, *ਹਿਸਟਰੀ ਆੱਫ਼ ਦਿ ਪੰਜਾਬ*, ਯੂਰੇਸ਼ੀਆ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, 1964.

ਲੌਗਿਨ, ਈ. ਡਲਹੌਜ਼ੀ, *ਲੇਡੀ ਲੌਗਿਨ'ਜ਼ ਰੀਕੁਲੈਕਸ਼ਨਜ਼*, ਸਮਿੱਥ, ਐਲਡਰ ਐਂਡ ਕੰ., ਲੰਦਨ, 1916

ਲੌਗਿਨ, ਲੇਡੀ, *ਸਰ ਜੌਨ ਲੌਗਿਨ ਐਂਡ ਦਲੀਪ ਸਿੰਘ*, ਡਬਲਿਊ.ਐੱਚ. ਐਲਨ ਐਂਡ ਕੰ., ਲੰਦਨ, 1916

ਮਹਾਜਨ, ਜੇ.ਐੱਮ., *ਸਰਕਮਸਟਾਂਸਜ਼ ਲੀਡਿੰਗ ਟੂ ਦਿ ਅਨੈਕਸੇਸ਼ਨ ਆੱਫ਼ ਦਿ ਪੰਜਾਬ*, ਕਿਤਾਬਿਸਤਾਨ, ਅਲਾਹਾਬਾਦ, 1949.

ਨਾਹਰ ਸਿੰਘ, *ਗੁਰੂ ਰਾਮ ਸਿੰਘ ਐਂਡ ਦਿ ਕੂਕਾ ਸਿੱਖਸ- ਡਾਕਯੂਮੈਂਟਸ, 1863-71*, ਅੰਮ੍ਰਿਤ ਬੁੱਕ ਕੰਪਨੀ, ਨਵੀਂ ਦਿੱਲੀ, 1965

*ਪੰਜਾਬ ਡਿਸਟ੍ਰਿਕਟ ਗਜ਼ਟੀਅਰਜ਼*, ਜਿਲਦ 15(ਏ), 1883., *ਡਿਸਟ੍ਰਿਕਟ ਗਜ਼ਟੀਅਰਜ਼ ਆੱਫ਼ ਅਟਕ ਐਂਡ ਰਾਵਲਪਿੰਡੀ.*

ਪੰਜਾਬੀ, ਐਨ ਓਲਡ, *ਦਿ ਪੰਜਾਬ ਐਂਡ ਨੌਰਥ-ਵੈਸਟਰਨ ਫ਼੍ਰੰਟੀਅਰ ਆੱਫ਼ ਇੰਡੀਆ*, ਲੰਦਨ, 1878

ਰੋਜ਼, ਐੱਚ.ਏ., *ਏ ਗਲੋਸਰੀ ਆੱਫ਼ ਦਿ ਟ੍ਰਾਈਬਜ਼ ਐਂਡ ਕਾਸਟਸ ਆੱਫ਼ ਦਿ ਪੰਜਾਬ ਐਂਡ ਨੌਰਥ ਵੈਸਟਰਨ ਫ਼੍ਰੰਟੀਅਰ ਪ੍ਰੋਵਿੰਸਜ਼*, ਲਾਹੌਰ, 1914.

ਰੁਚੀ ਰਾਮ ਸਾਹਨੀ, *ਦਿ ਗੁਰਦੁਆਰਾ ਰੀਫ਼ੌਰਮ ਮੂਵਮੈਂਟ ਐਂਡ ਦਿ ਸਿੱਖ ਅਵੇਕਨਿੰਗ*, 1922.

ਤ੍ਰਿਲੋਚਨ ਸਿੰਘ, ਖੁਸ਼ਵੰਤ ਸਿੰਘ, ਕਪੂਰ ਸਿੰਘ, ਜੋਧ ਸਿੰਘ ਐਂਡ ਬਾਵਾ ਹਰਕਿਸ਼ਨ ਸਿੰਘ, *ਸਿਲੈਕਸ਼ਨਜ਼ ਫ਼੍ਰੌਮ ਸੈਕਰਡ ਰਾਈਟਿੰਗਜ਼ ਆੱਫ਼ ਦਿ ਸਿੱਖਸ*, ਐਲਨ ਐਂਡ ਉਨਵਿਨ ਲਿਮਿਟੇਡ, ਲੰਦਨ, 1960

ਥਾਂਪਸਨ, ਐਡਵਰਡ, *ਦਿ ਅਦਰ ਸਾਈਡ ਆੱਫ਼ ਦਿ ਮੈਡਲ*, ਲੰਦਨ, 1926.

ਵੀ.ਡੀ. ਸਾਵਰਕਰ, *ਇੰਡੀਅਨ ਵਾਰ ਆੱਫ਼ ਇੰਡੀਪੈਂਡੈਂਸ*, 1857, ਕਰਨਾਟਕ ਪ੍ਰਿੰਟਿੰਗ ਪ੍ਰੈੱਸ, ਬੌਂਬੇ, 1947.

## ਜਰਨਲਜ਼ ਅਤੇ ਅਖ਼ਬਾਰਾਂ (ਅੰਗਰੇਜ਼ੀ)

*ਏਸ਼ੀਆਟਿਕ ਕੁਆਰਟਰਲੀ*, 1894. *ਇੰਡੀਅਨ ਹਿਸਟੌਰੀਕਲ ਕਮਿਸ਼ਨ ਪ੍ਰੋਸੀਡੀਂਗਜ਼*, ਭਾਗ 2, 1958, *ਦਿ ਫ਼ਰੈਂਡ ਆੱਫ਼ ਇੰਡੀਆ*, 15 ਅਗਸਤ, 1872.

## ਪ੍ਰਕਾਸ਼ਿਤ ਕੰਮ (ਪੰਜਾਬੀ)

ਧਿਆਨ ਸਿੰਘ, *ਸ੍ਰੀ ਸਤਿਗੁਰੂ ਬਿਲਾਸ*, ਭੈਣੀ ਸਾਹਿਬ, 1942.

ਗੰਡਾ ਸਿੰਘ, *ਕੂਕਿਆਂ ਦੀ ਵਿਥਿਆ*, ਅੰਮ੍ਰਿਤਸਰ, 1946.

ਗੁਰੂ ਅਰਜਨ ਦੇਵ, ਆਦਿ ਗ੍ਰੰਥ.

ਗੁਰੂ ਗੋਬਿੰਦ ਸਿੰਘ, *ਬਚਿੱਤਰ ਨਾਟਕ*, *ਜ਼ਫ਼ਰਨਾਮਾ*, ਸੰਪਾਦਨ ਸੰਤ ਕ੍ਰਿਪਾਲ ਸਿੰਘ,

ਗਿਆਨ ਸਿੰਘ, ਗਿਆਨੀ, *ਪੰਥ ਪ੍ਰਕਾਸ਼*, ਅੰਮ੍ਰਿਤਸਰ, 1889.

ਇੰਦਰ ਸਿੰਘ ਚੱਕਰਵਰਤੀ, *ਮਾਲਵਿੰਦਰ*, ਦਿੱਲੀ, 1957. *ਕੂਕਿਆਂ ਬਾਰੇ*, ਗੁਰਸਰ, 1957.

ਜਸਵੰਤ ਸਿੰਘ, *ਬਾਬਾ ਰਾਮ ਸਿੰਘ*, ਅੰਮ੍ਰਿਤਸਰ, 1962.

ਜੋਧ ਸਿੰਘ, ਭਾਈ, *ਗੁਰਮਤਿ ਨਿਰਣੇ*, ਲੁਧਿਆਣਾ, 7ਵਾਂ ਸੰਸਕਰਣ

ਕਾਲਾ ਸਿੰਘ, ਭਾਈ, *ਸਿੰਘਾਂ ਨਾਮਧਾਰੀਆਂ ਦਾ ਸ਼ਹੀਦ ਬਿਲਾਸ.*

ਕਪੂਰ ਸਿੰਘ, *ਸਪਤ ਸ੍ਰਿੰਗ*, 1952 - ਪੰਜਾਬੀ ਗੱਦ 'ਚ ਸੱਤ ਜੀਵਨੀਆਂ

ਨਾਹਰ ਸਿੰਘ, *ਨਾਮਧਾਰੀ ਇਤਿਹਾਸ*, ਭਾਗ 1, ਦਿੱਲੀ, 1955.

ਨਿਧਾਨ ਸਿੰਘ ਆਲਮ, *ਜੁੱਗ ਪਲਟਾਊ ਸਤਿਗੁਰੂ*, ਦਿੱਲੀ, 1947.

ਸੰਤੋਖ ਸਿੰਘ, ਭਾਈ, *ਸਤਿਗੁਰ ਬਿਲਾਸ* (ਹਾਲੇ ਵੀ ਅਪ੍ਰਕਾਸ਼ਿਤ).
(ਇਹ ਪੁਸਤਕ ਹੁਣ ਦੋ ਭਾਗਾਂ 'ਚ ਸੰਪਾਦਤ ਹੋ ਚੁੱਕੀ ਹੈ - ਸੰਪਾਦਕ)

ਸੋਹਣ ਸਿੰਘ ਭਕਨਾ, *ਮੇਰੀ ਜੀਵਨ ਕਹਾਣੀ*, 1963.

## ਜਰਨਲਜ਼ (ਪੰਜਾਬੀ)

*ਦੇਸ਼ ਭਗਤ*, ਸਤੰਬਰ 1963. *ਸਤਿਜੁਗ*, ਸਾਰੇ ਬਸੰਤ ਅੰਕ, *ਫੁਲਵਾੜੀ*, ਮਾਰਚ 1929 ਅਤੇ ਇਤਿਹਾਸ ਬਾਰੇ ਅੰਕ.

## ਪ੍ਰਕਾਸ਼ਿਤ ਕੰਮ (ਉਰਦੂ)


ਮੌਲਵੀ ਗ਼ੁਲਾਮ ਭੀਖ ਜਲੰਧਰੀ, *ਤਾਰੀਖ਼-ਏ-ਵਾਕਰੀ*, 1882.

ਸਈਅਦ ਮੁਹੰਮਦ ਹੁਸੈਨ, ਖ਼ਲੀਫ਼ਾ, *ਤਾਰੀਖ਼-ਏ-ਪਟਿਆਲਾ*, ਹਿੰਦੁਸਤਾਨ ਪ੍ਰੈੱਸ, ਅੰਮ੍ਰਿਤਸਰ, 1877. ਇਸ ਵਿੱਚ ਕੂਕਿਆਂ ਦੀ ਬਗ਼ਾਵਤ 'ਤੇ ਇੱਕ ਅਧਿਆਇ ਹੈ।

## ਜਰਨਲਜ਼ (ਉਰਦੂ)

*ਮਜਮਾ-ਉਲ-ਬਹਿਰੀਨ*, ਹਫ਼ਤਾਵਾਰੀ ਅੰਕ ਜੂਨ 1871 ਤੋਂ ਸਤੰਬਰ 1872. *ਕਿਰਤੀ* ਦੇ ਹਫ਼ਤਾਵਾਰੀ ਅੰਕ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ.

## ਬੰਸਾਵਲੀ


ਜੱਸਾ ਸਿੰਘ - ਸਦਾ ਕੌਰ
ਰਾਮ ਕੌਰ (ਧੀ)
(ਗੁਰੂ) ਰਾਮ ਸਿੰਘ - ਜੱਸਾਂ
ਬੁੱਧ ਸਿੰਘ (ਗੁਰੂ ਹਰੀ ਸਿੰਘ)
ਨੰਦ ਕੌਰ (ਧੀ)
ਦਯਾ ਕੌਰ (ਧੀ)
ਦੂਜੀ ਪਤਨੀ ਜੀਵਨ ਕੌਰ
ਪਹਿਲੀ ਪਤਨੀ ਸਾਹਿਬ ਕੌਰ
ਤੀਜੀ ਪਤਨੀ ਫਤਿਹ ਕੌਰ
ਮਹਿਤਾਬ ਕੌਰ (ਧੀ)
ਭਾਗੋ (ਧੀ)
ਜੰਗ ਸਿੰਘ (ਮਹਾਰਾਜ)
(ਗੁਰੂ) ਪ੍ਰਤਾਪ ਸਿੰਘ - ਭੁਪਿੰਦਰ ਕੌਰ
(ਮਹਾਰਾਜ) ਨਿਹਾਲ ਸਿੰਘ- ਸਤਵੰਤ ਕੌਰ
(ਮਹਾਰਾਜ) ਗੁਰਦਿਆਲ ਸਿੰਘ-ਕਰਤਾਰ ਕੌਰ
(ਗੁਰੂ) ਜਗਜੀਤ ਸਿੰਘ
(ਮਹਾਰਾਜ) ਬੀਰ ਸਿੰਘ
ਸ਼ਮਸ਼ੇਰ ਸਿੰਘ
ਬਸ਼ੇਸ਼ਵਰ ਸਿੰਘ
ਸਾਹਿਬ ਕੌਰ (ਧੀ)
ਦਲੀਪ ਸਿੰਘ
(ਗੁਰੂ) ਉਦੈ ਸਿੰਘ

ਡਾ. ਫ਼ੌਜਾ ਸਿੰਘ ਪੰਜਾਬ ਅਤੇ ਸਿੱਖਾਂ ਦੇ ਸਭ ਤੋਂ ਵਿਲੱਖਣ ਆਧੁਨਿਕ ਇਤਿਹਾਸਕਾਰ ਸਨ, ਜਿਨ੍ਹਾਂ ਨੇ ਆਪਣੇ ਖੇਤਰ ਦੇ ਲੋਕਾਂ ਦਾ ਇਤਿਹਾਸ ਵਿਗਿਆਨਕ ਲੀਹਾਂ ਉਪਰ ਮੁੜ ਤੋਂ ਸਿਰਜਿਆ। ਇਤਿਹਾਸਕ ਖੋਜ ਲਈ ਉਨ੍ਹਾਂ ਦੀ ਵਡਮੁੱਲੀ ਸੇਵਾ ਭਾਰਤੀ ਉੱਪ-ਮਹਾਂਦੀਪ ਦੇ ਸਭ ਤੋਂ ਗੁੰਜਾਇਮਾਨ ਤੇ ਘਟਨਾਵਾਂ ਨਾਲ ਭਰਪੂਰ ਭਾਗਾਂ 'ਚੋਂ ਇੱਕ ਹੈ ਤੇ ਉਨ੍ਹਾਂ ਦੇ ਖੋਜ ਕਾਰਜ ਭਵਿੱਖ ਦੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਨਾ ਸਰੋਤ ਬਣੇ ਰਹਿਣਗੇ।

ਜਦੋਂ ਹਾਲੇ ਡਾ. ਫ਼ੌਜਾ ਸਿੰਘ ਨੇ ਭਾਰਤ ਦੇ ਆਜ਼ਾਦੀ ਸੰਘਰਸ਼ 'ਚ ਪੰਜਾਬੀਆਂ ਤੇ ਸਿੱਖਾਂ ਦੇ ਯੋਗਦਾਨ ਦਰਜ ਕਰਨ ਲਈ ਕਲਮ ਨਹੀਂ ਚੁੱਕੀ ਸੀ, ਤਦ ਤੱਕ ਇਸ ਖੇਤਰ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ ਗਿਆ ਸੀ ਤੇ ਅੱਖੋਂ ਪ੍ਰੋਖੇ ਹੀ ਕੀਤਾ ਗਿਆ ਸੀ। ਭਾਵੇਂ ਇਸ ਖੇਤਰ ਦੇ ਲੋਕਾਂ ਦੀ ਆਪਣੀ ਮਾਤਭੂਮੀ ਨੂੰ ਵਿਦੇਸ਼ੀ ਜੂਲੇ ਤੋਂ ਆਜ਼ਾਦ ਕਰਵਾਉਣ ਦੇ ਮਾਮਲੇ 'ਚ ਸ਼ਮੂਲੀਅਤ ਤੇ ਕੁਰਬਾਨੀਆਂ ਬੇਮਿਸਾਲ ਤੇ ਯਾਦਗਾਰੀ ਸਨ ਪਰ ਉਸ ਹਿਸਾਬ ਨਾਲ ਉਨ੍ਹਾਂ ਨੂੰ ਉਜਾਗਰ ਨਹੀਂ ਕੀਤਾ ਗਿਆ ਸੀ। ਇਸ ਖੇਤਰ ਵਿੱਚ ਉਨ੍ਹਾਂ ਦੀ ਪਹਿਲੀ ਕੋਸ਼ਿਸ਼ 'ਕੂਕਾ ਮੂਵਮੈਂਟ: ਐਨ ਇੰਪੋਰਟੈਂਟ ਫ਼ੇਜ਼ ਇਨ ਪੰਜਾਬ'ਜ਼ ਰੋਲ ਇਨ ਇੰਡੀਆ'ਜ਼ ਸਟਰੱਗਲ ਫ਼ਾਰ ਫ਼੍ਰੀਡਮ' ਸੀ। ਇਹ ਕਿਤਾਬ ਉਨ੍ਹਾਂ ਦੇ ਕਰੀਅਰ ਦੇ ਅਰੰਭ 'ਚ 1965 'ਚ ਪ੍ਰਕਾਸ਼ਿਤ ਹੋਈ ਸੀ।

- ਡਾ. ਪਰਮ ਬਖ਼ਸ਼ੀਸ਼



ਪ੍ਰੋਫ਼ੈਸਰ (ਡਾ.) ਕੁਲਦੀਪ ਸਿੰਘ ਮੁਖੀ, ਇਤਿਹਾਸ ਵਿਭਾਗ ਅਤੇ ਚੇਅਰ ਪ੍ਰੋਫ਼ੈਸਰ ਬਾਬਾ ਸਤਿਗੁਰੂ ਰਾਮ ਸਿੰਘ ਚੇਅਰ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਦੇ ਅਹੁਦੇ ਉੱਤੇ ਸੇਵਾ ਨਿਭਾ ਰਹੇ ਹਨ। ਪ੍ਰੋਫ਼ੈਸਰ ਕੁਲਦੀਪ ਸਿੰਘ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੇ ਆਧੁਨਿਕ ਇਤਿਹਾਸ ਦਾ ਅਧਿਐਨ ਕਰ ਰਹੇ ਹਨ ਖ਼ਾਸ ਕਰਕੇ, ਬਰਤਾਨਵੀ ਰਾਜ ਵਿਚ ਨਾਮਧਾਰੀ ਅੰਦੋਲਨ ਨਾਲ ਸੰਬੰਧਿਤ ਖੋਜ-ਪੜਤਾਲ ਨੂੰ ਉਹਨਾਂ ਨੇ ਆਪਣੇ ਅਧਿਐਨ ਦਾ ਪ੍ਰਮੁੱਖ ਵਿਸ਼ਾ ਬਣਾਇਆ ਹੈ। ਅੰਤਰਰਾਸ਼ਟਰੀ ਪੱਧਰ ਦੇ ਇਤਿਹਾਸਕਾਰ ਪ੍ਰੋ. ਜੇ. ਐਸ. ਗਰੇਵਾਲ ਅਤੇ ਪ੍ਰੋ. ਜੋਗਿੰਦਰ ਸਿੰਘ ਦੀ ਯੋਗ ਅਗਵਾਈ ਅਧੀਨ ਐਮ.ਫਿਲ. ਅਤੇ ਪੀਐੱਚ.ਡੀ. ਦੀਆਂ ਡਿਗਰੀਆਂ ਨਾਮਧਾਰੀ ਅੰਦੋਲਨ: ਨਿਰੰਤਰਤਾ ਅਤੇ ਪਰਿਵਰਤਨ ਵਿਸ਼ੇ ਉੱਤੇ ਖੋਜ-ਪ੍ਰਬੰਧ ਲਿਖਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਉਹਨਾਂ ਨੂੰ ਪ੍ਰਦਾਨ ਕੀਤੀਆਂ ਗਈਆਂ। ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ, ਸਰਹਾਲੀ (ਜ਼ਿਲ੍ਹਾ ਤਰਨ ਤਾਰਨ) ਤੋਂ ਆਪਣਾ ਵਿੱਦਿਅਕ ਸਫ਼ਰ ਸ਼ੁਰੂ ਕਰਕੇ ਉਹਨਾਂ ਇਤਿਹਾਸ, ਪੰਜਾਬੀ, ਅੰਗਰੇਜ਼ੀ ਅਤੇ ਸਮਾਜ ਸ਼ਾਸਤਰ ਵਿਸ਼ਿਆਂ ਵਿਚ ਐਮ.ਏ. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਾਸ ਕੀਤੀਆਂ। ਦੇਸ਼ ਅਤੇ ਵਿਦੇਸ਼ ਮਸਲਨ ਅਮਰੀਕਾ, ਕੈਨੇਡਾ, ਥਾਈਲੈਂਡ, ਸਿੰਘਾਪੁਰ, ਮਲੇਸ਼ੀਆ, ਮੌਰੀਸ਼ਸ ਅਤੇ ਪਾਕਿਸਤਾਨ ਵਿਖੇ ਸਮੇਂ-ਸਮੇਂ ਆਯੋਜਿਤ ਕੀਤੀਆ ਗਈਆਂ ਕਾਨਫਰੰਸਾਂ ਅਤੇ ਸੈਮੀਨਾਰਾਂ ਵਿਚ ਸ਼ਮੂਲੀਅਤ ਦੌਰਾਨ ਵੱਖ-ਵੱਖ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਮਾਣ-ਸਨਮਾਨ ਪ੍ਰਾਪਤ ਹੋ ਚੁੱਕੇ ਹਨ।

ISBN 819603441-5

9788196034412

Baba Satguru Ram Singh Chair
Central University of Punjab
Bathinda